# ਭਗਤ ਬਾਣੀ ਤੁਲਨਾਤਮਿਕ ਅਧਿਐਨ: ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ

## (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ)

**BHAGAT BANI TULNATMAK ADHIYAN: BHAGAT RAVIDAS JI ATE BHAGAT KABIR JI**

**(SHRI GURU GRANTH SAHIB JI DE SANDARBH VICH)**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਕਲਾ ਅਤੇ ਭਾਸ਼ਾ ਫ਼ੈਕਲਟੀ ਅਧੀਨ**

**ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ**

## ਖੋਜ-ਪ੍ਰਬੰਧ


**ਖੋਜਾਰਥੀ:**

**ਗੁਰਜੀਤ ਸਿੰਘ**

**ਰੋਲ ਨੰ. A166881001**

**ਨਿਗਰਾਨ:**

**ਡਾ. ਸਤਨਾਮ ਸਿੰਘ ਜੱਸਲ**

**ਡੀਨ,**

**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼**



**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

**ਪੰਜਾਬ (ਭਾਰਤ)**

**2021**

# ਭਗਤ ਬਾਣੀ ਤੁਲਨਾਤਮਿਕ ਅਧਿਐਨ: ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ

## (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ)

**BHAGAT BANI TULNATMAK ADHIYAN: BHAGAT RAVIDAS JI ATE BHAGAT KABIR JI**

**(SHRI GURU GRANTH SAHIB JI DE SANDARBH VICH)**

ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਕਲਾ ਅਤੇ ਭਾਸ਼ਾ ਫ਼ੈਕਲਟੀ ਅਧੀਨ

ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**


**ਖੋਜਾਰਥੀ:**

**ਗੁਰਜੀਤ ਸਿੰਘ**

**ਰੋਲ ਨੰ. A166881001**

**ਨਿਗਰਾਨ:**

**ਡਾ. ਸਤਨਾਮ ਸਿੰਘ ਜੱਸਲ**

**ਡੀਨ,**

**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼**



**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

**ਪੰਜਾਬ (ਭਾਰਤ)**

**2021**

# GURU KASHI UNIVERSITY

## CANDIDATE'S DECLARATION

I hereby declare that the work which is being presented in the thesis, entitled **"Bhagat Bani Tulnatmak Adhiyan: Bhagat Ravidas Ji ate Bhagat Kabir Ji (Shri Guru Granth Sahib de Sandarbh Vich)"** in fulfilment of the requirements for the award of the degree of **Doctor of Philosophy** in **Faculty of Arts and Social Sciences, Discipline of Religious Studies** and submitted in Guru Kashi University, Talwandi Sabo is an authentic record of my own work carried out during the period from August 2016 to November 2021 under the supervision of **Dr. Satnam Singh Jassal.**

The matter embodied in this thesis has not been submitted by me for the award of any other degree of this or any other University/Institute.

I further declared that in case of any violation of intellectual property right or copyright I as the candidate would be fully responsible for the same. My supervisor, external examiner and my institute should not be held for full or partial violation of copyright if found at any stage of my degree.

Mr. Gurjit Singh
Ph.D Research Scholar
Univ. Roll No.: A166881001

This is to certify that the above statement made by the candidate is correct to the best of my knowledge.

**Dr. Satnam Singh Jassal**
(Supervisor)

The Ph.D Viva-voce examination of Mr. Gurjit Singh has been held on 24.11.2021 (Online mode, with reference of UGC guidelines letter no. D.O.No. F.1-1/2020 (Secy.) on dated 29 April, 2020) and accepted for the award of Ph.D Degree.

30.11.2021

**Dr. Ravinder Singh**
(External Examiner)

**Dr. Satnam Singh Jassal**
(Supervisor)

Dean (UCBS&H)
GURU KASHI UNIVERSITY
Talwandi Sabo (Bathinda)

# ਭੂਮਿਕਾ

ਭਗਤ ਬਾਣੀ ਭਾਰਤੀ ਅਧਿਆਤਮਿਕ ਕਾਵਿ ਅਤੇ ਖਾਸ ਕਰਕੇ ਮੱਧਕਾਲੀ ਅਧਿਆਤਮਿਕ ਭਾਰਤ ਦੀ ਇਕ ਗੌਰਵਮਈ ਪ੍ਰਾਪਤੀ ਹੈ। ਇਸ ਬਾਣੀ ਦੇ ਬੀਜ ਭਾਵੇਂ ਮੱਧਕਾਲੀਨ ਸਥਿਤੀਆਂ ਵਿਚ ਹਨ, ਪਰ ਪ੍ਰਭਾਵ ਸਰਬਕਾਲੀ ਹਨ। ਭਾਵ ਇਹ ਬਾਣੀ ਹਰ ਸਥਿਤੀ ਵਿਚ ਪ੍ਰਸੰਗਿਕ ਸੀ, ਹੈ ਅਤੇ ਰਹੇਗੀ। ਸ਼ਾਇਦ ਇਸੇ ਕਰਕੇ ਇਹ 'ਕਾਵਿ' ਤੋਂ 'ਬਾਣੀ' ਦਾ ਦਰਜਾ ਹਾਸਲ ਕਰ ਗਈ। ਭਾਰਤ ਦੇ ਇਤਿਹਾਸ ਵਿਚ ਮੱਧਕਾਲੀਨ ਦਾ ਸਮਾਂ ਦਾਰਸ਼ਨਿਕ ਵਿਚਾਰਾਂ ਦੇ ਆਦਾਨ ਪ੍ਰਦਾਨ ਦਾ ਸੁਨਿਹਰੀ ਯੁੱਗ ਹੈ। ਇਸ ਕਾਲ ਦੇ ਭਗਤ ਅਤੇ ਸੰਤ ਮੌਲਿਕ ਅਨੁਭਵ ਅਤੇ ਚਿੰਤਨ ਦੁਆਰਾ ਭਾਰਤੀ ਜਨਤਾ ਨੂੰ ਅੰਧਕਾਰਾਂ ਵਿਚੋਂ ਕੱਢਣ ਲਈ ਸੰਘਰਸ਼ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਇਸੇ ਸੰਘਰਸ਼ ਦਾ ਸਿੱਟਾ ਹੈ। ਉਨ੍ਹਾਂ ਨੇ ਇਸ ਸੰਘਰਸ਼ ਦੀ ਸਫਲਤਾ ਲਈ ਬਾਣੀ ਰਚਨਾ ਦਾ, ਜੋ ਵਡਮੁੱਲਾ ਕਾਰਜ ਕੀਤਾ, ਉਹ ਸਦੀਆਂ ਤੱਕ ਭਾਰਤੀ ਜਨਤਾ ਦੀ ਰਹਿੰਨੁਮਾਈ ਕਰਦਾ ਰਹੇਗਾ।

**"ਅਰਬਦ ਨਰਬਦ ਧੁੰਧੂਕਾਰਾ, ਧਰਣਿ ਨ ਗਗਨਾ ਹੁਕਮੁ ਅਪਾਰਾ"** ਸਦਕਾ ਕੁਦਰਤ ਹੋਂਦ ਵਿਚ ਆਈ, ਇਸ ਕੁਦਰਤ ਵਿਚ ਅਨੇਕਾ ਤਰ੍ਹਾਂ ਦੇ ਜੀਵ ਉਪਜੇ ਇਨ੍ਹਾਂ ਵਿੱਚੋਂ ਮਨੁੱਖ ਵਿਸ਼ੇਸ਼ ਹੈ, **"ਉਤਮ ਜਨਮੁ ਸੁ ਮਾਣਸਿ ਦੇਹੀ"** ਮਨੁੱਖ ਬ੍ਰਹਮ ਨੂੰ ਪਛਾਣ ਕੇ ਵਿਕਾਰਾਂ ਤੋਂ ਮੁਕਤੀ ਪਾ ਕੇ ਮੋਕਸ਼ ਦੀ ਪ੍ਰਾਪਤੀ ਕਰਦਾ ਹੈ।

ਭਾਰਤੀ ਪ੍ਰਸੰਗ ਵਿਚ ਦੇਖਿਆ ਭਗਤੀ ਇਕ ਅਜਿਹਾ ਸੰਕਲਪ ਹੈ, ਜਿਸ ਦਾ ਲੰਮਾ ਪਿਛੋਕੜ ਹੈ। ਮੁੱਢਲੇ ਰੂਪ ਵਿਚ ਆਰੀਆਂ ਲੋਕਾਂ ਵਲੋਂ ਵੇਦਾਂ ਦੀ ਰਚਨਾ ਕੀਤੀ ਗਈ। ਉਸ ਮਗਰੋਂ ਉਪਨਿਸ਼ਦ, ਪ੍ਰਾਣ ਹੋਂਦ ਵਿਚ ਆਏ। ਇਨ੍ਹਾਂ ਵਿਚ ਬ੍ਰਹਮ ਦਾ ਸਰੂਪ ਸੁਰਗੁਣ ਕਿਸਮ ਦਾ ਸੀ ਇਨ੍ਹਾਂ ਦੇ ਮੁਕਾਬਲੇ ਸੰਤ ਪਰੰਪਰਾ ਦਾ ਉਦੈ ਹੋਇਆ ਜਿਸ ਵਿਚ ਪ੍ਰਮਾਤਮਾ ਦਾ ਸਰੂਪ ਸੁਰਗੁਣ ਵਾਲੇ ਬ੍ਰਹਮ ਤੋਂ ਵੱਖਰਾ ਸੀ। ਚਾਰਵਾਕ ਅਤੇ ਆਜੀਵਕ ਗ੍ਰੰਥਾਂ ਨਾਲ ਇਸ ਵਿਚਾਰਧਾਰਾ ਦਾ ਆਰੰਭ ਹੋਇਆ, ਇਸ ਮਗਰੋਂ ਬੁੱਧ ਧਰਮ ਜੈਨ ਧਰਮ ਨਾਲ ਪ੍ਰੰਪਰਾ ਦਾ ਵਿਕਾਸ ਹੋਇਆ। ਇਸ ਦੇ ਅਗਲੇ ਵਿਕਾਸ ਪੜਾਆਂ ਵਿਚ ਦੱਖਣ ਭਾਰਤ ਦੇ ਅਲਵਰ ਸੰਤਾਂ ਦਾ ਵਿਸ਼ੇਸ਼ ਯੋਗਦਾਨ ਸੀ, ਇਨ੍ਹਾਂ ਤੋਂ ਮਗਰੋਂ ਭਗਤ ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਫਰੀਦ ਆਦਿ 15 ਭਗਤ ਆਪਣੀ ਬਾਣੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ ਬਰਾਬਰ ਨਾਥ ਸੰਪਰਦਾਇ ਦੇ ਅਨੇਕਾਂ ਨਾਥ ਜੋਗੀ ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ ਆਦਿ ਪ੍ਰਮੁੱਖ ਹਨ। ਇਸੇ ਤਰ੍ਹਾਂ ਇਸਲਾਮੀ ਮੱਤ ਵਿਚੋਂ ਉਪਜੀ ਸੂਫ਼ੀ ਪ੍ਰੰਪਰਾ ਦੇ ਕਵੀਆਂ ਨੇ ਆਪਣੇ ਰਹੱਸਆਤਮਕ ਸੰਦੇਸ਼ ਦਿੱਤੇ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਆਦਿ ਭਗਤਾਂ ਨੇ ਮੌਲਿਕ ਚਿੰਤਨ ਵਿਚੋਂ ਜੋ ਪ੍ਰਵਚਨ ਸਿਰਜਿਆ ਭਗਤੀ ਕਾਵਿ ਵਡਮੁੱਲੇ ਮਾਨਵੀ ਸਰੋਕਾਰਾਂ ਨੂੰ ਉਭਾਰਦਾ ਹੈ। ਇਸੇ ਸੰਦਰਭ ਵਿਚ ਇਨ੍ਹਾਂ ਦੀ ਬਾਣੀ ਦੇ ਤੁਲਨਾਤਮਕ ਅਧਿਐਨ ਦੀ ਲੋੜ ਅਤੇ ਮਹੱਤਤਾ ਬਣਦੀ ਹੈ। ਇਨ੍ਹਾਂ ਦੀ ਬਾਣੀ ਦੇ ਤੁਲਨਾਤਮਿਕ ਅਧਿਐਨ ਦੁਆਰਾ, ਕੇਵਲ ਇਨ੍ਹਾਂ ਦੀ ਬਾਣੀ ਦਾ ਸਾਹਿਤਕ ਅਤੇ ਦਾਰਸ਼ਨਿਕ ਮੁੱਲ ਨਿਸ਼ਚਿਤ ਹੀ ਨਹੀਂ ਹੁੰਦਾ, ਬਲਕਿ ਇਸ ਦੇ ਅਜੋਕੇ ਸੰਦਰਭ ਵਿਚ ਉਪਯੋਗਤਾ ਦਾ ਨਿਰਣਾ ਵੀ ਹੋ ਜਾਂਦਾ ਹੈ। ਤੁਲਨਾਤਮਕ ਅਧਿਐਨ ਦੀ ਸਾਰਥਕਤਾ ਨੂੰ ਮਾਨਵੀ ਗਿਆਨ ਦੇ ਸਾਰੇ ਖੇਤਰਾਂ ਵਿਚ ਸਵੀਕਾਰਿਆ ਜਾ ਚੁੱਕਾ ਹੈ।

ਅਧਿਐਨ ਦੀ ਸੁਵਿਧਾ ਲਈ ਸਮੁੱਚੇ ਖੋਜ ਪ੍ਰਬੰਧ ਨੂੰ ਪੰਜ ਅਧਿਆਇਆ ਵਿਚ ਵੰਡਿਆਂ ਗਿਆ ਹੈ। **ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਭਗਤੀ ਕਾਵਿ: ਸਿਧਾਂਤ ਪਰਿਪੇਖ** ਦੇ ੳ ਭਾਗ ਵਿਚ (੧) ਭਗਤੀ ਕਾਵਿ:ਉਦਭਵ (੨) ਭਾਰਤ ਦੀ ਸੰਤ ਪਰੰਪਰਾ(੩) ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ (੪) ਭਗਤੀ ਕਾਵਿ ਦੇ ਮੂਲ ਉਦੇਸ਼ ਅਤੇ ਸਿਧਾਂਤ ਅਤੇ **ਅ ਭਾਗ ਵਿਚ ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ।**(੧) ਤੁਲਨਾਤਮਿਕ ਅਧਿਐਨ:ਉਦਭਵ ਤੇ ਵਿਕਾਸ (੨) ਤੁਲਨਾਤਮਿਕ ਅਧਿਐਨ: ਵਿਭਿੰਨ ਵਿਧੀਆਂ (੩) ਤੁਲਨਾਤਮਿਕ ਅਧਿਐਨ: ਮੂਲ ਉਦੇਸ਼ ਆਦਿ ਸਿਧਾਂਤਾਂ ਦਾ ਅਧਿਐਨ ਕੀਤਾ ਹੈ।

**ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਵਿਚ ਵਿਸ਼ੇ ਨਾਲ ਸੰਬੰਧਤ ਪਹਿਲੇ ਹੋਏ ਖੋਜ ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ ਹੈ।** ਇਸ ਅਧਿਆਇ ਵਿਚ ਅਸੀਂ ਉਪਾਧੀ ਸਾਪੇਖ ਅਧੀਨ ਦੋਹਾਂ ਭਗਤਾਂ ਦੇ ਤੁਲਨਾਤਮਕ ਸੰਦਰਭ ਵਿਚ ਹੋਏ ਪੀਐਚ.ਡੀ ਅਤੇ ਐਮ. ਫਿਲ. ਖੋਜ ਕਾਰਜਾਂ ਦਾ ਅਧਿਐਨ ਕੀਤਾ। ਇਸ ਉਪਰੰਤ ਉਪਾਧੀ ਨਿਰਪੇਖ ਖੋਜ-ਕਾਰਜ ਅਧੀਨ ਵਿਭਿੰਨ ਵਿਦਵਾਨਾਂ ਵੱਲੋਂ ਦੋਨਾਂ ਭਗਤਾਂ ਨਾਲ ਸੰਬੰਧਤ ਪੁਸਤਕ ਰੂਪ ਵਿਚ ਪ੍ਰਾਪਤ ਖੋਜ ਕਾਰਜ ਅਤੇ ਵਿਸ਼ੇਸ਼ ਅੰਕਾਂ, ਪਤ੍ਰਿਕਾਵਾਂ ਵਿਚ ਤੁਲਨਾਤਮਕ ਸੰਦਰਭ ਵਿਚ ਕੀਤੀ ਆਲੋਚਨਾ ਦਾ ਅਧਿਐਨ ਕੀਤਾ ਹੈ।

**ਖੋਜ ਪ੍ਰਬੰਧ ਦੇ ਤੀਜੇ ਅਧਿਆਇ ਵਿਚ ਭਗਤ ਰਵਿਦਾਸ ਜੀ ਦੀ ਬਾਣੀ: ਵਿਭਿੰਨ ਪਾਸਾਰ ਅਧੀਨ**(੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ (੨) ਆਰਥਿਕ ਪਰਿਪੇਖ (੩) ਸਭਿਆਚਾਰਕ ਪਰਿਪੇਖ(੪) ਰਾਜਨੀਤਕ ਪਰਿਪੇਖ ਦਾ ਅਧਿਐਨ ਵਿਚ ਧਾਰਮਿਕ ਪਰਿਸਥਿਤੀਆਂ, ਹਿੰਦੂ ਧਰਮ, ਇਸਲਾਮ ਧਰਮ, ਬੁੱਧ ਧਰਮ, ਜੈਨ ਧਰਮ, ਭਗਤੀ ਲਹਿਰ ਦੇ ਪ੍ਰਵਰਕਾਂ ਦੇ ਧਾਰਮਿਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ, ਪ੍ਰਭੂ ਦੇ ਨਿਰਗੁਣ ਸਰੂਪ ਦੀ ਮਹਿਮਾ ਅਤੇ ਮੂਰਤੀ ਪੂਜਾ ਖੰਡਣ, ਗੁਰੂ ਦਾ

ਪਸਾਰ, ਮੁਕਤੀ ਸਬੰਧੀ ਵਿਚਾਰ ਤੇ ਕਰਮਾ ਦੀ ਸ਼ੁੱਧਤਾ, ਨਾਸ਼ਮਾਨਤਾ, ਜਾਤ-ਪਾਤ ਦਾ ਖੰਡਨ, ਅਦਰਸ਼ ਸਮਾਜ, ਕਿਰਤ ਦਾ ਮਹੱਤਵ ਆਦਿ ਦਾ ਅਧਿਐਨ ਕੀਤਾ ਗਿਆ।

ਖੋਜ ਪ੍ਰਬੰਧ ਦੇ **ਚੌਥੇ ਅਧਿਆਇ ਵਿਚ ਭਗਤ ਕਬੀਰ ਜੀ ਦੀ ਬਾਣੀ: ਵਿਭਿੰਨ ਪਾਸਾਰ ਦੇ ਅਧੀਨ**(੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ (੨) ਆਰਥਿਕ ਪਰਿਪੇਖ (੩) ਸਭਿਆਚਾਰਕ ਪਰਿਪੇਖ (੪) ਰਾਜਨੀਤਕ ਪਰਿਪੇਖ ਦਾ ਅਧਿਐਨ ਆਦਿ ਵਿਚ ਧਾਰਮਿਕ ਆਚਰਣਹੀਨਤਾ, ਪੂਜਾ ਵਿਧੀਆਂ, ਪਾਖੰਡਾਂ, ਆਡੰਬਰਾਂ, ਪਰਮਾਤਮਾ (ਬ੍ਰਹਮ) ਮਾਇਆ ਦਾ ਸੰਕਲਪ, ਜੀਵਨ ਮੁਕਤੀ, ਕਰਮ ਕਾਂਡ; ਮੂਰਤੀ ਪੂਜਾ ਦਾ ਵਿਰੋਧ, ਆਦਿ ਸੰਬੰਧੀ ਪੱਖਾਂ 'ਤੇ ਚਰਚਾ ਕੀਤੀ ਹੈ।

ਖੋਜ ਪ੍ਰਬੰਧ ਦੇ **ਪੰਜਵੇਂ ਅਧਿਆਇ ਵਿਚ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ : ਤੁਲਨਾਤਮਿਕ ਅਧਿਐਨ** ਦੋਹਾਂ ਮਹਾਂਪੁਰਸ਼ਾਂ ਦਾ ਵਿਸ਼ਵ ਸ਼ਾਂਤੀ ਤੇ ਮਾਨਵ ਪ੍ਰਗਤੀ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਅਧਿਆਤਮਿਕ ਤੇ ਸਾਂਝੀ ਸੋਚ, ਇਕੋ ਤਰ੍ਹਾਂ ਦੇ ਆਧਾਰ, ਸਿਧਾਂਤ ਤੇ ਸੰਕਲਪ, ਧਾਰਨਾਵਾਂ, ਮਨੁੱਖੀ ਸਰੀਰ ਦੀ ਕਰਮਸ਼ੀਲਤਾ ਨਾਲ ਜੁੜੀਆਂ ਭਰਮਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ ਮਨੁੱਖੀ ਜਨਮ ਦੇ ਮਾਨਵਵਾਦੀ ਅਤੇ ਦਾਰਸ਼ਨਿਕ ਸਰੋਕਾਰਾਂ ਅਤੇ ਆਰਥਿਕ ਸਾਂਝਾਂ, ਦਾਰਸ਼ਨਿਕ ਸਾਂਝਾ, ਰਾਜਨੀਤਕ ਸਾਂਝਾ ਅਤੇ ਵੇਖਰੇਵੇਂ ਦਾ ਤੁਲਨਾਤਮਿਕ ਰੂਪ ਵਿਚ ਅਧਿਐਨ ਕੀਤਾ ਗਿਆ ਹੈ।

ਪ੍ਰਸਤੁਤ ਖੋਜ-ਕਾਰਜ ਦੇ ਅਖੀਰ ਉੱਪਰ ਸਮੁੱਚੇ ਖੋਜ-ਪ੍ਰਬੰਧ ਨੂੰ ਆਧਾਰ ਬਣਾ ਕੇ ਪ੍ਰਾਪਤ ਹੋਇਆ ਸਾਰ ਅਤੇ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਇਸ ਖੋਜ ਕਾਰਜ ਦੇ ਅਖ਼ੀਰ ਵਿਚ ਪੁਸਤਕ ਸੂਚੀ ਪੇਸ਼ ਕਰਦੇ ਹੋਏ ਉਹ ਸਾਰੀਆਂ ਪੁਸਤਕਾਂ ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਖੋਜ-ਕਾਰਜ ਦਾ ਹਿੱਸਾ ਬਣਦੀਆਂ ਹਨ, ਉਨ੍ਹਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

**ਕਿਰਪਾ, ਮਾਰਗ ਦਰਸ਼ਨ ਤੇ ਸਹਿਯੋਗ** ਕਿਸੇ ਕਾਰਜ ਦੇ ਮੁਕੰਮਲ ਹੋਣ ਵਿਚ ਅਹਿਮ ਤੱਤ ਹਨ। ਮੇਰੇ ਇਸ ਸ਼ੋਧ ਪ੍ਰਬੰਧ ਨੂੰ ਸੰਪੂਰਨ ਕਰਨ ਵਿਚ ਇਨ੍ਹਾਂ ਤਿੰਨਾਂ ਨੇ ਭਰਪੂਰ ਯੋਗਦਾਨ ਪਾ ਕੇ ਸਾਥ ਦਿਤਾ। ਇਸ ਲਈ ਮੇਰਾ ਇਨ੍ਹਾਂ ਦਾ ਧੰਨਵਾਦ ਕਰਨਾ ਇਖਲਾਕੀ ਫਰਜ਼ ਹੈ। ਸਭ ਤੋਂ ਪਹਿਲਾਂ ਆਪਣੇ ਇਸ ਖੋਜ ਕਾਰਜ ਲਈ ਪਾਰਬ੍ਰਹਮ ਪ੍ਰਮੇਸ਼ਰ ਦਾ ਧੰਨਵਾਦ ਕਰਦਾ ਹਾਂ, ਜਿਸ ਦੀ ਰਹਿਮਤ ਸਦਕਾ ਇਹ ਕਾਰਜ ਸੰਪੂਰਨ ਕਰ ਰਿਹਾ ਹਾਂ। ਕਿਸੇ ਵੀ ਕਿਸਮ ਦੇ ਰਸਮੀ ਧੰਨਵਾਦ ਨੂੰ ਅੰਕਿਤ ਕਰਕੇ ਗੁਰੂ ਰਿਣ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ, ਮੈਂ ਆਪਣੇ **ਨਿਗਰਾਨ ਅਤਿ ਸਤਿਕਾਰਤ ਡਾ. ਸਤਨਾਮ ਸਿੰਘ ਜੱਸਲ ਜੀ (ਡੀਨ, ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼)** ਦਾ ਤਹਿ ਦਿਲੋਂ ਧੰਨਵਾਦੀ ਹਾਂ ਅਤੇ ਸਦਾ

ਰਿਣੀ ਰਹਾਂਗਾ ਜਿਨ੍ਹਾਂ ਆਪਣੀ ਯੋਗ, ਸੁਚੱਜੀ ਅਗਵਾਈ ਅਤੇ ਮਾਰਗ ਦਰਸ਼ਨ ਹੇਠ ਮੇਰੇ ਸ਼ੋਧ-ਪ੍ਰਬੰਧ ਦੇ ਕਾਰਜ ਨੂੰ ਮੁਕੰਮਲ ਕਰਵਾਇਆ। ਉਨ੍ਹਾਂ ਦੇ ਸਹਿਯੋਗ, ਮੱਦਦ ਅਤੇ ਅਗਵਾਈ ਲਈ ਧੰਨਵਾਦ ਵਜੋਂ ਮੇਰੇ ਸ਼ਬਦ ਛੋਟੇ ਤੇ ਜ਼ੁਬਾਨ ਨਿਮਾਣੀ ਜਿਹੀ ਜਾਪਦੀ ਹੈ।

ਮੈਂ ਸਦਾ ਹੀ ਰਿਣੀ ਰਹਾਗਾਂ ਸਵਰਗੀ **ਡਾ. ਜਸਮੇਲ ਸਿੰਘ ਜੀ ਧਾਲੀਵਾਲ (ਚਾਂਸਲਰ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ)** ਦਾ ਜਿਨ੍ਹਾਂ ਨੇ ਮੈਨੂੰ ਮਾਪਿਆਂ ਵਾਂਗ ਪਿਆਰ ਦਿੱਤਾ, ਸਦਾ ਪ੍ਰੇਰਨਾ ਸਰੋਤ ਬਣੇ। ਭਾਵੇਂ ਉਹ ਅੱਜ ਸਰੀਰਕ ਤੌਰ ਤੇ ਵਿਛੜ ਗਏ ਪਰ ਮੈਂ ਉਨ੍ਹਾਂ ਪ੍ਰਤਿ ਸਦਾ ਹੀ ਨਤਮਸਤਕ ਰਹਾਗਾਂ। ਇਸੇ ਤਰ੍ਹਾਂ ਹੀ **ਸਰਦਾਰ ਗੁਰਲਾਭ ਸਿੰਘ ਸਿੱਧੂ (ਚੇਅਰਮੈਨ)** ਅਤੇ **ਸਰਦਾਰ ਸੁਖਰਾਜ ਸਿੰਘ ਸਿੱਧੂ (ਮੈਨਿਜਿੰਗ ਡਾਇਰੈਕਟਰ)** ਦੇ ਸਹਿਯੋਗ ਦੇ ਮੈਨੂੰ ਹਮੇਸ਼ਾ ਚੜਦੀ ਕਲਾ ਵਿਚ ਰੱਖਿਆ ਅਤੇ ਰੱਖ ਵੀ ਰਹੇ ਹਨ। ਮੈਂ ਇਨ੍ਹਾਂ ਦੋਹਾ ਅਧਿਕਾਰੀਆਂ ਦੇ ਪਿਆਰ ਤੇ ਦਿੱਤੇ ਸਤਿਕਾਰ ਦਾ ਸਦਾ ਰਿਣੀ ਰਹਾਂਗਾ।

ਮੈਂ ਅੱਜ ਵਿਦਿਅਕ ਖੇਤਰ ਵਿਚ ਜਿਸ ਥਾਂ ਤੇ ਹਾਂ ਇਸ ਦਾ ਕਾਰਨ **ਪ੍ਰੋਫ਼ੈਸਰ ਜਸਵੀਰ ਸਿੰਘ, ਗੁਰਮਤਿ ਕਾਲਜ ਪਟਿਆਲਾ** ਵੱਲੋਂ ਦਿੱਤਾ ਹੌਂਸਲਾ ਹੈ। ਬਹੁਤ ਹੀ ਸਤਿਕਾਰ ਦੇ ਪਾਤਰ ਪ੍ਰੋਫ਼ੈਸਰ ਸਾਹਿਬ ਨੇ ਮੇਰੀਆਂ ਨਿੱਜੀ ਮਜਬੂਰੀਆਂ ਦਾ ਸਹਿਜਤਾ ਨਾਲ ਸਮਾਧਾਨ ਕੀਤਾ ਜਿਸ ਨਾਲ ਮੇਰੀ ਹਰ ਔਖ-ਸੌਖ ਵਿਚ ਬਦਲਦੀ ਰਹੀ।

ਮੈਂ ਅਤੇ **ਡਾ. ਅਸ਼ਵਨੀ ਸੇਠੀ (ਨਿਰਦੇਸ਼ਿਕ ਯੋਜਨਾ ਵਿਕਾਸ)** ਪਿਛਲੇ ਦੋ ਦਹਾਕਿਆਂ ਤੋਂ, ਭਰਾਵਾ ਵਾਂਗ ਵਿਚਰਦਿਆਂ, ਇਕੋ ਸੰਸਥਾ ਵਿਚ ਕੰਮ ਕਰਦੇ ਰਹੇ ਹਾਂ। ਉਸ ਦੀ ਸਦਾ ਹੀ ਦਿੱਤੀ ਹੱਲਾ-ਸੇਰੀ ਨੇ ਮੈਨੂੰ ਪੂਰਾ ਹੌਸਲਾ ਦਿੱਤਾ, ਜਿਸ ਸਦਕਾ ਮੈਂ ਉਨ੍ਹਾਂ ਦਾ ਰਿਣੀ ਰਹਾਗਾਂ।

ਹਰ ਮਾਂ, ਹਰ ਸਮੇਂ ਆਪਣੀ ਔਲਾਦ ਨੂੰ ਵਧਣ, ਉਚਾਈਆਂ ਪ੍ਰਾਪਤ ਕਰਨ ਅਤੇ ਸਫ਼ਲਤਾ ਪ੍ਰਾਪਤ ਕਰਨ ਹਿੱਤ ਅਸੀਸਾਂ ਦਿੰਦੀ ਹੈ। ਪਰ ਮੈਂ ਆਪਣੀ ਮਾਂ **ਮਾਤਾ ਸ਼ਵਿੰਦਰ ਕੌਰ** ਦੀ ਹਰ ਅਸੀਸ ਤੇ ਪੂਰਾ ਉਤਰਨ ਦਾ ਯਤਨ ਕੀਤਾ। ਕਿੰਨ੍ਹਾ ਚੰਗਾ ਹੁੰਦਾ ਕਿ ਜੇ ਉਹ ਅੱਜ ਮੇਰੀ ਵੱਡੀ ਪ੍ਰਾਪਤੀ ਨੂੰ ਵੇਖਕੇ ਹੋਰ ਅਸੀਸ ਦਿੰਦੀ। ਮੈਂ ਹੁਣ ਵੀ ਮਹਿਸੂਸ ਕਰ ਰਿਹਾ ਹਾਂ ਕਿ ਭਾਵੇਂ ਉਹ ਦੁਨੀਆਂ ਤੋਂ ਵੱਖ ਹੋ ਗਈ ਪਰ ਮੇਰੇ ਤੋਂ ਵੱਖ ਨਹੀਂ। ਮੈਂ ਇਹ ਡਿਗਰੀ ਉਹਦੇ ਚਰਨਾਂ ਵਿਚ ਰੱਖ ਰਿਹਾ ਹਾਂ।

ਮੈਂ ਧੰਨਵਾਦੀ ਹਾਂ ਆਪਣੀ ਸੁਪਤਨੀ ਪਨੀਤਇੰਦਰ ਕੌਰ ਅਤੇ ਬੇਟਾ ਸਿਮਰਜੀਤ ਸਿੰਘ ਜਿਨ੍ਹਾਂ ਦੇ ਹੱਕ ਦਾ ਸਮਾਂ ਮੈਂ ਆਪਣੇ ਖੋਜ ਕਾਰਜ ਵਿੱਚ ਵਰਤਿਆ ਅਤੇ ਉਨ੍ਹਾਂ ਦੋਹਾਂ ਨੇ ਮੈਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਰੱਖ ਕੇ ਇਸ ਮੁਕਾਮ 'ਤੇ ਪਹੁੰਚਾਇਆ।

ਅਖ਼ੀਰ ਵਿਚ ਮੈਂ ਧੰਨਵਾਦੀ ਹਾਂ ਸ੍ਰ. ਸ਼ਮਸ਼ੇਰ ਸਿੰਘ ਦਾ ਜਿਨ੍ਹਾਂ ਨੇ ਮੇਰੀ ਹੱਥ ਲਿਖਤ ਨੂੰ ਸਮੇਂ ਸਿਰ ਟਾਈਪ ਕਰਕੇ ਮੈਨੂੰ ਪਹੁੰਚਦਾ ਕਰਦੇ ਰਹੇ।

## ਤਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ: |
|---|---|---|
| 1. | **ਭੂਮਿਕਾ:** | i-iv |
| 2. | **ਅਧਿਆਇ ਪਹਿਲਾ:** | 1-71 |
| | **(ੳ) ਭਗਤੀ ਕਾਵਿ: ਸਿਧਾਂਤਕ ਪਰਿਪੇਖ** | |
| | (੧) ਭਗਤੀ ਕਾਵਿ: ਉਦਭਵ | |
| | (੨) ਭਾਰਤ ਦੀ ਸੰਤ ਪਰੰਪਰਾ | |
| | (੩) ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ | |
| | (੪) ਭਗਤੀ ਕਾਵਿ ਦੇ ਮੂਲ ਉਦੇਸ਼ ਅਤੇ ਸਿਧਾਂਤ | |
| | **(ਅ) ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ** | |
| | (੧) ਤੁਲਨਾਤਮਿਕ ਅਧਿਐਨ: ਉਦਭਵ ਤੇ ਵਿਕਾਸ | |
| | (੨) ਤੁਲਨਾਤਮਿਕ ਅਧਿਐਨ: ਵਿਭਿੰਨ ਵਿਧੀਆਂ | |
| | (੩) ਤੁਲਨਾਤਮਿਕ ਅਧਿਐਨ: ਮੂਲ ਉਦੇਸ਼ | |
| 3. | **ਅਧਿਆਇ ਦੂਜਾ:** | 72-100 |
| | **ਵਿਸ਼ੇ ਨਾਲ ਸੰਬੰਧਤ ਪਹਿਲਾਂ ਹੋਏ ਖੋਜ ਕਾਰਜ ਦਾ ਸਰਵੇਖਣ ਅਤੇ ਮੁਲਾਂਕਣ** | |
| | (੧) ਉਪਾਧੀ ਸਾਪੇਖ | |
| | (੨) ਉਪਾਧੀ ਨਿਰਪੇਖ: ਪੁਸਤਕਾਂ, ਰਸਾਲੇ ਅਤੇ ਅਖ਼ਬਾਰਾਂ ਦੇ ਹਵਾਲੇ ਨਾਲ | |
| 4. | **ਅਧਿਆਇ ਤੀਜਾ:** | 101-173 |
| | **ਭਗਤ ਰਵਿਦਾਸ ਜੀ ਦੀ ਬਾਣੀ: ਵਿਭਿੰਨ ਪਾਸਾਰ** | |
| | (੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ | |
| | (੨) ਆਰਥਿਕ ਪਰਿਪੇਖ | |
| | (੩) ਸਭਿਆਚਾਰਕ ਪਰਿਪੇਖ | |
| | (੪) ਰਾਜਨੀਤਿਕ ਪਰਿਪੇਖ | |
| | (੫) ਨਿਸ਼ਕਰਸ਼ | |
| 5. | **ਅਧਿਆਇ ਚੌਥਾ:** | 174-217 |
| | **ਭਗਤ ਕਬੀਰ ਜੀ ਦੀ ਬਾਣੀ: ਵਿਭਿੰਨ ਪਾਸਾਰ** | |
| | (੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ | |
| | (੨) ਆਰਥਿਕ ਪਰਿਪੇਖ | |
| | (੩) ਸਭਿਆਚਾਰਕ ਪਰਿਪੇਖ | |

| | | |
|---|---|---|
| | (੪) ਰਾਜਨੀਤਿਕ ਪਰਿਪੇਖ | |
| | (੫) ਨਿਸ਼ਕਰਸ਼ | |
| 6. | **ਅਧਿਆਇ ਪੰਜਵਾਂ:** | **218-262** |
| | **ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ: ਤੁਲਨਾਤਮਿਕ ਅਧਿਐਨ** | |
| | (੧) ਧਾਰਮਿਕ ਪਰਿਪੇਖ ਤੋਂ ਸਾਂਝ | |
| | (੨) ਦਾਰਸ਼ਨਿਕ ਪਰਿਪੇਖ ਤੋਂ ਸਾਂਝ | |
| | (੩) ਆਰਥਿਕ ਅਤੇ ਸਭਿਆਚਾਰ ਪਰਿਪੇਖ ਤੋਂ ਸਾਂਝ | |
| | (੪) ਰਾਜਨੀਤਿਕ ਪਰਿਪੇਖ ਤੋਂ ਸਾਂਝ | |
| | **ਸਾਰ ਤੇ ਸਥਾਪਨਾਵਾਂ** | **263-272** |
| | **ਪੁਸਤਕ ਸੂਚੀ** | **273-283** |

# ਭਗਤ ਬਾਣੀ ਤੁਲਨਾਤਮਿਕ ਅਧਿਐਨ: ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ

# (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ)

**BHAGAT BANI TULNATMAK ADHIYAN: BHAGAT RAVIDAS JI ATE BHAGAT KABIR JI**

**(SHRI GURU GRANTH SAHIB JI DE SANDARBH VICH)**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਕਲਾ ਅਤੇ ਭਾਸ਼ਾ ਫ਼ੈਕਲਟੀ ਅਧੀਨ**

**ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ**

## ਖੋਜ-ਪ੍ਰਬੰਧ


**ਖੋਜਾਰਥੀ:**

**ਗੁਰਜੀਤ ਸਿੰਘ**

**ਰੋਲ ਨੰ. A166881001**

**ਨਿਗਰਾਨ:**

**ਡਾ. ਸਤਨਾਮ ਸਿੰਘ ਜੱਸਲ**

**ਡੀਨ,**

**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼**



**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

**ਪੰਜਾਬ (ਭਾਰਤ)**

**2021**

# GURU KASHI UNIVERSITY

## CANDIDATE'S DECLARATION

I hereby declare that the work which is being presented in the thesis, entitled **"Bhagat Bani Tulnatmak Adhiyan: Bhagat Ravidas Ji ate Bhagat Kabir Ji (Shri Guru Granth Sahib de Sandarbh Vich)"** in fulfilment of the requirements for the award of the degree of **Doctor of Philosophy** in **Faculty of Arts and Social Sciences, Discipline of Religious Studies** and submitted in Guru Kashi University, Talwandi Sabo is an authentic record of my own work carried out during the period from August 2016 to November 2021 under the supervision of **Dr. Satnam Singh Jassal.**

The matter embodied in this thesis has not been submitted by me for the award of any other degree of this or any other University/Institute.

I further declared that in case of any violation of intellectual property right or copyright I as the candidate would be fully responsible for the same. My supervisor, external examiner and my institute should not be held for full or partial violation of copyright if found at any stage of my degree.

Mr. Gurjit Singh
Ph.D Research Scholar
Univ. Roll No.: A166881001

This is to certify that the above statement made by the candidate is correct to the best of my knowledge.

**Dr. Satnam Singh Jassal**
(Supervisor)

The Ph.D Viva-voce examination of Mr. Gurjit Singh has been held on 24.11.2021 (Online mode, with reference of UGC guidelines letter no. D.O.No. F.1-1/2020 (Secy.) on dated 29 April, 2020) and accepted for the award of Ph.D Degree.

**Dr. Ravinder Singh**
(External Examiner)

30.11.2021
**Dr. Satnam Singh Jassal**
(Supervisor)

Dean (UCBS&H)
GURU KASHI UNIVERSITY
Talwandi Sabo (Bathinda)

# ਭੂਮਿਕਾ

ਭਗਤ ਬਾਣੀ ਭਾਰਤੀ ਅਧਿਆਤਮਿਕ ਕਾਵਿ ਅਤੇ ਖਾਸ ਕਰਕੇ ਮੱਧਕਾਲੀ ਅਧਿਆਤਮਿਕ ਭਾਰਤ ਦੀ ਇਕ ਗੌਰਵਮਈ ਪ੍ਰਾਪਤੀ ਹੈ। ਇਸ ਬਾਣੀ ਦੇ ਬੀਜ ਭਾਵੇਂ ਮੱਧਕਾਲੀਨ ਸਥਿਤੀਆਂ ਵਿਚ ਹਨ, ਪਰ ਪ੍ਰਭਾਵ ਸਰਬਕਾਲੀ ਹਨ। ਭਾਵ ਇਹ ਬਾਣੀ ਹਰ ਸਥਿਤੀ ਵਿਚ ਪ੍ਰਸੰਗਿਕ ਸੀ, ਹੈ ਅਤੇ ਰਹੇਗੀ। ਸ਼ਾਇਦ ਇਸੇ ਕਰਕੇ ਇਹ 'ਕਾਵਿ' ਤੋਂ 'ਬਾਣੀ' ਦਾ ਦਰਜਾ ਹਾਸਲ ਕਰ ਗਈ। ਭਾਰਤ ਦੇ ਇਤਿਹਾਸ ਵਿਚ ਮੱਧਕਾਲੀਨ ਦਾ ਸਮਾਂ ਦਾਰਸ਼ਨਿਕ ਵਿਚਾਰਾਂ ਦੇ ਆਦਾਨ ਪ੍ਰਦਾਨ ਦਾ ਸੁਨਿਹਰੀ ਯੁੱਗ ਹੈ। ਇਸ ਕਾਲ ਦੇ ਭਗਤ ਅਤੇ ਸੰਤ ਮੌਲਿਕ ਅਨੁਭਵ ਅਤੇ ਚਿੰਤਨ ਦੁਆਰਾ ਭਾਰਤੀ ਜਨਤਾ ਨੂੰ ਅੰਧਕਾਰਾਂ ਵਿਚੋਂ ਕੱਢਣ ਲਈ ਸੰਘਰਸ਼ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਇਸੇ ਸੰਘਰਸ਼ ਦਾ ਸਿੱਟਾ ਹੈ। ਉਨ੍ਹਾਂ ਨੇ ਇਸ ਸੰਘਰਸ਼ ਦੀ ਸਫਲਤਾ ਲਈ ਬਾਣੀ ਰਚਨਾ ਦਾ, ਜੋ ਵਡਮੁੱਲਾ ਕਾਰਜ ਕੀਤਾ, ਉਹ ਸਦੀਆਂ ਤੱਕ ਭਾਰਤੀ ਜਨਤਾ ਦੀ ਰਹਿੰਨੁਮਾਈ ਕਰਦਾ ਰਹੇਗਾ।

**"ਅਰਬਦ ਨਰਬਦ ਧੁੰਧੂਕਾਰਾ, ਧਰਣਿ ਨ ਗਗਨਾ ਹੁਕਮੁ ਅਪਾਰਾ"** ਸਦਕਾ ਕੁਦਰਤ ਹੋਂਦ ਵਿਚ ਆਈ, ਇਸ ਕੁਦਰਤ ਵਿਚ ਅਨੇਕਾ ਤਰ੍ਹਾਂ ਦੇ ਜੀਵ ਉਪਜੇ ਇਨ੍ਹਾਂ ਵਿੱਚੋਂ ਮਨੁੱਖ ਵਿਸ਼ੇਸ਼ ਹੈ, **"ਉਤਮ ਜਨਮੁ ਸੁ ਮਾਣਸਿ ਦੇਹੀ"** ਮਨੁੱਖ ਬ੍ਰਹਮ ਨੂੰ ਪਛਾਣ ਕੇ ਵਿਕਾਰਾਂ ਤੋਂ ਮੁਕਤੀ ਪਾ ਕੇ ਮੋਕਸ਼ ਦੀ ਪ੍ਰਾਪਤੀ ਕਰਦਾ ਹੈ।

ਭਾਰਤੀ ਪ੍ਰਸੰਗ ਵਿਚ ਦੇਖਿਆ ਭਗਤੀ ਇਕ ਅਜਿਹਾ ਸੰਕਲਪ ਹੈ, ਜਿਸ ਦਾ ਲੰਮਾ ਪਿਛੋਕੜ ਹੈ। ਮੁੱਢਲੇ ਰੂਪ ਵਿਚ ਆਰੀਆਂ ਲੋਕਾਂ ਵਲੋਂ ਵੇਦਾਂ ਦੀ ਰਚਨਾ ਕੀਤੀ ਗਈ। ਉਸ ਮਗਰੋਂ ਉਪਨਿਸ਼ਦ, ਪ੍ਰਾਣ ਹੋਂਦ ਵਿਚ ਆਏ। ਇਨ੍ਹਾਂ ਵਿਚ ਬ੍ਰਹਮ ਦਾ ਸਰੂਪ ਸੁਰਗੁਣ ਕਿਸਮ ਦਾ ਸੀ ਇਨ੍ਹਾਂ ਦੇ ਮੁਕਾਬਲੇ ਸੰਤ ਪਰੰਪਰਾ ਦਾ ਉਦੈ ਹੋਇਆ ਜਿਸ ਵਿਚ ਪ੍ਰਮਾਤਮਾ ਦਾ ਸਰੂਪ ਸੁਰਗੁਣ ਵਾਲੇ ਬ੍ਰਹਮ ਤੋਂ ਵੱਖਰਾ ਸੀ। ਚਾਰਵਾਕ ਅਤੇ ਆਜੀਵਕ ਗ੍ਰੰਥਾਂ ਨਾਲ ਇਸ ਵਿਚਾਰਧਾਰਾ ਦਾ ਆਰੰਭ ਹੋਇਆ, ਇਸ ਮਗਰੋਂ ਬੁੱਧ ਧਰਮ ਜੈਨ ਧਰਮ ਨਾਲ ਪ੍ਰੰਪਰਾ ਦਾ ਵਿਕਾਸ ਹੋਇਆ। ਇਸ ਦੇ ਅਗਲੇ ਵਿਕਾਸ ਪੜਾਆਂ ਵਿਚ ਦੱਖਣ ਭਾਰਤ ਦੇ ਅਲਵਰ ਸੰਤਾਂ ਦਾ ਵਿਸ਼ੇਸ਼ ਯੋਗਦਾਨ ਸੀ, ਇਨ੍ਹਾਂ ਤੋਂ ਮਗਰੋਂ ਭਗਤ ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਫਰੀਦ ਆਦਿ 15 ਭਗਤ ਆਪਣੀ ਬਾਣੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ ਬਰਾਬਰ ਨਾਥ ਸੰਪਰਦਾਇ ਦੇ ਅਨੇਕਾਂ ਨਾਥ ਜੋਗੀ ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ ਆਦਿ ਪ੍ਰਮੁੱਖ ਹਨ। ਇਸੇ ਤਰ੍ਹਾਂ ਇਸਲਾਮੀ ਮੱਤ ਵਿਚੋਂ ਉਪਜੀ ਸੂਫ਼ੀ ਪ੍ਰੰਪਰਾ ਦੇ ਕਵੀਆਂ ਨੇ ਆਪਣੇ ਰਹੱਸਆਤਮਕ ਸੰਦੇਸ਼ ਦਿੱਤੇ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਆਦਿ ਭਗਤਾਂ ਨੇ ਮੌਲਿਕ ਚਿੰਤਨ ਵਿਚੋਂ ਜੋ ਪ੍ਰਵਚਨ ਸਿਰਜਿਆ ਭਗਤੀ ਕਾਵਿ ਵਡਮੁੱਲੇ ਮਾਨਵੀ ਸਰੋਕਾਰਾਂ ਨੂੰ ਉਭਾਰਦਾ ਹੈ। ਇਸੇ ਸੰਦਰਭ ਵਿਚ ਇਨ੍ਹਾਂ ਦੀ ਬਾਣੀ ਦੇ ਤੁਲਨਾਤਮਕ ਅਧਿਐਨ ਦੀ ਲੋੜ ਅਤੇ ਮਹੱਤਤਾ ਬਣਦੀ ਹੈ। ਇਨ੍ਹਾਂ ਦੀ ਬਾਣੀ ਦੇ ਤੁਲਨਾਤਮਿਕ ਅਧਿਐਨ ਦੁਆਰਾ, ਕੇਵਲ ਇਨ੍ਹਾਂ ਦੀ ਬਾਣੀ ਦਾ ਸਾਹਿਤਕ ਅਤੇ ਦਾਰਸ਼ਨਿਕ ਮੁੱਲ ਨਿਸ਼ਚਿਤ ਹੀ ਨਹੀਂ ਹੁੰਦਾ, ਬਲਕਿ ਇਸ ਦੇ ਅਜੋਕੇ ਸੰਦਰਭ ਵਿਚ ਉਪਯੋਗਤਾ ਦਾ ਨਿਰਣਾ ਵੀ ਹੋ ਜਾਂਦਾ ਹੈ। ਤੁਲਨਾਤਮਕ ਅਧਿਐਨ ਦੀ ਸਾਰਥਕਤਾ ਨੂੰ ਮਾਨਵੀ ਗਿਆਨ ਦੇ ਸਾਰੇ ਖੇਤਰਾਂ ਵਿਚ ਸਵੀਕਾਰਿਆ ਜਾ ਚੁੱਕਾ ਹੈ।

ਅਧਿਐਨ ਦੀ ਸੁਵਿਧਾ ਲਈ ਸਮੁੱਚੇ ਖੋਜ ਪ੍ਰਬੰਧ ਨੂੰ ਪੰਜ ਅਧਿਆਇਆ ਵਿਚ ਵੰਡਿਆਂ ਗਿਆ ਹੈ। **ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਭਗਤੀ ਕਾਵਿ: ਸਿਧਾਂਤ ਪਰਿਪੇਖ** ਦੇ ੳ ਭਾਗ ਵਿਚ (੧) ਭਗਤੀ ਕਾਵਿ:ਉਦਭਵ (੨) ਭਾਰਤ ਦੀ ਸੰਤ ਪਰੰਪਰਾ(੩) ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ (੪) ਭਗਤੀ ਕਾਵਿ ਦੇ ਮੂਲ ਉਦੇਸ਼ ਅਤੇ ਸਿਧਾਂਤ ਅਤੇ **ਅ ਭਾਗ ਵਿਚ ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ।**(੧) ਤੁਲਨਾਤਮਿਕ ਅਧਿਐਨ:ਉਦਭਵ ਤੇ ਵਿਕਾਸ (੨) ਤੁਲਨਾਤਮਿਕ ਅਧਿਐਨ: ਵਿਭਿੰਨ ਵਿਧੀਆਂ (੩) ਤੁਲਨਾਤਮਿਕ ਅਧਿਐਨ: ਮੂਲ ਉਦੇਸ਼ ਆਦਿ ਸਿਧਾਂਤਾਂ ਦਾ ਅਧਿਐਨ ਕੀਤਾ ਹੈ।

**ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਵਿਚ ਵਿਸ਼ੇ ਨਾਲ ਸੰਬੰਧਤ ਪਹਿਲੇ ਹੋਏ ਖੋਜ ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ ਹੈ।** ਇਸ ਅਧਿਆਇ ਵਿਚ ਅਸੀਂ ਉਪਾਧੀ ਸਾਪੇਖ ਅਧੀਨ ਦੋਹਾਂ ਭਗਤਾਂ ਦੇ ਤੁਲਨਾਤਮਕ ਸੰਦਰਭ ਵਿਚ ਹੋਏ ਪੀਐਚ.ਡੀ ਅਤੇ ਐਮ. ਫਿਲ. ਖੋਜ ਕਾਰਜਾਂ ਦਾ ਅਧਿਐਨ ਕੀਤਾ। ਇਸ ਉਪਰੰਤ ਉਪਾਧੀ ਨਿਰਪੇਖ ਖੋਜ-ਕਾਰਜ ਅਧੀਨ ਵਿਭਿੰਨ ਵਿਦਵਾਨਾਂ ਵੱਲੋਂ ਦੋਨਾਂ ਭਗਤਾਂ ਨਾਲ ਸੰਬੰਧਤ ਪੁਸਤਕ ਰੂਪ ਵਿਚ ਪ੍ਰਾਪਤ ਖੋਜ ਕਾਰਜ ਅਤੇ ਵਿਸ਼ੇਸ਼ ਅੰਕਾਂ, ਪਤ੍ਰਿਕਾਵਾਂ ਵਿਚ ਤੁਲਨਾਤਮਕ ਸੰਦਰਭ ਵਿਚ ਕੀਤੀ ਆਲੋਚਨਾ ਦਾ ਅਧਿਐਨ ਕੀਤਾ ਹੈ।

**ਖੋਜ ਪ੍ਰਬੰਧ ਦੇ ਤੀਜੇ ਅਧਿਆਇ ਵਿਚ ਭਗਤ ਰਵਿਦਾਸ ਜੀ ਦੀ ਬਾਣੀ: ਵਿਭਿੰਨ ਪਾਸਾਰ ਅਧੀਨ**(੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ (੨) ਆਰਥਿਕ ਪਰਿਪੇਖ (੩) ਸਭਿਆਚਾਰਕ ਪਰਿਪੇਖ(੪) ਰਾਜਨੀਤਕ ਪਰਿਪੇਖ ਦਾ ਅਧਿਐਨ ਵਿਚ ਧਾਰਮਿਕ ਪਰਿਸਥਿਤੀਆਂ, ਹਿੰਦੂ ਧਰਮ, ਇਸਲਾਮ ਧਰਮ, ਬੁੱਧ ਧਰਮ, ਜੈਨ ਧਰਮ, ਭਗਤੀ ਲਹਿਰ ਦੇ ਪ੍ਰਵਰਕਾਂ ਦੇ ਧਾਰਮਿਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ, ਪ੍ਰਭੂ ਦੇ ਨਿਰਗੁਣ ਸਰੂਪ ਦੀ ਮਹਿਮਾ ਅਤੇ ਮੂਰਤੀ ਪੂਜਾ ਖੰਡਣ, ਗੁਰੂ ਦਾ

ਪਸਾਰ, ਮੁਕਤੀ ਸਬੰਧੀ ਵਿਚਾਰ ਤੇ ਕਰਮਾ ਦੀ ਸ਼ੁੱਧਤਾ, ਨਾਸ਼ਮਾਨਤਾ, ਜਾਤ-ਪਾਤ ਦਾ ਖੰਡਨ, ਅਦਰਸ਼ ਸਮਾਜ, ਕਿਰਤ ਦਾ ਮਹੱਤਵ ਆਦਿ ਦਾ ਅਧਿਐਨ ਕੀਤਾ ਗਿਆ।

ਖੋਜ ਪ੍ਰਬੰਧ ਦੇ **ਚੌਥੇ ਅਧਿਆਇ ਵਿਚ ਭਗਤ ਕਬੀਰ ਜੀ ਦੀ ਬਾਣੀ: ਵਿਭਿੰਨ ਪਾਸਾਰ ਦੇ ਅਧੀਨ**(੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ (੨) ਆਰਥਿਕ ਪਰਿਪੇਖ (੩) ਸਭਿਆਚਾਰਕ ਪਰਿਪੇਖ (੪) ਰਾਜਨੀਤਕ ਪਰਿਪੇਖ ਦਾ ਅਧਿਐਨ ਆਦਿ ਵਿਚ ਧਾਰਮਿਕ ਆਚਰਣਹੀਨਤਾ, ਪੂਜਾ ਵਿਧੀਆਂ, ਪਾਖੰਡਾਂ, ਆਡੰਬਰਾਂ, ਪਰਮਾਤਮਾ (ਬ੍ਰਹਮ) ਮਾਇਆ ਦਾ ਸੰਕਲਪ, ਜੀਵਨ ਮੁਕਤੀ, ਕਰਮ ਕਾਂਡ; ਮੂਰਤੀ ਪੂਜਾ ਦਾ ਵਿਰੋਧ, ਆਦਿ ਸੰਬੰਧੀ ਪੱਖਾਂ 'ਤੇ ਚਰਚਾ ਕੀਤੀ ਹੈ।

ਖੋਜ ਪ੍ਰਬੰਧ ਦੇ **ਪੰਜਵੇਂ ਅਧਿਆਇ ਵਿਚ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ : ਤੁਲਨਾਤਮਿਕ ਅਧਿਐਨ** ਦੋਹਾਂ ਮਹਾਂਪੁਰਸ਼ਾਂ ਦਾ ਵਿਸ਼ਵ ਸ਼ਾਂਤੀ ਤੇ ਮਾਨਵ ਪ੍ਰਗਤੀ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਅਧਿਆਤਮਿਕ ਤੇ ਸਾਂਝੀ ਸੋਚ, ਇਕੋ ਤਰ੍ਹਾਂ ਦੇ ਆਧਾਰ, ਸਿਧਾਂਤ ਤੇ ਸੰਕਲਪ, ਧਾਰਨਾਵਾਂ, ਮਨੁੱਖੀ ਸਰੀਰ ਦੀ ਕਰਮਸ਼ੀਲਤਾ ਨਾਲ ਜੁੜੀਆਂ ਭਰਮਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ ਮਨੁੱਖੀ ਜਨਮ ਦੇ ਮਾਨਵਵਾਦੀ ਅਤੇ ਦਾਰਸ਼ਨਿਕ ਸਰੋਕਾਰਾਂ ਅਤੇ ਆਰਥਿਕ ਸਾਂਝਾਂ, ਦਾਰਸ਼ਨਿਕ ਸਾਂਝਾ, ਰਾਜਨੀਤਕ ਸਾਂਝਾ ਅਤੇ ਵੇਖਰੇਵੇਂ ਦਾ ਤੁਲਨਾਤਮਿਕ ਰੂਪ ਵਿਚ ਅਧਿਐਨ ਕੀਤਾ ਗਿਆ ਹੈ।

ਪ੍ਰਸਤੁਤ ਖੋਜ-ਕਾਰਜ ਦੇ ਅਖੀਰ ਉੱਪਰ ਸਮੁੱਚੇ ਖੋਜ-ਪ੍ਰਬੰਧ ਨੂੰ ਆਧਾਰ ਬਣਾ ਕੇ ਪ੍ਰਾਪਤ ਹੋਇਆ ਸਾਰ ਅਤੇ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਇਸ ਖੋਜ ਕਾਰਜ ਦੇ ਅਖ਼ੀਰ ਵਿਚ ਪੁਸਤਕ ਸੂਚੀ ਪੇਸ਼ ਕਰਦੇ ਹੋਏ ਉਹ ਸਾਰੀਆਂ ਪੁਸਤਕਾਂ ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਖੋਜ-ਕਾਰਜ ਦਾ ਹਿੱਸਾ ਬਣਦੀਆਂ ਹਨ, ਉਨ੍ਹਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

**ਕਿਰਪਾ, ਮਾਰਗ ਦਰਸ਼ਨ ਤੇ ਸਹਿਯੋਗ** ਕਿਸੇ ਕਾਰਜ ਦੇ ਮੁਕੰਮਲ ਹੋਣ ਵਿਚ ਅਹਿਮ ਤੱਤ ਹਨ। ਮੇਰੇ ਇਸ ਸ਼ੋਧ ਪ੍ਰਬੰਧ ਨੂੰ ਸੰਪੂਰਨ ਕਰਨ ਵਿਚ ਇਨ੍ਹਾਂ ਤਿੰਨਾਂ ਨੇ ਭਰਪੂਰ ਯੋਗਦਾਨ ਪਾ ਕੇ ਸਾਥ ਦਿਤਾ। ਇਸ ਲਈ ਮੇਰਾ ਇਨ੍ਹਾਂ ਦਾ ਧੰਨਵਾਦ ਕਰਨਾ ਇਖਲਾਕੀ ਫਰਜ਼ ਹੈ। ਸਭ ਤੋਂ ਪਹਿਲਾਂ ਆਪਣੇ ਇਸ ਖੋਜ ਕਾਰਜ ਲਈ ਪਾਰਬ੍ਰਹਮ ਪ੍ਰਮੇਸ਼ਰ ਦਾ ਧੰਨਵਾਦ ਕਰਦਾ ਹਾਂ, ਜਿਸ ਦੀ ਰਹਿਮਤ ਸਦਕਾ ਇਹ ਕਾਰਜ ਸੰਪੂਰਨ ਕਰ ਰਿਹਾ ਹਾਂ। ਕਿਸੇ ਵੀ ਕਿਸਮ ਦੇ ਰਸਮੀ ਧੰਨਵਾਦ ਨੂੰ ਅੰਕਿਤ ਕਰਕੇ ਗੁਰੂ ਰਿਣ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ, ਮੈਂ ਆਪਣੇ **ਨਿਗਰਾਨ ਅਤਿ ਸਤਿਕਾਰਤ ਡਾ. ਸਤਨਾਮ ਸਿੰਘ ਜੱਸਲ ਜੀ (ਡੀਨ, ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼)** ਦਾ ਤਹਿ ਦਿਲੋਂ ਧੰਨਵਾਦੀ ਹਾਂ ਅਤੇ ਸਦਾ

ਰਿਣੀ ਰਹਾਂਗਾ ਜਿਨ੍ਹਾਂ ਆਪਣੀ ਯੋਗ, ਸੁਚੱਜੀ ਅਗਵਾਈ ਅਤੇ ਮਾਰਗ ਦਰਸ਼ਨ ਹੇਠ ਮੇਰੇ ਸ਼ੋਧ-ਪ੍ਰਬੰਧ ਦੇ ਕਾਰਜ ਨੂੰ ਮੁਕੰਮਲ ਕਰਵਾਇਆ। ਉਨ੍ਹਾਂ ਦੇ ਸਹਿਯੋਗ, ਮੱਦਦ ਅਤੇ ਅਗਵਾਈ ਲਈ ਧੰਨਵਾਦ ਵਜੋਂ ਮੇਰੇ ਸ਼ਬਦ ਛੋਟੇ ਤੇ ਜ਼ੁਬਾਨ ਨਿਮਾਣੀ ਜਿਹੀ ਜਾਪਦੀ ਹੈ।

ਮੈਂ ਸਦਾ ਹੀ ਰਿਣੀ ਰਹਾਗਾਂ ਸਵਰਗੀ **ਡਾ. ਜਸਮੇਲ ਸਿੰਘ ਜੀ ਧਾਲੀਵਾਲ (ਚਾਂਸਲਰ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ)** ਦਾ ਜਿਨ੍ਹਾਂ ਨੇ ਮੈਨੂੰ ਮਾਪਿਆਂ ਵਾਂਗ ਪਿਆਰ ਦਿੱਤਾ, ਸਦਾ ਪ੍ਰੇਰਨਾ ਸਰੋਤ ਬਣੇ। ਭਾਵੇਂ ਉਹ ਅੱਜ ਸਰੀਰਕ ਤੌਰ ਤੇ ਵਿਛੜ ਗਏ ਪਰ ਮੈਂ ਉਨ੍ਹਾਂ ਪ੍ਰਤਿ ਸਦਾ ਹੀ ਨਤਮਸਤਕ ਰਹਾਗਾਂ। ਇਸੇ ਤਰ੍ਹਾਂ ਹੀ **ਸਰਦਾਰ ਗੁਰਲਾਭ ਸਿੰਘ ਸਿੱਧੂ (ਚੇਅਰਮੈਨ)** ਅਤੇ **ਸਰਦਾਰ ਸੁਖਰਾਜ ਸਿੰਘ ਸਿੱਧੂ (ਮੈਨਿਜਿੰਗ ਡਾਇਰੈਕਟਰ)** ਦੇ ਸਹਿਯੋਗ ਦੇ ਮੈਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖਿਆ ਅਤੇ ਰੱਖ ਵੀ ਰਹੇ ਹਨ। ਮੈਂ ਇਨ੍ਹਾਂ ਦੋਹਾ ਅਧਿਕਾਰੀਆਂ ਦੇ ਪਿਆਰ ਤੇ ਦਿੱਤੇ ਸਤਿਕਾਰ ਦਾ ਸਦਾ ਰਿਣੀ ਰਹਾਂਗਾ।

ਮੈਂ ਅੱਜ ਵਿਦਿਅਕ ਖੇਤਰ ਵਿਚ ਜਿਸ ਥਾਂ ਤੇ ਹਾਂ ਇਸ ਦਾ ਕਾਰਨ **ਪ੍ਰੋਫ਼ੈਸਰ ਜਸਵੀਰ ਸਿੰਘ, ਗੁਰਮਤਿ ਕਾਲਜ ਪਟਿਆਲਾ** ਵੱਲੋਂ ਦਿੱਤਾ ਹੌਂਸਲਾ ਹੈ। ਬਹੁਤ ਹੀ ਸਤਿਕਾਰ ਦੇ ਪਾਤਰ ਪ੍ਰੋਫ਼ੈਸਰ ਸਾਹਿਬ ਨੇ ਮੇਰੀਆਂ ਨਿੱਜੀ ਮਜਬੂਰੀਆਂ ਦਾ ਸਹਿਜਤਾ ਨਾਲ ਸਮਾਧਾਨ ਕੀਤਾ ਜਿਸ ਨਾਲ ਮੇਰੀ ਹਰ ਔਖ-ਸੌਖ ਵਿਚ ਬਦਲਦੀ ਰਹੀ।

ਮੈਂ ਅਤੇ **ਡਾ. ਅਸ਼ਵਨੀ ਸੇਠੀ (ਨਿਰਦੇਸ਼ਿਕ ਯੋਜਨਾ ਵਿਕਾਸ)** ਪਿਛਲੇ ਦੋ ਦਹਾਕਿਆਂ ਤੋਂ, ਭਰਾਵਾ ਵਾਂਗ ਵਿਚਰਦਿਆਂ, ਇਕੋ ਸੰਸਥਾ ਵਿਚ ਕੰਮ ਕਰਦੇ ਰਹੇ ਹਾਂ। ਉਸ ਦੀ ਸਦਾ ਹੀ ਦਿੱਤੀ ਹੱਲਾ-ਸੇਰੀ ਨੇ ਮੈਨੂੰ ਪੂਰਾ ਹੌਸਲਾ ਦਿੱਤਾ, ਜਿਸ ਸਦਕਾ ਮੈਂ ਉਨ੍ਹਾਂ ਦਾ ਰਿਣੀ ਰਹਾਗਾਂ।

ਹਰ ਮਾਂ, ਹਰ ਸਮੇਂ ਆਪਣੀ ਔਲਾਦ ਨੂੰ ਵਧਣ, ਉਚਾਈਆਂ ਪ੍ਰਾਪਤ ਕਰਨ ਅਤੇ ਸਫ਼ਲਤਾ ਪ੍ਰਾਪਤ ਕਰਨ ਹਿੱਤ ਅਸੀਸਾਂ ਦਿੰਦੀ ਹੈ। ਪਰ ਮੈਂ ਆਪਣੀ ਮਾਂ **ਮਾਤਾ ਸ਼ਵਿੰਦਰ ਕੌਰ** ਦੀ ਹਰ ਅਸੀਸ ਤੇ ਪੂਰਾ ਉਤਰਨ ਦਾ ਯਤਨ ਕੀਤਾ। ਕਿੰਨ੍ਹਾ ਚੰਗਾ ਹੁੰਦਾ ਕਿ ਜੇ ਉਹ ਅੱਜ ਮੇਰੀ ਵੱਡੀ ਪ੍ਰਾਪਤੀ ਨੂੰ ਵੇਖਕੇ ਹੋਰ ਅਸੀਸ ਦਿੰਦੀ। ਮੈਂ ਹੁਣ ਵੀ ਮਹਿਸੂਸ ਕਰ ਰਿਹਾ ਹਾਂ ਕਿ ਭਾਵੇਂ ਉਹ ਦੁਨੀਆਂ ਤੋਂ ਵੱਖ ਹੋ ਗਈ ਪਰ ਮੇਰੇ ਤੋਂ ਵੱਖ ਨਹੀਂ। ਮੈਂ ਇਹ ਡਿਗਰੀ ਉਹਦੇ ਚਰਨਾਂ ਵਿਚ ਰੱਖ ਰਿਹਾ ਹਾਂ।

ਮੈਂ ਧੰਨਵਾਦੀ ਹਾਂ ਆਪਣੀ ਸੁਪਤਨੀ ਪਨੀਤਇੰਦਰ ਕੌਰ ਅਤੇ ਬੇਟਾ ਸਿਮਰਜੀਤ ਸਿੰਘ ਜਿਨ੍ਹਾਂ ਦੇ ਹੱਕ ਦਾ ਸਮਾਂ ਮੈਂ ਆਪਣੇ ਖੋਜ ਕਾਰਜ ਵਿੱਚ ਵਰਤਿਆ ਅਤੇ ਉਨ੍ਹਾਂ ਦੋਹਾਂ ਨੇ ਮੈਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਰੱਖ ਕੇ ਇਸ ਮੁਕਾਮ 'ਤੇ ਪਹੁੰਚਾਇਆ।

ਅਖ਼ੀਰ ਵਿਚ ਮੈਂ ਧੰਨਵਾਦੀ ਹਾਂ ਸ੍ਰ. ਸ਼ਮਸ਼ੇਰ ਸਿੰਘ ਦਾ ਜਿਨ੍ਹਾਂ ਨੇ ਮੇਰੀ ਹੱਥ ਲਿਖਤ ਨੂੰ ਸਮੇਂ ਸਿਰ ਟਾਈਪ ਕਰਕੇ ਮੈਨੂੰ ਪਹੁੰਚਦਾ ਕਰਦੇ ਰਹੇ।

# ਤਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ: |
|---|---|---|
| 1. | **ਭੂਮਿਕਾ:** | **i-iv** |
| 2. | **ਅਧਿਆਇ ਪਹਿਲਾ:** | **1-71** |
| | **(ੳ) ਭਗਤੀ ਕਾਵਿ: ਸਿਧਾਂਤਕ ਪਰਿਪੇਖ** | |
| | (੧) ਭਗਤੀ ਕਾਵਿ: ਉਦਭਵ | |
| | (੨) ਭਾਰਤ ਦੀ ਸੰਤ ਪਰੰਪਰਾ | |
| | (੩) ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ | |
| | (੪) ਭਗਤੀ ਕਾਵਿ ਦੇ ਮੂਲ ਉਦੇਸ਼ ਅਤੇ ਸਿਧਾਂਤ | |
| | **(ਅ) ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ** | |
| | (੧) ਤੁਲਨਾਤਮਿਕ ਅਧਿਐਨ: ਉਦਭਵ ਤੇ ਵਿਕਾਸ | |
| | (੨) ਤੁਲਨਾਤਮਿਕ ਅਧਿਐਨ: ਵਿਭਿੰਨ ਵਿਧੀਆਂ | |
| | (੩) ਤੁਲਨਾਤਮਿਕ ਅਧਿਐਨ: ਮੂਲ ਉਦੇਸ਼ | |
| 3. | **ਅਧਿਆਇ ਦੂਜਾ:** | **72-100** |
| | **ਵਿਸ਼ੇ ਨਾਲ ਸੰਬੰਧਤ ਪਹਿਲਾਂ ਹੋਏ ਖੋਜ ਕਾਰਜ ਦਾ ਸਰਵੇਖਣ ਅਤੇ ਮੁਲਾਂਕਣ** | |
| | (੧) ਉਪਾਧੀ ਸਾਪੇਖ | |
| | (੨) ਉਪਾਧੀ ਨਿਰਪੇਖ: ਪੁਸਤਕਾਂ, ਰਸਾਲੇ ਅਤੇ ਅਖ਼ਬਾਰਾਂ ਦੇ ਹਵਾਲੇ ਨਾਲ | |
| 4. | **ਅਧਿਆਇ ਤੀਜਾ:** | **101-173** |
| | **ਭਗਤ ਰਵਿਦਾਸ ਜੀ ਦੀ ਬਾਣੀ: ਵਿਭਿੰਨ ਪਾਸਾਰ** | |
| | (੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ | |
| | (੨) ਆਰਥਿਕ ਪਰਿਪੇਖ | |
| | (੩) ਸਭਿਆਚਾਰਕ ਪਰਿਪੇਖ | |
| | (੪) ਰਾਜਨੀਤਿਕ ਪਰਿਪੇਖ | |
| | (੫) ਨਿਸ਼ਕਰਸ਼ | |
| 5. | **ਅਧਿਆਇ ਚੌਥਾ:** | **174-217** |
| | **ਭਗਤ ਕਬੀਰ ਜੀ ਦੀ ਬਾਣੀ: ਵਿਭਿੰਨ ਪਾਸਾਰ** | |
| | (੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ | |
| | (੨) ਆਰਥਿਕ ਪਰਿਪੇਖ | |
| | (੩) ਸਭਿਆਚਾਰਕ ਪਰਿਪੇਖ | |

| | | |
|---|---|---|
| | (੪) ਰਾਜਨੀਤਿਕ ਪਰਿਪੇਖ | |
| | (੫) ਨਿਸ਼ਕਰਸ਼ | |
| 6. | **ਅਧਿਆਇ ਪੰਜਵਾਂ:** | **218-262** |
| | **ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ: ਤੁਲਨਾਤਮਿਕ ਅਧਿਐਨ** | |
| | (੧) ਧਾਰਮਿਕ ਪਰਿਪੇਖ ਤੋਂ ਸਾਂਝ | |
| | (੨) ਦਾਰਸ਼ਨਿਕ ਪਰਿਪੇਖ ਤੋਂ ਸਾਂਝ | |
| | (੩) ਆਰਥਿਕ ਅਤੇ ਸਭਿਆਚਾਰ ਪਰਿਪੇਖ ਤੋਂ ਸਾਂਝ | |
| | (੪) ਰਾਜਨੀਤਿਕ ਪਰਿਪੇਖ ਤੋਂ ਸਾਂਝ | |
| | **ਸਾਰ ਤੇ ਸਥਾਪਨਾਵਾਂ** | **263-272** |
| | **ਪੁਸਤਕ ਸੂਚੀ** | **273-283** |

# ਭੂਮਿਕਾ

ਭਗਤ ਬਾਣੀ ਭਾਰਤੀ ਅਧਿਆਤਮਿਕ ਕਾਵਿ ਅਤੇ ਖਾਸ ਕਰਕੇ ਮੱਧਕਾਲੀ ਅਧਿਆਤਮਿਕ ਭਾਰਤ ਦੀ ਇਕ ਗੌਰਵਮਈ ਪ੍ਰਾਪਤੀ ਹੈ। ਇਸ ਬਾਣੀ ਦੇ ਬੀਜ ਭਾਵੇਂ ਮੱਧਕਾਲੀਨ ਸਥਿਤੀਆਂ ਵਿਚ ਹਨ, ਪਰ ਪ੍ਰਭਾਵ ਸਰਬਕਾਲੀ ਹਨ। ਭਾਵ ਇਹ ਬਾਣੀ ਹਰ ਸਥਿਤੀ ਵਿਚ ਪ੍ਰਸੰਗਿਕ ਸੀ, ਹੈ ਅਤੇ ਰਹੇਗੀ। ਸ਼ਾਇਦ ਇਸੇ ਕਰਕੇ ਇਹ 'ਕਾਵਿ' ਤੋਂ 'ਬਾਣੀ' ਦਾ ਦਰਜਾ ਹਾਸਲ ਕਰ ਗਈ। ਭਾਰਤ ਦੇ ਇਤਿਹਾਸ ਵਿਚ ਮੱਧਕਾਲੀਨ ਦਾ ਸਮਾਂ ਦਾਰਸ਼ਨਿਕ ਵਿਚਾਰਾਂ ਦੇ ਆਦਾਨ ਪ੍ਰਦਾਨ ਦਾ ਸੁਨਿਹਰੀ ਯੁੱਗ ਹੈ। ਇਸ ਕਾਲ ਦੇ ਭਗਤ ਅਤੇ ਸੰਤ ਮੌਲਿਕ ਅਨੁਭਵ ਅਤੇ ਚਿੰਤਨ ਦੁਆਰਾ ਭਾਰਤੀ ਜਨਤਾ ਨੂੰ ਅੰਧਕਾਰਾਂ ਵਿਚੋਂ ਕੱਢਣ ਲਈ ਸੰਘਰਸ਼ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਇਸੇ ਸੰਘਰਸ਼ ਦਾ ਸਿੱਟਾ ਹੈ। ਉਨ੍ਹਾਂ ਨੇ ਇਸ ਸੰਘਰਸ਼ ਦੀ ਸਫਲਤਾ ਲਈ ਬਾਣੀ ਰਚਨਾ ਦਾ, ਜੋ ਵਡਮੁੱਲਾ ਕਾਰਜ ਕੀਤਾ, ਉਹ ਸਦੀਆਂ ਤੱਕ ਭਾਰਤੀ ਜਨਤਾ ਦੀ ਰਹਿੰਨੁਮਾਈ ਕਰਦਾ ਰਹੇਗਾ।

**"ਅਰਬਦ ਨਰਬਦ ਧੁੰਧੂਕਾਰਾ, ਧਰਣਿ ਨ ਗਗਨਾ ਹੁਕਮੁ ਅਪਾਰਾ"** ਸਦਕਾ ਕੁਦਰਤ ਹੋਂਦ ਵਿਚ ਆਈ, ਇਸ ਕੁਦਰਤ ਵਿਚ ਅਨੇਕਾ ਤਰ੍ਹਾਂ ਦੇ ਜੀਵ ਉਪਜੇ ਇਨ੍ਹਾਂ ਵਿੱਚੋਂ ਮਨੁੱਖ ਵਿਸ਼ੇਸ਼ ਹੈ, **"ਉਤਮ ਜਨਮੁ ਸੁ ਮਾਣਸਿ ਦੇਹੀ"** ਮਨੁੱਖ ਬ੍ਰਹਮ ਨੂੰ ਪਛਾਣ ਕੇ ਵਿਕਾਰਾਂ ਤੋਂ ਮੁਕਤੀ ਪਾ ਕੇ ਮੋਕਸ਼ ਦੀ ਪ੍ਰਾਪਤੀ ਕਰਦਾ ਹੈ।

ਭਾਰਤੀ ਪ੍ਰਸੰਗ ਵਿਚ ਦੇਖਿਆ ਭਗਤੀ ਇਕ ਅਜਿਹਾ ਸੰਕਲਪ ਹੈ, ਜਿਸ ਦਾ ਲੰਮਾ ਪਿਛੋਕੜ ਹੈ। ਮੁੱਢਲੇ ਰੂਪ ਵਿਚ ਆਰੀਆਂ ਲੋਕਾਂ ਵਲੋਂ ਵੇਦਾਂ ਦੀ ਰਚਨਾ ਕੀਤੀ ਗਈ। ਉਸ ਮਗਰੋਂ ਉਪਨਿਸ਼ਦ, ਪ੍ਰਾਣ ਹੋਂਦ ਵਿਚ ਆਏ। ਇਨ੍ਹਾਂ ਵਿਚ ਬ੍ਰਹਮ ਦਾ ਸਰੂਪ ਸੁਰਗੁਣ ਕਿਸਮ ਦਾ ਸੀ ਇਨ੍ਹਾਂ ਦੇ ਮੁਕਾਬਲੇ ਸੰਤ ਪਰੰਪਰਾ ਦਾ ਉਦੈ ਹੋਇਆ ਜਿਸ ਵਿਚ ਪ੍ਰਮਾਤਮਾ ਦਾ ਸਰੂਪ ਸੁਰਗੁਣ ਵਾਲੇ ਬ੍ਰਹਮ ਤੋਂ ਵੱਖਰਾ ਸੀ। ਚਾਰਵਾਕ ਅਤੇ ਆਜੀਵਕ ਗ੍ਰੰਥਾਂ ਨਾਲ ਇਸ ਵਿਚਾਰਧਾਰਾ ਦਾ ਆਰੰਭ ਹੋਇਆ, ਇਸ ਮਗਰੋਂ ਬੁੱਧ ਧਰਮ ਜੈਨ ਧਰਮ ਨਾਲ ਪ੍ਰੰਪਰਾ ਦਾ ਵਿਕਾਸ ਹੋਇਆ। ਇਸ ਦੇ ਅਗਲੇ ਵਿਕਾਸ ਪੜਾਆਂ ਵਿਚ ਦੱਖਣ ਭਾਰਤ ਦੇ ਅਲਵਰ ਸੰਤਾਂ ਦਾ ਵਿਸ਼ੇਸ਼ ਯੋਗਦਾਨ ਸੀ, ਇਨ੍ਹਾਂ ਤੋਂ ਮਗਰੋਂ ਭਗਤ ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਫਰੀਦ ਆਦਿ 15 ਭਗਤ ਆਪਣੀ ਬਾਣੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ ਬਰਾਬਰ ਨਾਥ ਸੰਪਰਦਾਇ ਦੇ ਅਨੇਕਾਂ ਨਾਥ ਜੋਗੀ ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ ਆਦਿ ਪ੍ਰਮੁੱਖ ਹਨ। ਇਸੇ ਤਰ੍ਹਾਂ ਇਸਲਾਮੀ ਮੱਤ ਵਿਚੋਂ ਉਪਜੀ ਸੂਫ਼ੀ ਪ੍ਰੰਪਰਾ ਦੇ ਕਵੀਆਂ ਨੇ ਆਪਣੇ ਰਹੱਸਆਤਮਕ ਸੰਦੇਸ਼ ਦਿੱਤੇ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਆਦਿ ਭਗਤਾਂ ਨੇ ਮੌਲਿਕ ਚਿੰਤਨ ਵਿਚੋਂ ਜੋ ਪ੍ਰਵਚਨ ਸਿਰਜਿਆ ਭਗਤੀ ਕਾਵਿ ਵਡਮੁੱਲੇ ਮਾਨਵੀ ਸਰੋਕਾਰਾਂ ਨੂੰ ਉਭਾਰਦਾ ਹੈ। ਇਸੇ ਸੰਦਰਭ ਵਿਚ ਇਨ੍ਹਾਂ ਦੀ ਬਾਣੀ ਦੇ ਤੁਲਨਾਤਮਕ ਅਧਿਐਨ ਦੀ ਲੋੜ ਅਤੇ ਮਹੱਤਤਾ ਬਣਦੀ ਹੈ। ਇਨ੍ਹਾਂ ਦੀ ਬਾਣੀ ਦੇ ਤੁਲਨਾਤਮਿਕ ਅਧਿਐਨ ਦੁਆਰਾ, ਕੇਵਲ ਇਨ੍ਹਾਂ ਦੀ ਬਾਣੀ ਦਾ ਸਾਹਿਤਕ ਅਤੇ ਦਾਰਸ਼ਨਿਕ ਮੁੱਲ ਨਿਸ਼ਚਿਤ ਹੀ ਨਹੀਂ ਹੁੰਦਾ, ਬਲਕਿ ਇਸ ਦੇ ਅਜੋਕੇ ਸੰਦਰਭ ਵਿਚ ਉਪਯੋਗਤਾ ਦਾ ਨਿਰਣਾ ਵੀ ਹੋ ਜਾਂਦਾ ਹੈ। ਤੁਲਨਾਤਮਕ ਅਧਿਐਨ ਦੀ ਸਾਰਥਕਤਾ ਨੂੰ ਮਾਨਵੀ ਗਿਆਨ ਦੇ ਸਾਰੇ ਖੇਤਰਾਂ ਵਿਚ ਸਵੀਕਾਰਿਆ ਜਾ ਚੁੱਕਾ ਹੈ।

ਅਧਿਐਨ ਦੀ ਸੁਵਿਧਾ ਲਈ ਸਮੁੱਚੇ ਖੋਜ ਪ੍ਰਬੰਧ ਨੂੰ ਪੰਜ ਅਧਿਆਇਆ ਵਿਚ ਵੰਡਿਆਂ ਗਿਆ ਹੈ। **ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਭਗਤੀ ਕਾਵਿ: ਸਿਧਾਂਤ ਪਰਿਪੇਖ** ਦੇ ੳ ਭਾਗ ਵਿਚ (੧) ਭਗਤੀ ਕਾਵਿ:ਉਦਭਵ (੨) ਭਾਰਤ ਦੀ ਸੰਤ ਪਰੰਪਰਾ(੩) ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ (੪) ਭਗਤੀ ਕਾਵਿ ਦੇ ਮੂਲ ਉਦੇਸ਼ ਅਤੇ ਸਿਧਾਂਤ ਅਤੇ **ਅ ਭਾਗ ਵਿਚ ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ।**(੧) ਤੁਲਨਾਤਮਿਕ ਅਧਿਐਨ:ਉਦਭਵ ਤੇ ਵਿਕਾਸ (੨) ਤੁਲਨਾਤਮਿਕ ਅਧਿਐਨ: ਵਿਭਿੰਨ ਵਿਧੀਆਂ (੩) ਤੁਲਨਾਤਮਿਕ ਅਧਿਐਨ: ਮੂਲ ਉਦੇਸ਼ ਆਦਿ ਸਿਧਾਂਤਾਂ ਦਾ ਅਧਿਐਨ ਕੀਤਾ ਹੈ।

**ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਵਿਚ ਵਿਸ਼ੇ ਨਾਲ ਸੰਬੰਧਤ ਪਹਿਲੇ ਹੋਏ ਖੋਜ ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ ਹੈ।** ਇਸ ਅਧਿਆਇ ਵਿਚ ਅਸੀਂ ਉਪਾਧੀ ਸਾਪੇਖ ਅਧੀਨ ਦੋਹਾਂ ਭਗਤਾਂ ਦੇ ਤੁਲਨਾਤਮਕ ਸੰਦਰਭ ਵਿਚ ਹੋਏ ਪੀਐਚ.ਡੀ ਅਤੇ ਐਮ. ਫਿਲ. ਖੋਜ ਕਾਰਜਾਂ ਦਾ ਅਧਿਐਨ ਕੀਤਾ। ਇਸ ਉਪਰੰਤ ਉਪਾਧੀ ਨਿਰਪੇਖ ਖੋਜ-ਕਾਰਜ ਅਧੀਨ ਵਿਭਿੰਨ ਵਿਦਵਾਨਾਂ ਵੱਲੋਂ ਦੋਨਾਂ ਭਗਤਾਂ ਨਾਲ ਸੰਬੰਧਤ ਪੁਸਤਕ ਰੂਪ ਵਿਚ ਪ੍ਰਾਪਤ ਖੋਜ ਕਾਰਜ ਅਤੇ ਵਿਸ਼ੇਸ਼ ਅੰਕਾਂ, ਪਤ੍ਰਿਕਾਵਾਂ ਵਿਚ ਤੁਲਨਾਤਮਕ ਸੰਦਰਭ ਵਿਚ ਕੀਤੀ ਆਲੋਚਨਾ ਦਾ ਅਧਿਐਨ ਕੀਤਾ ਹੈ।

**ਖੋਜ ਪ੍ਰਬੰਧ ਦੇ ਤੀਜੇ ਅਧਿਆਇ ਵਿਚ ਭਗਤ ਰਵਿਦਾਸ ਜੀ ਦੀ ਬਾਣੀ: ਵਿਭਿੰਨ ਪਾਸਾਰ ਅਧੀਨ**(੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ (੨) ਆਰਥਿਕ ਪਰਿਪੇਖ (੩) ਸਭਿਆਚਾਰਕ ਪਰਿਪੇਖ(੪) ਰਾਜਨੀਤਕ ਪਰਿਪੇਖ ਦਾ ਅਧਿਐਨ ਵਿਚ ਧਾਰਮਿਕ ਪਰਿਸਥਿਤੀਆਂ, ਹਿੰਦੂ ਧਰਮ, ਇਸਲਾਮ ਧਰਮ, ਬੁੱਧ ਧਰਮ, ਜੈਨ ਧਰਮ, ਭਗਤੀ ਲਹਿਰ ਦੇ ਪ੍ਰਵਰਕਾਂ ਦੇ ਧਾਰਮਿਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ, ਪ੍ਰਭੂ ਦੇ ਨਿਰਗੁਣ ਸਰੂਪ ਦੀ ਮਹਿਮਾ ਅਤੇ ਮੂਰਤੀ ਪੂਜਾ ਖੰਡਣ, ਗੁਰੂ ਦਾ

ਪਸਾਰ, ਮੁਕਤੀ ਸਬੰਧੀ ਵਿਚਾਰ ਤੇ ਕਰਮਾ ਦੀ ਸ਼ੁੱਧਤਾ, ਨਾਸ਼ਮਾਨਤਾ, ਜਾਤ-ਪਾਤ ਦਾ ਖੰਡਨ, ਅਦਰਸ਼ ਸਮਾਜ, ਕਿਰਤ ਦਾ ਮਹੱਤਵ ਆਦਿ ਦਾ ਅਧਿਐਨ ਕੀਤਾ ਗਿਆ।

ਖੋਜ ਪ੍ਰਬੰਧ ਦੇ **ਚੌਥੇ ਅਧਿਆਇ ਵਿਚ ਭਗਤ ਕਬੀਰ ਜੀ ਦੀ ਬਾਣੀ: ਵਿਭਿੰਨ ਪਾਸਾਰ ਦੇ ਅਧੀਨ**(੧) ਧਾਰਮਿਕ ਤੇ ਦਾਰਸ਼ਨਿਕ ਪਰਿਪੇਖ (੨) ਆਰਥਿਕ ਪਰਿਪੇਖ (੩) ਸਭਿਆਚਾਰਕ ਪਰਿਪੇਖ (੪) ਰਾਜਨੀਤਕ ਪਰਿਪੇਖ ਦਾ ਅਧਿਐਨ ਆਦਿ ਵਿਚ ਧਾਰਮਿਕ ਆਚਰਣਹੀਨਤਾ, ਪੂਜਾ ਵਿਧੀਆਂ, ਪਾਖੰਡਾਂ, ਆਡੰਬਰਾਂ, ਪਰਮਾਤਮਾ (ਬ੍ਰਹਮ) ਮਾਇਆ ਦਾ ਸੰਕਲਪ, ਜੀਵਨ ਮੁਕਤੀ, ਕਰਮ ਕਾਂਡ; ਮੂਰਤੀ ਪੂਜਾ ਦਾ ਵਿਰੋਧ, ਆਦਿ ਸੰਬੰਧੀ ਪੱਖਾਂ 'ਤੇ ਚਰਚਾ ਕੀਤੀ ਹੈ।

ਖੋਜ ਪ੍ਰਬੰਧ ਦੇ **ਪੰਜਵੇਂ ਅਧਿਆਇ ਵਿਚ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ : ਤੁਲਨਾਤਮਿਕ ਅਧਿਐਨ** ਦੋਹਾਂ ਮਹਾਂਪੁਰਸ਼ਾਂ ਦਾ ਵਿਸ਼ਵ ਸ਼ਾਂਤੀ ਤੇ ਮਾਨਵ ਪ੍ਰਗਤੀ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਅਧਿਆਤਮਿਕ ਤੇ ਸਾਂਝੀ ਸੋਚ, ਇਕੋ ਤਰ੍ਹਾਂ ਦੇ ਆਧਾਰ, ਸਿਧਾਂਤ ਤੇ ਸੰਕਲਪ, ਧਾਰਨਾਵਾਂ, ਮਨੁੱਖੀ ਸਰੀਰ ਦੀ ਕਰਮਸ਼ੀਲਤਾ ਨਾਲ ਜੁੜੀਆਂ ਭਰਮਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ ਮਨੁੱਖੀ ਜਨਮ ਦੇ ਮਾਨਵਵਾਦੀ ਅਤੇ ਦਾਰਸ਼ਨਿਕ ਸਰੋਕਾਰਾਂ ਅਤੇ ਆਰਥਿਕ ਸਾਂਝਾਂ, ਦਾਰਸ਼ਨਿਕ ਸਾਂਝਾ, ਰਾਜਨੀਤਕ ਸਾਂਝਾ ਅਤੇ ਵੇਖਰੇਵੇਂ ਦਾ ਤੁਲਨਾਤਮਿਕ ਰੂਪ ਵਿਚ ਅਧਿਐਨ ਕੀਤਾ ਗਿਆ ਹੈ।

ਪ੍ਰਸਤੁਤ ਖੋਜ-ਕਾਰਜ ਦੇ ਅਖੀਰ ਉੱਪਰ ਸਮੁੱਚੇ ਖੋਜ-ਪ੍ਰਬੰਧ ਨੂੰ ਆਧਾਰ ਬਣਾ ਕੇ ਪ੍ਰਾਪਤ ਹੋਇਆ ਸਾਰ ਅਤੇ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਇਸ ਖੋਜ ਕਾਰਜ ਦੇ ਅਖ਼ੀਰ ਵਿਚ ਪੁਸਤਕ ਸੂਚੀ ਪੇਸ਼ ਕਰਦੇ ਹੋਏ ਉਹ ਸਾਰੀਆਂ ਪੁਸਤਕਾਂ ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਖੋਜ-ਕਾਰਜ ਦਾ ਹਿੱਸਾ ਬਣਦੀਆਂ ਹਨ, ਉਨ੍ਹਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

**ਕਿਰਪਾ, ਮਾਰਗ ਦਰਸ਼ਨ ਤੇ ਸਹਿਯੋਗ** ਕਿਸੇ ਕਾਰਜ ਦੇ ਮੁਕੰਮਲ ਹੋਣ ਵਿਚ ਅਹਿਮ ਤੱਤ ਹਨ। ਮੇਰੇ ਇਸ ਸ਼ੋਧ ਪ੍ਰਬੰਧ ਨੂੰ ਸੰਪੂਰਨ ਕਰਨ ਵਿਚ ਇਨ੍ਹਾਂ ਤਿੰਨਾਂ ਨੇ ਭਰਪੂਰ ਯੋਗਦਾਨ ਪਾ ਕੇ ਸਾਥ ਦਿਤਾ। ਇਸ ਲਈ ਮੇਰਾ ਇਨ੍ਹਾਂ ਦਾ ਧੰਨਵਾਦ ਕਰਨਾ ਇਖਲਾਕੀ ਫਰਜ਼ ਹੈ। ਸਭ ਤੋਂ ਪਹਿਲਾਂ ਆਪਣੇ ਇਸ ਖੋਜ ਕਾਰਜ ਲਈ ਪਾਰਬ੍ਰਹਮ ਪ੍ਰਮੇਸ਼ਰ ਦਾ ਧੰਨਵਾਦ ਕਰਦਾ ਹਾਂ, ਜਿਸ ਦੀ ਰਹਿਮਤ ਸਦਕਾ ਇਹ ਕਾਰਜ ਸੰਪੂਰਨ ਕਰ ਰਿਹਾ ਹਾਂ। ਕਿਸੇ ਵੀ ਕਿਸਮ ਦੇ ਰਸਮੀ ਧੰਨਵਾਦ ਨੂੰ ਅੰਕਿਤ ਕਰਕੇ ਗੁਰੂ ਰਿਣ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ, ਮੈਂ ਆਪਣੇ **ਨਿਗਰਾਨ ਅਤਿ ਸਤਿਕਾਰਤ ਡਾ. ਸਤਨਾਮ ਸਿੰਘ ਜੱਸਲ ਜੀ (ਡੀਨ, ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼)** ਦਾ ਤਹਿ ਦਿਲੋਂ ਧੰਨਵਾਦੀ ਹਾਂ ਅਤੇ ਸਦਾ

ਰਿਣੀ ਰਹਾਂਗਾ ਜਿਨ੍ਹਾਂ ਆਪਣੀ ਯੋਗ, ਸੁਚੱਜੀ ਅਗਵਾਈ ਅਤੇ ਮਾਰਗ ਦਰਸ਼ਨ ਹੇਠ ਮੇਰੇ ਸ਼ੋਧ-ਪ੍ਰਬੰਧ ਦੇ ਕਾਰਜ ਨੂੰ ਮੁਕੰਮਲ ਕਰਵਾਇਆ। ਉਨ੍ਹਾਂ ਦੇ ਸਹਿਯੋਗ, ਮੱਦਦ ਅਤੇ ਅਗਵਾਈ ਲਈ ਧੰਨਵਾਦ ਵਜੋਂ ਮੇਰੇ ਸ਼ਬਦ ਛੋਟੇ ਤੇ ਜ਼ੁਬਾਨ ਨਿਮਾਣੀ ਜਿਹੀ ਜਾਪਦੀ ਹੈ।

ਮੈਂ ਸਦਾ ਹੀ ਰਿਣੀ ਰਹਾਗਾਂ ਸਵਰਗੀ **ਡਾ. ਜਸਮੇਲ ਸਿੰਘ ਜੀ ਧਾਲੀਵਾਲ (ਚਾਂਸਲਰ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ)** ਦਾ ਜਿਨ੍ਹਾਂ ਨੇ ਮੈਨੂੰ ਮਾਪਿਆਂ ਵਾਂਗ ਪਿਆਰ ਦਿੱਤਾ, ਸਦਾ ਪ੍ਰੇਰਨਾ ਸਰੋਤ ਬਣੇ। ਭਾਵੇਂ ਉਹ ਅੱਜ ਸਰੀਰਕ ਤੌਰ ਤੇ ਵਿਛੜ ਗਏ ਪਰ ਮੈਂ ਉਨ੍ਹਾਂ ਪ੍ਰਤਿ ਸਦਾ ਹੀ ਨਤਮਸਤਕ ਰਹਾਗਾਂ। ਇਸੇ ਤਰ੍ਹਾਂ ਹੀ **ਸਰਦਾਰ ਗੁਰਲਾਭ ਸਿੰਘ ਸਿੱਧੂ (ਚੇਅਰਮੈਨ)** ਅਤੇ **ਸਰਦਾਰ ਸੁਖਰਾਜ ਸਿੰਘ ਸਿੱਧੂ (ਮੈਨਿਜਿੰਗ ਡਾਇਰੈਕਟਰ)** ਦੇ ਸਹਿਯੋਗ ਦੇ ਮੈਨੂੰ ਹਮੇਸ਼ਾ ਚੜਦੀ ਕਲਾ ਵਿਚ ਰੱਖਿਆ ਅਤੇ ਰੱਖ ਵੀ ਰਹੇ ਹਨ। ਮੈਂ ਇਨ੍ਹਾਂ ਦੋਹਾ ਅਧਿਕਾਰੀਆਂ ਦੇ ਪਿਆਰ ਤੇ ਦਿੱਤੇ ਸਤਿਕਾਰ ਦਾ ਸਦਾ ਰਿਣੀ ਰਹਾਂਗਾ।

ਮੈਂ ਅੱਜ ਵਿਦਿਅਕ ਖੇਤਰ ਵਿਚ ਜਿਸ ਥਾਂ ਤੇ ਹਾਂ ਇਸ ਦਾ ਕਾਰਨ **ਪ੍ਰੋਫ਼ੈਸਰ ਜਸਵੀਰ ਸਿੰਘ, ਗੁਰਮਤਿ ਕਾਲਜ ਪਟਿਆਲਾ** ਵੱਲੋਂ ਦਿੱਤਾ ਹੌਂਸਲਾ ਹੈ। ਬਹੁਤ ਹੀ ਸਤਿਕਾਰ ਦੇ ਪਾਤਰ ਪ੍ਰੋਫ਼ੈਸਰ ਸਾਹਿਬ ਨੇ ਮੇਰੀਆਂ ਨਿੱਜੀ ਮਜਬੂਰੀਆਂ ਦਾ ਸਹਿਜਤਾ ਨਾਲ ਸਮਾਧਾਨ ਕੀਤਾ ਜਿਸ ਨਾਲ ਮੇਰੀ ਹਰ ਔਖ-ਸੌਖ ਵਿਚ ਬਦਲਦੀ ਰਹੀ।

ਮੈਂ ਅਤੇ **ਡਾ. ਅਸ਼ਵਨੀ ਸੇਠੀ (ਨਿਰਦੇਸ਼ਿਕ ਯੋਜਨਾ ਵਿਕਾਸ)** ਪਿਛਲੇ ਦੋ ਦਹਾਕਿਆਂ ਤੋਂ, ਭਰਾਵਾ ਵਾਂਗ ਵਿਚਰਦਿਆਂ, ਇਕੋ ਸੰਸਥਾ ਵਿਚ ਕੰਮ ਕਰਦੇ ਰਹੇ ਹਾਂ। ਉਸ ਦੀ ਸਦਾ ਹੀ ਦਿੱਤੀ ਹੱਲਾ-ਸੇਰੀ ਨੇ ਮੈਨੂੰ ਪੂਰਾ ਹੌਸਲਾ ਦਿੱਤਾ, ਜਿਸ ਸਦਕਾ ਮੈਂ ਉਨ੍ਹਾਂ ਦਾ ਰਿਣੀ ਰਹਾਗਾਂ।

ਹਰ ਮਾਂ, ਹਰ ਸਮੇਂ ਆਪਣੀ ਔਲਾਦ ਨੂੰ ਵਧਣ, ਉਚਾਈਆਂ ਪ੍ਰਾਪਤ ਕਰਨ ਅਤੇ ਸਫ਼ਲਤਾ ਪ੍ਰਾਪਤ ਕਰਨ ਹਿੱਤ ਅਸੀਸਾਂ ਦਿੰਦੀ ਹੈ। ਪਰ ਮੈਂ ਆਪਣੀ ਮਾਂ **ਮਾਤਾ ਸ਼ਵਿੰਦਰ ਕੌਰ** ਦੀ ਹਰ ਅਸੀਸ ਤੇ ਪੂਰਾ ਉਤਰਨ ਦਾ ਯਤਨ ਕੀਤਾ। ਕਿੰਨ੍ਹਾ ਚੰਗਾ ਹੁੰਦਾ ਕਿ ਜੇ ਉਹ ਅੱਜ ਮੇਰੀ ਵੱਡੀ ਪ੍ਰਾਪਤੀ ਨੂੰ ਵੇਖਕੇ ਹੋਰ ਅਸੀਸ ਦਿੰਦੀ। ਮੈਂ ਹੁਣ ਵੀ ਮਹਿਸੂਸ ਕਰ ਰਿਹਾ ਹਾਂ ਕਿ ਭਾਵੇਂ ਉਹ ਦੁਨੀਆਂ ਤੋਂ ਵੱਖ ਹੋ ਗਈ ਪਰ ਮੇਰੇ ਤੋਂ ਵੱਖ ਨਹੀਂ। ਮੈਂ ਇਹ ਡਿਗਰੀ ਉਹਦੇ ਚਰਨਾਂ ਵਿਚ ਰੱਖ ਰਿਹਾ ਹਾਂ।

ਮੈਂ ਧੰਨਵਾਦੀ ਹਾਂ ਆਪਣੀ ਸੁਪਤਨੀ ਪਨੀਤਇੰਦਰ ਕੌਰ ਅਤੇ ਬੇਟਾ ਸਿਮਰਜੀਤ ਸਿੰਘ ਜਿਨ੍ਹਾਂ ਦੇ ਹੱਕ ਦਾ ਸਮਾਂ ਮੈਂ ਆਪਣੇ ਖੋਜ ਕਾਰਜ ਵਿੱਚ ਵਰਤਿਆ ਅਤੇ ਉਨ੍ਹਾਂ ਦੋਹਾਂ ਨੇ ਮੈਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਰੱਖ ਕੇ ਇਸ ਮੁਕਾਮ 'ਤੇ ਪਹੁੰਚਾਇਆ।

ਅਖ਼ੀਰ ਵਿਚ ਮੈਂ ਧੰਨਵਾਦੀ ਹਾਂ ਸ੍ਰ. ਸ਼ਮਸ਼ੇਰ ਸਿੰਘ ਦਾ ਜਿਨ੍ਹਾਂ ਨੇ ਮੇਰੀ ਹੱਥ ਲਿਖਤ ਨੂੰ ਸਮੇਂ ਸਿਰ ਟਾਈਪ ਕਰਕੇ ਮੈਨੂੰ ਪਹੁੰਚਦਾ ਕਰਦੇ ਰਹੇ।

# (ੳ) ਭਗਤੀ ਕਾਵਿ: ਸਿਧਾਂਤਕ ਪਰਿਪੇਖ

## (੧) ਭਗਤੀ ਕਾਵਿ: ਉਦਭਵ

### ਭਗਤੀ ਮੱਤ

ਭਗਤੀ ਕਾਵਿ ਦਾ ਭਾਰਤੀ ਸਮਾਜ ਨੂੰ ਇਕ ਵਿਸ਼ੇਸ਼ ਮਹੱਤਵ ਹੈ। ਇਸ ਕਾਵਿ ਦੇ ਪ੍ਰਭਾਵ ਨੇ ਮਨੁੱਖੀ ਧਰਮ ਨੂੰ ਕਈ ਵਲ ਵਲੇਂਵਿਆਂ ਵਿਚੋਂ ਕੱਢ ਕੇ ਸਾਧਾਰਨ ਮਨੁੱਖ ਦੇ ਸਮਝ ਅਤੇ ਅਮਲ ਗੋਚਰੇ ਬਣਾਇਆ। ਇਸ ਕਾਵਿ ਦੇ ਨਵੇਂ ਨਿਰੋਏ ਵਿਚਾਰਾਂ ਨੇ ਮਨੁੱਖ ਨੂੰ ਨਵੀਂ ਪ੍ਰੇਰਨਾ ਵੀ ਦਿੱਤੀ; ਹੌਂਸਲਾ ਵੀ ਦਿੱਤਾ ਅਤੇ ਨਵੀਂ ਚੇਤਨਾ ਦੀ ਜੋਤ ਵੀ ਜਗਾਈ। ਉਸ ਅੰਦਰ 'ਦੁਨੀ ਸੁਹਾਵਾ ਬਾਗ' ਲਈ ਕਦਰ ਅਤੇ ਰੀਝ ਵਧੀ। ਮਨੁੱਖ ਨੂੰ ਜੰਗਲਾਂ, ਕੰਦਰਾਂ ਅਤੇ ਹੋਰ ਸੁੰਨੀਆਂ ਥਾਵਾਂ ਤੋਂ ਪ੍ਰਭੂ ਨੂੰ ਲੱਭਣ ਦਾ ਫਲਸਫਾ  ਨਿਰਾਰਥਕ ਜਾਪਣ ਲਗਾ ਅਤੇ ਇਸ ਦੇ ਉਲਟ ਰਚਨਾ ਵਿਚ ਰਚਨਹਾਰੇ ਦਾ ਪ੍ਰਕਾਸ਼ ਵੇਖਣ ਦੀ ਭਾਵਨਾ ਨਾਲ ਉਸ ਅਹੰਬ੍ਰਹਮ ਅਸਮੀ ਅੰਦਰ ਮਨੁੱਖਤਾ ਲਈ ਆਦਰ ਵਧਿਆ। 'ਅਹੰਬ੍ਰਹਮਅਸਮੀ' ਦੇ ਵਿਚਾਰ ਅਭਿਮਾਨ ਦੀ ਅਸ਼ਾਂਤੀ ਨਾਲੋਂ ਪਰਮਾਤਮਾ ਅੱਗੇ ਸ੍ਵੈਸਮਰਪਨ ਅਤੇ ਨਿਮਰਤਾ ਸਹਿਤ ਜਨਸੇਵਾ ਦੇ ਭਾਵ ਨੇ ਸੁਖ ਅਨੰਦ ਦਿੱਤਾ। ਕਰਮ ਕਾਂਡ ਦੇ ਨੀਰਸ ਜੀਵਨ ਅਤੇ ਭਰਮ ਚੱਕਰ ਵਿਚੋਂ ਨਿਕਲ ਕੇ ਪ੍ਰੇਮ-ਮਾਰਗ ਦੁਆਰਾ ਪਰਮਰਸ ਦੀ ਪ੍ਰਾਪਤੀ ਹੋਣ ਲੱਗੀ। 'ਪਿਆਰ' ਦੇ ਸੁੰਦਰ ਮੰਦਰ (ਸਰੀਰ) ਨੂੰ ਤਪਾਣ, ਵਿਗਾੜਨ ਅਤੇ ਕਰੂਪ ਬਣਾਉਣ ਦੀ ਕ੍ਰਿਆ ਹਾਸੋਹੀਣੀ ਅਤੇ ਪ੍ਰਭੂ-ਇੱਛਾ ਦੇ ਵਿਰੁੱਧ ਦਿੱਖੀ। ਮਨੁੱਖੀ ਰੂਪ ਵਿਚ ਵੱਖ-ਵੱਖ ਅਵਤਾਰਾਂ ਦੀ ਪੂਜਾ ਕਰਨ ਨਾਲੋਂ, ਇਨ੍ਹਾਂ ਅਵਤਾਰਾਂ, ਸਮੂਹ ਖੰਡਾਂ, ਬ੍ਰਹਿਮੰਡਾਂ, ਜੀਵਾਂ ਅਤੇ ਅਜੀਵਾਂ ਦੇ ਕਰਤਾ ਨੂੰ ਹੀ ਆਪਣਾ ਇਸ਼ਟ ਮੰਨਣਾ ਸ਼ੁਰੂ ਕੀਤਾ। ਪ੍ਰਭੂ ਦੀ ਏਕਤਾ ਅਤੇ ਸਰਬ ਵਿਆਪਕਤਾ ਦੇ ਇਸ ਅਹਿਸਾਸ ਨੇ ਮਨੁੱਖੀ ਸਮਾਨਤਾ ਦੇ ਵਿਚਾਰ ਨੂੰ ਬਲ ਦਿੱਤਾ। ਨੀਵੀਂ ਕੁਲ ਵਿਚ ਪੈਦਾ ਹੋਈਆਂ, ਜਿਹੜੀਆਂ ਮਹਾਨ ਆਤਮਾਵਾਂ ਨੂੰ ਕੁਲੀਨ ਸ਼੍ਰੇਣੀਆਂ ਵਾਲੇ ਧਰਮ-ਅਸਥਾਨਾਂ ਦੇ ਵੀ ਨੇੜੇ ਨਹੀਂ ਸਨ ਢੁਕਣ ਦਿੰਦੇ, ਉਨ੍ਹਾਂ ਦੇ ਦੰਭ ਅਤੇ ਉਨ੍ਹਾਂ ਦੀ ਅਯੋਗਤਾ ਨੂੰ ਨਸ਼ਰ ਕਰਕੇ ਉਨ੍ਹਾਂ ਦੇ ਅਖੌਤੀ ਰੱਬੀ ਅਧਿਕਾਰ ਦੇ ਡਰ-ਪੰਜੇ ਥਲਿਉਂ ਕੱਢ ਕੇ ਮਨੁੱਖ ਨੂੰ ਸੁਤੰਤਰ ਦ੍ਰਿਸ਼ਟੀ ਦਿੱਤੀ। ਪ੍ਰੇਮਾ ਭਗਤੀ ਨੂੰ ਸਰਬੋਤਮ ਮਾਰਗ ਮੰਨਣ ਵਾਲੇ ਸਿੱਖ ਗੁਰੂ ਸਾਹਿਬਾਨ ਨੇ ਨੀਵੀਂ ਕੁਲ ਵਿਚ ਪੈਦਾ ਹੋਏ ਇਨ੍ਹਾਂ ਮਹਾਨ ਪੁਰਖਾਂ ਦੀ ਬਾਣੀ ਨੂੰ ਆਪਣੇ ਬਚਨਾਂ ਦੇ ਨਾਲ ਅੰਕਿਤ ਕਰਕੇ ਸਾਂਝੇ ਤੌਰ 'ਤੇ ਗੁਰੂ ਪਦਵੀ ਦੁਆਰਾ ਸਨਮਾਨਿਆ, ਜਿਸ ਅੱਗੇ ਹਰ ਜਾਤੀ ਵਾਲਿਆਂ ਦਾ ਸਿਰ ਝੁਕਿਆ। ਇਸ ਇਨਕਲਾਬੀ ਕਦਮ ਨਾਲ ਜਾਤੀ ਨਾਲੋਂ 'ਕਰਨੀ ਦੇ ਧਰਮ' ਨੂੰ ਪਰਧਾਨਤਾ ਅਤੇ ਪਰਵਾਨਗੀ ਮਿਲਣ ਲੱਗ ਪਈ।

ਭਗਤਾਂ ਨੇ ਧਰਮ ਨੂੰ ਅਮਲੀ ਰੂਪ ਦਿੱਤਾ ਅਤੇ ਇਸ ਨੂੰ ਲੋਕਾਂ ਦਾ ਧਰਮ ਬਣਾਇਆ। ਡਾ. ਮੈਨੀ ਅਨੁਸਾਰ ਸੰਤਾਂ ਦਾ ਧਰਮ ਦਲੀਲ ਦਾ ਧਰਮ ਹੀ ਨਹੀਂ ਸੀ, ਸਗੋਂ ਇਹ ਆਚਰਣ, ਸ਼ੀਲ ਅਤੇ ਚਰਿਤ੍ਰ ਦਾ ਧਰਮ ਸੀ। ਦਰਸ਼ਨ ਬੁੱਧੀਮਾਨ ਵਰਗ ਦੀ ਵਸਤੂ ਹੈ। ਸਮਾਜ ਵਿਚ ਉਨ੍ਹਾਂ ਦਾ ਆਦਰ ਹੋ ਸਕਦਾ ਹੈ, ਅਤੇ ਜਨ-ਸਾਧਾਰਣ ਦੀ ਸ਼ਰਧਾ ਸਦਾ ਚਰਿਤ੍ਰਵਾਨ ਪ੍ਰਤੀ ਹੀ ਹੁੰਦੀ ਹੈ। ਭਗਤਾਂ ਦਾ ਜੀਵਨ ਅਜਿਹਾ ਹੀ ਜੀਵਨ ਸੀ, ਜਿਸ ਨੇ ਲੋਕ-ਸਮਾਜ ਨੂੰ ਬਹੁਤ ਪ੍ਰਭਾਵਿਤ ਕੀਤਾ। ਇਨ੍ਹਾਂ ਭਗਤਾਂ ਨੇ ਕਥਨੀ ਅਤੇ ਕਰਨੀ ਵਿਚ

ਇਕਸੁਰਤਾ ਦੇ ਮਸਲੇ ਨਾਲ ਜੀਵਨ ਅਤੇ ਧਰਮ ਦੇ ਵਿਚਕਾਰ ਦੀ ਘਾਟ ਪੂਰੀ ਕਰ ਦਿੱਤੀ ਸੀ। ਇਸ ਤਰ੍ਹਾਂ ਧਰਮ ਖਾਸ ਵਿਅਕਤੀਆਂ ਦੀ ਪਿਤਾ ਪੁਰਖੀ ਸੰਪਤੀ ਨਾ ਰਹਿ ਕੇ ਜਨ ਸਾਧਾਰਣ ਦੀ ਵਸਤੂ ਬਣ ਗਿਆ ਸੀ।[1]

ਭਗਤ ਕਵੀਆਂ ਨੇ ਜਨ-ਸਾਧਾਰਣ ਦੀ ਬੋਲੀ ਵਿਚ ਪ੍ਰਚਾਰ ਕੀਤਾ, ਜਿਸ ਨਾਲ ਲੋਕ ਬੋਲੀ ਨੂੰ ਉਤਸ਼ਾਹ ਮਿਲਿਆ। ਜਨਤਿਕ ਭਾਸ਼ਾ ਸਾਹਿਤ-ਰਚਨਾ ਦਾ ਮਾਧਿਆਮ ਹੋਣ ਕਰਕੇ ਇਸ ਦੀ ਕਦਰ ਵਧੀ।

ਈਸ਼ਵਰ ਦੀ ਪ੍ਰਾਪਤੀ ਲਈ ਭਾਰਤੀ ਦਰਸ਼ਨ ਵਿਚ ਯੋਗ, ਕਰਮ, ਗਿਆਨ ਅਤੇ ਭਗਤੀ ਮਾਰਗ ਦੀ ਗੱਲ ਕੀਤੀ ਗਈ ਹੈ। ਇਹ ਚਾਰੋਂ ਮਾਰਗ ਇਸ ਤੱਥ ਨੂੰ ਸਾਹਮਣੇ ਰੱਖਕੇ ਚਲਦੇ ਹਨ ਕਿ ਜੀਵ-ਆਤਮਾ ਦੀ ਉਤਪਤੀ ਪਰਮਾਤਮਾ ਤੋਂ ਹੋਈ ਹੈ। ਇਸ ਕਾਰਨ ਭਾਵੇਂ ਆਤਮਾ ਵੀ ਉਸ ਵਾਂਗ ਪੂਰਨ, ਅਮਰ ਤੇ ਸਵੱਛ ਹੈ, ਪ੍ਰੰਤੂ ਸੰਸਾਰ ਦੇ ਮੋਹ-ਮਾਇਆ ਦੇ ਪ੍ਰਭਾਵ ਅਤੇ ਅਗਿਆਨਤਾ ਕਰਕੇ ਉਹ ਆਪਣੀ ਅਸਲੀਅਤ ਨੂੰ ਭੁੱਲ ਕੇ ਸੰਸਾਰਿਕਤਾ ਵਿਚ ਖਚਿਤ ਹੋ ਜਾਂਦੀ ਹੈ। ਫਲਸਰੂਪ ਆਤਮਾ ਦੀ ਸੰਪੂਰਨਤਾ, ਸ਼੍ਰੇਸ਼ਠਤਾ ਅਤੇ ਦਿੱਬਤਾ ਹਉਮੈਂ-ਹੰਕਾਰ ਦੀ ਮੈਲ ਹੇਠ ਦੱਬ ਕੇ ਰਹਿ ਜਾਂਦੀ ਹੈ ਅਤੇ ਪਰਮਾਤਮਾ ਦੀ ਅੰਸ਼ ਹੁੰਦਿਆਂ ਹੋਇਆ ਵੀ ਇਹ ਆਪਣਾ ਸੁਤੰਤਰ ਅਤੇ ਵਿਲੱਖਣ ਵਜੂਦ ਸਮਝਣ ਲੱਗ ਪੈਂਦੀ ਹੈ। ਆਤਮਾ ਨੂੰ ਅਸਲੀਅਤ ਦੀ ਸੋਝੀ ਕਰਵਾਉਣ ਅਤੇ ਆਤਮਾ ਪਰਮਾਤਮਾ ਦੀ ਅਭੇਦਤਾ ਨੂੰ ਦਰਸਾਉਣ ਹਿੱਤ ਵਿਅਕਤੀਗਤ ਸਮਰੱਥਾ, ਪਰੰਪਰਾਗਤ ਸੰਸਕਾਰਾਂ, ਮਨੁੱਖੀ ਯੋਗਤਾ ਅਤੇ ਮਾਨਸਿਕ ਅਵਸਥਾ ਦੇ ਆਧਾਰ ’ਤੇ ਜਿਗਿਆਸੂਆਂ ਨੇ ਇਨ੍ਹਾਂ ਮਾਰਗਾਂ ਭਾਵ ਸਾਧਨਾਂ ਪੱਧਤੀਆਂ ਦੀ ਚਰਚਾ ਕੀਤੀ ਹੈ।

ਭਗਵਤ ਗੀਤਾ ਵਿਚ ਇਨ੍ਹਾਂ ਸਾਧਨਾ-ਮਾਰਗਾਂ ਨੂੰ ਯੋਗ ਦੇ ਪਰਵਰਤਿਤ ਅਰਥਾਂ ਵਿਚ ਰਾਜਯੋਗ, ਕਰਮਯੋਗ, ਗਿਆਨ ਯੋਗ ਤੇ ਭਗਤੀ ਯੋਗ ਦੀ ਸੰਗਿਆ ਦਿੱਤੀ ਗਈ ਹੈ।[2]

ਹਿੰਦੀ ਦੇ ਪ੍ਰਸਿੱਧ ਸਾਹਿਤਕਾਰ ਹਜ਼ਾਰੀ ਪ੍ਰਸਾਦ ਦਿਵੇਦੀ ਮੰਨਦਾ ਹੈ ਕਿ “ਭਾਰਤੀ ਸਾਹਿਤ ਵਿਚ ਪਰਮਪਦ ਦੀ ਪ੍ਰਾਪਤੀ ਦੇ ਤਿੰਨ ਮਾਰਗ ਯੋਗ ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਹਨ। ਗਿਆਨ, ਯੋਗ, ਤਪ ਆਦਿ ਇਸ ਯੁੱਗ ਵਿਚ ਸਿੱਧ ਹੋਣ ਬਹੁਤ ਕਠਿਨ ਹਨ ਅਤੇ ਇਨ੍ਹਾਂ ਮਾਰਗਾਂ ਲਈ ਲੋੜੀਂਦੀ ਸਹਾਇਕ ਸਮੱਗਰੀ ਮਿਲਣੀ ਵੀ ਬਹੁਤ ਮੁਸ਼ਕਲ ਹੈ। ਇਸ ਲਈ ਭਗਤੀ ਨੂੰ ਕਲਯੁੱਗ ਵਿਚ ਪਰਮਾਤਮਾ ਦੀ ਪ੍ਰਾਪਤੀ ਦਾ ਸਭ ਤੋਂ ਸਰਲ ਸਾਧਨ ਮੰਨਿਆ ਗਿਆ ਹੈ। ਮੋਹ ਅਤੇ ਮਾਇਆ ਦੇ ਬੰਧਨਾਂ ਵਿਚ ਜਕੜਿਆ ਮਨੁੱਖ ਕਿਸੇ ਵੀ ਢੰਗ ਨਾਲ ਪ੍ਰਭੂ ਭਗਤੀ ਕਰ ਲਵੇ, ਉਸ ਦੀ ਮੁਕਤੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਮਨ ਅਤੇ ਆਤਮਾ ਤੇ ਜੰਮੀ ਹੰਕਾਰ ਦੀ ਮੈਲ ਦਾ ਨਾਸ਼ ਹੋ ਜਾਂਦਾ ਹੈ ਅਤੇ ਆਤਮਾ ਨਿਰਛਲ ਤੇ ਪਵਿੱਤਰ ਹੋ ਕੇ ਪ੍ਰਭੂ ਨਾਲ ਇਕਮਿੱਕ ਹੋ ਜਾਂਦੀ ਹੈ।

**ਭਗਤੀ ਸ਼ਬਦ ਦੀ ਉਤਪਤੀ ਤੇ ਪਰਿਭਾਸ਼ਾ**

ਪ੍ਰਸ਼ਨ ਇਹ ਉਠਦਾ ਹੈ ਕਿ ਭਗਤੀ ਹੈ ਕੀ? ਵੱਖ ਵਿਦਵਾਨਾਂ, ਭਗਤੀ ਆਚਾਰੀਆਂ, ਕੋਸ਼ਾਂ ਅਤੇ ਗ੍ਰੰਥਾਂ ਨੇ ‘ਭਗਤੀ’ ਸ਼ਬਦ ਨੂੰ ਆਪਣੇ ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ।ਜਿਵੇਂ:

"ਏਕਾ ਭਗਤਿ ਏਕੋ ਹੈ ਭਾਉ।।

ਬਿਨੁ ਭੈ ਭਗਤੀ ਆਵਉ ਜਾਉ।।"[3]

ਪ੍ਰਭੂ-ਪ੍ਰਾਪਤੀ ਲਈ 'ਭਗਤੀ' ਇਕ ਪ੍ਰਮਾਣਿਕ ਸਾਧਨ ਹੈ, ਜੋ ਭਾਰਤ ਦੇ ਰਿਸ਼ੀਆਂ ਮੁਨੀਆਂ ਤੋਂ ਸੀਨਾ-ਬਸੀਨਾ ਚਲਦਾ ਆ ਰਿਹਾ ਹੈ। ਵੇਦਾਂ ਅਤੇ ਉਪਨਿਸ਼ਦਾਂ ਵਿਚ ਭਗਤੀ ਪ੍ਰੇਰਨਾ ਦੇ ਮੰਤਰ ਮਿਲਦੇ ਹਨ। ਭਗਵਤ ਗੀਤਾ, ਭਗਵਤ ਪੁਰਾਣ, ਤੁਲਸੀ ਰਾਮਾਇਣ ਅਤੇ ਹੋਰ ਗ੍ਰੰਥਾਂ ਵਿਚ ਵੀ ਭਗਤੀ ਬਾਰੇ ਸ੍ਰੇਸ਼ਟ ਉਪਦੇਸ਼ ਹਨ। ਭਗਤੀ ਦਾ ਆਰੰਭ ਕਿਸ ਕਾਲ ਤੋਂ ਹੋਇਆ, ਇਸ ਬਾਰੇ ਪੂਰੇ ਅੰਕੜੇ ਦੇਣੇ ਸੰਭਵ ਨਹੀਂ। ਗੁਰਬਾਣੀ ਅਨੁਸਾਰ ਭਗਤੀ ਦਾ ਆਰੰਭ ਆਦਿ-ਕਾਲ ਭਾਵ ਜਦੋਂ ਤੋਂ ਪ੍ਰਕਿਰਤੀ ਹੋਂਦ ਵਿਚ ਆਈ ਹੈ, ਓਦੋਂ ਤੋਂ ਹੀ ਸਿੱਧ ਹੁੰਦਾ ਹੈ ਕਿਉਂਕਿ ਪਉਣ, ਪਾਣੀ ਤੇ ਅਗਨੀ ਸਾਰੇ ਤੱਤ ਹੀ ਕਰਤਾ ਪੁਰਖ ਦੇ ਹੁਕਮ ਵਿਚ ਚਲ ਕੇ ਮਾਨੋਂ ਉਸਦੀ ਭਗਤੀ ਕਰ ਰਹੇ ਹਨ।

"ਪਾਉਣ ਪਾਣੀ ਬੈਸੰਤਰੋ, ਹੁਕਮਿ ਕਰਹਿ ਭਗਤੀ।।"[4]

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿਚ ਭਗਤੀ, ਭਗਤਿ, ਭਗਤ, ਭਗਤੁ ਅਤੇ ਭਗਤੇ ਆਦਿ ਸ਼ਬਦ ਸਰੂਪਾਂ ਦਾ ਪ੍ਰਯੋਗ ਕੀਤਾ ਹੋਇਆ ਮਿਲਦਾ ਹੈ ਅਤੇ ਇਹ ਗੁਰਬਾਣੀ ਦੇ ਲਗ-ਮਾਤਰੀ ਨੇਮਾਂ ਅਨੁਸਾਰ ਆਪੋ-ਆਪਣੀ ਥਾਂ 'ਤੇ ਵੱਖੋ ਵੱਖਰੇ ਅਰਥ ਨਿਰੂਪਣ ਕਰਦੇ ਹਨ। ਭਗਤੀ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਭਜ' ਸ਼ਬਦ ਤੋਂ ਹੋਈ ਮੰਨੀ ਜਾਂਦੀ ਹੈ, ਜਿਸ ਦੇ ਅਰਥ ਹਨ: ਅਰਾਧਨਾ, ਉਪਾਸ਼ਨਾ, ਪੂਜਾ, ਸੇਵਾ ਆਦਿ। ਗੁਰਬਾਣੀ ਵਿਚੋਂ 'ਭਗਤੀ' ਦੀ ਪਰਿਭਾਸ਼ਾ ਦੇ ਇਉਂ ਦਰਸ਼ਨ ਹੁੰਦੇ ਹਨ:

"ਹਰਿ ਭਗਤਿ ਹਰਿ ਕਾ ਪਿਆਰੁ ਹੈ,

ਜੇ ਗੁਰਮੁਖਿ ਕਰੇ ਬੀਚਾਰੁ।।

ਪਾਖੰਡਿ ਭਗਤਿ ਨ ਹੋਵਈ,

ਦੁਬਿਧਾ ਬੋਲੁ ਖੁਆਰੁ।।"[5]

"ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ।।

ਇੰਦ੍ਰੀ ਵਸਿ ਸਚ ਸੰਜਮਿ ਜੁਗਤਾ।।

ਗੁਰ ਕੈ ਸਬਦਿ ਸਦਾ ਹਰਿ ਧਿਆਏ,

ਏਹਾ ਭਗਤਿ ਹਰਿ ਭਾਵਣਿਆ।।"[6]

"ਕਲਿ ਕੀਰਤਿ ਸਬਦੁ ਪਛਾਨੁ।।

ਏਹਾ ਭਗਤਿ, ਚੂਕੈ ਅਭਿਮਾਨੁ।।"[7]

ਗੁਰਮਤਿ ਅਨੁਸਾਰ ਭਗਤੀ ਕਿਸੇ ਪ੍ਰਕਾਰ ਦੇ ਕਰਮ ਕਾਂਡ, ਹਠ-ਜੋਗ, ਨਿਰਤਕਾਰੀ ਜਾਂ ਅਰਚਾ-ਪੂਜਾ ਦਾ ਨਾਮ ਨਹੀਂ ਹੈ। ਪ੍ਰਭੂ ਨਾਲ ਜੁੜਨ ਦੀ ਜੀਵਨ ਜਾਂਚ, ਜੋ ਗੁਰੂ ਦੇ ਗਿਆਨ ਰਸ ਨਾਲ ਗੁੱਧੀ ਹੋਈ ਹੋਵੇ, ਭਗਤੀ ਦੀ ਪ੍ਰਤੀਕ ਹੈ। ਗੁਰੂ ਗਿਆਨ ਤੋਂ ਵਿਹੂਣਾ ਭਗਤੀ ਦਾ ਗੀਤ, ਫੋਕੀ ਫਿਲਾਸਫੀ ਵਾਂਗੂ ਨੀਰਸ ਹੈ।

'ਭਗਤ' ਅਤੇ 'ਭਗਤੀ' ਸ਼ਬਦ ਵੇਦਾਂ ਦੇ ਸਮੇਂ ਤੋਂ ਹੀ ਪ੍ਰਚਲਤ ਹਨ। ਵੇਦਾਂ ਤੇ ਉਪਨਿਸ਼ਦਾਂ ਵਿਚ ਅਜਿਹੇ ਕਈ ਮੰਤਰ ਹਨ, ਜਿਨ੍ਹਾਂ ਤੋਂ ਭਗਤੀ ਸੰਬੰਧੀ ਪ੍ਰੇਰਨਾ ਮਿਲਦੀ ਹੈ। ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਭਕਤ' ਦਾ ਭਾਵ ਹੈ: ਸੇਵਕ। ਭਾਈ ਵੀਰ ਸਿੰਘ ਜੀ ਅਨੁਸਾਰ ਭਗਤ ਉਹ ਪ੍ਰੇਮੀ ਹੈ, ਜੋ ਪ੍ਰੀਤਮ ਪ੍ਰਾਇਣ ਹੋਵੇ ਅਤੇ ਜੋ ਆਪਣਾ ਸਭ ਕੁਛ ਪਰਮੇਸ਼ਰ ਨੂੰ ਅਰਪੇ। ਹਿੰਦੂ ਧਰਮਕੋਸ਼ ਅਨੁਸਾਰ ਭਗਤੀ ਮਾਰਗ ਦੇ ਸਿਧਾਂਤ ਮੁਤਾਬਕ ਭਗਤ ਉਸ ਨੂੰ ਕਹਿੰਦੇ ਹਨ, ਜਿਸ ਨੇ ਈਸ਼ਵਰ ਦੇ ਭਜਨ ਵਿਚ ਆਪਣਾ ਸੰਪੂਰਨ ਜੀਵਨ ਸਮਰਪਿਤ ਕਰ ਦਿੱਤਾ ਹੋਵੇ।

ਸਮਾਜ ਸ਼ਾਸਤਰ ਦੇ ਖੇਤਰ ਵਿਚ 'ਭਗਤ' ਜੋ ਕਿ 'ਭਕਤ' ਦਾ ਅਪਭ੍ਰੰਸ਼ ਭਾਸ਼ਾ ਦਾ ਰੂਪ ਹੈ, ਦੀ ਵਰਤੋਂ ਵੱਖਰੇ ਦ੍ਰਿਸ਼ਟੀਕੋਣ ਤੋਂ ਵੀ ਹੁੰਦੀ ਹੈ। ਅਨਪੜ੍ਹ ਲੋਕਾਂ ਵਿਚ ਧਾਰਮਿਕ ਵਿਅਕਤੀ ਲਈ ਇਸ ਸ਼ਬਦ ਦੀ ਵਰਤੋਂ ਹੁੰਦੀ ਹੈ। ਅਸਾਮ ਵਿਚ ਵੈਸ਼ਨਵ ਲੋਕਾਂ ਦੇ ਪੁਜਾਰੀ ਗੋਸਾਈਂ, ਭਗਤ ਕਹਾਉਂਦੇ ਹਨ। ਭਾਈ ਕਾਨ੍ਹ ਸਿੰਘ ਹੁਰਾਂ ਨੇ ਕਾਸ਼ੀਰਾਮ ਤੋਂ ਚੱਲੇ ਗੋਸਾਈਂ ਸਾਧਾਂ ਦੇ ਫਿਰਕੇ ਨੂੰ 'ਭਗਤ' ਕਿਹਾ ਹੈ। ਉੱਤਰ ਪ੍ਰਦੇਸ਼ ਵਿਚ ਰਾਹੂ ਦੀ ਪੂਜਾ ਕਰਨ ਵਾਲੀ ਨਿਮਨ ਸ਼੍ਰੇਣੀ ਦੁਸਾਧ ਦਾ ਪੁਰੋਹਿਤ ਵੀ 'ਭਗਤ' ਅਖਵਾਉਂਦਾ ਹੈ। ਪੁਰੋਹਿਤ ਦੇ ਭਾਵ ਵਿਚ 'ਭਗਤ' ਉਨ੍ਹਾਂ ਵਿਅਕਤੀਆਂ ਨੂੰ ਵੀ ਕਿਹਾ ਜਾਂਦਾ ਹੈ, ਜੋ ਜੰਗਲਵਾਸੀ ਲੋਕਾਂ ਦੀ ਬਿਹਤਰੀ ਲਈ ਉਗਰ-ਸੁਭਾਅ ਦੇ ਦੇਵਤਿਆਂ ਨੂੰ ਖੁਸ਼ ਤੇ ਸ਼ਾਂਤ ਕਰਨ ਲਈ ਪੂਜਾ ਆਦਿ ਦਾ ਕੰਮ ਕਰਦੇ ਹਨ।

ਸੰਸਕ੍ਰਿਤ ਦੇ ਵਿਆਕਰਣਕਾਰ ਅਤੇ ਸੰਸਕ੍ਰਿਤ ਆਚਾਰਿਆ ਪ੍ਰਾਣਿਨੀ ਦਾ ਮਤ ਸੰਸਕ੍ਰਿਤ ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜ ਸੇਵਾਯਾਮ' ਤੋਂ ਨਿਕਲਿਆ ਹੈ ਅਤੇ ਪ੍ਰਾਣਿਨੀ ਦੇ ਸੂਤਰ 'ਇਸਤ੍ਰੀਆ ਕਤਿਨ' ਨੰਬਰ (3/3/94) ਦੇ ਅਨੁਸਾਰ 'ਕਤਿਨ ਪ੍ਰਤਿਐ' ਜੋੜਨ ਨਾਲ ਇਹ ਪਦ ਬਣਿਆ। ਇਥੇ ਪ੍ਰਤਿਯੈ 'ਕਤਿਨ' ਦਾ ਅਰਥ 'ਪ੍ਰੇਮ' ਅਤੇ ਧਾਤੂ 'ਭਜ ਸੇਵਾਯਾਮ' ਦਾ ਅਰਥ ਸੇਵਾ ਕਰਨਾ ਹੈ। ਇੰਜ ਭਗਤੀ ਪਦ ਦਾ ਧਾਤੂ ਅਤੇ ਪ੍ਰਤਿਯੈ ਦੇ ਮੇਲ ਨਾਲ, ਜੋ ਅਰਥ ਉਜਾਗਰ ਹੋਇਆ ਹੈ, ਉਹ ਹੈ 'ਪ੍ਰੇਮ ਭਾਵ ਨਾਲ ਸੇਵਾ ਕਰਨਾ'।[8]

**ਹਿੰਦੀ ਕੋਸ਼ਾਵਲੀ ਅਨੁਸਾਰ ਭਗਤੀ:**

'ਭਗਤੀ' ਸ਼ਬਦ ਦੇ ਹਿੰਦੀ ਕੋਸ਼ਾਵਲੀ ਵਿਚ ਦਿੱਤੇ ਗਏ ਕੋਸ਼ਗਤ ਅਰਥ ਹਨ: ਵਿਭਾਵ, ਸੇਵਾ, ਸ਼ਰਧਾ, ਵਿਸ਼ਵਾਸ, ਭਗਵਾਨ ਦੀ ਪੂਜਾ ਵਿਚ ਪ੍ਰੇਮ, ਉਪਾਸਨਾ ਆਦਿ।

ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਨਗੇਂਦਰ ਦਾ ਮਤ ਹੈ: "ਸਨੇਹ ਪੂਰਬਕ ਕੀਤਾ ਪਰਮਾਤਮਾ ਦਾ ਧਿਆਨ ਹੀ ਭਗਤੀ ਹੈ।"[9]

**ਅੰਗਰੇਜ਼ੀ ਸਾਹਿਤ ਵਿਚ ਭਗਤੀ:**

ਐਨਸਾਇਕਲੋਪੀਡੀਆ ਆਫ਼ ਬ੍ਰਿਟਾਨਿਕਾ ਅਨੁਸਾਰ:

> "Bhakti Devotion" (From sankrit) Bhaj means to share, to love, In Hinduism a movement emphasizing the mutual intense, emotional attachment and love of

a devotee towards a personal God and of the god For thee. ਇਸ ਤਰ੍ਹਾਂ ਭਗਤੀ ਪਰਮਾਤਮਾ ਨਾਲ ਭਾਵਕ ਸਾਂਝ ਨੂੰ ਸੰਬਧਿਤ ਹੈ।

ਐਨਸਾਇਕਲੋਪੀਡੀਆ ਆਫ਼ ਅਨਕਾਰਟਾ ਅਨੁਸਾਰ:

"Bhakti in Hinduism is the practice of loving devotion to God as the means of salvation."

'Wikipedia Encyclopedia' ਅਨੁਸਾਰ:

"Bhakti is a word of Sanskrit origin meaning devotion within Hinduism. The word is used exclusively to denote devotion to particular deity or form of God."

ਇਸ ਤਰ੍ਹਾਂ ਭਗਤੀ ਪਰਮਾਤਮਾ ਵੱਲ ਸਮਰਪਣ ਦੀ ਭਾਵਨਾ ਨੂੰ ਦਰਸਾਉਂਦੀ ਹੈ।

It Further states

"Within Vaishanism, Bhakti is only used in conjuction within Vishnu or one of his associated incarnations, however is likewise used towards Shive by some traditions of Shaivism and Shakti by some traditions of Shaktism."

ਭਗਤੀ ਨੂੰ ਸ਼ਿਵ ਸ਼ਕਤੀ ਨਾਲ ਜੋੜਿਆ ਗਿਆ ਹੈ।

ਸ੍ਰੀ ਮਦ ਭਗਵਤ ਗੀਤਾ ਅਨੁਸਾਰ:

"ਉਸ ਬਿਰਤੀ ਨੂੰ ਭਗਤੀ ਕਿਹਾ ਗਿਆ ਹੈ, ਜਿਸ ਦੁਆਰਾ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀ ਇੰਦਰੀਆਂ ਦੀ ਸੁਭਾਵਿਕ ਬਿਰਤੀ ਨਿਸ਼ਕਾਮ ਰੂਪ ਨਾਲ ਪ੍ਰਭੂ ਵੱਲ ਲਗ ਜਾਵੇ।"[10]

ਸ਼ਾਂਡਿਲਯ ਦੇ ਭਗਤੀ ਸੂਤਰ ਅਨੁਸਾਰ:

'सापरानुरकित ईशवर'

ਅਰਥਾਤ ਈਸ਼ਵਰ ਵਿਚ ਪਰਮ ਅਨੁਰਾਗ ਹੀ ਭਗਤੀ ਹੈ।

ਦੇਵਰਿਸ਼ੀ ਨਾਰਦ ਅਨੁਸਾਰ:

'सा भवसमन परमप्रेमरुपा, अम्रता सपरुपा च'

ਅਰਥਾਤ 'ਉਸ ਪਰਮੇਸ਼ਵਰ ਵਿਚ ਅਤਿਸ਼ਯ ਪ੍ਰੇਮਰੂਪਤਾ ਹੀ ਭਗਤੀ ਹੈ ਅਤੇ ਉਹ ਅੰਮ੍ਰਿਤ ਰੂਪ ਹੈ।

ਮਧਵਾਚਾਰੀਆ ਅਨੁਸਾਰ "ਉਚਤਮ ਗਿਆਨ ਪੂਰਬਕ ਸੁੰਦ੍ਰਿੜ ਅਤੇ ਲਗਾਤਾਰ ਪ੍ਰੇਮ ਹੀ ਭਗਤੀ ਹੈ।"[11]

**ਸ੍ਰੀ ਰਸਾਮ੍ਰਿਤ ਸਿੰਧੂ** ਦੇ ਰਚਨਹਾਰ ਰੂਪ ਗੋਸਵਾਮੀ ਦੇ ਕਥਨ ਅਨੁਸਾਰ:

"ਗਿਆਨ ਅਤੇ ਕਰਮ ਦੇ ਪ੍ਰਭਾਵ ਤੋਂ ਰਹਿਤ ਹੋ ਕੇ ਕਿਸੇ ਤਰ੍ਹਾਂ ਦੇ ਫਲ ਦੀ ਇੱਛਾ ਕੀਤੇ ਬਿਨਾਂ ਨਿਰੰਤਰ ਭਗਵਾਨ ਕ੍ਰਿਸ਼ਨ ਦਾ ਪ੍ਰੇਮਪੂਰਬਕ ਧਿਆਨ ਕਰਨਾ ਹੀ ਭਗਤੀ ਹੈ।"[12]

**ਵਲਭਾਚਾਰੀਆਂ ਦਾ ਕਥਨ ਅਨੁਸਾਰ:**

> "ਭਗਵਾਨ ਦੇ ਪ੍ਰਤੀ ਗਿਆਨ ਪੂਰਬਕ ਅਤੇ ਲਗਾਤਾਰ ਪ੍ਰੇਮ ਨੂੰ ਭਗਤੀ ਕਹਿੰਦੇ ਹਨ। ਮੁਕਤੀ ਦਾ ਇਸ ਤੋਂ ਸੌਖਾ ਤੇ ਸਰਲ ਸਾਧਨ ਕੋਈ ਨਹੀਂ।"[13]

ਜਦੋਂ ਕਿ ਰਾਮਾਨੰਦ ਇਸ ਨੂੰ ਵਿਵੇਕ ਨਾਲ ਜੋੜਦਿਆਂ ਕਹਿੰਦੇ ਹਨ "ਵਿਵੇਕ ਆਦਿ ਤੋਂ ਜਿਸ ਦੀ ਉਤਪਤੀ ਹੁੰਦੀ ਹੈ, ਯਮ ਆਦਿ ਜਿਸ ਦੇ ਅੱਠ ਅੰਗ ਹਨ, ਤੇਲ ਦੀ ਧਾਰ ਸਮਾਨ ਨਿਰੰਤਰ ਕੀਤੇ ਗਏ ਸਿਮਰਨ ਤੋਂ ਪ੍ਰਾਪਤ ਭਗਵਾਨ ਪ੍ਰਤੀ ਜੋ ਸਨੇਹ ਹੈ, ਉਹੀ ਪਰਾ ਭਗਤੀ ਹੈ।"[14]

**ਰਾਮਾਨੁਜ ਅਨੁਸਾਰ** : "ਪ੍ਰੇਮ ਸਹਿਤ ਪ੍ਰਭੂ ਵਿਚ ਧਿਆਨ ਲਗਾਉਣਾ ਭਗਤੀ ਹੈ ਅਤੇ ਭਗਤੀ ਪ੍ਰੇਮਿਕਾ ਦੀ ਇਕ ਲਗਾਤਾਰ ਅਤੇ ਨਿਰੰਤਰ ਪ੍ਰਿਅ ਸਮਾਧੀ ਹੈ। ਪ੍ਰੇਮ ਵਿਚਾਰ ਦੀ ਧਾਰ ਤੇਲ ਦੀ ਧਾਰ ਵਾਂਗ ਹੀ ਅਟੁੱਟ ਹੈ।"[15]

ਭਗਤੀ ਦੇ ਆਚਾਰੀਆਂ ਵੱਲੋਂ ਦਿੱਤੀਆਂ ਗਈਆਂ ਇਨ੍ਹਾਂ ਪਰਿਭਾਸ਼ਾਵਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਗਤੀ ਦਾ ਮੂਲ ਆਧਾਰ ਪ੍ਰੇਮ ਹੈ, ਜਿਸ ਤਰ੍ਹਾਂ ਰੁੱਖ ਦੀ ਪੂਰਣਤਾ ਅਤੇ ਗੌਰਵ ਉਸ ਉਤੇ ਫਲ ਲਗਣ ਵਿਚ ਹੈ, ਉਸੇ ਤਰ੍ਹਾਂ ਭਗਤੀ ਪੂਰਣਤਾ ਅਤੇ ਗੌਰਵ ਭਗਵਾਨ ਵਿਚ ਪਰਮ ਪ੍ਰੇਮ ਹੋਣ ਵਿਚ ਹੈ। ਇਸ ਲਈ 'ਪਰਮਾਤਮਾ ਵਿਚ ਅਨੰਤ ਪ੍ਰੇਮ ਹੀ ਭਗਤੀ ਹੈ।

**ਭਗਤੀ ਮੱਤ ਦਾ ਵਿਕਾਸ**

ਭਗਤੀ ਦਾ ਮੂਲ ਜਾਂ ਬੀਜ ਵੇਦਾਂ ਵਿਚ ਵੇਖਿਆ ਜਾ ਸਕਦਾ ਹੈ। ਕਈ ਅਜਿਹੇ ਸਾਧਨ, ਜਿਨ੍ਹਾਂ 'ਤੇ ਭਗਤੀ ਬਲ ਦਿੰਦੀ ਹੈ। ਵੇਦਾਂ ਵਿਚ ਉਪਲਬਧ ਹਨ: ਸਿਮਰਨ, ਕੀਰਤਨ, ਪ੍ਰਾਰਥਨਾ, ਉਸਤਤ, ਸਤਿਸੰਗ ਅਤੇ ਸ਼ਰਧਾ ਆਦਿ। 'ਰਿਗਵੇਦ ਪ੍ਰਾਰਥਨਾ ਅਤੇ ਉਪਾਸ਼ਨਾ ਯੋਗ ਰਿਚਾਵਾਂ (ਵੇਦਾਂ ਮੰਤ੍ਰਾਂ) ਦਾ ਸੰਗ੍ਰਹ ਹੈ।"[16]
'ਉਪਨਿਸ਼ਦਾਂ ਦਾ ਪ੍ਰਧਾਨ ਮਾਰਗ ਭਾਵੇਂ ਗਿਆਨ ਕਾਂਡ ਹੈ। ਇਨ੍ਹਾਂ ਵਿਚ ਵੀ ਸ਼ਰਧਾ, ਸੇਵਾ, ਆਤਮ-ਸਮਰਪਣ, ਅਰਦਾਸ, ਮੰਗਲਾਚਰਨ ਆਦਿ ਭਗਤੀ ਦੇ ਅੰਗ ਵੀ ਮਿਲਦੇ ਹਨ। ਇਨ੍ਹਾਂ ਉਪਨਿਸ਼ਦਾਂ ਵਿਚ ਬ੍ਰਹਮ ਦੀ ਭਗਤੀ ਲਈ ਗੁਰੂ ਦੀ ਭਗਤੀ ਵੀ ਦੱਸੀ ਗਈ ਹੈ। ਪ੍ਰਸਾਦਿ ਜਾਂ ਕ੍ਰਿਪਾ ਜਿਸ ਦਾ ਕਿ ਭਗਤ ਪਾਤਰ ਬਣਨਾ ਚਾਹੁੰਦਾ ਹੈ, ਦਾ ਮਹੱਤਵ ਵੀ ਉਪਨਿਸ਼ਦਾਂ ਵਿਚ ਇਹ ਦੱਸਿਆ ਗਿਆ ਹੈ:

> "ਨਾਰਦ ਸੂਤ੍ਰ ਵਿਚ ਭਗਤੀ ਨੂੰ ਕਰਮ, ਗਿਆਨ ਅਤੇ ਯੋਗ ਨਾਲੋਂ ਸ਼੍ਰੇਸ਼ਟਤਾ ਦਿੱਤੀ ਹੈ। ਭਗਤੀ ਦਾ ਮਹੱਤਵ ਵੀ ਦੱਸਿਆ ਗਿਆ ਹੈ। ਪ੍ਰੇਮ ਅਤੇ ਅਨਿੰਨ ਭਗਤੀ ਇਸ ਦੇ ਵਿਸ਼ੇਸ਼ ਅੰਗ ਦਰਸਾਏ ਗਏ ਹਨ।"[17]

ਗੀਤਾ ਵਿਚ ਗਿਆਨ, ਕਰਮਯੋਗ ਤੋਂ ਬਿਨਾਂ ਭਗਤੀ ਦਾ ਵੀ ਬਹੁਤ ਮਹੱਤਵ ਦੱਸਿਆ ਗਿਆ ਹੈ। ਕਈ ਵਿਦਵਾਨਾਂ ਨੇ ਗੀਤਾ ਨੂੰ ਭਗਤੀ ਦੀ ਪਹਿਲੀ ਕਿਰਤ ਮੰਨਿਆ ਹੈ। ਮਾਧਵ, ਨਿਬਾਂਰਕ ਅਤੇ ਵਲਭਚਾਰੀਆਂ ਅਨੁਸਾਰ ਗੀਤਾ ਦਾ ਪ੍ਰਧਾਨ ਮੱਤਿ ਭਗਤੀ ਹੀ ਹੈ। ਕ੍ਰਿਸ਼ਨ ਜੀ ਕਹਿੰਦੇ ਹਨ ਕਿ ਭਗਤ ਮੇਰੇ

ਸਭ ਤੋਂ ਨੇੜੇ ਹਨ (9.29-32) ਭਗਤੀ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਗਿਆਨ ਨਾਲ ਮੁਕਤੀ ਮਿਲਦੀ ਹੈ। ਗੀਤਾ ਵਿਚ ਭਗਤੀ ਦੀ ਵਿਆਖਿਆ ਵੀ ਮਿਲਦੀ ਹੈ।

ਭਗਤੀ ਕਾਲ ਦੀ ਪ੍ਰਮੁੱਖ ਸੰਪ੍ਰਦਾ ਭਾਗਵਤ ਧਰਮ ਮੰਨੀ ਗਈ, ਜਿਸ ਦਾ ਉਦੈ ਈਸਾ ਤੋਂ ਲਗਭਗ 1400 ਵਰ੍ਹੇ ਪਹਿਲਾਂ ਅਨੁਮਾਨਿਆ ਜਾਂਦਾ ਹੈ। ਭਾਗਵਤ ਧਾਰਨਾ ਆਪਣੀ ਪ੍ਰਥਮ ਅਵਸਥਾ ਵਿਚ ਇਕ ਈਸ਼ਵਰੀ ਭਗਤੀ ਦਾ ਪ੍ਰਤਿਵਾਦਕ ਸੀ, ਕਿਉਂਕਿ ਉਸ ਤੋਂ ਪਹਿਲਾਂ ਸਾਂਖ ਅਤੇ ਯੋਗ ਮੱਤ ਪ੍ਰਚਲਤ ਸਨ, ਜਿਸ ਦਾ ਪ੍ਰਭਾਵ ਉਸ ਤੇ ਸੁਭਾਵਕ ਪਿਆ। ਦੂਜੀ ਅਵਸਥਾ ਵਿਚ ਬ੍ਰਾਹਮਣ ਧਰਮ ਦੇ ਅਸਰ ਨਾਲ ਇਸ ਬਹੁਦੇਵ ਉਪਾਸਨਾ ਦਾ ਸਮਾਵੇਸ਼ ਹੋ ਗਿਆ।[18]

ਪੁਰਾਣਾਂ ਵਿਚ ਵੀ ਭਗਤੀ ਨੂੰ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ, ਜਿਸ ਵਿਚ ਲਿੰਗ ਜਾਂ ਜਾਤੀ ਭੇਦ ਨਹੀਂ। 'ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ' ਦਾ ਵਿਚਾਰ ਇਨ੍ਹਾਂ ਪੁਰਾਣਾਂ ਵਿਚ ਵੀ ਮਿਲਦਾ ਹੈ। ਭਗਤੀ ਕਰਕੇ ਇਕ ਚੰਡਾਲ ਬ੍ਰਾਹਮਣ ਤੋਂ ਉਚੇਰਾ ਮਰਤਬਾ ਪ੍ਰਾਪਤ ਕਰ ਲੈਂਦਾ ਹੈ ਅਤੇ ਭਗਤੀ ਤੋਂ ਸਖਣਾ ਬ੍ਰਾਹਮਣ ਇਕ ਚੰਡਾਲ ਤੋਂ ਵੀ ਨੀਵਾਂ ਹੈ। ਵੇਦਾਂ ਤੋਂ ਇਹ ਵਿਲੱਖਣ ਜਾਂ ਵਿਰੋਧੀ ਵਿਚਾਰ ਸੀ। ਵੇਦਾਂ ਵਿਚ ਪਵਿੱਤਰ ਧਾਰਮਿਕ ਕਰਮਾਂ, ਯੱਗ ਆਦਿ ਵਿਚ ਸ਼ਾਮਲ ਹੋਣ ਦਾ ਅਧਿਕਾਰ ਇਸਤਰੀ ਅਤੇ ਸ਼ੂਦਰ ਨੂੰ ਨਹੀਂ ਸੀ। ਇਨ੍ਹਾਂ ਪੁਰਾਣਾਂ ਵਿਚ ਪ੍ਰਤੀਕ ਜਾਂ ਦੇਹਧਾਰੀ ਇਸ਼ਟ ਦੀ ਪੂਜਾ ਜ਼ਰੂਰੀ ਸਮਝੀ ਜਾਂਦੀ ਸੀ। ਅਨਿੰਨ (ਜਾਂ ਇਕ ਦੀ) ਭਗਤੀ ਤੇ ਬਲ ਦਿੱਤਾ ਗਿਆ ਹੈ, ਜੋ ਕ੍ਰਿਸ਼ਨ ਜੀ ਜਾਂ ਵਿਸ਼ਨੂੰ ਰੂਪ ਵਿਚ ਸੀ। ਨਵਧਾ ਭਗਤੀ ਦਾ ਸੰਕਲਪ ਵੀ ਇਨ੍ਹਾਂ ਪੁਰਾਣਾ ਵਿਚ ਹੀ ਮਿਲਦਾ ਹੈ। ਅਠਾਰਾਂ ਪੁਰਾਣਾਂ ਨੂੰ ਭਗਤੀ ਦੇ ਸਮੁੰਦਰ ਕਿਹਾ ਗਿਆ ਹੈ।[19]

ਸ੍ਰੀ ਗਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿਚ ਤਿੰਨ ਰੂਹਾਨੀ ਤਜ਼ਰਬੇ ਹੋ ਚੁੱਕੇ ਹਨ:

1. ਪਹਿਲਾ ਤਜ਼ਰਬਾ ਪੁਰਾਣੇ ਬ੍ਰਾਹਮਣ ਧਰਮ ਦਾ ਸੀ, ਜਿਸ ਵਿਚ ਕਰਮ ਕਾਂਡ, ਯੋਗ, ਹੋਮ ਤੇ ਜਾਤ ਪਾਤ ਦੀ ਪ੍ਰਧਾਨਤਾ ਸੀ।
2. ਦੂਜਾ ਤਜ਼ਰਬਾ ਗਿਆਨ ਪ੍ਰਾਪਤੀ ਦਾ ਸੀ। ਇਸ ਸਮੇਂ ਉਪਨਿਸ਼ਦਾਂ, ਸ਼ਾਸਤਰਾਂ ਅਤੇ ਗੀਤਾ ਦੀ ਰਚਨਾ ਹੋਈ। ਜੈਨ ਤੇ ਬੁੱਧ ਧਰਮ ਦਾ ਪ੍ਰਕਾਸ਼ ਹੋਇਆ।
3. ਤੀਜਾ ਤਜਰਬਾ ਜੋਗ ਤੇ ਭਗਤੀ ਮਾਰਗ ਦਾ ਸੀ। ਜੋਗ ਬੁੱਧ ਧਰਮ ਦੇ ਸੂਖਮ ਭਾਵਾਂ ਦਾ ਸਿੱਟਾ ਸੀ ਅਤੇ ਭਗਤੀ ਮਾਰਗ- ਬੁੱਧ ਤੇ ਜੈਨ-ਮਤ ਦੇ ਕਮਜ਼ੋਰ ਅਤੇ ਪੱਛਮੀ ਹਮਲਾਵਰ ਕੌਮਾਂ ਦੇ ਹੱਲਿਆ ਕਾਰਣ ਨਿਤਾਣੀ ਹੋ ਚੁਕੀ ਜਨਤਾ ਦੀ ਪੁਕਾਰ ਦਾ ਨਤੀਜਾ ਸੀ।

ਭਾਵੇਂ ਭਗਤੀ ਲਹਿਰ ਦੀ ਸ਼ੁਰੂਆਤ ਤਾਂ ਦੱਖਣ-ਭਾਰਤ ਤੋਂ ਹੋਈ, ਪਰ ਬੰਗਾਲ ਵਿਚ ਇਹ ਸ੍ਰੀ ਜੈਦੇਵ, ਵਿਦਿਆਪਤੀ ਤੇ ਚੇਤਨ, ਮਹਾਰਾਸ਼ਟਰ ਵਿਚ ਭਗਤ ਨਾਮਦੇਵ, ਭਗਤ ਤ੍ਰਿਲੋਚਨ ਤੇ ਮੁਕਤਾਬਾਈ, ਰਾਜਪੂਤਾਨੇ ਵਿਚ ਮੀਰਾਂਬਾਈ ਅਤੇ ਯੂ.ਪੀ. ਵਿਚ ਭਗਤ ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ ਆਦਿ ਭਗਤਾਂ ਦੁਆਰਾ ਪਲਰੀ ਤੇ ਵਧੀ ਫੁੱਲੀ। ਇਸ ਦਾ ਇਕ ਸ਼ਕਤੀਸ਼ਾਲੀ ਤੇ ਸਥਾਈ ਲਹਿਰ ਵਿਚ ਪ੍ਰਗਟ

ਹੋਣਾ ਅਜੇ ਬਾਕੀ ਸੀ। ਇਹ ਮਹਾਨ ਕਾਰਜ ਨਿਰੰਕਾਰੀ ਜੋਤ ਗੁਰੂ ਨਾਨਕ ਅਤੇ ਉਨ੍ਹਾਂ ਦੇ ਸੁਯੋਗ ਉੱਤਰਾਧਿਕਾਰੀ ਗੁਰੂ ਸਾਹਿਬਾਨ ਦੇ ਹਿੱਸੇ ਆਇਆ। ਸੰਸਾਰ ਦਾ ਧਾਰਮਿਕ ਇਤਿਹਾਸ ਸ਼ਾਹਦੀ ਭਰਦਾ ਹੈ ਕਿ ਗੁਰੂ ਕਾਲ ਵਿਚ ਇਸ ਨੇ, ਕਿਵੇਂ ਸਿਖਰਾਂ ਛੋਹੀਆਂ ਅਤੇ ਜਨ-ਸਾਧਾਰਨ ਦੇ ਜੀਵਨ ਵਿਚ ਕਿੰਨਾ ਦ੍ਰਿੜ੍ਹਤਾ-ਭਰਪੂਰ, ਸਾਰਥਕ ਤੇ ਚਮਤਕਾਰੀ ਪਰਿਵਰਤਨ ਲਿਆਂਦਾ।

'ਭਗਤ' ਪਦ, ਸੰਸਕ੍ਰਿਤ ਤੇ 'ਭਜ' ਪਦ ਦੇ ਹਰੇਕ ਅੱਖਰ ਦੇ ਵੱਖ ਵੱਖ ਤੌਰ ਉਤੇ ਬੜੇ ਪਿਆਰੇ ਤੇ ਭਾਵ-ਪੂਰਤ ਅਰਥ ਕਰਦੇ ਹਨ: "ਭ" ਦਾ ਅੱਖਰ " ਦਾ ਅੱਖਰ "ਭਾਵ" ਅਥਵਾ ਪ੍ਰੇਮ ਦਾ; "ਗ" ਦਾ "ਗਿਆਨ" ਦਾ, ਤੇ "ਤ" ਦਾ "ਤਿਆਗ" ਦਾ ਬੋਧਕ ਹੈ। ਇਸ ਤਰ੍ਹਾਂ "ਭਗਤ" ਇਕ ਤਰ੍ਹਾਂ ਨਾਲ ਭਾਵ, ਗਿਆਨ ਤੇ ਤਿਆਗ ਦੇ ਅਮੁਲ ਗੁਣਾਂ ਦਾ ਪੁਤਲਾ ਹੈ, ਮੁਜੱਸਮਾ ਹੈ। ਜਿਸ ਵਿਅਕਤੀ ਵਿਚ ਭਗਤੀ ਭਾਵ, ਗਿਆਨ ਤੇ ਤਿਆਗ ਦੇ ਸੁਮੇਲ ਦਾ ਵਾਸ ਹੈ, ਉਹ ਭਗਤ ਹੈ ਅਤੇ ਜੋ ਸਹੀ ਅਰਥਾਂ ਵਿਚ ਭਗਤ ਹੈ, ਉਹੀ ਸੰਤ ਹੈ, ਸਾਧ ਹੈ, ਪਰਮ ਸੇਵਕ ਹੈ, ਗੁਰੂ ਹੈ; ਬ੍ਰਹਮ ਗਿਆਨ ਹੈ ਅਤੇ ਰੱਬ-ਰੂਪ ਹੈ। ਉਪਰੋਕਤ ਬਿਆਨੇ ਅਰਥ-ਭਾਵਾਂ ਦੀ ਪੁਸ਼ਟੀ ਵਿਚ ਗੁਰਬਾਣੀ ਦੇ ਇਹ ਪ੍ਰਮਾਣ ਬੜੇ ਸਾਰਥਕ ਹਨ:

"ਭਗਤ ਅਰਾਧਹਿ ਏਕ ਰੰਗਿ, ਗੋਬਿੰਦ ਗੁਪਾਲ।।"[20]

"ਸੋਈ ਭਗਤੁ, ਦੁਖੁ ਸੁਖੁ ਸਮਤੁ ਕਰਿ ਜਾਣੈ,
ਹਰਿ ਹਰਿ ਨਾਮਿ ਹਰਿ ਰਾਤਾ।।"[21]

"ਸੋ ਭਗਤੁ, ਜੋ ਗੁਰਮੁਖਿ ਹੋਵੈ, ਹਉਮੈ ਸਬਦਿ ਜਲਾਇਆ ਰਾਮ।।
ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸਦੀ ਸਾਚੀ ਬਾਣੀ।।
ਸਾਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ।।
ਭਗਤਾ ਕੀ ਚਾਲ ਸਚੀ, ਅਤਿ ਨਿਰਮਲ, ਨਾਮੁ ਸਚਾ ਮਨਿ ਭਾਇਆ।।
ਨਾਨਕ, ਭਗਤ ਸੋਹਹਿ ਦਰਿ ਸਾਚੈ, ਜਿਨੀ ਸਚੋ ਸਚੁ ਕਮਾਇਆ।।
ਹਰਿ ਭਗਤਾਂ ਕੀ ਜਾਤਿ ਪਤਿ ਹੈ, ਭਗਤ ਹਰਿ ਕੈ ਨਾਮਿ ਸਮਾਣੈ ਰਾਮ।।"[22]

"ਭਗਤਾ ਕੀ ਚਾਲਿ ਨਿਰਾਲੀ।।
ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ।।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ, ਬਹੁਤੁ ਨਾਹੀ ਬੋਲਣਾ।।
ਖੰਨਿਅਹੁ ਤਿੱਖੀ ਵਾਲਹੁ ਨਿਕੀ, ਏਤੁ ਮਾਰਗਿ ਜਾਣਾ।।
ਗੁਰ ਪਰਸਾਦੀ ਜਿਨੀ ਆਪੁ ਤਜਿਆ, ਹਰਿ ਵਾਸਨਾ ਸਮਾਣੀ।।
ਕਹੈ ਨਾਨਕੁ ਚਾਲ ਭਗਤਾ, ਜੁਗਹੁ-ਜੁਗੁ ਨਿਰਾਲੀ।।"[23]

"ਕਥਨੀ ਬਦਨੀ ਕਰਤਾ ਫਿਰੈ, ਹੁਕਮੁ ਨ ਬੂਝੈ ਸਚੁ।।

ਨਾਨਕ, ਹਰਿ ਕਾ ਭਾਣਾ ਮੰਨੇ, ਸੋ ਭਗਤੁ ਹੋਇ, ਵਿਣੁ ਮੰਨੇ ਕਚੁਨਿ ਕਚੁ॥"[24]

"ਪੰਡਤਿ, ਸੂਰ ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰੁ ਨ ਕੋਇ॥"[25]

ਗੁਰਬਾਣੀ ਵਿਚੋਂ ਵੰਨਗੀ ਮਾਤ੍ਰ ਦਿਤੇ ਗਏ ਉਪਰੋਕਤ ਪ੍ਰਮਾਣਾਂ ਤੋਂ ਜਿੱਥੇ ਭਗਤ ਦੇ ਦੈਵੀ ਗੁਣ, ਕਰਤੱਵ ਤੇ ਲੱਛਣ ਸੂਰਜ ਵਾਂਗ ਰੋਸ਼ਨ 'ਤੇ ਸ਼ਪਸ਼ਟ ਹੁੰਦੇ ਹਨ, ਉੱਥੇ ਨਾਲ ਹੀ ਇਸ ਗੱਲ਼ ਦਾ ਵੀ ਨਿਰਣਾ ਹੋ ਜਾਂਦਾ ਹੈ ਕਿ ਭਗਤੀ-ਭਾਵ ਦੇ ਧਾਰਨੀ ਹੋਣ ਲਈ ਕਿਨ੍ਹਾਂ-ਕਿਨ੍ਹਾਂ ਗੁਣਾਂ ਦਾ ਗ੍ਰਹਿਣ ਕਰਨਾ ਹੈ ਅਤੇ ਕਿਨ੍ਹਾਂ-ਕਿਨ੍ਹਾਂ ਔਗੁਣਾਂ ਦਾ ਤਿਆਗ ਕਰਨਾ ਹੈ। ਭਗਤ ਨੇ ਤਿੰਨ ਕਾਲ ਹਰੀ ਨਾਮ ਅਥਵਾ ਸਤਿ ਦੇ ਧਾਰਣੀ ਤਾਂ ਹੋਣਾ ਹੈ ਪਰ ਲਬ, ਲੋਭ, ਤ੍ਰਿਸ਼ਾ ਤੇ ਅਹੰਕਾਰ ਦਾ ਤਿਆਗ ਕਰਨਾ ਹੈ। ਭਗਤ ਦੁਖ-ਸੁਖ ਵਿਚ ਸਮਾਨ ਤੇ ਸਹਿਜ ਬਿਰਤੀ ਦਾ ਧਾਰਨੀ ਤੇ ਪ੍ਰਭੂ-ਭਾਣੇ ਵਿਚ ਰਾਜੀ ਬਰ-ਰਾਜੀ ਰਹਿੰਦਾ ਹੈ। ਭਗਤਾਂ ਤੇ ਸੰਸਾਰੀਆਂ ਦਾ ਸਦਾ ਅਜੋੜ ਹੈ।

ਭਗਤੀ ਚਿੰਤਨ ਦੇ ਉਦਭਵ ਤੇ ਵਿਕਾਸ ਸੰਬੰਧੀ ਭਾਵੇਂ ਕਈ ਪੱਖ ਪੇਸ਼ ਕੀਤੇ ਜਾਂਦੇ ਹਨ, ਪ੍ਰੰਤੂ ਆਰੀਆ ਵਿਚ ਇਸ ਦੇ ਮੂਲ ਬੀਜ ਵਿਦਮਾਨ ਸਨ ਅਤੇ ਅੰਸ਼ਕ ਰੂਪ ਵਿਚ ਭਗਤੀ ਚਿੰਤਨ ਦੇ ਵਿਵਿੱਧ ਰੂਪ ਵੈਦਿਕ ਕਾਲ ਤੋਂ ਹੀ ਪ੍ਰਵਾਹਮਾਨ ਸਨ। ਇਸ ਧਰਨਾ ਨੂੰ ਸ੍ਰੀਕਾਰ ਕਰਦੇ, ਭਗਤੀ ਧਰਮ ਸਾਧਨਾਂ ਦਾ ਮੂਲ ਸ੍ਰੋਤ ਵੇਦ ਹੀ ਬਣਦੇ ਹਨ।[26] ਵੈਦਿਕ ਧਰਮ ਦੀਆਂ ਪ੍ਰਧਾਨ ਸ਼ਾਖ਼ਾਵਾਂ : ਸ਼ੈਵਮੱਤ ਤੇ ਵੈਸ਼ਣਵ ਵਿਚ ਭਗਤੀ ਚਿੰਤਨ ਧਾਰਾ ਪ੍ਰਵਾਹਤ ਹੀ ਹੈ, ਪਰ ਫਿਰ ਵੀ ਭਗਤੀ ਦਾ ਕ੍ਰਮਕ ਵਿਕਾਸ ਵਿਸ਼ੇਸ਼ ਰੂਪ ਵਿਚ ਵੈਸ਼ਣਵ ਧਰਮ ਉੱਤੇ ਹੀ ਆਸ਼੍ਰਿਤ ਮੰਨਿਆ ਜਾਂਦਾ ਹੈ। ਭਾਵੇਂ ਵੇਦਾਂ ਵਿਚ ਭਗਤੀ ਸ਼ਬਦ ਸੁਲਭ ਨਹੀਂ ਹੈ ਅਤੇ ਭਗਤੀ ਦੇ ਪੱਖ : ਪੂਜਾ, ਕੀਰਤਨ, ਨਾਮ ਆਦਿ ਦਾ ਵਿਵਰਣ ਹੈ।

ਉਪਨਿਸ਼ਦਾਂ ਵਿਚ ਕਰਮਕਾਂਡੀ ਵਿਵਸਥਾ ਦਾ ਵਿਰੋਧ ਕੀਤਾ ਗਿਆ ਅਤੇ ਗਿਆਨ ਤੇ ਦਾਰਸ਼ਨਿਕ ਪੱਧਤੀ ਨੂੰ ਅਪਣਾਇਆ ਗਿਆ। ਉਪਨਿਸ਼ਦਾਂ ਵਿਚਲਾ ਇਹ ਵਿਵਰਣ ਕਿ ਸਭ ਦੇਵ ਇਕ ਹਨ, ਅਵਤਾਰਵਾਦ ਨੂੰ ਜਨਮ ਦਿੰਦਾ ਹੈ। ਭਗਤੀ ਸ਼ਬਦ ਦਾ ਪਹਿਲੀ ਵਾਰੀ ਪ੍ਰਯੋਗ ਵੀ ਉਪਨਿਸ਼ਦਾਂ ਵਿਚ ਹੋਇਆ। ਉਪਨਿਸ਼ਦਾਂ ਵਿਚ ਭਗਤੀ ਦੇ ਅਧਿਆਤਮਕ ਪੱਖ ਦਾ ਵਰਨਣ, ਅਗਾਮੀ ਚਿੰਤਨ ਦਾ ਆਧਾਰ ਪ੍ਰਵਾਨ ਕੀਤਾ ਜਾਂਦਾ ਹੈ।[27] ਭਗਤੀ ਚਿੰਤਨ ਅੱਗੇ ਜਾ ਕੇ, ਜਿਸ ਸਮਾਜਕ ਭੂਮੀ ਉਤੇ ਵਿਕਸਿਤ ਹੋਇਆ। ਉਸ ਦਾ ਸਰੂਪ ਉਪਨਿਸ਼ਦ ਕਾਲ ਨਾਲੋਂ ਭਿੰਨ ਹੈ। ਉਪਨਿਸ਼ਦਾਂ ਨੇ ਭਗਤੀ ਨੂੰ ਦਾਰਸ਼ਨਿਕ ਤੇ ਚਿੰਨ੍ਹ-ਪਰਕ ਸਰੂਪ ਦੇਣ ਵਿਚ ਮੁੱਖ ਭੂਮਿਕਾ ਨਿਭਾਈ। ਪੁਰਾਣਾਂ ਦਾ ਮੂਲ ਸ੍ਰੋਤ ਭਾਵੇਂ ਵੇਦ ਹੀ ਹਨ, ਪ੍ਰੰਤੂ ਪੁਰਾਣਾਂ ਵਿਚ ਦਾਰਸ਼ਨਿਕ ਚਿੰਤਨ ਦੀ ਸੁਵਿਸਤਾਰ ਵਿਆਖਿਆ ਹੈ। ਪੁਰਾਣ ਸਾਹਿਤ ਵਿਚ ਭਗਤੀ ਚਿੰਤਨ ਦਾ ਉਘੜਵਾਂ ਸਰੂਪ ਪ੍ਰਾਪਤ ਹੁੰਦਾ ਹੈ। ਕਾਰਨ ਇਹ ਹੈ ਕਿ ਇਨ੍ਹਾਂ ਵਿਚ ਭਗਤੀ ਚਿੰਤਨ ਦੇ ਸਮੁੱਚੇ ਪੱਖਾਂ ਨੂੰ ਜਿਉਂਦੇ ਜਾਗਦੇ ਪਾਤਰਾਂ, ਕਥਾਵਾਂ ਬਿਰਤਾਂਤਾਂ ਤੇ ਸਾਕਾਰ ਬਿੰਬਾਂ ਰਾਹੀਂ ਨਿਰੂਪਤ ਕੀਤਾ ਹੈ ਅਤੇ ਇਹ ਪੱਖ ਲੋਕ-ਪੱਖੀ ਆਖਿਆ ਜਾ ਸਕਦਾ ਹੈ। ਗੀਤਾ ਨੂੰ ਭਗਤੀ ਸ਼ਾਸਤਰ ਦੀ ਸਮੁੱਚੀ ਸੰਪਤੀ ਤੇ ਵਿਸ਼ਵ ਕੋਸ਼ ਵੀ ਮੰਨਿਆ ਗਿਆ

ਹੈ, ਜਿਸ ਵਿਚ ਗਿਆਨ, ਕਰਮ ਤੇ ਭਗਤੀ ਦੇ ਪ੍ਰਕਾਰ, ਭਗਤੀ ਦਾ ਤਾਤਵਿਕ ਗਿਆਨ, ਭਗਤੀ ਦਾ ਉਦੇਸ਼ ਅਤੇ ਭਗਤੀ ਚਿੰਤਨ ਦੇ ਹੋਰ ਪੱਖਾਂ ਤੇ ਸੁਵਿਸਤਾਰ ਚਰਚਾ ਪੁਰਾਣ ਸਹਿਤ ਵਿਚ ਮਿਲਦੀ ਹੈ। ਇਸ ਤਰ੍ਹਾਂ ਪੁਰਾਣ ਕਾਲ ਵਿਚ ਭਗਤੀ ਚਿੰਤਨ ਵਿਚ ਨਵੀਨ ਗੁਣਾਂ ਦਾ ਸਮਾਵੇਸ਼ ਹੁੰਦਾ ਹੈ। ਭਗਤੀ ਚਿੰਤਨ ਦਾ ਇਹ ਇਤਿਹਾਸ ਵਿਕਾਸ ਸਪੱਸ਼ਟ ਕਰਦਾ ਹੈ ਕਿ ਇਸ ਦੀਆਂ ਜੜ੍ਹਾਂ ਪੂਰਬ-ਇਤਿਹਾਸਕ ਯੁੱਗ ਵਿਚ ਸਨ ਅਤੇ ਪੁਰਾਣ ਯੁੱਗ ਤੱਕ ਇਹ ਇਕ ਸੁਤੰਤਰ ਚਿੰਤਨ ਬਣ ਚੁੱਕਾ ਸੀ। ਇੰਜ ਭਗਤੀ ਅੰਦੋਲਨ ਨੂੰ ਵਿਦੇਸ਼ੀ ਧਰਮਾਂ ਦੇ ਸੰਪਰਕ ਦਾ ਪਰਿਣਾਮ ਪ੍ਰਵਾਨ ਕਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ।

ਭਗਤੀ ਪਰੰਪਰਾ ਦੇ ਵਿਕਾਸ ਵਿਚ ਦੱਖਣ ਦੇ ਵੈਸ਼ਣਵ ਆਲਾਵਾਰ, ਸ਼ੈਵ ਆਂਡਿਆਰ ਤੇ ਭਗਤੀ ਆਚਾਰੀਆਂ ਦਾ ਮਹੱਤਵਪੂਰਣ ਯੋਗਦਾਨ ਹੈ। ਲਗਭਗ ਇਹ ਸਥਾਪਤ ਅਤਿਧਾਰਨਾ ਹੈ ਕਿ ਦੱਖਣ ਵਿਚ ਜੋ ਭਗਤੀ ਅੰਦੋਲਨ ਉਠਿਆ, ਉਸ ਵਿਚ ਆਲਾਵਾਰ ਸੰਤਾਂ ਨੇ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਭਗਤੀ ਲਈ ਸਭ ਦੇ ਦੁਆਰ ਖੋਲ ਦਿੱਤੇ ਤੇ ਇਸ ਨੂੰ ਵਿਆਪਕ ਭੂਮੀ ਪ੍ਰਦਾਨ ਕੀਤੀ। ਸਿੱਟੇ ਵਜੋਂ ਆਮ ਜਨਤਾ ਇਸ ਪਰੰਪਰਾ ਦੇ ਕਲੇਵਰ ਵਿਚ ਆ ਗਈ।[28] ਸਹੀ ਅਰਥਾਂ ਵਿਚ ਭਗਤੀ ਨੂੰ ਦਾਰਸ਼ਨਿਕ ਅਧਾਰ ਭਗਤੀ ਆਚਾਰੀਆਂ ਨੇ ਦਿੱਤਾ, ਜਿਨ੍ਹਾਂ ਵਿਚੋਂ ਸ਼ੰਕਰਾਚਾਰੀਆਂ ਦਾ ਵਿਸ਼ੇਸ਼ ਉਲੇਖ ਕੀਤਾ ਜਾ ਸਕਦਾ ਹੈ।[29] ਸ਼ੰਕਰਾਚਾਰੀਆਂ ਦੇ ਅਦਵੈਤਵਾਦ ਦੇ ਸਿੱਧਾਂਤ ਨੂੰ ਲੈ ਕਿ ਵਿਭਿੰਨ ਸੰਪ੍ਰਦਾਵਾਂ ਹੋਂਦ ਵਿਚ ਆਈਆਂ। ਪ੍ਰਮੁੱਖ ਤੌਰ ’ਤੇ ਰਾਮਾਨੁਜ ਸੰਪ੍ਰਦਾ, ਮਾਧਵਾਚਾਰੀਆ ਦੀ ਬ੍ਰਹਮ ਸੰਪ੍ਰਦਾ, ਨਿੰਬਾਰਕ ਦੀ ਸਨਕਾਦਿ ਤੇ ਵਿਸ਼ਣੂ ਸੁਆਮੀ ਦੀ ਰੁਦ੍ਰ ਸੰਪ੍ਰਦਾ ਦਾ ਉਲੇਖ ਕੀਤਾ ਜਾ ਸਕਦਾ ਹੈ। ਰਾਮਾਨੁਜ ਨਾਲ ਭਗਤੀ ਪਰੰਪਰਾ ਵਿਚ ਉਦਾਰਵਾਦੀ ਰੁਚੀ ਪ੍ਰਵੇਸ਼ ਕਰਦੀ ਹੈ। ਕਾਰਨ ਇਹ ਹੈ ਕਿ ਉਸ ਨੇ ਸ਼ੂਦਰ, ਨਿਮਨ ਵਰਗਾਂ ਤੇ ਵਿਵਰਜਤ ਵਰਗਾਂ ਲਈ ਭਗਤੀ ਦੇ ਦਰਵਾਜ਼ੇ ਖੋਲ੍ਹ ਦਿੱਤੇ।

# ਅਧਿਆਇ - ੳ (੨)

## ਭਾਰਤ ਦੀ ਸੰਤ ਪਰੰਪਰਾ

ਆਮ ਤੌਰ 'ਤੇ ਭਾਰਤ ਦੇ ਸਾਹਿਤਕ ਅਤੇ ਧਾਰਮਿਕ ਇਤਿਹਾਸ ਵਿਚ ਕਿਸੇ ਵੀ ਪਵਿੱਤਰ ਆਤਮਾ, ਸੱਜਣ, ਪਰਉਪਕਾਰੀ, ਬੁੱਧੀਮਾਨ ਜਾਂ ਸਦਾਚਾਰੀ ਵਿਅਕਤੀ ਲਈ ਸੰਤ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਸਾਧਾਰਨ ਬੋਲ-ਚਾਲ ਵਿਚ ਭਗਤ, ਸਾਧੂ ਜਾਂ ਮਹਾਤਮਾ ਨੂੰ ਵੀ ਸੰਤ ਰੂਪ ਹੀ ਮੰਨਿਆ ਜਾਂਦਾ ਹੈ। ਕੁਝ ਲੋਕ ਇਹ ਵੀ ਮੰਨਦੇ ਹਨ ਕਿ ਸੰਤ, ਸ਼ਾਂਤ ਸ਼ਬਦ ਦਾ ਬਦਲਿਆ ਹੋਇਆ ਰੂਪ ਹੈ। ਪ੍ਰਸਿੱਧ ਵਿਦਵਾਨ ਪਰਸ਼ੂਰਾਮ ਚਤੁਰਵੇਦੀ ਦੇ ਅਨੁਸਾਰ 'ਸੰਤ' ਸ਼ਬਦ ਹਿੰਦੀ ਵਿਚ ਇਕ ਵਚਨ ਵਿਚ ਵਰਤਿਆਂ ਜਾਂਦਾ ਹੈ। ਮੂਲ ਰੂਪ ਵਿਚ, ਇਹ ਸ਼ਬਦ ਸੰਸਕ੍ਰਿਤ ਦੇ 'ਸਨ' ਦਾ ਬਹੁਵਚਨ ਹੈ, ਜਿਹੜਾ ਕਿ ਖੁਦ 'ਸਤ' ਦਾ ਪੁਲਿੰਗ ਰੂਪ ਹੈ। 'ਸਤ' ਸ਼ਬਦ ਦਾ ਅਰਥ ਕੇਵਲ ਹੋਂਦ ਵਾਲਾ ਜਾਂ ਸਦਾ ਰਹਿਣ ਵਾਲਾ ਹੁੰਦਾ ਹੈ ਅਤੇ ਇਸ ਤਰ੍ਹਾਂ ਸੰਤ ਸ਼ਬਦ ਦਾ ਮੌਲਿਕ ਅਰਥ ਬਣਦਾ ਹੈ : '**ਸ਼ੁੱਧ ਹੋਂਦ**' ਜਿਹੜਾ ਕਿ ਪਰਮਾਤਮਾ ਨਾਲ ਜਾ ਰਲਦਾ ਹੈ ਅਤੇ ਜਿਸ ਦਾ ਕਦੀ ਨਾਸ ਨਹੀਂ ਹੁੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਸੰਤ ਦੀ ਪਰਮਾਤਮਾ ਨਾਲ ਇਕਰੂਪਤਾ ਅਤੇ ਨਿੱਜੀ ਤੌਰ 'ਤੇ ਸਮਸਰਤਾ ਦੀ ਸਥਿਤੀ ਦਾ ਵਰਨਣ ਕੀਤਾ ਗਿਆ ਹੈ। ਬਾਣੀ ਅਨੁਸਾਰ:

"ਰੈਣਿ ਦਿਨਸੁ ਰਹੈ ਇਕ ਰੰਗਾ॥
ਪ੍ਰਭ ਕਉ ਜਾਣੈ ਸਦ ਹੀ ਸੰਗਾ॥
ਠਾਕੁਰ ਨਾਮੁ ਕੀਓ ਉਨਿ ਵਰਤਨਿ॥
ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ॥੧॥
ਹਰਿ ਸੰਗਿ ਰਾਤੇ ਮਨ ਤਨ ਹਰੇ॥ ਗੁਰ ਪੂਰੇ ਕੀ ਸਰਨੀ ਪਰੇ॥੧॥ ਰਹਾਉ॥"[30]

**'ਸੰਤ' ਪਦ ਦਾ ਇਤਿਹਾਸ**

'ਸੰਤ' ਪਦ ਦਾ ਇਤਿਹਾਸ ਵਾਚਣ ਨਾਲ, ਵੱਖ ਵੱਖ ਯੁੱਗਾਂ ਵਿਚ, ਇਸ ਤੋਂ ਲਏ ਜਾਂਦੇ ਅਰਥ ਜਾਣਨ ਵਿਚ ਸਹਾਇਤਾ ਮਿਲ ਸਕਦੀ ਹੈ। ਡਾ. ਰਾਜਦੇਵ ਸਿੰਘ 'ਸੰਤ' ਸ਼ਬਦ ਦੀ ਪੁਰਾਣੀ ਅਰਥ-ਪਰੰਪਰਾ ਦਾ ਸੰਬੰਧ ਦੱਸਦੇ ਹੋਏ ਲਿਖਦੇ ਹਨ ਕਿ ਮਹਾਂਭਾਰਤ ਵਿਚ ਇਸ ਦਾ ਪ੍ਰਯੋਗ 'ਸਦਾਚਾਰੀ' ਅਤੇ ਭਗਵਤ ਗੀਤਾ ਵਿਚ 'ਪਵਿੱਤਰ ਆਤਮਾ' ਦੇ ਅਰਥਾਂ ਵਿਚ ਹੋਇਆ ਹੈ।[31] ਭਰਥਰੀ ਹਰੀ ਨੇ 'ਪਰਉਪਕਾਰੀ' ਅਤੇ ਕਾਲੀਦਾਸ ਨੇ 'ਬੁੱਧੀਮਾਨ ਵਿਅਕਤੀ' ਲਈ ਇਹ ਸ਼ਬਦ ਵਰਤਿਆ ਹੈ। ਅੱਗੇ ਚਲ ਕੇ ਆਪ ਲਿਖਦੇ ਹਨ ਕਿ 14ਵੀਂ ਸ਼ਤਾਵਦੀ ਮੇਂ ਵਾਰਕੀ ਜਾਂ ਬਿਠਲ ਸੰਪ੍ਰਦਯ ਕੇ ਭਕਤੋਂ ਕੇ ਲੀਯੇ ਇਸ 'ਸੰਤ' ਸ਼ਬਦ ਕਾ ਪ੍ਰਯੋਗ ਸੰਪ੍ਰਦਾਯਕ ਅਰਥੋਂ ਮੇਂ ਇਸਕਾ ਸਭ ਸੇ ਪਹਿਲਾ ਪ੍ਰਯੋਗ ਥਾਂ ਪ੍ਰੰਤੂ ਗਿਆਨੇਸ਼ਵਰ ਆਦਿ ਨਿਰਗੁਣ ਭਕਤੋਂ ਕੇ ਲੀਯੇ ਆਰੰਭ ਹੂਆ ਇਸ ਕਾ ਸੰਪ੍ਰਦਾਯਕ ਪ੍ਰਯੋਗ ਭੀ ਇਤਨਾ ਰੂੜ ਨਹੀਂ ਥਾ ਹੂਆ ਜਿਤਨਾ ਆਗੇ ਜਾਕਰ 15ਵੀਂ-16ਵੀਂ ਸ਼ਤਾਬਦੀ ਮੇਂ ਹੋ ਗਯਾ। ਕਬੀਰ ਕੋ 'ਆਦਿ ਸੰਤ' ਕਹਿਨ ਮੰਨਨ ਕਾ ਪ੍ਰਚਲਨ ਇਸ ਕੇ

ਵਯਾਪਕ ਅਰਥੋਂ ਕਾ ਸੂਚਕ ਹੈ ਪ੍ਰੰਤੂ ਜਿਤਨੇ ਸਕੁੰਚਿਤ ਅਰਥੋਂ ਮੇਂ ਯਹ ਸ਼ਬਦ ਅਬ ਪ੍ਰਚਲਿਤ ਹੈ ਉਤਨਾ ਪਹਿਲੇ ਕਭੀ ਨਹੀਂ ਥਾਂ।

ਡਾ. ਵਿਸ਼ਣੁਦੱਤ ਰਾਕੇਸ਼ ਦਾ ਵਿਚਾਰ ਹੈ ਕਿ ਹਿੰਦੀ ਤੋਂ ਬਿਨਾਂ ਹੋਰ ਭਾਰਤੀ ਭਾਸ਼ਾਵਾਂ ਦੇ ਭਗਤੀ ਸਾਹਿਤ ਵਿਚ ਨਿਰਗੁਣ ਸਗੁਣ ਮਾਰਗੀ, ਸਭ, ਸਾਧਕਾਂ ਲਈ 'ਸੰਤ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।[32] ਮੁੱਖ ਰੂਪ ਵਿਚ ਇਹ ਭੇਦ ਹਿੰਦੀ ਸਾਹਿਤ ਦੇ ਇਤਿਹਾਸ-ਲੇਖਕਾਂ ਨੇ ਕੀਤਾ ਹੈ। ਖੁਦ ਭਗਤ ਜਾਂ ਸੰਤ ਕਹੇ ਜਾਣ ਵਾਲੇ ਕਵੀਆਂ ਨੇ ਇਸ ਸ਼ਬਦ ਦਾ ਪ੍ਰਯੋਗ ਕੀਤਾ ਹੈ। ਡਾ. ਰਾਜਦੇਵ ਸਿੰਘ ਲਿਖਦੇ ਹਨ ਕਿ 'ਸੰਤ' ਸ਼ਬਦ ਕੀ 15ਵੀਂ-16ਵੀਂ ਸ਼ਤਾਬਦੀ ਸੇ ਚਲੀ ਆ ਰਹੀ ਦੇਸੀ ਅਰਥ-ਪਰੰਪਰਾ ਔਰ ਅੰਗਰੇਜ਼ੀ ਸੇਂਟਸ ਐਵੰ ਭਾਰਤੀ ਭਕਤੋਂ ਕੋਂ ਅਲਗ ਅਲਗ ਸਿੱਧ ਕਰਨੇ ਕੇ ਲੀਯੇ ਕੀਯੇ ਗਏ ਤਤਕਾਲਿਨ ਯਤਨੋਂ ਕੇ ਮਿਲੇ ਜੁਲੇ ਪ੍ਰਭਾਵ ਸੇ ਅੰਗਰੇਜ਼ੀ ਸੇਂਟ ਸੇ ਪੂਰਨ ਧਵਨੀ-ਸਮਯ ਰਖਨੇ ਵਾਲਾ ਹਿੰਦੀ ਕਾ 'ਸੰਤ' ਸ਼ਬਦ ਅਗਿਆਤ ਰੂਪ ਮੇਂ ਨਿਰਗੁਣ ਬ੍ਰਹਮ ਕੇ ਉਪਾਸਕੋਂ ਕੇ ਅਰਥੋਂ ਮੇਂ ਸੀਮਿਤ ਹੋਤਾ ਗਯਾ।[33] ਹਿੰਦੀ ਆਲੋਚਨਾ ਔਰ ਖੋਜ ਕੇ ਵਿਕਾਸ ਕੇ ਸਾਥ-ਸਾਥ ਅਬ ਸਿਥਤੀ ਏਸੀ ਬਨ ਗਈ ਹੈ ਕਿ 'ਸੰਤ' ਸ਼ਬਦ ਆਜ ਕਲ ਆਪਨੀ ਪੂਰਵਵਰਤੀ ਉੱਦਾਤ ਮਰਥ-ਮਰਯਾਦਾ ਸੇ ਵਿਛੁੰਨ ਹੋ ਕਰ ਏਸੇ ਗਿਆਨੀ ਭਕਤੋਂ ਕੀ ਪਾਰਿਭਾਸ਼ਿਕ ਔਰ ਸੰਪ੍ਰਦਾਯਕ ਸੰਗਿਆ ਬਨ ਗਯਾ ਹੈ ਜੋ ਨੀਚ ਜਾਤਿਯੋਂ ਮੇਂ ਪੈਦਾ ਹੁਏ ਹੈ, ਬ੍ਰਾਹਮਣ, ਵੇਦ ਔਰ ਸਗੁਣ ਬ੍ਰਹਮ ਮੇਂ ਆਸਥਾ ਨਹੀਂ ਰਖਤੇ ਔਰ ਜਾਤ-ਪਾਤ ਕੋ ਅਸਵੀਕਾਰ ਕਰਤੇ ਹੈ।

**'ਸੰਤ' ਦੀ ਪਰਿਭਾਸ਼ਾ**

ਐਨਸਾਇਕਲਪੀਡਿਆ ਆਫ਼ ਰਿਲਿਜਨ ਐਂਡ ਐਥਿਕਸ ਵਿਚ ਸੰਤ (ਸੇਂਟ) ਉਸ ਨੂੰ ਸ੍ਵੀਕਾਰਿਆ ਗਿਆ ਹੈ, ਜੋ ਪਰਮਾਤਮਾ ਦੇ ਨੇੜੇ ਅਤੇ ਉਸ ਦਾ ਦੋਸਤ ਹੋਵੇ।[34] ਐਨਸਾਇਕਲਪੀਡਿਆ ਅਮੇਰਕਨਾ ਅਨੁਸਾਰ ਸੰਤ ਉਹ ਵਿਅਕਤੀ ਹੈ ਜਿਹੜਾ ਪਵਿੱਤਰਤਾ ਅਤੇ ਦੂਸਰੀ ਨੈਤਿਕ ਉੱਚਤਾ ਲਈ ਪ੍ਰਸਿੱਧ ਹੈ।[35] ਅਮੇਰਿਕ ਪੀਪਲਜ਼ ਐਨਸਾਇਕਲਪੀਡਿਆ ਮੁਤਾਬਿਕ ਧਾਰਮਿਕ ਪ੍ਰਥਾ ਵਿਚ 'ਸੰਤ' ਪਦ ਉਨ੍ਹਾਂ ਵਿਅਕਤੀਆਂ ਤਕ ਸੀਮਿਤ ਕਰ ਦਿਤਾ ਗਿਆ ਹੈ ਜਿਹਨਾਂ ਦੇ ਜੀਵਨ ਨੈਤਿਕ ਉੱਚਤਾ ਅਤੇ ਧਰਮ ਦੀ ਸ੍ਰੇਸ਼ਟ ਸੇਵਾ ਕਾਰਨ ਪ੍ਰਸਿੱਧ ਹਨ।[36] ਵਰਲਡ ਏਨਸਾਇਕਲਪੀਡਿਆ ਅਨੁਸਾਰ ਇਸਾਈ ਮਤ ਉਸ ਇਨਸਾਨ ਨੂੰ 'ਸੰਤ' ਸ੍ਵੀਕਾਰਦਾ ਹੈ, ਜੋ ਸੁਰਗ ਵਿਚ ਰਹਿੰਦਾ ਹੋਵੇ।[37] ਕੈਥੋਲਿਕ ਤੇ ਕੁਝ ਪ੍ਰੋਟੈਸਟੈਂਟ ਗਿਰਜਾ-ਘਰਾਂ ਵਿਚ 'ਸੰਤ' ਨੂੰ ਕੁਝ ਖ਼ਾਸ ਵਿਅਕਤੀਆ ਲਈ ਪ੍ਰਭੂ ਅੱਗੇ ਪ੍ਰਾਰਥਨਾ ਕਰਨ ਦੀ ਮਾਨਤਾ ਪ੍ਰਾਪਤ ਹੈ, ਇਸੇ ਕਰਕੇ ਬਹੁਤ ਸਾਰੇ ਲੋਕ ਸੰਤਾਂ ਕੋਲ ਨਿਵੇਦਨ ਕਰਦੇ ਹਨ। ਕਾਲਯਰਜ ਐਨਸਾਇਕਲਪੀਡਿਆ ਵਿਚ ਵੀ ਸੰਤ ਦੀ ਪਵਿੱਤਰਤਾ ਅਤੇ ਸ੍ਰੇਸ਼ਠਤਾ ਸੰਬੰਧੀ ਸੰਕੇਤ ਕੀਤਾ ਗਿਆ ਹੈ।[38] ਐਨਸਾਇਕਲਪੀਡਿਆ ਆਫ਼ ਰਿਲਿਜਸ ਕਟੇਸ਼ਨਜ ਅਨੁਸਾਰ 'ਸੰਤ' ਉਹ ਮਨੁੱਖ ਹਨ, ਜਿਹੜੇ ਦੂਸਰਿਆਂ ਦਾ ਪਰਮਾਤਮਾ ਵਿਚ ਯਕੀਨ ਦ੍ਰਿੜ੍ਹ ਕਰਵਾਉਂਦੇ ਹਨ।[39] ਬ੍ਰਿਹਤ ਹਿੰਦੀ ਕੋਸ਼ ਵਿਚ 'ਪਰਮਾਤਮਾ'; ਵਿਰਕਤ-ਮਹਾਤਮਾ ਗ੍ਰਸਥਾਸ਼ਰਮ ਮੇਂ ਪ੍ਰਵੇਸ਼ ਕਰਨੇ ਵਾਲੇ ਸਾਧੂ ਕੋ ਸੰਤ ਕਹਾ ਗਯਾ ਹੈ"[40] ਹਿੰਦੀ ਸਾਹਿਤ੍ਰਯ ਆਨੁਸਾਰ "ਸੰਤ ਸ਼ਬਦ ਦਾ ਪ੍ਰਯੋਗ

ਅਧਿਕਤਰ ਕਿਸੀ ਭੀ ਪਵਿਤੁਰ ਆਤਮਾ ਔਰ ਸਦਾਚਾਰੀ ਮਨੁਸ਼ਯ ਕੇ ਲੀਯੇ ਕੀਯਾ ਜਾਤਾ ਹੈ।"[41] ਕਭੀ ਕਭੀ ਯਹ 'ਸਾਧੂ' ਔਰ 'ਮਹਾਤਮਾ' ਸ਼ਬਦੋਂ ਕਾ ਪ੍ਰਯਾਯ ਭੀ ਸਮਝ ਲੀਯਾ ਜਾਤਾ ਹੈ ਪ੍ਰੰਤੂ 'ਸੰਤਮਤ' ਸ਼ਬਦੋਂ ਮੇਂ ਆ ਜਾਨੇ ਕੇ ਕਾਰਨ ਇਸ ਕਾ ਏਕ ਪਾਰਿਭਾਸ਼ਿਕ ਅਰਥ ਭੀ ਹੋ ਸਕਤਾ ਹੈ, ਜਿਸ ਕੇ ਮੁਤਾਬਿਕ ਯਹ ਉਸ ਵਯਕਤਿ ਦਾ ਗਿਆਨ ਕਰਾਤਾ ਹੈ, ਜਿਸ ਨੇ ਸਤ ਰੂਪ ਪਰਮਤੱਤ ਕਾ ਅਨੁਭਵ ਕਰ ਲੀਯਾ ਹੋ, ਔਰ ਜੋ ਇਸ ਪ੍ਰਕਾਰ ਆਪਨੇ ਵਯਕਤਿਤਵ ਸੇ ਉਪਰ ਉਠ ਕਰ ਉਸ ਸੇ ਅਭੇਦ ਹੋ ਗਯਾ ਹੈ। ਉਪਰੋਕਤ ਬਹੁਤ ਨੇੜੇ ਹੈ, ਪਵਿੱਤਰਤਾ ਦਾ ਧਾਰਨੀ ਹੈ, ਧਰਮ ਸੇਵਕ ਹੈ, ਜਾਤੀ ਅਤੇ ਸਦਾਚਾਰਕ ਗੁਣਾਂ ਵਿਚ ਉੱਚਤਾ ਹਾਸਲ ਕਰ ਲੈਣ ਵਾਲਾ ਅਤੇ ਸੰਸਾਰ ਦੇ ਜੀਵਾਂ ਨੂੰ ਪਰਮਾਤਮਾ ਦੇ ਨਜ਼ਦੀਕ ਲਿਜਾਣ ਵਾਲਾ ਸ੍ਰੇਸ਼ਠ ਵਿਅਕਤੀ ਹੈ।

ਪਰਸ਼ਰਾਮ ਚਤੁਰਵੇਦੀ[42] ਦੇ ਸ਼ਬਦਾ ਵਿਚ 'ਸੰਤ' ਸ਼ਬਦ ਉਸ ਵਯਕਤਿ ਕੀ ਔਰ ਸੰਕੇਤ ਕਰਤਾ ਜਿਸ ਨੇ ਸੱਤ ਰੂਪ ਪਰਮਤਵ ਕਾ ਅਨੁਭਵ ਕਰ ਲੀਯਾ ਹੋ.. ਜੋ ਸਤਸਵਰਪੂ ਨਿਤਯ ਸਿਧਵਸਤ ਕਾ ਸਾਖਿਆਤਕਾਰ ਕਰ ਚੁਕਾ ਹੋ ਔਰ ਅਪਰੋਕਸ਼ ਕੀ ਉਪਲਬਧਿ ਕੇ ਫਲਸਰੂਪ ਅਖੰਡ ਸੱਤ ਮੇਂ ਪ੍ਰਤਿਸ਼ਟ ਹੋ ਗਯਾ ਹੈ, ਵਹੀ ਸੰਤ ਹੈ। ਡਾ. ਰਾਜਦੇਵ ਸਿੰਘ ਅਨੁਸਾਰ 'ਸੰਤ' ਅਜਿਹੇ ਸ਼ਾਂਤ ਅਤੇ ਸ਼ੁੱਧ ਆਚਰਣ ਵਾਲੇ ਭਗਤਾਂ ਨੂੰ ਕਹਿੰਦੇ ਹਨ, ਜੋ ਨੀਵੀਆਂ ਜਾਤਾਂ ਵਿਚ ਪੈਦਾ ਹੋਏ ਹਨ।[43] (ਅਪਵਾਦ ਸਦਾ ਹੁੰਦੇ ਹਨ) ਤੇ ਨਿਰਗੁਣ ਬ੍ਰਹਮ ਵਿਚ ਵਿਸ਼ਵਾਸ ਰੱਖਦੇ ਹਨ। ਉਪਰੋਕਤ ਪਰਿਭਾਸ਼ਾ ਵਿਚ 'ਸੰਤ' ਨੂੰ ਬੜੇ ਹੀ ਸੀਮਿਤ ਅਤੇ ਸੰਕੁਚਿਤ ਅਰਥਾਂ ਵਿਚ ਲਿਆ ਗਿਆ ਹੈ। ਜ਼ਰੂਰੀ ਨਹੀਂ ਕਿ ਸੰਤ ਹਮੇਸ਼ਾ ਨੀਵੀਂ ਜਾਤ ਨਾਲ ਹੀ ਸਬੰਧਿਤ ਹੋਣ। ਕਿਸੇ ਹੋਰ ਪ੍ਰਸੰਗ ਵਿਚ ਡਾ. ਰਾਜਦੇਵ ਸਿੰਘ ਨੇ ਆਪਣੀ ਪਰਿਭਾਸ਼ਾ ਨੂੰ ਬੜੇ ਵਿਸਤਰਿਤ ਅਰਥ ਦਿੱਤੇ ਹਨ ਜਿਵੇਂ "ਯਹ ਬੜਾ ਮਨੋਰੰਜਕ ਤੱਥ ਹੈ ਕਿ ਰਿਗਵੇਦ ਸੇ ਲੇਕਰ ਈਸਾ ਕੀ ਵੀਸਵੀ ਸਦੀ ਤਕ 'ਸੰਤ' ਸ਼ਬਦ ਨਿਰਵਿਵਾਦ ਰੂਪ ਮੇਂ ਸਦਸਦ ਵਿਵੇਕਸ਼ੀਲ, ਅਰਾਗ, ਅਲੇਪ ਔਰ ਮਾਯਾਤੀਤ ਮਹਾਂਪੁਰਸ਼ ਕੇ ਅਰਥੋਂ ਮੇਂ ਪ੍ਰਯੁਕਤ ਹੋਤਾ ਆਯਾ ਹੈ ਜਬ ਕਿ ਹਿੰਦੀ ਆਲੋਚਨਾ ਮੇਂ ਯਹ ਸ਼ਬਦ ਨਿਰਗੁਣ ਬ੍ਰਹਮ ਕੀ ਉਪਾਸਨਾ ਕਰਨੇ ਵਾਲੇ ਕਬੀਰ, ਰੈਦਾਸ, ਦਾਦੂ ਔਰ ਦਰਿਯਾ ਆਦਿ ਕੇ ਲੀਯੇ ਸੀਮਿਤ ਹੋ ਗਯਾ ਹੈ।[44]

**ਸੰਤ ਪਰੰਪਰਾ ਦਾ ਉਦੈ:**

ਕਿਸੇ ਪਰੰਪਰਾ, ਵਿਚਾਰਧਾਰਾ ਜਾਂ ਮਤ ਦਾ ਉਦੈ ਤੇ ਵਿਕਾਸ ਕਦੇ ਵੀ ਅਚਾਨਕ ਨਹੀਂ ਹੁੰਦਾ, ਸਗੋਂ ਉਸ ਦੇ ਜਨਮ ਪਿੱਛੇ ਕੁਝ ਅਜਿਹੀਆਂ ਪਰਿਸਥਿਤੀਆਂ ਤੇ ਪ੍ਰਵ੍ਰਿਤੀਆਂ ਹੁੰਦੀਆਂ ਹਨ, ਜਿਹੜੀਆਂ ਉਸ ਨੂੰ ਬਾਕਾਇਦਾ ਅਤੇ ਨਿਸ਼ਚਿਤ ਮਤ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਇੰਜ, ਕੋਈ ਵੀ ਵਿਚਾਰਧਾਰਾ ਢੁੱਕਵਾਂ ਵਾਤਾਵਰਣ, ਅਨੁਕੂਲ ਪਰਿਸਥਿਤੀਆਂ ਅਤੇ ਲੋੜੀਂਦਾ ਚੌਗਿਰਦਾ ਪਾ ਕੇ ਇਕ ਸੁਤੰਤਰ ਪਰੰਪਰਾ ਦੇ ਰੂਪ ਵਿਚ ਉੱਭਰ ਆਉਂਦੀ ਹੈ। ਸੰਤ ਪਰੰਪਰਾ (ਭਗਤ ਪਰੰਪਰਾ) ਦੇ ਆਰੰਭ ਲਈ ਉਪਰੋਕਤ ਗੱਲ ਕਾਫ਼ੀ ਹੱਦ ਤਕ ਸਾਰਥਕ ਜਾਪਦੀ ਹੈ। ਮੱਧਕਾਲੀਨ ਉੱਤਰੀ ਭਾਰਤ ਵਿਚ ਬ੍ਰਾਹਮਣਵਾਦ ਦਾ ਬੋਲ ਬਾਲਾ ਹੋਣ ਕਰਕੇ ਕਥਿਤ ਨੀਵੀਆਂ ਸ਼੍ਰੇਣੀਆਂ ਦਾ ਜਿਉਣਾ ਦੁੱਭਰ ਹੋ ਚੁੱਕਾ ਸੀ। ਪਰਮਾਤਮਾ ਦੀ ਭਗਤੀ ਕਰਨੀ ਤਾਂ ਇਕ ਪਾਸੇ ਰਹੀ ਉਨ੍ਹਾਂ ਨੂੰ ਸਹੀ ਢੰਗ ਨਾਲ ਜੀਵਨ ਗੁਜ਼ਾਰਨ ਦਾ ਵੀ ਅਧਿਕਾਰ ਪ੍ਰਾਪਤ ਨਹੀ ਸੀ। ਅਜਿਹੇ

ਘਿਣਾਉਣੇ ਵਾਤਾਵਰਣ ਵਿਚ ਬ੍ਰਹਮਵਾਦ ਦੇ ਖ਼ਿਲਾਫ਼ ਬਗ਼ਾਵਤ ਦਾ ਅਜਿਹਾ ਸੁਰ ਗੂੰਜਿਆ, ਜਿਸ ਨੇ ਬੋਦੀਆਂ ਅਤੇ ਘਟੀਆ ਹੋ ਚੁੱਕੀਆਂ ਕਦਰਾਂ-ਕੀਮਤਾਂ ਨੂੰ ਖ਼ਤਮ ਕਰਕੇ ਸਮਾਜ ਵਿਚ ਚੇਤਨਤਾ ਲਿਆਂਦੀ ਅਤੇ ਜਨ-ਸਧਾਰਨ ਨੂੰ ਜੀਣ-ਥੀਣ ਅਤੇ ਪ੍ਰਭੂ-ਭਗਤੀ ਦਾ, ਜਨਮ-ਸਿੱਧ ਅਧਿਕਾਰ ਦਿਵਾਇਆ।

ਉੱਤਰੀ ਭਾਰਤ ਦੀ ਇਸ ਮਹੱਤਵਪੂਰਨ ਅਤੇ ਦੀਰਘ ਸੰਤ ਪਰੰਪਰਾ ਦੇ ਉਦੈ ਬਾਰੇ ਵਿਦਵਾਨਾਂ ਵਿਚ ਸਹਿਮਤੀ ਨਹੀਂ। ਕਿਸੇ ਲੇਖਕ ਨੇ ਇਸ ਦਾ ਆਰੰਭ ਸ੍ਵਾਮੀ ਭਗਤ ਰਾਮਾਨੰਦ ਤੋਂ ਮੰਨਿਆ ਹੈ, ਕਿਸੇ ਨੇ ਭਗਤ ਨਾਮਦੇਵ ਨੂੰ ਇਸ ਦਾ ਮੋਢੀ ਆਖਿਆ ਹੈ, ਕੋਈ ਜੈ ਦੇਵ ਤੋਂ ਇਸ ਦੀ ਸ਼ੁਰੂਆਤ ਮੰਨਦਾ ਹੈ ਤੇ ਕਿਸੇ ਨੇ ਭਗਤ ਕਬੀਰ ਨੂੰ ਇਸ ਪਰੰਪਰਾ ਦਾ ਸੰਚਾਲਕ ਕਿਹਾ ਹੈ। ਵਿਚਾਰਵਾਨਾਂ ਦੀਆਂ ਰਾਵਾਂ ਵਾਚ ਲੈਣ ਉਪਰੰਤ ਕਿਸੇ ਨਿਸ਼ਚਿਤ ਮਤ ’ਤੇ ਪਹੁੰਚਣਾ ਸੰਭਵ ਹੈ।

ਪਰਸ਼ੁਰਾਮ ਚਤੁਰਵੇਦੀ[45] ਨੇ ਸੰਤ ਪਰੰਪਰਾ ਦਾ ਪਹਿਲਾ ਯੁੱਗ ਜੈਦੇਵ ਤੋਂ ਮੰਨਿਆ ਹੈ। ਭਗਤ ਜੈਦੇਵ ਤੋਂ ਦੋ ਸੌ ਸਾਲ ਪਿਛੋਂ ਹੋਏ ਭਗਤਾਂ ਨੂੰ ਉਹ ਪੱਥ-ਪ੍ਰਦਰਸ਼ਕ ਦੇ ਰੂਪ ਵਿਚ ਦੇਖਦੇ ਹਨ। ਚਤੁਰਵੇਦੀ, ਬਿਕ੍ਰਮ ਦੀ 15ਵੀਂ ਸਦੀ ਵਿਚ ਵਿਚਰੇ, ਭਗਤ ਕਬੀਰ ਨੂੰ ਭਾਵੇਂ ਸੰਤ ਮਤ ਦਾ ਪਹਿਲਾ ਪ੍ਰਚਾਰਕ ਆਖਦੇ ਹਨ, ਪ੍ਰੰਤੂ ਸੰਤਮਤ ਦਾ ਸੰਗਠਿਤ ਅਤੇ ਸੁਵਿਵਸਥਿਤ ਪ੍ਰਚਾਰ ਉਹ ਗੁਰੂ ਨਾਨਕ ਤੋਂ ਹੀ ਸਵੀਕਾਰ ਕਰਦੇ ਹਨ। ਸ਼ੁਕਲ[46] ਅਨੁਸਾਰ ਨਿਰਗੁਣ ਪੰਥ ਲਈ ਮਾਰਗ ਕਢਣ ਵਾਲੇ ਭਗਤ ਨਾਮਦੇਵ ਹਨ ਇਸ ਦੇ ਨਿਰਦਿਸ਼ਟ ਪਰਿਵਰਤਕ ਉਨਾਂ ਨੇ ਭਗਤ ਕਬੀਰ ਨੂੰ ਹੀ ਕਿਹਾ ਹੈ। ਦ੍ਵਿਵੇਦੀ ਦੇ ਸ਼ਬਦਾਂ ਵਿਚ “ਰਾਮਾਨੰਦ ਕੀ ਤਰਹ ਨਾਮਦੇਵ ਭੀ ਭਕਤਿ ਕੋ ਦਕਸ਼ਣ ਸੇ ਉੱਤਰੀ ਭਾਰਤ ਮੇਂ ਲਾਏ”। ਉਹ ਵੀ ਨਿਰਗੁਣ ਮਤ ਦੇ ਆਦਿ ਪਰਿਵਰਤਕ ਭਗਤ ਕਬੀਰ ਨੂੰ ਮੰਨਦੇ ਹਨ। ਡਾ. ਰਾਜਦੇਵ ਸਿੰਘ[47] ਦਾ ਮਤ ਹੈ ਕਿ ਨਿਰਗੁਣ ਸੰਤ ਪਰੰਪਰਾ ਨੂੰ ਵਿਵਸਥਿਤ ਰੂਪ ਦੇਣ ਵਾਲੇ ਭਗਤ ਕਬੀਰ ਹਨ। ਡਾਕਟਰ ਦੀਕਸ਼ਿਤ[48] ਸੰਤ ਪਰੰਪਰਾ ਦਾ ਅਰੰਭ ਕੋਮਲ-ਕਾਂਡ ਪਦਾਵਲੀ ਦੇ ਗਾਇਕ, ਗੀਤ ਗੋਬਿੰਦ ਦੇ ਰਚੇਤਾ ਭਗਤ ਜੈਦੇਵ ਤੋਂ ਸ੍ਵੀਕਾਰਦੇ ਹਨ। ਵਿਨਯ ਮੋਹਨ ਸ਼ਰਮਾ ਨੇ ਨਾਮਦੇਵ ਨੂੰ ਨਿਰਗੁਣ ਭਗਤੀ ਦਾ ਪਹਿਲਾ ਉਨਾਯਕ ਆਖਿਆ ਹੈ।[49] ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਕਥਨ ਹੈ, “ਉੱਤਰੀ ਭਾਰਤ ਵਿਚ ਕਬੀਰ ਨਿਰਗੁਣਵਾਦੀ ਧਾਰਾ ਦੇ ਸੰਸਥਾਪਕ ਹਨ ਅਤੇ ਪੰਜਾਬ ਵਿਚ ਗੁਰੂ ਨਾਨਕ ਦੀ ਬਾਣੀ ਨਾਲ ਨਿਰਗੁਣਧਾਰਾ ਦੀ ਸਥਾਪਨਾ ਹੁੰਦੀ ਹੈ। ਡਾਕਟਰ ਤ੍ਰਿਗੁਣਾਯਤ[51] ਨੇ “ਨਿਰਗੁਣ ਕਾਵਯਧਾਰ ਕਾ ਪ੍ਰਮੁਖਯ ਪ੍ਰਵਰਤਕ ਭਗਤ ਕਬੀਰ” ਨੂੰ ਮੰਨਿਆ ਹੈ।[50] ਉਨ੍ਹਾਂ ਦੇ ਅਨੁਸਾਰ ਇਸ ਧਾਰਾ ਦੇ ਬੀਜ ਜੈ ਦੇਵ, ਭਗਤ ਨਾਮਦੇਵ, ਭਗਤ ਤ੍ਰਿਲੋਚਨ ਭਗਤ ਸਦਨਾ, ਭਗਤ ਸੇਨ, ਭਗਤ ਬੇਣੀ, ਭਗਤ ਰਾਮਾਨੰਦ, ਭਗਤ ਧੰਨਾ, ਭਗਤ ਪੀਪਾ ਆਦਿ ਦੇ ਸਮੇਂ ਹੀ ਬੀਜ ਦਿੱਤੇ ਗਏ ਸਨ। ਡਾਕਟਰ ਬੜਥਵਾਲ[52] ਦੇ ਸ਼ਬਦਾਂ ਵਿਚ ਨਿਰਗੁਣ ਪਰੰਪਰਾ ਦੀ ਪੂਰਨਤਾ ਭਗਤ ਕਬੀਰ ਨਾਲ ਹੁੰਦੀ ਹੈ ਭਾਵੇਂ ਇਸ ਦਾ ਰੂਪ-ਆਕਾਰ ਪਹਿਲਾਂ ਹੀ ਤਿਆਰ ਹੋਣਾ ਸ਼ੁਰੂ ਹੋ ਗਿਆ ਸੀ। ਡਾਕਟਰ ਪ੍ਰਸਾਦ ਨੇ ਵੀ ਭਗਤ ਕਬੀਰ[53] ਨੂੰ ਹੀ ਸੰਤ ਮਤ ਦਾ ਪਰਿਵਰਤਕ ਆਖਿਆ ਹੈ।

ਸੰਤਾਂ ਦੀ ਸਾਧਨਾ ਬੇਸ਼ੱਕ ਗਿਆਨ ਭਗਤੀ ਅਤੇ ਕਰਮ ਯੋਗ ਨੂੰ ਮਾਨਤਾ ਤਾਂ ਦਿੰਦੀ ਹੈ, ਪਰ ਧਰਮ ਦੇ ਨਾਂ ਤੇ ਪਾਖੰਡ ਨੂੰ ਕਿਸੇ ਵੀ ਰੂਪ ਵਿਚ ਬਰਦਾਸ਼ਤ ਨਹੀਂ ਕਰਦੀ। ਸੰਤਾਂ ਦੀ ਪ੍ਰਧਾਨ ਸਾਧਨਾ ਆਪਣੇ ਹਿਰਦੇ ਨੂੰ ਸ਼ੁੱਧ ਅਤੇ ਨਿਰਮਲ ਰੱਖਣ ਅਤੇ ਸਿਧਾਂਤਾਂ ਨੂੰ ਵਿਹਾਰਕ ਪਧਰ ’ਤੇ ਲਿਆਉਣ ਲਈ ਜ਼ੋਰ ਦਿੰਦੀ ਹੈ। ਇਨ੍ਹਾਂ ਲਈ ਮਨੁੱਖਤਾ ਦੀ ਕਸੌਟੀ ਸਾਦਗੀ ਅਤੇ ਸਦਾਚਾਰ ਹੈ। ਪਰਵਿਰਤੀ ਜਾਂ ਨਿਰਵਿਰਤੀ ਦੋਵਾਂ ਮਾਰਗਾਂ ਨੂੰ ਛੱਡ ਕੇ ਇਹ ਸਹਿਜ ਮਾਰਗ ਦੀ ਗੱਲ ਕਰਦੇ ਹਨ।

ਜਿਸ ਤਰ੍ਹਾਂ ਸਰਗੁਣ-ਮਾਰਗੀ ਅੱਗੇ ਚੱਲ ਕੇ ਰਾਮ ਉਪਾਸ਼ਕ ਅਤੇ ਕ੍ਰਿਸ਼ਨ ਉਪਾਸ਼ਕ ਦੋ ਵਰਗਾਂ ਵਿਚ ਵੰਡੇ ਗਏ, ਇਵੇਂ ਹੀ ਨਿਰਗੁਣਵਾਦੀ ਸੰਤ ਗਿਆਨ-ਮਾਰਗੀ ਅਤੇ ਪ੍ਰੇਮ-ਮਾਰਗੀ ਸ਼ਾਖਾਵਾਂ ਵਿਚ ਵੰਡ ਕੇ ਸਮਝੇ ਜਾ ਸਕਦੇ ਹਨ। ਆਧੁਨਿਕ ਅਧਿਐਨਾਂ ਦੇ ਅਨੁਸਾਰ ਬੇਸ਼ਕ ਭਗਤ ਜੈਦੇਵ, ਭਗਤ ਨਾਮਦੇਵ, ਭਗਤ ਤ੍ਰਿਲੋਚਨ ਆਦਿ ਸੰਤਾਂ ਨੂੰ ਸੰਤ ਪਰੰਪਰਾ ਵਿਚ ਸਭ ਤੋਂ ਪ੍ਰਸਿੱਧ ਭਗਤ ਕਬੀਰ ਤੋਂ ਬਹੁਤ ਪਹਿਲਾਂ ਦਾ ਮੰਨਿਆ ਗਿਆ ਹੈ, ਪਰ ਸੰਤ ਪਰੰਪਰਾ ਦੀ ਉਤਪਤੀ ਅਤੇ ਵਿਕਾਸ ਨੂੰ ਸਮਝਣ ਲਈ ਸਾਨੂੰ ਭਾਰਤ ਦੇ ਪ੍ਰਾਚੀਨ ਜੀਵਨ ਅਤੇ ਸਾਹਿਤ ਵੱਲ ਪਰਤਣਾ ਪਵੇਗਾ। ਪ੍ਰਾਚੀਨ ਵੈਦਿਕ ਸਾਹਿਤ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਪ੍ਰਾਚੀਨ ਭਾਰਤ ਵਾਸੀਆਂ ਦਾ ਜੀਵਨ ਬਹੁਤ ਹੀ ਸਰਲ ਅਤੇ ਉਨ੍ਹਾਂ ਦੇ ਕੰਮ ਵੀ ਬੜੇ ਸਿੱਧੇ-ਸਾਦੇ ਹੁੰਦੇ ਸਨ। ਉਨ੍ਹਾਂ ਦੀ ਧਾਰਮਿਕ ਸਾਧਨਾ ਦਾ ਮੁੱਖ ਅੰਗ ਸਨ: ਦੇਵਤਾ ਪੂਜਣ, ਪਿੱਤਰ ਪੂਜਣ ਅਤੇ ਯੱਗ। ਆਪਣੀਆਂ ਪ੍ਰਾਰਥਨਾਵਾਂ ਵਿਚ ਉਹ ਕੁਦਰਤ ਦੀਆਂ ਸ਼ਕਤੀਆਂ ਪ੍ਰਤੀ ਆਸਥਾ ਰੱਖਦੇ ਵਿਖਾਈ ਦਿੰਦੇ ਹਨ। ਉਨ੍ਹਾਂ ਦੇ ਜ਼ਿਆਦਾਤਰ ਗੀਤ ਸੰਸਾਰਕ ਸੁੱਖਾਂ ਦੀ ਕਾਮਨਾ ਕਰਨ ਵਾਲੇ ਹੀ ਸਨ। ਉਨ੍ਹਾਂ ਦੇ ਦੇਵਤੇ ਤਾਕਤਵਰ ਅਤੇ ਸਮਰੱਥਾ ਦੇ ਪ੍ਰਤੀਕ ਹੁੰਦੇ ਸਨ। ਇਸ ਲਈ ਲੋਕਾਂ ਦੀਆਂ ਪ੍ਰਾਰਥਨਾਵਾਂ ਆਮ ਤੌਰ ’ਤੇ ਭੈ ਤੋਂ ਪ੍ਰੇਰਿਤ ਹੋ ਕੇ ਕੀਤੀਆਂ ਗਈਆਂ ਪ੍ਰਾਰਥਨਾਵਾਂ ਸਨ। ਦੇਵਤਿਆਂ ਦੀ ਕਿਰਪਾ, ਹਮਦਰਦੀ ਜਾਂ ਹੋਰ ਅਜਿਹੀਆਂ ਕੋਮਲ ਬਿਰਤੀਆਂ ਪ੍ਰਤੀ ਲੋਕਾਂ ਵਿਚ ਵਿਸ਼ਵਾਸ ਨਹੀਂ ਸੀ ਅਤੇ ਸ਼ਾਇਦ ਇਹੋ ਕਾਰਨ ਸੀ ਕਿ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਦੇਵਤਿਆਂ ਨੂੰ ਰਿਝਾਉਣ ਲਈ ਹੀ ਕੀਤੀਆਂ ਜਾਂਦੀਆਂ ਸਨ ਅਤੇ ਯੱਗਾਂ ਦੁਆਰਾ ਪਸ਼ੂਆਂ ਦੀ ਬਲੀ ਦੇਣਾ ਵੀ ਇਸੇ ਰਿਝਾਉਣ-ਪ੍ਰਕ੍ਰਿਆ ਦਾ ਹੀ ਇਕ ਅੰਗ ਸੀ। ਪਿਤਰਾਂ ਦੀ ਪੂਜਾ ਵੀ ਕੋਈ ਪਿਤਰਾਂ ਪ੍ਰਤੀ ਮੋਹ ਜਾਂ ਪਿਆਰ ਕਾਰਨ ਹੀ ਨਹੀਂ ਸੀ, ਬਲਕਿ ਇਸ ਲਈ ਸੀ ਕਿ ਸਾਡੇ ਪਿਤਰ ਰੋਜ਼ਾਨਾ ਜੀਵਨ ਦੇ ਕੰਮਾਂ-ਕਾਰਾਂ ਵਿਚ ਕੋਈ ਵਿਘਨ ਨਾ ਪਾਉਣ। ਉਸ ਸਮੇਂ ਦੀ ਸਾਧਾਰਨ ਜਨਤਾ ਨੂੰ ਜਾਦੂ-ਟੂਣਿਆ ਵਿਚ ਵੀ ਵਿਸ਼ਵਾਸ ਸੀ ਅਤੇ ਅਜਿਹੀ ਧਾਰਨਾ ਵੀ ਸੀ ਕਿ ਮੰਤਰਾਂ ਦੇ ਪ੍ਰਯੋਗ ਨਾਲ ਜ਼ਹਿਰ ਆਦਿ ਦੂਰ ਹੋ ਸਕਦਾ ਹੈ। ਪਰਸ਼ੁਰਾਮ ਚਤੁਰਵੇਦੀ ਦੇ ਸ਼ਬਦਾਂ ਵਿਚ ਇਹ ਸਾਰਾਂਸ਼ ਇਹ ਹੈ ਕਿ ਸਾਡੇ ਪੂਰਵਜਾਂ ਦੇ ਲਗਭਗ ਸਾਰੇ ਧਾਰਮਿਕ ਕਰਮ ਕੇਵਲ ਇਸੇ ਉਦੇਸ਼ ਨਾਲ ਕੀਤੇ ਜਾਂਦੇ ਸਨ ਕਿ ਸਾਡਾ ਦੈਨਿਕ ਜੀਵਨ ਪੂਰੀ ਤਰ੍ਹਾਂ ਰੁਕਾਵਟਾਂ ਤੋਂ ਬਚ ਕੇ ਪ੍ਰਗਤੀਸ਼ੀਲ ਰਹੇ ਅਤੇ ਸਾਡੇ ਸੰਸਾਰਕ ਸੁਖ ਵਿਚ ਵੀ ਵਾਧਾ ਹੁੰਦਾ ਰਹੇ।

ਸਮਾਂ ਪਾ ਕੇ ਇਨ੍ਹਾਂ ਪ੍ਰਾਰਥਨਾਵਾਂ ਤੋਂ ਵੱਧ ਮਹੱਤਤਾ ਯੱਗਾਂ ਦੇ ਕਰਮ-ਕਾਂਡਾਂ ਨੂੰ ਦਿੱਤਾ ਜਾਣ ਲੱਗ ਪਈ। ਉਪਨਿਸ਼ਦਾਂ ਦੇ ਸਮੇਂ ਵਿਚ ਯੱਗਾਂ ਦੀ ਕਰਮ-ਕਾਂਡੀ ਮਹਤੱਤਾ ਘਟ ਗਈ ਅਤੇ ਇਸੇ ਸਮੇਂ ਵਿਚ ਚਿਰਾਂ

ਤੋਂ ਦੱਬੀ ਚਲੀ ਆ ਰਹੀ ਸ਼ਰਮਣ ਸੰਸਕ੍ਰਿਤੀ ਮੁੜ ਜੈਨ ਧਰਮ ਤੇ ਬੁੱਧ ਧਰਮ ਰੂਪ ਵਿਚ ਸੁਰਜੀਤ ਹੋ ਉਠੀ। ਬੁੱਧ ਧਰਮ ਨੇ ਵੈਦਿਕ ਕਰਮ-ਕਾਂਡ, ਯੱਗਾਂ ਅਤੇ ਇਨ੍ਹਾਂ ਨਾਲ ਸੰਬੰਧਤ ਸਾਰੇ ਵਿਧੀ-ਵਿਧਾਨਾਂ ਦਾ ਖੰਡਨ ਕੀਤਾ। ਇੱਥੋਂ ਤੱਕ ਵੈਦਿਕ ਸਾਧਨਾਵਾਂ ਦਾ ਵਿਰੋਧ ਪ੍ਰਬਲ ਹੋਇਆ ਕਿ ਬੁੱਧ ਧਰਮ ਆਤਮਾ ਪਰਮਾਤਮਾ ਸਭ ਤੋਂ ਇਨਕਾਰੀ ਹੋ ਗਿਆ। ਚਾਰਵਾਕ, ਆਜੀਵਕ ਆਦਿ ਤਾਂ ਬਿਲਕੁਲ ਹੀ ਕਿਸੇ ਕਿਸਮ ਦੀ ਨੈਤਿਕਤਾ ਨੂੰ ਨੈਤਿਤਕਤਾਵਾਦੀ ਧਰਮ ਦੱਸਦੇ ਸਨ। ਬੁੱਧ ਨੇ ਸਦਾਚਾਰ ਲਈ ਕਰੜੇ ਅਨੁਸ਼ਾਸਨ ਦਾ ਵਿਧਾਨ ਬਣਾਇਆ ਅਤੇ ਸੰਸਾਰ ਨੂੰ ਦੁੱਖਾਂ ਦਾ ਘਰ ਦੱਸਦੇ ਹੋਏ ਜਿੱਥੇ ਇੱਛਾਵਾਂ ਨੂੰ ਦੁੱਖਾਂ ਕਾਰਨ ਦੱਸਿਆ ਉਥੇ ਨਾਲ ਹੀ ਮਧਿਅਮ ਮਾਰਗ ਦਾ ਵੀ ਪ੍ਰਚਾਰ ਕੀਤਾ। ਬੁੱਧ ਧਰਮ ਲਗਭਗ ਸਾਰੇ ਏਸ਼ੀਆ ਵਿਚ ਫੈਲ ਗਿਆ ਅਤੇ ਭਾਰਤ ਦੇ ਕਈ ਰਾਜੇ ਵੀ ਬੋਧੀ ਬਣ ਗਏ।

ਕਾਲਾਂਤਰ ਵਿਚ ਬੁੱਧ ਧਰਮ ਕਰੜੇ ਅਨੁਸ਼ਾਸਨ ਦੀ ਵਜ੍ਹਾ ਕਰਕੇ ਦੋ ਸੰਪਰਦਾਵਾ ਵਿਚ ਵੰਡਿਆ ਗਿਆ। ਜਿਹੜੇ ਲੋਕ ਕਰੜੇ ਅਨੁਸ਼ਾਸਨ ਵਿਚ ਢਿੱਲਾਂ ਅਤੇ ਖੁੱਲਾਂ ਲੈਣ ਦੇ ਹਾਮੀ ਸਨ, ਉਹ ਮਹਾਂਯਾਨੀ ਕਹਿਲਾਏ ਅਤੇ ਜਿਹੜੇ ਮੂਲ ਬੁੱਧ ਧਰਮ ਦੇ ਤਪ-ਤਿਆਗ ਅਤੇ ਕਰੜੇ ਸੰਜਮ ਦੇ ਪੈਰੋਕਾਰ ਸਨ, ਉਹ ਹੀਨਯਾਨੀ ਕਹਿਲਾਏ। ਮਹਾਂਯਾਨ ਬਹੁਤ ਜ਼ਿਆਦਾ ਫੈਲਿਆ ਅਤੇ ਕਈ ਸਦੀਆਂ ਤੱਕ ਹਿੰਦੂ ਧਰਮ ਦੇ ਸੰਪਰਕ ਵਿਚ ਰਹਿਣ ਕਰਕੇ ਇਸ ਪੂਜਾ-ਅਰਚਾ ਵਿਚ ਹਿੰਦੂ ਪ੍ਰਭਾਵ ਆਉਣੇ ਸ਼ੁਰੂ ਹੋ ਗਏ। ਖੁੱਲ੍ਹਾਂ ਲੈਣ ਦੇ ਸੁਭਾਅ ਕਾਰਨ ਅਤੇ ਤੰਤ੍ਰ ਤੇ ਵੈਸ਼ਨਵ ਸੰਪ੍ਰਦਾਵਾਂ ਦੇ ਨੇੜੇ ਹੋਣ ਕਾਰਨ ਬੋਧੀ ਜੀਵਨ-ਚਰਯਾ ਵਿਚ ਇਸਤਰੀਆਂ ਦਾ ਪ੍ਰਵੇਸ਼ ਵੀ ਹੋ ਗਿਆ ਅਤੇ ਮਹਾਂਯਾਨੀ ਸਿੱਧਾਂ ਦੀਆਂ ਕਈ ਸੰਪਰਦਾਵਾਂ ਬਣ ਗਈਆਂ ਜਿਹੜੇ ਭੋਗ-ਵਿਲਾਸ ਨੂੰ ਹੀ ਮਹਾਂ ਸੁਖ ਅਤੇ ਸੰਸਾਰ ਤੋਂ ਪਾਰ ਜਾਣ ਦਾ ਸਾਧਨ ਮੰਨਣ ਲੱਗ ਪਏ। ਇਨ੍ਹਾਂ ਸਿੱਧਾਂ ਦਾ ਕਾਵਿ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ ਪਾਇਆ ਜਾਂਦਾ ਹੈ। ਸਿੱਧਾਂ ਦੀ ਇੰਦ੍ਰਿਆਵੀ ਸੁਖਾਂ ਪ੍ਰਤੀ ਲੀਨਤਾ ਦੇ ਵਿਦਰੋਹ ਵਿਚ ਨਾਥ ਖੜ੍ਹੇ ਹੋਏ ਅਤੇ ਇਨ੍ਹਾਂ ਨੇ ਜਿਥੇ ਉਚ-ਨੀਚ ਦੇ ਭੇਦ-ਭਾਵ ਦੇ ਖਿਲਾਫ ਆਵਾਜ਼ ਉਠਾਈ, ਉਥੇ ਨਾਲ ਹੀ ਨਾਲ ਇਸਤਰੀ ਜਾਤੀ ਨੂੰ ਵੀ ਸਭ ਤੋਂ ਬੁਰਾ ਕਿਹਾ। ਇਸਤਰੀ ਨੂੰ ਨਾਗਿਨ, ਬਾਘਿਨ, ਚੰਡਾਲਨੀ ਆਦਿ ਦੱਸਦੇ ਹੋਏ ਉਸ ਤੋਂ ਦੂਰ ਰਹਿਣ ਦੇ ਉਪਦੇਸ਼ ਦਿੱਤੇ। ਨਾਥ ਸ਼ਿਵ ਦੀ ਉਪਾਸ਼ਨਾ ਕਰਨ ਵਾਲੇ ਸਨ ਅਤੇ ਇਨ੍ਹਾਂ ਦੀ ਸਾਧਨਾ-ਪੱਧਤੀ ਵਿਚ ਤੰਤ੍ਰ-ਮੰਤ੍ਰ ਤੇ ਯੋਗ-ਸਾਧਨਾ ਦਾ ਬਹੁਤ ਮਹੱਤਵ ਸੀ। ਇਸ ਲਈ ਇਨ੍ਹਾਂ ਨੂੰ ਯੋਗੀ ਵੀ ਕਿਹਾ ਜਾਂਦਾ ਸੀ।

ਈਸਵੀ ਸੰਨ ਦੇ ਪਹਿਲੇ ਦਹਾਕੇ ਦੀਆਂ ਪਹਿਲੀਆਂ ਸਦੀਆਂ ਵਿਚ ਮਹਾਂਯਾਨੀ ਬੁੱਧ ਧਰਮ ਤੇ ਵੈਸ਼ਨਵ, ਸ਼ੈਵ ਮੱਤਾਂ ਦੇ ਮੇਲ-ਮਿਲਾਪ ਸਦਕਾ ਜਿਹੜਾ ਤੰਤ੍ਰ-ਮੰਤ੍ਰਾਂ ਨਾਲ ਪਰਿਪੂਰਨ ਸਿੱਧ ਮੱਤ ਅਤੇ ਬਾਅਦ ਵਿਚ ਨਾਥ ਮੱਤ ਪ੍ਰਚਲਤ ਹੋ ਕੇ ਵਿਆਪਕ ਰੂਪ ਵਿਚ ਪ੍ਰਭਾਵਸ਼ਾਲੀ ਰਿਹਾ ਸੀ, ਉਹ ਦਸਵੀਂ ਸਦੀ ਤੱਕ ਸਮਾਪਤੀ ਵੱਲ ਵਧ ਰਿਹਾ ਸੀ ਤੇ ਹੁਣ ਉਹ ਸੰਤ ਭਗਤ ਦੇ ਮੱਤਾਂ-ਮਤਾਂਤਰਾ ਦੇ ਰੂਪ ਵਿਚ ਦੱਖਣ ਵੱਲ ਵਧ ਚੁੱਕਾ ਸੀ। ਦੱਖਣੀ ਭਾਰਤ ਵਿਚ ਪਹਿਲਾਂ ਕੁਝ ਅਜਿਹੇ ਸੰਤ ਸਾਹਮਣੇ ਆਏ, ਜਿਹੜੇ ਸ਼ਾਇਦ ਬਹੁਤ ਪੜ੍ਹੇ-ਲਿਖੇ ਨਹੀਂ ਸਨ ਅਤੇ ਇਨ੍ਹਾਂ ਵਿਚੋਂ ਬਹੁਤੇ ਤਾਮਿਲ ਪ੍ਰਦੇਸ਼ ਦੇ ਨਿਵਾਸੀ ਸਨ। ਇਨ੍ਹਾਂ ਦਾ ਜੀਵਨ ਬਹੁਤ ਹੀ

ਸਿੱਧਾ-ਸਾਦਾ ਅਤੇ ਸਰਲ ਸੀ ਅਤੇ ਇਨ੍ਹਾਂ ਦੀ ਸਾਧਨਾ ਗੀਤਾਂ ਅਤੇ ਭਜਨਾਂ ਦੇ ਗਾਇਨ ਤੱਕ ਹੀ ਸੀਮਿਤ ਸੀ। ਇਨ੍ਹਾਂ ਵਿਚੋਂ ਕੁਝ ਨੂੰ 'ਆਡਵਾਰ' ਕਿਹਾ ਜਾਂਦਾ ਸੀ। ਆਡਵਾਰ ਸ਼ਾਇਦ ਅਜਿਹੇ ਮਹਾਤਮਾ ਨੂੰ ਸਮਝਿਆ ਜਾਂਦਾ ਸੀ, ਜਿਸ ਨੇ ਈਸ਼ਵਰੀ ਗਿਆਨ ਤੇ ਭਗਤੀ ਦੇ ਸਮੁੰਦਰ ਵਿਚ ਪੂਰਨ ਇਸ਼ਨਾਨ ਕਰ ਲਿਆ ਹੋਵੇ ਅਤੇ ਜਿਹੜਾ ਪਰਮਾਤਮਾ ਦੇ ਧਿਆਨ ਵਿਚ ਹੀ ਨਿਰੰਤਰ ਲੀਨ ਰਹਿੰਦਾ ਹੋਵੇ। ਬਾਅਦ ਵਿਚ 'ਸੰਤ' ਸ਼ਬਦ ਦੀ ਤਰ੍ਹਾਂ ਆਡਵਾਰ ਸ਼ਬਦ ਵੀ ਕੇਵਲ ਅਜਿਹੇ ਭਗਤਾਂ ਲਈ ਹੀ ਪੱਕਾ ਹੋ ਗਿਆ। ਇਨ੍ਹਾਂ ਦੀ ਸੰਖਿਆ 12 ਸੀ ਅਤੇ ਇਹ ਦੱਖਣੀ ਭਾਰਤ ਦੇ ਭਿੰਨ-ਭਿੰਨ ਸਥਾਨਾਂ ਦੇ ਨਿਵਾਸੀ ਸਨ। ਇਨ੍ਹਾਂ ਦਾ ਕੋਈ ਸੰਪ੍ਰਦਾਇਕ ਸਿਲਸਿਲਾ ਤਾਂ ਨਹੀਂ ਸੀ, ਪ੍ਰੰਤੂ ਇਨ੍ਹਾਂ ਦੀ ਅਧਿਆਤਮਕ ਅਨੁਭਵਾਂ ਦੇ ਆਧਾਰ 'ਤੇ ਜਿੰਨ੍ਹਾਂ ਪਦਾਂ ਦੀ ਇਨ੍ਹਾਂ ਰਚਨਾ ਕੀਤੀ, ਉਨ੍ਹਾਂ ਦਾ ਇਕ ਸੰਗ੍ਰਹਿ ਤਾਮਿਲ ਭਾਸ਼ਾ ਵਿਚ 'ਪ੍ਰਬੰਧਮ' ਨਾਂ ਨਾਲ ਪ੍ਰਸਿੱਧ ਹੈ। ਤਾਮਿਲ ਪ੍ਰਦੇਸ਼ ਵਿਚ ਇਸ ਪ੍ਰਬੰਧਮ ਨੂੰ ਤਾਮਿਲ ਵੇਦ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਖਾਸ ਧਾਰਮਿਕ ਉਤਸਵਾਂ ਉੱਤੇ ਇਨ੍ਹਾਂ ਦਾ ਪਾਠ ਕੀਤਾ ਜਾਂਦਾ ਹੈ।

ਆਡਵਾਰ ਸੰਤਾਂ ਤੋਂ ਬਾਅਦ ਦੱਖਣ ਭਾਰਤ ਵਿਚ ਪ੍ਰਬੰਧਮ ਤੋਂ ਹੀ ਪ੍ਰਭਾਵਿਤ ਬਹੁਤ ਸਾਰੇ ਸੰਤ ਅਤੇ ਵੈਸ਼ਨਵ ਆਚਾਰਿਆਂ ਵੀ ਹੋਏ ਹਨ। ਇਨ੍ਹਾਂ ਵਿਚ ਨਾਥ ਮੁਨੀ ਸਭ ਤੋਂ ਪਹਿਲੇ ਹਨ ਜਿਹੜੇ 10ਵੀਂ ਸਦੀ ਵਿਚ ਹੋਏ ਹਨ ਅਤੇ ਇਨ੍ਹਾਂ ਨੇ ਆਡਵਾਰ ਸੰਤਾਂ ਦੇ ਚਾਰ ਹਜ਼ਾਰ ਪਦਾਂ ਨੂੰ ਚਾਰ ਹਿੱਸਿਆਂ ਵਿਚ ਸੰਪਾਦਿਤ ਕੀਤਾ। ਨਾਥ ਮੁਨੀ ਤੋਂ ਬਾਅਦ ਯਾਮੁਨਾਚਾਰਯ ਅਤੇ ਇਨ੍ਹਾਂ ਤੋਂ ਬਾਅਦ ਰਾਮਾਨੁਜ ਹੋਏ ਹਨ, ਜਿਨ੍ਹਾਂ ਨੇ ਆਡਵਾਰਾਂ ਦੇ ਪ੍ਰਬੰਧਮ ਦਾ ਬੜੀ ਨਿਸ਼ਠਾ ਪੂਰਵਕ ਅਧਿਐਨ ਕੀਤਾ ਅਤੇ ਉੱਤਰੀ ਭਾਰਤ ਤੱਕ ਪਹੁੰਚ ਕੇ ਅਨੇਕਾਂ ਤੀਰਥਾਂ ਦੀ ਯਾਤਰਾ ਕੀਤੀ। ਇਨ੍ਹਾਂ ਨੇ ਸੰਸਕ੍ਰਿਤ ਵਿਚ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ ਅਤੇ ਸ੍ਰੀ ਸੰਪਰਦਾਇ ਨਾਂ ਦੀ ਇਕ ਸੰਪਰਦਾ ਚਲਾਈ। ਰਾਮਾਨੁਜ ਵਿਦਵਾਨ ਸਨ ਅਤੇ ਬੇਸ਼ੱਕ ਇਨ੍ਹਾਂ ਨੇ ਇਸਤਰੀ ਸਿਖਿਆ ਨੂੰ ਉਤਸ਼ਾਹਿਤ ਕੀਤਾ, ਪਰ ਫਿਰ ਵੀ ਜਾਤ-ਪਾਤ ਨੂੰ ਇਹ ਕਿਸੇ ਸੀਮਾ ਤੱਕ ਮੰਨਦੇ ਸਨ ਅਤੇ ਮੂਰਤੀ-ਪੂਜਾ ਦੇ ਵੀ ਹਾਮੀ ਸਨ। ਭੋਜਨ ਦੇ ਪਕਾਉਣ ਅਤੇ ਖਾਣ ਵਿਚ ਇਸ ਸੰਪ੍ਰਦਾ ਦੇ ਆਪਣੇ ਹੀ ਵਿਸ਼ੇਸ਼ ਕਰੜੇ ਨਿਯਮ ਸਨ। ਇਨ੍ਹਾਂ ਦੇ ਹੀ ਪੰਜਵੇਂ ਥਾਂ ਤੇ ਇਨ੍ਹਾਂ ਦੇ ਚੇਲੇ ਰਾਮਾਨੰਦ ਹੋਏ ਜਿਹੜੇ ਇਲਾਹਾਬਾਦ ਦੇ ਨਿਵਾਸੀ ਸਨ। ਰਾਮਾਨੰਦ ਨੇ ਵੀ ਤੁਰ-ਫਿਰ ਕੇ ਪ੍ਰਚਾਰ ਕੀਤਾ। ਭੋਜਨ ਪ੍ਰਤੀ ਲੋੜੋਂ ਵੱਧ ਸੁੱਚਮਤਾ ਅਤੇ ਹੋਰ ਕਰਮ-ਕਾਂਡਾਂ ਨੂੰ ਇਹ ਸਵੀਕਾਰ ਨਾ ਕਰ ਸਕੇ ਅਤੇ ਅੰਤ ਵਿਚ ਸ੍ਰੀ ਸੰਪ੍ਰਦਾ ਤੋਂ ਨਿਖੜ ਕੇ ਇਨ੍ਹਾਂ ਨੇ ਉਦਾਰ ਬਿਰਤੀ ਵਾਲੀ ਇਕ ਰਾਮਾਨੰਦੀ ਸੰਪ੍ਰਦਾ ਚਲਾਈ। ਇਨ੍ਹਾਂ ਦੇ ਬਾਰਾਂ ਪ੍ਰਮੁੱਖ ਚੇਲਿਆਂ ਵਿਚੋਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਧੰਨਾ, ਭਗਤ ਸੈਨ ਆਦਿ ਪ੍ਰਸਿਧ ਹਨ। ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਦੇ ਸਮੇਂ ਤੱਕ ਭਾਰਤ ਵਿਚ ਮੁਸਲਮਾਨ ਵੀ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੇ ਸਨ ਅਤੇ ਮੁਗ਼ਲਾਂ ਦੀ ਆਮਦ ਅਜੇ ਬਾਕੀ ਸੀ। ਬਾਬਰ ਪਹਿਲਾ ਮੁਗ਼ਲ ਬਾਦਸ਼ਾਹ ਜਿਸ ਨੇ ਸੰਨ 1526 ਵਿਚ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਧੀ ਨੂੰ ਹਰਾ ਕੇ ਭਾਰਤ ਵਿਚ ਮੁਗ਼ਲ ਬਾਦਸ਼ਾਹਤ ਦੀ ਨੀਂਹ ਰੱਖੀ ਸੀ। 9ਵੀਂ 10ਵੀਂ ਸਦੀ ਤੋਂ ਹੀ ਮੁਸਲਮਾਨ ਹਮਲਾਵਰਾਂ ਦੇ ਨਾਲ ਸੂਫੀ ਸੰਤਾਂ ਨੇ ਭਾਰਤ ਵਿਚ ਆਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਹ

ਨਿਰਗੁਣ-ਮਾਰਗੀ ਸੰਤ ਕੇਵਲ ਗਿਆਨ ਨੂੰ ਹੀ ਪ੍ਰਭੂ-ਮਿਲਣ ਦਾ ਆਧਾਰ ਨਾ ਮੰਨ ਕੇ ਪ੍ਰੇਮ ਮਾਰਗ ਨੂੰ ਆਪਨਾਉਣ ਦੀ ਗੱਲ ਕਰਦੇ ਸਨ। ਇਨ੍ਹਾਂ ਵਿਚੋਂ ਹੀ ਪੰਜਾਬ ਵਿਚ ਚਿਸ਼ਤੀ ਸੰਪ੍ਰਦਾ ਨਾਲ ਸੰਬੰਧਤ ਬਾਬਾ ਫਰੀਦ ਅਤੇ ਬਾਅਦ ਦੇ ਹੋਰਨਾਂ ਸੰਪਰਦਾਵਾਂ ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਆਦਿ ਅਤੇ ਉੱਤਰ ਪ੍ਰਦੇਸ਼ ਵਿਚ ਕੁਤਬਨ, ਮੰਝਨ, ਮਲਿਕ ਮੁਹੰਮਦ ਜਾਯਸੀ ਆਦਿ ਦੇ ਨਾਂ ਵਿਸ਼ੇਸ਼ ਉਲੇਖ ਕਰਨ ਯੋਗ ਹਨ। ਇਨ੍ਹਾਂ ਸੂਫੀਆਂ ਨੇ ਭਾਰਤੀ ਕਥਾਨਕਾਂ ਉੱਤੇ ਆਧਾਰਤ ਕਥਾਵਾਂ ਲਿਖ ਕੇ ਜਾਂ ਮੁਕਤਕ ਰੂਪ ਵਿਚ ਵੀ ਰਚਨਾਵਾਂ ਕਰ ਕੇ ਜਾਤ-ਪਾਤ, ਊਚ-ਨੀਚ ਦੇ ਵਿਚਾਰਾਂ ਤੋਂ ਲੋਕਾਂ ਨੂੰ ਮੁਕਤ ਕਰਨ ਦਾ ਪ੍ਰੇਮ ਪੂਰਨ ਉਪਰਾਲਾ ਕੀਤਾ ਅਤੇ ਇਸ ਤਰ੍ਹਾਂ ਨਾਲ ਇਸਲਾਮ ਦਾ ਵੀ ਪ੍ਰਚਾਰ ਕਰਨ ਵਿਚ ਇਹ ਕਾਫੀ ਕਾਮਯਾਬ ਹੋਏ।

ਸੰਤਾਂ ਦੀ ਵਿਚਾਰਧਾਰਾ ਉੱਤੇ ਜਿੱਥੇ ਦੱਖਣ ਭਾਰਤੀ ਸੰਤਾਂ ਦਾ, ਉੱਤਰ ਭਾਰਤੀ ਵੈਸ਼ਨਵ ਸੰਪਰਦਾਵਾਂ ਦਾ, ਨਾਥਾਂ ਦਾ, ਜੋਗੀਆਂ ਦਾ ਕਾਫੀ ਪ੍ਰਭਾਵ ਪਿਆ ਹੈ ਅਤੇ ਜੈਦੇਵ, ਨਾਮਦੇਵ, ਕਬੀਰ, ਰਾਮਾਨੰਦ, ਪੀਪਾ, ਸਧਨਾ, ਰੱਜਬਦਾਸ, ਸੁੰਦਰਦਾਸ, ਮਲੂਕਦਾਸ ਆਦਿ ਅਨੇਕਾਂ ਸੰਤਾਂ ਨੇ ਜਿਥੇ ਸਮੇਂ ਅਤੇ ਸਥਾਨ ਦੇ ਅਨੁਸਾਰ ਉਸ ਨੂੰ ਅਪਣਾਇਆ ਹੈ ਅਤੇ ਉਸ ਵਿਚ ਜਿੱਥੇ ਆਪਣੀਆਂ ਅਨੁਭੂਤੀਆਂ ਦਾ ਵੀ ਸਮਾਵੇਸ਼ ਕੀਤਾ ਹੈ, ਉਥੇ ਇਨ੍ਹਾਂ ਉੱਤੇ ਬੁੱਧ ਧਰਮ ਦਾ ਪ੍ਰਭਾਵ ਵੀ ਬੜਾ ਸਪੱਸ਼ਟ ਹੈ। ਬੁੱਧ ਧਰਮ ਨੇ ਤਾਂ ਦਰਅਸਲ ਵੇਦਾਂਤ ਦਰਸ਼ਨ ਦੇ ਮੋਢੀ ਵਿਆਖਿਆਕਾਰ ਸ਼ੰਕਰਾਯਾਰਯ ਨੂੰ ਵੀ ਪ੍ਰਭਾਵਤ ਕੀਤਾ ਹੈ। ਬੁੱਧ ਧਰਮ ਇਕ ਬੁੱਧੀਵਾਦੀ ਧਰਮ ਹੈ ਅਤੇ ਬੁੱਧ ਧਰਮ ਦੀ ਗਿਆਨ ਅਤੇ ਬੌਧਕਤਾ ਦੀ ਤੜਪ ਸੰਤਾਂ ਨੂੰ ਬਹੁਤ ਹੀ ਰੁਚੀਕਾਰ ਪ੍ਰਤੀਤ ਹੋਈ ਹੈ। ਨਿਰਗੁਣਵਾਦੀਆਂ ਦੀ ਗਿਆਨ ਆਸਰੀ ਸ਼ਾਖਾ ਦੇ ਭਗਤ ਕਬੀਰ, ਭਗਤ ਰਵਿਦਾਸ ਆਦਿ ਭਗਤਾਂ ਨੇ ਬਿਬੇਕ ਬੁੱਧੀ ਦੀ ਮਹੱਤਤਾ ਉੱਤੇ ਕਾਫੀ ਜ਼ੋਰ ਦਿੱਤਾ ਹੈ। ਇਨ੍ਹਾਂ ਸੰਤਾਂ ਨੇ ਜੋ ਕੁਝ ਵੀ ਉਚਾਰਨ ਕੀਤਾ ਹੈ ਉਹ ਪਰੰਪਰਿਕ ਲੋਕ ਰੀਤਾਂ ਅਤੇ ਵੇਦ ਵੇਦਾਂਗ ਪ੍ਰਤੀ ਅੰਨ੍ਹੀ ਸ਼ਰਧਾ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਵਿਚ ਸਹਾਈ ਹੋਇਆ ਹੈ। ਵੈਦਿਕ ਕਰਮ-ਕਾਂਡ ਪ੍ਰਤੀ ਵੀ ਇਨ੍ਹਾਂ ਸੰਤਾਂ ਦੇ ਮੱਤ ਵਿਚ ਤਿੱਖਾ ਕਟਾਕਸ਼ ਮਿਲਦਾ ਹੈ। ਸੰਤਾਂ ਦੇ ਇਸ ਬੁੱਧੀਵਾਦ ਨੇ ਹੀ ਬਾਅਦ ਵਿਚ ਕਈ ਕ੍ਰਾਂਤੀਕਾਰੀ ਬਦਲਾਵ ਲਿਆਉਣ ਵਿਚ ਸਹਾਇਤਾ ਕੀਤੀ ਹੈ। ਭਗਤ ਕਬੀਰ ਨੇ ਤਾਂ ਖੁੱਲ੍ਹਮ ਖੁੱਲ੍ਹਾ ਕਾਜ਼ੀ ਮੁੱਲਾਂ, ਪੰਡਿਤ ਆਦਿ ਦੀਆਂ ਗੱਲਾਂ ਨੂੰ ਤਿਆਗਣ ਅਤੇ ਉਸ ਦੇ ਉਲਟ ਚੱਲਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਅਨੁਸਾਰ:

"ਪੰਡਿਤ ਮੁਲਾਂ ਜੋ ਲਿਖਿ ਦੀਆ।।
ਛਾਡਿ ਚਲੇ ਹਮ ਕਛੂ ਨ ਲੀਆ।।"[54]

ਇਨ੍ਹਾਂ ਸਭ ਨੇ ਇਕ ਪਰਮਾਤਮਾ ਪ੍ਰਤੀਤ ਸਮਰਪਣ, ਸਰਬਾਂਗੀ ਭਾਈਚਾਰੇ ਅਤੇ ਜਾਤ-ਪਾਤ ਦੇ ਖਿਲਾਫ਼ ਆਵਾਜ਼ ਉਠਾਈ। ਇਨ੍ਹਾਂ ਦੀ ਆਵਾਜ਼ ਦਾ ਕੁਝ ਅਸਰ ਹੋਇਆ ਵੀ ਅਵੱਸ਼ ਪਰ ਜਿੰਨੀ ਕੁ ਕਰਾਰੀ ਚੋਟ ਦੀ ਲੋੜ ਉਸ ਸਮੇਂ ਦੇ ਧਾਰਮਿਕ ਅਤੇ ਸਮਾਜਕ ਢਾਂਚੇ ਨੂੰ ਸੀ, ਉਨ੍ਹਾਂ ਕੁਝ ਇਹ ਨਾ ਕਰ ਸਕੇ। ਪ੍ਰਸਿੱਧ ਇਤਿਹਾਸਕਾਰ ਜੇ.ਡੀ.ਕਨਿੰਘਮ ਦੇ ਸ਼ਬਦਾਂ ਵਿਚ ਇਸ ਤੱਥ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:

"ਰਾਮਾਨੰਦ ਅਤੇ ਗੋਰਖ ਨੇ ਧਾਰਮਿਕ ਏਕਤਾ ਦਾ ਉਪਦੇਸ਼ ਦਿੱਤਾ। ਚੈਤੰਨਯ ਨੇ ਉਸ ਧਰਮ ਦਾ ਪ੍ਰਤੀਪਾਦਨ ਕੀਤਾ, ਜਿਸ ਨਾਲ ਜਾਤਾਂ ਆਮ ਪੱਧਰ 'ਤੇ ਆਈਆਂ। ਭਗਤ ਕਬੀਰ ਨੇ ਮੂਰਤੀ ਪੂਜਾ ਦੀ ਮਨਾਹੀ ਵਲਭਾਚਾਰਯ ਨੇ ਆਪਣੀਆਂ ਸਿੱਖਿਆਵਾਂ ਵਿਚ ਭਗਤੀ ਅਤੇ ਧਰਮ ਦਾ ਤਾਲ-ਮੇਲ ਸਥਾਪਿਤ ਕੀਤਾ ਪਰ ਇਹ ਮਹਾਨ ਸੁਧਾਰਕ ਜੀਵਨ ਦੀ ਖਿਨ-ਭੰਗਰਤਾ ਤੋਂ ਇੰਨੇ ਜ਼ਿਆਦਾ ਪ੍ਰਭਾਵਿਤ ਸਨ ਕਿ ਉਨ੍ਹਾਂ ਦੇ ਪ੍ਰਚਾਰ ਦਾ ਉਦੇਸ਼ ਕੇਵਲ ਬ੍ਰਾਹਮਣ ਵਰਗ ਦੀ ਮਲਕੀਅਤ ਤੋਂ ਛੁਟਕਾਰਾ ਦਿਵਾਉਣਾ, ਮੂਰਤੀ-ਪੂਜਾ ਅਤੇ ਬਹੁ-ਦੇਵ-ਵਾਦ ਦੀ ਸਥੂਲਤਾ ਦਿਖਾਉਣਾ ਹੀ ਸੀ। ਉਨ੍ਹਾਂ ਨੇ ਵੈਰਾਗੀ ਤੇ ਸ਼ਾਂਤ ਪੁਰਸ਼ਾਂ ਦਾ ਸੰਗਠਨ ਤਾਂ ਕੀਤਾ ਅਤੇ ਆਤਮ-ਆਨੰਦ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਤਿਆਗ ਦਿੱਤਾ ਪਰ ਆਪਣੇ ਭਰਾਵਾਂ ਨੂੰ ਸਮਾਜਕ ਅਤੇ ਧਾਰਮਿਕ ਬੰਧਨਾਂ ਨੂੰ ਤੋੜਨ ਦਾ ਅਜਿਹਾ ਉਪਦੇਸ਼ ਨਾ ਦੇ ਸਕੇ, ਜਿਸ ਨਾਲ ਅਜਿਹੇ ਸਮਾਜ ਦਾ ਨਿਰਮਾਣ ਹੁੰਦਾ ਹੈ, ਜਿਹੜਾ ਰੂੜੀਵਾਦੀ ਪਰੰਪਰਾਵਾਂ ਅਤੇ ਆਡੰਬਰਾਂ ਤੋਂ ਵਿਹੀਨ ਹੁੰਦਾ ਹੈ। ਉਨ੍ਹਾਂ ਆਪਣੇ ਮੱਤਾਂ ਵਿਚ ਤਰਕ-ਵਿਤਰਕ, ਵਾਦ-ਵਿਵਾਦ ਉੱਤੇ ਤਾਂ ਵਿਸ਼ੇਸ਼ ਬਲ ਦਿੱਤਾ ਪਰ ਅਜਿਹੇ ਉਪਦੇਸ਼ ਨਾ ਦਿੱਤੇ, ਜਿਹੜੇ ਰਾਸ਼ਟਰ ਨਿਰਮਾਣ ਦਾ ਬੀਜ ਬੀਜਣ ਦਾ ਕੰਮ ਕਰਦੇ। ਇਹੋ ਕਾਰਨ ਹੈ ਕਿ ਉਨ੍ਹਾਂ ਦੀਆਂ ਸੰਪ੍ਰਦਾਵਾਂ ਵਿਕਸਤ ਨ ਹੋਈਆਂ ਅਤੇ ਉਥੇ ਦੀਆਂ ਉਥੇ ਹੀ ਰਹਿ ਗਈਆਂ।"[55]

ਸੰਤ-ਭਗਤ ਪਰੰਪਰਾ ਵਿਚੋਂ ਉਨ੍ਹਾਂ ਸੰਤ-ਭਗਤਾਂ ਨੂੰ ਸਦੀਵਤਾ ਪ੍ਰਾਪਤ ਹੋਈ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ।

ਉੱਤਰੀ ਭਾਰਤ ਦੀ ਇਸ ਮਹਾਨ ਸੰਤ ਪਰੰਪਰਾ ਨੂੰ ਜਦੋਂ ਇਸ ਦ੍ਰਿਸ਼ਟੀਕੋਣ ਤੋਂ ਵਿਚਾਰਦੇ ਹਾਂ ਤਾਂ ਕਿਹਾ ਜਾ ਸਕਦਾ ਕਿ ਨਾ ਇਕੱਲਾ ਕਬੀਰ, ਨਾ ਨਾਮਦੇਵ, ਨਾ ਜੈਦੇਵ, ਅਤੇ ਨਾ ਕੋਈ ਹੋਰ ਭਗਤ ਇਸ ਦਾ ਸੰਚਾਲਕ ਹੈ, ਸਗੋਂ ਸਾਡੀ ਧਾਰਨਾ ਹੈ ਕਿ ਸਰਗੁਣ ਨਿਰਾਕਾਰ ਪ੍ਰਭੂ ਦੀ ਭਗਤੀ ਦੇ ਬੀਜ ਸਦੀਆਂ ਪਹਿਲਾਂ ਉੱਤਰੀ ਭਾਰਤ ਦੀ ਭੂਮੀ ਹੇਠ ਬੀਜ ਦਿੱਤੇ ਗਏ ਸਨ। ਸ਼ੰਕਰ ਅਦ੍ਵੈਤਵਾਦ ਤੇ ਨਾਥ ਯੋਗੀਆਂ ਦੀ ਨਿਰਾਕਾਰ ਪਰਮਾਤਮਾ ਵਿਚ ਆਸਥਾ ਇਸ ਦੇ ਸਪਸ਼ਟ ਪ੍ਰਮਾਣ ਮਿਲਦੇ ਹਨ। ਇਸ ਪਰੰਪਰਾ ਦੀ ਵਿਸ਼ੇਸ਼ ਪ੍ਰਾਪਤੀ ਇਹ ਹੈ ਕਿ ਇਸ ਦੇ ਪ੍ਰਚਾਰਕਾਂ ਅਤੇ ਪ੍ਰਸਾਰਕਾਂ ਨੇ 'ਸਰਗੁਣ ਨਿਰਾਕਾਰ' ਪ੍ਰਭੂ ਦੀ ਭਗਤੀ ਨੂੰ ਜਨ-ਸਧਾਰਨ ਦੀ ਪਹੁੰਚ ਵਿਚ ਕਰ ਦਿੱਤਾ। ਤਤਕਾਲੀਨ ਉੱਤਰੀ ਭਾਰਤ ਦੀਆਂ ਪਤਨਮੁਖੀ ਪਰਿਸਥਿਤੀਆਂ ਨੂੰ ਧਿਆਨਗੋਚਰ

ਰੱਖਦਿਆਂ ਇਨ੍ਹਾਂ ਭਗਤਾਂ ਨੇ ਇਕ ਅਜਿਹੀ ਪਰੰਪਰਾ ਦਾ ਮੁੱਢ ਬੰਨ੍ਹਿਆ ਜਿਸ ਵਿਚ ਅਧਿਆਤਮਿਕਤਾ ਅਤੇ ਸੰਸਾਰਿਕਤਾ ਦੇ ਸੁਮੇਲ ਦੇ ਨਾਲ ਸਮੂਹ ਮਾਨਵ ਜਾਤੀ ਨੂੰ ਪ੍ਰਭੂ-ਭਗਤੀ ਦਾ ਅਧਿਕਾਰ ਹਾਸਲ ਹੋ ਸਕਿਆ। ਸਮਾਜਕ ਢਾਂਚੇ ਵਿਚ ਗਿਰਾਵਟ, ਵਰਣ-ਆਸ਼ਰਮ ਸਮਾਜ ਦਾ ਬੋਲ ਬਾਲਾ, ਬਾਹਰੀ ਅਡੰਬਰਾਂ ਤੇ ਕਰਮ-ਕਾਂਡ ਦੀ ਪ੍ਰਧਾਨਤਾ ਤੇ ਮਾਨਵ ਗੌਰਵ ਨੂੰ ਖ਼ਤਮ ਹੁੰਦਾ ਦੇਖ ਕੇ ਇਨ੍ਹਾਂ ਸਾਧਕਾਂ ਨੇ ਆਪਣੀ ਰਹੱਸਵਾਦੀ ਅਨੁਭੂਤੀ ਨੂੰ, ਮਨੁੱਖਤਾ ਦੇ ਸੁਧਾਰ ਅਤੇ ਉਧਾਰ ਹਿਤ, ਆਪਣੀ ਬਾਣੀ ਰਾਹੀਂ ਰੂਪਮਾਨ ਕੀਤਾ। ਇਸ ਪ੍ਰਕਾਰ, ਭਗਤੀ ਕਿਸੇ ਫ਼ਲਸਫੇ, ਵਿਚਾਰਧਾਰਾ ਜਾਂ ਨਿਰੋਲ ਸੰਕਲਪ ਦਾ ਵਿਸ਼ਾ ਨਾ ਰਹਿ ਕੇ ਹਰ ਵਿਅਕਤੀ ਦੀ ਅਮਲੀ ਜ਼ਿੰਦਗੀ ਦਾ ਹਿੱਸਾ ਬਣ ਗਈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਬਾਣੀ ਦੇ ਆਧਾਰ ’ਤੇ ਸਗੁਣ ਨਿਰਾਕਾਰ ਭਗਤੀ ਪਰੰਪਰਾ ਦਾ ਆਰੰਭ ਜੈਦੇਵ ਦੀ ਬਾਣੀ ਨਾਲ ਹੋ ਜਾਂਦਾ ਹੈ। ਭਗਤ ਨਾਮਦੇਵ, ਭਗਤ ਤ੍ਰਿਲੋਚਨ, ਭਗਤ ਰਾਮਾਨੰਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਸਧਨਾ, ਭਗਤ ਸੈਨ ਆਦਿ ਦੀ ਬਾਣੀ ਨਾਲ ਇਹ ਪਰੰਪਰਾ ਆਪਣੇ ਸਿਖਰ ਨੂੰ ਛੂੰਹਦੀ ਹੈ। ਸਮਕਾਲੀਨ ਪਰਿਸਥਿਤੀਆਂ ਨਾਲ ਡੱਟ ਕੇ ਟੱਕਰ ਲੈਣ ਵਾਲੇ ਭਗਤ ਕਬੀਰ ਜੀ ਦੀ ਬਾਣੀ ਨਾਲ ਇਹ ਆਪਣੇ ਪੂਰੇ ਜੋਬਨ ’ਤੇ ਪਹੁੰਚਦੀ ਹੈ, ਕਿਉਂਕਿ ਜਿਸ ਤੀਬਰਤਾ ਅਤੇ ਨਿਡਰਤਾ ਨਾਲ ਭਗਤ ਕਬੀਰ ਨੇ ਤੱਤਕਾਲੀਨ ਸਮਾਜ ਦੇ ਆਗੂਆਂ ਨਾਲ ਟੱਕਰ ਲਈ ਉਹ ਆਪਣੀ ਉਦਾਹਰਨ ਆਪ ਹੈ। ਇੰਞ, ਸੰਤ (ਭਗਤ) ਪਰੰਪਰਾ ਭਗਤ ਰਵਿਦਾਸ ਅਤੇ ਭਗਤ ਕਬੀਰ ਦੇ ਯੁੱਗ ਵਿਚ ਆਪਣੀ ਚਰਮ ਸੀਮਾ ਨੂੰ ਪ੍ਰਾਪਤ ਕਰਦੀ ਹੈ। ਭਾਰਤ ਦੀ ਸੰਤ ਪਰੰਪਰਾ ਨੇ ਜਿਨ੍ਹਾਂ ਵਿਚ ਭਗਤਾਂ, ਸੂਫੀਆਂ ਸੰਤਾਂ ਗੁਰੂ ਸਾਹਿਬ ਦੇ ਨਿਕਟਵਤੀਆਂ ਦੀਆਂ ਆਪਣੀ ਬਾਣੀ ਰਾਹੀਂ, ਜੋ ਇਸ ਦਾ ਡੂੰਘਾ ਪ੍ਰਭਾਵ ਪਿਆ ਪ੍ਰਤੱਖ ਦਿਖਾਈ ਦਿੰਦਾ ਹੈ ਉਹ ਗਤੀ ਲਹਿਰ ਦੇ ਸੰਤਾਂ, ਭਗਤ ਕਵੀਆਂ ਵਿਚ ਸਭ ਤੋਂ ਵੱਡੀ ਇਹ ਗੱਲ ਕੀਤੀ ਕਿ ਮਨੁੱਖ ਵਿਚ ਦਿਸਦੇ ਭਿੰਨ-ਭੇਦਾਂ ਨੂੰ ਅੱਖੋਂ ਉਹਲੇ ਕਰਕੇ ਸਰਵ-ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਉੱਚਾ ਅਤੇ ਸੁੱਚਾ ਜੀਵਨ ਜਿਉਣ ਨਾਲ ਮਾਨਵ ਜੀਵ ਪਰਮਾਤਮਾ ਦੀ ਮਿਹਰ ਦਾ ਪਾਤਰ ਬਣ ਸਕਦਾ ਹੈ ਅਤੇ ਪਰਮਾਨੰਦ ਦੀ ਪ੍ਰਾਪਤੀ ਕਰ ਸਕਦਾ ਹੈ।

## ਅਧਿਆਇ - ੳ (੩)

## ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ

ਭਾਰਤ ਇਕ ਧਰਮ ਪ੍ਰਾਇਣ ਦੇਸ਼ ਹੈ ਅਤੇ ਇਥੋਂ ਦੇ ਕਣ-ਕਣ ਵਿਚ ਧਰਮ ਭਾਵਨਾ ਵਿਆਪਤ ਹੈ। ਉੱਦੇਸ਼ ਪਰਾਪਤੀ ਲਈ ਸਾਧਕਾਂ ਦੇ ਸਾਧਨਾਂ ਵਿਚ ਭਿੰਨਤਾ ਹੋ ਸਕਦੀ ਹੈ। ਹਰ ਜੀਵ ਦੀ ਜੀਵਨ ਸਾਧਨਾ ਇਕੋ ਹੈ। ਧਾਰਮਿਕ ਖੇਤਰ ਦੀ ਵੰਨ-ਸੁਵੰਨਤਾ ਨੇ ਕਈ ਦਾਰਸ਼ਨਿਕ ਵਾਦਾਂ ਅਤੇ ਧਾਰਮਿਕ ਮੱਤਾਂ ਨੂੰ ਜਨਮ ਦਿੱਤਾ।[56] ਇਨ੍ਹਾਂ ਵਿਚੋਂ ਇਕ ਭਗਤੀ ਮਾਰਗ ਵੀ ਹੈ। ਭਗਤੀ ਧਰਮ ਸਾਧਨਾਂ ਵਿਚ ਭਗਤੀ ਮਾਰਗ ਦਾ ਆਪਣਾ ਵਿਸ਼ੇਸ਼ ਧਾਰਮਿਕ, ਸਾਹਿਤਕ, ਸਮਾਜਕ ਤੇ ਸਾਂਸਕ੍ਰਿਤਕ ਮਹੱਤਵ ਰਿਹਾ ਹੈ ਅਤੇ ਇਸੇ ਲਈ ਭਗਤੀ ਮਾਰਗ ਨੇ ਭਾਰਤੀ ਸੰਸਕ੍ਰਿਤੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਭਾਰਤੀ ਧਰਮ ਸਾਧਨਾਂ ਵਿਚ ਭਗਤੀ ਮਾਰਗ ਦਾ ਵਿਸ਼ੇਸ਼ ਸਥਾਨ ਰਿਹਾ ਹੈ ਅਤੇ ਇਸ ਦੇ ਪ੍ਰਾਚੀਨ ਕਾਲ ਤੋਂ ਪ੍ਰਵਾਹਤ ਹੋਣ ਦੇ ਪ੍ਰਮਾਣ ਪ੍ਰਾਪਤ ਹੋ ਜਾਂਦੇ ਹਨ। ਵਿਦਵਾਨਾਂ ਨੇ ਭਗਤੀ ਮਾਰਗ ਦਾ ਨਿਖਰਵਾਂ ਰੂਪ ਤੇ ਸਿਖਰ ਚੌਦਵੀਂ ਤੋਂ ਸਤਾਰਵੀਂ ਸਦੀ ਨੂੰ ਪ੍ਰਵਾਨ ਕੀਤਾ ਹੈ।[57] ਇਹ ਤਿੰਨ ਸਦੀਆਂ ਭਗਤੀ ਮਾਰਗ ਤੇ ਭਗਤੀ ਸਾਹਿਤ ਦੀ ਚਰਮ ਸੀਮਾਂ ਮੰਨੀਆਂ ਜਾਂਦੀਆਂ ਹਨ। ਬਾਰ੍ਹਵੀਂ-ਤੇਰਵੀਂ ਸਦੀ ਦੇ ਭਗਤੀ ਸਾਹਿਤ ਨੂੰ ਮੁੱਖ ਰੱਖ ਕੇ ਆਖਿਆ ਜਾ ਸਕਦਾ ਹੈ ਕਿ ਇਹ ਦੋ ਸਦੀਆਂ ਭਗਤੀ ਸਾਹਿਤਧਾਰਾ ਦੀ ਮਹੱਤਵਪੂਰਨ ਪਿਠ-ਭੂਮੀ ਹੈ। ਅਗਰ ਇਨ੍ਹਾਂ ਦੋ ਸਦੀਆਂ ਵਿਚ ਭਗਤੀ ਸਾਹਿਤ ਸੰਬੰਧੀ ਇੰਨੀ ਚੇਤੰਨਤਾ ਨਾ ਆਉਂਦੀ ਤਾਂ ਚੌਧਵੀਂ ਤੋਂ ਸਤਾਰਵੀਂ ਸਦੀ ਦਾ ਭਗਤੀ ਸਾਹਿਤ ਇੰਨਾ ਉਘੜਵਾਂ ਨਾ ਹੁੰਦਾ। ਐਸੀ ਅਭਿਧਾਰਨਾ ਸਪੱਸ਼ਟ ਕਰਦੀ ਹੈ ਕਿ 12ਵੀਂ ਅਤੇ 13ਵੀਂ ਸਦੀ ਦਾ ਭਗਤੀ ਸਾਹਿਤ, ਪਿਛਲੇਰੀਆਂ ਤਿੰਨ ਸਦੀਆਂ ਦੇ ਭਗਤੀ ਸਾਹਿਤ ਦੀ ਆਧਾਰਸ਼ਿਲਾ ਹੈ। ਇਸੇ ਪ੍ਰਕਾਰ, ਗੁਰੂ ਨਾਨਕ ਕਾਲ ਦੇ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਗੁਰਮਤਿ ਸਾਹਿਤ ਦੀਆਂ ਜੜ੍ਹਾਂ ਵੀ, ਇਸੇ ਭਗਤੀ ਸਾਹਿਤ ਵਿਚ ਨਿਹਿਤ ਹਨ। ਪੂਰਵ-ਨਾਨਕ ਭਗਤਾਂ ਦਾ ਮੁਖ ਉੱਦੇਸ਼ ਬੁੱਧ ਮੱਤ, ਪੁਰਾਣ ਮੱਤ, ਉਪਨਿਸ਼ਦ ਮੱਤ ਤੇ ਸੂਫੀਆਂ ਦੀ ਤਿਆਗਵਾਦੀ ਵਿਚਾਰਧਾਰਾ ਨੂੰ ਇਸ ਅਨੁਪਾਤ ਵਿਚ ਮਿਸ਼ਰਤ ਕਰਨਾ ਸੀ, ਜੋ ਤਤਕਾਲੀਨ ਪਰਿਵਰਤਤ ਰਾਜਨੀਤਕ ਤੇ ਸਮਾਜਕ ਪਰਿਸਥਿਤੀਆਂ ਦੀ ਆਵੱਸ਼ਕਤਾ ਅਨੁਸਾਰ ਸੀ।[58] ਇਸੇ ਲਈ ਭਗਤੀ ਮਾਰਗ ਅਤੇ ਸਾਹਿਤ ਦਾ ਉਦਾਹਰਣ ਸਹਿਤ ਪ੍ਰਤਿਵਾਦਨ, ਗੁਰੂ ਨਾਨਕ ਦੇਵ ਜੀ ਵਿਚ ਸੁਵਿਸਤਾਰ ਹੋਇਆ ਮਿਲਦਾ ਹੈ।[59]

ਪੰਜਾਬੀ ਸਾਹਿਤ ਦੇ ਵਿਚਾਰਕਾਂ ਤੇ ਸਾਹਿਤ ਦੇ ਇਤਿਹਾਸਕਾਰਾਂ ਨੇ ਭਗਤੀ ਸਾਹਿਤ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ ਤੋਂ ਪੂਰਬਲੇ ਭਗਤੀ ਸਾਹਿਤ ਨੂੰ ਗੌਣ ਮਹਤੱਤਾ ਦਿੱਤੀ ਹੈ ਅਤੇ ਵਧੇਰੇ ਕਰਕੇ ਅੱਖੋਂ ਪ੍ਰੋਖੇ ਕੀਤਾ ਹੈ। ਇਸੇ ਲਈ ਐਸਾ ਅਧਿਐਨ ਕਈ ਮਹੱਤਵਪੂਰਨ ਨਿਸ਼ਕਰਸ਼ਾਂ ਨੂੰ ਉਜਾਗਰ ਕਰਨ ਦੀ ਸਮਰੱਥਾ ਰੱਖਦਾ ਹੈ। ਐਸੇ ਅਧਿਅਨ ਤੋਂ ਪੂਰਵ ਇਸ ਮਾਰਗ ਸੰਬੰਧੀ ਸੰਖਿਪਤ ਪ੍ਰੰਤੂ ਆਵੱਸ਼ਕ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਪ੍ਰਤੀਤ ਹੁੰਦੀ ਹੈ। ਜਿਨ੍ਹਾਂ ਭਗਤਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦਾ ਸਿੱਧਾ ਸੰਬੰਧ, ਪੰਜਾਬੀ ਭਾਸ਼ਾ ਜਾਂ ਖੇਤਰ ਨਾਲ ਨਹੀਂ ਰਿਹਾ। ਜੈਦੇਵ ਬੰਗਾਲ ਦੇ ਸਨ, ਤ੍ਰਿਲੋਚਨ-ਨਾਮਦੇਵ ਮਹਾਂਰਾਸ਼ਟਰੀ

ਸਨ, ਰਵਿਦਾਸ ਤੇ ਕਬੀਰ ਬਨਾਰਸ ਵਾਸੀ ਸਨ। ਇਥੋਂ ਤਕ ਕਿ ਨਾਮਦੇਵ ਨੂੰ ਮਰਾਠੀ ਸਾਹਿਤ ਦੇ ਪ੍ਰਾਰੰਭਿਕ ਯੋਗਦਾਨੀਆਂ ਵਿਚ ਰਖਿਆ ਜਾਂਦਾ ਹੈ। ਇੰਝ, ਇਨ੍ਹਾਂ ਭਗਤਾਂ ਦੀ ਇਕ ਤੋਂ ਵੱਧ, ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਇਤਿਹਾਸਾਂ ਵਿਚ ਚਰਚਾ ਮਿਲਦੀ ਹੈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਇਨ੍ਹਾਂ ਭਗਤਾਂ ਨੂੰ ਪੰਜਾਬੀ ਸਾਹਿਤ ਦੇ ਖੇਤਰ ਵਿਚ ਸੰਮਿਲਤ ਕੀਤਾ ਜਾ ਸਕਦਾ ਹੈ ਜਾਂ ਨਹੀਂ? ਸਾਡੀ ਦ੍ਰਿਸ਼ਟੀ ਤੋਂ ਇਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਖੇਤਰ ਵਿਚ ਸ਼ਾਮਿਲ ਕਰਨਾ ਆਵੱਸ਼ਕ ਹੈ ਅਤੇ ਇਸ ਦੇ ਤਿੰਨ ਪ੍ਰਮੁੱਖ ਕਾਰਨ ਨਿਰਧਾਰਤ ਕੀਤੇ ਜਾ ਸਕਦੇ ਹਨ:

(ੳ) ਭਗਤ ਜੈਦੇਵ, ਭਗਤ ਤ੍ਰਿਲੋਚਨ, ਭਗਤ ਨਾਮਦੇਵ, ਭਗਤ ਸਧਨਾ, ਭਗਤ ਰਾਮਾਨੰਦ, ਭਗਤ ਸੈਣ, ਭਗਤ ਰਵਿਦਾਸ, ਭਗਤ ਕਬੀਰ, ਭਗਤ ਧੰਨਾ, ਭਗਤ ਪੀਪਾ ਆਦਿ ਦੀਆਂ ਰਚਨਾਵਾਂ ਨੂੰ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤਾ ਗਿਆ। ਇਨ੍ਹਾਂ ਵਿਚਲਾ ਭਗਤੀ ਚਿੰਤਨ ਗੁਰਮਤਿ ਕਾਵਿ ਲਈ ਪ੍ਰਾਰੰਭਕ ਮਾਡਲ ਕਿਹਾ ਜਾ ਸਕਦਾ ਹੈ ਅਤੇ ਅਮੀਰ ਸਾਹਿਤਕ ਵਿਰਸਾ ਵੀ।[60]

(ਅ) ਭਗਤੀ ਸਾਹਿਤ ਭਾਵੇਂ ਭਾਸ਼ਾਈ ਦ੍ਰਿਸ਼ਟੀ ਤੋਂ ਕਈ ਮਿਸ਼ਰਣਾਂ ਦਾ ਪ੍ਰਮਾਣ ਦੇਂਦਾ ਹੈ, ਪ੍ਰੰਤੂ ਇਨ੍ਹਾਂ ਵਿਚਲੇ ਪੰਜਾਬੀ ਅੰਸ਼ਾਂ ਤੋਂ ਮੁੱਖ ਨਹੀਂ ਫੇਰਿਆ ਜਾ ਸਕਦਾ।[61]

(ੲ) ਇਨ੍ਹਾਂ ਭਗਤਾਂ ਦੇ ਪੰਜਾਬ ਰਟਨ ਦੇ ਕੁਝ ਇਤਿਹਾਸਕ ਪ੍ਰਮਾਣ ਵੀ ਪ੍ਰਾਪਤ ਹੁੰਦੇ ਹਨ। ਸਪੱਸ਼ਟ ਹੈ ਕਿ ਇਨ੍ਹਾਂ ਦਾ ਲੋਕ-ਸਮੂਹ ਨਾਲ ਸੰਪਰਕ ਰਿਹਾ ਤੇ ਪੰਜਾਬੀ ਲੋਕ-ਭਾਸ਼ਾ ਇਨ੍ਹਾਂ ਦੇ ਪ੍ਰਚਾਰ ਦਾ ਮਾਧਿਆਮ ਬਣੀ।[62] ਇਸ ਦੀ ਪ੍ਰਮੁੱਖ ਉਦਾਹਰਣ ਭਗਤ ਨਾਮਦੇਵ ਦੀ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਯਾਦਗਾਰ ਹੈ।[63] ਜਿਸ ਦੇ ਦੇਹੁਰੇ ਦੀ ਸੇਵਾ ਰਾਣੀ ਸਦਾ ਕੌਰ ਨੇ ਕਰਵਾਈ।[64] ਐਸੇ ਪ੍ਰਮਾਣ ਵੀ ਇਨ੍ਹਾਂ ਭਗਤਾਂ ਦੀ ਪੰਜਾਬੀ ਜਨ-ਸਮੂਹ ਨਾਲ ਸਾਂਸਕ੍ਰਿਤਿਕ ਨਿਧੀ ਦਾ ਕਾਰਨ ਬਣਦੇ ਹਨ।

ਪੰਜਾਬੀ ਭਗਤੀ ਸਾਹਿਤ ਵਿਚ ਨਿਰਗੁਣਧਾਰਾ ਦੀ ਹੀ ਪ੍ਰਤੀਨਿਧਤਾ ਹੈ। ਭਗਤ ਜੈਦੇਵ, ਭਗਤ ਤ੍ਰਿਲੋਚਨ, ਭਗਤ ਨਾਮਦੇਵ, ਭਗਤ ਸਧਨਾ, ਭਗਤ ਰਾਮਾਨੰਦ, ਭਗਤ ਸੈਣ, ਭਗਤ ਰਵਿਦਾਸ, ਭਗਤ ਕਬੀਰ, ਭਗਤ ਧੰਨਾ, ਭਗਤ ਪੀਪਾ ਆਦਿ ਨੂੰ ਨਿਰਗੁਣਵਾਦੀ ਹੋਣ ਕਾਰਨ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਥਾਨ ਪ੍ਰਾਪਤ ਹੈ। ਇਸ ਦੇ ਨਾਲ ਹੀ ਇਨ੍ਹਾਂ ਵਿਚ ਪਰੰਪਰਕ ਸਰਗੁਣ ਤੱਤਾਂ ਦਾ ਸਮਾਵੇਸ਼ ਵੀ ਹੋਇਆ ਮਿਲਦਾ ਹੈ।

ਪੰਜਾਬੀ ਭਗਤੀ ਸਾਹਿਤ ਦੇ ਅਧਿਅਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਵੱਖ-ਵੱਖ ਭਗਤਾਂ ਦੇ ਧਾਰਮਿਕ ਸਿਧਾਂਤਾਂ ਵਿਚ ਕਾਫੀ ਭਿੰਨਤਾ ਹੈ। ਭਗਤ ਰਾਮਾਨੰਦ ਤੇ ਰਵਿਦਾਸ, ਰਾਮਚੰਦਰ ਜੀ ਦੇ ਉਪਾਸ਼ਕ ਸਨ ਤੇ ਭਗਤ ਨਾਮਦੇਵ ਕ੍ਰਿਸ਼ਣ ਜੀ ਦੇ ਉਪਾਸ਼ਕ ਸਨ। ਇਨ੍ਹਾਂ ਭਗਤਾਂ ਨੂੰ ਮੂਲਭੂਤ ਨਿਰਗੁਣਵਾਦੀ ਮੰਨਿਆ ਗਿਆ ਹੈ ਅਤੇ ਸਰਗੁਣ ਭਗਤੀ ਸਾਹਿਤ ਦੇ ਆਧਾਰ 'ਤੇ ਭਗਤੀ ਚਿੰਤਨ ਦਾ ਇਤਿਹਾਸਕ ਵਿਕਾਸ ਉਲੀਕਣਾ ਕਾਫ਼ੀ ਕਠਨ ਪ੍ਰਤੀਤ ਹੁੰਦਾ ਹੈ। ਇਸ ਦੇ ਬਾਵਜੂਦ, ਪੰਜਾਬੀ ਭਗਤੀ ਸਾਹਿਤ ਦੇ ਕੁਝ ਸਾਂਝੇ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ।

ਸਾਰੇ ਪੰਜਾਬੀ ਭਗਤਾਂ ਨੇ ਆਪਣੀ ਕਾਵਿ ਸਿਰਜਣਾ ਲਈ ਲੋਕ ਭਾਸ਼ਾ ਦਾ ਪ੍ਰਯੋਗ ਕੀਤਾ ਅਤੇ ਧਰਮ ਨੂੰ ਲੋਕ ਸਮੂਹ ਨਾਲ ਜੋੜਨ ਦੀ ਚੇਸ਼ਟਾ ਕੀਤੀ। ਇਸੇ ਲਈ ਭਗਤੀ ਸਾਹਿਤ ਸ਼ੁੱਧ ਸਾਹਿਤਕ ਮਾਪਦੰਡਾਂ 'ਤੇ ਨਿਰੋਲ ਦਰਸ਼ਨ ਪੱਖੋਂ ਸੰਪੂਰਨ ਨਹੀਂ ਰਿਹਾ ਅਤੇ ਭਗਤਾਂ ਦਾ ਮੁੱਖ ਉੱਦੇਸ਼ ਧਰਮ ਪ੍ਰਚਾਰ ਬਣ ਜਾਂਦਾ ਹੈ। ਇਸੇ ਕਾਰਨ ਸਮੁੱਚਾ ਭਗਤੀ ਸਾਹਿਤ ਲੋਕ ਪ੍ਰਸਿੱਧੀ ਦਾ ਕਾਰਨ ਵੀ ਬਣਦਾ ਹੈ।

ਉਪਰੋਕਤ ਅਧਿਐਨ ਸੰਖਿਪਤ ਰੂਪ ਵਿਚ ਭਗਤੀ ਪਰੰਪਰਾ ਤੇ ਪੰਜਾਬੀ ਭਗਤੀ ਸਾਹਿਤ ਦਾ ਵਿਵੇਚਨ ਪ੍ਰਸਤੁਤ ਕਰਦਾ ਹੈ ਅਤੇ ਇਸ ਅਧਿਐਨ ਉਪਰੰਤ ਇਹ ਭਲੀ ਭਾਂਤ ਸਪੱਸ਼ਟ ਹੁੰਦਾ ਹੈ ਕਿ ਮੱਧਕਾਲੀਨ ਅਧਿਆਤਮਕ ਸਾਹਿਤ ਤੇ ਵਿਸ਼ੇਸ਼ ਕਰਕੇ ਗੁਰਮਤਿ ਸਾਹਿਤ ਭਗਤੀ ਪਰੰਪਰਾ ਤੇ ਸਿੱਧਾਂਤਾਂ ਦਾ ਨਿਖਰਵਾਂ ਰੂਪ ਹੈ। ਇਸ ਪਰੰਪਰਾ ਦੇ ਸਾਹਿਤ ਬਿਨਾਂ ਗੁਰਮਤਿ ਸਾਹਿਤ ਭਗਤੀ ਪਰੰਪਰਾ ਤੇ ਸਿਧਾਂਤਾਂ ਦਾ ਨਿਖਰਵਾਂ ਰੂਪ ਹੈ। ਇਸ ਪਰੰਪਰਾ ਦੇ ਸਾਹਿਤ ਬਿਨਾਂ ਗੁਰਮਤਿ ਸਾਹਿਤ ਜੜਾਂ ਤੋਂ ਤਨਾ ਰਹਿਤ ਪ੍ਰਤੀਤ ਹੁੰਦਾ ਹੈ। ਇਸੇ ਲਈ, ਇਸ ਸਾਹਿਤ ਦਾ ਅਧਿਐਨ ਪੰਜਾਬੀ ਦੀ ਪੂਰਵ-ਪੀਠਿਕਾ ਵਜੋਂ ਅਤੀ ਅਵੱਸ਼ਕ ਬਣ ਜਾਂਦਾ ਹੈ।

ਪੰਜਾਬੀ ਸਾਹਿਤ ਦਾ ਆਰੰਭ 10ਵੀਂ ਸਦੀ ਦੇ ਨੇੜੇ ਤੇੜੇ ਹੋਇਆ। ਅਪਭ੍ਰੰਸ਼ ਤੇ ਸਾਹਿਤ ਨੂੰ ਇਸ ਦਾ ਮੂਲ ਸੋਮਾ ਪ੍ਰਵਾਨ ਕੀਤਾ ਗਿਆ ਹੈ। ਪੰਜਾਬੀ ਵਿਚ ਅਪਭ੍ਰੰਸ਼ ਸਾਹਿਤ ਦੇ ਪ੍ਰਮੁੱਖ ਰੂਪਾਂ ਅਤੇ ਛੰਦਾਂ ਆਦਿ ਨੂੰ ਗ੍ਰਹਿਣ ਕੀਤਾ ਗਿਆ ਸੀ। ਪੰਜਾਬੀ ਸਾਹਿਤ ਦਾ ਮੁੱਢਲਾ ਰੂਪ, ਲੋਕ ਸਾਹਿਤ ਰੂਪਾਂ ਦੀ ਸ਼ਕਲ ਵਿਚ ਦਿਖਾਈ ਦਿੰਦਾ ਹੈ। ਇਸ ਤੋਂ ਮਗਰੋਂ ਇਹ ਸਾਹਿਤਿਕ ਰੂਪ-ਰਚਨਾ ਦੀ ਧਾਰਾ ਵਿਚ ਵਿਕਾਸ ਗ੍ਰਹਿਣ ਕਰਦਾ ਹੈ। ਇਸ ਦੇ ਮੁੱਢਲੇ ਵਿਕਾਸ ਵਿਚ ਅਧਿਆਤਮਿਕ, ਸ਼ਿੰਗਾਰ ਅਤੇ ਬੀਰ ਰੂਪ ਵੀ ਵਧੇਰੇ ਅਹਿਮ ਬਣੇ ਸਨ। ਅਧਿਆਤਮਿਕ ਪਰੰਪਰਾ ਵਿਚ ਸੂਫ਼ੀ ਅਤੇ ਗੁਰਮਤਿ, ਸ਼ਿੰਗਾਰ ਵਿਚ ਕਿੱਸਾ ਕਾਵਿ ਅਤੇ ਬੀਰ ਵਿਚ ਵਾਰ ਕਾਵਿ ਦਾ ਮੁੱਖ ਤੌਰ 'ਤੇ ਵਰਨਣ ਆਉਂਦਾ ਹੈ।

ਨਾਥ ਸੰਪ੍ਰਦਾਇ ਦੇ ਪ੍ਰਸਿੱਧ ਆਚਾਰੀਯ ਗੋਰਖ ਨੂੰ ਪੰਜਾਬੀ ਦਾ ਮੋਢੀ ਮੰਨਿਆ ਜਾਂਦਾ ਹੈ। ਉਹ ਮਛੰਦਰ ਨਾਥ ਦਾ ਸ਼ਿਸ਼ ਸੀ। ਗੋਰਖ ਨਾਥ ਦੀ ਭਾਸ਼ਾ ਦੇ ਆਧਾਰ 'ਤੇ ਇਹ ਮੰਨਿਆ ਗਿਆ ਹੈ ਕਿ ਉਸ ਨੇ 986ਈ: ਤੋਂ ਮਗਰੋਂ ਹੀ ਕਾਵਿ ਰਚਨਾ ਆਰੰਭ ਕੀਤੀ ਹੋਏਗੀ। ਉਸ ਤੋਂ ਪਹਿਲਾਂ ਦੇ ਮਛੰਦਰ ਨਾਥ ਅਤੇ ਜਲੰਧਰ ਨਾਥ ਦੀ ਰਚਨਾ ਦੇ ਕੁਝ ਸ਼ਬਦਾਂ ਨੂੰ ਪੰਜਾਬੀ ਰੂਪ ਵਾਲੇ ਜ਼ਰੂਰ ਪ੍ਰਵਾਨ ਕੀਤਾ ਗਿਆ ਹੈ। ਜਲੰਧਰ ਨਾਥ ਕਿਉਂਕਿ ਪੰਜਾਬ ਦਾ ਸੀ, ਇਸ ਲਈ ਉਸ ਦੀ ਰਚਨਾ ਵਿਚ ਪੰਜਾਬੀਪੁਣਾ ਝਲਕਦਾ ਹੈ।[65]

ਗੋਰਖ ਨਾਥ ਦੀ ਬਾਣੀ ਵਿਚੋਂ ਕਈ ਟੂਕਾਂ, ਅਖਾਣਾਂ ਦੇ ਰੂਪ ਵਿਚ ਪ੍ਰਸਿੱਧ ਹੋ ਗਈਆਂ ਸਨ। ਉਸ ਨੇ ਕਾਵਿ ਦੇ 'ਪਦ' ਰੂਪ ਦੀ ਹੀ ਮੁੱਖ ਤੌਰ 'ਤੇ ਵਰਤੋਂ ਕੀਤੀ ਸੀ। ਉਸ ਤੋਂ ਮਗਰੋਂ ਚਰਪਟ ਨਾਥ ਨੇ ਵੀ 'ਪਦ' ਦੀ ਰਚਨਾ ਕੀਤੀ, ਜੋ ਪੰਜਾਬੀ ਦੇ ਬਹੁਤ ਨੇੜੇ ਦੀ ਰਚਨਾ ਮੰਨੀ ਗਈ ਹੈ। ਚੋਰੰਗੀ ਨਾਥ ਦੀ ਰਚਨਾ 'ਸ਼ਲੋਕਾਂ' ਤੇ 'ਸ਼ਬਦਾਂ' ਵਿਚ ਪ੍ਰਾਪਤ ਹੈ। ਰਤਨ ਨਾਥ (1000 ਤੋਂ 1200 ਈ. ਦਾ ਮੱਧ) ਦੀ ਲਿਖੀ ਹੋਈ ਰਚਨਾ 'ਸ਼ਬਦੀ' ਮਿਲਦੀ ਹੈ। ਇਨ੍ਹਾਂ ਨਾਥਾਂ ਦਾ ਕੇਂਦਰ ਮੁੱਖ ਤੌਰ 'ਤੇ ਪੰਜਾਬ ਹੀ ਰਿਹਾ ਸੀ।

ਇਨ੍ਹਾਂ ਤੋਂ ਇਲਾਵਾ ਭਰਥਰੀ (11ਵੀਂ, 12ਵੀਂ ਸਦੀ ਦਾ ਮੁੱਢ) ਦੀ ਲਿਖੀ ਹੋਈ 'ਸ਼ਬਦੀ' ਵੀ ਮਿਲਦੀ ਹੈ, ਜਿਸ ਦੇ 49 ਪਦ ਹਨ। ਗੋਪੀ ਚੰਦਰ (12ਵੀਂ ਸਦੀ) ਦੀ ਵੀ 'ਸ਼ਬਦੀ' ਮਿਲਦੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਦੇ ਕੁਝ ਪਦ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ ਵਿਚ ਗੋਪੀ ਚੰਦ ਅਤੇ ਉਸ ਦੀ ਮਾਤਾ ਮੈਨਾਵੰਤੀ ਵਿਚ ਸੰਵਾਦ ਚਲਦਾ ਹੈ।

ਨਾਥਾਂ ਦੀ ਕਾਵਿ-ਰਚਨਾ ਦੇ ਨਾਲ-ਨਾਲ 8ਵੀਂ ਤੋਂ 10ਵੀਂ ਸਦੀ ਦੇ ਦੌਰਾਨ ਪੰਜਾਬੀ ਸਾਹਿਤ ਵਿਚ ਵਾਰਾਂ ਜਾਂ ਬੀਰਤਾ ਦੀ ਕਵਿਤਾ ਦੀ ਸਿਰਜਨਾ ਵੀ ਹੋਈ ਮੰਨੀ ਜਾਂਦੀ ਹੈ। ਨਾਥਾਂ ਦੀ ਰਚਨਾ ਵਿਚ ਆਮ ਲੋਕਾਂ ਦਾ ਜੀਵਨ ਚਿਤਰਣ ਅਤੇ ਉਨ੍ਹਾਂ ਲਈ ਜੀਵਣ-ਉਪਦੇਸ਼ ਪੇਸ਼ ਹੋਇਆ ਹੈ; ਜਦ ਕਿ ਵਾਰਾਂ ਵਿਚ ਰਾਜਿਆਂ, ਮਹਾਰਾਜਿਆਂ, ਯੋਧਿਆਂ ਤੇ ਸੂਰਬੀਰਾਂ ਦੀਆਂ ਲੜਾਈਆਂ ਤੇ ਬਹਾਦਰੀ ਦੇ ਕਾਰਨਾਮਿਆਂ ਦਾ ਵਰਨਣ ਹੈ। ਪੂਰਵ ਨਾਨਕ ਕਾਲ ਵਿਚ ਪੰਜਾਬ ਦੇ ਯੋਧਿਆਂ ਦੀ ਸੂਰਬੀਰਤਾ ਨੂੰ ਚਿਤ੍ਰਣ ਲਈ ਕੁਝ ਵਿਸ਼ੇਸ਼ ਵਾਰਾਂ ਦੀ ਰਚਨਾ ਦਾ ਪਤਾ ਲਗਾ ਹੈ, ਜੋ ਅਜੇ ਤੱਕ ਪ੍ਰਾਪਤ ਨਹੀਂ ਹੋ ਸਕੀਆਂ। ਇਨ੍ਹਾਂ ਦਾ ਸੰਕੇਤ ਗੁਰੂ ਕਾਲ ਦੀਆਂ ਵਾਰਾਂ ਲਈ ਧੁਨਾਂ ਨਿਸ਼ਚਿਤ ਕਰਨ ਤੋਂ ਦ੍ਰਿੜ ਹੋਇਆ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਵਾਰਾਂ ਦੀਆਂ ਧੁਨਾਂ ਉੱਤੇ ਆਪਣੀਆਂ ਵਾਰਾਂ ਗਾਉਣ ਦਾ ਸੰਕੇਤ ਕੀਤਾ ਹੈ। ਇਹ ਵਾਰਾਂ ਹਨ:

(1) ਟੁੰਡੇ ਅਸਰਾਜੇ ਦੀ ਵਾਰ

(2) ਸਿਕੰਦਰ ਬਿਰਾਹਮ ਦੀ ਵਾਰ

(3) ਰਾਏ ਕਮਾਲ ਦੀ ਮੌਜ ਦੀ ਵਾਰ

(4) ਲਲਾ ਬਹਲੀਮਾ ਦੀ ਵਾਰ

(5) ਰਾਇ ਮਹਿਮੇ ਹਸਨੇ ਦੀ ਵਾਰ

(6) ਮੂਸੇ ਦੀ ਵਾਰ

ਬਾਹਰਮਾਹ ਭਗਤੀ ਕਾਲ ਦਾ ਵਿਸ਼ੇਸ਼ ਕਾਵਿ ਰੂਪ ਹੈ। "ਇਹ ਪੰਜਾਬੀ ਦਾ ਵਿਸ਼ੇਸ਼ ਕਾਵਿ-ਰੂਪ ਹੈ, ਜਿਸ ਵਿਚ ਬਿਕ੍ਰਮੀ ਸੰਮਤ ਦੇ ਬਾਰ੍ਹਾਂ ਮਹੀਨਿਆਂ ਦੇ ਆਧਾਰ 'ਤੇ ਕਵੀ ਆਪਣੇ ਮਨੋਭਾਵਾ ਨੂੰ ਪ੍ਰਗਟਾਉਂਦਾ ਹੈ। ਇਸ ਵਿਚ ਚੇਤਰ ਦੇ ਮਹੀਨੇ ਤੋਂ ਵਰਨਣ ਸ਼ੁਰੂ ਕਰਕੇ ਫੱਗਣ ਉਪਰ ਮੁਕਾਇਆ ਜਾਂਦਾ ਹੈ। ਇਹ ਗੀਤ ਦਾ ਹੀ ਇਕ ਪ੍ਰਕਾਰ ਹੈ।"[66] ਕੁਝ ਰਚਨਾਵਾਂ ਵਿਚ ਮਹੀਨਿਆਂ ਦਾ ਕ੍ਰਮ ਬਦਲ ਕੇ ਵੀ ਵਰਤਿਆ ਗਿਆ ਹੈ। ਇਹ ਲੋਕ ਕਾਵਿ ਦਾ ਵਿਸ਼ੇਸ਼ ਰੂਪ ਹੈ ਅਤੇ ਇਸ ਦੀ ਲੰਬੀ ਪਰੰਪਰਾ ਹੈ। ਬਾਰ੍ਹਾਂ ਮਹੀਨਿਆਂ ਵਿਚ ਕਈ ਰੁੱਤਾਂ ਬਦਲਦੀਆਂ ਹਨ, ਜੋ ਮਨੁੱਖੀ ਮਨ ਉਪਰ ਆਪਣਾ ਪ੍ਰਭਾਵ ਪਾਉਂਦੀਆਂ ਰਹਿੰਦੀਆਂ ਹਨ। ਇਸ ਕਾਵਿ ਰੂਪ ਵਿਚ ਬਿਰਹਾ ਦੇ ਰੰਗ ਨੂੰ ਪ੍ਰਕਿਰਤੀ-ਚਿਤ੍ਰਣ ਦੀ ਪਿੱਠ ਭੂਮੀ ਵਿਚ ਪੇਸ਼ ਕਰਕੇ ਜ਼ਿਆਦਾ ਉਘਾੜਿਆ ਗਿਆ ਹੈ। ਸਾਵਣ ਦਾ ਮਹੀਨਾ ਇਸ ਪੱਖੋਂ ਵਿਸ਼ੇਸ਼ ਪ੍ਰਭਾਵ ਰੱਖਦਾ ਹੈ। ਗਿਆਰਾਂ ਮਹੀਨਿਆਂ ਵਿਚ ਵਿਯੋਗ ਤੇ ਬਿਰਹਾ ਦੀ ਪ੍ਰਮੁਖਤਾ ਰਹਿੰਦੀ ਹੈ ਤੇ ਆਮ ਤੌਰ 'ਤੇ ਬਾਰ੍ਹਵੇਂ ਮਹੀਨੇ ਵਿਚ ਸੰਯੋਗ ਸੁਖ ਤੇ ਆਨੰਦ ਦੀ ਪ੍ਰਾਪਤੀ ਦਿਖਾਈ ਜਾਂਦੀ ਹੈ।

ਪੰਜਾਬੀ ਦਾ ਪਹਿਲਾ ਬਾਰਹਮਾਹ ਗੁਰੂ ਨਾਨਕ ਦੇਵ ਜੀ ਨੇ ਲਿਖਿਆ, ਜੋ ਤੁਖਾਰੀ ਰਾਗ ਵਿਚ ਹੈ। 'ਬਾਰਹਮਾਹ ਤੁਖਾਰੀ' ਵਿਚ ਜੀਵ ਰੂਪ ਇਸਤ੍ਰੀ ਆਪਣੇ ਪਤੀ ਰੂਪ ਪਰਮਾਤਮਾ ਦੀ ਉਡੀਕ ਵਿਚ ਬਿਰਹਾ ਦਾ ਸਲ ਭੋਗਦੀ ਹੈ। ਵੱਖ-ਵੱਖ ਮਹੀਨੇ ਉਸ ਦੇ ਵਿਛੋੜੇ ਦੇ ਦੁੱਖ ਤੇ ਤੜਪ ਨੂੰ ਵਧਾਉਂਦੇ ਹਨ। ਇਸ ਰਚਨਾ ਵਿਚ ਬਿਰਹਨੀ ਨਾਇਕਾ ਦੀ ਮਾਨਿਸਕ ਸਥਿਤੀ ਦਾ ਬੜਾ ਭਾਵਪੂਰਤ ਵਰਨਣ ਹੋਇਆ ਹੈ। ਸਾਵਣ ਦੇ ਮਹੀਨੇ ਬੱਦਲਾਂ ਦੇ ਸ਼ੋਰ, ਬਿਜਲੀ ਦੀ ਚਮਕ ਤੇ ਇਕੱਲ ਉਸ ਨੂੰ ਬਹੁਤ ਤੜਪਾਉਂਦੀ ਹੈ। ਬਾਣੀ ਅਨੁਸਾਰ:

"ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।"[67]

ਬੁੱਲ੍ਹੇ ਸ਼ਾਹ ਦੀ ਰਚਨਾ ਨੂੰ ਪੰਜਾਬੀ ਸਾਹਿਤ ਤੇ ਜੀਵਨ ਤੋਂ ਵੱਖ ਕਰਕੇ ਦੇਖਣਾ ਸੰਭਵ ਨਹੀਂ ਹੈ। ਬੁੱਲ੍ਹੇ ਸ਼ਾਹ ਦੇ ਕਲਾਮ ਨੇ ਪੰਜਾਬੀ ਜਨ-ਜੀਵਨ ਅਤੇ ਪੰਜਾਬੀ ਸਾਹਿਤ ਉੱਤੇ ਡੂੰਘਾ ਪ੍ਰਭਾਵ ਪਾਇਆ ਹੈ। ਸੂਫ਼ੀ ਕਾਵਿਧਾਰਾ ਦਾ ਇਹ ਨਿਧੜਕ ਸ਼ਾਇਰ ਨਿਰੋਲ ਰੱਬੀ ਇਸ਼ਕ ਦੇ ਤਰਾਨੇ ਗਾਉਂਦਾ ਰਿਹਾ ਹੈ। ਬੁੱਲ੍ਹੇ ਸ਼ਾਹ ਦੀ ਕਾਵਿ ਰਚਨਾ ਵੀ ਸ਼ਾਹ ਹੁਸੈਨ ਵਾਂਗ 'ਕਾਫ਼ੀ' ਕਾਵਿ ਰੂਪ ਵਿਚ ਰਚੀ ਮਿਲਦੀ ਹੈ। ਉਸ ਦੀ ਕਾਵਿ ਰਚਨਾ ਵਿਚ ਰਹੱਸਵਾਦ ਆਪਣੇ ਪੂਰੇ ਸਿਖਰ 'ਤੇ ਪੁੱਜ ਜਾਂਦਾ ਹੈ। ਉਸ ਦੇ ਸਰੋਦੀ ਅਤੇ ਵਿਰਾਗੀ ਰੰਗਤ ਵਾਲੇ ਕਾਵਿ ਨੂੰ ਧਾਰਮਿਕ ਸਮਾਰੋਹਾਂ ਵਿਚ ਤੇ ਦੁਨਿਆਵੀ ਮਹਿਫ਼ਲਾਂ ਵਿਚ ਬਰਾਬਰ ਦਾ ਸਨਮਾਨ ਪ੍ਰਾਪਤ ਰਿਹਾ ਹੈ। ਮੁਫ਼ਤੀ ਗ਼ੁਲਾਮ ਸਰਵਰ ਨੇ ਆਪਣੀ ਪੁਸਤਕ 'ਖਜ਼ੀਨਾਤੁਲ ਅਸਫੀਆ' (1864) ਵਿਚ ਲਿਖਿਆ ਹੈ ਕਿ ਮਾਰਫ਼ਤ ਤੇ ਤੋਹੀਦ ਦੀ ਭਰੀ ਬੁਲ੍ਹੇ ਸ਼ਾਹ ਦੀ ਪੰਜਾਬੀ ਨਜ਼ੂਮ ਹਰ ਛੋਟੇ-ਵੱਡੇ ਦੀ ਜ਼ੁਬਾਨ 'ਤੇ ਹੈ। ਇਸ ਨਾਲ ਸਰੋਤਿਆਂ ਦਾ ਦਿਲੀ ਉਮਾਹ ਤੇ ਪਿਆਰ ਵਧਦਾ ਹੈ।

ਬੁੱਲ੍ਹੇ ਸ਼ਾਹ ਦਾ ਜਨਮ ਲੰਮੀਆਂ ਖਜੂਰਾਂ ਵਾਲੇ ਨਗਰ ਕਸੂਰ ਲਾਗੇ ਪਿੰਡ ਪਾਂਡੋ ਕੇ ਜ਼ਿਲ੍ਹਾ ਲਾਹੌਰ ਵਿਚ ਮੁਹੰਮਦ ਦਰਵੇਸ਼ ਦੇ ਘਰ 1680 ਈ: ਨੂੰ ਹੋਇਆ ਸੀ। ਫ਼ਕੀਰੀ ਦੀ ਚੇਟਕ ਨੇ ਘਰ ਛੁਡਾ ਕੇ ਕਸੂਰ ਵਸੇਬਾ ਕਰਵਾ ਦਿੱਤਾ। ਇਸ ਕਥਨ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦੀ ਹੈ:

'ਬੁੱਲ੍ਹੇ ਸ਼ਾਹ ਦਾ ਵਸਨ ਕਸੂਰ, ਜਿੱਥੇ ਲੰਮੀ ਲੰਮੀ ਖਜੂਰ'। ਗ਼ੁਲਾਮ ਮੁਰਤਜਾ ਪਾਸੋਂ ਤਾਲੀਮ ਹਾਸਲ ਕੀਤੀ, ਜਿਹੜੇ ਆਪ ਸ਼ਾਇਰੀ ਕਰਦੇ ਸਨ। ਉਨ੍ਹਾਂ ਹੀ ਗੁਲਸਤਾਂ ਤਰਜਮਾਂ ਕੀਤਾ ਸੀ। ਲਾਹੌਰ ਵਾਲੇ ਪੀਰ ਸ਼ਾਹ ਅਨਾਇਤ ਕਾਦਰੀ ਨੂੰ ਆਪਣਾ ਪੀਰ ਧਾਰ ਲਿਆ ਤੇ ਰੂਹਾਨੀ ਸਿੱਖਿਆ ਪ੍ਰਾਪਤ ਕੀਤੀ। ਆਪਣੇ ਮੁਰਸ਼ਦ ਦੀ ਆਗਿਆ ਨਾਲ ਬੁਲ੍ਹੇ ਸ਼ਾਹ ਨੇ ਕਠਿਨ ਤਪੱਸਿਆ ਕੀਤੀ ਸੀ। ਬੁੱਲ੍ਹੇ ਦਾ ਸ਼ਰ੍ਹਾ ਤੇ ਰੂਹਾਨੀ ਅਨੁਭਵ ਉਸ ਦੀ ਕਾਵਿ ਰਚਨਾ ਵਿਚ ਪ੍ਰਗਟ ਹੋਇਆ ਮਿਲਦਾ ਹੈ।

ਸ਼ਰੀਅਤ ਸਾਡੀ ਦਾਈ ਹੈ, ਤਰੀਕਤ ਸਾਡੀ ਮਾਈ ਹੈ
ਅੱਗੋਂ ਹਕ ਹਕੀਕਤ ਆਈ ਹੈ, ਮਾਰਫ਼ਤੋਂ ਕਿਛ ਪਾਇਆ ਹੈ।

**ਨਾਥਾਂ ਜੋਗੀਆਂ ਦਾ ਸਾਹਿਤ**

ਦੂਸਰੀਆਂ ਉੱਤਰ ਭਾਰਤੀ ਭਾਸ਼ਾਵਾਂ ਦੇ ਵਿਦਵਾਨਾਂ ਵਾਂਗ ਪੰਜਾਬੀ ਵਿਦਵਾਨ ਵੀ ਨਾਥਾਂ ਜੋਗੀਆਂ ਦੇ ਸਾਹਿਤ ਉੱਤੇ ਆਪਣਾ ਹੱਕ ਜਤਾਉਂਦੇ ਹਨ ਅਤੇ ਇਸ ਨੂੰ ਵੱਧ ਤੋਂ ਵੱਧ ਪੰਜਾਬੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਨਾਥਾਂ ਜੋਗੀਆਂ ਦੇ ਸਾਹਿਤ ਵੱਲ ਸਪਸ਼ਟ ਸੰਕੇਤ ਪ੍ਰੋ: ਮੋਹਨ ਸਿੰਘ ਦੀਵਾਨਾ ਨੇ ਕੀਤਾ ਹੈ। ਹੌਲੀ-ਹੌਲੀ ਸਾਰੇ ਹੀ ਵਿਦਵਾਨ ਇਸ ਗੱਲ ਉੱਤੇ ਸਹਿਮਤ ਹੋ ਗਏ ਹਨ ਕਿ ਪੰਜਾਬੀ ਸਾਹਿਤ ਦਾ ਮੁੱਢ ਨਾਥਾਂ ਜੋਗੀਆਂ ਦੇ ਸਾਹਿਤ ਤੋਂ ਹੀ ਸ਼ੁਰੂ ਹੁੰਦਾ ਹੈ। ਪੰਜਾਬੀ ਦੇ ਬਹੁਤ ਸਾਰੇ ਵਿਦਵਾਨਾਂ ਦੀ ਮਾਨਸਿਕਤਾ ਵਿਚ ਇਹ ਪ੍ਰਵਿਰਤੀ ਘਰ ਕਰ ਗਈ ਹੈ ਕਿ ਸਾਡੇ ਸਾਹਿਤ ਇਤਾਹਾਸ ਨੂੰ ਪ੍ਰਾਚੀਨ ਤੋਂ ਪ੍ਰਾਚੀਨ ਸਿੱਧ ਕੀਤਾ ਜਾਵੇ। ਦੂਸਰੇ ਪਾਸੇ ਸਾਰੀਆਂ ਭਾਰਤੀ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਵੀ ਆਪਣਾ ਆਧੁਨਿਕ ਸਰੂਪ ਦਸਵੀਂ ਸਦੀ ਵਿਚ ਧਾਰਨ ਕਰਦੀ ਹੈ। ਇਸ ਤੋਂ ਪਹਿਲਾਂ ਇਹ ਅਪਭ੍ਰੰਸ਼ਾਂ ਦੀ ਸਾਹਿਤ ਰਚਨਾ ਕੀਤੀ ਹੈ ਇਉਂ ਅਪਭ੍ਰੰਸ਼ਾਂ ਵਿਚ ਕੁਝ ਕੁ ਮਾਤਰਾ ਪੰਜਾਬੀ ਦੀ ਹੋਣ ਕਾਰਨ ਸਾਰੇ ਨਾਥ ਸਾਹਿਤ ਨੂੰ 'ਪੰਜਾਬੀ ਦਾ' ਸਿੱਧ ਕਰਨ ਦੇ ਯਤਨ ਕੀਤੇ ਗਏ। ਇਨ੍ਹਾਂ ਯਤਨਾਂ ਵਿਚ ਹੀ ਨਾਥ-ਸਾਹਿਤ ਪੰਜਾਬੀ ਦਾ ਮੁੱਢਲਾ ਸਾਹਿਤ ਬਣ ਗਿਆ। ਪੰਜਾਬੀ ਦੇ ਸਾਰੇ ਸਾਹਿਤ-ਇਤਿਹਾਸਾਂ ਵਿਚ ਪੰਜਾਬੀ ਸਾਹਿਤ ਦਾ ਮੁੱਢ ਨਾਥ-ਸਾਹਿਤ ਨੂੰ ਹੀ ਮੰਨਿਆ ਗਿਆ ਹੈ। ਇਨ੍ਹਾਂ ਨਾਥਾਂ ਅਤੇ ਜੋਗੀਆਂ ਵਲੋਂ ਰਚੇ ਗਏ ਸਾਹਿਤ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

**(1) ਮਛੰਦਰ ਨਾਥ**

ਮਛੰਦਰ ਨਾਥ ਨੂੰ *ਆਦਿ ਨਾਥ* ਮੰਨਿਆ ਜਾਂਦਾ ਹੈ। ਉਹ ਗੋਰਖ ਨਾਥ ਦਾ ਗੁਰੂ ਅਤੇ ਜਲੰਧਰ ਨਾਥ ਦਾ ਗੁਰੂ ਭਾਈ ਸੀ। ਉਸ ਦੇ ਜੀਵਨ ਬਾਰੇ ਕੋਈ ਨਿਸ਼ਚਿਤ ਜਾਣਕਾਰੀ ਨਹੀਂ ਮਿਲਦੀ। ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਉਸ ਦਾ ਜਨਮ 9ਵੀਂ ਸਦੀ ਤੋਂ ਪਹਿਲਾਂ ਹੋਇਆ ਹੈ। ਉਸ ਨੇ ਬਹੁਤ ਰਚਨਾ ਸੰਸਕ੍ਰਿਤ ਵਿਚ ਕੀਤੀ। ਉਸ ਦੇ ਕੁਝ ਪਦੇ ਅਜਿਹੇ ਹਨ ਜਿਨ੍ਹਾਂ ਵਿਚ ਉਸ ਨੇ ਅਪਭ੍ਰੰਸ਼ ਭਾਸ਼ਾ ਦੀ ਵਰਤੋਂ ਕੀਤੀ ਹੈ। ਇਨ੍ਹਾਂ ਵਿਚ ਵੀ ਵਧੇਰੇ ਸ਼ਬਦ ਰਾਜਸਥਾਨੀ ਦੇ ਹਨ ਅਤੇ ਕੁਝ ਕੁ ਸ਼ਬਦ ਪੰਜਾਬੀ ਦੇ ਵੀ ਹਨ।

**(2) ਜਲੰਧਰ ਨਾਥ**

ਜਲੰਧਰ, ਮਛੰਦਰ ਨਾਥ ਦਾ ਸਮਕਾਲੀ ਤੇ ਗੁਰ-ਭਾਈ ਸੀ। ਇਸ ਦਾ ਨਿਵਾਸ, ਜਨਮ ਜਾਂ ਦੇਹਾਂਤ ਨਿਸ਼ਚੇ ਹੀ ਉਹ ਇਲਾਕਾ ਹੋਵੇਗਾ, ਜਿਸ ਨੂੰ ਅੱਜ ਕੱਲ੍ਹ ਜਲੰਧਰ ਕਿਹਾ ਜਾਂਦਾ ਹੈ। ਇਸ ਦੇ ਨਾਮ ਉੱਤੇ ਹੀ ਜਲੰਧਰ ਸ਼ਹਿਰ ਦਾ ਨਾਮ ਪਿਆ ਹੈ। ਉਹ ਬ੍ਰਾਹਮਣ ਖ਼ਾਨਦਾਨ ਵਿਚ ਜਨਮਿਆ ਅਤੇ ਉਹ ਨਾਥ ਬਣ ਗਿਆ। ਉਸ ਦੀ ਕਵਿਤਾ ਵਿਚ ਪੰਜਾਬੀਅਤ ਝਲਕਦੀ ਹੈ। ਇਸ ਤੋਂ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਉਹ ਪੰਜਾਬੀ ਸੀ।

**(3) ਗੋਰਖ ਨਾਥ**

ਗੋਰਖ ਨਾਥ ਨੂੰ ਕਈ ਵਿਦਵਾਨਾਂ ਨੇ ਪੰਜਾਬੀ ਦਾ ਕਵੀ ਕਿਹਾ ਹੈ। ਉਸ ਦਾ ਨਾਮ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵੀ ਆਇਆ ਹੈ। ਇਥੇ ਗੁਰੂ ਨੂੰ ਗੋਰਖ ਵਜੋਂ ਚਿਤਵਿਆ ਗਿਆ ਹੈ। ਉਸ ਦੇ ਜਨਮ ਸਥਾਨ

ਅਤੇ ਮਾਤ ਭਾਸ਼ਾ ਬਾਰੇ ਠੀਕ-ਠੀਕ ਕੁਝ ਵੀ ਕਿਹਾ ਜਾ ਸਕਦਾ। ਪੰਜਾਬ ਵਿਚ ਉਸ ਦੇ ਨਾਲ ਸੰਬੰਧਿਤ ਕਈ ਨਿਸ਼ਾਨੀਆਂ ਪ੍ਰਾਪਤ ਹੁੰਦੀਆਂ ਹਨ। ਜਿਵੇਂ ਗੋਰਖ ਦਾ ਟਿੱਲਾ, ਗੋਰਖ ਦੀ ਹੱਟੜੀ ਆਦਿ। ਕਈ ਵਿਦਵਾਨਾਂ ਨੇ ਉਸ ਨੂੰ ਜ਼ਾਤ ਦਾ ਜੁਲਾਹਾ ਕਿਹਾ ਹੈ ਅਤੇ ਕਈਆਂ ਨੇ ਸੁਨਿਆਰ ਕਿਹਾ ਹੈ। ਉਹ ਮਛੰਦਰ ਨਾਥ ਦਾ ਚੇਲਾ ਸੀ। ਕਹਿੰਦੇ ਹਨ ਉਸ ਨੂੰ ਮਛੰਦਰ ਨਾਥ ਨੇ ਇਕ ਤੀਵੀਂ ਦੇ ਮਾਇਆ ਜਾਲ ਵਿਚੋਂ ਛੁਡਾਇਆ ਸੀ। ਉਸ ਦਾ ਜੀਵਨ ਕਾਲ 16ਵੀਂ ਸਦੀ ਹੈ।

ਗੋਰਖ ਦੀ ਰਚਨਾ ਬਹੁਭਾਂਤੀ ਹੈ। ਉਸ ਨੇ ਆਪਣੇ ਵਿਚਾਰਾਂ ਨੂੰ ਕਈ ਪ੍ਰਕਾਰ ਦੇ ਬਿੰਬਾਂ, ਉਪਮਾਵਾਂ, ਰੂਪਕਾਂ ਅਤੇ ਦ੍ਰਿਸ਼ਟਾਂਤਾਂ ਰਾਹੀਂ ਪ੍ਰਗਟ ਕੀਤਾ ਹੈ। ਉਸ ਦੀ ਭਾਸ਼ਾ ਗੁਰੂ ਸਾਹਿਬਾਨ ਤੇ ਭਗਤਾਂ ਨਾਲ ਕਾਫੀ ਮਿਲਦੀ ਹੈ। ਉਸ ਉੱਤੇ ਅਰਬੀ-ਫਾਰਸੀ ਅਤੇ ਸੰਸਕ੍ਰਿਤ ਦਾ ਪ੍ਰਭਾਵ ਹੈ। ਕਈ ਥਾਵੀਂ ਇਹ ਲੋਕ ਬੋਲੀ ਦੇ ਕਾਫੀ ਨੇੜੇ ਹੈ। ਇਕ ਨਮੂਨਾ ਵੇਖਣਯੋਗ ਹੈ:

"ਹਿੰਦੂ ਧਿਆਵੇ ਦਿਹੁਰਾ,
ਮੁਸਲਮਾਨ ਮਸੀਤ।
ਜੋਗੀ ਧਿਆਵੇ ਪਰਮ ਪਦ
ਦਿਹੁਰਾ ਨਾ ਮਸੀਤ।"

ਉਸ ਦੀ ਕਵਿਤਾ ਵਿਚ ਉਪਲਬਧ ਹੁੰਦੀ ਵਿਚਾਰਧਾਰਾ ਵਿਦਵਾਨਾਂ ਵਾਲੀ ਹੀ ਨਹੀਂ, ਸਗੋਂ ਇਕ ਸੁਲਝੇ ਹੋਏ ਮਨੁੱਖ ਵਾਲੀ ਹੈ। ਉਸ ਨੇ ਜੀਵਨ ਵਿਚ ਸੰਜਮ ਅਤੇ ਸਦਾਚਾਰਾਂ ਉੱਤੇ ਕਾਫ਼ੀ ਜ਼ੋਰ ਦਿੱਤਾ ਹੈ। ਉਹ ਇਸਤਰੀ-ਸੰਗ ਦਾ ਵਿਰੋਧ ਕਰਦਾ ਹੈ। ਉਹ ਇਸਤਰੀ ਨੂੰ ਅਧਿਆਤਮਕ ਵਿਕਾਸ ਦੇ ਰਸਤੇ ਵਿਚ ਰੁਕਾਵਟ ਸਮਝਦਾ ਹੈ ਅਤੇ ਉਸ ਨੂੰ 'ਬਾਘਣ' ਕਹਿੰਦਾ ਹੈ:

"ਦਾਮਿ ਕਾਢ ਬਾਘਨਿ ਲੈ ਆਇਆ, ਮਾਉ ਕਹੇ ਮੇਰਾ ਪੂਤ ਬੇਆਹਿਆ।
ਗੀਲੀ ਲਕੜੀ ਕਉ ਘੁਨ ਲਾਇਆ, ਤਿਨ ਡਾਲ ਮੂਲ ਸਣਿ ਖਾਇਆ।"

**(4) ਚਰਪਟ ਨਾਥ**

ਚਰਪਟ ਨਾਥ, ਗੋਰਖ ਨਾਥ ਦੇ ਚੇਲਿਆਂ ਵਿਚੋਂ ਸਿਰਕੱਢ ਚੇਲਾ ਸੀ। ਕਈ ਵਿਦਵਾਨਾਂ ਨੇ ਉਸ ਨੂੰ ਗੋਰਖ ਨਾਥ ਦਾ ਗੁਰਭਾਈ ਵੀ ਕਿਹਾ ਹੈ, ਜੋ ਠੀਕ ਨਹੀਂ ਹੈ। ਵਿਦਵਾਨਾਂ ਨੇ ਉਸ ਦਾ ਸਮਾਂ 890 ਈ: 990 ਈ: ਮਿਥਿਆ ਹੈ। ਚਰਪਟ ਦੀ ਰਚਨਾ ਦੀ ਵਿਚਾਰਧਾਰਾ ਆਪਣੇ ਗੁਰੂ ਗੋਰਖ ਨਾਥ ਵਾਲੀ ਹੀ ਹੈ। ਉਹ ਆਪਣੇ ਸਮਕਾਲੀ ਜੀਵਨ ਵਿਚਲੇ ਦੰਭ ਨੂੰ ਕਈ ਤਰ੍ਹਾਂ ਦੇ ਅਲੰਕਾਰਾਂ, ਵਿਅੰਗ ਅਤੇ ਟੋਕ ਰਾਹੀਂ ਚਿਤਰਦਾ ਹੈ। ਉਹ ਮੋਹ ਮਾਇਆ ਦੇ ਤਿਆਗ ਦੀ ਗੱਲ ਅਤੇ ਭੇਖ ਦੀ ਵਿਰੋਧਤਾ ਕਰਦਾ ਹੈ। ਉਸ ਨੇ ਆਪਣੀ ਕਵਿਤਾ ਵਿਚ ਗੋਰਖਮਤ ਨੂੰ ਹੀ ਵਿਸਥਾਰ ਦਿੱਤਾ ਹੈ। ਉਹ ਸਾਧਾਂ ਅਤੇ ਜੋਗੀਆਂ ਦੇ ਬਾਹਰਲੇ ਭੇਖ ਦੀ ਵਿਰੋਧਤਾ ਕਰਦਾ ਹੈ ਅਤੇ ਆਤਮਾ ਦੇ ਜੋਗੀ ਨੂੰ ਹੀ ਅਸਲੀ ਜੋਗੀ ਮੰਨਦਾ ਹੈ:

"ਭੇਖ ਕਾ ਜੋਗੀ ਮੈਂ ਨਾ ਕਹਾਉਂ।
ਆਤਮਾ ਕਾ ਜੋਗੀ ਚਰਪਟ ਨਾਉਂ।"

ਨਾਥ ਕਵੀਆਂ ਨੇ ਆਪਣੀ ਰਚਨਾ ਅਪਭ੍ਰੰਸ਼ ਪ੍ਰਧਾਨ ਪੰਜਾਬੀ ਵਿਚ ਕੀਤੀ ਹੈ। ਉਸ ਸਮੇਂ ਦੀ ਲੋਕ-ਭਾਸ਼ਾ ਨੂੰ ਹਰਮਨ-ਪਿਆਰਾ ਬਣਾਉਣ ਵਿਚ ਕਾਫੀ ਯੋਗਦਾਨ ਦਿੱਤਾ ਹੈ। ਉਨ੍ਹਾਂ ਦਾ ਸਹਿਤ ਮੱਧਕਾਲ-ਪੂਰਵ ਸਾਹਿਤ ਦਾ ਅਮੁੱਲ ਵਿਰਸਾ ਹੈ। ਇਨ੍ਹਾਂ ਨੇ ਪੰਜਾਬੀ ਦਾ ਨਾਮ ਰੌਸ਼ਨ ਕੀਤਾ ਹੈ।

ਨਾਥ ਕਵੀਆਂ ਨੇ ਭਗਤੀ ਕਾਵਿ ਨੂੰ ਅਧਿਆਤਮਕ ਤੇ ਰਹੱਸਮਈ ਧਾਰਮਿਕ ਸ਼ਬਦਾਵਲੀ ਦਿੱਤੀ। ਗੁਰੂ, ਚੇਲਾ, ਸੁਰਤ ਸ਼ਬਦ, ਯੋਗ ਨਾਦ ਬਿੰਦ, ਦਸਮ ਦਵਾਰ, ਸੁੰਨ ਸਮਾਧੀ, ਧਿਆਨ, ਜਪੁ, ਭਉ, ਅਨਹਦ ਸ਼ਬਦ ਆਦਿ ਸ਼ਬਦਾਂ ਨੂੰ ਸੰਕਲਪ ਬਣਾ ਕੇ ਇਨ੍ਹਾਂ ਦੀ ਵਰਤੋਂ ਮਗਰੋਂ ਭਗਤੀ ਕਾਵਿ ਵਲੋਂ ਕੀਤੀ ਗਈ।

**ਭਗਤੀ ਸਾਹਿਤ:**

ਉਂਝ ਤਾਂ ਸੰਤ ਸਾਹਿਤ ਦੇ ਸਾਰੇ ਹੀ ਰਚਨਾਕਾਰਾਂ ਦਾ ਸਥਾਨ ਬਹੁਤ ਉੱਚਾ ਹੈ, ਪਰ ਕਈ ਸੰਤ ਆਪਣੀਆਂ ਵਿਲੱਖਣ ਦੇਣਾ ਕਾਰਣ ਸਾਹਿਤ ਵਿਚ ਸਥਾਪਿਤ ਹੋ ਗਏ ਹਨ। ਜੇਕਰ ਸੰਤ ਸਾਹਿਤ ਦੀ ਗੱਲ ਕਰਨੀ ਹੋਵੇ ਤਾਂ ਭਗਤ ਕਬੀਰ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਮਹਾਨ ਬਾਣੀਕਾਰਾਂ ਦਾ ਨਾਂ ਸਭ ਤੋਂ ਪਹਿਲਾਂ ਨਜ਼ਰ ਵਿਚ ਆਉਂਦਾ ਹੈ। ਮੀਰਾ ਬਾਈ ਜੀ ਕ੍ਰਿਸ਼ਨ ਕਾਵਿ ਪਰੰਪਰਾ ਵਿਚ ਜਿਵੇਂ ਭਗਤ ਸੂਰਦਾਸ ਆਪਣਾ ਅਨੋਖਾ ਸਥਾਨ ਰੱਖਦੇ ਹਨ। ਉਸੇ ਤਰ੍ਹਾਂ ਮੀਰਾ ਦੀ ਵਿਅਕਤੀਗਤ ਦੇਣ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਮੀਰਾ ਦਾ ਸਾਹਿਤ ਵਿਚ ਇਕ ਅਨੋਖਾ ਸਥਾਨ ਹੈ। ਜੇਕਰ ਨਾਰੀ-ਸੁਲੱਬ ਬ੍ਰਿਹਾ ਦੀ ਗੱਲ ਕਰਨੀ ਹੋਵੇ ਜਾਂ ਗੀਤ ਕਾਵਿ ਦੀ ਗੱਲ ਕਰਨੀ ਹੋਵੇ ਤਾਂ ਮੀਰਾ ਦਾ ਨਾਂ ਉਘੜ ਕੇ ਸਾਹਮਣੇ ਆਉਂਦਾ ਹੈ। ਭਗਤੀ ਰਸ ਦੀ ਪਰੰਪਰਾ ਵਿਚ ਵੀ ਮੀਰਾ ਦਾ ਨਾਂ ਬਹੁਤ ਅੱਗੇ ਹੈ, ਦੂਸਰੇ ਪਾਸੇ ਨਾਰੀ ਜਾਤੀ ਵਾਸਤੇ ਉਸ ਦਾ ਜੀਵਨ ਇਕ ਨਮੂਨਾ ਹੈ, ਜਿਸ ਕਰਕੇ ਉਸ ਦਾ ਸਾਹਿਤ ਵਿਚ ਬਹੁਤ ਵੱਡਾ ਸਥਾਨ ਬਣਿਆ।

ਮੀਰਾ ਬਾਈ ਦਾ ਸਾਹਿਤ ਖੇਤਰ ਵਿਚ ਬਿਰਹਾ ਅਭਿਵਿਅਕਤੀ ਪੱਖੋਂ ਸਭ ਤੋਂ ਵੱਧ ਲੋਕਪ੍ਰਿਯ ਹੋ ਜਾਣ ਦਾ ਕਾਰਨ ਇਹ ਹੈ ਕਿ ਉਸ ਦੇ ਕਾਵਿ ਵਿਚ ਪ੍ਰੇਮ ਦੀ ਪੀੜ ਹੈ। ਉਸ ਦਾ ਬ੍ਰਿਹਾ ਕਬੀਰ, ਰਵਿਦਾਸ ਵਰਗਾ ਨਹੀਂ। ਇਹ ਬ੍ਰਿਹਾ ਨਾਰੀ ਦੇ ਕੋਮਲ ਹਿਰਦੇ ਵਿੱਚੋਂ ਨਿਕਲਿਆ ਹੈ। ਭਗਤੀ ਦੀਆਂ ਉਚਾਈਆਂ ਛੂਹਣ ਵਾਲੀ ਉਸ ਦੀ ਕਵਿਤਾ ਵਿਚ ਪਤੀ-ਪਤਨੀ ਦੇ ਸੰਸਾਰਿਕ ਸੰਬੰਧ ਦੁਆਰਾ ਵਿਅਕਤ ਕੀਤਾ ਗਿਆ ਇਹ ਬ੍ਰਿਹਾ ਬੜਾ ਸੁਭਾਵਿਕ ਹੈ। ਇਕ ਪਦ ਦੇਖੋ

"ਪਿਆਰੇ ਦਰਸਨ ਦੀਜੈ ਆਇਤੁ ਤੁਮ ਬਿਨ ਰਹਿਉ ਨਾ ਜਾਇ।
ਜਲ ਬਿਨ ਕਮਲ, ਚੰਦ ਬਿਨ ਰਚਨੀ, ਐਸੇ ਤੁਮ ਦੇਖਿਆ ਬਿਨ ਸਾਜਨੀ।"[68]

**ਭਗਤ ਸਧਨਾ ਜੀ (13ਵੀਂ-14ਵੀਂ ਈਸਵੀ)**

ਭਗਤ ਸਧਨਾ ਜੀ, ਮੈਕਾਲਿਫ਼ ਦੀ ਖੋਜ[69] ਅਨੁਸਾਰ 13ਵੀਂ ਸਦੀ ਈਸਵੀ ਦੇ ਪਿਛਲੇ ਅੱਧ ਵਿਚ ਹੋਏ। ਆਪ ਸਿੰਧ ਦੇ ਪਿੰਡ ਸਿਹਵਾਂ ਵਿਚ ਪੈਦਾ ਹੋਏ ਅਤੇ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ। ਬੋਲੀ ਦੇ

ਸੰਬੰਧ ਵਿਚ ਕੋਈ ਨਿਰਣੇ-ਜਨਕ ਜਾਣਕਾਰੀ ਨਹੀਂ ਮਿਲਦੀ। ਆਪ ਕਸਾਈ ਦਾ ਕੰਮ ਕਰਦੇ ਸਨ। ਮਾਸ ਵੇਚਦੇ ਸਨ, ਠਾਕਰਾਂ ਦੀ ਪੂਜਾ ਵੀ ਮਾਸ ਤੋਲਣ ਵਾਲੀ ਤਕੜੀ ਦੇ ਪਲੜੇ ਤੇ ਝੂਲਾਕ ਹੀ ਕਰਦੇ ਸਨ। ਇਸ ਘਟਨਾ ਬਾਰੇ ਕਈ ਕਹਾਣੀਆਂ ਪ੍ਰਸਿੱਧ ਹਨ। ਮੈਕਾਲਿਫ ਅਨੁਸਾਰ ਆਪ ਦਾ ਕੇਵਲ ਇਕ ਪਦ ਆਦਿ ਗ੍ਰੰਥ ਵਿਚ ਦਰਜ਼ ਹੈ ਜੋ ਰਾਗੁ ਬਿਲਾਵਲੁ ਵਿਚ ਹੈ। ਆਪ ਨੇ ਉਦਾਹਰਣ ਦੇ ਕੇ ਵੰਗਾਰਿਆ ਹੈ ਕਿ ਪਾਖੰਡੀ ਅਤੇ ਭੇਖਧਾਰੀ ਭਗਤਾਂ ਦੀ ਲਾਜ ਵੀ ਪ੍ਰਭੂ ਰੱਖਦਾ ਹੈ।

**ਭਗਤ ਬੇਣੀ ਜੀ (13ਵੀਂ-14ਵੀਂ ਈਸਵੀ)**

ਭਗਤ ਬੇਣੀ ਜੀ ਦਾ ਸਮਾਂ ਵੀ ਤੇਰ੍ਹਵੀਂ ਸਦੀ ਦੇ ਪਿਛਲੇ ਅੱਧ ਦਾ ਹੀ ਮੰਨਿਆ ਜਾਂਦਾ ਹੈ। ਆਪ ਦੇ ਜੀਵਨ ਬਾਬਤ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਆਨੁਸਾਰ ਆਪ ਦੇ ਰਚੇ ਆਦਿ ਗ੍ਰੰਥ ਵਿਚ 3 ਸ਼ਬਦ ਮਿਲਦੇ ਹਨ, ਜਿਹੜੇ ਕਿ ਸਿਰੀ ਰਾਗੁ, ਰਾਗੁ ਰਾਮਕਲੀ ਅਤੇ ਰਾਗੁ ਪ੍ਰਭਾਤੀ ਵਿਚ ਹਨ। ਭਾਈ ਘੱਨਈਆ 'ਸੇਵਾ ਜੋਤੀ' ਪੰਜਾਬੀ ਮਾਸਿਕ ਵਿਚ ਬੇਈਂ ਦੀ ਜਾਣਕਾਰੀ ਦਿੰਦਿਆ ਦਸਿਆ ਹੈ ਕਿ ਆਪ 15ਵੀਂ ਸਦੀ ਵਿਚ ਹੋਏ ਅਤੇ ਆਪ ਬ੍ਰਹਮਣ ਪਰਿਵਾਰ ਵਿਚ ਸਨ।[70]

ਆਪ ਨੇ ਆਪਣੀ ਬਾਣੀ ਵਿਚ ਕਰਮ-ਕਾਂਡ ਦਾ ਤਿਆਗ, ਪੰਚ ਦੋਖਾਂ ਦਾ ਤਿਆਗ, ਮਾਇਆ ਦੇ ਮੋਹ ਦਾ ਤਿਆਗ, ਦੁਰਮੱਤ ਦਾ ਤਿਆਗ, ਪਰਾਈ ਇਸਤਰੀ ਸੰਬੰਧਾਂ ਦਾ ਤਿਆਗ, ਪਾਪ ਦਾ ਤਿਆਗ, ਹੰਕਾਰ ਦਾ ਤਿਆਗ, ਵਿਕਾਰਾਂ ਤੋਂ ਬਚਣਾ ਅਤੇ ਪਰਾਇਆ ਧਨ ਨਾ ਠੱਗਣ ਦਾ ਉਪਦੇਸ਼ ਦਿੱਤਾ ਹੈ। ਇਸ ਦੇ ਵਿਪਰੀਤ ਆਪ ਨੇ ਪ੍ਰਭੂ ਨਾਲ ਸੱਚਾ ਪਿਆਰ ਕਰਨ, ਸਿਮਰਨ ਕਰਨ, ਰੱਬ ਅਤੇ ਮੌਤ ਨੂੰ ਯਾਦ ਰੱਖਣ, ਸੱਚ ਦੀ ਪਹਿਚਾਣ ਕਰਨ, ਪੰਜੇ ਇੰਦਰੀਆਂ ਵਸ ਵਿਚ ਕਰਨ, ਗਿਆਨਵਾਨ ਬਣਨ, ਅੰਦਰੋਂ ਬਾਹਰੋਂ ਪਵਿੱਤਰ ਹੋਣ ਅਤੇ ਗੁਰੂ ਦੇ ਵਲੋਂ ਦੱਸੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ ਹੈ। ਆਪ ਨੇ ਨਿਰਗੁਣ ਈਸ਼ਵਰ ਦੀ ਵਡਿਆਈ ਕਰਨ ਸਮੇਂ ਜੋਗੀਆਂ ਦੀ ਸ਼ਬਦਾਵਲੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਆਪ ਨੇ ਆਪਣੀ ਬਾਣੀ ਵਿਚ ਔਗੁਣਾਂ ਦੇ ਤਿਆਗ ਅਤੇ ਸਦਗੁਣਾਂ ਨੂੰ ਧਾਰਨ ਉਤੇ ਜ਼ੋਰ ਦਿੱਤਾ ਹੈ।

**ਭਗਤ ਰਾਮਾਨੰਦ ਜੀ (1366 ਈਸਵੀ ਤੋਂ 1467 ਈਸਵੀ)**

ਸੁਆਮੀ ਰਾਮਾਚੰਦ, ਉਤਰੀ ਭਾਰਤ ਵਿਚ, ਮੈਕਾਲਿਫ[71] ਅਨੁਸਾਰ ਭਗਤੀ ਲਹਿਰ ਦੇ ਮੋਢੀ ਆਖੇ ਜਾਂਦੇ ਹਨ। ਆਪ ਦਾ ਜਨਮ ਸੰਤ 1423 ਈਸਵੀ ਵਿਚ ਪ੍ਰਯਾਗ ਵਿਖੇ ਹੋਇਆ। ਲੋਕ ਪ੍ਰਚਲਿਤ ਇਕ ਦੋਹਰੇ ਅਨੁਸਾਰ ਦੱਖਣ ਦੀ ਭਗਤੀਧਾਰਾ ਨੂੰ ਉੱਤਰ ਵਿਚ ਲਿਆਉਣ ਦਾ ਸਿਹਰਾ ਸੁਆਮੀ ਰਾਮਾਨੰਦ ਜੀ ਦੇ ਸਿਰ ਹੀ ਹੈ।[72]

ਮੈਕਾਲਿਫ ਅਨੁਸਾਰ ਆਦਿ ਗ੍ਰੰਥ ਵਿਚ ਭਗਤ ਰਾਮਾਨੰਦ ਜੀ ਦਾ ਕੇਵਲ ਇਕ ਹੀ ਸ਼ਬਦ ਦਰਜ਼ ਹੈ। 'ਕਤ ਜਾਈਐ ਰੇ ਘਰ ਲਾਗੋ ਰੰਗ'। ਇਹ ਸ਼ਬਦ ਰਾਗੁ ਬਸੰਤ ਵਿਚ ਲਿਖਿਆ ਹੋਇਆ ਹੈ।[73]

ਭਗਤ ਰਾਮਾਨੰਦ ਜੀ ਨੇ ਉਪਦੇਸ਼ ਦਿੱਤਾ ਹੈ ਕਿ ਈਸ਼ਵਰ ਨੂੰ ਬਾਹਰੀ ਕਰਮ-ਕਾਂਡ ਹੀ ਨਹੀਂ, ਬਲਕਿ ਸੱਚੇ ਨੈਤਿਕ ਗੁਣਾਂ ਦਾ ਧਾਰਨੀ ਹੋ ਕੇ ਅਤੇ ਗੁਰੂ ਦੀ ਕਿਰਪਾ ਦੁਆਰਾ ਇਸ ਸਰੀਰ ਦੇ ਅੰਦਰੋਂ ਹੀ ਪਾਇਆ ਜਾ ਸਕਦਾ ਹੈ।

**ਭਗਤ ਕਬੀਰ ਜੀ (1398 ਤੋਂ 1518 ਈਸਵੀ)**

ਭਗਤ ਕਬੀਰ, ਭਗਤੀ ਲਹਿਰ ਦੇ ਸਭ ਤੋਂ ਪ੍ਰਸਿੱਧ ਕ੍ਰਾਂਤੀਕਾਰੀ ਭਗਤ ਹੋਏ ਹਨ ਜਿਨ੍ਹਾਂ ਨੇ ਧਾਰਮਿਕ ਤੇ ਸਮਾਜਕ ਭਰਮਾਂ ਵਹਿਮਾਂ ਨੂੰ ਰੱਦ ਕਰਕੇ ਸਰਵ-ਸਾਂਝੀਵਾਲਤਾ ਦਾ ਸਬਕ ਪੜ੍ਹਾਇਆ। ਮੈਕਾਲਿਫ[74] ਅਨੁਸਾਰ ਭਗਤ ਕਬੀਰ ਦਾ ਜਨਮ 1398 ਈ: ਨੂੰ ਬਨਾਰਸ ਵਿਖੇ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਇਨ੍ਹਾਂ ਦੀ ਪਾਲਣਾ ਮੁਸਲਮਾਨ ਜੁਲਾਹੇ ਦੇ ਪਰਿਵਾਰ ਵਿਚ ਹੋਈ। ਆਦਿ ਗ੍ਰੰਥ ਵਿਚ ਇਨ੍ਹਾਂ ਦੇ 17 ਰਾਗਾਂ ਵਿਚ 292 ਪਦ ਅਤੇ 249 ਸਲੋਕ ਸੰਗ੍ਰਹਿ ਕੀਤੇ ਗਏ ਹਨ। ਇਹ ਗਿਣਤੀ ਆਦਿ ਗ੍ਰੰਥ ਵਿਚ ਸੰਪਾਦਿਤ ਕੀਤੀ ਗਈ। ਭਗਤਾਂ ਦੀ ਬਾਣੀ ਵਿਚੋਂ ਸਭ ਤੋਂ ਵੱਧ ਹੈ। ਆਪ ਨੇ ਪਰਮਾਤਮਾ ਨਾਲ ਸੱਚਾ ਪਿਆਰ ਕਰਨ, ਗੁਰੂ ਦੇ ਉਪਦੇਸ਼ ਤੇ ਚੱਲਣ, ਸਤਿਸੰਗਤ ਕਰਨ, ਮੌਤ ਅਤੇ ਰੱਬ ਦਾ ਡਰ ਮਨ ਵਿਚ ਰੱਖਣ, ਸਤਿ ਸੰਤੋਖ ਧਾਰਨ, ਮਨ ਨੂੰ ਵੱਸ ਵਿਚ ਕਰਨ, ਦੁਖੀ ਅਤੇ ਲਾਚਾਰ ਦੀ ਸਹਾਇਤਾ ਕਰਨ ਤੇ ਹਰ ਇਕ ਨਾਲ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ।

ਭਗਤ ਕਬੀਰ ਜੀ ਨੇ ਗਿਆਨ ਅਤੇ ਖਿਮਾ ਨੂੰ ਉੱਤਮ ਤੇ ਝੂਠ ਤੇ ਲੋਭ ਨੂੰ ਬਹੁਤ ਬੁਰਾ ਦੱਸਿਆ ਹੈ। ਆਪ ਲਿਖਦੇ ਹਨ:

"ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ।।
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।"[75]

ਆਪ ਨੇ ਕਿਹਾ ਹੈ ਕਿ ਜਿੱਥੇ ਗਿਆਨ ਹੈ, ਉਥੇ ਧਰਮ ਹੈ, ਜਿੱਥੇ ਝੂਠ ਹੈ, ਉਥੇ ਪਾਪ ਦਾ ਵਾਸਾ ਹੈ। ਜਿੱਥੇ ਲੋਭ ਹੈ, ਉਥੇ ਮੌਤ ਅਤੇ ਜਿਥੇ ਖਿਮਾ ਹੈ, ਉਤੇ ਨਿਰੰਕਾਰ ਆਪ ਵਿਦਮਾਨ ਹੈ। ਭਗਤ ਕਬੀਰ ਜੀ ਨੇ ਸਦ-ਗੁਣਾਂ ਨੂੰ ਧਾਰਨ ਕਰਨ ਤੇ ਔਗੁਣਾਂ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ ਹੈ।

**ਭਗਤ ਰਵਿਦਾਸ ਜੀ (1324 ਤੋਂ 1514 ਈਸਵੀ)**

ਭਗਤ ਰਵਿਦਾਸ ਜੀ ਦੇ ਜੀਵਨ ਕਾਲ ਬਾਰੇ ਮੈਕਾਲਿਫ[76] ਨੇ ਲਿਖਿਆ ਹੈ ਕਿ ਨਿਸਚਿਤ ਹੀ ਉਹ ਰਾਮਾਨੰਦ ਦਾ ਚੇਲਾ ਅਤੇ ਕਬੀਰ ਦਾ ਸਮਕਾਲੀ ਸੀ। ਬਰਕਤ ਸਿੰਘ ਆਨੰਦ ਨੇ ਜਨਮ ਤਿਥੀ ਤੇ ਸਾਲ ਆਦਿ ਉਨ੍ਹਾਂ ਰਵਾਇਤਾਂ ਅਨੁਸਾਰ, ਜੋ ਰਵਿਦਾਸੀਆਂ ਵਿਚ ਪ੍ਰਚਲਿਤ ਹਨ, ਹਾੜ੍ਹ ਦੀ ਸੰਗਰਾਂਦ ਸੰਮਤ 1471 ਦਿੱਤਾ। ਇਸ ਲੇਖਕ ਨੇ ਪਿਤਾ ਦਾ ਨਾਮ ਸੰਤੋਖ ਦਾਸ ਤੇ ਮਾਤਾ ਦਾ ਨਾਮ ਕੋਸਾ ਦੇਵੀ ਕਿਹਾ ਹੈ। ਕੁਝ ਹੋਰ ਵਿਦਵਾਨਾਂ ਨੇ ਇਨ੍ਹਾਂ ਦੇ ਪਿਤਾ ਜੀ ਦਾ ਨਾ ਸੰਤੋਖ ਜਾਂ ਸੰਤੋਖ ਦਾਸ ਦੱਸਿਆ ਹੈ।

ਮੈਕਾਲਿਫ ਅਨੁਸਾਰ ਭਗਤ ਰਵਿਦਾਸ ਜੀ ਦੇ 41 ਪਦ, 16 ਰਾਗਾਂ ਵਿਚ ਆਦਿ ਗ੍ਰੰਥ ਵਿਚ ਸੰਕਲਿਤ ਹਨ। ਇਨ੍ਹਾਂ ਪਦਾਂ ਦੀ ਬੋਲੀ ਵਧੇਰੇ ਸਪਸ਼ਟ ਤੋਂ ਖੜੀ ਬੋਲੀ ਦੇ ਨੇੜੇ ਹੈ। ਆਪ ਦੀ ਬਾਣੀ ਵਿਚ

ਪੰਚ ਦੋਖ ਦਾ ਤਿਆਗ, ਅਗਿਆਨਤਾ ਦਾ ਤਿਆਗ, ਬੁਰੇ ਦੀ ਸੰਗਤ ਦਾ ਤਿਆਗ, ਮਾਇਆ ਦੇ ਮੋਹ ਤੋਂ ਦੂਰ ਰਹਿਣ, ਹੰਕਾਰ ਨਾ ਕਰਨਾ, ਲੋਭ ਨਾ ਕਰਨਾ, ਜਾਤ-ਪਾਤ, ਭੇਦ-ਭਾਵ, ਭਿੱਟਾਂ ਆਦਿ ਨਾ ਮੰਨਣਾ, ਹਉਮੈ ਦਾ ਤਿਆਗ, ਇੰਦਰੀਆਂ ਤੇ ਕਾਬੂ ਕਰਨਾ, ਕ੍ਰੋਧ ਦਾ ਤਿਆਗ, ਕਰਮ ਕਾਂਡ ਦਾ ਤਿਆਗ, ਕਿਸੇ ਦੀ ਨਿੰਦਾ ਨਾ ਕਰਨਾ, ਦੁਰਮੱਤ ਦਾ ਤਿਆਗ ਅਤੇ ਵਿਸ਼ੇ ਵਿਕਾਰਾਂ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਦੇ ਵਿਪਰੀਤ ਆਪ ਨੇ ਪ੍ਰਭੂ ਦੀ ਸੱਚੀ ਭਗਤੀ ਕਰਨ, ਸਿਮਰਨ ਕਰਨ, ਰੱਬ ਅਤੇ ਮੌਤ ਨੂੰ ਯਾਦ ਰੱਖਣ ਦਾ ਉਪਦੇਸ਼ ਦਿੱਤਾ ਹੈ। ਭਗਤ ਰਵਿਦਾਸ ਜੀ ਮਾਨਵ-ਪ੍ਰੇਮ ਦੇ ਪ੍ਰਚਾਰਕ ਸਨ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਸਨ।

**ਭਗਤ ਪੀਪਾ ਜੀ (ਜਨਮ 1425 ਈਸਵੀ)**

ਭਗਤ ਪੀਪਾ ਦਾ ਜਨਮ, ਮੈਕਾਲਿਫ[77] ਅਨੁਸਾਰ 1425 ਈਸਵੀ ਵਿਚ ਗੁਜਰਾਤ ਦੀ ਇਕ ਰਿਆਸਤ ਗਗਰੌਨਗੜ ਦੇ ਸ਼ਾਹੀ ਖਾਨਦਾਨ ਵਿਚ ਹੋਇਆ। ਆਪ ਨੇ ਰਾਜ-ਗੱਦੀ ਉੱਤੇ ਬੈਠਣ ਤੋਂ ਕੁਝ ਚਿਰ ਬਾਅਦ ਹੀ ਰਾਮਾਨੰਦ ਜੀ ਤੋਂ ਪ੍ਰਭਾਵਿਤ ਹੋ ਕੇ ਰਾਜ ਪਾਟ ਛੱਡ ਦਿੱਤਾ ਅਤੇ ਪ੍ਰਭੂ-ਭਗਤੀ ਵਿਚ ਵਿਲੀਨ ਹੋ ਗਏ।

ਮੈਕਾਲਿਫ ਅਨੁਸਾਰ ਇਨ੍ਹਾਂ ਦਾ ਕੇਵਲ ਇਕ ਪਦ ਹੀ ਆਦਿ ਗ੍ਰੰਥ ਵਿਚ ਮਿਲਦਾ ਹੈ। ਇਸ ਪਦ ਵਿਚ ਪੀਪਾ ਜੀ ਨੇ 'ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ' ਕਹਿ ਕੇ ਮਨੁੱਖ ਨੂੰ ਆਪਣੇ ਅੰਦਰ ਹੀ ਪਤੀ ਪਰਮਾਤਮਾ ਦੀ ਖੋਜ ਕਰਨ ਦੀ ਗੱਲ ਆਖੀ ਹੈ। ਭਗਤ ਜੀ ਦਾ ਵਿਸ਼ਵਾਸ ਹੈ ਕਿ ਜੇ ਕੋਈ ਸਮਰਥ ਰਹਿਬਰ ਸੱਚਾ ਗੁਰੂ ਮਿਲ ਜਾਵੇ ਤਾਂ ਹੀ ਇਹ ਭੀਤਰ ਦੀ ਖੋਜ ਸੰਭਵ ਹੋ ਸਕਦੀ ਹੈ।

"ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰ ਹੋਇ ਲਖਾਵੈ।"[78]

ਭਗਤ ਪੀਪਾ ਜੀ ਸੰਬੰਧੀ ਹੋਰ ਬਹੁਤੀ ਜਾਣਕਾਰੀ ਨਹੀਂ ਮਿਲਦੀ। ਆਪ ਦਾ ਇਕੋ ਸ਼ਬਦ ਧਨਾਸਰੀ ਰਾਗੁ ਵਿਚ ਜੋ ਹੈ, ਉਹ ਅਦਵੈਤ ਦੇ ਸਿਧਾਂਤ ਦੀ ਪੁਸ਼ਟੀ ਕਰਦਾ ਹੈ ਅਤੇ ਆਪਣੇ ਆਪੇ, ਵਿਚ ਪਰਮ ਤੱਤ ਨੂੰ ਖੋਜਣ ਦੀ ਪ੍ਰੇਰਨਾ ਦਿੰਦਾ ਹੈ। ਭਾਵ ਧਨਾਸਰੀ ਰਾਗੁ ਵਿਚ ਪੀਪਾ ਜੀ ਦਾ ਸ਼ਬਦ ਪਰਮਾਤਮਾ ਦੀ ਸਰਵ ਵਿਆਪਕਤਾ ਦਾ ਸੂਚਕ ਹੈ ਤੇ ਮਨੁੱਖ ਨੂੰ ਅੰਤਰ-ਮੁਖੀ ਹੋਣ ਦਾ ਉਪਦੇਸ਼ ਕਰਦਾ ਹੈ।

**ਭਗਤ ਸੈਣ ਜੀ (14ਵੀਂ ਤੋਂ 15 ਵੀਂ ਸਦੀ)**

ਭਗਤ ਰਾਮਾਨੰਦ ਜੀ ਦੀ ਸ਼ਿਸ਼-ਮੰਡਲੀ ਵਿਚ ਭਗਤ ਸੈਣ ਜੀ ਦਾ ਨਾਂ ਵੀ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਮੈਕਾਲਿਫ ਅਨੁਸਾਰ ਇਨ੍ਹਾਂ ਦਾ ਸਮਾਂ 14ਵੀਂ ਸਦੀ ਦੇ ਅੰਤ ਅਤੇ ਪੰਦਰਵੀਂ ਸਦੀ ਦੇ ਆਰੰਭ ਦਾ ਹੈ। ਇਹ ਰਿਆਸਤ ਰੀਵਾ ਦੇ ਰਾਜੇ ਰਾਜਾ ਰਾਮ ਦੇ ਸ਼ਾਹੀ ਨਾਈ ਸਨ।[79] ਇਨ੍ਹਾਂ ਦੇ ਸਮੇਂ ਬਾਰੇ ਨਿਸ਼ਚਿਤ ਮਿਤੀਆਂ ਦਾ ਅਜੇ ਪਤਾ ਨਹੀਂ ਲੱਗ ਸਕਿਆ। ਇਹ ਸਿੱਧ ਭਗਤ ਸਨ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਦੇ ਸੰਬੰਧ ਵਿਚ ਇਕ ਕਹਾਣੀ ਦਾ ਹਵਾਲਾ ਦਿੱਤਾ ਹੈ, ਜਿਸ ਅਨੁਸਾਰ ਜਦੋਂ ਇਕ ਦਿਨ ਸੰਤਾਂ-ਸਾਧੂਆਂ ਦੀ ਸੇਵਾ ਵਿਚ ਮਸਤ ਸੈਣ, ਰਾਜੇ ਦੀ ਸੇਵਾ ਵਿਚ ਉਪਸਤਿਤ ਨਾ ਹੋ ਸਕੇ ਤਾਂ ਪ੍ਰਭੂ ਆਪ ਸੈਣ

ਜੀ ਦਾ ਰੂਪ ਧਾਰਕੇ ਉਨ੍ਹਾਂ ਦੀ ਥਾਂ ਜਾ ਕੇ ਰਾਜਾ ਕੋਲ ਡਿਊਟੀ ਨਿਭਾ ਆਏ। ਇਹ ਵਾਰਤਾ ਇਨ੍ਹਾਂ ਦੀ ਸਿੱਧਾ ਪ੍ਰਾਪਤੀ ਦਾ ਪ੍ਰਮਾਣ ਪ੍ਰਸਤੁਤ ਕਰਦੀ ਹੈ। ਭਾਈ ਘੱਨਈਆ 'ਸੇਵਾ ਜੋਤੀ' ਪੰਜਾਬੀ ਮਾਸਿਕ ਅਨੁਸਾਰ ਆਪ ਦਾ ਜੀਵਨ ਕਾਲ 1390 ਤੋਂ 1440 ਈਸਵੀ ਦਾ ਹੈ।

ਮੈਕਾਲਿਫ ਅਨੁਸਾਰ ਭਗਤ ਸੈਣ ਜੀ ਦਾ ਆਦਿ ਗ੍ਰੰਥ ਵਿਚ ਕੇਵਲ 1 ਪਦ ਹੈ, ਜਿਹੜਾ ਕਿ ਰਾਗੁ ਧਨਾਸਰੀ ਵਿਚ ਲਿਖਿਆ ਹੋਇਆ ਹੈ। ਹੋਰਨਾਂ ਭਗਤਾਂ ਦੀਆਂ ਰਾਗੁ ਧਨਾਸਰੀ ਵਿਚ ਦਰਜ਼ ਕੀਤੀਆਂ ਗਈਆਂ ਰਚਨਾਵਾਂ ਵਾਂਗ ਇਹ ਪਦ ਵੀ 'ਆਰਤੀ' ਹੀ ਹੈ।

**ਭਗਤ ਧੰਨਾ ਜੀ (ਜਨਮ 1415 ਈਸਵੀ)**

ਧੰਨਾ ਭਗਤ ਜਿਨ੍ਹਾਂ ਨੂੰ ਆਮ ਤੌਰ 'ਤੇ ਧੰਨਾ ਜੱਟ ਆਖਿਆ ਜਾਂਦਾ ਹੈ, ਦਾ ਜਨਮ ਮੈਕਾਲਿਫ[80] ਅਨੁਸਾਰ, ਰਾਜਸਥਾਨ ਦੇ ਧੁਆਨ ਨਾਂ ਦੇ ਇਕ ਪਿੰਡ ਵਿਚ ਸੰਨ 1415 ਵਿਚ ਹੋਇਆ। ਖੇਤੀਬਾੜੀ ਦਾ ਕਿੱਤਾ ਕਰਨ ਕਰਕੇ ਇਹ ਬੜੇ ਸਾਦੇ ਸੁਭਾਊ ਦੇ ਅਤੇ ਪ੍ਰਭੂ ਉਤੇ ਵਿਸ਼ਵਾਸ ਰੱਖਣ ਵਾਲੇ ਸਨ।

ਭਾਈ ਜੋਧ ਸਿੰਘ ਜੀ ਅਨੁਸਾਰ ਇਨ੍ਹਾਂ ਦਾ ਜਨਮ ਟਾਂਕ ਦੇ ਇਲਾਕੇ ਸੁਆਨ ਪਿੰਡ, ਜੋ ਦੇਉਲੀ ਤੋਂ 20 ਮੀਲ ਦੂਰ ਹੈ, ਸੰਮਤ 1473 ਵਿਚ ਹੋਇਆ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਨ੍ਹਾਂ ਦੇ 4 ਪਦ ਆਦਿ ਗ੍ਰੰਥ ਵਿਚ ਮਿਲਦੇ ਹਨ। ਇਹ ਰਾਗੁ ਆਸਾ ਅਤੇ ਰਾਗੁ ਧਨਾਸਰੀ ਵਿਚ ਲਿਖੇ ਗਏ ਹਨ। ਇਨ੍ਹਾਂ ਪਦਾਂ ਵਿਚ ਰਾਗਾਤਮਕ ਭਗਤੀ ਦਾ ਬਹੁਤ ਹੀ ਸੁੰਦਰ ਚਿੱਤਰ ਪ੍ਰਸਤੁਤ ਹੋਇਆ ਹੈ। ਰਾਗੁ ਧਨਾਸਰੀ ਵਿਚ ਧੰਨੇ ਭਗਤ ਦਾ ਇਕ ਸ਼ਬਦ 'ਆਰਤਾ' ਵੀ ਮਿਲਦਾ ਹੈ। ਦੁਨੀਆਂ ਤਾਂ ਕੋਮਲ ਭਾਵਨਾ ਦੇ ਰੰਗ ਵਿਚ 'ਆਰਤੀ' ਪੇਸ਼ ਕਰਦੀ ਹੈ, ਪਰ ਧੰਨੇ ਨੇ ਆਪਣੇ ਸੁਭਾ ਅਨੁਸਾਰ 'ਆਰਤਾ' ਪੇਸ਼ ਕੀਤਾ ਹੈ। 'ਗੋਪਾਲ ਤੇਰਾ ਆਰਤਾ', ਜੋ ਜਨ ਤੁਮਰੀ ਭਗਤਿ ਕਰੰਤੇ, ਤਿਨ ਕੇ ਕਾਜ ਸਵਾਰਤਾ।[81]

**ਭਗਤ ਭੀਖਣ ਜੀ (1480 ਤੋਂ 1573 ਈਸਵੀ)**

ਸ਼ੇਖ ਭੀਖਣ ਜੀ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ[82] ਅਨੁਸਾਰ ਇਕ ਮੁਸਲਮਾਨ ਸੂਫੀ ਫਕੀਰ ਸਨ, ਜੋ ਉੱਤਰ ਪ੍ਰਦੇਸ਼ ਦੇ ਲਖਨਊ ਦੇ ਇਲਾਕੇ ਵਿਚ ਕਾਕੋਰੀ ਪਿੰਡ ਵਿਚ ਪੈਦਾ ਹੋਏ ਸਨ। ਆਪ ਦਾ ਦੇਹਾਂਤ ਸੰਨ 1574 ਵਿਚ ਹੋਇਆ। ਗੁਰੂ ਗ੍ਰੰਥ ਰਤਾਨਵਲੀ ਅਨੁਸਾਰ ਆਪ ਦਾ ਜੀਵਨ ਕਾਲ 1480 ਤੋਂ 1573 ਈਸਵੀ ਤੱਕ ਦਾ ਹੈ। ਮੈਕਾਲਿਫ ਅਨੁਸਾਰ ਸ਼ੇਖ ਭੀਖਣ ਇਕ ਮੁਸਲਮਾਨ ਸੂਫੀ ਫਕੀਰ ਸਨ ਤੇ ਲਖਨਊ ਦੇ ਲਾਗੇ ਨਗਰ ਕਾਕੋਰੀ ਦੇ ਰਹਿਣ ਵਾਲੇ ਸਨ। ਉਹ ਸ਼ਰ੍ਹਾ ਸ਼ਰੀਅਤ ਦੀਆਂ ਹੱਦਾਂ ਨੂੰ ਲੰਘ ਕੇ ਬੰਦਗੀ ਜਾਂ ਨਾਮ ਸਿਮਰਨ ਨੂੰ ਹੀ ਸਾਰੇ ਰੋਗਾਂ ਦਾ ਇਲਾਜ ਮੰਨਣ ਲੱਗੇ। ਉਨ੍ਹਾਂ ਦਾ ਨਿਸਚਾ ਸੀ:

"ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ, ਇਹੁ ਅਉਖਧੁ ਜਗਿ ਸਾਰਾ।।
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ।।"[83]

ਇਕ ਫਾਰਸੀ ਇਤਿਹਾਸਕਾਰ ਬਦਾਯੂਨੀ ਅਨੁਸਾਰ ਇਹ ਆਪਣੇ ਸਮੇਂ ਵਿਚ ਸਭ ਤੋਂ ਵੱਧ ਵਿਦਵਾਨ ਸਨ। ਬਯਯੂਨੀ ਦੇ ਲਿਖਣ ਅਨੁਸਾਰ ਆਪ ਦਾ ਦਿਹਾਂਤ 1573 ਈਸਵੀ ਵਿਚ ਹੋਇਆ। ਮੈਕਾਲਿਫ ਅਨੁਸਾਰ ਆਪ

ਦੇ ਕੇਵਲ 2 ਪਦ ਆਦਿ ਗ੍ਰੰਥ ਵਿਚ ਸੰਗ੍ਰਹਿ ਕੀਤੇ ਹਨ ਜੋ ਕਿ ਰਾਗੁ ਸੋਰਠਿ ਵਿਚ ਲਿਖੇ ਹੋਏ ਹਨ। ਸ਼ੇਖ ਭੀਖਣ ਜੀ ਨੇ ਹਰੀ ਨਾਮ ਦੇ ਅੰਮ੍ਰਿਤ ਨੂੰ ਪੀਣ ਲਈ ਜੀਵਨ ਦੇ ਆਰੰਭ ਤੋਂ ਹੀ ਈਸ਼ਵਰ ਪ੍ਰਤੀ ਸ਼ਰਦਾ ਅਤੇ ਪ੍ਰੇਮ ਕਰਨ ਦਾ ਉਪਦੇਸ਼ ਦਿੱਤਾ ਹੈ।

**ਭਗਤ ਪਰਮਾਨੰਦ ਜੀ (1483-1593 ਈਸਵੀ)**

ਭਗਤ ਪਰਮਾਨੰਦ ਜੀ ਮੈਕਾਲਿਫ[84] ਅਤੇ ਸਿੱਖ ਵਿਦਵਾਨਾਂ ਦੀ ਰਾਏ ਅਨੁਸਾਰ ਮਹਾਂਰਾਸ਼ਟਰ ਦੇ ਜ਼ਿਲ੍ਹਾਂ ਸ਼ੋਲਾਪੁਰ ਦੇ ਬਾਰਸੀ ਪਿੰਡ ਦੇ ਰਹਿਣ ਵਾਲੇ ਸਨ। ਇਨ੍ਹਾਂ ਦਾ ਸਮਾਂ ਅਜੇ ਨਿਸ਼ਚਿਤ ਨਹੀਂ ਕੀਤਾ ਜਾ ਸਕਿਆ। ਮੈਕਾਲਿਫ ਅਨੁਸਾਰ ਇਨ੍ਹਾਂ ਦਾ ਕੇਵਲ 1 ਪਦ ਆਦਿ ਗ੍ਰੰਥ ਵਿਚ ਸੰਗ੍ਰਹਿ ਕੀਤਾ ਗਿਆ ਹੈ, ਜਿਹੜਾ ਕਿ ਰਾਗੁ ਸਾਰੰਗ ਵਿਚ ਲਿਖਿਆ ਹੋਇਆ ਹੈ। ਆਪ ਨੇ ਇਹ ਵੀ ਸੰਦੇਸ਼ ਦਿੱਤਾ ਹੈ ਕਿ ਜਦੋਂ ਤੱਕ ਮਨੁੱਖ ਕਾਮ, ਕ੍ਰੋਧ, ਲੋਭ ਅਤੇ ਪਰਾਈ ਨਿੰਦਿਆ ਕਰਨ ਦਾ ਰਾਹ ਨਹੀਂ ਛੱਡਦਾ, ਹਿੰਸਾ ਨੂੰ ਛੱਡ ਕੇ ਜੀਵਾਂ ਤੇ ਦਇਆ ਨਹੀਂ ਕਰਦਾ, ਉਨਾਂ ਚਿਰ ਮਨੁੱਖ ਪਰਮਾਤਮਾ ਦੇ ਪਵਿੱਤਰ ਗੁਣਾਂ ਦੇ ਵਰਨਣ ਕਰਨ ਦਾ ਪਾਤਰ ਨਹੀਂ ਬਣ ਸਕਦਾ। ਆਪ ਨੇ ਕਿਹਾ ਹੈ ਕਿ ਕਿਤਨੇ ਹੀ ਧਾਰਮਿਕ ਗ੍ਰੰਥ ਕਿਉਂ ਨਾ ਪੜ੍ਹ/ਸੁਣ ਲਏ ਜਾਣ, ਪ੍ਰੰਤੂ ਨੈਤਿਕ ਗੁਣਾਂ ਦਾ ਧਾਰਨੀ ਹੋਣ ਤੋਂ ਬਿਨਾਂ ਮਨੁੱਖ ਅੰਦਰ ਪਰਮਾਤਮਾ ਦਾ ਪਿਆਰ ਪੈਦਾ ਨਹੀਂ ਹੋ ਸਕਦਾ। ਸੱਚੇ ਪਿਆਰ ਤੋਂ ਬਿਨਾਂ ਪਰਮਾਤਮਾ ਨਾਲ ਵਿਸ਼ਾਲ ਹੋਣਾ ਅਸੰਭਵ ਹੈ। ਆਪ ਜੀ ਨੇ ਸਤਿ-ਸੰਗਤ ਵਿਚ ਬੈਠ ਕੇ ਪ੍ਰਭੂ ਦੀ ਅਨਿਨ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ।

**ਭਗਤ ਸੂਰਦਾਸ ਜੀ (16ਵੀਂ ਸਦੀ ਈਸਵੀ)**

ਭਗਤ ਸੂਰਦਾਸ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ[85] ਅਨੁਸਾਰ, ਉਹ ਮਸ਼ਹੂਰ ਨੇਤਰਹੀਨ ਸੂਰਦਾਸ ਨਹੀਂ, ਜੋ ਵੈਸ਼ਨਵਾਂ ਦਾ ਮਹਾਤਮਾ ਭਗਤ ਹੋਇਆ ਹੈ, ਬਲਕਿ ਇਹ ਭਗਤ ਮਦਨ ਮੋਹਨ ਨਾਮ ਦਾ ਬ੍ਰਾਹਮਣ ਹੋਇਆ ਹੈ, ਜੋ ਸੰਮਤ 1586 ਵਿਚ ਪੈਦਾ ਹੋਇਆ।

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ, ਭਗਤ ਸੂਰਦਾਸ ਜੀ ਦਾ 1 ਪਦ ਆਦਿ ਗ੍ਰੰਥ ਵਿਚ ਮਿਲਦਾ ਹੈ, ਜੋ ਰਾਗ ਸਾਰੰਗ ਵਿਚ ਲਿਖਿਆ ਹੋਇਆ ਹੈ। ਇਸ ਪਦ ਉਪਰ ਸਪਸ਼ਟ ਸਿਰਲੇਖ ਇਸ ਤਰ੍ਹਾਂ ਦਿੱਤਾ ਹੋਇਆ ਹੈ: ਸਾਰੰਗ ਮ:5 ਸੂਰਦਾਸ'। ਪਦ ਦੀ ਭਾਸ਼ਾ ਗੁਰੂ ਅਰਜਨ ਦੇਵ ਜੀ ਦੀ ਰਚਨਾ ਵੱਲ ਸੰਕੇਤ ਕਰਦੀ ਹੈ। ਇਸ ਪਦ ਵਿਚ ਵੀ 'ਸਿਆਮ ਸੁੰਦਰ ਤਜਿ ਆਨ ਸੁ ਚਾਹਤ' ਸ਼ਬਦ ਸੂਰਦਾਸ ਦੇ 'ਸੂਰ-ਸਾਗਰ' ਵਿਚ ਮਿਲਦਾ ਹੈ। ਪਦ ਜਾਂ ਤਾ ਸੂਰ ਦਾ ਕੋਈ ਅਣਲਭਿਆ ਪਦ ਹੋ ਸਕਦਾ ਹੈ ਅਤੇ ਜਾਂ ਗੁਰੂ ਸਾਹਿਬ ਨੇ ਆਪ ਉਪਰੋਤ ਪੱਦ ਦੇ ਉੱਤਰ ਵਿਚ ਲਿਖਿਆ ਹੋ ਸਕਦਾ ਹੈ।

ਭਗਤ ਸੂਰਦਾਸ ਜੀ ਨੇ 'ਛਾਡਿ ਮਨਹਰਿ ਬਿਮੁਖਨ ਕੋ ਸੰਗੁ'[86] (ਰਾਗੁ ਸਾਰੰਗ) ਵਿਚ ਸੰਕੇਤ ਦਿੱਤਾ ਹੈ ਕਿ ਹੇ ਮਨ! ਹਰੀ ਤੋਂ ਬੇਮੁਖਾਂ ਦਾ ਸੰਗ ਤੂੰ ਛੱਡ ਦੇ। ਭਾਵ ਆਪ ਨੇ ਜੀਵਾਂ ਨੂੰ ਸਤਿਸੰਗਤ ਕਰਨ ਦਾ ਉਪਦੇਸ਼ ਦਿੱਤਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਪੰਜਾਬੀ ਭਾਸ਼ਾ ਵਿਚ ਸਿਰਜਿਆ ਭਗਤੀ ਕਾਵਿ ਇਨ੍ਹਾਂ ਮਹਾਨ ਤਪਸਵੀ, ਅਨੁਭਵੀ ਤੇ ਭਗਤ ਸੂਫੀ ਦਰਵੇਸ਼, ਨਾਥਾਂ ਆਦਿ ਨੇ ਆਪਣਾ ਭਗਤੀ ਕਾਵਿ ਸਾਹਿਤ ਰਚ ਕੇ ਮਨੁੱਖਤਾ ਨੂੰ ਅਸਲੀ ਕਦਰਾਂ ਕੀਮਤਾਂ ਨੂੰ ਜਨ-ਸਮੂਹ ਤੱਕ ਪਹੁੰਚਾਇਆ ਹੈ।

## ਅਧਿਆਇ - ੳ (੪)

## ਭਗਤੀ ਕਾਵਿ ਦੇ ਮੂਲ ਉਦੇਸ਼ ਅਤੇ ਸਿਧਾਂਤ

ਸ੍ਰੀ ਗੁਰੂ ਆਦਿ ਗ੍ਰੰਥ ਵਿਚ ਸੰਕਲਿਤ ਭਗਤ-ਬਾਣੀ ਵਿਚ ਮਨੁੱਖ ਜੀਵਨ ਦਾ ਮੂਲ ਉਦੇਸ਼ ਅਤੇ ਇਸ ਦੀ ਪੂਰਤੀ ਲਈ ਨੈਤਿਕਤਾ ਦੇ ਯੋਗਦਾਨ ਬਾਰੇ ਜਿਹੜਾ ਸੰਦੇਸ਼ ਤੇ ਉਪਦੇਸ਼ ਭਗਤਾਂ ਨੇ ਦਿੱਤਾ ਹੈ, ਉਸ ਨੂੰ ਇਸ ਅਧਿਆਇ ਵਿਚ ਅਗਰਭੂਮੀ ਉਤੇ ਲਿਆਉਣ ਦਾ ਯਤਨ ਕੀਤਾ ਗਿਆ ਹੈ ਤਾਂ ਕਿ ਨੈਤਿਕਤਾ ਦਾ ਮਹੱਤਵ ਭਲੀ-ਭਾਤਿ ਨਿਖਰ ਕੇ ਉਜਾਗਰ ਹੋ ਸਕੇ।

ਭਗਤ-ਬਾਣੀ ਮਨੁੱਖ ਨੂੰ ਇਸ ਰਚਨਾ ਦੀ ਸਭ ਤੋਂ ਉੱਤਮ ਕਿਰਤ ਮੰਨਦੀ ਹੈ। ਭਗਤਾਂ, ਚਿੰਤਕਾਂ ਅਤੇ ਵਿਦਵਾਨਾਂ ਨੇ ਇਸ ਨੂੰ ਅਸ਼ਰਫ-ਉਲ-ਮਖਲੂਕਾਤ ਕਿਹਾ ਹੈ। ਮਨੁੱਖ ਦੀ ਸ੍ਰੇਸ਼ਟਤਾ ਦਾ ਆਧਾਰ ਉਸ ਦੀ ਬੁੱਧੀ ਜਾਂ ਸੋਚਣ ਦੀ ਸ਼ਕਤੀ ਹੈ। ਭਗਤਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਮਨੁੱਖ ਦਾ ਮੂਲ ਮਨੋਰਥ ਆਪਣੇ ਰਚਨਹਾਰ ਨਾਲ ਦੁਬਾਰਾ ਇਕ-ਮਿੱਕ ਹੋਣਾ ਹੈ ਤਥਾ ਪੂਰਨ ਮਿਲਾਪ ਪ੍ਰਾਪਤ ਕਰਨਾ ਹੈ। ਭਗਤਾਂ ਨੇ ਦੱਸਿਆ ਹੈ ਕਿ ਜਿਸ ਮਾਲਕ ਦੀ ਇਹ ਰਚਨਾ ਹੈ, ਉਸ ਨੇ ਇਸ ਵਿਚ ਮੋਹ-ਮਾਇਆ ਦਾ ਜਾਲ ਫੈਲਾਇਆ ਹੋਇਆ ਹੈ, ਜਿਸ ਦੀ ਮਿੱਠੀ ਨੀਂਦ ਵਿਚ ਸੁੱਤੇ ਹੋਏ ਜੀਵ ਆਵਾਗਵਣ ਦੇ ਚੱਕਰ ਵਿਚ ਫਸੇ ਰਹਿੰਦੇ ਹਨ। ਪਰਮਾਤਮਾ ਨੇ ਆਪਣੀ ਸਾਰੀ ਰਚਨਾ ਨੂੰ ਚਾਰ ਖਾਣੀਆਂ ਦੇ ਆਧਾਰ ’ਤੇ ਚੁਰਾਸੀ ਲੱਖ ਜੂਨਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਸਭ ਜੂਨਾਂ ਵਿਚੋਂ ਕੇਵਲ ਇਕ ਮਨੁੱਖ-ਜਨਮ ਕਰਮ-ਜੂਨੀ ਹੈ, ਬਾਕੀ ਸਭ ਭੋਗ-ਜੂਨੀਆਂ ਹਨ। ਖਾਣਾ, ਪੀਣਾ ਸੌਣਾ, ਪਿਆਰ, ਨਫਰਤ ਕਰਨਾ, ਸੰਤਾਨ ਪੈਦਾ ਕਰਨਾ ਆਦਿ ਦਾ ਕਾਰਜ ਸਭ ਜੂਨਾਂ ਵਿਚ ਹੀ ਚਲਦਾ ਹੈ ਅਤੇ ਬੁਰੇ-ਭਲੇ ਦੀ ਤਾਮੀਜ਼, ਆਪਣੀ ਹਾਲਤ ਸੁਧਾਰ ਸਕਣ ਦੀ ਸ਼ਕਤੀ ਅਤੇ ਨੈਤਿਕਤਾ ਦੀ ਪਾਲਣਾ ਕਰਨ ਜਾਂ ਪਰਮਾਤਮਾ ਦੀ ਭਗਤੀ ਕਰ ਸਕਣ ਦੀ ਸਮਰੱਥਾ ਉਸ ਵਿਚ ਭਗਤੀ ਦੁਆਰਾ ਅਭੇਦ ਹੋ ਜਾਣ ਦੀ ਸ਼ਕਤੀ ਆਦਿ, ਉਸ ਪਰਮਾਤਮਾ ਨੇ ਕੇਵਲ ਇਨਸਾਨੀ ਜਾਮੇ ਹੀ ਬਖਸ਼ੀ ਹੈ। ਮਨੁੱਖੀ ਜਨਮ ਸਭ ਤੋਂ ਸ੍ਰੇਸ਼ਟ ਜੂਨੀ ਹੈ ਅਤੇ ਪਰਮੇਸ਼ਰ ਨੇ ਇਨਸਾਨ ਨੂੰ ਇਹ ਵਡਿਆਈ ਬਖਸ਼ੀ ਹੈ ਕਿ ਉਹ ਆਪਣੀ ਅਪਾਰ ਸ਼ਕਤੀਆਂ ਦੀ ਵਰਤੋਂ ਕਰਕੇ ਨਰ ਤੋਂ ਨਾਰਾਇਣ ਜਾਂ ਇਨਸਾਨ ਤੋਂ ਭਗਵਾਨ ਬਣ ਸਕਦਾ ਹੈ। ਭਗਤਾਂ ਨੇ ਉਪਦੇਸ਼ ਦਿੱਤਾ ਹੈ ਕਿ ਵੱਡੇ ਤੋਂ ਵੱਡਾ ਉਚੇ ਤੋਂ ਉੱਚਾ ਦੁਨਿਆਵੀ ਆਦਰਸ਼ ਪਰਮਾਤਮਾ ਨਾਲ ਮਿਲਾਪ ਦੇ ਆਦਰਸ਼ ਦਾ ਮੁਕਾਬਲਾ ਨਹੀਂ ਕਰ ਸਕਦਾ। ਮਨੁੱਖਾ ਦੇਹੀ ਦੇ ਪ੍ਰਾਪਤ ਕਰਨ ਦਾ ਸਭ ਤੋਂ ਵੱਡਾ ਲਾਹਾ ਇਹ ਹੈ ਕਿ ਨੈਤਿਕਤਾ ਦਾ ਪਾਲਣ ਕਰਦੇ ਹੋਏ ਭਵ-ਸਾਗਰ ਨੂੰ ਤਰਨ ਦਾ ਯਤਨ ਕੀਤਾ ਜਾਵੇ।

ਪ੍ਰਾਚੀਨ ਹਿੰਦੂ ਰਿਸ਼ੀਆਂ ਨੇ ਮਨੁੱਖਾ ਜਨਮ ਦਾ ਮੂਲ ਉਦੇਸ਼, ਪਰਮੇਸ਼ਰ ਪ੍ਰਾਪਤੀ ਨੂੰ ਹੀ ਮੰਨਿਆ ਹੈ। ਉਪਨਿਸ਼ਦ ਵਿਚ ਆਉਂਦਾ ਹੈ ਕਿ ਮਨੁੱਖਾ ਦੇਹੀ ਵਿਚ ਪਰਮਾਤਮਾ ਪਰੀਪੂਰਣ ਹੈ ਅਤੇ ਕੇਵਲ ਇਹੀ ਉਸ ਦੇ ਗਿਆਨ ਦੀ ਅਧਿਕਾਰੀ ਹੈ।[87] ਜੀਵਨ ਤਾਂ ਬਿਰਛਾਂ-ਬੂਟਿਆਂ ਤੇ ਪੰਛੀਆਂ ਵਿਚ ਵੀ ਹੈ, ਪਰ ਅਸਲ ਵਿਚ ਜੀਵਤ ਕਹਾਉਣ ਦਾ ਅਧਿਕਾਰੀ ਉਹ ਵਿਅਕਤੀ ਹੀ ਹੈ ਜੋ ਆਤਮ-ਚਿੰਤਨ ਵਿਚ ਲੱਗਾ ਰਹਿੰਦਾ ਹੈ।[88] ਸਰੀਰ ਅੰਦਰ ਬ੍ਰਾਜਮਾਨ ਈਸ਼ਵਰ ਦਾ ਗਿਆਨ ਪ੍ਰਾਪਤ ਕਰਨਾ ਹੀ ਜੀਵਨ ਦਾ ਮੁੱਖ ਮੰਤਵ ਹੋਣਾ ਚਾਹੀਦਾ

ਹੈ, ਕਿਉਂਕਿ ਪ੍ਰਭੂ ਤੋਂ ਪਰੇ ਹੋਰ ਕੁਝ ਵੀ ਜਾਣਨ-ਯੋਗ ਨਹੀਂ ਹੈ।[89] ਜੀਵ ਨੂੰ ਚਾਹੀਦਾ ਹੈ ਕਿ ਵਿਸ਼ਿਆਂ ਦਾ ਤਿਆਗ ਕਰਕੇ ਆਤਮ-ਸਰੂਪ ਪਰਮੇਸ਼ਰ ਨੂੰ ਜਾਣੇ[90], "ਕਿਉਂਕਿ ਦੇਹੀ ਵਿਚ ਬੈਠ ਕੇ ਪ੍ਰਭੂ ਦੀ ਪਛਾਣ ਕਰ ਲੈਣ ਵਿਚ ਸੱਚਾ ਸੁੱਖ ਹੈ, ਅਤੇ ਮਨੁੱਖ ਦੇ ਸਰੀਰ ਹੁੰਦੇ ਹੋਏ ਵੀ ਪ੍ਰਭੂ ਦਾ ਨਾ ਜਾਣਨਾ ਜੀਵ ਲਈ ਵਿਨਾਸ਼ਕਾਰੀ ਹੈ।[91]

ਮੰਤ੍ਰਯ ਉਪਨਿਸ਼ਟ ਵਿਚ ਵੀ ਆਉਂਦਾ ਹੈ ਕਿ ਸਭ ਤੋਂ ਉੱਤਮ ਕਰਮ ਈਸ਼ਵਰ ਨਾਲ ਲਿਵ ਲਾਉਣਾ ਹੈ। ਸ਼ਾਸਤਰਾਂ ਦੀ ਵਿਚਾਰ ਉਸ ਤੋਂ ਹੇਠਾਂ, ਮੰਤਰਾਂ ਦੀ ਸਿੱਧੀ ਉਸ ਤੋਂ ਵੀ ਘਟੀਆ ਹੈ ਅਤੇ ਤੀਰਥਾਂ ਦੀ ਯਾਤਰਾ ਸਭ ਤੋਂ ਹੇਠਾਂ ਦੱਸੀ ਗਈ ਹੈ।[92]

ਉਪਨਿਸ਼ਦਾਂ ਵਿਚ ਉਪਦੇਸ਼ ਦਿੱਤਾ ਗਿਆ ਹੈ ਕਿ ਮਨੁੱਖ ਦੇਹੀ ਵਿਚ ਪਰਮਾਤਮਾ ਪਰੀਪੂਰਣ ਹੈ। ਇਸ ਦੀ ਪ੍ਰਾਪਤੀ ਹੀ ਮਨੁੱਖ ਦੇ ਜੀਵਨ ਦਾ ਮੂਲ ਮਨੋਰਥ ਹੈ।

ਸ੍ਰੀ ਮਦ ਭਗਵਦ ਗੀਤਾ ਵਿਚ ਵੀ ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਿਆ ਗਿਆ ਹੈ ਅਤੇ ਆਤਮਾ ਦਾ ਪਰਮਾਤਮਾ ਵਿਚ ਅਭੇਦ ਹੋਣਾ ਹੀ ਇਸ ਦਾ ਮੂਲ ਮਨੋਰਥ ਹੈ। ਗੋਸੁਆਮੀ ਤੁਲਸੀ ਦਾਸ ਜੀ ਦਾ ਕਥਨ ਹੈ ਕਿ ਆਤਮਾ, ਪਰਮਾਤਮਾ ਦੀ ਅੰਸ਼ ਹੋਣ ਕਾਰਨ ਪਰਮਾਤਮਾ ਵਾਂਗ ਹੀ ਅਮਰ ਅਵਿਨਾਸ਼ੀ ਹੈ। ਉਨ੍ਹਾਂ ਨੇ ਜੀਵ ਨੂੰ ਉਸ ਨਿਰਮਲ, ਨਿਹਚਲ ਅਨੰਦ-ਸਰੂਪ ਪਰਮਾਤਮਾ ਦੀ ਅੰਸ਼ ਮੰਨਿਆ ਹੈ।[93]

ਈਸਾਈ ਮੱਤ ਅਨੁਸਾਰ ਹਜ਼ਰਤ ਈਸਾ ਨੇ ਪਰਮਾਤਮਾ ਅਤੇ ਆਤਮਾ ਦੇ ਰਿਸ਼ਤੇ ਨੂੰ ਬਾਪ ਤੇ ਬੇਟੇ ਦਾ ਰਿਸ਼ਤਾ ਕਿਹਾ ਹੈ। ਬਾਈਬਲ ਵਿਚ ਆਉਂਦਾ ਹੈ, 'ਆਤਮਾ ਪਰਮਾਤਮਾ ਦੀ ਜੋਤੀ ਹੈ'।[94] ਕਿਉਂਕਿ ਪਰਮਾਤਮਾ ਨੇ ਇਸ ਵਿਚ ਆਪਣਾ ਪ੍ਰਕਾਸ਼ ਰੱਖਿਆ ਹੋਇਆ ਹੈ।[95] ਈਸਾਈ ਧਰਮ ਵਿਚ ਪਰਮਾਤਮਾ ਨਾਲ ਪਿਆਰ ਕਰਨ ਅਤੇ ਆਤਮਾ ਦਾ ਪਰਮਾਤਮਾ ਨਾਲ ਸੁਮੇਲ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਪਰਮਾਤਮਾ ਦੀ ਪ੍ਰਾਪਤੀ ਹੀ ਜੀਵਨ ਦਾ ਮੂਲ ਮਨੋਰਥ ਮੰਨਿਆ ਗਿਆ ਹੈ। ਬਾਈਬਲ ਵਿਚ ਇਹ ਵੀ ਉਪਦੇਸ਼ ਦਿੱਤਾ ਗਿਆ ਹੈ ਕਿ ਮਨੁੱਖ ਨੂੰ ਆਪਣੇ ਦੈਵੀ ਪਿਤਾ ਜਿੰਨਾ ਪੂਰਨ ਬਣਨਾ ਚਾਹੀਦਾ ਹੈ।[96]

ਸੇਂਟ ਆਗਸਟੀਨ ਕਹਿੰਦੇ ਹਨ ਕਿ ਤੂੰ ਸਾਨੂੰ ਆਪਣੇ ਲਈ ਪੈਦਾ ਕੀਤਾ ਹੈ ਅਤੇ ਸਾਡੇ ਹਿਰਦੇ ਨੂੰ ਤਦ ਤਕ ਚੈਨ ਨਹੀਂ ਆਵੇਗੀ ਜਦ ਤਕ ਇਹ ਤੇਰੇ ਅੰਦਰ ਵਿਸ਼ਰਾਮ ਨਹੀਂ ਕਰਦਾ।[97] ਜਿਹੜਾ ਵਿਅਕਤੀ ਸੰਸਾਰ ਦੇ ਸੁਆਮੀ ਉਸ ਪਰਮਾਤਮਾ ਨੂੰ ਆਪਣਾ ਬਣਾ ਲੈਂਦਾ ਹੈ, ਸੰਸਾਰ ਦੇ ਪਦਾਰਥ ਆਪਣੇ ਆਪ ਉਸਦੇ ਬਣ ਜਾਂਦੇ ਹਨ।[98] ਇਸ ਦੇ ਉਲਟ ਜਿਹੜਾ ਵਿਅਕਤੀ ਸਾਰੇ ਸੰਸਾਰ ਨੂੰ ਆਪਣਾ ਬਣਾ ਲੈਂਦਾ ਹੈ ਪਰ ਆਪਣੇ (ਆਤਮਿਕ) ਜੀਵਨ ਦਾ ਨਾਸ਼ ਕਰ ਲੈਂਦਾ ਹੈ, ਉਸ ਨੂੰ ਕੋਈ ਲਾਭ ਨਹੀਂ ਪਹੁੰਚਦਾ।[99]

ਸੇਂਟ ਪਾਲ ਸਮਝਾਉਂਦੇ ਹਨ ਕਿ ਮੌਤ ਸਾਡਾ ਆਖ਼ਰੀ ਦੁਸ਼ਮਣ ਹੈ, ਜਿਸ ਨੂੰ ਜਿੱਤਣਾ ਜ਼ਰੂਰੀ ਹੈ।[100] ਆਪ ਕਹਿੰਦੇ ਹਨ ਕਿ ਜਦ ਤਕ ਬੀਜ ਮਰਦਾ ਨਹੀਂ, ਇਸ ਵਿਚੋਂ ਨਵਾਂ ਜੀਵਨ ਨਹੀਂ ਉਪਜ ਸਕਦਾ।[101] ਰੂਹਾਨੀ ਅਭਿਆਸ ਦੁਆਰਾ ਜੀਂਦੇ-ਜੀਅ ਮਰਨਾ ਹੀ ਮੌਤ ਨੂੰ ਜਿੱਤਣ ਅਤੇ ਮਾਦੀ ਸਰੀਰ ਤੋਂ ਉਪਰ ਉਠ ਕੇ

ਸੱਚੇ ਰੂਹਾਨੀ ਜੀਵਨ ਵਿਚ ਦਾਖਲ ਹੋਣਾ ਹੈ। ਇਸ ਲਈ ਆਪ ਕਹਿੰਦੇ ਹਨ ਕਿ ਮੈਂ ਰੋਜ਼ ਮਰਨ ਦਾ ਅਭਿਆਸ ਕਰਦਾ ਹਾਂ।[102]

ਅਹਿਲੇ ਇਸਲਾਮ ਦੋ ਤਰ੍ਹਾਂ ਦੀ ਰਚਨਾ ਮੰਨਦੇ ਹਨ : ਇਕ ਆਲਮੇ ਖਲਕ, ਜਿਸ ਨੂੰ ਪੈਦਾ ਕੀਤਾ ਗਿਆ ਅਤੇ ਜਿਹੜੀ ਨਾਸ਼ਵਾਨ ਹੈ, ਦੂਸਰੀ ਆਲਮੇ ਅਮਰ, ਜੋ ਪਰਮਾਤਮਾ ਉਹਦੇ ਹੁਕਮ, ਰਜ਼ਾ ਕਲਮੇ ਜਾਂ ਸ਼ਬਦ ਦੀ ਅਨਾਦੀ ਦੁਨੀਆਂ ਹੈ ਅਤੇ ਜਿਹੜੀ ਕਦੇ ਨਾਸ਼ ਨਹੀਂ ਹੁੰਦੀ। ਰੂਹ ਨੂੰ ਰੱਬ ਵਾਂਗ ਆਲਮੇ ਅਮਰ ਦੀ ਵਸਤੂ ਮੰਨਿਆ ਗਿਆ ਹੈ। 'ਅਲਰੂਹ ਮਿਨ ਅਮਰੇ ਰੱਬੀ'। ਇਸਲਾਮ ਦੀ ਧਾਰਨਾ ਹੈ ਕਿ ਰੂਹ ਦਾ ਰੱਬ ਨਾਲ ਸੁਮੇਲ ਕਰਨਾ ਹੀ ਇਸ ਦਾ ਮੂਲ ਮਨੋਰਥ ਹੈ।[103]

ਸ੍ਰੀ ਗੁਰੂ ਆਦਿ ਗ੍ਰੰਥ ਵਿਚ ਸੰਕਲਿਤ ਗੁਰਬਾਣੀ ਅਨੁਸਾਰ ਪਰਮਾਤਮਾ ਦਾ ਪ੍ਰਕਾਸ਼ ਕੀੜਿਆਂ, ਪਤੰਗਿਆਂ, ਪਸ਼ੂ ਪੰਛੀਆਂ ਵਿਚ ਹੀ ਨਹੀਂ, ਜੜ੍ਹ ਵਸਤੂਆਂ ਵਿਚ ਵੀ ਰਮਿਆ ਹੋਇਆ ਹੈ। ਇਸ ਅੰਦਰਲੇ ਪ੍ਰਕਾਸ਼ ਨਾਲ ਜੁੜਨ ਅਤੇ ਇਸ ਨਾਲ ਜੁੜ ਕੇ ਇਸ ਦੇ ਸਰੋਤ ਸੱਚ-ਖੰਡ ਵਾਪਸ ਪਹੁੰਚਣ ਦੀ ਸ਼ਕਤੀ ਪਰਮਾਤਮਾ ਨੇ ਸਿਰਫ ਇਨਸਾਨ ਨੂੰ ਹੀ ਬਖਸ਼ੀ ਹੈ। ਜੀਵਨ ਤਾਂ ਭਾਵੇਂ ਬਿਰਛਾਂ ਬੂਟਿਆਂ ਅਤੇ ਪੰਛੀਆਂ ਵਿਚ ਵੀ ਹੈ, ਪਰ ਅਸਲ ਜੀਵਤ ਕਹਾਉਣ ਦਾ ਅਧਿਕਾਰੀ ਉਹ ਵਿਅਕਤੀ ਹੈ, ਜੋ ਆਤਮ-ਚਿੰਤਨ ਵਿਚ ਲੱਗਾ ਰਹਿੰਦਾ ਹੈ।

ਸੰਸਾਰ ਦੀਆਂ ਸਾਰੀਆਂ ਵਸਤੂਆਂ ਦਾ ਸੰਬੰਧ ਸਰੀਰ ਨਾਲ ਹੈ। ਜਦ ਤਕ ਜਿੰਦਾ ਹਾਂ ਸਭ ਸਾਨੂੰ ਆਪਣਾ ਸਮਝਦੇ ਹਨ ਅਤੇ ਅਸੀਂ ਸਭ ਨੂੰ ਆਪਣਾ ਸਮਝਦੇ ਹਾਂ। ਅੰਤ ਸਮੇਂ ਸਰੀਰ ਨਾਲ ਕੁਝ ਵੀ ਨਹੀਂ ਜਾਂਦਾ, ਹੋਰ ਕਿਸੇ ਨੇ ਕੀ ਜਾਣਾ। ਪਰਮਾਤਮਾ ਦਾ ਨਾਮ ਤਾਂ ਆਪਣਾ ਹੈ, ਪਰ ਇਨਸਾਨ ਸਾਰੀ ਉਮਰ ਇਸ ਵੱਲ ਧਿਆਨ ਨਹੀਂ ਦਿੰਦਾ ਅਤੇ ਦੁਨੀਆਂ ਦੇ ਰਿਸ਼ਤਿਆਂ, ਪਦਾਰਥਾਂ ਨਾਲ ਮੋਹ ਪਾਈ ਰੱਖਦਾ ਹੈ। ਅੰਤ ਸਮੇਂ ਉਨ੍ਹਾਂ ਵਿਚੋਂ ਕੋਈ ਵੀ ਉਸ ਦਾ ਆਪਣਾ ਨਹੀਂ ਬਣਦਾ।

ਗੁਰਬਾਣੀ ਵਿਚ ਮਨੁੱਖ ਨੂੰ ਸ੍ਰਿਸ਼ਟੀ ਦਾ ਸਿਰਤਾਜ ਆਖਿਆ ਗਿਆ ਹੈ। ਸਿਰਜਨਹਾਰ ਦੀਆਂ ਚੌਹਾਂ ਖਾਣੀਆਂ ਵਿਚੋਂ ਸਭ ਤੋਂ ਉਤਮ ਕਿਰਤ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਲਿਖਿਆ ਹੈ:

"ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥"[104]

ਆਪ ਜੀ ਅਨੁਸਾਰ ਮਨੁੱਖ ਦੀ ਧਰਤੀ ਉਤੇ ਚੌਧਰ ਹੈ ਤੇ ਦੂਜੀਆਂ ਸਾਰੀਆਂ ਜੂਨੀਆਂ ਉਸ ਦਾ ਪਾਣੀ ਭਰਦੀਆਂ ਹਨ। ਭਾਵ ਉਸ ਦੀ ਸੇਵਾ ਲਈ ਤਤਪਰ ਹਨ। ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਮਨੁੱਖ ਦੇ ਜਾਮੇ ਵਿਚ ਮਨੁੱਖ, ਉਸ ਦੀ ਮਿਲੀ ਤੀਖਣ ਸੂਝ-ਬੂਝ ਦੇ ਸਦਕੇ ਭਲੇ-ਬੁਰੇ ਵਿਚ ਤਮੀਜ਼ ਕਰ ਸਕਦਾ ਹੈ। ਅੱਜ ਦੀ ਘੜੀ ਤੋਂ ਬਹੁਤ ਅੱਗੇ, ਇਸ ਚੋਲੇ ਦੀ ਸੀਮਾਂ ਤੋਂ ਵੀ ਪਾਰ, ਝਾਤ ਪਾ ਸਕਦਾ ਹੈ ਅਤੇ ਦੂਰ ਭਵਿੱਖਤ ਲਈ ਕੋਈ ਸਾਰਥਕ ਵਿਉਂਤ ਬਣਾ ਸਕਦਾ ਹੈ। ਉਸ ਵਿਉਂਤ ਨੂੰ ਅਮਲੀ ਜਾਮਾ ਵੀ ਪਹਿਨਾ

ਸਕਦਾ ਹੈ। ਸਰਬ ਸਮਰੱਥ ਤਾਂ ਇਕ ਭਗਵਾਨ ਹੀ ਹੈ। ਕਰ ਗੁਜ਼ਰਨਾ ਬਹੁਤ ਕੁਝ ਇਨਸਾਨ ਦੇ ਹੱਥ ਵਿਚ ਹੀ ਹੈ।

ਮਨੁੱਖੀ ਚੋਲਾ ਉਸ ਸਫ਼ਰ ਦੀ ਅੰਤਮ ਛਲਾਂਗ ਹੈ ਤੇ ਇਨਸਾਨ ਨੂੰ ਹੋਰ ਜੀਵਾਂ ਦੇ ਮੁਕਾਬਲੇ ਸ੍ਰੇਸ਼ਟ ਬੁੱਧੀ ਇਸ ਲਈ ਬਖਸ਼ੀ ਗਈ ਹੈ ਤਾਂ ਜੋ ਉਹ ਇਸ ਛਲਾਂਗ ਨੂੰ ਠੀਕ ਤਰ੍ਹਾਂ ਸਫਲਤਾ ਨਾਲ ਮਾਰ ਸਕੇ। ਰਾਗੁ ਆਸਾ ਵਿਚ ਗੁਰੂ ਜੀ ਨੇ ਲਿਖਿਆ ਹੈ:

"ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।
ਅਵਰਿ ਕਾਜ ਤੇਰੈ ਕਿਤੈ ਨ ਕਾਮ।।
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।"[105]

ਮਨੁੱਖ ਦਾ ਸਰੀਰ ਪਰਮਾਤਮਾ ਨਾਲ ਸੁਮੇਲ ਪੈਦਾ ਕਰਨ ਲਈ ਮਿਲਿਆ ਹੈ। ਇਹ ਪ੍ਰਭੂ ਨੂੰ ਮਿਲਣ ਦਾ ਇਕ ਸੁਨਹਿਰੀ ਮੌਕਾ ਹੈ। ਗੁਰਬਾਣੀ ਅਨੁਸਾਰ ਹੋਰ ਦੁਨੀਆਂ ਦੇ ਕੰਮਾਂ-ਕਾਰਾਂ ਦੀ ਕੋਈ ਉਪਮਾ ਨਹੀਂ, ਕੇਵਲ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੀ ਉਤਮ ਕਾਰਜ ਹੈ।

ਭਗਤ-ਬਾਣੀ ਵਿਚ ਸੰਸਾਰ ਨੂੰ ਚੌਪੜ ਦੀ ਬਾਜ਼ੀ ਨਾਲ ਉਪਮਾ ਦਿੱਤੀ ਗਈ ਹੈ ਤੇ ਉਹ ਖ਼ੂਬ ਢੁਕਦੀ ਹੈ। ਚੌਪੜ ਦੀ ਬਸਾਤ ਵਿਚ ਚਾਰ ਪੱਟੀਆ ਹੁੰਦੀਆਂ ਹਨ। ਦੂਜੇ ਪਾਸੇ ਜੀਵ ਚਾਰ ਖਾਣੀਆਂ ਵਿਚ ਵੰਡੇ ਹੋਏ ਹਨ : ਅੰਡਜ਼, ਜੇਰਜ, ਸੇਤਜ, ਉਤਭੁਜ। ਹਰ ਖਾਣੀ ਵਿਚ ਜੀਵਾਂ ਦੀਆਂ ਲੱਖਾਂ ਭਾਂਤਾਂ ਹਨ। ਚੌਪੜ ਦੀਆਂ ਨਰਦਾਂ ਨੇ ਪਹਿਲੀ ਪਿੜੀ ਤੋਂ ਆਰੰਭ ਕਰਕੇ ਚੌਹਾਂ ਪੱਟੀਆਂ ਵਿਚੋਂ ਲੰਘਦਿਆਂ ਬਸਾਤ ਦਾ ਪੂਰਾ ਚੱਕਰ ਲਾਉਣਾ ਹੁੰਦਾ ਹੈ ਤੇ ਸ੍ਰਿਸ਼ਟੀ ਦੇ ਪ੍ਰਾਣੀ ਉਸ ਤਰ੍ਹਾਂ ਬੇਲਾਂ ਬਿਰਛਾਂ ਤੋਂ ਉਨਤ ਹੋ ਕੇ ਇਨਸਾਨ ਬਣ ਜਾਂਦੇ ਹਨ। ਚੌਪੜ ਵਿਚ ਚੌਹਾਂ ਖੁੰਟਾਂ ਦੀ ਗਰਦਿਸ਼ ਮੁਕਾ ਲੈਣ ਬਾਅਦ ਇਕ ਖਾਸ ਪਿੜੀ ਆਉਂਦੀ ਹੈ, ਜਿਸ ਤੋਂ ਨਰਦ ਦੇ ਅਸਲੀ ਘਰ ਦੀ ਯਾਤਰਾ ਸ਼ੁਰੂ ਹੁੰਦੀ ਹੈ, ਜੋ ਪਾਸਾ ਠੀਕ ਡਿੱਗੇ ਤਾਂ ਨਰਦ ਅੰਦਰ ਦੇ ਰਾਹ ਪੈ ਜਾਂਦੀ ਹੈ। ਜੇ ਅੰਦਰ ਵੜਨ ਤੋਂ ਪਹਿਲਾਂ ਹੀ ਪਿਟ ਜਾਵੇ ਤਾਂ ਮੁੱਕਿਆ ਮੁਕਾਇਆ ਪੈਂਡਾ ਨਵੇਂ ਸਿਰਿਉ ਕੱਟਣਾ ਪੈ ਜਾਂਦਾ ਹੈ। ਸੰਸਾਰੀ ਜੀਵਾਂ ਲਈ ਆਵਾਗਨ ਦੇ ਸੰਤਾਪ ਤੋਂ ਨਜਾਤ ਦਿਵਾਉਣ ਵਾਲੀ ਪਿੜੀ ਮਨੁੱਖੀ ਜਾਮਾ ਹੈ। ਜੇ ਕੋਈ ਮਨੁੱਖ ਇਸ ਪਿੜੀ 'ਤੇ ਪਹੁੰਚ ਕੇ ਮਰ ਜਾਵੇ ਤਾਂ ਉਹੀਓ ਚੁਰਾਸੀ ਲੱਖ ਜੂਨਾਂ ਉਸ ਦੇ ਮੁੜ ਪੱਲੇ ਪੈ ਜਾਂਦੀਆਂ ਹਨ, ਜਦ ਕਿ ਅੰਦਰ ਜਾ ਵੜਨ ਵਾਲਾ ਪੱਕੀ ਨਰਦ ਵਾਂਗ ਪੁੱਗ ਜਾਂਦਾ ਹੈ ਅਤੇ ਆਪਣੇ ਨਿਜ ਘਰ, ਸੱਚ-ਖੰਡ, ਵਿਚ ਪ੍ਰਵੇਸ਼ ਪ੍ਰਾਪਤ ਕਰ ਲੈਂਦਾ ਹੈ।

ਭਗਤ ਕਵੀਆਂ ਨੇ ਆਪਣੀ ਬਾਣੀ ਵਿਚ ਪਰਮਾਤਮਾ ਦੀ ਭਗਤੀ, ਸਿਮਰਨ ਅਤੇ ਪ੍ਰੇਮ ਭਗਤੀ ਦੁਆਰਾ ਪਰਮਾਤਮਾ ਨਾਲ ਸੁਮੇਲ ਕਰਨਾ ਹੀ ਜੀਵਨ ਦਾ ਮੂਲ ਮਨੋਰਥ ਦੱਸਿਆ ਹੈ। ਹੇਠਾਂ ਦਿੱਤੇ ਗਏ ਉਦਾਹਰਣ ਇਸ ਤੱਥ ਦੀ ਪੁਸ਼ਟੀ ਕਰਦੇ ਹਨ:

"ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ।।

ਦੇਹੀ ਕਿਸਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥"[106]

"ਪਰਮਾਦਿ ਪੁਰਖਮਨੋਪਿਮੰ, ਸਤਿ ਆਦਿ ਭਾਵ ਰਤੰ॥

ਪਰਮਦਭੁੱਤੇ, ਪਰਕ੍ਰਿਤਿ ਪਰੰ, ਜਦਿਚਿੰਤਿ ਸਰਬਗਤੰ॥"[107]

"ਮਦਨ ਮੂਰਤਿ ਭੈ ਤਾਰਿ ਗੋਬਿੰਦੇ॥

ਸੈਣੁ ਭਣੈ ਭਜੁ ਪਰਮਾਨੰਦੇ॥"[108]

ਭਗਤ ਕਵੀਆਂ ਨੇ ਆਪਣੀ ਬਾਣੀ ਵਿਚ ਪ੍ਰਭੂ ਦਾ ਨਾਮ ਸਿਮਰਨ, ਉਸ ਦੀ ਓਟ ਲੈਣ ਅਤੇ ਸਦਾ ਹੀ ਪਰਮਾਤਮਾ ਦੇ ਰੰਗ ਵਿਚ ਰੰਗੇ ਰਹਿਣ ਦਾ ਉਪਦੇਸ਼ ਦਿੱਤਾ ਹੈ। ਸ਼ੇਖ ਫਰੀਦ ਜੀ ਨੇ ਇਹ ਵੀ ਕਿਹਾ ਹੈ ਕਿ ਜਿਨ੍ਹਾਂ ਮਨੁੱਖਾਂ ਨੂੰ ਰੱਬ ਦਾ ਨਾਮ ਭੁੱਲ ਗਿਆ ਹੈ, ਉਹ ਮਨੁੱਖ ਧਰਤੀ ਉਤੇ ਨਿਰਾ ਭਾਰ ਹੀ ਹਨ।

ਭਗਤ ਕਵੀਆਂ ਨੇ ਜਿੱਥੇ ਸਦਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ, ਉਥੇ ਸਦਾਚਾਰਹੀਣ ਕੰਮਾਂ ਨੂੰ ਤਿਆਗਣ 'ਤੇ ਵੀ ਉਨ੍ਹਾਂ ਨੇ ਬਹੁਤ ਜ਼ੋਰ ਦਿੱਤਾ ਹੈ। ਜਿਵੇਂ ਕਿ ਪੰਚ-ਦੋਖ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਮਾਇਆ, ਝੂਠਾ ਆਚਰਣ, ਭੇਖ ਪਾਖੰਡ, ਗੁਰੂ ਤੋਂ ਬੇਮੁਖਤਾ, ਲੋਕਾਂ ਦਾ ਖ਼ੂਨ ਪੀਣਾ, ਮਿਖਿਆਪਣ, ਪਰਾਈ ਇਸਤਰੀ/ਪੁਰਸ਼ ਸੰਬੰਧ, ਸੁਆਰਥ ਪੂਰਤੀ ਲਈ ਪਰਮਾਤਮਾ ਦੀ ਭਗਤੀ, ਜੂਠ, ਸਾਕਤ-ਮਾਰਗ, ਨਿੰਦਿਆ, ਚੁਗਲੀ, ਗਰੀਬ ਨੂੰ ਦੁਰਕਾਰਨਾ, ਜਾਤ-ਪਾਤ ਭਿੰਨ-ਭੇਦ, ਝੂਠੀ ਗਵਾਹੀ, ਰਿਸ਼ਵਤ, ਝਗੜਾ, ਪਰਾਇਆ ਹੱਕ ਮਾਰਨਾ, ਅਮਾਨਤ ਦਾ ਵਾਪਸ ਨਾ ਕਰਨਾ, ਤ੍ਰਿਸ਼ਨਾ, ਨਸ਼ਿਆ ਦਾ ਸੇਵਨ, ਪਾਪ ਆਦਿ। ਭਗਤ ਬਾਣੀ ਵਿਚ ਭਗਤ ਕਵੀਆਂ ਨੇ ਅੰਹਕਾਰ ਨੂੰ ਮੂਲ ਮਨੋਰਥ ਦੀ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਦੱਸਿਆ ਹੈ। ਅਹੰਕਾਰ ਕਰਨ ਨਾਲ ਮਨੁੱਖ ਦੀ ਸਦਬੁੱਧੀ ਖਤਮ ਹੋ ਜਾਂਦੀ ਹੈ ਅਤੇ ਇਹ ਮਨੁੱਖ ਨੂੰ ਪੱਤਣ ਵਾਲੇ ਪਾਸੇ ਲੈ ਜਾਂਦਾ ਹੈ। ਭਗਤ ਕਬੀਰ ਜੀ ਨੇ ਲਿਖਿਆ ਹੈ:

"ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ॥

ਆਜੁ ਕਾਲਿ ਭੁਇ ਲੇਟਣਾ ਊਪਰਿ ਜਾਮੈ ਘਾਸੁ॥"[109]

ਆਪ ਨੇ ਕਿਹਾ ਹੈ ਕਿ ਉੱਚੀ ਮਾੜੀ ਵੇਖ ਕੇ ਅਹੰਕਾਰ ਨਹੀਂ ਕਰਨਾ ਚਾਹੀਦਾ। ਅੱਜ ਜਾਂ ਕੱਲ੍ਹ ਜ਼ਮੀਨ 'ਤੇ ਲੇਟਣਾ ਹੋਵੇਗਾ ਤੇ ਉਪਰ ਘਾਹ ਜੰਮੇਗਾ। ਭਗਤ ਕਬੀਰ ਜੀ ਨੇ ਦੱਸਿਆ ਹੈ ਕਿ ਸੰਸਾਰ ਦੀਆਂ ਦ੍ਰਿਸ਼ਟਮਾਨ ਚੀਜ਼ਾਂ ਵਿਨਾਸ਼ਕਾਰੀ ਹਨ ਅਤੇ ਇਨ੍ਹਾਂ ਦਾ ਹੰਕਾਰ ਕਰਨਾ ਠੀਕ ਨਹੀਂ। ਹੰਕਾਰ ਮੂਲ ਮਨੋਰਥ ਦੀ ਪ੍ਰਾਪਤੀ ਵਿਚ ਰੁਕਾਵਟ ਬਣਦਾ ਹੈ।

ਭਗਤ ਕਵੀਆਂ ਨੇ ਜ਼ੋਰ ਜੁਲਮ ਕਰਨ, ਲੋਕਾਂ ਦਾ ਖ਼ੂਨ ਚੂਸਣ, ਜੁਲਮ ਵਾਲੀ ਰੋਜ਼ੀ ਕਮਾਉਣ, ਪਰਾਇਆ ਧਨ ਖੋਹਣ ਅਤੇ ਇਸਤਰੀ ਜਾਂ ਪੁਰਸ਼ ਨਜਾਇਜ਼ ਸੰਬੰਧਾਂ ਨੂੰ ਵੀ ਮੂਲ ਮਨੋਰਥ ਦੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਕਿਹਾ ਹੈ। ਭਗਤ ਕਬੀਰ ਜੀ ਨੇ ਲਿਖਿਆ ਹੈ:

"ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥

ਆਵਾਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥"[110]

ਆਪ ਨੇ ਉਪਦੇਸ਼ ਦਿੱਤਾ ਹੈ ਕਿ ਪਰਾਇਆ ਤਨ, ਧੰਨ, ਪਰਾਈ ਇਸਤਰੀ, ਨਿੰਦਾ, ਦੂਜਿਆਂ ਨਾਲ ਵਿਰੋਧ ਇਹ ਜੀਵ ਕੋਲੋਂ ਛੁਟਦੇ ਨਹੀਂ, ਜਿਸ ਕਰਕੇ ਉਸ ਨੂੰ ਪਰਲੋਕ ਤੇ ਲੋਕ ਵਿਚੋਂ ਮੁੜ-ਮੁੜ ਆਉਣਾ ਜਾਣਾ ਪੈਂਦਾ ਹੈ ਤੇ ਇਹ ਸਿਲਸਿਲਾ ਮੁਕਦਾ ਹੀ ਨਹੀਂ। ਆਪ ਨੇ ਇਨ੍ਹਾਂ ਔਗੁਣਾਂ ਨੂੰ ਤਿਆਗਣ ਦੀ ਸਿਖਿਆ ਦਿੱਤੀ ਹੈ।

ਭਗਤ ਕਵੀਆਂ ਨੇ ਜੂਠ ਮੰਨਣ, ਭਿੱਟ ਅਤੇ ਜਾਤ-ਪਾਤ ਦੇ ਭੇਦ-ਭਾਵਾਂ ਨੂੰ ਤਿਆਗਣ ਦਾ ਵੀ ਸੰਦੇਸ਼ ਦਿੱਤਾ ਹੈ। ਭਗਤ ਰਵਿਦਾਸ ਜੀ ਨੇ ਰਾਗੁ ਬਿਲਾਵਲ ਵਿਚ ਲਿਖਿਆ ਹੈ:

"ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ।।
ਡੋਮ ਚੰਡਾਰ ਮਲੇਛ ਮਨ ਸੋਇ।।"[111]

ਭਗਤ ਰਵਿਦਾਸ ਜੀ ਨੇ ਕਿਹਾ ਹੈ ਕਿ ਬ੍ਰਾਹਮਣ, ਵੈਸ਼, ਸੂਦਰ, ਖਤ੍ਰੀ, ਡੋਮ ਅਤੇ ਚੰਡਾਲ, ਸਭ ਦੇ ਮਨ ਵਿਚ ਉਹੀ ਪਰਮਾਤਮਾ ਵਸਦਾ ਹੈ। ਆਪ ਨੇ ਜਾਤ-ਪਾਤ ਦੇ ਭੇਦ-ਭਾਵ ਨੂੰ ਉਚਿਤ ਨਹੀਂ ਮੰਨਿਆ ਅਤੇ ਕਿਹਾ ਹੈ ਕਿ ਇਹ ਔਗੁਣ ਮੂਲ ਮਨੋਰਥ ਦੀ ਪ੍ਰਾਪਤੀ ਦੇ ਰਾਹ ਵਿਚ ਵਿਘਨ ਹਨ।

ਭਗਤ ਕਵੀਆਂ ਨੇ ਕਿਸੇ ਨਾਲ ਝਗੜਾ ਤੇ ਈਰਖਾ ਕਰਨ ਨੂੰ ਵੀ ਬੁਰਾ ਕਿਹਾ ਹੈ। ਕਿਸੇ ਨਾਲ ਠੱਗੀ ਮਾਰਨਾ ਜਾਂ ਰਿਸ਼ਵਤ ਲੈ ਕੇ ਕਿਸੇ ਤੋਂ ਧਨ ਖੋਹਣ ਨੂੰ ਵੀ ਮਾੜਾ ਦੱਸਿਆ ਹੈ। ਭਗਤ ਕਵੀਆਂ ਨੇ ਨਸ਼ਿਆਂ ਦੇ ਤਿਆਗ ਅਤੇ ਸ਼ੁੱਧ ਖੁਰਾਕ ਖਾਣ ਦਾ ਵੀ ਉਪਦੇਸ਼ ਦਿੱਤਾ ਹੈ। ਭਗਤ ਕਵੀਆਂ ਨੇ ਜੀਵ ਹੱਤਿਆ ਕਰਨ ਦੀ ਵਿਰੋਧਤਾ ਕੀਤੀ ਹੈ ਅਤੇ ਅਹਿੰਸਾ ਧਾਰਨ ਕਰਨ ਦਾ ਵੀ ਸੰਦੇਸ਼ ਦਿੱਤਾ ਹੈ।

ਸ਼ੇਖ ਫ਼ਰੀਦ ਜੀ ਨੇ ਸੰਸਾਰ ਨੂੰ ਗੁੱਝੀ ਅੱਗ, ਖੰਡ ਵਿਚ ਗਲੇਫ ਕੇ ਰੱਖੀਆਂ ਹੋਈਆਂ ਜ਼ਹਿਰ ਦੀਆਂ ਗੰਦਲਾਂ, ਕੱਲਰ ਦੀ ਛੱਪੜੀ, ਕੋਧਰੇ ਦਾ ਖੇਤ ਆਦਿ ਕਹਿ ਕੇ ਬਿਆਨ ਕੀਤਾ ਹੈ। ਆਪ ਨੇ ਕਿਹਾ ਹੈ ਕਿ ਮਾਇਆ ਦੇ ਭੋਗ ਬਾਹਰੋਂ ਦੇਖਣ ਨੂੰ ਦਿਲ-ਮੋਹਣੇ, ਪਿਆਰੇ ਅਤੇ ਸੁਖ ਭਰੇ ਪ੍ਰਤੀਤ ਹੁੰਦੇ ਹਨ। ਅਸਲ ਵਿਚ ਇਹ ਜੀਵ ਨੂੰ ਬਹੁਤ ਬੁਰੀ ਤਰ੍ਹਾਂ ਦੁੱਖਾਂ ਵਿਚ ਫਸਾ ਦਿੰਦੇ ਹਨ। ਇਸ ਮਾਇਆ ਦੇ ਜੰਜਾਲ ਵਿਚ ਨਾ ਫਸਣ ਦਾ ਸ਼ੇਖ ਫਰੀਦ ਜੀ ਨੇ ਆਪਣੀ ਬਾਣੀ ਦੁਆਰਾ ਉਪਦੇਸ਼ ਦਿੱਤਾ ਹੈ।

ਭਗਤ ਕਵੀਆਂ ਨੇ ਕਿਹਾ ਹੈ ਕਿ ਔਗੁਣਾਂ ਦਾ ਤਿਆਗ ਕਰਨ ਨਾਲ ਹੀ ਮਨ ਅਤੇ ਬੁੱਧੀ ਨਿਰਮਲ ਹੋ ਸਕਦੇ ਹਨ ਅਤੇ ਮੂਲ ਮਨੋਰਥ ਦੀ ਪ੍ਰਾਪਤੀ ਲਈ ਔਗੁਣਾਂ ਦਾ ਤਿਆਗ ਬਹੁਤ ਜ਼ਰੂਰੀ ਹੈ। ਸ਼ੇਖ ਫਰੀਦ ਜੀ ਨੇ ਸਦਗੁਣਾਂ ਨੂੰ ਧਾਰਨ ਕਰਨ ਅਤੇ ਔਗੁਣਾਂ ਦੇ ਤਿਆਗ ਉਤੇ ਬਹੁਤ ਜ਼ੋਰ ਦਿੱਤਾ ਹੈ। ਆਪ ਨੇ ਲਿਖਿਆ ਹੈ:

"ਫਰੀਦ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ।।"[112]

ਸ਼ੇਖ ਫਰੀਦ ਜੀ ਨੇ ਕਿਹਾ ਹੈ ਕਿ ਹਮੇਸ਼ਾ ਚੰਗੇ ਕੰਮ ਕਰਨੇ ਚਾਹੀਦੇ ਹਨ। ਮੰਦੇ ਕੰਮਾਂ ਤੋਂ ਦੂਰ ਰਹਿਣਾ ਹੈ ਅਤੇ ਉਨ੍ਹਾਂ ਨੂੰ ਤਿਆਗ ਦੇਣਾ ਚਾਹੀਦਾ ਹੈ। ਕਿਤੇ ਅਜਿਹਾ ਨਾ ਹੋਵੇ ਕਿ ਮੰਦੇ ਕੰਮ ਕਰਨ ਨਾਲ ਪਰਮਾਤਮਾ ਦੇ ਦਰਬਾਰ ਵਿਚ ਜਾ ਕੇ ਸ਼ਰਮਿੰਦਗੀ ਉਠਾਉਣੀ ਪਵੇ। ਆਪ ਨੇ ਸਦਗੁਣਾਂ ਨੂੰ ਧਾਰਨ ਕਰਨ

'ਤੇ ਬਹੁਤ ਜ਼ੋਰ ਦਿੱਤਾ ਹੈ। ਨੈਤਿਕਤਾ ਦਾ ਪੱਲਾ ਨਾ ਛੱਡਣ ਦੇ ਸੰਬੰਧ ਵਿਚ ਭਗਤ ਕਬੀਰ ਜੀ ਨੇ ਲਿਖਿਆ ਹੈ:

"ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਿਲ ਅਪੁਨੈ ਹਾਥਿ ॥"[113]

ਭਗਤ ਕਬੀਰ ਜੀ ਨੇ ਕਿਹਾ ਹੈ ਕਿ ਦੁਨੀਆਂ ਪਿਛੇ ਧਰਮ ਨਹੀਂ ਛੱਡਣਾ ਚਾਹੀਦਾ, ਜਿਸ ਨਾਲ ਨੈਤਿਕ ਗੁਣਾਂ ਦਾ ਤਿਆਗ ਹੋ ਜਾਂਦਾ ਹੈ। ਗਾਫਲ ਨੇ ਆਪਣੇ ਹੱਥੀਂ ਆਪਣੇ ਪੈਰ ਆਪ ਕੁਹਾੜਾ ਮਾਰਿਆ। ਆਪ ਨੇ ਇਸ ਸ਼ਬਦ ਵਿਚ ਮਨੁੱਖ ਨੂੰ ਸੰਦੇਸ਼ ਦਿੱਤਾ ਹੈ ਕਿ ਦੁਨੀਆਂ ਦੇ ਪਦਾਰਥਾਂ ਦੀ ਖ਼ਾਤਰ ਨੈਤਿਕਤਾ ਦਾ ਤਿਆਗ ਮਨੁੱਖ ਲਈ ਵਿਨਾਸ਼ਕਾਰੀ ਹੈ।

ਭਗਤ ਕਵੀਆਂ ਅਨੁਸਾਰ ਮਨੁੱਖੀ ਜਾਮੇ ਵਿਚ ਆਕੇ ਈਸ਼ਵਰ ਦੇ ਨਾਮ ਦਾ ਸਿਮਰਨ ਕਰਨਾ ਹੀ ਸੱਚਾ ਮਾਰਗ ਹੈ ਅਤੇ ਗੁਰੂ ਦੁਆਰਾ ਦੱਸੇ ਮਾਰਗ ਰਾਹੀਂ ਸ਼ੁੱਧ ਅਧਿਆਤਮਕ ਰਸਤੇ ਭਾਵ ਸਦਗੁਣਾਂ ਨੂੰ ਧਾਰਨ ਕਰਨਾ ਅਤੇ ਔਗੁਣਾਂ ਦਾ ਤਿਆਗ ਕਰਨਾ, ਉੱਤੇ ਚੱਲਣਾ ਚਾਹੀਦਾ ਹੈ।

ਭਗਤ ਕਵੀਆਂ ਨੇ ਪਰਮਾਤਮਾ ਨੂੰ ਮਿਲਣ ਦਾ ਰਸਤਾ ਅਤੇ ਸਾਧਨ ਹਰ ਪ੍ਰਕਾਰ ਦੇ ਬਾਹਰਮੁਖੀ ਕਰਮ-ਕਾਂਡ ਤੋਂ ਪਰ੍ਹੇ ਅਤੇ ਉੱਪਰ ਦੱਸਿਆ ਹੈ। ਇਹ ਅਨਾਦੀ, ਪਰਿਵਰਤਨ-ਰਹਿਤ ਮਾਰਗ, ਪਰਮਾਤਮਾ ਨੇ ਖੁਦ ਹਰ ਇਨਸਾਨ ਦੇ ਅੰਦਰ ਸਿਰਜਿਆ ਹੋਇਆ ਹੈ। ਇਹ ਨਾਮ ਦੀ ਅੰਤਰਮੁਖ ਸਾਧਨਾ ਦਾ ਮਾਰਗ ਹੈ, ਜਿਸ ਵਿਚ ਆਪਣੀ ਮਨ, ਬੁੱਧੀ, ਚਤੁਰਾਈ ਨਾਲ ਨਹੀਂ, ਸਗੋਂ ਪ੍ਰੇਮ, ਪਿਆਰ, ਇਸ਼ਕ, ਭਗਤੀ, ਸਮਰਪਣ, ਸ਼ਰਨ ਜਾਂ ਭਾਣੇ ਦੁਆਰਾ ਸਫਲਤਾ ਪ੍ਰਾਪਤ ਹੁੰਦੀ ਹੈ।

ਇਹ ਸੰਸਾਰ ਕਰਮ-ਭੂਮੀ ਹੈ, ਜਿਸ ਵਿਚ ਸਭ ਜੀਵ ਆਪੋ-ਆਪਣੇ ਕਰਮਾ ਦਾ ਫਲ ਭੋਗਣ ਲਈ ਬਾਰ ਬਾਰ ਜੰਮਦੇ-ਮਰਦੇ ਰਹਿੰਦੇ ਹਨ। ਜੀਵ ਆਪਣੇ ਜਤਨ, ਬੁੱਧੀ ਅਤੇ ਸ਼ਕਤੀ ਦੁਆਰਾ ਨਹੀਂ, ਕੇਵਲ ਪ੍ਰਭੂ ਦੀ ਆਪਣੀ ਦਇਆ-ਮਿਹਰ ਦੁਆਰਾ ਹੀ ਉਸ ਨੂੰ ਪਾ ਸਕਦਾ ਹੈ। ਭਗਤ ਕਵੀਆਂ ਨੇ ਸਮਾਜ ਵਿਚ ਨੈਤਿਕ ਆਚਰਣ ਤੇ ਅਧਿਆਤਮਿਕ ਜੀਵਨ-ਦ੍ਰਿਸ਼ਟੀ ਉਤੇ ਵਧੇਰੇ ਜ਼ੋਰ ਦਿੱਤਾ ਹੈ।

ਭਗਤੀ ਕਾਵਿ ਨੇ ਆਪਣੇ ਸਿਧਾਤਾਂ ਰਾਹੀਂ ਦਾਰਸ਼ਨਿਕ ਸੋਚ ਅਤੇ ਦ੍ਰਿਸ਼ਟੀਕੋਣ ਦੇ ਕੁਝ ਅਧਿਆਤਮਿਕ ਅਧਾਰ ਹਨ, ਜਿਨ੍ਹਾਂ ਦੇ ਆਧਾਰ 'ਤੇ ਸਮਾਜ ਦੇ ਮਨੁੱਖੀ ਜੀਵਨ ਦੇ, ਰਾਜਨੀਤਿਕ ਵਰਤਾਰੇ ਦੇ ਅਤੇ ਧਾਰਮਿਕ ਸੰਸਥਾ ਦੇ ਵਿਕ੍ਰਿਤ ਹੋ ਚੁੱਕੇ ਸਰੂਪ ਨੂੰ ਉਜੱਵਲ ਕੀਤਾ ਤੇ ਸੰਸਾਰ ਮੋਹ ਮਾਇਆ, ਬਾਹਰੀ ਕਰਮ ਕਾਂਡਾਂ ਤੋਂ ਮੁਕਤੀ ਦਿਵਾਈ ਭਗਤੀ ਕਾਵਿ ਨੈਤਿਕ ਗੁਣਾਂ ਦਾ ਇਕ ਭਰਪੂਰ ਖ਼ਜ਼ਾਨਾ ਹੈ। ਭਗਤ ਕਵੀਆਂ ਨੇ ਆਪਣੇ ਸਿਧਾਂਤਾਂ ਰਾਹੀਂ ਔਗੁਣਾਂ ਦਾ ਤਿਆਗ ਕਰਕੇ ਸਦਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ। ਜਿਸ ਮਨੁੱਖ ਦਾ ਜੀਵਨ ਨੈਤਿਕ ਗੁਣਾਂ ਨਾਲ ਸੁਸਜਿਤ ਹੋਵੇਗਾ, ਉਸ ਦਾ ਲੋਕ ਪਰਲੋਕ ਵਿਚ ਆਦਰ ਸਨਮਾਨ ਹੋਵੇਗਾ, ਕਿਉਂਕਿ ਉੱਚੇ ਤੇ ਸੁੱਚੇ ਜੀਵਨ ਦਾ ਧਾਰਨੀ ਜੀਵ ਹੀ ਪਰਮਾਤਮਾ ਨਾਲ ਪ੍ਰੇਮ ਪੈਦਾ ਕਰ ਸਕਦਾ ਹੈ।

ਇਹ ਉਹ ਕਸਵੱਟੀ ਹੈ, ਜੋ ਮਨੁੱਖ ਦੇ ਮੂਲ ਦੀ ਪ੍ਰਾਪਤੀ ਵਿਚ ਸਹਾਈ ਹੁੰਦੀ ਹੈ। ਭਗਤ ਬਾਣੀ ਦੇ ਸਿਧਾਂਤਾਂ ਉਪਰ ਚਲ ਕੇ ਹੀ ਮਾਨਵ ਜੀਵਨ ਸਫਲ ਹੋ ਸਕਦਾ ਹੈ।

**ਬ੍ਰਹਮ ਦਾ ਸਿਧਾਂਤ**

ਨਿਰਗੁਣ ਭਗਤੀ ਕਾਵਿ ਪਰੰਪਰਾ ਵਿਚ ਬ੍ਰਹਮ ਬਾਰੇ ਜੋ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ, ਉਹ ਸਪੱਸ਼ਟ ਰੂਪ ਵਿਚ ਜਿੱਥੇ ਅਵਤਾਰਵਾਦ ਅਤੇ ਬਹੁਦੇਵਤਾ ਦੀ ਵਿਰੋਧਤਾ ਕਰਦਾ ਹੈ, ਉਥੇ ਹੀ ਪਰਮਾਤਮਾ ਦੀ ਸਰਬਵਿਆਪਕਤਾ ਤੇ ਨਿਰਾਕਾਰ ਸਰੂਪ ਨੂੰ ਵਿਆਖਿਆਉਣ ਦੀ ਕੋਸ਼ਿਸ਼ ਵੀ ਕਰਦਾ ਹੈ। ਬਾਣੀ ਅਨੁਸਾਰ:

> "ਨਿਰਗੁਣ ਕਾਵਿ ਦਾ ਮੂਲ ਸਿਧਾਂਤ ਪਰਮਤੱਤ ਦੇ ਸਰੂਪ ਪ੍ਰਤਿ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਹੈ। ਇਹ ਦ੍ਰਿਸ਼ਟੀਕੋਣ ਬ੍ਰਹਮ ਨੂੰ 'ਸਾਕਾਰ' ਦੇ ਮੁਕਾਬਲੇ 'ਨਿਰਾਕਾਰ' ਸੱਤਾ ਸਵੀਕਾਰ ਕਰਦਾ ਹੈ।"[114]

ਸਮੁੱਚੀ ਭਗਤ ਬਾਣੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਾਰੇ ਭਗਤਾਂ ਨੇ ਪਰਮਾਤਮਾ ਦੇ ਨਿਰਾਕਾਰ ਸਰੂਪ ਦੀ ਉਪਾਸਨਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹੋਣ ਤੋਂ ਬਾਅਦ ਭਗਤ ਬਾਣੀ ਦੀ ਇਸ ਵਿਚਾਰ ਦੇ ਸੰਦਰਭ ਵਿਚ ਕੋਈ ਵਿਰੋਧ ਖੜਾ ਨਹੀਂ ਹੋ ਸਕਦਾ। ਸੰਤ ਨਾਮਦੇਵ ਜੀ ਕਹਿੰਦੇ ਹਨ ਕਿ ਜਗਤ ਵਿਚ ਦ੍ਰਿਸ਼ਟਮਾਨ ਅਨੇਕਤਾ ਵਿਖਾਵਾ ਅਤੇ ਛਲਾਵਾ ਮਾਤਰ ਹੈ। ਇਸ ਦੇ ਪਿੱਛੇ ਕੰਮ ਕਰ ਰਹੀ ਸ਼ਕਤੀ ਇਕ ਅਤੇ ਸਤਿ ਹੈ:

> "ਏਕ ਅਨੇਕ ਬਿਆਪਕ ਪੂਰਕ
> ਜਤ ਦੇਖਉ ਤਤ ਸੋਈ ॥
> ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ
> ਬਿਰਲਾ ਬੂਝੈ ਕੋਈ ॥੧॥"[115]
> "ਕਬੀਰ ਕੋ ਸੁਆਮੀ ਐਸੋ ਠਾਕੁਰੁ
> ਜਾ ਕੈ ਮਾਈ ਨ ਬਾਪੋ ਰੇ॥"[116]

ਸੰਸਾਰਕ ਮਨੁੱਖ ਰੇਗਿਸਤਾਨ ਦੇ ਪਿਆਸੇ ਮ੍ਰਿਗ ਵਾਂਗੂ ਭੁਲੇਖਿਆਂ ਦਾ ਸ਼ਿਕਾਰ ਹੋਈ ਜਾਂਦਾ ਹੈ। ਬ੍ਰਹਮ ਦੀ ਤਲਾਸ਼ ਵਿਚ ਕਦੇ ਮੂਰਤੀਆਂ ਦੀ ਪੂਜਾ ਕਰਦਾ ਹੈ। ਕਦੇ ਦੰਭੀ-ਪਖੰਡੀ ਸਾਧੂਆਂ ਦੇ ਡੇਰਿਆਂ ਦੇ ਗੇੜੇ ਕੱਢਦਾ ਸਾਰੀ ਜ਼ਿੰਦਗੀ ਵਿਅਰਥ ਕਰ ਦਿੰਦਾ ਹੈ। ਸ਼ੁਰੂ ਤੋਂ ਹੀ ਮਨੁੱਖੀ ਬਿਰਤੀ ਇਸ ਤਰ੍ਹਾਂ ਦੀ ਰਹੀ ਹੈ ਕਿ ਕਿਸੇ ਤਰ੍ਹਾਂ ਪਰਮਾਤਮਾ ਪ੍ਰਾਪਤ ਹੋ ਜਾਏ; ਫਿਰ ਮੁਕਤੀ ਮਿਲ ਜਾਵੇਗੀ। ਕਿਸੇ ਨੂੰ ਵੀ ਸਰੀਰਕ ਰੂਪ ਚ ਨਾ ਕ੍ਰਿਸ਼ਨ ਪ੍ਰਾਪਤ ਹੋਇਆ, ਨਾ ਰਾਮਾ, ਨਾ ਗਾਡ, ਨਾ ਵਿਸ਼ਣੂੰ, ਨਾ ਨਾਨਕ, ਵੱਖਰੇ-ਵੱਖਰੇ ਯੁੱਗਾਂ ਵਿਚ ਵੱਖਰੀਆਂ-ਵੱਖਰੀਆਂ ਸ਼ਕਲਾਂ ਅੰਦਰ ਇਹ ਸਾਰੇ ਬ੍ਰਹਮ ਦੇ ਸਰੂਪ ਹੋਏ ਹਨ ਤੇ ਮਨੁੱਖ ਮਾਤਰ ਨੂੰ ਇਸ ਦੀ ਪ੍ਰਾਪਤੀ ਹੋਈ, ਤਾਂ ਸਿਰਫ਼ ਨਿਰਗੁਣ ਭਗਤੀ ਭਾਵ ਨਾਲ, ਸੇਵਾ ਸਿਮਰਨ, ਪ੍ਰੇਮਾ-ਭਗਤੀ ਨਾਲ ਉਹ ਵੀ

ਆਤਮ-ਅਨੁਭੂਤੀ ਰਾਹੀਂ, ਸਰੀਰਕ ਪ੍ਰਯੋਗਸ਼ਾਲਾ ਵਿਚ ਆਤਮਿਕ ਪ੍ਰਯਾਸ ਨਾਲ। ਭਗਤ ਨਾਮਦੇਵ ਜੀ ਦੀ ਬਾਣੀ ਦੇ ਮੰਗਲ-ਸੂਤਰ ਵਿਚ ਬ੍ਰਹਮ ਦੇ ਸਰੂਪ ਉਸ ਦੀ ਪ੍ਰਾਪਤੀ ਬਾਰੇ ਇਹ ਭਾਵ, ਇਕ ਈਸ਼ਵਰ ਦੀ ਉਪਾਸਨਾ ਕੁਝ ਇਸ ਤਰ੍ਹਾਂ ਉਜਾਗਰ ਹੁੰਦਾ ਹੈ ਕਿ ਇਕ ਪਰਮਾਤਮਾ ਦੇ ਨਾਂ ਨਾਲ ਹੀ ਸਭ ਕੁਝ ਮਿਲ ਜਾਂਦਾ ਹੈ। ਕੇਵਲ ਇਕੋ ਦੇ ਲੜ ਹੀ ਲੱਗ ਕੇ ਭਵਸਾਗਰ ਤੋਂ ਪਾਰ ਜਾ ਸਕਦੇ ਹਾਂ।

**ਜੀਵ**

"ਸਫਲ ਜਨਮੁ ਮੋ ਕਉ ਗੁਰ ਕੀਨਾ॥੧॥
ਦੁਖ ਬਿਸਾਰਿ ਸੁਖ ਅੰਤਰਿ ਲੀਨਾ॥ ੨ ॥
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥ ੩ ॥
ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥੪॥ ਰਹਾਉ॥"[117]

ਜੀਵ ਦੀ ਹੋਂਦ ਕਿਉਂਕਿ ਆਤਮਾ ਕਰਕੇ ਹੈ, ਇਸ ਲਈ ਆਤਮਾ ਤੇ ਜੀਵ ਵਿਚ ਕੋਈ ਅੰਤਰ ਨਹੀਂ, ਜੋ ਭੇਦ ਦਿੱਸਦਾ ਹੈ, ਉਹ ਮਾਇਆ ਦਾ ਜੰਜਾਲ ਹੈ। ਇਸ ਕਰਕੇ ਸਮੁੱਚੀ ਭਗਤੀ ਪਰੰਪਰਾ ਵਿਚ ਗੁਰਮਤਿ ਆਸ਼ੇ ਅਨੁਸਾਰ ਜੀਵ ਨੂੰ ਆਤਮਾ ਤੇ ਪ੍ਰਾਣ ਨੂੰ ਪਰਮਾਤਮਾ ਕਹਿ ਕੇ ਉਚਾਰਿਆ ਗਿਆ । ਭਗਤੀ ਕਾਵਿ ਦਾ ਉਪਦੇਸ਼ ਹੈ ਕਿ ਆਤਮਾ ਰੂਪੀ ਜੀਵ ਨੂੰ ਛਿਣ-ਛਿਣ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਪਰਮਾਤਮਾ ਨੇ ਉਸ ਨੂੰ ਜੀਵਨ ਪ੍ਰਦਾਨ ਕੀਤਾ। ਸੰਸਾਰਿਕ ਜੀਵਨ ਦੇ ਨਾਲ-ਨਾਲ ਪਰਮਾਤਮਾ ਦੀ ਭਗਤੀ ਕਰਨ ਦਾ ਅਭਿਆਸ ਵੀ ਇਕ ਰਹੱਸਵਾਦੀ ਜੀਵਨ ਹੀ ਹੁੰਦਾ ਹੈ। ਗਿਆਨ ਅਜਿਹਾ ਜੋ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾ ਕੇ ਉਸ ਵਿਚ ਏਕਾਕਾਰ ਹੋਣ ਦੀ ਸਮਰੱਥਾ ਬਖਸ਼ਦਾ ਹੋਵੇ।

ਨਿਰਗੁਣ ਕਾਵਿ ਵਿਚ ਬ੍ਰਹਮ ਤੋਂ ਬਾਅਦ ਆਤਮਾ (ਜੀਵ) ਹੀ ਅਜਿਹਾ ਅਧਿਆਤਮਿਕ ਤੱਤ ਹੈ, ਜਿਸ ਦਾ ਭਰਪੂਰ ਰਹੱਸਵਾਦੀ ਨਿਰੂਪਣ ਹੋਇਆ ਹੈ। ਬ੍ਰਹਮ ਦੇ ਨਿਰੂਪ ਕਰਨ ਸਮੇਂ ਨਿਰਗੁਣ ਕਵੀ ਆਤਮਾ ਨੂੰ ਧਿਆਨ ਵਿਚ ਰੱਖ ਕੇ ਚੱਲਦੇ ਹਨ ਅਤੇ ਪਰਮਾਤਮਾ ਦੇ ਨਾਲ ਮੇਚ ਕੇ ਹੀ ਵਿਸ਼ਲੇਸ਼ਣ ਕਰਦੇ ਹਨ। ਵੈਦਿਕ ਕਾਲ ਤੋਂ ਹੀ ਆਤਮਾ ਸੰਬੰਧੀ ਪ੍ਰਸ਼ਨ ਉੱਠਦੇ ਰਹੇ ਹਨ ਤੇ ਉਚਿਤ ਹੱਲ ਵੀ ਲੱਭਿਆ ਗਿਆ ਹੈ। ਵੈਸੇ ਵਿਚਾਰਿਆ ਜਾ ਸਕਦਾ ਹੈ ਕਿ ਆਤਮਾ ਮਾਇਆ ਦੇ ਪ੍ਰਭਾਵ ਕਰਕੇ ਆਪਣੇ ਮੂਲ ਨੂੰ ਭੁਲਾ ਦੇਣ ਕਰਕੇ ਜੀਵ ਕਹੁਲਾਉਂਦੀ ਹੈ। ਇਹ ਦੋਵੇਂ ਪਰਮਾਤਮਾ ਦੇ ਹੀ ਅੰਸ਼ ਹਨ।

**ਜਗਤ ਦਾ ਸਿੱਧਾਂਤ**

ਆਦਿ ਕਾਲ ਤੋਂ ਹੀ ਮਨੁੱਖੀ ਸੋਚ ਨੂੰ ਇਹ ਪ੍ਰਸ਼ਨ ਟੁੰਬਦੇ ਰਹੇ ਹਨ ਕਿ ਇਸ ਜਗਤ ਦਾ ਕਰਤਾ ਕੌਣ ਹੈ? ਉਸ ਨੇ ਇਸ ਜਗਤ ਨੂੰ ਕਿਸ ਵਿਧੀ ਨਾਲ ਰਚਿਆ ਹੈ। ਬ੍ਰਹਮ ਅਤੇ ਜਗਤ ਦਾ ਆਪਸੀ ਸੰਬੰਧ ਕੀ ਹੈ? ਇਸ ਜਗਤ ਦੀ ਪ੍ਰਕਿਰਤੀ ਤੇ ਸਰੂਪ ਕੀ ਹੈ? ਇਸ ਜਗਤ ਦੀ ਪ੍ਰਕਿਰਤੀ ਤੇ ਸਰੂਪ ਕੀ ਹੈ? ਜੁਗਾਂ ਜੁਗਤਰਾਂ ਤੋਂ ਦਰਸ਼ਨ-ਆਚਾਰੀਆਂ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਭਾਲਣ ਵਿਚ ਯਤਨਸ਼ੀਲ ਰਹੇ ਹਨ। ਭਾਰਤੀ ਦਰਸ਼ਨ ਵਿਚ ਵੀ ਜਗਤ ਦੀ ਉਤਪਤੀ, ਵਿਕਾਸ ਤੇ ਸਥਿਤੀ ਆਦਿ ਸੰਬੰਧੀ ਗੰਭੀਰ ਅਧਿਐਨ ਪ੍ਰਸਤੁਤ

ਕੀਤਾ ਗਿਆ ਹੈ। ਰਹੱਸਵਾਦੀਆਂ ਨੇ ਬ੍ਰਹਮ ਤੋਂ ਬਾਅਦ ਜੀਵ ਦਾ ਰਹੱਸਵਾਦੀ ਨਿਰੂਪਣ ਕਰਨ ਤੋਂ ਬਾਅਦ ਜਗਤ ਨੂੰ ਜੀਵ ਨਾਲ ਪੂਰੀ ਤਰ੍ਹਾਂ ਸੰਬੰਧਤ ਦੱਸਿਆ ਹੈ। ਜੀਵ ਦੀ ਹਸਤੀ ਉਸ ਦੀ ਹੋਂਦ ਲਈ ਜਗਤ ਭੂਮੀ ਦਾ ਕੰਮ ਕਰਦਾ ਹੈ। ਜੀਵ ਇਸ ਜਗਤ ਵਿਚ ਆ ਕੇ ਇਕ ਬ੍ਰਹਮ ਦੀ ਲੀਲਾ ਨੂੰ ਵੇਖਦਾ ਹੈ, ਭੋਗਦਾ ਹੈ ਤੇ ਫਿਰ ਇਸ ਜਗਤ ਦੇ ਘਟ-ਘਟ ਵਿਚ ਕੇਵਲ ਬ੍ਰਹਮ ਦੀ ਪਛਾਣ ਕਰ ਕੇ ਉਸੇ ਵਿਚ ਲੀਨ ਹੋ ਜਾਂਦਾ ਹੈ। ਕਈ ਥਾਂ ’ਤੇ ਵਿਦਵਾਨ ਸੰਸਾਰ ਨੂੰ ਦੁੱਖਾਂ ਦਾ ਘਰ ਕਹਿੰਦੇ ਹਨ। ਇਸ ਨੂੰ ਮਾਇਆ ਦਾ ਵੱਡਾ ਜਾਲ ਕਹਿੰਦੇ ਹਨ, ਜਿਸ ਵਿਚ ਪੰਜ ਵਿਕਾਰ ਮਨੁੱਖ ਨੂੰ ਕਾਲ-ਚੱਕਰ ਵਿਚ ਪਾਈ ਰੱਖਦੇ ਹਨ। ਕਈ ਥਾਈਂ ਬ੍ਰਹਮ ਵਿਚੋਂ ਜੀਵ ਤੇ ਜਗਤ ਦੋਹਾਂ ਨੂੰ ਉਪਜਿਆ ਦੱਸਿਆ ਗਿਆ ਹੈ। ਇਸ ਨੂੰ ਦੁੱਖਾਂ ਦਾ ਘਰ ਨਾ ਕਹਿ ਕੇ ਜੀਵ ਰੂਪੀ ਆਤਮਾ ਪਰਮਾਤਮਾ ਰੂਪੀ ਨਿਰਾਕਾਰ ਬ੍ਰਹਮ ਦੀ ਮਿਲਣ ਸਥੱਲੀ ਕਹਿ ਕੇ ਵਡਿਆਇਆ ਵੀ ਗਿਆ ਹੈ। ਵਿਦਵਾਨਾਂ ਨੂੰ ਆਚਾਰਿਆ ਨੂੰ, ਵੇਦਾਂ ਗ੍ਰੰਥ ਨੂੰ ਪੜ੍ਹਣ ਤੋਂ ਬਾਅਦ ਇਕ ਨਿਤਾਰਾ ਤੇ ਇਹ ਹੋ ਜਾਂਦਾ ਹੈ ਕਿ ਜੇ ਇਸ ਸੰਸਾਰ ਵਿਚ ਜਾਂ ਮਾਇਆ ਦੇ ਜਗਤ ਵਿਚ ਪਰਮਾਤਮਾ ਆਉਣ ਲਈ ਰਾਹ ਵਿਖਾਉਂਦਾ ਹੈ ਤਾਂ ਇਸ ਤੋਂ ਪਾਰ ਜਾਣ ਲਈ ਵੀ ਆਪ ਹੀ ਰਾਹ ਮੋਕਲਾ ਕਰਦਾ ਹੈ। ਜੀਵ, ਜਗਤ ਅਤੇ ਬ੍ਰਹਮ ਦਾ ਆਪਸ ਵਿਚ ਅਟੁੱਟ ਨਾਤਾ ਹੈ। ਜਗਤ ਪਰਮਾਤਮਾ ਦੀ ਰੰਗੀਨ ਚਿੱਤਰਕਾਰੀ ਹੈ, ਜਿਸ ਵਿਚ ਹਰ ਸ਼ੈ ਸੰਜੀਵ ਹੈ, ਕ੍ਰਿਆਸ਼ੀਲ ਹੈ। ਜੀਵ ਇਸ ਦਾ ਅਨੁਭਵੀ ਸਰੋਤਾ ਕਲਾਕਾਰ ਹੈ, ਜਿਸ ਕਰਕੇ ਇਹ ਰਚਨਾ ਹੋਈ ਹੈ। ਜਗਤ ਵਿਚ ਵਿਚਰਨਾ ਜੀਵ ਲਈ ਪਰਮਾਤਮਾ ਦੀ ਪ੍ਰਾਪਤੀ ਦਾ ਇਕੋ-ਇਕ ਸਾਧਨ ਹੈ। ਇਨ੍ਹਾਂ ਵਿਚ ਇਕ ਅੰਤਰ ਇਹ ਹੈ ਕਿ ਆਤਮਾ ਅਤੇ ਪਰਮਾਤਮਾ ਸਦੀਵੀ ਰਹਿੰਦੀਆਂ ਹਨ ਤੇ ਜੀਵ ਆਤਮਾ ਤੋਂ ਬਗੈਰ ਮਰ ਜਾਂਦਾ ਹੈ ਤੇ ਫਿਰ ਪਰਮਾਤਮਾ ਵਿਚ ਰਲਦਾ ਹੈ। ਮੋਹਨੀ ਮਾਇਆ ਦੇ ਸੰਸਾਰਕ ਜਾਲ ਵਿਚ ਜੀਵ ਸਹਿਜੇ ਹੀ ਫਸ ਜਾਂਦਾ ਹੈ। ਜਗਤ ਦੇ ਭਰਮਾਂ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਕਾਲ ਦੇ ਵੱਸ ਪੈ ਜਾਂਦਾ ਹੈ। ਜਿਵੇਂ ਪਾਣੀ ਵਿਚ ਰਹਿਣ ਵਾਲੀ ਮੱਛਲੀ ਦੀ ਉਦਾਹਰਣ ਭਗਤ ਨਾਮਦੇਵ ਦੀ ਬਾਣੀ ਵਿਚ ਮਿਲਦਾ ਹੈ:

> “ਜੈਸੇ ਮੀਨੁ ਪਾਨੀ ਮਹਿ ਰਹੈ॥
> ਕਾਲ ਜਾਲ ਕੀ ਸੁਧਿ ਨਹੀ ਲਹੈ॥
> ਜਿਹਬਾ ਸੁਆਦੀ ਲੀਲਿਤ ਲੋਹ
> ਐਸੇ ਕਨਿਕ ਕਾਮਨੀ ਬਾਧਿਓ ਮੋਹ॥੧॥”[118]

ਪਰਮਾਤਮਾ ਦੇ ਸੋਝੀ ਕਰਾਉਣ ਤੇ ਫਿਰ ਸੰਸਾਰ ਨੂੰ ਵਿਕਾਰਾਂ ਦਾ ਘਰ, ਝੂਠ ਦਾ ਪਸਾਰਾ ਕਹਿੰਦੇ ਹਾਂ ਤੇ ਏਥੇ ਆਉਣ ਕਾਰਨ ਰੱਬ ਨੂੰ ਭਾਲਦੇ ਹਾਂ ਕਿ ਬ੍ਰਹਮ ਪ੍ਰਾਪਤੀ ਹੋਵੇ ਤੇ ਇਨ੍ਹਾਂ ਝੰਜਟਾਂ ਤੋਂ ਮੁਕਤੀ ਮਿਲੇ:

> “ਕਾਏਂ ਰੇ ਮਨ ਬਿਖਿਆ ਬਨ ਜਾਇ॥
> ਭੂਲੌ ਰੇ ਠਗਮੂਰੀ ਖਾਇ॥ ਰਹਾਉ ॥”[119]

ਇਸ ਤਰ੍ਹਾਂ ਜਿੰਨਾ ਚਿਰ ਜੀਵ ਗੁਰੂ ਕ੍ਰਿਪਾ ਦੁਆਰਾ ਪਰਮਾਤਮਾ ਪ੍ਰਾਪਤੀ ਨਹੀਂ ਕਰ ਲੈਂਦਾ, ਉਹ ਮੋਹਣੀ ਮਾਇਆ ਨੂੰ ਦੇਖ ਕੇ ਦੁਨਿਆਵੀ ਚਕਾਚੌਂਧ ਵਿਚ ਫਸ ਜਾਂਦਾ ਹੈ ਤੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਚੌਰਾਸੀ ਦੇ ਚੱਕਰ ਵਿਚ ਪੈ ਕੇ ਦੁਨੀਆਂ ਰਾਹੀਂ ਜਗਤ ਵਿਚ ਭਰਮਦਾ ਰਹਿੰਦਾ ਹੈ ਤੇ ਪਛਤਾਂਦਾ ਰਹਿੰਦਾ ਹੈ।

**ਮਾਇਆ ਦਾ ਸਿਧਾਂਤ**

ਭਾਰਤੀ ਇਤਿਹਾਸ ਦੇ ਪ੍ਰਾਚੀਨ, ਮੱਧ ਤੇ ਆਧੁਨਿਕ ਸਾਰਿਆਂ ਕਾਲਾਂ ਵਿਚ 'ਮਾਇਆ' ਦਾ ਵਰਨਣ ਹੁੰਦਾ ਰਿਹਾ ਹੈ। ਭਾਰਤੀ ਧਰਮ, ਦਰਸ਼ਨ, ਸਾਹਿਤ, ਸੰਤਬਾਣੀ ਤੇ ਗੁਰਬਾਣੀ ਹਰ ਕਾਵਿ ਪਰੰਪਰਾ ਵਿਚ ਮਾਇਆ ਜਾਂ ਮਾਇਆਵਾਦ ਦੀ ਚਰਚਾ ਹੁੰਦੀ ਰਹੀ ਹੈ। ਭਾਰਤੀ ਸਾਹਿਤ ਵਿਚ ਮਾਇਆ ਦਾ ਦੋ ਮੰਡਲਾਂ ਵਿਚ ਪ੍ਰਯੋਗ ਹੋਇਆ ਹੈ। ਇਕ ਰਹੱਸਵਾਦੀ ਮੰਡਲ ਤੇ ਦੂਜਾ ਹੈ ਦਾਰਸ਼ਨਿਕ ਮੰਡਲ। ਰਹੱਸਵਾਦੀ ਮੰਡਲ ਵਿਚ ਮਾਇਆ ਸ਼ਬਦ ਦੀ ਵਰਤੋਂ ਇਕ ਸ਼ੈਲੀ ਮਾਤਰ ਹੈ। ਸ਼ਕਤੀ, ਲੀਲਾ, ਭਰਮ ਆਦਿ ਅਰਥਾਂ ਨੂੰ ਪ੍ਰਗਟਾਉਣ ਲਈ ਆਮ ਭਾਸ਼ਾਈ ਪੱਧਰ 'ਤੇ ਕਲਾਤਮਿਕ ਰੂਪ ਵਿਚ 'ਮਾਇਆ' ਦਾ ਪ੍ਰਯੋਗ ਰਹੱਸਵਾਦੀ ਸ਼ੈਲੀ ਹੈ। ਰਹੱਸਵਾਦੀ ਇਸ ਲਈ ਕਿ ਤੱਤ-ਚਿੰਤਨ ਦਰਸ਼ਨ ਜਾਂ ਵਿਚਾਰ-ਵਿਵੇਕ ਦੀ ਗਲਕਥ ਜਦ ਕਾਵਿਮਈ ਸ਼ੈਲੀ ਵਿਚ ਹੋਈ ਹੈ ਤਾਂ ਉਥੇ ਰਹੱਸਮਈ ਕਲਪਨਾ ਹੋਈ ਹੈ। ਜਿਵੇਂ ਰਿਗਵੇਦ, ਮਹਾਂਭਾਰਤ ਆਦਿ ਵਿਚ। ਸ਼ੰਕਰ ਦੇ ਅਦ੍ਵੈਤਵਾਦ ਵਿਚ ਜਿਥੇ'ਮਾਇਆ' ਇਕ ਖਾਸ ਦਾਰਸ਼ਨਿਕਕ ਤੱਤ ਦਾ ਲਖਾਇਕ ਸ਼ਬਦ ਆਇਆ ਹੈ, ਉਥੇ 'ਮਾਇਆ' ਦਾ ਇਕ ਤਕਨੀਕੀ ਖਾਸ ਕਰਕੇ ਦਾਰਸ਼ਨਿਕ ਅਰਥ ਨਿਸ਼ਚਿਤ ਕੀਤਾ ਗਿਆ ਹੈ, ਜੋ ਇਕ ਸਿਧਾਂਤ ਰੂਪ ਵਿਚ ਪ੍ਰਚੱਲਿਤ ਹੋਇਆ। ਇਸ ਸਿਧਾਂਤਕ ਪਿਛੋਕੜ ਦੇ ਕਾਰਨ ਹੀ ਸ਼ੰਕਰ ਦੇ ਅਦ੍ਵੈਤਵਾਦ ਵਿਚ ਮਾਇਆ ਸਿਰਫ਼ ਮਾਇਆ ਹੀ ਨਹੀਂ ਰਹੀ, ਬਲਕਿ 'ਮਾਇਆਵਾਦ' ਦਾ ਰੂਪ ਧਾਰਨ ਕਰ ਗਈ ਹੈ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ, "ਮਾਇਆ ਸ਼ਬਦ ਮਾਂ ਧਾਤੂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ: ਸਿਰਜ ਸ਼ਕਤੀ।" ਭਾਈ ਕਾਨ੍ਹ ਸਿੰਘ ਨਾਭਾ ਮਾਇਆ ਦਾ ਸ਼ਾਬਦਿਕ ਅਰਥ ਕਪਟ, ਛਲ, ਦੰਭ, ਜਗਤ ਰਚਨਾ ਦਾ ਕਾਰਨ ਰੂਪ ਈਸ਼ਵਰ ਦੀ ਸ਼ਕਤੀ ਮਾਇਆ ਆਖਿਆ ਹੈ।[120] ਸਿਧਾਂਤ ਬਾਰੇ ਬਲਦੇਵ ਸਿੰਘ ਉਪਾਧਿਅਇ ਦਾ ਮਤ ਹੈ:

> "ਆਤਮਾ-ਪਰਮਾਤਮਾ ਮੇਂ ਅੰਤਰ ਡਾਲ ਕਰ ਦੋਨੋਂ ਕੀ ਅਲੱਗ ਪ੍ਰਤੀਤੀ ਕਰਨੇ ਵਾਲੀ ਸ਼ਕਤਿ ਮਾਇਆ ਹੈ। ਮਾਇਆ ਜਗਤ ਕੀ ਉਤਪਤਿ, ਸਿਥਤੀ ਔਰ ਸੰਹਾਰ ਕਾ ਕਾਰਨ ਹੈ। ਇੰਦਰਿਯੋਂ ਦਵਾਰਾ ਯਹ ਚੇਤਨ ਜੀਵ, ਤਰਹ ਤਰਹ ਕੇ ਵਿਸਯੋਂ ਕਾ ਆਨੰਦ ਲੇਤਾ ਹੂਆ ਐਸੀ ਅਵਸਥਾ ਮੇਂ ਪਹੁੰਚ ਜਾਤਾ ਹੈ ਜਹਾ ਵਹ ਆਪਨੇ ਆਤਮ-ਤੱਤ ਕੋ ਭੁਲ ਕਰ ਇਸ ਸ਼ਰੀਰ ਕੋ ਹੀ ਆਤਮਾ ਸਮਝਨੇ ਲਗਤਾ ਹੈ। ਯਹੀ ਉਸ ਕਾ ਅਗਿਆਨ ਹੈ, ਇਸ ਕਾ ਨਾਮ ਮਾਯਾ ਹੈ। ਮਾਯਾ ਭਗਵਾਨ ਕੀ ਸ਼ਕਤਿ ਹੈ।"[121]

ਮਾਇਆ ਵਰਗੀ ਅਸੀਮ ਸ਼ਕਤੀ ਦੀ ਰੂਪ-ਰੇਖਾ ਨਿਸ਼ਚਿਤ ਕਰਨੀ ਮੁਸ਼ਕਿਲ ਹੈ, ਕਿਉਂਕਿ ਇਹ ਅਨੇਕ ਰੂਪ ਧਾਰਨ ਕਰਕੇ ਸੰਸਾਰ ਨੂੰ ਠੱਗ ਰਹੀ ਹੈ। ਗੁਰਬਾਣੀ ਦੇ ਹਰ ਪ੍ਰਿਸ਼ਠ ਤੇ ਮੋਹਣੀ ਮਾਇਆ ਦੇ ਕਈ ਰੂਪਾਂ ਦਾ ਉਲੇਖ ਮਿਲਦਾ ਹੈ। ਇਸ ਨੂੰ ਹੀ ਜਮ ਦੀ ਸਰਕਾਰ, ਪਰੇਤ, ਸੰਸਾਰ ਨੂੰ ਵਿਣ ਦੰਤਾਂ ਖਾ ਜਾਣ ਵਾਲੀ ਅਤੇ ਸਰਪਨੀ ਨਾਲ ਤੁਲਨਾਇਆ ਗਿਆ ਹੈ। ਮਾਇਆਧਾਰੀ ਜੀਵ ਨੂੰ ਅੱਖਾਂ, ਕੰਨਾਂ ਦੇ ਹੋਣ ਦੇ ਬਾਵਜੂਦ ਅੰਨ੍ਹੇ ਬੋਲੇ ਦੀ ਸੰਗਿਆ ਦਿੱਤੀ ਗਈ ਹੈ। ਹੁਣ ਤਕ ਜਨਮੀਆਂ ਸਭ ਧਾਰਾਵਾਂ, ਸਾਰੇ ਫ਼ਲਸਫ਼ਿਆਂ ਅਤੇ ਮਤਾਂ ਅਨੁਸਾਰ ਇਹ ਸਿਧਾਂਤ ਕਿਸੇ ਨਾ ਕਿਸੇ ਰੂਪ ਵਿਚ ਸਿੱਧ ਹੋ ਚੁੱਕਾ ਹੈ ਕਿ ਮਾਇਆ ਵਿਚ ਬਹੁਤ ਸ਼ਕਤੀ ਹੈ। ਸੰਤਾਂ ਮਹਾਂਪੁਰਸ਼ਾਂ ਨੇ ਮਾਇਆ ਨੂੰ ਕਈ ਥਾਈਂ ਵੈਰਨ ਦੱਸਿਆ ਹੈ। ਭਗਤ ਨਾਮਦੇਵ ਜੀ ਵੀ ਮਾਇਆ ਨੂੰ ਗਰਭ ਜੂਨ ਦਾ ਨਾਂ ਦਿੰਦੇ ਹਨ:

“ਮਾਇਆ ਨਾਮੁ ਗਰਭਿ ਜੋਨਿ ਕਾ
ਤਿਹ ਤਜਿ ਦਰਸਨੁ ਪਾਵਉ।। ੩।।”[122]

**ਮੁਕਤੀ ਦਾ ਸਿਧਾਂਤ**

ਭਾਰਤੀ ਦਰਸ਼ਨ ਵਿਚ ਧਰਮ, ਅਰਥ, ਕਾਮ, ਮੋਕਸ਼ ਇਹ ਚਾਰੇ ਹੀ ਮਨੁੱਖੀ ਜੀਵਨ ਦੇ ਮੂਲ ਮੰਤਵ ਦਰਸਾਏ ਗਏ ਹਨ ਅਤੇ ਇਨ੍ਹਾਂ ਚਾਰਾਂ ਵਿਚੋਂ ਮੁਕਤੀ ਹੀ ਸਰਵਉੱਚ ਮਾਨਵੀ ਉਦੇਸ਼ ਹੈ। ਵੈਦਿਕ ਦਰਸ਼ਨ ਵਿਚ ਦੁਨਿਆਵੀ ਅਤੇ ਪਾਰਲੌਕਿਕ ਸੁੱਖਾਂ ਦੀ ਪ੍ਰਾਪਤੀ ਲਈ ਗਿਆਨ, ਕਰਮ ਅਤੇ ਭਗਤੀ ਭਾਵਨਾ ਦਾ ਅਨੁਸਰਨ ਕੀਤਾ ਗਿਆ ਹੈ। ਵੇਦਾਂ ਵਿਚ ਰਿਸ਼ੀਆਂ ਵੱਲੋਂ ਯੱਗ ਆਦਿ ਛੇ ਪ੍ਰਕਾਰ ਦੇ ਕਰਮ-ਕਾਂਡ ਕਰਕੇ ਸੁੱਖਾਂ ਦੀ ਪ੍ਰਾਪਤੀ ਅਤੇ ਦੁੱਖਾਂ ਤੇ ਕਲੇਸ਼ ਤੋਂ ਮੁਕਤ ਹੋਣ ਲਈ ਪ੍ਰਾਥਨਾਵਾਂ ਕੀਤੀਆਂ ਜਾਂਦੀਆਂ ਹਨ।

ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਮਹਾਂਪੁਰਣਾਂ, ਛੇ ਦਰਸ਼ਨਾਂ, ਭਗਤੀ ਗ੍ਰੰਥਾਂ, ਜੈਨ ਗ੍ਰੰਥਾਂ, ਤੱਤ-ਆਗਮਾਂ ਤੇ ਨਿਗਮਾਂ ਸਾਰਿਆਂ ਵੱਖ-ਵੱਖ ਕਿਸਮਾਂ ਦੇ ਦਰਸ਼ਨਾਂ ਤੇ ਧਰਮ-ਗ੍ਰੰਥ ਵਿਚ ‘ਮੁਕਤੀ’ ਹੀ ਇਨਸਾਨੀ ਜੀਵਨ ਦਾ ਅਖੀਰਲਾ ਨਿਸ਼ਾਨਾ ਹੈ। ਇਥੋਂ ਤਕ ਕਿ ਸੂਫ਼ੀਆਂ ਦਾ ਫਨਾ, ਬਕਾ, ਇਸਲਾਮ-ਧਰਮੀਆਂ ਦੀ ਨਿਜ਼ਾਤ ਤੇ ਖਲਾਸ ਈਸਾਈਆਂ ਦੀ ‘ਸਲਵੇਸ਼ਨ’ ਮੁਕਤੀ ਦੇ ਵੱਖ-ਵੱਖ ਰੂਪ ਹਨ। ਇਉਂ ਹਰ ਧਾਰਮਿਕ ਤੇ ਸੰਪਰਦਾਇਕ ਕਿਰਿਆ ਦੇ ਪਿੱਛੇ ‘ਮੁਕਤੀ’ ਲਈ ਹੀ ਪ੍ਰੇਰਨਾ ਨਿਹਿਤ ਹੈ।[123]

ਸਾਧਕ ਦਾ ਮੁੱਖ ਲਕਸ਼ ਮੁਕਤੀ ਹੈ। ਮਾਇਆ ਤੋਂ ਛੁਟਕਾਰਾ ਪਾ ਲੈਣ ਦਾ ਰਾਹ ਵੀ ਸੰਤ ਦਾ ਸਤਿਸੰਗ, ਗੁਰੂ ਦੀ ਸ਼ਰਨ, ਨਾਮ ਦੀ ਸਿਮਰਨ-ਭਗਤੀ, ਨਿਮਰਤਾ ਤੇ ਸਹਿਜ ਵਿਚੋਂ ਹੀ ਲੱਭਿਆ ਜਾ ਸਕਦਾ ਹੈ। ਭਗਤ ਜਨ ਸੰਪੂਰਨ ਆਤਮ-ਨਿਦਵੇਕ ਰਾਹੀਂ ਆਪਣਾ ਸਭ ਕੁਝ ਪ੍ਰਭੂ ਦੇ ਚਰਨਾ ਤੇ ਨਿਛਾਵਰ ਕਰ ਦੇਵੇ ਤਾਂ ਹੀ ਮੁਕਤੀ ਦਾ ਕੋਈ ਮਾਰਗ ਲੱਭ ਸਕਦਾ ਹੈ। ਮੁਕਤੀ ਦਾ ਅਰਥ ਸੰਸਾਰ ਚੱਕਰ ਦੇ ਜਨਮ-ਮਰਨ, ਸੁੱਖ-ਦੁੱਖਾਂ, ਮੋਹ-ਮਮਤਾ ਤੇ ਆਵਾਗਮਨ ਦੇ ਚੱਕਰਵਿਊ ਵਿਚੋਂ ਛੁਟਕਾਰਾ ਹਾਸਲ ਕਰਕੇ ਬ੍ਰਹਮ ਵਿਚ ਨਿਵਾਸ ਕਰਨ ਦਾ ਨਾਮ ਹੈ।[124]

ਦਰਅਸਲ ਸੰਸਾਰਕ ਵਿਕਾਰਾਂ ਤੇ ਕਾਬੂ ਪਾ ਲੈਣਾ, ਇੰਦਰੀਆਂ ਤੇ ਨਿਯੰਤਰਣ ਕਰ ਲੈਣਾ, ਪਦਾਰਥਕ ਸੁਆਦ ਤੋਂ ਨਿਰਲੇਪ ਹੋ ਜਾਣਾ, ਪ੍ਰਭੂ ਦੀ ਭਗਤੀ, ਉਸ ਦੇ ਨਾਮ ਦਾ ਗਾਨ ਕਰਕੇ ਜਦੋਂ ਮਨ ਪਵਿੱਤਰ, ਨਿਰਛਲ ਹੋ ਜਾਂਦਾ ਹੈ ਤਾਂ ਗੁਰੂ ਦੀ ਓਟ ਆਸਰਾ ਗੁਰੂ ਦੀ ਕ੍ਰਿਪਾ ਪ੍ਰਾਪਤ ਹੋਣ ਤੋਂ ਬਾਅਦ ਜੋ ਸੋਝੀ ਆਉਂਦੀ ਹੈ, ਉਹ ਮੁਕਤੀ ਦਾ ਰਾਹ ਬਣਦੀ ਹੈ, ਜੋ ਜੀਵ ਪਰਮਾਤਮਾ ਨੂੰ ਆਪਣੇ ਰੋਮ-ਰੋਮ ਵਿਚ ਰਮਿਆ ਸਮਝ ਲੈਂਦਾ ਹੈ ਪਰਮਾਤਮਾ ਉਸ ਉਪਰ ਸਦਾ ਕ੍ਰਿਪਾ ਕਰਦਾ ਹੈ। ਇਸ ਮਾਇਆ ਦੇ ਪਰਪੰਚ ਤੋਂ ਆਪ ਮੁਕਤੀ ਹਾਸਿਲ ਕਰ ਲੈਂਦਾ ਹੈ। ਗੁਰੂ ਸਾਹਿਬਾਨ ਫਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਹਉਮੈ, ਗਵਾ ਲਈ, ਗੁਰੂ ਦਾ ਸ਼ਬਦ ਮਨ ਵਸਾ ਲਿਆ ਅਤੇ ਗੋਬਿੰਦ ਦੀ ਅਰਾਧਨਾ ਕਰ ਲਈ, ਉਹ ਮੁਕਤੀ, ਪਰਮ ਗਤਿ ਜਾਂ ਮੋਖ ਦੁਆਰਾ ਪ੍ਰਾਪਤ ਕਰ ਲੈਂਦਾ ਹੈ। ਇਸ ਸੰਦਰਭ ਵਿਚ ਭਗਤ ਨਾਮਦੇਵ ਜੀ ਸਾਰੇ ਪਸਾਰੇ ਨੂੰ ਝੂਠ ਕਹਿ ਕੇ ਕੇਵਲ ਨਾਮ ਭਗਤੀ ਨੂੰ ਮੁਕਤੀ ਦਾ ਰਾਹ ਕਹਿੰਦੇ ਹਨ:

"ਮਿਥਿਆ ਜਿਹਬਾ ਅਵਰੇਂ ਕਾਮ॥
ਨਿਰਬਾਣ ਪਦੁ ਇਕੁ ਹਰਿ ਕੋ ਨਾਮੁ॥੨॥"[125]

## ਕਰਮ-ਕਾਂਡਾਂ ਦਾ ਤਿਆਗ ਤੇ ਵਿਸ਼ੇ ਵਿਕਾਰਾਂ ਤੋਂ ਮੁਕਤੀ

ਭਗਤੀ ਕਾਵਿ-ਪਰੰਪਰਾ ਵਿਚ ਕਰਮ-ਕਾਂਡ ਨੂੰ ਨਿਸ਼ਫਲ ਅਤੇ ਅਰਥਹੀਣ ਕਰਮ ਮੰਨਿਆ ਗਿਆ ਹੈ। ਬ੍ਰਹਾਮਣਵਾਦ ਵਿਚ ਕਰਮ-ਕਾਂਡ ਪ੍ਰਧਾਨ ਸੀ। ਪੂਜਾ, ਵਰਤ, ਤੀਰਥ-ਇਸ਼ਨਾਨ, ਵਰਣ-ਭੇਦ, ਦੇਵ-ਪੂਜਾ, ਸੁਚ-ਭਿੱਟ ਆਦਿਕ ਇਸ ਦੇ ਪ੍ਰਮੁੱਖ ਅੰਗ ਸਨ। ਇਸ ਕਰਮ ਕਾਂਡ ਦੇ ਆਧਾਰ 'ਤੇ ਹੀ ਬ੍ਰਾਹਮਣ ਜਾਤੀ ਨੂੰ ਸਰਵ-ਸ੍ਰੇਸ਼ਠ ਦਰਜਾ ਮਿਲਿਆ ਹੋਇਆ ਸੀ। ਭਗਤੀ ਲਹਿਰ, ਆਮ ਆਦਮੀ ਦਾ ਬ੍ਰਾਮਹਣਵਾਦ ਦੇ ਵਿਰੁੱਧ ਜ਼ੋਰਦਾਰ ਫ਼ਤਵਾ ਸੀ। ਇਸ ਲਹਿਰ ਦੇ ਸਾਰੇ ਸੰਸਥਾਪਤ ਤੇ ਸੰਚਾਲਕ ਗ਼ੈਰ ਬ੍ਰਾਹਮਣ ਜਾਤੀ ਵਿਚੋਂ ਸਨ। ਉਹ ਸਾਰੇ ਮਨੁੱਖਾਂ ਨੂੰ ਇਕ-ਦੂਜੇ ਦੇ ਸਮਾਨ ਸਮਝਦੇ ਸਨ ਅਤੇ ਇਸੇ ਲਈ ਕਰਮ-ਕਾਂਡ ਦੀ ਆਲੋਚਨਾ ਕਰਦੇ ਸਨ। ਨਾਮਦੇਵ ਜੀ ਦੀ ਬਾਣੀ ਵਿਚ ਸਪੱਸ਼ਟ ਲਿਖਿਆ ਮਿਲਦਾ ਹੈ ਕਿ ਨਿਰਾਕਾਰ ਦੀ ਭਗਤੀ ਕਿਸੇ ਕਰਮ-ਕਾਂਡ, ਕਿਸੇ ਬਾਹਰੀ ਪਰਪੰਚਾਂ ਦੀ ਮੁਥਾਜ ਨਹੀਂ, ਭਗਵਾਨ ਤੇ ਭਾਵਨਾ ਦਾ ਭੁੱਖਾ ਹੁੰਦਾ ਹੈ। ਭਾਵ ਇਸ ਭਗਤੀ ਲਈ ਪ੍ਰੇਮ ਨੂੰ ਮਨ ਚ ਵਸਾਉਣਾ ਚਾਹੀਦਾ ਹੈ। ਕੇਵਲ ਹਿਰਦੇ ਦੀ ਨਿਰਮਲਤਾ ਤੇ ਮਨ ਦੀ ਇਕਾਗਰਤਾ ਦੀ ਅਵੱਸ਼ਕਤਾ ਹੈ। ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅੱਗੇ ਫੁੱਲ, ਦੁੱਧ ਆਦਿ ਚੜਾਉਣ, ਉਨ੍ਹਾਂ ਦੀ ਪੂਜਾ ਕਰਨ, ਤੀਰਥ ਕਰਨ, ਵਰਤ ਰੱਖਣ ਅਤੇ ਅਠਾਹਠ ਤੀਰਥਾਂ ਦੇ ਇਸ਼ਨਾਨ ਵਿਅਰਥ ਹਨ:

"ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ॥ ਰਹਾਉ॥"[126]

ਦਰਅਸਲ ਅਸਲ ਸੱਚਾਈ ਤਾਂ ਇਹੀ ਹੈ ਕਿ ਕਰਮ-ਕਾਂਡ ਵਿਅਰਥ ਹਨ, ਕਿੰਨੇ ਸਾਰੇ ਕਰਮ-ਕਾਂਡ ਕਰਨ ਤੋਂ ਬਾਅਦ ਇਕ ਪੂਜਾ ਪੂਰੀ ਹੁੰਦੀ ਹੈ। ਜੋ ਨਾਮ ਦਾ ਸਿਮਰਨ ਹੈ, ਉਸ ਦਾ ਇਕ ਜਾਪ ਜੀਵਨ ਅਰਾਧਨਾ ਪੂਰੀ ਕਰ ਦਿੰਦਾ ਹੈ। ਭਗਤ ਨਾਮਦੇਵ ਜੀ ਅਨੇਕ ਪ੍ਰਕਾਰਾਂ ਦੇ ਕਰਮ-ਕਾਂਡਾਂ ਦਾ ਵਰਨਣ ਕਰਕੇ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਅਸਲ ਕੀਮਤ ਨਾਮ ਦੇ ਸਿਮਰਨ ਅਤੇ ਗੋਬਿੰਦ-ਭਜਨ ਦੀ ਹੈ। ਕੇਵਲ ਨਾਮ ਦਾ ਸਿਮਰਨ ਹੀ ਮੁਕਤੀ ਦਾ ਦਾਤਾ ਹੈ ਅਤੇ ਬਾਕੀ ਸਭ ਤਰ੍ਹਾਂ ਦੇ ਕਰਮ-ਕਾਂਡ ਵਿਅਰਥ ਹਨ।

ਸਮੁੱਚੀ ਭਗਤ ਬਾਣੀ, ਗੁਰਮਤਿ ਸਮੁੱਚੇ ਆਧਿਆਤਮਿਕ ਕਾਵਿ ਇਸ ਗੱਲ ਤੇ ਵਿਸ਼ੇਸ਼ ਬਲ ਦੇਂਦੇ ਹਨ ਕਿ ਮੁਕਤੀ ਪ੍ਰਾਪਤ ਕਰਨ ਲਈ ਪ੍ਰਭੂ ਦੀ ਭਗਤੀ ਅਤੇ ਉਸ ਦੇ ਨਾਮ ਦਾ ਜਾਪ ਕਰਨਾ ਆਵੱਸ਼ਕ ਹੈ। ਕਿਉਂਕਿ ਸਾਧਕ ਜਾਂ ਭਗਤ ਲਈ ਇਕਰੂਪਤਾ ਉਪਰੰਤ ਵਾਸਤਵਿਕਤਾ ਦੇ ਨੇੜੇ ਰਹਿਣ ਦੀ ਬਹੁਤ ਸੰਭਾਵਨਾ ਹੁੰਦੀ ਹੈ, ਇਸ ਤਰ੍ਹਾਂ ਆਪ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਜੇਕਰ ਦਾਰਸ਼ਨਿਕ ਪੱਖ ਬਾਰੇ ਵਿਚਾਰ ਕਰੀਏ ਤਾਂ ਸਾਡੀ ਜਾਚੇ ਜੋ ਵੀ ਦਾਰਸ਼ਨਿਕ ਵਿਚਾਰ ਬਾਣੀ ਵਿਚ ਆਏ ਹਨ, ਉਹ ਪ੍ਰਾਸੰਗਿਕ ਤੌਰ ’ਤੇ ਜਾਂ ਸਥਿਤੀਮੂਲਕ ਆਏ ਹਨ ਜਾਂ ਜਿਥੇ ਵੀ ਅਧਿਆਤਮਿਕ ਅਨੁਭੂਤੀ ਦੀ ਅਭਿਵਿਅਕਤੀ ਕੀਤੀ ਹੈ, ਉਥੇ ਦਾਰਸ਼ਨਿਕ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਸੰਪੂਰਨ ਅਧਿਆਤਮਿਕ ਕਾਵਿ ਧਾਰਾ ਵਿਚ ਪ੍ਰਭੂ ਪ੍ਰੇਮ ਵਿਚ ਰੰਗੀਆਂ ਰੂਹਾਂ ਸਨ, ਸੰਤਾਂ ਦਾ ਕੋਈ ਨਿਵੇਕਲਾ ਫ਼ਲਸਫ਼ਾ ਸਥਾਪਤ ਕਰਨ ਦਾ ਯਤਨ ਨਹੀਂ ਸੀ, ਉਹ ਤਾਂ ਸਿਮਰਨ ਵਿਚ ਲੀਨ ਆਤਮਾਵਾਂ ਸਨ। ਉਨ੍ਹਾਂ ਕੇਵਲ ਪ੍ਰੇਮ ਦਾ ਪਾਠ ਪੜ੍ਹਾਇਆ ਪਰਮਾਤਮਾ ਨਾਲ ਇਕਮਿਕ ਹੋਣ ਦਾ ਰਾਹ ਵਿਖਾਇਆ, ਸੰਸਾਰਕ ਪਦਾਰਥਾਂ ਤੋਂ ਮੁਕਤ ਹੋ ਕੇ ਪਰਮਾਰਥ ਵੱਲ ਜਾਣ ਲਈ ਪ੍ਰੇਰਿਆ। ਅਸਲ ਸਤਿ ਦਾ ਸਰੂਪ ਵਿਖਾਇਆ। ਦਰਅਸਲ ਦਰਸ਼ਨ ਦੀਆਂ ਤਾਰਕਿਕ ਵਿਧੀਆਂ ਨੂੰ ਅਪਨਾਉਣ ਦੀ ਸ਼ੁੱਧ-ਬੁੱਧ ਉਨ੍ਹਾਂ ਨੂੰ ਹੈ ਹੀ ਨਹੀਂ ਸੀ। ਉਨ੍ਹਾਂ ਦਾ ਮਨੋਰਥ ਪ੍ਰੇਮਾ ਭਗਤੀ ਰਾਹੀਂ ਪ੍ਰਭੂ ਦੀ ਅਰਾਧਨਾ, ਰਹੱਸਵਾਦ ਦੀ ਅਨੁਭੂਤੀ ਕਰਨਾ, ਜੀਵਨ ਸਦਾਚਾਰ ਨੂੰ ਘੜਨਾ ਜਾਂ ਪ੍ਰਚਾਰਨਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਇਕ ਬ੍ਰਹਮ ਗਿਆਨੀ ਵਾਲਾ ਦ੍ਰਿਸ਼ਟੀਕੋਣ ਪੇਸ਼ ਕੀਤਾ ਅਰਥਤ ਭੈ-ਭਾਉ ਤੋਂ ਰਹਿਤ ਜੀਵਨ ਜੀਉਣ ਦੀ ਹਿਦਾਇਤ ਕੀਤੀ ਗਈ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਗਤੀ ਕਾਵਿ ਦੇ ਮੂਲ ਉਦੇਸ਼ਾਂ ਅਤੇ ਸਿੱਧਾਤਾਂ ਨੇ ਨਿਰੋਏ ਸਮਾਜ ਦੀ ਸਿਰਜਨਾ ਕੀਤੀ।

**(ਅ) ਤੁਲਨਾਤਮਿਕ ਅਧਿਐਨ: ਸਿਧਾਂਤਕ ਪਰਿਪੇਖ**

ਤੁਲਨਾ ਮਨੁੱਖੀ ਮਨ ਦਾ ਆਮ ਵਰਤਾਰਾ ਹੈ। ਮਨੁੱਖ ਸਮਕਾਲੀ ਸਮਾਜ ਦੇ ਵਿਭਿੰਨ ਵਰਤਾਰਿਆਂ ਨੂੰ ਤੁਲਨਾ ਕੇ ਵੇਖਦਾ ਹੈ। ਇਹ ਤਲਨਾ ਅਤੀਤ ਤੇ ਵਰਤਮਾਨ ਦੇ ਵਰਤਾਰਿਆਂ ਦੀ ਵੀ ਹੁੰਦੀ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਤੁਲਨਾ ਰੂਪ ਤੋਂ ਚੰਗੇ ਜਾਂ ਮੰਦੇ ਦਾ ਪਤਾ ਚੱਲਦਾ ਹੈ, ਜਿਸ ਨਾਲ ਭਵਿੱਖ ਦੀਆਂ ਸੰਭਾਵਨਾਵਾਂ ਬਣਦੀਆਂ ਹਨ।

ਤੁਲਨਾ ਸ਼ਬਦ ਦਾ ਅਧਾਰ-ਬਿੰਦੂ ‘ਤੁਲਾ’ ਹੈ। ਇਸ ਦਾ ਅਰਥ ਹੈ: ਤੁਲਨਾ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਇਸ ਸ਼ਬਦ ਦਾ ਦਰਾਜ਼ ਹੈ: “1. ਬਰਾਬਰੀ, ਤੁਲਯਤਾ, 2. ਉਪਮਾ, 3. ਤੋਲ

ਵਜ਼ਨ।"[127] ਇਸ ਦਰਾਜ਼ ਵਿਚੋਂ ਇਹ ਅਰਥ ਪ੍ਰਾਪਤ ਹੁੰਦਾ ਹੈ ਕਿ ਤੁਲਨਾ ਸ਼ਬਦ ਬਰਾਬਰੀ ਦਾ ਸੂਚਕ ਹੁੰਦਾ ਹੈ। ਤੁਲਨਾ ਸ਼ਬਦ ਲਈ ਹਿੰਦੀ ਵਿਚ ਵੀ ਇਹੀ ਸ਼ਬਦ ਵਰਤਿਆ ਜਾਂਦਾ ਹੈ। ਹਿੰਦੀ ਸ਼ਬਦ ਕੋਸ਼ ਵਿਚਲੇ ਦਰਾਜ਼ ਵਿਚ ਇਸ ਸ਼ਬਦ ਦੇ ਸੱਤ ਅਰਥ ਦਿੱਤੇ ਮਿਲਦੇ ਹਨ। "1. ਉਪਮਾ, 2. ਤੁਲਨਾ, 3. ਮਿਲਾਨ, 4. ਤੁਲਾ, 5. ਸਮਾਨਤਾ, 6. ਸਾਦ੍ਰਿਸਯ, 7. ਮੁਕਾਬਲਾ।"[128] ਇਸ ਸ਼ਬਦ ਕੋਸ਼ ਦੇ ਅਰਥਾਂ ਵਿਚੋਂ ਮੁਕਾਬਲਾ ਸ਼ਬਦ ਦਾ ਅਰਥ ਮਹਾਨ ਕੋਸ਼ ਦੇ ਅਰਥਾਂ ਤੋਂ ਭਿੰਨ ਹੈ। ਇਸ ਵਿਚੋਂ ਇਹ ਪ੍ਰਾਪਤ ਹੁੰਦਾ ਹੈ ਕਿ ਤੁਲਨਾ ਦਾ ਅਰਥ ਸਮਾਨਤਾ ਵੀ ਹੁੰਦੀ ਹੈ ਅਤੇ ਵਖਰੇਵਾਂ ਵੀ ਹੁੰਦਾ ਹੈ।

ਤੁਲਨਾ ਸ਼ਬਦ ਲਈ ਅੰਗਰੇਜ਼ੀ ਦਾ ਸ਼ਬਦ COMPARE ਵਰਤਿਆ ਜਾਂਦਾ ਹੈ। ਇਸ ਸ਼ਬਦ ਦੇ Lexiox ਹਿਸਟਰੀ ਕੋਸ਼ ਵਿਚ ਇੰਟਰਨੈੱਟ ਉੱਪਰ ਇਹ ਅਰਥ ਕੀਤੇ ਮਿਲਦੇ ਹਨ:

> "Comparison: A consilertion or estimate of the similarties or dissimilation between two things or people."[129]

ਅਰਥਾਤ : ਤੁਲਨਾ: ਇਕ ਦਸਤਾਵੇਜ਼, ਬਿਆਨ ਆਦਿ। ਜੋ ਕਿ ਵੱਖ-ਵੱਖ ਕੰਮਾਂ ਦੀ ਤੁਲਨਾ ਕਰਦਾ ਹੈ।

ਇਸ ਇੰਟਰਨੈੱਟ ਐਂਟਰੀ ਅਨੁਸਾਰ ਦਸਤਾਵੇਜ਼ ਜਾਂ ਬਿਆਨ ਵਿਚ ਤੁਲਨਾ ਦਾ ਭਾਵ ਪ੍ਰਗਟ ਹੁੰਦਾ ਹੈ। ਇਹ ਤੁਲਨਾ ਸਮਾਨਤਾ ਜਾਂ ਅਸਮਾਨਤਾ ਵਜੋਂ ਹੋ ਸਕਦੀ ਹੈ। ਇਸ ਸਦੀ ਹੋਰ ਸਪਸ਼ਟਤਾ ਲਈ ਅਸੀਂ marriamwebster.com ਉੱਪਰ ਪ੍ਰਾਪਤ ਹੁੰਦੀ ਐਂਟਰੀ ਨੂੰ ਦੇਖਣ ਦਾ ਯਤਨ ਕਰਾਂਗੇ। ਉਸ ਅਨੁਸਾਰ:

"Defination of comparisioin: the act of process of comparing: such as:

a. The epresentation of one thins or person as similar to or like another.
b. An examination or two or more items ot establish similarties and dissimilarties. "[130]

ਅਰਥਾਤ: ਤੁਲਨਾ ਦੀ ਪਰਿਭਾਸ਼ਾ: ਤੁਲਨਾ ਕਰਨ ਦੀ ਕਿਰਿਆ ਜਾਂ ਪ੍ਰਕਿਰਿਆ, ਜਿਵੇਂ ਕਿ:

ੳ. ਇਕ ਚੀਜ਼ ਜਾ ਵਿਅਕਤੀ ਦੀ ਨੁਮਾਇੰਦਗੀ ਕਰਨਾ।

ਅ. ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਸਥਾਪਤ ਕਰਨ ਲਈ ਦੋ ਜਾਂ ਦੋ ਤੋਂ ਵੱਧ ਚੀਜ਼ਾਂ ਦੀ ਜਾਂਚ।

ਇਸ ਪਰਿਭਾਸ਼ਾ ਵਿਚੋਂ ਤੁਲਨਾ ਸ਼ਬਦ ਦੇ ਅਰਥਾਂ ਨੂੰ ਸਪਸ਼ਟ ਕੀਤਾ ਮਿਲਦਾ ਹੈ ਕਿ ਇਸ ਸ਼ਬਦ ਦਾ ਅਰਥ ਸਮਾਨਤਾ ਅਤੇ ਅਸਮਾਨਤਾ ਦੇ ਪ੍ਰਸੰਗ ਵਿਚ ਚੀਜ਼ਾਂ, ਵਿਅਕਤੀਆਂ ਦੀ ਜਾਂਚ ਕਰਨ ਦੇ ਭਾਵ ਵਜੋਂ ਲਿਆ ਜਾਂਦਾ ਹੈ।

**1 ਤੁਲਨਾਤਮਕ ਅਧਿਐਨ: ਉਦਭਵ ਤੇ ਵਿਕਾਸ:**

ਤੁਲਨਾਤਮਕ ਅਧਿਐਨ ਦੋ ਜਾਂ ਦੋ ਤੋਂ ਵਧੇਰੇ ਸਾਹਿਤਕ ਰਚਨਾਵਾਂ, ਭਾਸ਼ਾਵਾਂ, ਪ੍ਰਵਿਰਤੀਆਂ, ਲੇਖਕਾਂ ਆਦਿ ਨਾਲ ਸੰਬੰਧਤ ਹੋ ਸਕਦਾ ਹੈ। ਇਸ ਸੰਬੰਧੀ ਇੰਟਰਨੈੱਟ ਉੱਪਰ Syed Aftab Hussan Bukhari ਦੇ ਨਿਬੰਧ 'What is comparative stydy? ਵਿਚ ਇਹ ਜਾਣਕਾਰੀ ਹਾਸਿਲ ਹੁੰਦੀ ਹੈ:

> "Comparative study analysis and compares two or more objects or ideas. Comparatives studies are the studies to demonstrate oblility or examine compare and contrast subjects or ideas. Comparative study show from two subjects are different."[131]
>
> ਅਰਥਾਤ: ਤੁਲਨਾਤਮਕ ਅਧਿਐਨ ਦੋ ਜਾਂ ਦੋ ਤੋਂ ਵੱਧ ਵਿਚਾਰਾਂ ਜਾਂ ਸੰਕਲਪਾਂ ਦਾ ਅਧਿਐਨ ਕਰਦਾ ਹੈ। ਤੁਲਨਾਤਮਕ ਅਧਿਐਨ ਅੰਦਾਜੇ ਕਿਸੇ ਦੀ ਰੌਸ਼ਨੀਅਤਾ ਅਤੇ ਤੁਲਨਾ ਜਾਂ ਪਰਖ ਦੀ ਉਚਿਤ ਯੋਗਤਾ ਦਾ ਅਧਿਐਨ ਕਰਦੇ ਹਨ। ਤੁਲਨਾਤਮਕ ਅਧਿਐਨ ਦੇ ਵਿਸ਼ਿਆਂ ਵਿਚਲੀ ਸਮਾਨਤਾ ਨੂੰ ਦਿਖਾਉਂਦੇ ਹਨ"।

ਇਸ ਕਥਨ ਤੋਂ ਇਹ ਧਾਰਨਾ ਬਣਦੀ ਹੈ ਕਿ ਤੁਲਨਾਤਮਕ ਅਧਿਐਨ ਦੋ ਜਾਂ ਦੋ ਤੋਂ ਵਧੇਰੇ ਸੰਕਲਪਾਂ ਜਾਂ ਵਿਸ਼ਿਆਂ ਦਾ ਤੁਲਨਾ ਰੂਪ ਪੇਸ਼ ਕਰਦੇ ਹਨ। ਇਹ ਰੂਪ ਇਨ੍ਹਾਂ ਵਿਚਲੀ ਸਮਾਨਤਾ ਜਾਂ ਅਸਮਾਨਤਾ ਨਾਲ ਜੁੜਿਆ ਹੁੰਦਾ ਹੈ। ਤੁਲਨਾ ਦੇ ਸਰੂਪ ਨੂੰ ਹੋਰ ਸਪਸ਼ਟ ਕਰਨ ਲਈ ਡਾ. ਸਤਨਾਮ ਸਿੰਘ ਦੀ ਧਾਰਨਾ ਦੇਖਣ ਯੋਗ ਹੈ:

> "ਤੁਲਨਾਤਮਕ ਅਧਿਐਨ ਅਜਿਹਾ ਅਧਿਐਨ ਹੈ, ਜਿਸ ਵਿਚ ਦੋ ਜਾਂ ਦੋ ਤੋਂ ਵਧੇਰੇ ਸੋਮਿਆਂ ਤੋਂ ਇਕੱਤਰ ਸਮੱਗਰੀ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨਾ ਅਤੇ ਪ੍ਰਾਪਤ ਸਮੱਗਰੀ ਦੀ ਤੁਲਨਾ ਕਰਕੇ ਸਮਾਨਤਾਵਾਂ ਅਤੇ ਅਸਮਾਨਤਾਵਾਂ ਦਾ ਨਿਰੂਪਣ ਕਰਦੇ ਹੋਏ ਨਵੇਂ ਤੱਥਾਂ ਨੂੰ ਖੋਜਣਾ ਅਤੇ ਮਨੁੱਖੀ ਗਿਆਨ ਵਿਚ ਵਾਧਾ ਕਰਨਾ।"[132]

ਇਸ ਕਥਨ ਵਿਚ ਤੁਲਨਾਤਮਕ ਅਧਿਐਨ ਬਾਰੇ ਇਹ ਸਪਸ਼ਟ ਕੀਤਾ ਮਿਲਦਾ ਹੈ ਕਿ ਇਸ ਅਧਿਐਨ ਰਾਹੀਂ ਦੋ ਜਾਂ ਦੋ ਤੋਂ ਵਧੇਰੇ ਸੋਮਿਆਂ ਤੋਂ ਸਮੱਗਰੀ ਗ੍ਰਹਿਣ ਕੀਤੀ ਜਾਂਦੀ ਹੈ ਅਤੇ ਉਸ ਦੀ ਤੁਲਨਾ ਰੂਪ ਵਿਚ ਸਮਾਨਤਾ ਅਤੇ ਅਸਮਾਨਤਾ ਨੂੰ ਪਰਖਦਿਆਂ ਤੱਥਾਂ ਦੀ ਖੋਜ ਰਾਹੀਂ ਮਨੁੱਖੀ ਗਿਆਨ ਵਿਚ ਵਾਧਾ ਕੀਤਾ ਜਾਂਦਾ ਹੈ।

ਤੁਲਨਾਤਮਕ ਸਾਹਿਤ ਦੀ ਮੁਢਲੇ ਤੌਰ 'ਤੇ ਵਰਤੋਂ 16ਵੀਂ ਸਦੀ ਵਿਚ ਸ਼ੈਕਸਪੀਅਰ ਅਤੇ ਫਰਾਂਸਿਸ ਮੇਅਰਜ਼ ਵਲੋਂ ਕੀਤੀ ਗਈ। ਇਸੇ ਤਰ੍ਹਾਂ ਤੁਲਨਾਤਮਕ ਸਾਹਿਤ 'ਲਿਟਰੇਚਰ ਕੰਪੈਰੀ' (Literature

Compare) ਸੰਕੇਤ ਦੀ ਪਹਿਲੀ ਵਾਰ ਵਰਤੋਂ 19 ਵੀਂ ਸਦੀ ਵਿਚ ਮੈਥਿਊ ਆਰਨਾਲਡ ਵਲੋਂ ਕੀਤੀ ਸਵੀਕਾਰੀ ਜਾਂਦੀ ਹੈ। ਇਸ ਅਧਿਐਨ ਦਾ ਪਹਿਲਾ ਸੁਚੇਤ ਸਮਰਥਕ ਗੇਟੇ (Goethe) ਨੂੰ ਸਵੀਕਾਰਿਆ ਜਾਂਦਾ ਹੈ। ਉਸਨੇ 1795 ਈ. ਵਿਚ ਜਰਮਨ ਭਾਸ਼ਾ ਦੇ ਸ਼ਬਦ 'ਵਰਗਲੀਚੈਂਡ' (Vergliechend) ਦੇ ਅਨੁਸਾਰ ਅੰਗਰੇਜ਼ੀ ਬਾਸ਼ਾ ਦੇ ਸ਼ਬਦ ਕੰਪੇਰਿਟਿਵ (Comparative) ਦੀ ਵਰਤੋਂ ਕੀਤੀ। ਭਾਰਤੀ ਪ੍ਰਸੰਗ ਵਿਚ 1906 ਈ. ਵਿਚ ਰਵਿੰਦਰ ਨਾਥ ਟੈਗੋਰ ਨੇ ਇਸ ਸ਼ਬਦ ਦੀ ਵਰਤੋਂ ਕੀਤੀ। ਟੈਗੋਰ ਦੀ ਪੁਸਤਕ ਗੀਤਾਂਜਲੀ ਨੂੰ 1913 ਈ. ਵਿਚ ਨੋਬਲ ਪੁਰਸਕਾਰ ਹਾਸਿਲ ਹੋਇਆ। ਉਸ ਨੇ ਜਰਮਨ ਕਵੀ ਗੇਟੇ ਵਾਂਗ ਆਪਣੀਆਂ ਕਵਿਤਾਵਾਂ ਰਾਹੀਂ ਵਿਸ਼ਵ ਪੱਧਰ ਦੇ ਮਾਨਵੀ ਸਰੋਕਾਰਾਂ ਅਤੇ ਸਾਹਿਤਕ ਸਾਂਝ ਨੂੰ ਪੇਸ਼ ਕੀਤਾ ਸੀ।

ਸਿਰਜਣਾਤਮਕ ਸਾਹਿਤ ਦੇ ਸੰਦਰਭ ਵਿਚ ਅੰਤਰ-ਰਾਸ਼ਟਰੀ ਪੱਧਰ ਉਪਰਲੇ ਕਲਾਸਕੀ, ਚਿਰੰਜੀਵੀ, ਜਾਂ ਉੱਤਮ ਨਿਕਤਾਂ ਦੇ ਅਨਵਾਦ ਪੰਜਾਬੀ ਵਿਚ ਹੋਏ। ਇਸ ਤਰ੍ਹਾਂ ਦੇ ਸਾਹਿਤ ਨੂੰ ਅਨੁਵਾਦ ਕਰਵਾਉਣ ਵਾਲਿਆਂ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ ਆਦਿ ਸੰਸਥਾਵਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਵਿਸ਼ਵ ਸਾਹਿਤ ਵਿਚ ਗੇਟੇ ਨੇ ਜੋ ਤੁਲਨਾਤਮਕ ਅਧਿਐਨ ਦੀ ਪਿਰਤ ਪਾਈ ਉਸ ਦਾ ਸੰਪਰਕ ਸਾਹਿਤਕ ਕਿਰਤਾਂ ਨਾਲ ਹੈ। ਇਸ ਤਰ੍ਹਾਂ ਦੇ ਅਧਿਐਨ ਨਾਲ ਵਿਭਿੰਨ ਭਾਸ਼ਾਵਾਂ, ਸਮਾਜਾਂ ਜਾਂ ਸਭਿਆਚਾਰਾਂ ਦੇ ਸਾਹਿਤ ਦੀ ਪੜ੍ਹਤ ਹੋ ਜਾਂਦੀ ਹੈ, ਜਿਸ ਨਾਲ ਅੰਤਰ-ਰਾਸ਼ਟਰੀ ਸਾਹਿਤਕ ਪਰੰਪਰਾਵਾਂ ਦਾ ਅਧਿਐਨ ਹੋ ਜਾਂਦਾ ਹੈ। ਤੁਲਨਾਤਮਕ ਸਾਹਿਤ ਆਪਣੇ ਅਧਿਐਨ ਕਰਕੇ ਵਿਭਿੰਨ ਵਿਧੀਆਂ ਵਾਲਾ ਹੁੰਦਾ ਹੈ ਅਤੇ ਇਹ ਇਕ ਸੁਤੰਤਰ ਅਨੁਸ਼ਾਸਨ ਹੁੰਦਾ ਹੈ। ਇਹ ਆਪਣੇ ਅਧਿਐਨ ਦੀ ਵਿਸ਼ਾਲਤਾ ਨਾਲ ਅੰਤਰ ਅਨੁਸ਼ਾਸਨੀ ਪ੍ਰਕਿਰਤੀ ਵਾਲਾ ਹੁੰਦਾ ਹੈ।

ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪਰਿਪੇਖ ਵਿਚ ਜਦੋਂ ਅਸੀਂ ਤੁਲਨਾਤਮਕ ਸਾਹਿਤ ਦੀ ਗੱਲ ਕਰਦੇ ਹਾਂ ਤਾ ਇਸ ਦਾ ਪ੍ਰਸੰਗ ਸਥਾਨਕਤਾ ਨਾਲ ਵੀ ਜੁੜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾ ਪ੍ਰਸੰਗ ਵਿਚ ਤੁਲਨਾਤਮਕ ਸਾਹਿਤ ਦਾ ਸੰਦਰਭ ਬਾਣੀ ਸਿਰਜਣ ਅਤੇ ਇਸ ਬਾਣੀ ਦੀ ਰਾਗਾਂ ਅਨੁਸਾਰ ਵੰਡ ਕਰਦੇ ਸੰਪਾਦਨਾ ਦੇ ਅਧਿਐਨ ਤੋਂ ਵਿਸ਼ੇਸ਼ਕ੍ਰਿਤ ਹੈ। ਅੰਤਰ-ਰਾਸ਼ਟਰੀ ਪੱਧਰ ਦੀਆਂ ਕਲਾਸਕੀ ਕਿਰਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਨੂੰ ਨਿਰਧਾਰਤ ਕਰਨ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ। ਇਥੇ ਇਹ ਗੱਲ ਵੀ ਵਿਸ਼ੇਸ਼ ਹੈ ਕਿ ਵਿਭਿੰਨ ਜਾਤਾਂ ਤੇ ਜਮਾਤਾਂ ਨਾਲ ਸੰਬੰਧਤ ਬਾਣੀਕਾਰਾਂ ਨੇ ਜਿਹੜੇ ਆਪਣੇ ਅਨੁਭਵੀ ਚੇਤਨਾ ਦੇ ਨੁਕਤੇ ਬਾਣੀ ਵਿਚ ਪ੍ਰਵਚਨ ਵਿਚ ਦਿੱਤੇ, ਉਹ ਮਹੱਤਵਪੂਰਨ ਹਨ।

ਅੰਤਰ-ਰਾਸ਼ਟਰੀ ਪੱਧਰ 'ਤੇ ਵੇਖਿਆ ਪੂਰਬੀ ਤੇ ਪੱਛਮੀ ਸਾਹਿਤ ਤੁਲਨਾਤਮਕ ਪ੍ਰਕਿਰਿਆ ਵਿਚ ਵਿਚਰਦਾ ਰਿਹਾ ਹੈ। ਇਹ ਅਧਿਐਨ ਖੇਤਰ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਸਦਕਾ ਚਿੰਤਨ ਪ੍ਰਕਿਰਿਆ ਦੀ ਲਗਾਤਾਰਤਾ ਦੇ ਅਮਲ ਵਿਚ ਰਿਹਾ ਹੈ। ਭਾਰਤੀ ਸਾਹਿਤ ਦੀ ਵੱਖਰੀ ਨੁਹਾਰ ਸਦਕਾ ਤੁਲਨਾਤਮਕ ਅਧਿਐਨ ਅੰਤਰ-ਰਾਸ਼ਟਰੀ ਵਿਸ਼ੇਸ਼ਤਾਵਾਂ ਦੀਆਂ ਪਰੰਪਰਾ ਦੇ ਨਿਰੰਤਰ ਵਿਕਾਸ ਵਿਚ ਰਿਹਾ ਹੈ। ਭਾਰਤੀ

ਸਾਹਿਤ ਦੇ ਪਰੰਪਰਕ ਸਰੂਪ 'ਚਾਰ ਵੇਦਾਂ' ਵਿਚ ਵੇਖੇ ਜਾਂਦੇ ਹਨ। ਇਨ੍ਹਾਂ ਵੇਦਾਂ ਦਾ ਤੁਲਨਾਤਮਕ ਅਧਿਐਨ ਵਿਸ਼ੇ-ਵਸਤੂ ਅਤੇ ਕਲਾਤਮਕ ਸੁਹਜ ਵਜੋਂ ਕੀਤਾ ਜਾਂਦਾ ਹੈ। ਵੇਦਾਂ ਵਾਲੇ ਗਿਆਨ ਦਾ ਅਗਲਾ ਸਰੂਪ ਉਪਨਿਸ਼ਦਾਂ ਵਿਚ ਪ੍ਰਸਤੁਤ ਹੋਇਆ ਹੈ। ਉਪਨਿਸ਼ਦਾਂ ਭਾਰਤੀ ਦਰਸ਼ਨ ਦੀ ਪਰੰਪਰਾ ਦੇ ਰਹੱਸਮਈ ਚਿੰਤਨ ਦਾ ਪ੍ਰਮਾਣਿਕ ਰੂਪ ਹਨ। ਉਪਨਿਸ਼ਦਾਂ ਕਿਉਂਕਿ ਵੇਦਾਂ ਆਧਾਰਤ ਗਿਆਨਧਾਰਾ ਨੂੰ ਪ੍ਰਸਤੁਤ ਕਰਦੀਆਂ ਹਨ, ਇਸ ਲਈ ਇਨ੍ਹਾਂ ਦਾ ਵੇਦਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਜਾ ਸਕਦਾ ਹੈ। ਉਪਨਿਸ਼ਦਾਂ ਵਿਚ ਜਿਹੜਾ 'ਨਾਮ' ਸ਼ਬਦ ਦਾ ਸੰਕਲਪ ਪ੍ਰਸਤੁਤ ਕੀਤਾ ਗਿਆ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਵੀ (ਨਾਮ ਓਂਕਾਰ) ਮਿਲਦਾ ਹੈ। ਉਪਨਿਸ਼ਦਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਸ਼ਬਦ ਨੂੰ ਸ੍ਰਿਸ਼ਟੀ ਦੀ ਰਚਨਾ ਦਾ ਮੂਲ ਸਰੋਤ ਸਵੀਕਾਰਿਆ ਗਿਆ ਹੈ। ਬਾਣੀ ਵਿਚ ਪ੍ਰਵਚਨ ਹੈ:

"ਓਅੰਕਾਰ ਆਦਿ ਮੈ ਜਾਨਾ।।

ਲਿਖਿ ਅਰੁ ਮੇਟੈ ਤਾਹਿ ਨ ਮਾਨਾ।।

ਓਅੰਕਾਰ ਲਖੈ ਜਉ ਕੋਈ।।

ਸੋਈ ਲਖਿ ਮੇਟਣਾ ਨਾ ਹੋਈ।।"[133]

ਮੱਧਕਾਲੀ ਭਾਰਤ ਦੇ ਅਨੇਕਾਂ ਭਗਤਾਂ ਸਮੇਤ ਗੁਰੂ ਸਾਹਿਬਾਨ ਦੀ ਬਾਣੀ ਵੇਦਾਂ ਅਤੇ ਉਪਨਿਸ਼ਦਾਂ ਨਾਲ ਤੁਲਨਾਤਮਕ ਪਰਿਪੇਖ ਰੱਖਦੀ ਹੈ। ਇਹ ਇਕ ਉਹ ਪਰੰਪਰਾ ਬਣ ਜਾਂਦੀ ਹੈ, ਜਿਹੜੀ ਬਿਰਤਾਂਤ ਅਤੇ ਸੂਤਰ ਦੀ ਸਿਰਜਣਕਾਰ ਦਾ ਨਿਵੇਕਲਾ ਸਰੂਪ ਹੈ। ਤੁਲਨਾਤਮਕ ਅਧਿਐਨ ਲਈ ਇਹ ਸਨਾਤਨੀ ਤੇ ਮੱਧਕਾਲੀ ਸਾਹਿਤ ਇਕ ਵਿਸ਼ਾਲ ਸਰੋਤ ਹੀ ਨਹੀਂ, ਸਗੋਂ ਅੰਤਰ-ਰਾਸ਼ਟਰੀ ਪੱਧਰ ਦੇ ਰਹੱਸਾਤਮਕ ਸਾਹਿਤ ਦੇ ਤੁਲਨਾਵੀ ਸਰੂਪ ਦਾ ਆਧਾਰ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਗਤ ਬਾਣੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਵੀ ਤੁਲਨਾਤਮਕ ਪਰਿਪੇਖ ਵਿਚ ਸਥਾਨਕ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਵਿਚਰਦੀ ਹੈ।

ਤੁਲਨਾ ਅਤੇ ਤੁਲਨਾਤਮਕਤਾ:ਅੰਤਰ-ਰਾਸ਼ਟਰੀ ਪੱਧਰ ਉਪਰ ਪੂਰਬੀ ਤੇ ਪੱਛਮੀ ਸਾਹਿਤ ਵਿਚ ਤੁਲਨਾ ਸਾਹਿਤ ਦੀ ਰਚਨਾਤਮਕਤਾ ਦਾ ਅਤੇ ਚਿੰਤਨ-ਚੇਤਨਾ ਦਾ ਅਨਿੱਖੜ ਅੰਗ ਰਹੀ ਹੈ। ਅਰਸਤੂ ਦੇ ਵੇਲੇ (384-322 ਈਸਵੀ ਪੂਰਵ) ਤੁਲਨਾ ਨੂੰ ਇਕ ਵਿਧੀ ਵਜੋਂ ਸਵੀਕਾਰ ਕਰ ਲਿਆ ਗਿਆ ਸੀ। ਡਾ. ਆਰ.ਕੇ. ਧਵਨ ਟੈਰੈਂਸ (Terence) ਦੀ ਪੁਸਤਕ 'ਫਾਰਸਿਉ' (Phermio) ਦੇ ਹਵਾਲੇ ਨਾਲ ਇਹ ਗੱਲ ਲਿਖੀ ਜਾ ਸਕਦੀ ਹੈ ਕਿ ਸਰੂਪ ਵਿਚ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਤੁਲਨਾਤਮਕ ਵਿਧੀ ਦੇ ਪ੍ਰਮਾਣ ਪ੍ਰਾਪਤ ਹੁੰਦੇ ਹਨ। ਟੈਰੇਸ ਨੇ ਸਾਹਿਤ ਦੀਆਂ ਪੁਰਾਣੀਆਂ ਅਤੇ ਨਵੀਨ ਪਰਿਵਰਤੀਆਂ ਦੀ ਤੁਲਨਾ ਇਸ ਅਧਿਐਨ ਵਿਧੀ ਨਾਲ ਕੀਤੀ।"[134] ਤੁਲਨਾਤਮਕ ਵਿਧੀ ਦੇ ਇਹ ਯਤਨ ਮੁਢਲੇ ਰੂਪ ਸਵੀਕਾਰੇ ਗਏ ਹਨ ਅਤੇ ਵਿਧੀਵਤ ਰੂਪ ਵੀਹਵੀਂ ਸਦੀ ਵਿਚ ਸਾਹਮਣੇ ਆਉਂਦੇ ਹਨ।

ਤੁਲਨਾਤਮਕ ਅਧਿਐਨ ਦਾ ਯੂਰਪੀ ਸਰੂਪ ਸਿੱਧੇ ਰੂਪ ਵਿਚ ਭਾਸ਼ਾ ਸ਼ਾਸਤਰ ਨਾਲ ਸੰਬੰਧਤ ਸੀ। ਭਾਰਤ ਵਿਚ ਭਾਸ਼ਾ ਵਿਗਿਆਨੀ ਵਜੋਂ ਜਾਣੇ ਜਾਂਦੇ ਪਾਣਨੀ ਅਤੇ ਪਤੰਜਲੀ ਨੇ ਯੂਰਪ ਦੇ ਭਾਸ਼ਾ ਵਿਗਿਆਨੀ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਇਨ੍ਹਾਂ ਭਾਰਤੀ ਵਿਗਿਆਨੀਆਂ ਦੀਆਂ ਧਾਰਨਾਵਾਂ ਨੂੰ ਅਧਾਰ ਬਣਾ ਕੇ ਮੌਲਿਕ ਧਾਰਨਾਵਾਂ ਪ੍ਰਸਤੁਤ ਕੀਤੀਆਂ। "ਸਰ ਵਿਲੀਅਮ ਜੋਸਜ ਨੇ 1686 ਈ. ਵਿਚ ਕਲਕੱਤਾ ਵਿਖੇ ਏਸ਼ੀਐਟਿਕ ਸੁਸਾਇਟੀ ਦੀ ਇਕੱਤਰਤਾ ਵਿਚ ਦਿੱਤੇ ਲੈਕਚਰ ਵਿਚ ਭਾਸ਼ਾ, ਸਾਹਿਤ ਤੇ ਮਾਨਵ ਵਿਗਿਆਨ ਦੇ ਵਿਸ਼ਿਆ ਦੇ ਤੁਲਨਾਵੀਂ ਸਰੂਪ ਸੰਬੰਧੀ ਆਪਣੀਆਂ ਧਾਰਨਾਵਾਂ ਪ੍ਰਸਤੁਤ ਕੀਤੀਆ"[135] ਇਸ ਪ੍ਰਕਾਰ ਤੁਲਨਾਵੀਂ ਪ੍ਰਕਿਰਿਆ ਦਾ ਵਿਧੀਵਤ ਰੂਪ ਸਾਹਮਣੇ ਆਇਆ, ਜਿਹੜਾ ਭਾਰਤੀ ਸਾਹਿਤ ਦੇ ਅਧਿਐਨ ਲਈ ਵੀ ਇਕ ਵਿਧੀ ਵਜੋਂ ਸਾਹਮਣੇ ਆਉਣ ਲੱਗਾ। ਇਸ ਤਰ੍ਹਾਂ ਪੂਰਬੀ ਅਤੇ ਪੱਛਮੀ ਚਿੰਤਕਾਂ ਨੇ ਤੁਲਾਤਮਕ ਪਦ ਨੂੰ ਵਿਧੀ ਵਜੋਂ ਵਰਤਣ ਦਾ ਯਤਨ ਕਰਨਾ ਆਰੰਭ ਕਰ ਦਿੱਤਾ। ਅਜੋਕੇ ਅੰਤਰ-ਰਾਸ਼ਟਰੀ ਸਾਹਿਤ ਚਿੰਤਨ ਵਿਚ ਤੁਲਨਾਤਮਕ ਵਿਧੀ ਇਕ ਸੁਤੰਤਰ ਵਿਧੀ ਵਜੋਂ ਸਥਾਪਿਤ ਹੋ ਚੁੱਕੀ ਹੈ।

ਵਿਸ਼ਵ ਵੱਧਰ ਉੱਪਰ ਤੁਲਨਾਤਮਕ ਅਧਿਐਨ ਦੇ ਖੇਤਰ ਅਤੇ ਵਿਧੀਆਂ ਦੇ ਪ੍ਰਸੰਗ ਵਿਚ ਵਿਭਿੰਨ ਵਿਦਵਾਨਾਂ ਦੇ ਵਿਭਿੰਨ ਵਿਚਾਰ ਪ੍ਰਾਪਤ ਹੁੰਦੇ ਹਨ। ਉਨ੍ਹਾਂ ਵਿਚ ਵਾਈਸਟਾਈਨ ਨੇ ਇਸ ਅਧਿਐਨ ਨੂੰ ਦੋ ਵਰਗਾਂ ਵਿਚ ਵੰਡ ਕੇ ਪੇਸ਼ ਕੀਤਾ। ਇਹ ਪਹਿਲੇ ਵਰਗ ਵਿਚ ਫਰਾਂਸੀਸੀ ਤੇ ਜਰਮਨ ਚਿੰਤਕਾਂ ਟਿਗਹੈਮ, ਕਾਰੇ, ਗੁਈਆਰਟ ਦਾ ਜ਼ਿਕਰ ਕਰਦਾ ਹੈ। ਇਹ ਚਿੰਤਕ ਤੁਲਨਾਤਮਕ ਅਧਿਐਨ ਲਈ ਇਤਿਹਾਸਕ ਤੱਤਾਂ ਨੂੰ ਵਧੇਰੇ ਮਹੱਤਵ ਦਿੰਦੇ ਹਨ। ਇਨ੍ਹਾਂ ਦੀ ਧਾਰਨਾ ਇਹ ਹੈ ਕਿ ਤੁਲਨਾਤਮਕ ਅਧਿਐਨ ਇਤਿਹਾਸ ਮੂਲਕ ਅਨੁਸ਼ਾਸਨ ਹੈ। ਉਨ੍ਹਾਂ ਦਾ ਇਹ ਸਵੀਕਾਰਨਾ ਸੀ ਕਿ ਵਿਭਿੰਨ ਰਾਸ਼ਟਰਾਂ ਦੇ ਲੇਖਕਾਂ, ਕਿਰਤਾਂ ਅਤੇ ਪਾਠਕਾਂ ਦੇ ਨਿਸ਼ਚਿਤ ਸੰਬੰਧਾਂ ਨਾਲ ਤੁਲਨਾਤਮਕ ਅਧਿਐਨ ਸੰਬੰਧਤ ਹੁੰਦਾ ਹੈ।

ਤੁਲਨਾਤਮਕ ਸਾਹਿਤ ਵਿਚ ਸਾਹਿਤ ਅਧਿਐਨ ਵਿਧੀ ਵਿਚ ਵਿਆਪਕ ਸਿਧਾਂਤਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਵਾਈਟ ਸਟਾਈਨ ਨੇ ਦੂਜੇ ਵਰਗ ਵਿਚ ਰੇਨੇ ਵੈਲਕ, ਦੇਮਾਕ, ਆਸਟਿਨ ਵਾਰੇਨ ਅਤੇ ਪਰਾਅਰ ਵਰਗੇ ਚਿੰਤਕਾਂ ਦੀ ਗੱਲ ਕੀਤੀ ਹੈ। ਇਹ ਚਿੰਤਕ ਉਦਾਰਵਾਦੀ ਕਿਸਮ ਦੇ ਹਨ। ਇਨ੍ਹਾਂ ਚਿੰਤਕਾਂ ਦਾ ਵਰਗ ਤੁਲਨਾਤਮਕ ਅਧਿਐਨ ਵਿਚ ਕਾਵਿ-ਸ਼ਾਸਤਰੀ ਸੌਂਦਰਯਮੂਲਕ ਤੇ ਕਲਾਤਮਕਤਾ ਦੀ ਪਰਖ ਉਪਰ ਜ਼ੋਰ ਦਿੰਦਾ ਹੈ।

ਤੁਲਨਾਤਮਕਤਾ ਦੇ ਇਨ੍ਹਾਂ ਉਪਰੋਕਤ ਦੋਨੋਂ ਵਰਗਾਂ ਅਨੁਸਾਰ ਇਸ ਤੁਲਨਾਤਮਕ ਅਧਿਐਨ ਵਿਧੀ ਦੇ ਦੋ ਸਕੂਲ ਸਥਾਪਿਤ ਹੋਏ। ਪਹਿਲੇ ਸਕੂਲ ਦੇ ਚਿੰਤਕਾਂ ਦਾ ਫਰੈਂਚ-ਜਰਮਨ ਸਕੂਲ ਵਜੋਂ ਜਾਣਿਆ ਗਿਆ ਅਤੇ ਦੂਜੇ ਸਕੂਲ ਨੂੰ ਅਮਰੀਕਨ ਸਕੂਲ ਵਜੋਂ ਜਾਣਿਆ ਗਿਆ। ਇਨ੍ਹਾਂ ਸਕੂਲਾਂ ਦਾਂ ਮੌਲਿਕ ਧਾਰਨਾਵਾਂ ਨਾਲ ਵਿਸ਼ਵ ਪੱਧਰ 'ਤੇ ਇਸ ਅਧਿਐਨ ਵਿਚ ਮੌਲਿਕਤਾ ਦੀ ਸਥਿਤੀ ਉਤਪੰਨ ਹੋਈ, ਜੋ ਅਜੋਕੇ ਸਮੇਂ ਵਿਚ ਇਸ ਵਿਧੀ ਦਾ ਆਧਾਰ-ਬਿੰਦੂ ਹੈ।

ਤਲਨਾਤਮਕ ਅਧਿਐਨ ਵਿਧੀ ਦੇ ਸੰਦਰਭ ਵਿਚ ਫਰੈਂਚ-ਜਰਮਨ ਸਕੂਲ ਦੀਆਂ ਜੇਕਰ ਧਾਰਨਾਵਾਂ ਉੱਪਰ ਗੌਰ ਕਰੀਏ ਤਾਂ ਉਨ੍ਹਾਂ ਨਾਲ ਕ੍ਰਮ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਉਪਰ ਜ਼ੋਰ ਦਿੱਤਾ। ਇਸ ਤਰ੍ਹਾਂ ਇਤਿਹਾਸ ਦੇ ਅਤੀਤ ਅਤੇ ਵਰਤਮਾਨ ਵਾਲੇ ਅੰਤਰ ਸੰਬੰਧਾਂ ਤੋਂ ਤੁਲਨਾਤਮਕ ਨਤੀਜੇ ਹਾਸਿਲ ਹੁੰਦੇ ਹਨ। ਇਸ ਸਕੂਲ ਦੇ ਚਿੰਤਕ ਇਤਹਾਸ ਦੇ ਮਾਧਿਆਮ ਰਾਹੀਂ ਸ੍ਰੋਤ ਜਾਂ ਪ੍ਰਭਾਵ ਦਾ ਅਧਿਐਨ ਕਰਨ ਵੱਲ ਜ਼ੋਰ ਦਿੰਦੇ ਹਨ। ਇਸ ਸਕੂਲ ਦਾ ਪ੍ਰਮੁੱਖ ਚਿੰਤਕ ਜੇ.ਐਮ.ਕਾਰੇ "ਤੁਲਨਾਤਮਕ ਸਾਹਿਤ ਨੂੰ ਸਾਹਿਤ ਇਤਿਹਾਸ ਦੀ ਇਕ ਸ਼ਾਖਾ ਸਵੀਕਾਰਦਾ ਹੈ। ਇਸ ਦੇ ਅੰਤਰਗਤ ਉਹ ਬਾਇਰਨ ਅਤੇ ਪੁਸਕਿਨ ਗੈਟੇ ਅਤੇ ਕਾਰਲਾਇਲ ਵਿਚਕਾਰ ਸਥਾਪਤ ਹੋਏ ਅੰਤਰਰਾਸ਼ਟਰੀ ਅਧਿਆਤਮਕ ਸੰਬੰਧਾਂ ਨੂੰ ਤੱਥਾਤਮਕ ਸੰਪਰਕ ਦੇ ਹਵਾਲੇ ਨਾਲ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ ਅਤੇ ਵਿਭਿੰਨ ਸਾਹਿਤ ਦੇ ਲੇਖਕਾਂ ਵਿਚਕਾਰ ਸਥਾਪਤ ਹੋਏ ਤੱਥਾਤਮਕ ਸੰਪਰਕਾਂ, ਉਨ੍ਹਾਂ ਦੀਆਂ ਰਚਨਾਂਵਾਂ, ਜੀਵਨੀਆਂ ਅਤੇ ਪ੍ਰੇਰਨਾ ਸਰੋਤਾਂ ਦੀ ਛਾਣ-ਬੀਣ ਕਰਦਾ ਹੈ।"[136]

ਫਰੈਂਚ-ਜਰਮਨ ਸਕੂਲ ਦਾ ਅਗਲਾ ਚਿੰਤਕ ਟਿਗਹੇਮ ਵਿਭਿੰਨ ਸਾਹਿਤਾਂ ਦੇ ਤੁਲਨਾਤਮਕ ਅਧਿਐਨ ਉਪਰ ਜ਼ੋਰ ਦਿੰਦਾ ਹੈ। ਉਹ ਇਸ ਅਧਿਐਨ ਰਾਹੀਂ ਸਾਹਿਤ ਦੇ ਤੱਤਾਂ ਦੇ ਦਵੱਲੇ ਸਰੂਪਾਂ ਨੂੰ ਪਰਖਣ ਦੀ ਗੱਲ ਕਰਦਾ ਹੈ।

ਫਰੈਂਚ-ਜਰਮਨ ਸਕੂਲ ਦਾ ਇਕ ਹੋਰ ਚਿੰਤਕ ਗੁਈਆਰਟ ਵਿਸ਼ਾ-ਵਸਤੂ ਦੇ ਸੰਦਰਭ ਵਿਚ ਅਧਿਐਨ ਕਰਨ ਲਈ ਟਿਗਹੇਮ ਜਿਹੇ ਵਿਚਾਰ ਦਿੰਦਾ ਹੈ। ਉਹ ਤੁਲਨਾਤਮਕ ਸਾਹਿਤ ਅਧਿਐਨ ਨੂੰ "ਅੰਤਰਰਾਸ਼ਟਰੀ ਸੰਬੰਧਾਂ ਦਾ ਇਤਿਹਾਸ ਸਵੀਕਾਰਦਾ ਹੈ।"[137] ਇਸ ਤਰ੍ਹਾਂ ਉਨ੍ਹਾਂ ਨੇ ਰਾਸ਼ਟਰਾਂ ਤੋਂ ਪਾਰ ਜਾ ਕੇ ਸਾਹਿਤਕ ਸੰਬੰਧਾਂ ਅਤੇ ਪ੍ਰਭਾਵਾਂ ਦੇ ਅਧਿਐਨ ਕਰਨ ਦੀ ਗੱਲ ਕੀਤੀ।

ਫਰੈਂਚ-ਜਰਮਨ ਸਕੂਲ ਦੇ ਉਪਰੋਕਤ ਚਿੰਤਕਾਂ ਦੀ ਪਹਿਲੀ ਪੀੜ੍ਹੀ ਤੁਲਨਾਤਮਕ ਅਧਿਐਨ ਰਾਹੀਂ ਤੁਲਨਾਤਮਕ ਸੰਪਰਕਾਂ, ਦਸਤਾਵੇਜ਼ਾਂ ਅਤੇ ਪ੍ਰਭਾਵਾਂ ਨੂੰ ਅਧਿਐਨ ਵਸਤੂ ਵਜੋਂ ਪਰਖਣ ਉਪਰ ਜ਼ੋਰ ਦਿੰਦੀ ਹੈ। ਇਸ ਪੀੜ੍ਹੀ ਦੇ ਮੁਕਾਬਲੇ ਅਗਲੀ ਪੀੜ੍ਹੀ ਦੇ ਚਿੰਤਕਾਂ ਵਿਚੋਂ ਪੀਸਵਾਸ਼ ਅਤੇ ਰੂਸੋ ਨੇ ਤੁਲਨਾਤਮਕ ਅਧਿਐਨ ਦੇ ਖੇਤਰ ਵਿਚ ਪ੍ਰਭਾਵ ਸੂਤਰਾਂ ਦੇ ਪ੍ਰਭਾਵ ਦੀ ਗੱਲ ਕੀਤੀ ਅਤੇ ਉਸ ਅਧਿਐਨ ਵਿਚ ਵਾਧਾ ਕਰਦੇ ਹੋਏ ਸੰਸ਼ਲੇਸ਼ਣਾਤਮਕ ਦ੍ਰਿਸ਼ਟੀ ਦੇ ਮਹੱਤਵ ਉਪਰ ਜ਼ੋਰ ਦਿੱਤਾ। ਇਸ ਪ੍ਰਕਾਰ ਦੂਜੀ ਪੀੜ੍ਹੀ ਦੇ ਇਨ੍ਹਾਂ ਚਿੰਤਕਾਂ ਨੇ ਸਾਹਿਤਕ ਮੁੱਲਾਂ ਦੀ ਪਛਾਣ ਹਿਤ ਟਿੱਪਣੀਆਂ ਦੁਆਰਾ ਅਧਿਐਨ ਕਰਨ ਦੇ ਮੌਲਿਕ ਪ੍ਰਤਿਮਾਨਾਂ ਨੂੰ ਸਥਾਪਤ ਕੀਤਾ। ਇਸੇ ਸਕੂਲ ਦੇ ਅੰਤਰਗਤ ਕੇਰੇ ਇਕ ਅਜਿਹਾ ਚਿੰਤਕ ਹੈ, ਜਿਸ ਨੇ ਇਸ ਅਧਿਐਨ ਅਧੀਨ ਅਨੁਰੂਪਤਾ ਅਧਿਐਨਾਂ ਉੱਪਰ ਜ਼ੋਰ ਦਿੱਤਾ। ਇਸੇ ਤਰ੍ਹਾਂ ਟਿਗਹੈਮ ਅਜਿਹਾ ਚਿੰਤਕ ਹੈ, ਜਿਸ ਨੇ ਸਾਂਝੀ ਪ੍ਰਵਿਰਤੀ ਦੀ ਨਿਸ਼ਾਨਦੇਹੀ ਤੱਕ ਆਪਣਾ ਵਿਚਾਰ ਸੀਮਤ ਰੱਖਿਆ। ਇਨ੍ਹਾਂ ਦੇ ਸਮਵਿਥ ਐਂਟੀਐਬਲ ਨੇ ਸਭਿਆਚਾਰਕ ਮੁੱਲਾਂ ਅਨੁਸਾਰ ਤੁਲਾਤਮਕ ਅਧਿਐਨ ਕਰਨ 'ਤੇ ਜ਼ੋਰ ਦਿੱਤਾ। ਇਸ ਪ੍ਰਕਾਰ ਇਸ ਅਧਿਐਨ ਇਸ ਸਕੂਲ ਦੇ ਕਈ ਪਸਾਰ ਸਾਹਮਣੇ ਆਉਂਦੇ ਹਨ। ਮੂਲ ਰੂਪ ਵਿਚ, ਇਸ ਸਕੂਲ ਦੇ ਚਿੰਤਕਾਂ

ਦੀ ਰੁਚੀ ਸਾਹਿਤਕ ਪਰੰਪਰਾਵਾਂ ਦੇ ਆਪਸੀ ਸੰਬੰਧਾਂ, ਪ੍ਰਭਾਵ ਸੂਤਰਾਂ, ਅਦਾਨ-ਪ੍ਰਦਾਨ ਜਾਂ ਰੂਪਾਂਤਰਣ ਦੇ ਕਾਰਜਾਂ ਦੇ ਅਧਿਐਨ ਨਾਲ ਹੀ ਸੰਬੰਧਤ ਹੈ। ਇਸ ਪ੍ਰਕਾਰ ਇਨ੍ਹਾਂ ਦੀ ਰੁਚੀ ਇਨ੍ਹਾਂ ਸੂਤਰਾਂ ਨੂੰ ਅੰਤਰਰਾਸ਼ਟਰੀ ਪ੍ਰਸੰਗ ਵਿਚ ਇਤਿਹਾਸਕ ਸੰਦਰਭ ਅਨੁਸਾਰ ਅਧਿਐਨ ਕਰਨ ਦੀ ਹੈ।

ਤੁਲਨਾਤਮਕ ਅਧਿਐਨ ਦੇ ਪ੍ਰਸੰਗ ਵਿਚ ਦੂਜਾ ਅਮਰੀਕੀ ਸਕੂਲ ਹੈ। ਇਸ ਸਕੂਲ ਦੇ ਪ੍ਰਮੁੱਖ ਚਿੰਤਕ ਰੇਨੇ ਵੈਲੇਕ, ਰੇਮਾਂਕ, ਹੈਰੀ ਵੈਰੇਨ ਆਦਿ ਹਨ। ਇਹ ਚਿੰਤਕ ਤੁਲਾਤਮਕ ਅਧਿਐਨ ਨੂੰ ਸੁਹਜਾਤਮਕ ਅਨੁਸ਼ਾਸ਼ਨ ਵਜੋਂ ਦਰਸਾਉਂਦੇ ਹਨ। ਇਸ ਪ੍ਰਕਾਰ ਇਸ ਸਕੂਲ ਦੇ ਚਿੰਤਕ ਸਾਹਿਤ ਅੰਦਰਲੀ ਸੁਹਜਾਤਮਕਤਾ ਦੇ ਜ਼ੋਰ ਨੂੰ ਪ੍ਰਮੁੱਖਤਾ ਦਿੰਦੇ ਹਨ। ਇਸ ਪ੍ਰਕਾਰ ਇਹ ਚਿੰਤਕ ਤੁਲਾਤਮਕ ਅਧਿਐਨ ਨੂੰ ਸਾਹਿਤ ਆਲੋਚਨਾ ਦੇ ਇਕ ਅੰਗ ਵਜੋਂ ਪ੍ਰਗਟਾਉਂਦੇ ਹਨ ਤੇ ਗਿਆਨ ਦੇ ਹੋਰ ਖੇਤਰਾਂ ਨੂੰ ਤੁਲਨਾਤਮਕ ਸਾਹਿਤ ਦੇ ਸੰਬੰਧਾਂ ਵਜੋਂ ਦਰਸਾਉਂਦੇ ਹਨ। ਰੈਨੇ ਵੈਲੇਕ ਇਸ ਅਧਿਐਨ ਨੂੰ ਸਾਹਿਤ ਦਾ ਜ਼ਰੂਰੀ ਅੰਗ ਸਵੀਕਾਰਦਾ ਹੈ। ਰੇਮਾਂਕ ਨੇ ਤੁਲਨਾਤਮਕ ਸਾਹਿਤ ਅਤੇ ਗਿਆਨ ਦੇ ਹੋਰਨਾਂ ਖੇਤਰਾਂ ਜਿਵੇਂ ਕਲਾ, ਇਤਿਹਾਸ, ਦਰਸ਼ਨ, ਸਮਾਜ ਵਿਗਿਆਨ, ਧਰਮ ਆਦਿ ਵਿਚਕਾਰ ਸੰਬੰਧਾਂ ਦੇ ਅਧਿਐਨ ਤੇ ਜ਼ੋਰ ਦਿੱਤਾ। ਇਸ ਪ੍ਰਕਾਰ ਇਹ ਅਧਿਐਨ ਅੰਤਰ-ਅਨੁਸ਼ਾਸਨੀ ਵਿਧੀ ਦਾ ਧਾਰਨੀ ਬਣ ਜਾਂਦਾ ਹੈ। ਇਸ ਪ੍ਰਕਾਰ ਇਸ ਸਕੂਲ ਦਾ ਮੁੱਖ ਉਦੇਸ਼ ਸਾਹਿਤਕ ਪਰੰਪਰਾਵਾਂ, ਮੌਟਿਫ, ਸ਼ੈਲੀ, ਅਨੁਪੂਰਤਾ, ਰੂਪ ਆਦਿ ਦੇ ਅਧਿਐਨ ਕਰਨ ਸੰਬੰਧਤ ਹੋ ਜਾਂਦਾ ਹੈ। ਇਸ ਪ੍ਰਕਾਰ ਇਸ ਸਕੂਲ ਦੀਆਂ ਧਾਰਨਾਵਾਂ ਫਰੈਂਚ-ਜਰਮਨ ਸਕੂਲ ਤੋਂ ਬਿਲਕੁਲ ਵਿਪਰੀਤ ਜਾਪਦੀਆਂ ਹਨ।

ਰੈਨੇ ਵੈਲੇਕ ਤੁਲਨਾਤਮਕ ਅਧਿਐਨ ਰਾਹੀਂ ਕਿਸੇ ਪ੍ਰਕਾਰ ਦੀ ਸੀਮਾਵੱਥ ਵੰਡ ਦੀ ਥਾਂ ਤੁਲਾਤਮਕ ਪਰਿਪੇਖ ਅਤੇ ਭਾਵਨਾ ਦੇ ਆਧਾਰ ਬਣਾਉਣ ਉਪਰ ਜ਼ੋਰ ਦਿੰਦ ਹੈ। ਉਸ ਨੇ ਸਾਹਿਤਕ ਪਰੰਪਰਾਵਾਂ ਨੂੰ ਅੰਤਰ-ਰਾਸ਼ਟਰੀ ਸੰਦਰਭ ਵਿਚ ਅਧਿਐਨ ਬਣਾਉਣ ਦੀ ਗੱਲ ਵੀ ਕੀਤੀ। ਇਸ ਤਰ੍ਹਾਂ ਤੁਲਾਤਮਕ ਅਧਿਐਨ ਰਾਹੀਂ ਸਾਹਿਤ ਭਾਸ਼ਾਈ, ਨਸਲੀ ਅਤੇ ਰਾਜਨੀਤਕ ਹੱਦ ਬੰਦੀਆਂ ਤੋਂ ਮੁਕਤ ਅਧਿਐਨ ਪੇਸ਼ ਕੀਤਾ ਜਾਂਦਾ ਹੈ। ਇਸ ਨੂੰ ਕਿਸੇ ਇਕ ਵਿਧੀ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸੀ ਪ੍ਰਕਾਰ ਇਹ ਰਚਨਾ ਵਿਚ ਵਰਨਣ, ਵਿਆਖਿਆ, ਪਾਤਰ ਚਿਤਰਨ ਅਤੇ ਮੁਲਾਂਕਣ ਦੀ ਸਮਾਨਤਾ ਅਤੇ ਅਸਮਾਨਤਾ ਨਾਲ ਸੰਬੰਧਤ ਹੋ ਜਾਂਦਾ ਹੈ। ਉਸ ਨੇ ਇਹ ਵੀ ਗੱਲ਼ ਸਵੀਕਾਰੀ ਕਿ ਤੁਲਨਾਤਮਕ ਅਧਿਐਨ ਇਤਿਹਾਸਕ ਸੰਪਰਕਾਂ ਤੱਕ ਮਹਿਦੂਦ ਨਹੀ ਹੋਣਾ ਚਾਹੀਦਾ। ਇਸ ਦੀ ਬਜਾਇ ਇਹੀ ਅਧਿਐਨ ਦੀਆਂ ਹੋਰ ਵਿਧੀਆਂ ਨੂੰ ਯਥਾਯੋਗ ਵਰਤੋਂ ਵਿਚ ਲਿਆ ਕੇ ਸਾਹਿਤਕ ਰਚਨਾਵਾਂ ਦੀ ਅੰਦਰਲੀ ਬਣਤਰ ਅਤੇ ਕਲਾਤਮਕ ਸੁਹਜ ਦੇ ਅਧਾਰ ਉਪਰ ਸਾਹਿਤਕ ਪਰੰਪਰਾ ਤੇ ਕਿਰਤ ਦੇ ਸੁਹਜ ਮੁੱਲਾਂ ਦੀ ਪੜ੍ਹਤ ਕਰਨੀ ਚਾਹੀਦੀ ਹੈ।

ਅਮਰੀਕੀ ਸਕੂਲ ਦੇ ਚਿੰਤਕ ਐਸ. ਐਸ. ਪਰਾਮਰ ਨੇ ਵਿਭਿੰਨ ਭਾਸ਼ਾਵਾਂ ਦੀਆਂ ਸਾਹਿਤਕ ਰਚਨਾਵਾਂ, ਉਨ੍ਹਾਂ ਵਿਚਲੀ ਸੰਚਾਰ ਵਿਵਸਥਾ ਸਾਹਿਤਕ ਸੰਬੰਧਾਂ ਦੇ ਅਧਿਐਨ ਉਪਰ ਜ਼ੋਰ ਦਿੱਤਾ। ਉਸ ਨੇ

ਤੁਲਨਾਤਮਕ ਅਧਿਐਨ ਦਾ ਲਾਜ਼ਮੀ ਅੰਗ ਸਾਹਿਤ ਸਿਧਾਂਤ ਅਤੇ ਸਾਹਿਤ ਆਲੋਚਨਾ ਨੂੰ ਸਵੀਕਾਰਿਆ ਹੈ। ਉਸ ਅਨੁਸਾਰ ਇਨ੍ਹਾਂ ਤੋਂ ਬਿਨਾਂ ਪਾਠ ਦੀ ਪੜ੍ਹਤ ਨਹੀਂ ਹੋ ਸਕਦੀ। ਇਸ ਲਈ ਤੁਲਾਤਮਕ ਅਧਿਐਨ ਦਾ ਉਦੇਸ਼ ਵਿਭਿੰਨ ਭਾਸ਼ਾਵਾਂ ਦੇ ਸਾਹਿਤਕ ਪਾਠਾਂ ਦੇ ਅਧਿਐਨ ਰਾਹੀਂ ਉਨ੍ਹਾਂ ਵਿਚ ਅਨੁਰੂਪਤਾ, ਵਿਰੋਧ, ਸਰੋਤ ਜਾਂ ਪ੍ਰਭਾਵਾਂ ਦੀ ਪਰਖ ਕਰਨਾ ਹੁੰਦਾ ਹੈ। ਇਸੇ ਸਕੂਲ ਦੇ ਇਕ ਹੋਰ ਚਿੰਤਕ ਹੇਮਾਕ ਨੇ ਤੁਲਾਤਮਕ ਅਧਿਐਨ ਲਈ ਸੰਸ਼ਲੇਣਾਤਮਕ ਮਾਨਸਿਕ ਦ੍ਰਿਸ਼ਟੀ ਉਪਰ ਜ਼ੋਰ ਦਿੱਤਾ। ਇਸ ਪ੍ਰਕਾਰ ਇਹ ਅਧਿਐਨ ਵਿਧੀ ਭੂਗੋਲਿਕ ਅਤੇ ਨਸਲੀ ਵਖਰੇਵਿਆਂ ਦੇ ਨਿਖੇੜੇ ਰਾਹੀਂ ਸਾਹਿਤ ਦੀ ਪੜ੍ਹਤ ਕਰਨ ਦੇ ਯੋਗ ਹੁੰਦੀ ਹੈ।

ਅਮਰੀਕੀ ਸਕੂਲ ਦੇ ਚਿੰਤਕਾਂ ਦੀ ਸਾਂਝੀ ਰਾਏ ਇਹ ਬਣਦੀ ਹੈ ਕਿ ਆਲੋਚਨਾ ਅਤੇ ਸਮਕਾਲੀਨ ਸਾਹਿਤ ਨੂੰ ਅਣਗੌਲਿਆ ਕਰਕੇ ਸਾਹਿਤ ਅਧਿਐਨ ਨੂੰ ਸਾਹਿਤ ਇਤਿਹਾਸ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਰੈਨੇ ਵੈਲੇਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਾਹਿਤ ਆਲੋਚਨਾ ਅਤੇ ਸਾਹਿਤ ਇਤਿਹਾਸ ਵੱਖੋ—ਵੱਖਰੇ ਨਹੀਂ ਹਨ। ਸਾਹਿਤਕ ਕਿਰਤ ਇਤਿਹਾਸਕ ਵੇਰਵਿਆਂ ਤੋਂ  ਮੁਕਤ ਨਹੀਂ ਹੁੰਦੀ। ਤੁਲਨਾਤਮਕ ਅਧਿਐਨ ਦਾ ਮੰਤਵ ਰਾਸ਼ਟਰੀ ਸੰਕੀਰਣਤਾ ਅਤੇ ਪ੍ਰਾਂਤਵਾਦ ਦਾ ਗੈਰ ਰਸਮੀ ਵੰਡਾਂ ਨੂੰ ਰੱਦ ਕਰਨਾ ਵੀ ਹੁੰਦਾ ਹੈ ਅਤੇ ਰਾਸ਼ਟਰਾਂ ਦੀਆਂ ਸਾਹਿਤਕ ਪਰੰਪਰਾਵਾਂ ਦੀ ਹੋਂਦ ਅਤੇ ਸੰਜੀਵਤਾ ਨੂੰ ਪ੍ਰਦਾਨ ਕਰਨਾ ਵੀ ਹੁੰਦਾ ਹੈ। ਇਸ ਪ੍ਰਕਾਰ ਤੁਲਨਾਤਮਕ ਅਧਿਐਨ ਰਾਹੀਂ ਸਾਹਿਤ ਇਤਿਹਾਸ ਅਤੇ ਸਾਹਿਤ ਆਲੋਚਨਾ ਦੀ ਸਮਾਨਤਾ ਨੂੰ ਪਰਸਪਰ ਰੱਖਦੇ ਹੋਏ ਅੰਤਰਰਾਸ਼ਟਰੀ ਸੰਦਰਭ ਨੂੰ ਉਸਾਰਨਾ ਚਾਹੀਦਾ ਹੈ।

ਤੁਲਨਾਤਮਕ ਅਧਿਐਨ ਦਾ ਤੀਜਾ ਰੂਸੀ ਸਕੂਲ ਹੈ। ਇਹ ਸਕੂਲ ਸਾਹਿਤ ਵਰਤਾਰੇ ਨੂੰ ਵਿਭਿੰਨ ਦੇਸ਼ਾਂ ਦੇ ਲੋਕਾਂ ਦੇ ਸਮਾਜਕ ਜੀਵਨ ਦੇ ਇਤਿਹਾਸਕ ਵਿਕਾਸ ਉੱਪਰ ਅਧਾਰਤ ਤੁਲਨਾਤਮਕ ਅਧਿਐਨ ਨੂੰ ਪੇਸ਼ ਕਰਦਾ ਹੈ। ਇਸ ਸਕੂਲ ਦਾ ਮੋਢੀ ਚਿੰਤਕ ਜਿਰਮੁੰਸਕੀ ਹੈ। ਉਸ ਦੀ ਧਾਰਨਾ ਹੈ ਕਿ ਕਲਾ ਅਤੇ ਸਾਹਿਤ ਦਾ ਵਿਕਾਸ ਪੂਰਵ ਨਿਰਧਾਰਤ ਨਿਯਮਾਂ ਮੁਤਾਬਕ ਹੁੰਦਾ ਹੈ। ਇਹ ਵਿਕਾਸ ਸਮਾਜ ਅਤੇ ਇਤਿਹਾਸਕ ਦੀ ਬਦਲਵੀਂ ਪ੍ਰਕਿਰਿਆ ਨਾਲ ਸੰਬੰਧਤ ਹੁੰਦਾ ਹੈ। ਇਸ ਪ੍ਰਕਾਰ ਸਾਹਿਤ ਦੀ ਆਧਾਰ ਬਣਤਰ ਸਮਾਜ ਹੁੰਦਾ ਹੈ ਤੇ ਸਾਹਿਤ ਨੂੰ ਇਸ ਬਣਤਰ ਦੇ ਇਤਿਹਾਸਕ ਵਿਕਾਸ ਵਜੋਂ ਗ੍ਰਹਿਣ ਕਰਨਾ ਉਚਿਤ ਹੁੰਦਾ ਹੈ।

ਰੂਸੀ ਸਕੂਲ ਦੇ ਚਿੰਤਕ ਮੂਲ ਰੂਪ ਵਿਚ ਸਭਿਆਚਾਰਕ ਯਥਾਰਥਵਾਦੀ ਅਤੇ ਸਮਾਜ-ਸ਼ਾਸਤਰੀ ਦ੍ਰਿਸ਼ਟੀ ਤੋਂ ਆਪਣੀਆਂ ਧਾਰਨਾਵਾਂ ਪੇਸ਼ ਕਰਦੇ ਹਨ। ਇਸ ਪ੍ਰਕਾਰ "ਉਹ ਸਾਹਿਤ ਦੇ ਅੰਤਰ-ਸੰਬੰਧਾ ਦੇ ਅਧਿਐਨ ਲਈ ਸੰਬੰਧਤ ਦੇਸ਼ਾਂ ਦੇ ਰਾਜਨੀਤਕ ਸੰਬੰਧ ਸਭਿਆਚਾਰਕ ਪੱਧਰ, ਵਿਸ਼ਵ ਦ੍ਰਿਸ਼ਟੀ, ਜੀਵਨ ਢੰਗ, ਵਿਸ਼ਵਾਸ, ਵੱਖ-ਵੱਖ ਲੋਕਾਂ ਦੇ ਸੁਹਜ ਸਵਾਦ ਆਦਿ ਬਾਰੇ ਗਿਆਨ ਹੋਣਾ ਲਾਜ਼ਮੀ ਮੰਨਦੇ ਹਨ। ਵੱਖੋ-ਵੱਖਰੇ ਦੇਸ਼ਾਂ ਦੇ ਜਮਾਤੀ-ਸੰਬੰਧਾਂ ਦੀ ਬਣਤਰ, ਰਾਜਨੀਤਕ ਤੇ ਵਿਚਾਰਧਾਰਕ ਸੰਘਰਸ਼ ਦੀ ਜਾਣਕਾਰੀ ਹੋਣ ਦੀ ਸਥਿਤੀ ਵਿਚ ਵਿਭਿੰਨ ਸਾਹਿਤ ਦੇ ਆਪਸੀ ਸੰਬੰਧਾਂ ਦਾ ਵਾਸਤਵਿਕ ਸਰੂਪ ਪਛਾਨਣਾ ਅਸੰਭਵ ਹੋ ਜਾਂਦਾ ਹੈ।"[138] ਤੁਲਨਾਤਮਕ ਅਧਿਐਨ ਦੇ ਇਸ ਸਕੂਲ ਇਹ ਨਵੀਨ ਧਾਰਨਾ ਪ੍ਰਾਪਤ ਹੁੰਦੀ ਹੈ।

**ਤੁਲਨਾਤਮਕ ਅਧਿਐਨ ਵਿਧੀਆਂ:**

ਵਿਸ਼ਵ ਵਿਚ ਤੁਲਨਾਤਮਕ ਅਧਿਐਨ ਦੀ ਕੋਈ ਸਪਸ਼ਟ ਵਿਧੀ ਪ੍ਰਾਪਤ ਨਹੀਂ ਹੁੰਦੀ। ਵਿਸ਼ਵ ਪੱਧਰ ਉੱਪਰ ਜਿਹੜੇ ਤਿੰਨ ਸਕੂਲ ਪ੍ਰਾਪਤ ਹੁੰਦੇ ਹਨ, ਉਨ੍ਹਾਂ ਨੇ ਇਸ ਅਧਿਐਨ ਸੰਬੰਧੀ ਕੁਝ ਨੁਕਤੇ ਦਰਸਾਏ ਹਨ, ਜਿਨ੍ਹਾਂ ਵਿਚੋਂ ਵਿਧੀ ਦਾ ਸਰੂਪ ਤਿਆਰ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਤਿੰਨੇ ਸਕੂਲਾਂ ਦੇ ਅਧਿਐਨ ਦੇ ਪ੍ਰਸੰਗ ਵਿਚ ਇੰਦਰਨਾਥ ਚੌਧਰੀ ਦਾ ਕਥਨ ਵੇਖਣ ਯੋਗ ਹੈ:

> "ਤੁਲਨਾਤਮਕ ਸਾਹਿਤ ਦੇ ਫਰੈਂਚ ਜਰਮਨ, ਅਮਰੀਕਨ ਅਤੇ ਰੂਸੀ ਸਕੂਲ ਦੀਆਂ ਤਿੰਨ ਦ੍ਰਿਸ਼ਟੀਆਂ (ਅੰਤਰ ਰਾਸ਼ਟਰੀ ਪਰਿਪੇਖ ਵਿਚ ਸਾਹਿਤਕ ਵਿਕਾਸ ਦੀ ਦ੍ਰਿਸ਼ਟੀ, ਕਾਵਿ ਸ਼ਾਸਤਰੀ, ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਅਤੇ ਸਮਾਜ ਸ਼ਾਸਤਰੀ ਤੇ ਸੰਸਕ੍ਰਿਤਕਧਾਰਕ ਯਥਾਰਥਵਾਦੀ ਦ੍ਰਿਸ਼ਟੀ) ਦੇ ਆਧਾਰ ਤੇ ਦੋ ਮੂਲ ਭੂਤ ਨੇਮਾਂ ਵੱਲ ਸੰਕੇਤ ਕੀਤਾ ਹੈ:
>
> 1. ਸਾਹਿਤ ਇਤਿਹਾਸ ਦਾ ਅੰਤਰ ਰਾਸ਼ਟਰੀ ਪਰਿਪੇਖ
> 2. ਤੁਲਨਾਤਮਕ ਆਲੋਚਨਾ।"[139]

ਇਸ ਕਥਨ ਵਿਚ ਇਹ ਦਰਸਾਇਆ ਗਿਆ ਹੈ ਕਿ ਵਿਸ਼ਵ ਦੇ ਤਿੰਨੇ ਸਕੂਲਾਂ ਦੀਆਂ ਦ੍ਰਿਸ਼ਟੀਆਂ ਦੇ ਆਧਾਰ ਉੱਪਰ ਸਾਹਿਤ ਇਤਿਹਾਸ ਦਾ ਅੰਤਰ ਰਾਸ਼ਟਰੀ ਪਰਿਪੇਖ ਅਤੇ ਤੁਲਨਾਤਮਕ ਅਧਿਐਨ ਦੋ ਅਧਾਰਾਂ ਅਨੁਸਾਰ ਤੁਲਨਾਤਮਕ ਅਧਿਐਨ ਵਿਧੀ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਮੂਲ ਰੂਪ ਵਿਚ, ਇਸ ਵਿਧੀ ਦਾ ਆਧਾਰ ਬਿੰਦੂ ਤੁਲਨਾ ਹੈ। ਇਸ ਲਈ ਅਧਿਐਨ ਕਰਨ ਦਾ ਉਦੇਸ਼, ਦ੍ਰਿਸ਼ਟੀ ਅਤੇ ਕਾਰਜ ਪੱਧਤੀ ਦਾ ਤੁਲਨਾਤਮਕ ਸਰੂਪ ਨਿਰਧਾਰਤ ਕਰਨਾ ਲੋੜੀਂਦਾ ਹੈ। ਵਿਭਿੰਨ ਅਨੁਸ਼ਾਸਨਾਂ ਅਤੇ ਸਾਹਿਤ ਅਧਿਐਨ ਦੀ ਤੁਲਨਾਤਮਕ ਅਧਿਐਨ ਦੀ ਵਿਧੀ ਵਿਚ ਕੋਈ ਫਰਕ ਨਹੀਂ ਹੁੰਦਾ। ਨਿਰਮੁੰਸਕੀ ਸਮਾਨਯ ਸਾਹਿਤ ਅਤੇ ਤੁਲਨਾਤਮਕ ਸਾਹਿਤ ਦੇ ਅਧਿਐਨ ਨੂੰ ਕਾਰਜਪੱਧਤੀ ਵਿਚ ਸਮਾਨਤਾ ਤੇ ਏਕਤਾ ਹੋਣ ਦੀ ਗੱਲ ਕਰਦਾ ਹੈ। ਇਸੇ ਤਰ੍ਹਾਂ ਰੈਨੈ ਵੈਲੇਕ ਤੁਲਨਾਤਮਕ ਅਧਿਐਨ ਦੀ ਵਿਧੀ ਦੀ ਵਿਆਪਕਤਾ ਨੂੰ ਸਵੀਕਾਰ ਕਰਦਾ ਹੈ। ਇਸ ਵਿਧੀ ਦਾ ਮੰਤਵ ਵਸਤੂ ਸਮੱਗਰੀ ਦੀ ਤੁਲਨਾ ਰਾਹੀਂ ਸਾਹਿਤ ਦੇ ਸੁਹਜ ਮੁੱਲਾਂ ਦੇ ਵਿਆਪਕ ਨਿਯਮਾਂ ਰਚਨਾ ਦੇ ਅੰਤਰਰਾਸ਼ਟਰੀ ਪਰਿਪੇਖ ਨੂੰ ਦਰਸਾਉਂਦਾ ਹੁੰਦਾ ਹੈ। ਇਸ ਪ੍ਰਕਾਰ ਇਸ ਅਧਿਐਨ ਦੀਆਂ ਦਿਸ਼ਾਵਾਂ ਵੀ ਕਾਰਜ ਪੱਧਤੀ ਨੂੰ ਸੇਧ ਪ੍ਰਦਾਨ ਕਰਨ ਹਿੱਤ ਸਹੀ ਰੋਲ ਅਦਾ ਕਰਦੀਆਂ ਹਨ। ਇਸ ਵਿਧੀ ਦਾ ਆਧਾਰ ਬਿੰਦੂ ਤੁਲਨਾਤਮਕ ਹੋਣਾ ਲਾਜ਼ਮੀ ਹੈ। ਤੁਲਨਾਤਮਕ ਅਧਿਐਨ ਦੀਆਂ ਨਿਮਨਲਿਖਤ ਵਿਧੀਆਂ ਬਣਦੀਆਂ ਹਨ:

### 1. ਸਾਕ੍ਰਿਸ਼ਤਾ

ਇਸ ਵਿਧੀ ਰਾਹੀਂ ਸਾਹਿਤ ਵਿਚ ਇਕਰੂਪਤਾ ਤੇ ਸਮਰੂਪਤਾ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਵਿਧੀ ਵਿਚ ਸਮਾਨਤਾ ਤੇ ਵਿਭਿੰਨਤਾ ਦੀ ਪਹਿਚਾਣ ਹਿਤ ਸੰਸਲੇਸ਼ਣਾਤਮਕ ਦ੍ਰਿਸ਼ਟੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦ੍ਰਿਸ਼ਟੀ ਨਾਲ ਇਕੋ ਸਮਾਜਕ ਤੇ ਇਤਿਹਾਸਕ ਪਿਛੋਕੜ ਵਾਲੇ ਵਿਭਿੰਨ ਰਚਨਾਕਾਰਾਂ ਜਾਂ ਰਚਨਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਰਚਨਾਵਾਂ ਦੀ ਛਾਣ-ਬੀਣ ਸਮਾਜਕ ਬਣਤਰ ਦੀ ਸਦ੍ਰਿਸ਼ਤਾ ਦੇ ਅਧਾਰ ਉੱਪਰ ਕੀਤੀ ਜਾਂਦੀ ਹੈ। ਅਜਿਹੇ ਅਧਿਐਨ ਰਾਹੀਂ ਸਮਾਜਕ ਵਿਵਸਥਾ ਦੇ ਨਿਯਮਾਂ ਅਤੇ ਰਚਨਾ ਦੇ ਜਾਤੀਗਤ ਪਸਾਰਾਂ ਜਾਂ ਇਤਿਹਾਸਕ ਸਰੂਪਾਂ ਦਾ ਅਧਿਐਨ ਹੁੰਦਾ ਹੈ। ਇਹ ਵਿਧੀ ਅੰਤਰਰਾਸ਼ਟਰੀ  ਪੱਧਰ ਦੇ ਪਸਾਰਾਂ ਨੂੰ ਵੀ ਆਪਣੇ ਕਲੇਵੇ ਵਿਚ ਲੈ ਲੈਂਦੀ ਹੈ।

### 2. ਪਰੰਪਰਾ

ਹਰ ਸਾਹਿਤਕਾਰ ਜਾਂ ਸਾਹਿਤਕ ਕਿਰਤ ਦੇ ਪਿਛੋਕੜ ਵਿਚ ਪਰੰਪਰਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪਰੰਪਰਾ ਦਾਰਸ਼ਨਿਕ ਸੰਦਰਭ ਤੋਂ ਅਧਾਰਭੂਮੀ ਵਜੋਂ ਆਪਣੀ ਭੂਮਿਕਾ ਨਿਭਾਉਂਦੀ ਹੈ। ਰਚਨਾਕਾਰ ਦਾ ਦਾਰਸ਼ਨਿਕ ਅਨੁਭਵ ਆਪ ਗ੍ਰਹਿਣ ਕੀਤਾ ਹੁੰਦਾ ਹੈ। ਇਹ ਅਨੁਭਵ ਪਰੰਪਰਾਗਤ ਵਰਤਾਰਿਆਂ ਵਿਚ ਨਵੀਨਤਾ ਦੇ ਭਾਵ ਸਿਰਜਣ ਨਾਲ ਸੰਬੰਧ ਰੱਖਦਾ ਹੁੰਦਾ ਹੈ। ਇਹ ਨਵੀਨਤਾ ਦਾ ਭਾਵ ਵਿਸ਼ਵ ਵਿਆਪੀ ਅਤੇ ਇਤਿਹਾਸਕ ਮਹੱਤਵ ਵਾਲਾ ਹੁੰਦਾ ਹੈ। ਇਹ ਕਿਸੇ ਰਾਸ਼ਟਰ ਦੀਆਂ ਪਰੰਪਰਾ ਦਾ ਤੁਲਨਾਵੀ ਸਰੂਪ ਪ੍ਰਸਤੁਤ ਕਰਦਾ ਹੈ। ਇਹ ਪਰੰਪਰਾ ਦੇ ਇਹੋ-ਜਿਹੇ ਮਹੱਤਵ ਬਾਰੇ ਪਰਸਾਰ ਦੀ ਧਾਰਨਾ ਇਹ ਸੀ ਕਿ ਪਰੰਪਰਾ ਇਤਿਹਾਸਕ ਸਮੇਂ ਜਾਂ ਦ੍ਰਿਸ਼ਟੀ ਰਾਹੀਂ ਪੇਸ਼ ਹੁੰਦੇ ਸਾਹਿਤਕ ਵਿਧਾਵਾਂ ਦੇ ਵੱਖੋ-ਵੱਖਰੇ ਸੰਦਰਭਾਂ ਦਾ ਅਧਿਐਨ ਕਰਨ ਨਾਲ ਜੁੜੀ ਹੁੰਦੀ ਹੈ। ਉਦਾਹਰਨ ਵਜੋਂ ਦੇਖਣਾ ਹੋਵੇ ਤਾਂ ਭਗਤ ਰਵਿਦਾਸ, ਭਗਤ ਕਬੀਰ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਪਰੰਪਰਾ ਦੇ ਸੰਦਰਭ ਵਿਚ ਰੱਖਦੇ ਹੋਏ ਇਤਿਹਾਸਕ ਦ੍ਰਿਸ਼ਟੀ ਅਤੇ ਕਾਲ ਅਨੁਸਾਰ ਦਾਰਸ਼ਨਿਕਤਾ ਦੀ ਵਿਸ਼ਵ ਵਿਆਪੀ ਚੇਤਨਾ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ।

### ਪ੍ਰਭਾਵ

ਤੁਲਨਾਤਮਕ ਅਧਿਐਨ ਵਿਚ ਪ੍ਰਭਾਵ ਵੀ ਇਕ ਪ੍ਰਮੁੱਖ ਅੰਗ ਹੈ। ਇਸ ਅਧਿਐਨ ਵਿਧੀ ਵਿਚ ਜੇ ਇਕ ਪਾਸੇ ਕਿਰਤ ਦੇ ਮਾਡਲ ਜਾਂ ਸੋਮਿਆਂ ਦੀ ਪਰਖ ਕੀਤੀ ਜਾਂਦੀ ਹੈ ਤਾਂ ਦੂਜੇ ਪਾਸੇ ਲੇਖਕ ਵਲੋਂ ਸਰੋਤ ਜਾਂ ਮਾਡਲ ਦੀ ਵਰਤੋਂ ਬਾਰੇ ਵੀ ਧਿਆਨ ਦਿੱਤਾ ਜਾਂਦਾ ਹੈ, ਜਿਸ ਨਾਲ ਕਿਰਤ ਦੀ ਮੌਲਕਤਾ ਦੇ ਪ੍ਰਭਾਵ ਦੀ ਸੋਝੀ ਹੁੰਦੀ ਹੈ। ਤੁਲਨਾਤਮਕ ਅਧਿਐਨ ਦੇ ਪ੍ਰਮੁੱਖ ਵਿਦਵਾਨ ਇੰਦਰਨਾਥ ਚੌਧਰੀ ਨੇ ਕਿਰਤ ਦੇ ਪ੍ਰਭਾਵ ਨੂੰ ਪਰੰਪਰਾ ਅਤੇ ਇਤਿਹਾਸਕ ਸੰਦਰਭ ਨਾਲ ਅੰਤਰ ਸੰਬੰਧਤ ਕਰਕੇ ਇਸ ਦੇ ਸਰੂਪ ਨੂੰ ਪ੍ਰਸਤੁਤ ਕੀਤਾ। ਉਸ ਦੀ ਧਾਰਨਾ ਹੈ:

> "ਪ੍ਰਭਾਵ ਸੂਤਰਾਂ ਦਾ ਅਧਿਐਨ ਤੁਲਨਾਤਮਕ ਆਲੋਚਨਾ ਦੇ ਖੇਤਰ ਵਿਚ ਉਦੋਂ ਤੱਕ ਚਲਦਾ ਰਹੇਗਾ, ਜਦੋਂ ਤੱਕ ਇਹ ਧਾਰਨਾ ਬਣੀ ਰਹੇਗੀ ਕਿ ਆਲੋਚਨਾਤਮਕ ਕਾਰਜ ਲਈ ਇਤਿਹਾਸਕ ਚੇਤਨਾ ਲਾਜ਼ਮੀ ਹੈ, ਕਿਉਂਕਿ ਵਰਤਮਾਨ ਨੂੰ ਅਤੀਤ ਨਾਲ ਜੁੜੀਆ ਹੋਈਆਂ ਪ੍ਰਕਿਰਿਆਵਾਂ ਦੇ ਉਤਪਾਦ ਦੇ ਰੂਪ ਵਿਚ ਦੇਖਣ ਨਾਲ ਠੀਕ ਤਰ੍ਹਾਂ ਸਮਝਿਆ ਜਾਂਦਾ ਹੈ।"[140]

ਇਸ ਧਾਰਨਾ ਵਿਚ ਇਹ ਗੱਲ ਉੱਪਰ ਜ਼ੋਰ ਦਿੱਤਾ ਗਿਆ ਹੈ ਕਿ ਪ੍ਰਭਾਵ ਤੁਲਨਾਤਮਕ ਅਧਿਐਨ ਵਿਚ ਉਦੋਂ ਤੱਕ ਮਹੱਤਵਪੂਰਨ ਹੈ, ਜਦੋਂ ਤੱਕ ਇਤਿਹਾਸਕ ਚੇਤਨਾ ਦੀ ਵਰਤਮਾਨ ਨਾਲ ਤੁਲਨਾ ਕਰਕੇ ਸਿਰਜਣਕਾਰੀ ਦੇ ਸਰੂਪ ਨੂੰ ਦੇਖਿਆ ਜਾਂਦਾ ਰਹੇਗਾ। ਇਸ ਦਾ ਕਾਰਨ ਇਹ ਵੀ ਹੈ ਕਿ ਲੇਖਕ ਦਾ ਆਪਣਾ ਸਾਹਿਤਕ ਤਜ਼ਰਬਾ ਅਤੇ ਨਿੱਜੀ ਦ੍ਰਿਸ਼ਟੀ ਸਦਕਾ ਪ੍ਰਭਾਵ ਵੱਖੋ-ਵੱਖਰੇ ਹੁੰਦੇ ਹਨ। ਅਕਸਰ ਹੀ ਪ੍ਰਭਾਵ ਸੰਚਾਰ ਦੀਆਂ ਜ਼ਰੂਰਤਾਂ ਦੀ ਪੈਦਾਵਾਰ ਹੁੰਦੇ ਹਨ। ਉਦਾਹਰਨ ਵਜੋਂ ਭਗਤ ਰਵਿਦਾਸ ਜੀ ਦੀ ਬਾਣੀ ਦਾ ਜੇਕਰ ਅਰਬੀ-ਫਾਰਸੀ ਦੀ ਵਰਤੋਂ ਦੇ ਪ੍ਰਸੰਗ ਵਿਚ ਭਗਤ ਕਬੀਰ ਜੀ ਦੀ ਬਾਣੀ ਦੀ ਤੁਲਨਾ ਕੀਤੀ ਜਾਵੇ ਤਾਂ ਇਸਲਾਮਕ ਸਭਿਆਚਾਰ ਦੇ ਪ੍ਰਭਾਵ ਕਰਕੇ ਭਗਤ ਕਬੀਰ ਜੀ ਦੀ ਬਾਣੀ ਵਿਚ ਅਰਬੀ-ਫਾਰਸੀ ਦਾ ਸ਼ਬਦਾਵਲੀ ਦੇ ਸਰੂਪ ਨੂੰ ਵੇਖਿਆ ਜਾ ਸਕਦਾ ਹੈ। ਭਗਤ ਕਬੀਰ ਨੇ ਆਪਣੇ ਇਸਲਾਮਕ ਪਿਛੋਕੜ ਕਰਕੇ ਅਰਬੀ-ਫਾਰਸੀ ਦੀ ਸ਼ਬਦਾਵਲੀ ਦੀ ਵਰਤੋਂ ਵਧੇਰੇ ਕੀਤੀ ਹੈ।

**ਸਵੀਕ੍ਰਿਤੀ ਅਤੇ ਸੰਚਾਰ**: ਤੁਲਾਤਮਕ ਅਧਿਐਨ ਵਿਧੀ ਵਿਚ ਸਵੀਕ੍ਰਿਤੀ ਦਾ ਸਰੂਪ ਵੀ ਵਿਸ਼ੇਸ਼ ਹੈ। ਵਿਭਿੰਨ ਰਚਨਾਵਾਂ ਦੇ ਆਪਸੀ ਸੰਬੰਧਾਂ ਅਨੁਸਾਰ ਉਨ੍ਹਾਂ ਦੀਆਂ ਪਰਸਥਿਤੀਆਂ ਲੇਖਕ, ਪਾਠਕ, ਆਲੋਚਕ ਆਦਿ ਅਧਿਐਨ ਦਾ ਵਿਸ਼ਾ ਬਣਦਾ ਹੈ। ਸਵੀਕ੍ਰਿਤੀ ਅਧਿਐਨ ਵਿਧੀ ਲਈ ਪ੍ਰਮੁੱਖਤਾ ਸਾਹਿਤ ਦੇ ਮਨੋਵਿਗਿਆਨਕ ਅਤੇ ਸਮਾਜ ਸ਼ਾਸਤਰੀ ਨੁਕਤਿਆਂ ਨੂੰ ਸਮਝਣ ਲਈ ਸਹਾਈ ਹੁੰਦਾ ਹੈ। ਸਵੀਕ੍ਰਿਤੀ ਦੇ ਸਮਾਨਾਂਤਰ ਸੰਚਾਰ ਵੀ ਅਧਿਐਨ ਵਿਧੀ ਵਿਚ ਮਹੱਤਵਸ਼ੀਲ ਹੁੰਦਾ ਹੈ। ਸੰਚਾਰ ਵਿਚ 'ਮਧਿਅਸਥ' ਦਾ ਸਰੂਪ ਬਹੁਪਰਤੀ ਹੁੰਦਾ ਹੈ। ਸੰਚਾਰ ਆਮ ਤੌਰ 'ਤੇ ਪ੍ਰਕਾਸ਼ਨ ਅਦਾਰੇ, ਸੰਸਥਾਵਾਂ ਜਾਂ ਆਮ ਸੰਚਾਰ ਪ੍ਰਕਿਰਿਆ ਦਾ ਮਹੱਤਵਪੂਰਨ ਮਧਅਸਥ ਹੁੰਦਾ ਹੈ। ਉਦਾਹਰਨ ਵਜੋਂ ਭਗਤ ਰਵਿਦਾਸ ਬਾਣੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਸਵੀਕ੍ਰਿਤੀ ਅਤੇ ਸੰਚਾਰ ਨਾਲ ਰਲਦੀ-ਮਿਲਦੀ ਹੈ। ਇਸ ਵਿਧੀ ਨਾਲ ਅਧਿਐਨ ਕਰਦਿਆਂ ਰੌਚਕਤਾ ਭਰਪੂਰ ਨਤੀਜੇ ਸਾਹਮਣੇ ਆਉਂਦੇ ਹਨ।

**ਸੁਭਾਗ**: ਤੁਲਨਾਤਮਕ ਅਧਿਐਨ ਵਿਚ ਸੁਭਾਗ ਦੀ ਵਿਧੀ ਸਵੀਕ੍ਰਿਤੀ ਅਤੇ ਸੰਚਾਰ ਨਾਲ ਰਲਦੀ-ਮਿਲਦੀ ਹੈ। ਲੇਖਕ ਦੀ ਹਰਮਨ ਪਿਆਰਤਾ ਸੁਭਾਗ ਅਧਿਐਨ ਦਾ ਕਾਰਨ ਹੁੰਦੀ ਹੈ। ਉਦਾਹਰਨ ਵਜੋਂ ਭਗਤ ਬਾਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣਾ ਉਨ੍ਹਾਂ ਦੀ ਬਾਮੀ ਦਾ ਸੁਭਾਗ ਹੀ ਹੈ। ਇਥੇ ਸੁਭਾਗ ਭਗਤ

ਬਾਣੀ ਦਾ ਇਹ ਬਣਦਾ ਹੈ ਕਿ ਜਿਥੇ ਗੁਰੂ ਸਾਹਿਬਾਨ ਬਾਣੀ ਦਾ ਵਿਸ਼ਵ ਪੱਧਰ ਤੇ ਅਧਿਐਨ ਹੁੰਦਾ ਹੈ, ਉਥੇ ਭਗਤ ਬਾਣੀ ਦਾ ਵੀ ਵਿਸ਼ਵ-ਵਿਆਪੀ ਨੋਟਿਸ ਲਿਆ ਜਾਂਦਾ ਹੈ।

ਉਪਰੋਕਤ ਵਿਚਾਰ-ਵਿਮਰਥ ਮਗਰੋਂ ਅਸੀਂ ਇਸ ਨਿਸ਼ਕਰਸ਼ ਉੱਪਰ ਪਹੁੰਚੇ ਹਾਂ ਕਿ ਤੁਲਨਾਤਮਕ ਅਧਿਐਨ ਲਈ ਸਦ੍ਰਿਸ਼ਤਾ, ਪਰੰਪਰਾ, ਪ੍ਰਭਾਵ, ਸਵੀਕ੍ਰਿਤੀ ਤੇ ਸੰਚਾਰ ਸਮੇਤ ਸੁਭਾਗ ਪ੍ਰਮੁੱਖ ਵਿਧੀਆਂ ਹਨ। ਇਨ੍ਹਾਂ ਦੇ ਨਾਲ ਹੀ ਸਾਹਿਤ ਅਧਿਐਨ ਕੁਝ ਸਹਾਇਕ ਵਿਧੀਆਂ ਵੀ ਪ੍ਰਾਪਤ ਹੁੰਦੀਆਂ ਹਨ, ਜਿਹੜੀਆਂ ਤੁਲਨਾਤਮਕ ਅਧਿਐਨ ਲਈ ਮੱਦਦਗਾਰ ਸਾਬਤ ਹੁੰਦੀਆਂ ਹਨ। ਇਨ੍ਹਾਂ ਦਾ ਵੇਰਵਾ ਨਿਮਨਲਿਖਤ ਹੈ:

**ਅੰਤਰ-ਅਨੁਸ਼ਾਸਨਤਾ**: ਕਿਸੇ ਲੇਖਕ ਦੀ ਰਚਨਾ ਉੱਪਰ ਜੇਕਰ ਕੋਈ ਇਕ ਅਧਿਐਨ ਵਿਧੀ ਲਾਗੂ ਕੀਤੀ ਜਾਵੇ ਤਾਂ ਰਚਨਾ ਦੇ ਸਰਵਪੱਖੀ ਨਤੀਜੇ ਸਾਹਮਣੇ ਨਹੀਂ ਆਉਂਦੇ, ਕਿਉਂ ਜੋ ਰਚਨਾਕਾਰ ਸਮਾਜ ਦੀਆਂ ਵਿਭਿੰਨ ਪਰਸਥਿਤੀਆਂ ਨਾਲ ਸੰਵਾਦ ਰਚਾ ਕੇ ਆਪਣੀ ਧਾਰਨਾ ਪ੍ਰਸਤੁਤ ਕਰਦਾ ਹੁੰਦਾ ਹੈ। ਇਸ ਲਈ ਮਨੋਵਿਗਿਆਨ, ਧਰਮ ਸ਼ਾਸਤਰ, ਦਰਸ਼ਨ ਸ਼ਾਸਤਰ, ਸਮਾਜ-ਸ਼ਾਸਤਰ, ਭਾਸ਼ਾ ਵਿਗਿਆਨ ਆਦਿ ਦੀਆਂ ਧਾਰਨਾਵਾਂ ਆਪਸ ਵਿਚ ਅੰਤਰ ਸੰਬੰਧਤ ਹੁੰਦੀਆਂ ਹਨ। ਉਦਾਹਰਨ ਵਜੋਂ ਭਗਤ ਬਾਣੀ ਦਾ ਸੰਬੰਧ ਉਪਰੋਕਤ ਸਾਰੇ ਵਰਤਾਰਿਆਂ ਨਾਲ ਹੈ। ਭਗਤ ਬਾਣੀ ਵਿਚ ਧਰਮ ਸ਼ਾਸਤਰ ਵੀ ਹੈ, ਦਰਸ਼ਨ ਸ਼ਾਸਤਰ ਵੀ ਹੈ, ਸਮਾਜ ਸ਼ਾਸ਼ਤਰ ਵੀ ਹੈ ਅਤੇ ਭਾਸ਼ਾ ਦੇ ਅਵਿਧਾ, ਲਕਸ਼ਣਾ ਤੇ ਵਿਅੰਜਨਾ ਵਾਲੇ ਸਰੂਪ ਵੀ ਹਨ। ਇਸ ਲਈ ਕਿਸੇ ਰਚਨਾ ਲਈ ਅੰਤਰ-ਅਨੁਧੀਨਤਾ ਵਿਧੀ ਨਾਲ ਤੁਲਨਾਤਮਕ ਅਧਿਐਨ ਕਰਨਾ ਉਚਿਤ ਹੁੰਦਾ ਹੈ।

**ਮਨੋਵਿਗਿਆਨਕ ਵਿਧੀ**: ਮਨੁੱਖੀ ਮਨ ਦੀਆਂ ਪਰਤਾਂ ਨੂੰ ਮਨੋਵਿਗਿਆਨ ਰਾਹੀਂ ਜਾਣਿਆ ਜਾਂਦਾ ਹੈ। ਮਨੁੱਖੀ ਮਨ ਦੇ ਰਹੱਸਾਤਮਕ ਭਾਵਾਂ ਨੂੰ ਜਿਵੇਂ ਕਿ ਰੱਬੀ ਹੋਂਦ, ਸੰਸਾਰਕ ਵਿਕਾਰਾਂ ਵਿਚ ਫਸਣ ਦਾ ਸਰੂਪ, ਗੁਰੂ ਦੁਆਰਾ ਮਨ ਨੂੰ ਵਿਕਾਰਾਂ ਤੋਂ ਮੁਕਤ ਕਰਵਾਉਣਾ ਆਦਿ ਮਨੋਵਿਗਿਆਨ ਅਨੁਸਾਰ ਜਾਣਿਆ ਜਾ ਸਕਦਾ ਹੈ। ਇਸ ਪ੍ਰਕਾਰ ਪਰਮਾਰਥ ਦਾ ਸਾਰਾ ਮੰਤਵ ਮਨ ਨਾਲ ਜੁੜਿਆ ਹੋਇ ਹੈ। ਮਨ ਦੇ ਅਧਿਐਨ ਨਾਲ ਹੀ ਤਮੋ, ਰਜੋ ਤੇ ਸਤ ਤਿੰਨੇ ਗੁਣਾਂ ਵਿਚ ਮਾਇਆ ਦੇ ਵਿਹਾਰ ਨੂੰ ਜਾਣਿਆ ਜਾ ਸਕਦਾ ਹੈ। ਗੁਰਬਾਣੀ ਵਿਚ ਅਨੇਕਾਂ ਥਾਵਾਂ ਉੱਪਰ ਮਨ ਦੇ ਸਰੂਪ ਨੂੰ ਪ੍ਰਗਟਾਇਆ ਮਿਲਦਾ ਹੈ। ਬਾਣੀ ਅਨੁਸਾਰ :

"ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ॥
ਮਨ ਹਰਿ ਜੀ ਤੇਰੇ ਨਾਲ ਹੈ ਗੁਰਮਤੀ ਰੰਗੁ ਮਾਣੁ॥"[141]

ਇਸ ਬਾਣੀ-ਬੰਦ ਵਿਚ ਮਨ ਨੂੰ ਪਛਾਣ ਕੇ ਹਰਿ ਨਾਲ ਸੰਜੋਗ ਦੀ ਸਥਿਤੀ ਦਾ ਭਾਵ ਹੁੰਦਾ ਹੈ। ਇਸ ਪ੍ਰਕਾਰ ਕਿਸੇ ਰਚਨਾ ਦਾ ਅਧਿਐਨ ਕਰਨ ਲਈ ਮਨੋਵਿਗਿਆਨਕ ਵਿਧੀ ਦੀ ਵਰਤੋਂ ਪ੍ਰਮੁੱਖ ਹੁੰਦੀ ਹੈ।

**ਸਮਾਜ ਸ਼ਾਸਤਰੀ ਵਿਧੀ:** ਤੁਲਨਾਤਮਕ ਅਧਿਐਨ ਲਈ ਸਮਾਜਕ ਸੰਦਰਭ ਨੂੰ ਵੀ ਮਹੱਤਵ ਦੇਣਾ ਜ਼ਰੂਰੀ ਹੁੰਦਾ ਹੈ। ਇਸ ਲਈ ਸਮਾਜ-ਸ਼ਾਸਤਰੀ ਅਧਿਐਨ ਵਿਧੀ ਦੀ ਵਰਤੋਂ ਕਰਨੀ ਲੋੜੀਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਸਾਹਿਤਕ ਕਿਰਤ ਕਿਸੇ ਵਿਸ਼ੇਸ਼ ਸਮਾਜ ਦੀਆਂ ਪਰਸਥਿਤੀਆਂ ਵਿਚੋਂ ਆਪਣਾ ਸਰੂਪ ਅਖਤਿਆਰ ਕਰਦੀ ਹੈ। ਉਦਾਹਰਨ ਵਜੋਂ ਮੱਧਕਾਲੀ ਭਾਰਤ ਵਿਚ ਜਿਸ ਪ੍ਰਕਾਰ ਦੀਆਂ ਬੁਰਾਈਆਂ ਜਿਵੇਂ ਜਾਤ-ਪਾਤ, ਛੂਆ-ਛਾਤ ਆਦਿ ਸਮਾਜ ਵਿਚ ਚਿੰਤਾ ਦਾ ਵਿਸ਼ਾ ਸਨ, ਉਸੇ ਪ੍ਰਕਾਰ ਇਹ ਭਗਤ ਬਾਣੀ ਵਿਚ ਇਕ ਪ੍ਰਮੁੱਖ ਵਿਸ਼ੇ ਦੇ ਤੌਰ 'ਤੇ ਵਿਚਾਰੀਆਂ ਗਈਆਂ। ਇਹੋ-ਜਿਹੀਆਂ ਬੁਰਾਈਆਂ ਦੇ ਖਾਤਮੇ ਲਈ ਗੁਰੂ ਸਾਹਿਬਾਨ ਨੇ ਸੰਗਤ ਤੇ ਪੰਗਤ ਦਾ ਸੰਕਲਪ ਦਿੱਤਾ। ਇਸ ਪ੍ਰਕਾਰ ਸਾਹਿਤਕਾਰ ਦਾ ਸਾਹਿਤਕ ਅਨੁਭਵ ਸਿੱਧੇ ਤੌਰ ਤੇ ਸਮਾਜ ਦੀ ਸਰੰਚਨਾ, ਆਰਥਿਕਤਾ ਰਾਜਨੀਕਤਾ ਤੇ ਸਭਿਆਚਾਰਕ ਸੰਸਥਾਵਾਂ ਨਾਲ ਅੰਤਰ-ਸੰਬੰਧਤ ਹੁੰਦਾ ਹੈ। ਮੱਧਕਾਲੀ ਭਗਤਾਂ ਦੇ ਪ੍ਰਸੰਗ ਵਿਚ ਡੀ.ਪੀ. ਮੁਖਰਜੀ ਦੀ ਧਾਰਨਾ ਦੇਖਣ ਯੋਗ ਹੈ:

> "ਇਨ੍ਹਾਂ ਭਗਤਾਂ/ਸੰਤਾਂ ਦਾ ਮੌਲਿਕ ਅਨੁਭਵ ਪਰੋਹਿਤਵਾਦ ਦਾ ਵਿਰੋਧੀ ਹੈ ਤੇ ਪ੍ਰੇਮ ਦਾ ਅਨੁਭਵੀ ਸਿਧਾਂਤ ਕਰਮਵਾਦ ਦਾ। ਭਗਤੀ ਨਾਲ ਦੇ ਸਾਹਿਤ ਨੇ ਇਕ ਬੰਦ ਸਮਾਜ ਦੇ ਰਹੱਸਵਾਦ ਵਿਚ ਬੜੀ ਕ੍ਰਾਂਤੀਕਾਰੀ ਭੂਮਿਕਾ ਨਿਭਾਈ ਹੈ।"[142]

ਇਸ ਧਾਰਨਾ ਵਿਚ ਇਹ ਦੱਸਿਆ ਮਿਲਦਾ ਹੈ ਕਿ ਭਗਤ ਬਾਣੀ ਦੀ ਰਚਨਕਾਰੀ ਵਿਚ ਸਮਾਜਕ ਪ੍ਰਸੰਗ ਵਿਸ਼ੇਸ਼ ਰੋਲ ਅਦਾ ਕਰਦੇ ਹਨ। ਭਗਤਾਂ ਨੇ ਮੱਧਕਾਲ ਦੇ ਸਮਾਜਕ, ਰਾਜਸੀ ਤੇ ਧਾਰਮਕ ਸੰਸਥਾਵਾਂ ਦੇ ਮਾਨਵੀ ਸਰੂਪ ਸੰਬੰਧੀ ਗੰਭੀਰ ਪ੍ਰਸ਼ਨ ਉਪਜਾਏ ਹਨ ਅਤੇ ਇਨ੍ਹਾਂ ਲਈ ਆਪਣੇ ਮੌਲਿਕ ਵਿਚਾਰ ਵਾਲੇ ਹੱਲ ਵੀ ਦਰਸਾਏ ਹਨ।

**ਭਾਸ਼ਾ ਵਿਗਿਆਨਕ ਵਿਧੀ:** ਤੁਲਨਾਤਮਕ ਅਧਿਐਨ ਲਈ ਭਾਸ਼ਾ ਵਿਗਿਆਨਕ ਵਿਧੀ ਦਾ ਪ੍ਰਮੁੱਖ ਹੈ। ਵਿਸ਼ਵ ਪੱਧਰ ਉੱਪਰ ਸੋਸਿਊਰ ਨੇ ਭਾਸ਼ਾਈ ਚਿੰਨ੍ਹ ਦੇ ਅਧਾਰ ਉੱਪਰ ਸਾਹਿਤ ਦੀ ਚਿੰਨ੍ਹ ਵਿਗਿਆਨਕ ਵਿਧੀ ਦਾ ਮਾਡਲ ਪੇਸ਼ ਕੀਤਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਹਿਤ ਤੇ ਭਾਸ਼ਾ ਦਾ ਸੰਬੰਧ ਅਨਿੱਖੜਵਾ ਹੁੰਦਾ ਹੈ। ਸਾਹਿਤ ਦਾ ਸੰਚਾਰ ਮਾਧਿਆਮ ਭਾਸ਼ਾ ਰਾਹੀਂ ਹੀ ਸੰਭਵ ਹੈ। ਸੋਸਿਊਰ ਤੋਂ ਮਗਰੋਂ ਚੋਮਸਕੀ ਆਦਿ ਹੋਰ ਭਾਸ਼ਾ ਵਿਗਿਆਨੀ ਆਪੋ-ਆਪਣੇ ਵਿਚਾਰਾਂ ਨਾਲ ਇਸ ਅਧਿਐਨ ਵਿਧੀ ਉੱਪਰ ਆਪਣੇ ਵਿਚਾਰ ਰੱਖਦੇ ਹਨ। ਡਾ. ਹਰਭਜਨ ਸਿੰਘ ਦੀ ਇਸ ਸੰਬੰਧ ਵਿਚ ਧਾਰਨਾ ਵੇਖਣਯੋਗ ਹੈ:

> "ਸਾਹਿਤ ਇਕ ਚਿਹਨ-ਰਚਨਾ (ਚਿੰਨ੍ਹ ਪ੍ਰਬੰਧ) ਹੈ। ਇਸ ਨੂੰ ਸਮਝਣ ਲਈ ਸੰਬੰਧਤ ਭਾਸ਼ਾ ਦਾ ਗਿਆਨ ਹੀ ਕਾਫੀ ਨਹੀਂ, ਬਲਕਿ ਕਾਵਿ-ਰਚਨਾ ਦੀਆਂ ਰੂੜ੍ਹੀਆਂ ਦਾ ਗਿਆਨ ਵੀ ਜ਼ਰੂਰੀ ਹੈ।"[143]

ਇਸ ਧਾਰਨਾ ਵਿਚ ਡਾ. ਹਰਭਜਨ ਸਿੰਘ ਇਹ ਸਮਝਾਉਂਦਾ ਹੈ ਕਿ ਕਿਸੇ ਰਚਨਾ ਦੇ ਅਧਿਐਨ ਲਈ ਰਚਨਾ ਦੀਆਂ ਰੂੜੀਆਂ ਦਾ ਗਿਆਨ ਹੋਣਾ ਚਾਹੀਦਾ ਹੈ। ਇਸ ਪ੍ਰਕਾਰ ਤੁਲਨਾਤਮਕ ਅਧਿਐਨ ਵਿਧੀ ਵਿਚ ਭਾਸ਼ਾ ਵਿਗਿਆਨਕ ਵਿਧੀਆਂ ਦਾ ਵੀ ਮਹੱਤਵ ਵਿਸ਼ੇਸ਼ ਹੁੰਦਾ ਹੈ।

**ਸ਼ੈਲੀ ਵਿਗਿਆਨਕ ਵਿਧੀ:** ਵਿਸ਼ਵ ਪੱਧਰ ਉੱਪਰ ਸੋਸਿਊਰ ਦੀਆਂ ਭਾਸ਼ਾ ਵਿਗਿਆਨਕ ਧਾਰਨਾਵਾਂ ਨੂੰ ਅਧਾਰ ਬਣਾ ਕੇ ਨੋਮ ਚੋਮਸਕੀ ਨੇ ਭਾਸ਼ਾਈ ਯੋਗਤਾ ਅਤੇ ਨਿਭਾਅ ਨੂੰ ਅਧਾਰ ਬਣਾ ਕੇ ਅਧਿਐਨ ਦੀ ਮੌਲਿਕ ਵਿਧੀ ਦਿੱਤੀ। ਚੌਮਸਕੀ ਦਾ ਸੰਕਲਪ "ਯੋਗਤਾ (comparative) ਭਾਸ਼ਾ ਬੋਲਣ ਵਾਲੇ ਦੀ ਸਮਾਨਯ ਯੋਗਤਾ ਹੈ ਅਤੇ ਨਿਭਾਅ (Perormance) ਉਸ ਦੀ ਵੱਖੋ-ਵੱਖਰੀਆਂ ਸਥਿਤੀਆਂ ਵਿਚ ਕੀਤੀ ਵਰਤੋਂ ਦੀ ਸਥਿਤੀ ਹੈ।"[144] ਇਸ ਪ੍ਰਕਾਰ ਸ਼ੈਲੀ ਵਿਗਿਆਨਕ ਵਿਧੀ ਸਾਹਿਤਕ ਪਾਠ ਵਿਚ ਰਚਨਾਕਾਰ ਦੀ ਭਾਸ਼ਾ ਅਨੁਸਾਰ ਯੋਗਤਾ ਤੇ ਨਿਭਾਅ ਦਾ ਸਰੂਪ ਪੇਸ਼ ਕਰਦੀ ਹੈ। ਇਹ ਤੁਲਨਾਤਮਕ ਅਧਿਐਨ ਵਿਚ ਇਸ ਕਰਕੇ ਮਹੱਤਵਪੂਰਨ ਹੁੰਦੀ ਹੈ ਕਿ ਲੇਖਕ ਦੀ ਯੋਗਤਾ ਅਤੇ ਇਸ ਅਨੁਸਾਰ ਵਿਸ਼ੇ ਨੂੰ ਕਿਰਤ ਵਿਚ ਪੇਸ਼ ਕਰਨ ਦਾ ਨਿਭਾਅ ਇਕ ਪ੍ਰਕਾਰ ਦਾ ਹੈ। ਉਦਾਹਰਨ ਵਜੋਂ ਆਪਣੇ ਤੱਤਕਾਲੀ ਸਮਾਜ ਦੇ ਸਰੂਪ ਨੂੰ ਭਗਤ ਰਵਿਦਾਸ ਅਤੇ ਭਗਤ ਕਬੀਰ ਦੀ ਬਾਣੀ ਵਿਚ ਵੱਖੋ-ਵੱਖਰੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਤੁਲਨਾਤਮਕ ਅਧਿਐਨ ਵਿਧੀ ਵਿਚ ਸ਼ੈਲੀ ਵਿਗਿਆਨਕ ਵਿਧੀ ਦੀ ਮਹੱਤਤਾ ਇਹ ਹੈ ਕਿ ਇਹ ਅਧਿਐਨ ਵਿਧੀ ਸਾਹਿਤ ਆਲੋਚਨਾ ਦੀ ਇਕ ਸਿਸਟਮੀ ਵਿਧੀ ਹੈ। ਮੂਲ ਰੂਪ ਵਿਚ "ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀਆਂ ਅੰਤਰ ਦ੍ਰਿਸ਼ਟੀਆਂ ਲੈ ਕੇ ਸਾਹਿਤ ਆਲੋਚਨਾ ਦੇ ਕੰਮ ਨੂੰ ਵਧੇਰੇ ਸੰਗਠਨਾਤਮਕ (ਸਿਸਟਮੀ) ਬਣਾ ਦਿੰਦਾ ਹੈ।"[145] ਇਸ ਪ੍ਰਕਾਰ ਸਾਹਿਤ ਵਿਚ ਸ਼ਬਦ ਦੀ ਚੋਣ ਅਤੇ ਉਸ ਦੀ ਅਰਥ ਸੰਚਾਰ ਵਜੋਂ ਸ਼ੈਲੀ ਤੁਲਨਾਤਮਕ ਅਧਿਐਨ ਦਾ ਅਧਾਰ ਬਣ ਜਾਂਦੀ ਹੈ। ਇਸ ਲਈ ਸਾਹਿਤਕ ਪਾਠ ਦੀ ਤੁਲਨਾ ਦੇ ਪ੍ਰਸੰਗ ਵਿਚ ਅਰਥ ਵਿਗਿਆਨ, ਚਿੰਨ੍ਹ ਵਿਗਾਆਨ ਅਤੇ ਵਾਕਾਤਮਕ-ਜੁਗਤਾਂ (ਵਾਕ ਵਿਗਿਆਨ) ਦੀਆਂ ਅੰਤਰ ਦ੍ਰਿਸ਼ਟੀਆਂ ਦਾ ਕਰਕੇ ਵਿਭਿੰਨ ਲੇਖਕਾਂ ਦੀਆਂ ਕਿਰਤਾਂ ਦਾ ਤੁਲਨਾਤਮਕ ਅਧਿਐਨ ਕੀਤਾ ਜਾ ਸਕਦਾ ਹੈ।

ਉਪਰੋਕਤ ਵਿਚਾਰ-ਵਿਮਾਸ਼ ਤੋਂ ਮਗਰੋਂ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚੇ ਹਾਂ ਕਿ ਵਿਸ਼ਵ ਦੀਆਂ ਸਾਹਿਤਕ ਪਰੰਪਰਾਵਾਂ ਵਿਚ ਤੁਲਨਾਤਮਕ ਅਧਿਐਨ ਦੀਆਂ ਨਵੀਆਂ-ਨਵੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਸਾਹਿਤਕ ਕਿਰਤ ਦੇ ਤੁਲਨਾਤਮਕ ਅਧਿਐਨ ਲਈ ਅੰਤਰ-ਅਨੁਸ਼ਾਸ਼ਨੀ ਵਿਧੀ ਦਾ ਵਿਸ਼ੇਸ਼ ਮਹੱਤਵ ਹੈ। ਸਾਡਾ ਖੋਜ-ਕਾਰਜ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੇ ਤੁਲਨਾਤਮਕ ਅਧਿਐਨ ਨਾਲ ਸੰਬੰਧਤ ਹੈ। ਇਸ ਲਈ ਅਸੀਂ ਅੰਤਰ-ਅਨੁਸ਼ਾਸਨੀ ਵਿਧੀ ਵਾਲ ਆਪਣਾ ਤੁਲਨਾਤਮਕ ਅਧਿਐਨ ਕਰਨ ਦਾ ਯਤਨ ਕਰਾਂਗੇ।

**3. ਤੁਲਨਾਤਮਕ ਅਧਿਐਨ: ਮੂਲ ਉਦੇਸ਼:**

ਤੁਲਨਾਤਮਕ ਅਧਿਐਨ ਨੂੰ ਵਿਸ਼ਵ ਪੱਧਰ ਉੱਪਰ ਫਰੈਂਚ-ਜਰਮਨੀ, ਅਮਰੀਕੀ ਤੇ ਰੂਸੀ ਸਕੂਲਾਂ ਨੇ ਆਪਣੇ-ਆਪਣੇ ਵਿਚਾਰਾਂ ਨਾਲ ਪ੍ਰਸਤੁਤ ਕੀਤਾ ਹੈ। ਆਧੁਨਿਕ ਕਾਲ ਵਿਚਲੇ ਇਨ੍ਹਾਂ ਸਕੂਲਾਂ ਦਾ ਮੁਢਲਾ ਉਦੇਸ਼ ਤੁਲਨਾਤਮਕ ਅਧਿਐਨ ਰਾਹੀਂ ਇਤਿਹਾਸਕ ਅਤੇ ਅੰਤਰ-ਰਾਸ਼ਟਰੀ ਪਰਿਪੇਖ ਨੂੰ ਦਰਸਾਉਣਾ ਸੀ। ਇਸ ਮਗਰੋਂ ਤੁਲਨਾਤਮਕ ਅਧਿਐਨ ਦਾ ਉਦੇਸ਼ ਅੰਤਰ-ਰਾਸ਼ਟਰੀ ਪ੍ਰਸੰਗ ਵਿਚ ਕਿਸੇ ਭਾਸ਼ਾ, ਦੇਸ਼ ਜਾਂ ਕਾਲ ਦੇ ਵੱਖੋ-ਵੱਖਰੇ ਲੇਖਕਾਂ ਦੀਆਂ ਕਿਰਤਾਂ ਦਾ ਤੁਲਨਾਤਮਕ ਅਧਿਐਨ ਕਰਨਾ ਬਣ ਜਾਂਦਾ ਹੈ। ਇਸ ਪ੍ਰਕਾਰ ਇਹ ਅਧਿਐਨ ਸਾਹਿਤਕ ਪਰੰਪਰਾਵਾਂ ਦੇ ਅਧਾਰ ’ਤੇ ਵਿਸ਼ਵੀ ਸਰੂਪ ਨੂੰ ਉਘਾੜਨ ਲਈ ਆਪਣੀਆਂ ਮੌਲਿਕ ਧਾਰਨਾਵਾਂ ਬਣਾਉਂਦਾ ਹੈ। ਇਸ ਪ੍ਰਕਾਰ ਤੁਲਨਾਤਮਕ ਅਧਿਐਨ ਕਿਸੇ ਕਿਰਤ ਦੇ ਸਭਿਆਚਾਰਕ, ਇਤਿਹਾਸਕ, ਪਰੰਪਰਕ ਅਤੇ ਸਾਹਿਤਕ ਮੁੱਲ ਨੂੰ ਦਰਸਾਉਣ ਲੱਗਦਾ ਹੈ।

ਤੁਲਨਾਤਮਕ ਅਧਿਐਨ ਦਾ ਉਦੇਸ਼ ਮੂਲ-ਭੂਤ ਏਕਤਾ ਨਾਲ ਸੰਬੰਧ ਰੱਖਦਾ ਹੈ। ਵਿਭਿੰਨ ਸਾਹਿਤਕ ਰਚਨਾਵਾਂ ਜਾਂ ਪਰੰਪਰਾਵਾਂ ਦੇ ਅਧਿਐਨ ਵਿਚ ਮੂਲ-ਭੂਤ ਏਕਤਾ ਦੇ ਸਰੂਪ ਨੂੰ ਵੇਖਣਾ ਲੋੜੀਂਦਾ ਹੈ। ਭਾਵ ਕਿ ਰਚਨਾਵਾਂ ਜਾਂ ਪਰੰਪਰਾਵਾਂ ਦੇ ਸਾਂਝੇ ਸੂਤਰਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਵਿਭਿੰਨ ਰਚਨਾਵਾਂ ਵਿਚਲੇ ਵਖਰੇਵੇਂ, ਰਚਨਾ ਦੀ ਬਣਤਰ, ਕ੍ਰਮਕ ਜਾਂ ਸ਼ੈਲੀ ਵਿਗਿਆਨ ਹੋ ਸਕਦੇ ਹਨ। ਇਸ ਮੂਲ-ਭੂਤ ਏਕਤਾ ਦਾ ਉਦੇਸ਼ ਤੁਲਨਾਤਮਕ ਅਧਿਐਨ ਲਈ ਸਾਹਿਤ ਕਿਰਤਾਂ ਜਾਂ ਪਰੰਪਰਾਵਾਂ ਵਿਚ ਸੰਬੰਧ ਸਥਾਪਤ ਕਰਨ ਲਈ ਸਮਾਨਤਾਵਾਂ ਦੀ ਪੜ੍ਹਤ ਕਰਨ ਨਾਲ ਸੰਬੰਧਤ ਹੁੰਦਾ ਹੈ। ਤੁਲਨਾਤਮਕ ਅਧਿਐਨ ਦਾ ਇਹ ਉਦੇਸ਼ ਦਾਰਸ਼ਨਿਕ ਰਚਨਾਵਾਂ ਉੱਪਰ ਪੂਰਨ ਢੁਕਦਾ ਹੁੰਦਾ ਹੈ। ਇਸ ਪ੍ਰਕਾਰ ਬਿਨਾਂ ਸ਼ੱਕ ਇਹ ਲਿਖਿਆ ਜਾ ਸਕਦਾ ਹੈ ਕਿ ਤੁਲਨਾਤਮਕ ਅਧਿਐਨ ਦਾ ਉਦੇਸ਼ ਵਿਭਿੰਨ ਰਾਸ਼ਟਰਾਂ, ਕੌਮਾਂ ਜਾਂ ਸਮਿਆਂ ਵਿਚ ਰਹੱਸਾਤਮਕ ਅਨੁਭਵ ਦੀ ਅਨੁਭੂਤੀ ਅਤੇ ਅਭਿਵਿਅਕਤੀ ਦੇ ਸਾਂਝੇ ਸੂਤਰਾਂ ਨੂੰ ਪੇਸ਼ ਕਰਨਾ ਹੁੰਦਾ ਹੈ।

ਤੁਲਨਾਤਮਕ ਅਧਿਐਨ ਦਾ ਇਤਿਹਾਸਕ ਸੰਦਰਭ ਤੋਂ ਰਚਨਾ ਦੀ ਪੜ੍ਹਤ ਵੀ ਪ੍ਰਮੁੱਖ ਉਦੇਸ਼ ਹੈ। ਹਰ ਰਚਨਾ ਇਤਿਹਾਸਕ ਪਰਸਥਿਤੀਆਂ ਦੀ ਉਪਜ ਹੁੰਦੀ ਹੈ। ਰਚਨਾ ਕਦੇ ਵੀ ਨਿਰਪੇਖ ਨਹੀਂ ਹੋ ਸਕਦੀ। ਇਸ ਦੀ ਲਿਖਣੀ ਦੀ ਮਹੱਤਤਾ ਇਤਿਹਾਸਕ ਪ੍ਰਸੰਗ ਵਿਚ ਹੀ ਮੁੱਲਵਾਨ ਹੁੰਦੀ ਹੈ। ਕਾਲ ਕ੍ਰਮ ਦੇ ਪ੍ਰਸੰਗ ਵਿਚ ਕਿਸੇ ਰਚਨਾ ਦਾ ਘਟਨਾਕ੍ਰਮ ਸੀਮਾਬੱਧ ਅਤੇ ਸੀਮਾ ਰਹਿਤ ਹੋ ਸਕਦਾ ਹੈ, ਕਿਉਂਕਿ ਲੇਖਕ ਦੀ ਵਿਚਾਰਧਾਰਕ ਚੇਤਨਾ ਅਤੇ ਅਨੁਭਵ ਉਪਰ ਇਤਿਹਾਸਕ ਪਰਸਥਿਤੀਆਂ ਦਾ ਪ੍ਰਭਾਵ ਹੁੰਦਾ ਹੈ। ਫਰੈਂਚ-ਜਰਮਨ ਸਕੂਲ ਦੇ ਚਿੰਤਕਾਂ ਵਲੋਂ ਤੁਲਨਾਤਮਕ ਅਧਿਐਨ ਦੇ ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਅੰਤਰਰਾਸ਼ਟਰੀ ਪੱਧਰ ਦੇ ਸਾਹਿਤ ਦੇ ਇਤਿਹਾਸ ਦੇ ਸੰਬੰਧਾਂ ਦੀ ਗੱਲ ਕੀਤੀ। ਉਦਾਹਰਨ ਵਜੋਂ ਜੇਕਰ ਅਸੀਂ ਭਗਤਾਂ ਦੀ ਬਾਣੀ ਤੁਲਨਾ ਆਪਸ ਵਿਚ ਅਤੇ ਗੁਰੂ, ਸਾਹਿਬਾਨ ਦੀ ਬਾਣੀ ਦੀ ਤੁਲਨਾ ਭਗਤ ਬਾਣੀ ਨਾਲ ਕਰਦੇ ਹਾਂ ਤਾਂ ਇਤਿਹਾਸਕ ਸੰਦਰਭ ਵਿਚ ਮੱਧਕਾਲੀ ਬੋਧ ਦਾ ਸਰੂਪ ਨਜ਼ਰੀ ਪੈਂਦਾ ਹੈ।

ਤੁਲਨਾਤਮਕ ਅਧਿਐਨ ਦਾ ਤੀਸਰਾ ਉਦੇਸ਼ ਸਾਹਿਤਕਾਰ ਦੇ ਅਨੁਭਵ ਅਤੇ ਸਾਹਿਤਕ ਰਚਨਾ/ਪਰੰਪਰਾ ਦੇ ਅੰਤਰਰਾਸ਼ਟਰੀ ਪਰਪੇਖ ਨੂੰ ਵਾਚਣਾ ਹੈ। ਤੁਲਨਾਤਮਕ ਅਧਿਐਨ ਨਾਲ ਜੁੜੇ ਤਿੰਨੋਂ ਸਕੂਲਾਂ ਨੇ ਇਸ ਉਦੇਸ਼ ਨੂੰ ਸਵੀਕਾਰਿਆ ਹੈ। ਰੈਨੇ ਵੈਲੇਕ ਨੇ ਅੰਤਰਰਾਸ਼ਟਰੀ ਪ੍ਰਸੰਗ ਵਿਚ ਮੂਲ ਰੂਪ ਏਕਤਾ ਦੀ ਗੱਲ ਕੀਤੀ ਹੈ। ਵਿਭਿੰਨ ਦੇਸ਼ਾਂ ਦੀਆਂ ਰਚਨਾਵਾਂ ਤੇ ਪਰੰਪਰਾਵਾਂ ਦੀ ਤੁਲਨਾ ਕਰਨੀ ਇਸ ਅਧਿਐਨ ਦੇ ਉਦੇਸ਼ ਦਾ ਸਰੂਪ ਹੈ। ਇਸ ਉਦੇਸ਼ ਦੀ ਪੂਰਤੀ ਕੇਵਲ ਤੁਲਨਾਤਮਕ ਵਿਧੀ ਰਾਹੀਂ ਹੀ ਸੰਭਵ ਹੈ। ਇਸ ਪ੍ਰਕਾਰ ਇਸ ਵਿਧੀ ਨਾਲ ਵਿਭਿੰਨ ਦੇਸ਼ਾਂ ਦੀਆਂ ਭਾਸ਼ਾਵਾਂ, ਰਚਨਾਵਾਂ ਜਾਂ ਪਰੰਪਰਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਤੁਲਨਾਤਮਕ ਅਧਿਐਨ ਦਾ ਅੰਤਰਰਾਸ਼ਟਰੀ ਤੁਲਨਾਤਮਕ ਉਦੇਸ਼ ਵੀ ਪ੍ਰਮੁੱਖ ਹੈ।

ਤੁਲਨਾਤਮਕ ਅਧਿਐਨ ਦਾ ਚੌਥਾ ਉਦੇਸ਼ ਸਾਹਿਤਕ ਪਰੰਪਰਾਵਾਂ, ਲੇਖਕਾਂ ਦੇ ਸਮਾਜਕ, ਰਾਜਨੀਤਕ ਤੇ ਸਭਿਅਚਾਰਕ ਸਰੋਕਾਰਾਂ ਦੀ ਸਾਂਝ ਨਾਲ ਸੰਬੰਧਤ ਹੈ। ਰੂਸੀ ਸਕੂਲ ਦੇ ਚਿੰਤਕਾਂ ਨੇ ਤੁਲਨਾਤਮਕ ਅਧਿਐਨ ਦੇ ਉਦੇਸ਼ ਨੂੰ ਇਸੇ ਪ੍ਰਸੰਗ ਵਿਚ ਪ੍ਰਸਤੁਤ ਕੀਤਾ। ਉਨ੍ਹਾਂ ਨੇ ਵੱਖੋ-ਵੱਖਰੀਆਂ ਰਚਨਾਵਾਂ ਜਾਂ ਪਰੰਪਰਾਵਾਂ ਸਾਹਿਤਕ ਮੁੱਲ ਵਿਰੋਧ ਦੀ ਸਥਿਤੀ ਵਿਚ ਤੁਲਨਾ ਦੀ ਥਾਂ ਟਕਰਾਵ ਦੀ ਸੰਭਾਵਨਾ ਅਨੁਸਾਰ ਅਧਿਐਨ ਕਰਨ ਦੀ ਗੱਲ ਪ੍ਰਗਟਾਈ। ਭਗਤ ਕਬੀਰ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਜੇਕਰ ਅਸੀਂ ਇਸੇ ਉਦੇਸ਼ ਦੇ ਜ਼ਰੀਏ ਤੁਲਨਾਤਮਕ ਅਧਿਐਨ ਕਰਦੇ ਹਾਂ ਤਾਂ ਸਾਰਥਕ ਤੇ ਪ੍ਰਮਾਣਕ ਨਤੀਜੇ ਪ੍ਰਾਪਤ ਹੁੰਦੇ ਹਨ। ਇਸ ਦਾ ਕਾਰਨ  ਇਨ੍ਹਾਂ ਬਾਣੀਕਾਰਾਂ ਦੀ ਦਾਰਸ਼ਨਿਕਤਾ ਵਿਚ ਸਮਾਜਕ ਤੇ ਸਭਿਆਚਰਕ ਏਕਤਾ ਹੈ।

ਤੁਲਨਾਤਮਕ ਅਧਿਐਨ ਦਾ ਪੰਜਵਾਂ ਉਦੇਸ਼ ਅੰਤਰ ਅਨੁਸਾਸ਼ਨੀ ਪਹੁੰਚ ਹੈ। ਆਧੁਨਿਕ ਕਾਲ ਵਿਚ ਗਿਆਨ-ਵਿਗਿਆਨ ਦੇ ਪਸਾਰੇ ਨਾਲ ਵਿਭਿੰਨ ਅਨੁਸ਼ਾਸਨ ਇਕੋ ਸਮੇਂ ਅਧਿਐਨ ਵਿਧੀਆਂ ਵਜੋਂ ਸਾਹਮਣੇ ਆਏ, ਜਿਸ ਨਾਲ ਅੰਤਰ-ਅਨੁਸਾਸ਼ਨੀ ਪ੍ਰਕਿਰਿਆਵਾਂ ਸ਼ੁਰੂ ਹੋਈਆਂ। ਲੇਖਕਾਂ ਦੇ ਅਨੁਭਵਾਂ ਵਿਚ ਵਾਧਾ ਹੋਣ ਕਰਕੇ ਰਚਨਾ ਦੇ ਸਰੂਪ ਤੇ ਸੁਭਾਅ ਵਿਚ ਮੌਲਿਕਤਾ ਆਈ। ਵਿਸ਼ਵ ਪੱਧਰ ਦੀਆਂ ਮੌਲਿਕ ਵਿਧਾਵਾਂ ਦਾ ਹੋਂਦ ਵਿਚ ਆਉਣਾ ਇਸੇ ਦਾ ਸਿੱਟਾ ਹੈ।

ਇਸ ਲਈ ਤੁਲਨਾਤਮਕ ਅਧਿਐਨ ਦੇ ਅੰਤਰ ਅਨੁਸਾਸ਼ਨੀ ਸਰੂਪ ਨਾਲ ਅਧਿਐਨ ਕਰਨ ਦਾ ਉਦੇਸ਼ ਪ੍ਰਮੁੱਖ ਹੋ ਜਾਂਦਾ ਹੈ। ਇਸ ਦੀ ਪ੍ਰਮੁੱਖਤਾ ਸਮਕਾਲੀ ਸੂਚਨਾ ਤੇ ਤਕਨਾਲੋਜੀ ਵਾਲੇ ਦੌਰ ਵਿਚ ਹੋਰ ਵੀ ਜ਼ਿਆਦਾ ਉਦੋਂ ਬਣ ਜਾਂਦੀ ਹੈ, ਜਦ ਸ਼ੋਸ਼ਲ ਮੀਡੀਆ ਉਪਰ ਆਮ ਲੇਖਕ ਨੂੰ ਅੰਤਰ ਰਾਸ਼ਟਰੀ ਡਿਵੇਟ ਵਾਲਾ ਪਲੇਟਫਾਰਮ ਮਿਲ ਜਾਂਦਾ ਹੈ। ਅਮਰੀਕੀ ਵਿਦਵਾਨ ਰੈਮਾਂਕ ਨੇ ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਸਾਹਿਤ ਦੀ ਕਲਾ, ਦਰਸ਼ਨ, ਇਤਿਹਾਸ, ਸਮਾਜ ਵਿਗਿਆਨ, ਧਰਮ, ਵਿਗਿਆਨ ਆਦਿ ਅਨੁਸਾਸ਼ਨਾਂ ਦੇ ਅੰਤਰ ਅਨੁਸਾਸ਼ਨੀ ਤੁਲਨਾਵੀਂ ਅਧਿਐਨ ਉੱਪਰ ਜ਼ੋਰ ਦਿੱਤਾ। ਬਿਨਾਂ ਸ਼ੱਕ ਤੁਲਨਾਤਮਕ ਅਧਿਐਨ ਦਾ ਇਹ ਉਦੇਸ਼ ਵੀ ਪ੍ਰਮੁੱਖ ਹੈ।

ਉਪਰੋਕਤ ਵਿਚਾਰ-ਵਿਮਰਸ਼ ਮਗਰੋਂ ਅਸੀਂ ਇਸ ਸਿੱਟੇ ਉੱਪਰ ਪਹੁੰਚੇ ਹਾਂ ਕਿ ਤੁਲਾਤਮਕ ਅਧਿਐਨ ਦੇ ਪੰਜ ਉਦੇਸ਼ ਮੂਲਭੂਤ ਏਕਤਾ, ਰਚਨਾ ਦਾ ਇਤਿਹਾਸਕ ਸੰਦਰਭ, ਰਚਨਾਕਾਰ ਦਾ ਅਨੁਭਵ ਅਤੇ ਕਿਰਤ ਦੀ ਰਚਨਾ ਤੇ ਪਰੰਪਰਾ ਦਾ ਅੰਤਰ ਰਾਸ਼ਟਰੀ ਪਰਿਪੇਖ, ਸਾਹਿਤ ਪਰੰਪਰਾਵਾਂ, ਲੇਖਕਾਂ ਦਾ ਸਮਜਾਕ, ਸਭਿਆਚਾਰਕ ਤੇ ਰਾਜਸੀ ਸਰੋਕਾਰਾਂ ਦੀ ਸਾਂਝ ਅਤੇ ਅੰਤਰ ਅਨੁਸ਼ਾਸ਼ਨੀ ਪਹੁੰਚ ਹਨ। ਤੁਲਨਾਤਮਕ ਅਧਿਐਨ ਦੇ ਇਨ੍ਹਾਂ ਉਦੇਸ਼ਾਂ ਨੂੰ ਵਿਸ਼ਵ ਵਿਚੋਂ ਪ੍ਰਾਪਤ ਹੁੰਦੇ ਤਿੰਨੋਂ ਸਕੂਲਾਂ ਦੀਆਂ ਸਾਂਝੀਆਂ ਗੱਲਾ ਅਧਾਰਤ ਸਮਝਿਆ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆ

1. ਪੰਜਾਬੀ ਭਗਤੀ ਸਾਹਿਤ, ਪੰਨਾ 34.
2. ਸ੍ਰੀਮਦ ਭਗਵਤ ਗੀਤਾ, ਅਧਿਆਇ ਚੌਥਾ, ਸਲੋਕ (7).
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1188.
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 948.
5. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 28.
6. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 122.
7. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 433
8. ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ 51.
9. ਸਾਂਯਲਿਯ ਭਗਤੀ ਸੂਤਰ (2).
10. ਨਾਰਦ ਪਾਂਚਰਾਤਰ(1).
11. ਸ੍ਰੀ ਮਦ ਭਗਵਤ, ਸਕੰਧ (3) ਅਧਿਆਇ (25), ਸਲੋਕ 32,33.
12. ਮਹਾਂਭਾਰਤ ਤਾਤਪਰਯ, (1086.107).
13. ਭਗਤੀ ਰਸਾਮ੍ਰਿਤ ਸਿੰਧੂ.
14. ਤਤਵਦੀਪ ਨਿਬੰਧ, ਸਾਸਤ੍ਰਾਰਥ ਪ੍ਰਕਰਣ, ਸਲੋਕ 66 ਪੰਨਾ (127)
15. ਸ੍ਰੀ ਵੈਸ਼ਣਵ ਮਤਾਬਜ ਭਾਸਕਰ, ਰਾਮ ਟਹਲਦਾਸ, ਪੰਨਾ (10)
16. ਡਾ. ਧਰਮਪਾਲ ਮੈਨੀ, ਪੰਜਾਬੀ ਭਗਤੀ ਸਾਹਿਤ, ਪੰਨਾ 2.
17. ਡਾ. ਧਰਮਪਾਲ ਮੈਨੀ, ਪੰਜਾਬੀ ਭਗਤੀ ਸਾਹਿਤ, ਪੰਨਾ 6-7.
18. ਪੰਜਾਬੀ ਦੁਨੀਆਂ, ਭਗਤੀ ਅੰਕ, 1965, ਪੰਨਾ 185.
19. ਹਿੰਦੀ ਸਾਹਿਤਯ ਕੋਸ਼, ਭਾਗ ਪਹਿਲਾ.
20. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 816.
21. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 574.
22. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 768.
23. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 918.
24. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 950.
25. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 845.
26. ਪੰਜਾਬੀ ਦੁਨੀਆਂ, ਭਗਤੀ ਅੰਕ, ਪੰਨਾ 7.
27. ਪ੍ਰੇਮ ਸ਼ੰਕਰ, ਭਗਤੀ ਚਿੰਤਨ ਕੀ ਭੂਮਿਕਾ, ਪੰਨਾ 65.

28. ਪ੍ਰੇਮ ਸ਼ੰਕਰ, ਭਗਤੀ ਕਾਵਯ ਕੀ ਭੂਮਿਕਾ, ਪੰਨਾ 65.
29. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ 23.
30. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 181.
31. ਡਾ. ਰਾਜਦੇਵ ਸਿੰਘ, ਸ਼ਬਦ ਔਰ ਅਰਥ, ਸੰਤ ਸਾਹਿਤਯ ਕੇ ਸੰਦਰਭ ਮੇਂ, ਪੰਨਾ 51, 55.
32. ਡਾ. ਵਿਸ਼ਣੁਦੱਤ ਰਾਕੇਸ਼, ਉਤਰੀ ਭਾਰਤ ਕੇ ਨਿਰਗੁਣ ਪੰਥ ਸਾਹਿਤਯ ਕਾ ਇਤਿਹਾਸ, ਪੰਨਾ 66.
33. ਡਾ. ਰਾਜਦੇਵ ਸਿੰਘ, ਸੰਤ-ਸਾਹਿਤਯ : ਪੁਨਰਮੂਲਯਾਕਨ, ਪੰਨਾ 20.
34. Encyclopedia of Religion and Ethics Vol. XI, P 49.
35. Encyclopedia Americana, Vol. 24, P 120.
36. The America People's Encyclopedia, Vol. 16, P.244.
37. Illus rated world Encyclopedia, Vol.12, P.4198.
38. Colliers Encyclopedia, Vol.17, P.260.
39. Encyclopedia of Religious Quotations, P. 392-93.
40. ਬ੍ਰਿਹਤ ਹਿੰਦੀ ਕੋਸ਼, ਪੰਨਾ 1320.
41. ਧੀਰੇਦ੍ਰ ਵਰਮਾ, ਹਿੰਦੀ ਸਾਹਿਤਯ ਕੋਸ਼, ਪੰਨਾ 787.
42. ਪਰਸ਼ੁਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 5.
43. ਡਾ. ਰਾਜਦੇਵ ਸਿੰਘ, ਸ਼ਬਦ ਔਰ ਅਰਥ, ਸੰਤ ਸਾਹਿਤਯ ਕੇ ਸੰਦਰਭ ਮੇਂ, ਪੰਨਾ 57.
44. ਡਾ. ਰਾਜਦੇਵ ਸਿੰਘ, ਸੰਤ ਸਾਹਿਤ੍ਰਯ: ਪੁਨਰਮੂਲਯਾਕਨ, ਪੰਨਾ-2.
45. ਪਰਸ਼ੁਰਾਮ ਚਤੁਰਵੇਦੀ, ਸੰਤ ਕਾਵਯ (ਸੰਗ੍ਰਹਿ).
46. ਹਜਾਰੀ ਪ੍ਰਸਾਦ ਦ੍ਵਿਵੇਦੀ, ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ 46-47.
47. ਡਾ. ਰਾਜਦੇਵ ਸਿੰਘ, ਸ਼ਬਦ ਔਰ ਅਰਥ (ਸੰਤ ਸਾਹਿਤਯ ਕੇ ਸੰਦਰਭ ਮੇਂ) ਪੰਨਾ 52.
48. ਡਾ. ਤ੍ਰਿਲੋਕੀ ਨਾਰਾਯਣ ਦੀਕਸ਼ਿਤ, ਹਿੰਦੀ ਸੰਤ ਸਾਹਿਤਯ, ਪੰਨਾ 27.
49. ਡਾ. ਵਿਨਯ ਮੋਹਨ ਸ਼ਰਮਾ, ਹਿੰਦੀ ਕੋ ਮਰਾਠੀ, ਸੰਤੋਂ ਕੀ ਦੇਨ, ਪੰਨਾ 55-57.
50. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰੁਗੁਣ ਧਾਰਾ, ਪੰਨਾ 3.
51. ਡਾ. ਗੋਵਿੰਦ ਤ੍ਰਿਗਣਾਯਤ, ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਟਿ ਭੂਮਿ, ਪੰਨਾ 14.
52. ਡਾ. ਪੀਤਾਂਬਰਦੱਤ ਬੜ੍ਤਵਾਲ, ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ ਪੰਨਾ 94.
53. ਡਾ. ਜੈ ਕਿਸ਼ਨ ਪ੍ਰਸਾਦ, ਹਿੰਦੀ ਸਾਹਿਤਯ ਕੀ ਪ੍ਰਵਿਤਿਯਾ, ਪੰਨਾ 124.
54. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1159.

55. ਜੇ. ਡੀ. ਕਨਿੰਘਮ, ਹਿਸਟਰੀ ਆਫ਼ ਦਾ ਸਿਖਸ, ਪੰਨਾ 38.

56. ਰਾਮੇਸ਼ਵਰ ਦਿਆਲ, ਮਧਯੁੱਗੀ ਮਿਸ਼ਨ-ਭਗਤੀ ਪਰੰਪਰਾ ਔਰ ਲੋਕ ਸੰਸਕ੍ਰਿਤੀ, ਪੰਨਾ 22.

57. ਰਾਮਚੰਦਰ ਸ਼ੁਕਲ, ਹਿੰਦੀ ਸਾਹਿਤਯ ਦਾ ਇਤਿਹਾਸ, ਪੰਨਾ 62.

58. Mohan Singh Dewana. A History of Punjabi Literature, P. 13.

59. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, (ਭੂਮਿਕਾ), XVI.

60. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨਾ 153.

61. ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤਕ ਕਾ ਇਤਿਹਾਸ, ਪੰਨਾ 82.

62. ਪਰਸ਼ੂਰਾਮ ਚਤੁਰਵੇਦੀ, ਕਬੀਰ ਸਾਹਿਤਯ ਕੀ ਪਰਖ, ਪੰਨਾ 201.

63. ਸ਼ਾਮ ਸੁੰਦਰ ਦਾਸ, ਕਬੀਰ ਗ੍ਰੰਥਾਵਲੀ, ਪੰਨਾ 48.

64. ਮਹਾਨ ਕੋਸ਼, ਪੰਨਾ 697।

65. 'ਆਦਿ ਗ੍ਰੰਥ :ਲੋਕ ਰੂਪ: 'ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਇੰਡਸਟ੍ਰੀਅਲ ਲਿ. 1980.

66. ਭਾਈ ਕਾਨ੍ਹ ਸਿੰਘ : 'ਗੁਰ ਛੰਦ ਦਿਵਾਕਰ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜੁਲਾਈ 1970.

67. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1108.

68. ਵੀਰੇਂਦਰ ਕੁਮਾਰ ਸੇਠੀ, ਮੀਰਾ ਪ੍ਰੇਮ ਦੀਵਾਨੀ, ਪੰਨਾ. 67.

69. Max Arthur Macaulitfe, The Sikh Religion, Vol. VI, Oxford, AT the Clarendon Press, 1909, P.84.

70. ਭਾਈ ਘਨੱਈਆ ਸੇਵਾ ਜੋਤੀ, ਸਤੰਬਰ 1991, ਵਿਸ਼ੇਸ਼ ਅੰਕ ਪੰਜਾਬੀ ਮਾਸਿਕ, ਪੰਨਾ 24.

71. Max Arthur Macaulitfe, The Sikh Religion, Vol. VI, Oxford, At the clarendon Press, 1909, P. 122.

72. ਭਗਤੀ ਦਰਾਵੜ ਉਪਜੀ ਲਾਏ ਰਾਮਾਨੰਦ।। ਪਰਗਟ ਕਹੀ ਕਬੀਰ ਨੇ ਸਪਤ ਦੀਪ ਨਵ ਖੰਡ।।

73. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1195.

74. Max Arthur Macaulitfe, The Sikh Religion, Vol. VI, Oxford, AT the Clarendon Press, 1909, P.122.

75. ਸ੍ਰੀ ਗੁਰੂ ਗ੍ਰੰਥ ਸਾਹਿਬ ਕਬੀਰ, ਪੰਨਾ 1372.

76. Max Arthur Macaulitfe, The Sikh Religion, Vol. VI, Oxford, AT the Clarendon Press, 1909, P.317.

77. Max Arthur Macaulitfe, The Sikh Religion, Vol. VI, Oxford, AT the Clarendon Press, 1909, P.111.

78. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਪੀਪਾ ਜੀ, ਪੰਨਾ 695.
79. Max Arthur Macaulitfe, The Sikh Religion, Vol. VI, Oxford, AT the Clarendon Press, 1909, P.120.
80. Max Arthur Macaulitfe, The Sikh Religion, Vol. VI, Oxford, AT the Clarendon Press, 1909, P.106.
81. ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਤ ਧੰਨਾ ਜੀ, ਪੰਨਾ 695.
82. ਗੁਰੂ ਗ੍ਰੰਥ ਰਤਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 136.
83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.
84. Max Arthur Macaulitfe, The Sikh Religion, Vol. VI, Oxford, AT the Clarendon Press, 1909, P.82-83.
85. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1253.
86. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1253.
87. ਸੁਕਰਹੱਸ ਉਪਨਿਸ਼ਦ-3.
88. ਮਹਾਂ ਉਪਨਿਸ਼ਦ III 3.
89. ਸਵੇਤ ਸਵਤਰ ਉਪਨਿਸ਼ਦ 1-12.
90. ਮੰਡਕ ਉਪਨਿਸ਼ਦ 11-12:5.
91. ਕੇਨ ਉਪਨਿਸ਼ਦ 11-5.
92. ਮੰਤ੍ਰਯ ਉਪਨਿਸ਼ਦ 11, 12.
93. ਰਾਮਚਰਿਤ ਮਾਨਸ VIII, 116:I.
94. The Spirit of man is the candle of the road (Proverbs) 20:27.
95. He has given us of his own spirit (I-John) 4:13.
96. You, therefore, must be perfect as your heavenly father is perfect. (Ibid 5:48).
97. Thou has created us for thyself and our heart knows no rest until it may respose in thee. (The Confession of St. August in London, 1966. P. 31).
98. But Seek First Kingdom and his righteousness and shall these things shall be yours as well. (Mathew 6.33).
99. For what will it profit a man if he gains, the whole world and forfeits his life (Ibid) 16:26.

100. The last enemy that shall be destroyed is death (I, Corinthians 15:36).

101. That which thou sowestis not quickened except it die. (I Corinthians 15:36).

102. I die daily (I Corinthians).

103. ਪਵਿਤਰ ਕੁਰਾਨ ਮਜੀਦ- 17:85.

104. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 374.

105. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 12.

106. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1370

107. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 526.

108. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 695.

109. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1366.

110. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 970.

111. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 858.

112. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1381.

113. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1364.

114. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰਨਾ 874.

115. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 485.

116. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 339.

117. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 857.

118. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1252.

119. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1252.

120. ਭਾਈ ਕਾਹਨ ਸਿੰਘ ਨਾਭਾ, ਪੰਜਾਬੀ ਸਾਹਿਤ ਕੋਸ਼, ਪੰਨਾ 418.

121. ਬਲਦੇਵ ਸਿੰਘ ਉਪਾਧਿਆਇ, ਸੰਕਰਾਚਾਰਯ, ਪੰਨਾ 1257.

122. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 693.

123. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣਧਾਰਾ, ਪੰਨਾ 153.

124. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 96.

125. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1163.

126. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 873.

127. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 598.

128. www.shabdkosh.com English- Hindi

129. www.laxico.com.definaiton.com

130. Webster's third new International Dictionary P. 462.

131. Ww.SSRN.com

132. ਡਾ. ਸਤਿਨਾਮ ਸਿੰਘ, ਰਵਿਦਾਸ ਤੇ ਕਬੀਰ ਬਾਣੀ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ (ਅਣਪ੍ਰਕਾਸ਼ਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਪੰਨਾ 7.

133. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 340.

134. R.K. Dhaman, The case of comparative Literature P.9.

135. ਉਧਰਿਤ, ਲਖਵੀਰ ਸਿੰਘ, ਭਗਤ ਕਬੀਰ ਅਤੇ ਭਗਤ ਰਵਿਦਾਸ ਕਾਵਿ ਦਾ ਤੁਲਨਾਤਮਕ ਅਧਿਐਨ ਪੰਨਾ (ਅਣਪ੍ਰਕਾਸ਼ਤ ਖੋਜ ਪ੍ਰਬੰਧ) ਪੰਨਾ 6.

136. ਉਧਰਿਤ, ਉਹੀ ਪੰਨਾ 12.

137. La Literature Compara (Paris 1951) P7.

138. ਲਖਵੀਰ ਸਿੰਘ, ਭਗਤ ਕਬੀਰ ਅਤੇ ਭਗਤ ਰਵਿਦਾਸ ਕਾਵਿ ਦਾ ਤੁਲਨਾਤਮਕ ਅਧਿਐਨ, ਪੰਨਾ 16.

139. ਇੰਦਰਨਾਥ ਚੌਧਰੀ, ਤੁਲਨਾਤਮਕ ਸਾਹਿਤਯ (ਹਿੰਦੀ) ਬਾਣੀ ਪ੍ਰਕਾਸ਼ਨ, ਦਿੱਲੀ, ਪੰਨਾ 48.

140. ਉਹੀ ਪੰਨਾ 60.

141. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 441.

142. ਮੈਨੇਜਰ ਪਾਂਡੇ, ਸਾਹਿਤਯ ਔਰ ਸਮਾਜ ਸ਼ਾਸਤਰੀਯ ਦ੍ਰਿਸ਼ਟੀ, ਪੰਨਾ 99.

143. ਡਾ. ਹਰਭਜਨ ਸਿੰਘ, ਚਿਹਨਾਲੋਚਨਾ ਰਚਨਾ ਸਰੰਚਨਾ ਪੰਨਾ 63.

144. ਪਰਮਜੀਤ ਸਿੰਘ ਢੀਂਗਰਾ, ਸ਼ੈਲੀ ਵਿਗਿਆਨਕ ਅਧਿਐਨ ਤੇ ਭਾਸ਼ਾ ਵਿਗਿਆਨ, ਫਾਸਾ, ਪੰਨਾ 41.

145. ਉਹੀ ਪੰਨਾ 42.

## ਵਿਸ਼ੇ ਨਾਲ ਸੰਬੰਧਤ ਪਹਿਲਾਂ ਹੋਏ ਖੋਜ ਕਾਰਜ ਦਾ ਸਰਵੇਖਣ ਅਤੇ ਮੁਲਾਂਕਣ

**ਭਗਤ ਬਾਣੀ ਤੁਲਨਾਤਮਕ ਅਧਿਐਨ: ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ) ਸੰਬੰਧੀ ਪ੍ਰਾਪਤ ਪੂਰਬ ਖੋਜ ਕਾਰਜ : ਸਰਵੇਖਣ ਤੇ ਮੁਲਾਂਕਣ**

ਕਿਸੇ ਵੀ ਖੋਜ-ਕਾਰਜ ਦੀ ਆਰੰਭਿਕਾ ਤੋਂ ਲੈ ਕੇ ਸਮਾਪਤੀ ਹੋਣ ਤੱਕ ਖੋਜਾਰਥੀ ਨੂੰ ਵਿਸ਼ੇ ਨਾਲ ਸੰਬੰਧਿਤ ਪਹਿਲਾਂ ਹੋ ਚੁੱਕੇ ਅਤੇ ਸਮਕਾਲ 'ਚ ਹੋ ਰਹੇ ਕਾਰਜਾਂ ਦੀ ਡੂੰਘਾਈ ਨਾਲ ਪੜਚੋਲ ਕਰਨੀ ਪੈਂਦੀ ਹੈ। ਵੱਖ-ਵੱਖ ਸਾਹਿਤਕ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਹੋਰ ਅਕਾਦਮਿਕ ਅਦਾਰਿਆਂ ਦਾ ਭਰਮਣ ਕਰਨ ਉਪਰੰਤ ਹੀ ਖੋਜ ਆਪਣੇ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਦਾ ਸੰਕਲਨ ਕਰਕੇ ਆਪਣੀ ਖੋਜ ਨੂੰ ਨੇਪਰੇ ਚਾੜ੍ਹਨ ਦੇ ਯੋਗ ਹੋ ਸਕਦਾ ਹੈ।

ਇਸ ਅਧਿਆਇ ਦਾ ਵਿਸ਼ਾ "ਭਗਤ ਬਾਣੀ ਤੁਲਨਾਤਮਕ ਅਧਿਐਨ: ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ) ਸੰਬੰਧੀ ਪ੍ਰਾਪਤ ਪੂਰਬ ਖੋਜ ਕਾਰਜ : ਸਰਵੇਖਣ ਤੇ ਮੁਲਾਂਕਣ ਅਧੀਨ ਖੋਜ ਕਾਰਜ ਬਾਰੇ ਜਾਣਕਾਰੀ ਇੱਕਤਰ ਕਰਨ ਲਈ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਬੰਧਿਤ ਖੇਤਰੀ ਕੇਂਦਰਾਂ ਵਿਚਲੇ ਖੋਜ ਪ੍ਰਬੰਧਾਂ ਤੇ ਖੋਜ ਨਿਬੰਧਾਂ ਦਾ ਸਰਵੇਖਣ ਤੇ ਮੁਲਾਂਕਣ ਕਰਨ ਉਪਰੰਤ ਇਹ ਸਾਹਮਣੇ ਆਇਆ ਹੈ ਕਿ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਸੰਬੰਧੀ ਵੱਖ-ਵੱਖ ਪੱਖਾਂ ਤੋਂ ਹਿੰਦੀ ਅਤੇ ਪੰਜਾਬੀ ਵਿਚ ਖੋਜ ਕਾਰਜ ਹੋ ਚੁੱਕਾ ਹੈ, ਜਿਸ ਦੀ ਵੰਡ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਵਿਚ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ।

ੳ. ਉਪਾਧੀ ਸਾਪੇਖ

1. ਪੀਐਚ. ਡੀ. ਦੀ ਡਿਗਰੀ ਲਈ ਪੇਸ਼ ਕੀਤੇ ਗਏ ਖੋਜ-ਪ੍ਰਬੰਧ
2. ਐਮ. ਫ਼ਿਲ ਦੀ ਡਿਗਰੀ ਲਈ ਪੇਸ਼ ਕੀਤੇ ਗਏ ਖੋਜ-ਨਿਬੰਧ

ਅ. ਉਪਾਧੀ ਨਿਰਪੇਖ

1. ਪੁਸਤਕ ਰੂਪ ਵਿਚ ਪ੍ਰਾਪਤ ਖੋਜ ਕਾਰਜ

**ੳ. ਉਪਾਧੀ ਸਾਪੇਖ**

**I. ਪੀਐਚ.ਡੀ. ਦੀ ਡਿਗਰੀ ਲਈ ਪੇਸ਼ ਕੀਤੇ ਗਏ ਖੋਜ-ਪ੍ਰਬੰਧ**

1. **ਡਾ. ਕੁਸ਼ਮ ਸ੍ਰੀ ਵਾਸਤਵ ਵਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1970 ਰਾਹੀਂ ਸੰਪੰਨ ਹੋਏ ਇਹ ਖੋਜ ਪ੍ਰਬੰਧ "ਕਬੀਰ ਗੰਥਾਵਲੀ ਮੇਂ ਪ੍ਰੇਮ ਭਗਤੀ" ਪੇਸ਼ ਕੀਤਾ ਗਿਆ।**

**ਅਧਿਆਇ ਪਹਿਲਾ ਨੂੰ ਤਿੰਨ ਖੰਡਾਂ** ਵਿਚ ਵੰਡਿਆ ਗਿਆ ਹੈ। ਪਹਿਲੇ ਖੰਡ ਵਿਚ ਖੋਜਾਰਥੀ ਨੇ **'ਪ੍ਰੇਮ ਭਗਤੀ ਦੀ ਇਤਿਹਾਸਕ ਪ੍ਰੰਪਰਾ** ਅਧੀਨ ਮਨੋਵਿਗਿਆਨ ਦੇ ਆਧਾਰ 'ਤੇ ਭਗਤੀ ਦੀਆਂ ਵੱਖ-ਵੱਖ ਕਿਸਮਾਂ, ਪ੍ਰੇਮ ਭਗਤੀ ਦਾ ਸਵਰੂਪ, ਪ੍ਰੇਮ ਭਗਤੀ ਦੇ ਜ਼ਰੂਰੀ ਸਾਧਨ, ਭਗਤ ਪ੍ਰੇਮ ਦਾ ਉਦਾਤ ਕ੍ਰਮ ਅਤੇ ਪ੍ਰੇਮ ਭਗਤੀ ਦੇ ਉਦੇਸ਼ 'ਤੇ ਚਾਨਣਾ ਪਾਉਂਦਿਆਂ ਦੱਸਿਆ ਹੈ ਕਿ ਭਗਤੀ ਦਾ ਆਧਾਰ ਭਗਵਤ ਪ੍ਰੇਮ ਹੀ ਹੈ।

ਭਗਤੀ ਦੇ ਖੇਤਰ ਵਿਚ ਪ੍ਰੇਮ ਭਗਤੀ ਸਭ ਤੋਂ ਉੱਚੀ ਹੈ। ਭਗਤੀ ਦੇ ਜ਼ਰੂਰੀ ਸਾਧਨ ਗੁਰੂ ਪਦ ਦਾ ਆਸਰਾ ਹੈ।

**ਦੂਜਾ ਖੰਡ: ਪ੍ਰੇਮ ਭਗਤੀ:** ਵਿਚ ਕਬੀਰ ਸਾਹਿਤ ਦੇ ਅਧਿਐਨ ਵਿਚ ਪ੍ਰੇਮ ਭਗਤੀ ਦੇ ਅਧਿਐਨ ਦਾ ਮਹੱਤਵ, ਕਬੀਰ ਜੀ ਦੀ ਪ੍ਰੇਮ ਭਗਤੀ ਦੇ ਸਵਰੂਪ, ਉਸਦੇ ਜ਼ਰੂਰੀ ਅੰਗ, ਲਕਸ਼, ਕਬੀਰ ਦੇ ਭਗਵਤ ਪ੍ਰੇਮ ਦਾ ਆਦਰਸ਼, ਸਮਕਾਲੀਨ ਨਿਰਗੁਣ ਭਗਤੀ ਦਾ ਸੰਬੰਧ ਦੇ ਨਾਲ-ਨਾਲ ਉਸ ਸਮੇਂ ਦੀਆਂ ਰਾਜਨੀਤਕ, ਸਮਾਜਕ ਪਰਸਥਿਤੀਆਂ ਦੇ ਸੰਦਰਭ ਵਿਚ ਭਗਤ ਕਬੀਰ ਜੀ ਦੀ ਪ੍ਰੇਮ ਭਗਤੀ ਦਾ ਮਹੱਤਵ ਅਤੇ ਵਿਸ਼ੇਸ਼ ਯੋਗਦਾਨ ਦਾ ਮੁਲਾਂਕਣ ਪੇਸ਼ ਕੀਤਾ ਗਿਆ ਹੈ।

**ਤੀਜੇ ਖੰਡ** ਵਿਚ ਪ੍ਰੇਮ ਭਗਤੀ ਦੇ ਆਲੋਕ ਵਿਚ ਕਬੀਰ ਕੇ ਵਿਅਕਤਿਤਵ ਅਧਿਐਨ ਪੇਸ਼ ਕੀਤਾ ਗਿਆ ਹੈ।

**ਅਧਿਆਇ ਦੂਜਾ : ਭਗਤੀ ਮਾਰਗ ਕੀ ਨਿਰਗੁਣਧਾਰਾ: ਕਬੀਰ ਕੀ ਨਿਰਗੁਣ ਭਗਤੀ ਅਤੇ ਭਿੰਨ-ਭਿੰਨ ਧਰਮ ਸਾਧਨਾਏਂ:** ਵਿਚ ਖੋਜਾਰਥੀ ਨੇ ਕਬੀਰ ਦੀ ਨਿਰਗੁਣ ਭਾਵਨਾ ਦਾ ਸਵਰੂਪ ਅਤੇ ਮੁਖ ਪ੍ਰਵਿਰਤੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਕਬੀਰ ਦੇ ਵਿਚਾਰਾਂ ਵਿਚ ਦੂਸਰੇ ਧਰਮਾਂ ਦੀਆਂ ਸਾਧਨਾਵਾਂ ਦਾ ਯੋਗਦਾਨ ਅਤੇ ਕਬੀਰ ਦਾ ਸਥਾਨ ਨਿਰਧਾਰਤ ਕੀਤਾ ਹੈ।

**ਤੀਜਾ ਅਧਿਆਇ: ਕਬੀਰ ਦੀ ਅਧਿਆਤਮਕ ਵਿਚਾਰਧਾਰਾ ਵਿੱਚ ਪ੍ਰੇਮ ਭਗਤੀ ਦਾ ਸਵਰੂਪ** ਵਿਚ ਖੋਜਾਰਥੀ ਨੇ ਕਬੀਰ ਬਾਣੀ ਵਿਚਲੀ ਅਧਿਆਤਮਕ ਵਿਚਾਰਧਾਰਾ ਤੇ ਉਸ ਵਿਚਲੀ ਪ੍ਰੇਮ ਭਗਤੀ ਦੇ ਸਵਰੂਪ ਦਾ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ।

**ਚੌਥਾ ਅਧਿਆਇ: ਕਬੀਰ ਕੀ ਪ੍ਰੇਮ ਭਗਤੀ ਕੀ ਅਭਿਵਿਅੰਜਨਾ: ਬਿੰਬ ਔਰ ਪ੍ਰਤੀਕ** ਵਿਚ ਦਰਸਾਇਆ ਗਿਆ ਹੈ ਕਿ ਕਬੀਰ ਜੀ ਦੀ ਪ੍ਰੇਮ ਭਗਤੀ ਨੂੰ ਪ੍ਰਗਟਾਉਣ ਲਈ ਕਿਹੜੇ-ਕਿਹੜੇ ਬਿੰਬ ਤੇ ਪ੍ਰਤੀਕ ਵਰਤੋਂ ਵਿਚ ਲਿਆਂਦੇ ਹਨ।

**ਪੰਜਵਾਂ ਅਧਿਆਇ: ਪ੍ਰੇਮ ਭਗਤੀ ਦੇ ਪਰਿਪੇਖ ਵਿਚ ਕਬੀਰ ਕੀ ਨਵ ਅਰਥਵਤਾ** ਵਿਚ ਖੋਜਾਰਥੀ ਨੇ ਕਬੀਰ ਜੀ ਦੀ ਪ੍ਰੇਮ ਭਗਤੀ ਦੇ ਪਰਿਪੇਖ ਵਿਚ ਕਬੀਰ ਦੀ ਨਵਅਰਥਵਤਾ ਭਾਵ ਪ੍ਰੇਮ ਭਗਤੀ ਦੇ ਨਵੇਂ ਅਰਥਾਂ ਦਾ ਅਧਿਐਨ ਕੀਤਾ ਗਿਆ ਹੈ।

2. **ਡਾ. ਗਿਆਨ ਚੰਦ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ 1980 ਰਾਹੀਂ ਸੰਪੰਨ ਹੋਏ ਇਹ ਖੋਜ ਪ੍ਰਬੰਧ "ਕਬੀਰ ਕਾਵਿ-ਕਲਾ (ਆਦਿ ਗ੍ਰੰਥ ਵਿਚ ਸੰਕਲਿਤ ਬਾਣੀ ਦੇ ਆਧਾਰ ਤੇ)" ਪੇਸ਼ ਕੀਤਾ ਗਿਆ।**

ਇਸ ਖੋਜ ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕਬੀਰ ਬਾਣੀ ਕਾਵਿ-ਕਲਾ ਦਾ ਅਧਿਐਨ ਕਰਨ ਲਈ ਇਸ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ।

**ਪਹਿਲਾ ਅਧਿਆਇ: ਭਗਤ ਕਬੀਰ ਅਤੇ ਉਨ੍ਹਾਂ ਦਾ ਸਮਾਂ** ਵਿਚ ਖੋਜਾਰਥੀ ਨੇ ਕਬੀਰ ਜੀ ਦੇ ਜੀਵਨ ਬਾਰੇ ਚਰਚਾ ਕਰਦਿਆਂ ਉਸ ਵੇਲੇ ਦੇ ਹਾਲਾਤਾਂ ਨੂੰ ਪੇਸ਼ ਕੀਤਾ ਗਿਆ ਹੈ।

**ਦੂਜਾ ਅਧਿਆਇ: ਕਬੀਰ ਕਾਵਿ ਦਾ ਵਿਸ਼ਾ ਪੱਖ** ਦਾ ਅਧਿਐਨ ਕਰਦਿਆਂ ਖੋਜਾਰਥੀ ਨੇ ਉਨ੍ਹਾਂ ਦੇ ਕਾਵਿ ਦੇ ਵੱਖ-ਵੱਖ ਵਿਸ਼ਿਆਂ ਦਾ ਮੁਲਾਂਕਣ ਕੀਤਾ ਗਿਆ ਹੈ।

**ਤੀਜਾ ਅਧਿਆਇ: ਕਬੀਰ ਕਾਵਿ ਦਾ ਸਮਾਜਕ, ਮਨੁੱਖੀ ਸਾਰ** ਵਿਚ ਖੋਜਾਰਥੀ ਨੇ ਉਸ ਵੇਲੇ ਦੇ ਸਮਾਜ ਵਿਚ ਮਨੁੱਖ ਦੀ ਦਸ਼ਾ ਦਾ ਵਰਨਣ ਕੀਤਾ ਗਿਆ ਹੈ।

**ਚੌਥਾ ਅਧਿਆਇ: ਕਬੀਰ ਕਾਵਿ ਦਾ ਕਲਾ ਪੱਖ** ਵਿਚ ਖੋਜਾਰਥੀ ਨੇ ਕਬੀਰ ਕਾਵਿ ਵਿਚ ਵਰਤੀ ਗਈ ਭਾਸ਼ਾ, ਛੰਦ, ਅਲੰਕਾਰਾਂ ਤੇ ਪ੍ਰਤੀਕ ਵਿਧਾਨ ਬਾਰੇ ਚਾਨਣ ਪਾਇਆ ਗਿਆ ਹੈ।

**ਪੰਜਵਾਂ ਅਧਿਆਇ: ਕਬੀਰ ਕਾਵਿ ਰੂਪਾਂ ਦਾ ਮੁਲਾਂਕਣ** ਕਰਦਿਆਂ ਖੋਜਾਰਥੀ ਨੇ ਦਰਸਾਇਆ ਹੈ ਕਿ ਉਨ੍ਹਾਂ ਨੇ ਆਪਣੇ ਕਾਵਿ ਵਿਚ ਕਿਹੜੇ-ਕਿਹੜੇ ਕਾਵਿ ਰੂਪ ਵਰਤੋਂ ਵਿਚ ਲਿਆਂਦੇ ਹਨ।

3. **ਡਾ. ਗੁਰਨਾਮ ਕੌਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ, 1985 ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਗਿਆ।**

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਜੀ ਦੀ ਬਾਣੀ ਦਾ ਆਲੋਚਨਾਤਮਕ ਅਧਿਐਨ ਕਰਨ ਹਿਤ ਖੋਜਾਰਥੀ ਨੇ ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਹੈ।

**ਪਹਿਲਾ ਅਧਿਆਇ: ਭਗਤ ਕਬੀਰ-ਜੀਵਨ ਤੇ ਰਚਨਾ ਹੈ।** ਇਸ ਵਿਚ ਖੋਜਾਰਥਣ ਨੇ ਭਗਤ ਕਬੀਰ ਜੀ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਦੂਜੇ ਭਗਤਾਂ ਬਾਰੇ ਸੰਖੇਪ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਬਾਣੀ ਸੰਬੰਧੀ ਵੀ ਜਾਣੂ ਕਰਵਾਇਆ ਗਿਆ ਹੈ।

**ਦੂਜਾ ਅਧਿਆਇ: ਉੱਤਰੀ ਭਾਰਤ ਦੇ ਭਗਤੀ ਅੰਦੋਲਨ ਵਿਚ ਭਗਤ ਕਬੀਰ ਜੀ ਦੀ ਭੂਮਿਕਾ** ਵਿਚ ਖੋਜਾਰਥਣ ਨੇ ਸਰਗੁਣ, ਨਿਰਗੁਣ ਤੇ ਸੂਫੀ ਕਾਵਿ ਧਾਰਾ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕਬੀਰ ਜੀ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਮਾਇਆ ਦਾ ਤਿਆਗ, ਇਕ ਈਸ਼ਵਰ ਦੀ ਭਗਤੀ, ਨਿਮਰਤਾ, ਸੰਤ ਦੀ ਸੰਗਤ, ਜਾਤ-ਪਾਤ ਦਾ ਵਿਰੋਧ, ਅਹੰਕਾਰ ਦਾ ਤਿਆਗ, ਕਿਰਤ ਅਤੇ ਸੰਸਾਰ ਦੀ ਨਾਸ਼ਮਾਨਤਾ ਉਨ੍ਹਾਂ ਦੀ ਭਗਤੀ ਸੰਬੰਧੀ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ ਗਿਆ ਹੈ।

**ਅਧਿਆਇ ਤੀਜਾ: ਕਬੀਰ ਬਾਣੀ ਦੇ ਮੂਲ ਵਿਸ਼ੇ** ਅਧੀਨ ਖੋਜਾਰਥਣ ਨੇ ਭਗਤ ਕਬੀਰ ਜੀ ਦੀ ਬਾਣੀ ਵਿਚਲੇ ਮੁੱਖ ਵਿਸ਼ੇ ਬ੍ਰਹਮ, ਜੀਵਾਤਮਾ, ਮਾਇਆ, ਜਗਤ, ਨਾਸ਼ਮਾਨਤਾ, ਸਰੀਰ, ਕਰਮ, ਸੁੱਖ-ਦੁੱਖ, ਆਵਾਗਮਨ, ਸਵਰਗ-ਨਰਕ, ਮੁਕਤੀ, ਸਾਧਨਾਪੱਖ, ਯੋਗ ਸਾਧਨਾ, ਸਹਿਜਯੋਗ, ਭਗਤੀ ਭਾਵਨਾ, ਭਗਤੀ ਦੇ ਸਾਧਨ ਅਤੇ ਕਬੀਰ ਕਾਵਿ ਦੇ ਸਮਾਜਕ ਪੱਖ ਬਾਰੇ ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਗਿਆ ਹੈ।

**ਚੌਥਾ ਅਧਿਆਇ: ਗੁਰਬਾਣੀ ਦੇ ਸੰਦਰਭ ਵਿਚ ਕਬੀਰ ਬਾਣੀ ਦੀ ਪ੍ਰਸੰਗਿਕਤਾ ਨਾਂ** ਦਾ ਹੈ। ਇਸ ਵਿਚ ਖੋਜਾਰਥਣ ਨੇ ਦੱਸਿਆ ਹੈ ਕਿ ਨਿਰਗੁਣ ਭਗਤ ਕਵੀ ਹੋਣ ਕਰਕੇ ਭਗਤ ਕਬੀਰ ਜੀ ਦਾ ਅਧਿਆਤਮਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਗੁਰਮਤ ਨਾਲ ਮੇਲ ਖਾਂਦਾ ਹੈ। ਭਗਤੀ ਲਹਿਰ ਨਾਲ ਜੁੜ ਕੇ ਕਬੀਰ ਨੇ ਸਮਾਜ ਤੇ ਜੀਵਨ ਦ੍ਰਿਸ਼ਟੀ ਨੂੰ ਵਿਸ਼ਾਲ ਮਨੁੱਖਤਾ ਦੇ ਮੰਗਲਕਾਰੀ ਭਵਿੱਖ ਨਾਲ ਜੋੜਿਆ ਅਤੇ ਕਬੀਰ ਬਾਣੀ ਉੱਪਰ ਸਿੱਧਾਂ, ਨਾਥਾਂ, ਜੋਗੀਆਂ, ਵੇਦਾਂ, ਪੁਰਾਣਾਂ ਅਤੇ ਉਪਨਿਸ਼ਦਾਂ ਦਾ ਪ੍ਰਭਾਵ ਹੈ। ਇਸ ਅਧਿਆਇ ਵਿਚ ਅਕਾਲ ਪੁਰਖ, ਨਾਮ ਸਿਮਰਨ, ਮਾਇਆ, ਸ੍ਰਿਸ਼ਟੀ-ਰਚਨਾ, ਕਰਮ, ਗੁਰੂ, ਸਤਿਸੰਗ ਬਾਰੇ ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਮਿਲਦਾ ਹੈ।

**ਪੰਜਵਾਂ ਅਧਿਆਇ: ਕਬੀਰ ਬਾਣੀ ਦਾ ਭਾਸ਼ਾ-ਸ਼ਿਲਪ ਅਤੇ ਕਾਵਿ ਰੂਪ** ਵਿਚ ਖੋਜਾਰਥਣ ਨੇ ਕਬੀਰ ਬਾਣੀ ਵਿਚਲੀ ਭਾਸ਼ਾ ਬਾਰੇ ਵਿਚਾਰ ਚਰਚਾ ਕਰਨ ਦੇ ਨਾਲ-ਨਾਲ ਉਨ੍ਹਾਂ ਵੱਲੋਂ ਵਰਤੇ ਗਏ ਵੱਖ-ਵੱਖ ਕਾਵਿ ਰੂਪ ਸ਼ਬਦ, ਚੌਂਤਸਾ, ਬਾਵਨ ਅੱਖਰੀ, ਸਤਵਾਰਾ, ਚਾਂਚਰ, ਬਸੰਤ, ਹਿੰਡੋਲਾ, ਬੇਲਿ, ਵਿਪਰਮਤੀਸੀ, ਕਹਿਰਾ, ਬਿਰਹੁਲੀ ਅਤੇ ਕਬੀਰ ਦੀਆਂ ਉਲਟਬਾਸੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ।

4. **ਡਾ. ਅਮਨਦੀਪ ਕੌਰ ਹੀਰਾ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ, 1985 ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਅਲੋਚਨਾਤਮਕ ਅਧਿਐਨ ਪੇਸ਼ ਕੀਤਾ ਗਿਆ।**

**ਪਹਿਲਾ ਅਧਿਆਇ: ਦਲਿਤ ਚੇਤਨਾ ਸਰੂਪ ਤੇ ਸਿਧਾਂਤ ਬਾਰੇ** ਖੋਜਾਰਥਣ ਨੇ ਗੱਲ ਕਰਦਿਆਂ ਦਲਿਤ ਪਦ ਦੀ ਪਰਿਭਾਸ਼ਾ ਦੇਣ ਦੇ ਨਾਲ-ਨਾਲ ਇਸ ਦੇ ਇਤਿਹਾਸਕ ਪਿਛੋਕੜ, ਭਾਰਤ ਵਿਚ ਜਾਤ-ਪਾਤ ਦਾ ਜਨਮ ਤੇ ਵਿਕਾਸ ਬਾਰੇ ਗੱਲ ਕਰਨ ਦੇ ਨਾਲ-ਨਾਲ ਦਲਿਤ ਵਰਗ ਦੇ ਕਿੱਤਿਆਂ ਬਾਰੇ ਵੀ ਚਰਚਾ ਕੀਤੀ ਗਈ ਹੈ। ਦਲਿਤ ਚੇਤਨਾ ਆਪਣੇ ਵਿਕਾਸ ਵਿਚ, ਜਿਨ੍ਹਾਂ ਪ੍ਰਸ਼ਨਾਂ ਨਾਲ ਦੋ ਚਾਰ ਹੁੰਦੀ ਹੈ, ਵੱਲ ਵੀ ਸੰਕੇਤ ਕੀਤੇ ਗਏ ਹਨ।

**ਦੂਜਾ ਅਧਿਆਇ: ਭਗਤ ਕਬੀਰ ਬਾਣੀ ਸ੍ਰੋਤ ਤੇ ਮਹੱਤਵ** ਵਿਚ ਖੋਜਾਰਥਣ ਨੇ ਭਗਤ ਕਬੀਰ ਜੀ ਦੀ ਬਾਣੀ ਦੇ ਸਰੋਤ ਲੱਭਣ ਦਾ ਯਤਨ ਕੀਤਾ ਗਿਆ ਹੈ ਕਿ ਭਗਤ ਕਬੀਰ ਜੀ ਦੀ ਬਾਣੀ ਕਿਹੜੇ-ਕਿਹੜੇ ਰੂਪ ਵਿਚ ਉਪਲਬਧ ਹੈ ਅਤੇ ਕਿਹੜੀ ਬਾਣੀ ਪ੍ਰਮਾਣਿਕ ਹੈ ਅਤੇ ਉਸ ਦਾ ਮਹੱਤਵ ਕੀ ਹੈ, ਨੂੰ ਜਾਣਨ ਦਾ ਯਤਨ ਕੀਤਾ ਗਿਆ ਹੈ।

**ਤੀਜਾ ਅਧਿਆਇ: ਕਬੀਰ ਬਾਣੀ ਸਮਾਜਕ ਤੇ ਨੈਤਿਕ ਮਹੱਤਵ** ਰਾਹੀਂ ਖੋਜਾਰਥਣ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ ਦੇ ਆਧਾਰ 'ਤੇ ਇਸ ਬਾਣੀ ਦਾ ਸਮਾਜਕ ਤੇ ਨੈਤਿਕ ਮਹੱਤਵ ਪਤਾ ਲਗਾਉਣ ਦਾ ਉਪਰਾਲਾ ਕੀਤਾ ਹੈ। ਇਸ ਦੇ ਨਾਲ ਹੀ ਉਸ ਵੇਲੇ ਦੇ ਸਮਾਜਕ ਹਾਲਾਤ ਕਿਸ ਤਰ੍ਹਾਂ ਦੇ ਸਨ ਦੀ ਜਾਣਕਾਰੀ ਹਾਸਿਲ ਕਰਨ ਦੇ ਨਾਲ-ਨਾਲ ਭਗਤ ਕਬੀਰ ਜੀ ਵਲੋਂ ਇਸ ਸਮਾਜ ਦਾ ਕਿਵੇਂ ਟਾਕਰਾ ਕੀਤਾ ਤੇ

ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਂਦਿਆਂ ਹੋਇਆ ਸਮਾਜਕ ਕਮਜ਼ੋਰੀਆਂ ਨੂੰ ਕਿਵੇਂ ਰੱਦ ਕਰਦੇ ਹਨ, ਉਪਰ ਵੰਡੀਆਂ ਦੇ ਵਿਰੋਧ ਵਿਚ ਕਿਵੇਂ ਆਵਾਜ ਬੁਲੰਦ ਕਰਦੇ ਹਨ, ਦਾ ਲੇਖਾ-ਜੋਖਾ ਕੀਤਾ ਗਿਆ ਹੈ।

**ਚੌਥਾ ਅਧਿਆਇ: ਕਬੀਰ ਬਾਣੀ ਵਿਚ ਦਲਿਤ ਚੇਤਨਾ** ਦਾ ਹੈ, ਜੋ ਕਿ ਬਹੁਤ ਮਹੱਤਵਪੂਰਨ ਹੈ। ਇਸ ਵਿਚ ਖੋਜਾਰਥਣ ਨੇ ਇਹ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਬੀਰ ਜੀ ਦੀ ਦਲਿਤ ਚੇਤਨਾ ਸਮਾਜ ਵਿਚ ਜਾਤ-ਪਾਤ, ਛੂਤ-ਛਾਤ ਅਤੇ ਵਰਗ ਵੰਡ ਖਤਮ ਕਰਕੇ ਕਿਵੇਂ ਬਰਾਬਰੀ ਵਾਲਾ ਸਮਾਜ ਉਸਾਰਨਾ ਚਾਹੁੰਦੀ ਹੈ। ਆਪਣੇ ਅਧਿਐਨ ਰਾਹੀਂ ਇਹ ਉਪਰਾਲਾ ਕੀਤਾ ਹੈ ਕਿ ਕਿਵੇਂ ਕਬੀਰ ਜੀ ਦੀ ਦਲਿਤ ਚੇਤਨਾ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਸਥਾਪਤ ਕਰਕੇ ਵਰਗ ਰਹਿਤ ਸਮਾਜ ਨੂੰ ਉਸਾਰਨ ਦਾ ਯਤਨ ਕਰਦੀ ਹੋਈ ਸਮਾਜ ਵਿਚਲੇ ਪਾਖੰਡਾਂ, ਝੂਠੇ ਕਰਮ-ਕਾਡਾਂ, ਤੀਰਥ ਇਸ਼ਨਾਵਾਂ, ਮੂਰਤੀ ਪੂਜਾ ਆਦਿ ਦਾ ਵਿਰੋਧ ਕਰਦੀ ਹੋਈ ਤਬਦੀਲੀ ਦਾ ਸੰਦੇਸ਼ ਸੰਚਾਰਿਤ ਕਰਦੀ ਹੈ।

**ਪੰਜਵਾਂ ਅਧਿਆਇ: ਕਬੀਰ ਬਾਣੀ ਦੀ ਦਲਿਤ ਚੇਤਨਾ ਤੇ ਭਗਤ ਬਾਣੀ** ਦਾ ਅਧਿਐਨ ਕਰਦਿਆਂ ਖੋਜਾਰਥਣ ਨੇ ਭਗਤ ਕਬੀਰ ਦਾ, ਜੋ ਰੂਪ ਸਾਡੇ ਸਨਮੁੱਖ ਹੁੰਦਾ ਹੈ, ਉਹ ਇਕ ਕ੍ਰਾਂਤੀਕਾਰੀ ਪੁਰਸ਼ ਦਾ ਹੈ। ਭਗਤ ਕਬੀਰ ਜੀ ਉਨ੍ਹਾਂ ਮਾਨਵਵਾਦੀ ਕਦਰਾਂ-ਕੀਮਤਾਂ ਦੀ ਗੱਲ ਬੜੀ ਠੋਕ ਵਜਾ ਕੇ ਕਰਦੇ ਹਨ, ਜਿਹੜੀਆਂ ਕਿ ਉਸ ਵੇਲੇ ਦੇ ਧਾਰਮਿਕ ਆਗੂਆਂ ਨੇ ਕਰਮ-ਕਾਂਡ ਦੀ ਆੜ ਹੇਠ ਦਬਾ ਦਿਤੀਆਂ ਹੋਈਆਂ ਸਨ। ਭਗਤ ਨਾਮਦੇਵ ਜੀ, ਭਗਤ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਭਗਤ ਕਬੀਰ ਬਾਣੀ ਦੇ ਸੰਦਰਭ ਵਿਚ ਉਭਰਦੀ ਦਲਿਤ ਚੇਤਨਾ ਦਾ ਅਧਿਐਨ ਇਹ ਦਰਸਾਉਂਦਾ ਹੈ ਕਿ ਇਨ੍ਹਾਂ ਵਿਚ ਕਿੰਨੀ ਕੁ ਸਾਂਝ ਹੈ।

**ਛੇਵਾਂ ਅਧਿਆਇ: ਕਬੀਰ ਬਾਣੀ ਦੀ ਦਲਿਤ ਚੇਤਨਾ ਦੀ ਪ੍ਰਾਸੰਗਿਕਤਾ ਬਾਰੇ ਹੈ।** ਇਸ ਵਿਚ ਖੋਜਾਰਥਣ ਨੇ ਕਬੀਰ ਜੀ ਦੇ ਵੇਲੇ ਦੀ ਸਮਾਜਕ, ਧਾਰਮਿਕ ਅਤੇ ਰਾਜਨੀਤਕ ਸਥਿਤੀ ਵਿਚ ਪੈਦਾ ਹੋਈ ਭਗਤੀ ਦੇ ਸੰਦਰਭ ਵਿਚ ਭਗਤ ਕਬੀਰ ਜੀ ਨੇ ਦਲਿਤ ਚੇਤਨਾ ਦੀ ਬਣਦੀ ਪ੍ਰਾਸੰਗਿਕਤਾ ਨੂੰ ਵਿਚਾਰਿਆ ਗਿਆ ਹੈ ਤੇ ਆਧੁਨਿਕ ਸਮੇਂ ਵਿਚਲੇ ਸੁਧਾਰਕਾਂ ਰਾਹੀਂ ਇਸਦੇ ਮਹੱਤਵ ਨੂੰ ਪਛਾਣਨ ਦਾ ਉਪਰਾਲਾ ਕੀਤਾ ਗਿਆ ਹੈ।

5. **ਡਾ. ਸਰਨਜੀਤ ਕੌਰ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1985, ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਸ਼ੇਖ ਬਾਬਾ ਫਰੀਦ ਅਤੇ ਕਬੀਰ ਦਾ ਤੁਲਨਾਤਮਕ ਅਧਿਐਨ" ਪੇਸ਼ ਕੀਤਾ ਗਿਆ ਹੈ।**

ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡ ਕੇ ਸ਼ੇਖ ਬਾਬਾ ਫਰੀਦ ਤੇ ਭਗਤ ਕਬੀਰ ਜੀ ਦੇ ਕਾਵਿ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

**ਅਧਿਆਇ ਪਹਿਲਾਂ ਇਸਲਾਮ ਦੇ ਪ੍ਰਵੇਸ਼ ਉਪਰੰਤ ਭਾਰਤੀ ਸਭਿਆਚਾਰ ਦੀ ਪੁਨਰ ਜਾਗ੍ਰਿਤੀ** ਵਿਚ ਖੋਜਾਰਥਣ ਨੇ ਮੁਸਲਮਾਨਾਂ ਦੇ ਆਉਣ ਨਾਲ ਸਾਰੇ ਦੇਸ਼ ਵਿਚ ਸੰਤ ਤੇ ਭਗਤ ਉਠੇ। ਉਨ੍ਹਾਂ ਨੇ ਕੁਝ ਸਾਂਝੇ ਉਦੇਸ਼ ਸਾਹਮਣੇ ਰੱਖਣੇ ਸ਼ੁਰੂ ਕੀਤੇ। ਇਹ ਉਹ ਉਦੇਸ਼ ਸਨ, ਜੋ ਸਾਰੇ ਦੇਸ ਨੂੰ ਇਕਮੁੱਠ ਰੱਖ ਸਕਣ ਤੇ

ਸਾਂਝੇ ਖਤਰਿਆਂ ਦਾ ਟਾਕਰਾ ਕਰ ਸਕਣ। ਇਨ੍ਹਾਂ ਸਾਂਝੇ ਉਦੇਸ਼ਾ ਦਾ ਮੁਖ ਲੱਛਣ ਇਕ ਰੱਬ ਦੀ ਪੂਜਾ, ਜਾਤ-ਪਾਤ ਰਹਿਤ ਸਮਾਜ ਦੀ ਉਸਾਰੀ ਤੇ ਇਖਲਾਕੀ ਕਦਰਾਂ-ਕੀਮਤਾਂ ਦੀ ਬਹਾਲੀ ਸੀ। ਹਿੰਦੂ ਮੁਸਲਮ ਏਕਤਾ ਨੇ ਭਗਤੀ ਲਹਿਰ ਦਾ ਰੂਪ ਧਾਰਨ ਕੀਤਾ। ਇਸ ਵਿਚ ਇਸਲਾਮ ਦੇ ਵਿਸਥਾਰ ਦਾ ਇਤਿਹਾਸ, ਇਸ ਇਤਿਹਾਸ ਦੇ ਪ੍ਰਸੰਗ ਵਿਚ ਉਨ੍ਹਾਂ ਦਾ ਭਾਰਤ ਵਿਚ ਪ੍ਰਵੇਸ਼ ਤੇ ਫਿਰ ਹਿੰਦੂ ਮੁਸਲਮਾਨਾਂ ਦਾ ਇਕ-ਦੂਜੇ ’ਤੇ ਪ੍ਰਭਾਵ ਅੰਕਿਤ ਹੈ।

**ਅਧਿਆਇ ਦੂਜਾ ਪੰਜਾਬੀ ਸੂਫ਼ੀ ਕਾਵਿ ਤੇ ਹਿੰਦੀ ਭਗਤੀ ਕਾਵਿ ਦਾ ਸਿਧਾਂਤਕ ਪਿਛੋਕੜ** ਵਿਚ ਖੋਜਾਰਥਣ ਨੇ ਸੂਫ਼ੀਮਤ ਤੇ ਸੂਫ਼ੀ ਕਾਵਿ ਦਾ ਪਿਛੋਕੜ, ਭਗਤੀ ਲਹਿਰ, ਭਗਤੀ ਕਾਵਿ ਤੇ ਹਿੰਦੀ ਭਗਤੀ ਕਾਵਿ ਦਾ ਪਿਛੋਕੜ ਬਿਆਨ ਕਰਦਿਆਂ ਸੂਫ਼ੀਮਤ ਤੇ ਭਗਤੀ ਲਹਿਰ ਨੂੰ ਪਰਿਭਾਸ਼ਤ ਕਰਨ ਦੇ ਨਾਲ-ਨਾਲ ਇਨ੍ਹਾਂ ਦੇ ਸੰਚਾਲਕਾਂ ਦਾ ਜ਼ਿਕਰ ਹੈ।

**ਅਧਿਆਇ ਤੀਜਾ ਸ਼ੇਖ ਬਾਬਾ ਫਰੀਦ ਤੇ ਭਗਤ ਕਬੀਰ ਦਾ ਸਮਾਂ ਤੇ ਸਮਕਾਲੀਨ ਸਥਿਤੀ** ਵਿਚ ਖੋਜਾਰਥਣ ਨੇ ਇਨ੍ਹਾਂ ਦੋਵਾਂ ਮਹਾਂਪੁਰਸ਼ਾਂ ਦੀ ਸਮਕਾਲੀਨ ਸਥਿਤੀ ਦਾ ਵੇਰਵਾ ਦਿੱਤਾ ਗਿਆ ਹੈ।

**ਅਧਿਆਇ ਚੌਥਾ ਭਗਤ ਫਰੀਦ ਜੀ ਤੇ ਕਬੀਰ ਜੀ ਦੇ ਚਿੰਤਨਾਂ ਤੇ ਅਨੁਭਵ ਦੀਆਂ ਸਮਾਨਵਤਾਵਾਂ ਤੇ ਭਿੰਨਤਾਵਾਂ** ਵਿਚ ਖੋਜਾਰਥਣ ਨੇ ਭਗਤ ਫਰੀਦ ਜੀ ਤੇ ਭਗਤ ਕਬੀਰ ਜੀ ਦੇ ਦਰਸ਼ਨ ਦੀਆਂ ਸਮਾਨਤਾਵਾਂ ਤੇ ਭਿੰਨਤਾਵਾਂ ਨੂੰ ਦਰਸਾਇਆ ਗਿਆ ਹੈ।

**ਅਧਿਆਇ ਪੰਜਵਾਂ ਭਗਤ ਫਰੀਦ ਜੀ ਤੇ ਭਗਤ ਕਬੀਰ ਜੀ ਦਾ ਕਾਵਿ ਸ਼ਿਲਪ ਵਿਚ** ਖੋਜਾਰਥਣ ਨੇ ਬਾਬਾ ਫਰੀਦ ਤੇ ਭਗਤ ਕਬੀਰ ਜੀ ਦੀ ਕਾਵਿ ਸ਼ਿਲਪ ਬਾਰੇ ਚਰਚਾ ਹੈ। ਇਸ ਵਿਚ ਦੋਵਾਂ ਦੀ ਬਾਣੀ ਦੇ ਰਾਗਾਂ, ਕਾਵਿ ਰੂਪ, ਛੰਦ, ਬਿੰਬ, ਪ੍ਰਤੀਕ, ਭਾਸ਼ਾ ਤੇ ਹੋਰ ਕਾਵਿ ਜੁਗਤਾਂ ਜਿਵੇਂ ਦਵੰਦ, ਵਿਅੰਗ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।

6. **ਡਾ ਨਿਰਮਲ ਸਿੰਘ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1990 ਰਾਹੀਂ ਸੰਪੰਨ ਹੋਏ ਇਹ ਖੋਜ ਪ੍ਰਬੰਧ ਗੁਰੂ ਰਵਿਦਾਸ ਦੀ ਬਾਣੀ ਵਿਚ ਸਮਾਜਕ ਚੇਤਨਾ ਪੇਸ਼ ਕੀਤਾ ਗਿਆ।**

ਖੋਜ ਪ੍ਰਬੰਧ ਦੇ ਅਧਿਆਇ ਪਹਿਲਾ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੇ ਸਮੇਂ ਦੇ ਰਾਜਸੀ, ਸਮਾਜਕ ਤੇ ਧਾਰਮਿਕ ਹਾਲਾਤ ਤੇ ਸਭਿਆਚਾਰਕ ਤੇ ਸਾਹਿਤਕ ਝੁਕਾਵਾਂ ਦਾ ਅਧਿਐਨ ਕੀਤਾ ਹੈ।

ਅਧਿਆਇ ਦੂਜਾ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਤੇ ਭਗਤੀ ਲਹਿਰ ਦੇ ਪ੍ਰਚੱਲਤ ਮੱਤ ਮੱਤਾਂਤਰ ਸ਼ੰਕਰ ਮਾਧਵਚਾਰੀਆ, ਨਿੰਬਾਰਕ ਦੇ ਚਿੰਤਨਾਂ ਦਾ ਅਧਿਐਨ ਕੀਤਾ ਹੈ ਅਤੇ ਰਾਮਾਨੰਦ ਜੀ ਤੇ ਵਾਰਕਾਰੀ ਸੰਪਰਦਾ ਨੂੰ ਵੀ ਵਿਚਾਰਿਆ ਹੈ।

ਅਧਿਆਇ ਤੀਜਾ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੀ ਜੀਵਨੀ ਦੇ ਉਪਲਬਧ ਸੋਮਿਆਂ ਨੂੰ ਵਿਚਾਰ ਕੇ ਉਨ੍ਹਾਂ ਦੀ ਪ੍ਰਮਾਣਿਕਤਾ ਪਰਖ ਕੇ ਭਗਤ ਰਵਿਦਾਸ ਜੀ ਦੇ ਜਨਮ ਸੰਮਤ, ਮਾਤਾ-ਪਿਤਾ ਦਾ ਨਾਂ ਉਨ੍ਹਾਂ ਦੇ ਗੁਰੂ ਸ੍ਰੀ ਰਾਮਾਨੰਦ ਹੋਣ ਬਾਰੇ ਸਿੱਟਾ ਕੱਢਿਆ ਹੈ।

ਅਧਿਆਇ ਚੌਥਾ ਵਿਚ ਖੋਜਾਰਥੀ ਨੇ ਸਮਾਜਕ ਚੇਤਨਾ ਦੀ ਪਰਿਭਾਸ਼ਾ ਕੀਤੀ ਹੈ ਤੇ ਭਾਰਤ ਦੀ ਵਰਣ ਵਿਵਸਥਾ ਬੋਧੀ, ਜੈਨ ਮੱਤ, ਸ਼ੈਵ ਸਾਕਤ, ਵਾਮ ਮਾਰਗ, ਨਾਥ ਸੰਪਰਦਾ ਤੇ ਸੂਫੀ ਵਾਦ ਦਾ ਅਧਿਐਨ ਕੀਤਾ ਹੈ। ਗੁਰੂ ਜੀ ਦੇ ਸੁਪਨਿਆਂ ਦੇ ਸਮਾਜ ਦੀ ਰੂਪ ਰੇਖਾ ਨੂੰ ਵੀ ਉਘਾੜਿਆ ਹੈ।

ਅਧਿਆਇ ਪੰਜਵਾਂ ਵਿਚ ਖੋਜਾਰਥੀ ਨੇ ਰਜਵਾੜਾਸ਼ਾਹੀ ਤੇ ਭਗਤ ਰਵਿਦਾਸ ਜੀ ਬ੍ਰਾਹਮਣ ਵਰਗ ਤੇ ਰਵਿਦਾਸ ਦੇ ਆਪਸੀ ਸੰਬੰਧਾਂ ਦਾ ਅਧਿਐਨ ਕੀਤਾ ਹੈ। ਸੂਫੀਵਾਦ ਤੇ ਜੈਨ ਮੱਤ, ਵੈਸ਼ਣਵ ਮੱਤ ਤੇ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ ਕੀਤਾ ਹੈ।

ਅਧਿਆਇ ਛੇਵਾਂ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੀ ਆਧੁਨਿਕ ਯੁੱਗ ਵਿਚ ਪ੍ਰਸਗਿਕਤਾ ਤੇ ਰਵਿਦਾਸ ਜੀ ਦੀ ਸਿੱਖਿਆ ਦੇ ਭਾਵੀ ਸਮਾਜਕ ਸੰਸਥਾਵਾਂ ਤੇ ਪ੍ਰਭਾਵ ਨੂੰ ਦਰਸਾਇਆ ਹੈ।

**7. ਡਾ. ਗਿਤਾਲੀ ਵਰਮਾ ਵਲੋਂ ਪੰਜਾਬੀ ਯੂਨੀਵਰਸਿਟੀ ਚੰਡੀਗੜ, 1991, ਰਾਹੀਂ ਸਪੰਨ ਹੋਏ ਇਹ ਖੋਜ ਪ੍ਰਬੰਧ "ਭਗਤ ਰਵਿਦਾਸ ਜੀ ਅਤੇ ਕਬੀਰ ਦਾ ਤੁਲਨਾਤਮਕ ਅਧਿਐਨ" ਪੇਸ਼ ਕੀਤਾ ਗਿਆ।**

ਇਸ ਖੋਜ ਪ੍ਰਬੰਧ ਵਿਚ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੀ ਬਾਣੀ ਦਾ ਸਮਾਜਕ ਦ੍ਰਿਸ਼ਟੀ ਤੋਂ ਤੁਲਨਾਤਮਕ ਅਧਿਐਨ ਕਰਦਿਆਂ ਖੋਜਾਰਥੀ ਨੇ ਇਸ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਹੈ।

**ਅਧਿਆਇ ਪਹਿਲਾਂ ਭਗਤ ਰਵਿਦਾਸ ਜੀ ਭਗਤ ਕਬੀਰ ਜੀ ਵਿਚ ਤਤਕਾਲੀਨ ਪ੍ਰਸਥਿਤੀਆਂ** ਵਿਚ ਖੋਜਾਰਥਣ ਨੇ ਇਨ੍ਹਾਂ ਦੋਵਾਂ ਪੁਰਸ਼ਾਂ ਦੇ ਸਮੇਂ ਦੀਆਂ ਸਮਾਜਕ, ਰਾਜਨੀਤਿਕ, ਸਾਹਿਤਕ ਅਤੇ ਸਾਸਕ੍ਰਿਤਕ ਸਥਿਤੀਆ ਦੇ ਬਿਆਨ ਤੋਂ ਪਤਾ ਲਗਦਾ ਹੈ ਕਿ ਵਿਰੋਧੀ ਪ੍ਰਸਥਿਤੀਆਂ ਵਿਚ ਵੀ ਭਗਤ ਕਬੀਰ ਤੇ ਭਗਤ ਰਵਿਦਾਸ ਜੀ ਨੇ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ। ਮੱਧਯੁਗ ਵਿਚ ਜਿਤਨਾ ਉਪਕਾਰ ਇਨ੍ਹਾਂ ਸ਼ਖਸੀਅਤਾਂ ਨੇ ਕੀਤਾ, ਓਨਾ ਕੋਈ ਹੋਰ ਨਾ ਕਰ ਸਕਿਆ।

**ਅਧਿਆਇ ਦੂਜਾ ਗੁਰੂ ਰਵਿਦਾਸ ਔਰ ਸੰਤ ਕਬੀਰ ਜੀਵਨ ਵ੍ਰਿਤ** ਵਿਚ ਖੋਜਾਰਥਣ ਨੇ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੇ ਜੀਵਨ ਸੰਬੰਧੀ ਵੇਰਵੇ ਦਾ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ।

**ਅਧਿਆਇ ਤੀਜਾ ਗੁਰੂ ਰਵਿਦਾਸ ਔਰ ਸੰਤ ਕਬੀਰ ਕੀ ਵਿਚਾਰਧਾਰਾ ਦੇ ਅੰਤਰਗਤ ਵਿਚ** ਖੋਜਾਰਥਣ ਨੇ ਦੱਸਿਆ ਗਿਆ ਹੈ ਕਿ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਨਿਰਗੁਣ ਬ੍ਰਹਮ ਦੀ ਉਪਾਸਨਾ ਕਰਦੇ ਸਨ। ਇਨ੍ਹਾਂ ਮਹਾਂ ਪੁਰਸ਼ਾਂ ਨੇ ਬ੍ਰਹਮ, ਜੀਵਾਤਮਾ, ਜੀਵ, ਮਾਇਆ ਅਤੇ ਜਗਤ ਦੀ ਵਿਆਖਿਆ ਆਪਣੇ ਢੰਗ ਨਾਲ ਕੀਤੀ।

**ਅਧਿਆਇ ਚੌਥਾ ਗੁਰੂ ਰਵਿਦਾਸ ਔਰ ਸੰਤ ਕਬੀਰ ਕਾ ਸਮਾਜਕ ਦ੍ਰਿਸ਼ਟੀਕੋਣ** ਅਨੁਸਾਰ ਖੋਜਾਰਥਣ ਨੇ ਇਹ ਦੋਵੇਂ ਮਹਾਂਪੁਰਸ਼ ਸਮਾਜਕ ਦ੍ਰਿਸ਼ਟੀਕੋਣ ਤੋਂ ਸਮਾਜ ਵਿਚਲੀ ਜਾਤ-ਪਾਤ, ਊਚ-ਨੀਚ ਦੇ ਵਖਰੇਵੇਂ ਨੂੰ ਰੱਦ ਕਰਕੇ ਨਵੀਂ ਪ੍ਰਕਾਰ ਦਾ ਸਮਾਜ ਸਿਰਜਣਾ ਚਾਹੁੰਦੇ ਸਨ।

**ਅਧਿਆਇ ਪੰਜਵਾਂ ਗੁਰੂ ਰਵਿਦਾਸ ਔਰ ਸੰਤ ਕਬੀਰ ਕੀ ਬਾਣੀ ਮੇਂ ਕਾਵਿਯ ਤੱਤਵ** ਵਿਚ ਖੋਜਾਰਥਣ ਨੇ ਉਨ੍ਹਾਂ ਦੀ ਭਾਸ਼ਾ, ਸ਼ੈਲੀ, ਰਸ, ਛੰਦ, ਅਲੰਕਾਰਾਂ ਅਤੇ ਪ੍ਰਤੀਕ ਵਿਧਾਨ ਦਾ ਅਧਿਐਨ ਕੀਤਾ ਗਿਆ ਹੈ।

**8. ਡਾ. ਕਰਨੈਲ ਸਿੰਘ ਵਲੋਂ ਪੰਜਾਬ ਯੂਨੀਰਸਿਟੀ ਚੰਡੀਗੜ੍ਹ 1992 ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਰਵਿਦਾਸ ਦੀ ਬਾਣੀ ਵਿਚ ਰਹੱਸ-ਅਨੁਭੂਤੀ" ਪੇਸ਼ ਕੀਤਾ ਗਿਆ।**

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਰਹੱਸ-ਅਨੁਭੂਤੀ ਦੇ ਵਿਸ਼ੇ ਦੇ ਸਮੁੱਚੇ ਖੋਜ-ਕਾਰਜ ਨੂੰ ਵਿਧੀਵਤ ਢੰਗ ਨਾਲ ਸੰਪੂਰਨ ਕਰਨ ਲਈ ਖੋਜ-ਪ੍ਰਬੰਧ ਦੀ ਅਧਿਆਇ ਵੰਡ ਕੀਤੀ ਹੈ।

ਪਹਿਲੇ ਅਧਿਆਇ ਵਿੱਚ ਖੋਜਾਰਥੀ ਨੇ ਰਹੱਸਵਾਦ ਦਾ ਸਰੂਪ, ਪਰਿਭਾਸ਼ਾ, ਲੱਛਣ ਅਤੇ ਭੇਦ ਪ੍ਰਸਤੁਤ ਕੀਤੇ ਗਏ ਹਨ। ਰਹੱਸਵਾਦ ਅਤੇ ਅਧਿਆਤਮਵਾਦ, ਰਹੱਸਵਾਦ ਅਤੇ ਦਰਸ਼ਨ, ਰਹੱਸਵਾਦ ਅਤੇ ਛਾਇਆਵਾਦ ਤੋਂ ਇਲਾਵਾ ਪੁਰਾਤਨ ਰਹੱਸਵਾਦ ਅਤੇ ਆਧੁਨਿਕ ਰਹੱਸਵਾਦ ਵਿਚਲੇ ਅੰਤਰ ਨੂੰ ਸਪੱਸ਼ਟ ਕਰਦਾ ਹੈ। ਭਾਰਤ ਅੰਦਰ ਰਹੱਸਵਾਦ ਦੇ ਸੰਦਰਭ ਨੂੰ ਵੀ ਇਸ ਅਧਿਆਇ ਵਿਚ ਪ੍ਰਸਤੁਤ ਕੀਤਾ ਹੈ।

ਦੂਜਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਪਰਾਭੌਤਿਕ ਅਨੁਭੂਤੀ ਦੇ ਤੱਤਾਂ ਅਧੀਨ ਬ੍ਰਹਮ, ਜੀਵ, ਜਗਤ, ਮਾਇਆ ਅਤੇ ਮੁਕਤੀ ਦੇ ਸੰਕਲਪ ਨੂੰ ਵਿਚਾਰ ਕੇ ਭਗਤ ਰਵਿਦਾਸ ਜੀ ਦੀ ਦ੍ਰਿਸ਼ਟੀ ਤੋਂ ਬ੍ਰਹਮ, ਜੀਵ, ਜਗਤ, ਮਾਇਆ ਅਤੇ ਮੁਕਤੀ ਉਪਰ ਵਿਚਾਰ ਕਰਕੇ, ਇਨ੍ਹਾਂ ਤੱਤਾਂ ਸੰਬੰਧੀ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਸਪੱਸ਼ਟ ਕਰਦਾ ਹੈ।

ਤੀਜਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਰਹੱਸ-ਅਨੁਭੂਤੀ ਦੇ ਵਿਸ਼ੇ ਉੱਪਰ ਭਰਪੂਰ ਚਰਚਾ ਕੀਤੀ ਗਈ ਹੈ। ਰਹੱਸ-ਸਾਧਨਾ ਦੇ ਪ੍ਰਮੁੱਖ ਤੱਤਾਂ ਨੂੰ ਆਧਾਰ ਬਣਾ ਕੇ ਭਗਤ ਰਵਿਦਾਸ ਜੀ ਦੀ ਰਹੱਸ-ਸਾਧਨਾ ਵਿਚੋਂ ਉੱਭਰਦੀ ਰਹੱਸ-ਅਨੁਭੂਤੀ ਦੀ ਤਸਵੀਰ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਗਿਆ ਹੈ। ਰਹੱਸ-ਸਾਧਨਾ ਦੇ ਇਨ੍ਹਾਂ ਤੱਤਾਂ ਵਿਚ ਮੁੱਖ ਤੌਰ 'ਤੇ ਆਸਤਿਕਤਾ, ਗੁਰੂ, ਵਿਵੇਕ, ਪ੍ਰਸਾਦਿ, ਨਾਮ ਸਿਮਰਨ, ਕਰਮ-ਸਿਧਾਂਤ, ਸ੍ਰਵਣ-ਕੀਰਤਨ-ਮਨਨ-ਨਿਧਿਆਸਨ, ਪ੍ਰੇਮਾ-ਭਗਤੀ, ਵਿਯੋਗ ਅਨੁਭਵ ਅਤੇ ਸੰਯੋਗ ਅਨੁਭਵ ਨੂੰ ਪ੍ਰਸਤੁਤ ਕੀਤਾ ਗਿਆ ਹੈ।

ਚੌਥਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਅਭਿਵਿਅਕਤੀ ਪੱਖ (ਕਲਾ-ਪੱਖ) ਨੂੰ ਰਹੱਸ-ਅਨੁਭਵ ਦੇ ਆਧਾਰ 'ਤੇ ਪਰਖਿਆ ਗਿਆ ਹੈ।

**9. ਡਾ. ਪਰਮਜੀਤ ਕੌਰ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1994 ਰਾਹੀਂ ਸੰਪੰਨ ਹੋਏ ਇਹ ਖੋਜ ਪ੍ਰਬੰਧ "ਗੁਰੂ ਰਵਿਦਾਸ ਬਾਣੀ ਵਿਚ ਬ੍ਰਹਮ ਦਾ ਸੰਕਲਪ ਪੇਸ਼ ਕੀਤਾ ਗਿਆ।**

ਅਧਿਆਇ ਪਹਿਲਾ ਵਿਚ ਖੋਜਾਰਥਣ ਨੇ ਭਗਤ ਰਵਿਦਾਜ ਜੀ ਦੀ ਜੀਵਨ ਕਥਾ ਦੇ ਵੱਖ-ਵੱਖ ਸਰੋਤਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਦੇ ਜੀਵਨ ਦਾ ਪ੍ਰਮਾਣਿਕ ਵਿਵਰਣ ਪ੍ਰਸਤੁਤ ਕੀਤਾ ਗਿਆ ਹੈ। ਉਨ੍ਹਾਂ ਦਾ ਜਨਮ-ਸਮਾਂ, ਜਨਮ-ਸਥਾਨ, ਅਕਾਲ-ਚਲਾਣੇ ਸੰਬੰਧੀ ਪਾਏ ਜਾਂਦੇ ਵੱਖ-ਵੱਖ ਵਿਚਾਰਾਂ ਨੂੰ ਘੋਖ ਕੇ ਇਕ ਵਿਚਾਰ

ਨਾਲ ਸਹਿਮਤ ਹੋਣ ਦਾ ਪ੍ਰਯਤਨ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਜਿਨ੍ਹਾਂ-ਜਿਨ੍ਹਾਂ ਸਰੋਤਾਂ ਤੋਂ ਵੀ ਉਨ੍ਹਾਂ ਦੀ ਬਾਣੀ ਪ੍ਰਾਪਤ ਹੁੰਦੀ ਹੈ, ਉਨ੍ਹਾਂ ਦਾ ਵੀ ਵੇਰਵਾ ਦਿੱਤਾ ਗਿਆ ਹੈ।

ਅਧਿਆਇ ਦੂਜਾ ਵਿਚ ਖੋਜਾਰਥਣ ਨੇ ਉਸ ਸਮੇਂ ਧਾਰਮਿਕ ਹਾਲਤ ਕੀ ਸੀ, ਦੀ ਜਾਣਕਾਰੀ ਵੀ ਰਵਿਦਾਸ ਬਾਣੀ ਵਿਚੋਂ ਮਿਲਦੀ ਹੈ। ਮੁੱਖ ਤੌਰ ’ਤੇ ਦੋ ਧਰਮ ਚੱਲ ਰਹੇ ਹਨ: ਹਿੰਦੂ ਧਰਮ ਅਤੇ ਮੁਸਲਮਾਨ ਧਰਮ। ਹਿੰਦੂਆਂ ਅਤੇ ਮੁਸਲਮਾਨਾਂ ਦਾ ਆਪਸੀ ਵਿਰੋਧ ਨਿਰੰਤਰ ਚਲ ਰਿਹਾ ਸੀ। ਹਿੰਦੂ ਆਪਣੇ ਹੀ ਲੋਕਾਂ ਨੂੰ ਕੁਰਾਹੇ ਪਾ ਰਹੇ ਸਨ। ਏਨੀਆਂ ਕੁ ਧਾਰਮਿਕ ਕੁਰੀਤੀਆਂ ਸਨ ਕਿ ਆਮ ਆਦਮੀ ਦਾ ਤਾਂ ਸਾਹ ਹੀ ਘੁਟਿਆ ਜਾਂਦਾ। ਭਗਤ ਰਵਿਦਾਸ ਜੀ ਨੇ ਇਨ੍ਹਾਂ ਸਭ ਦੀ, ਧਰਮ ਦੇ ਨਾਂ ਹੇਠ ਹੋ ਰਹੇ ਅਧਰਮ ਨੂੰ ਆਪਣੀ ਰਚਨਾ ਵਿਚ ਥਾਂ ਦਿੱਤੀ ਅਤੇ ਲੋਕਾਈ ਨੂੰ ਸਹੀ ਧਰਮ ਦੀ ਜਾਣਕਾਰੀ ਦਿੱਤੀ। ਸਮਾਜਕ ਹਾਲਾਤ ਇਹ ਸਨ ਕਿ ਸ਼ਾਸਕ ਤੇ ਸ਼ਾਸਤ ਸ੍ਰੇਣੀ ਵਾਲਾ ਫਰਕ ਵਿਦਮਾਨ ਸੀ। ਸਮਾਜਕ ਅਵਸਥਾ ਗਿਰਾਵਟ ਦੇ ਡੂੰਘੇ ਖੱਡੇ ਵਿਚ ਡਿਗਦੀ ਜਾ ਰਹੀ ਸੀ। ਵਰਣ-ਵਿਵਸਥਾ ਨੇ ਐਸਾ ਜ਼ੋਰ ਫੜਿਆ ਹੋਇਆ ਸੀ ਕਿ ਭਗਤ ਰਵਿਦਾਸ ਵਰਗੇ ਠੰਡੇ-ਸ਼ਾਂਤ ਸੁਭਾਅ ਦੇ ਮਾਲਿਕ ਨੂੰ ਵੀ ਇਨ੍ਹਾਂ ਦੇ ਵਿਰੋਧ ਵਿਚ ਆਵਾਜ਼ ਉਠਾਉਣੀ ਪਈ।

ਅਧਿਆਇ ਤੀਜਾ ਵਿਚ ਖੋਜਾਰਥਣ ਨੇ ‘ਭਾਰਤੀ ਦਰਸ਼ਨ ਵਿਚ ਬ੍ਰਹਮਾ ਦਾ ਸੰਕਲਪ ਦੇ ਸਿਰਲੇਖ ਹੇਠ ਭਾਰਤੀ ਦਰਸ਼ਨ ਦੀਆਂ ਛੇ ਪ੍ਰਣਾਲੀਆਂ ਦਾ ਸੰਖੇਪ ਪਰਿਚਯ ਦਿੰਦੇ ਹੋਏ ਬ੍ਰਹਮਾ ਦੇ ਸੰਕਲਪ ਅਤੇ ਮਹੱਤਵ ਬਾਰੇ ਵਿਚਾਰ ਕੀਤੀ ਗਈ ਹੈ। ਰਿਗਵੇਦ ਤੋਂ ਲੈ ਕੇ ਵੇਦਾਂਤ ਦਰਸ਼ਨ ਦੇ ਉੱਤਰਕਾਲ ਤੱਕ ਬ੍ਰਹਮ ਦੇ ਮਹਾਨ ਸਰੂਪ ਦੀ ਜੋ ਕਲਪਨਾ ਭਾਰਤੀ ਦਰਸ਼ਨ ਵਿਚ ਲੱਭਦੀ ਹੈ, ਉਸ ਅਨੁਸਾਰ ‘ਬ੍ਰਹਮ’ ਨੂੰ ਵਿਸ਼ਵ ਵਿਚ ਅਦੁੱਤੀ ਚਰਮ-ਸ਼ਕਤੀ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਉਸ ਨੂੰ ਪ੍ਰਜਾਪਤੀ, ਪੁਰਸ਼ ਤੇ ਪ੍ਰਾਣ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਬ੍ਰਹਮ ਦੇ ਸਵਸੰਭੂ, ਰੂਪ, ਬ੍ਰਹਮ ਦੁਆਰਾ ਬ੍ਰਹਿਮੰਡ ਦੀ ਸਿਰਜਨਾ, ਬ੍ਰਹਮ ਦਾ ਬ੍ਰਹਿਮੰਡ ਵਿਚ ਦੋ ਸਰੂਪਾਂ-ਨਾਮ ਤੇ ਰੂਪ ਵਿਚ ਪਰਿਵੇਸ਼ ਅਤੇ ‘ਬ੍ਰਹਮ’ ਦੇ ਪਾਣੀ ਅਧਾਰ, ਸਵਾਮੀ ਤੇ ਸ਼ਾਸਕ ਪੱਖਾਂ ਤੋਂ ਅਧਿਐਨ ਕੀਤਾ ਗਿਆ ਹੈ। ਵੇਦਾਂ, ਪੁਰਾਣਾਂ, ਗੀਤਾ, ਉਪਨਿਸ਼ਦਾਂ ਆਦਿ ਵਿਚ ਬ੍ਰਹਮ ਦੀ ਜੋ ਤਸਵੀਰ ਮਿਲਦੀ ਹੈ, ਉਸ ਦਾ ਵਰਨਣ ਕੀਤਾ ਹੈ। ਨਾਲ ਹੀ ਭਗਤ ਰਵਿਦਾਸ ਬਾਣੀ ਦੇ ‘ਬ੍ਰਹਮ ਸੰਕਲਪ’ ਨੂੰ ਇਸ ਪਰਿਪੇਖ ਰੱਖ ਕੇ ਵਿਚਾਰਿਆ ਗਿਆ ਹੈ।

ਅਧਿਆਇ ਚੌਥਾ ਵਿਚ ਖੋਜਾਰਥਣ ਭਗਤ ਰਵਿਦਾਸ ਦੇ ਪੂਰਵਵਰਤੀ ਅਤੇ ਸਮਕਾਲੀ ਸੰਤਾਂ-ਭਗਤਾਂ ਦੀ ਬਾਣੀ ਨੂੰ ਪੜਚੋਲ ਕੇ ਉਸ ਵਿਚੋਂ ਬ੍ਰਹਮ ਸੰਬੰਧੀ ਮਿਲਦੇ ਹਵਾਲਿਆਂ ਦਾ ਵਰਨਣ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਪੂਰਵਵਰਤੀ ਭਗਤ ਜੈਦੇਵ, ਸ਼ੇਖ ਫਰੀਦ, ਭਗਤ ਤ੍ਰਿਲੋਚਨ, ਭਗਤ ਨਾਮਦੇਵ, ਭਗਤ ਸਾਧਨਾ, ਜੈਨ, ਸਵਾਮੀ ਰਾਮਾਨੰਦ ਅਤੇ ਸਮਕਾਲੀ ਭਗਤ ਕਬੀਰ ਜੀ ਦੀ ਬਾਣੀ ਨੂੰ ਪੜਚੋਲਿਆ ਹੈ। ਇਨ੍ਹਾਂ ਨੇ ਬ੍ਰਹਮ ਦੀ ਸਰਵ-ਵਿਆਪਕਤਾ, ਘਟ-ਘਟ ਦਾ ਜਾਨਣਹਾਰ, ਸ੍ਰਿਸ਼ਟੀ ਦਾ ਪਾਲਕ ਆਦਿ ਰੂਪਾਂ ਦੀ ਕਲਪਨਾ ਕੀਤੀ ਹੈ। ਇਹੀ ਸਭ ਰੂਪ ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਵੀ ਮਿਲਦੇ ਹਨ। ਇਥੇ ਇਹ ਯਤਨ ਕੀਤਾ ਗਿਆ ਹੈ ਕਿ ਉਨ੍ਹਾਂ ਭਗਤਾਂ ਦੀ ਬਾਣੀ ਵਿਚਲੇ ‘ਬ੍ਰਹਮ’ ਸੰਕਲਪ ਦਾ ਰਵਿਦਾਸ ਬਾਣੀ ਉਤੇ

ਪਏ ਪ੍ਰਭਾਵ ਨੂੰ ਉਜਾਗਰ ਕੀਤਾ ਹੀ ਨਹੀਂ ਜਾਵੇ ਸਗੋਂ ਜਾਵੇ, ਸਮਾਨਤਾ ਅਤੇ ਅਸਮਾਨਤਾ ਨੂੰ ਦਰਸਾਇਆ ਗਿਆ ਹੈ।

ਅਧਿਆਇ ਪੰਜਵਾਂ ਖੋਜਾਰਥਣ ਨੇ ਜੋ ਕਿ ਖੋਜ ਦਾ ਵਿਸ਼ੇਸ਼ ਅਧਿਆਇ ਹੈ, ਵਿਚ ਭਗਤ ਰਵਿਦਾਸ ਜੀ ਬਾਣੀ ਦੀ 'ਦਾਰਸ਼ਨਕਿਤਾ' ਦਾ 'ਬ੍ਰਹਮ' ਦੇ ਪ੍ਰਸੰਗ ਵਿਚ ਅਧਿਐਨ ਕੀਤਾ ਗਿਆ। ਬੇਸ਼ਕ ਭਗਤ ਰਵਿਦਾਸ ਜੀ ਦੁਨਿਆਵੀ ਤੌਰ 'ਤੇ ਪੜ੍ਹੇ ਲਿਖੇ ਨਹੀਂ ਸੀ, ਪਰ ਉਨ੍ਹਾਂ ਨੂੰ ਭਾਰਤੀ ਦਰਸ਼ਨ ਦੀ ਸੂਝ-ਬੂਝ ਜ਼ਰੂਰ ਸੀ। ਇਸ ਦੀ ਉਦਾਹਰਨ ਉਨ੍ਹਾਂ ਦੀ ਬਾਣੀ ਵਿਚੋਂ ਹੀ ਮਿਲ ਜਾਂਦੀ ਹੈ। ਭਗਤ ਰਵਿਦਾਸ ਜੀ ਬਾਣੀ ਵਿਚ 'ਬ੍ਰਹਮ' ਦੇ ਸੰਕਲਪ ਦੀ ਵਿਆਖਿਆ ਭਾਰਤੀ ਦਰਸ਼ਨ ਦੇ ਅਨੁਰੂਪ ਹੈ। ਉਹ ਬ੍ਰਹਮ ਦੇ ਨਾਮ ਅਤੇ ਰੂਪ ਦੋਹਾਂ ਪੱਖਾਂ ਨੂੰ ਉਜਾਗਰ ਕਰਦੇ ਹਨ। 'ਬ੍ਰਹਮ' ਨੂੰ ਸ੍ਵਯੰਭੂ, ਸਵਾਮੀ ਅਤੇ ਸ਼ਾਸਕ ਸਰੂਪ ਵਿਚ ਸਵੀਕਾਰਦੇ ਹਨ। ਭਗਤ ਰਵਿਦਾਸ ਜੀ ਨੇ ਬ੍ਰਹਮ ਦੇ ਤੱਤਕਾਲੀ ਸਰੂਪ, ਵਿਸ਼ਵ ਦੀ ਬ੍ਰਹਮ ਉੱਤੇ ਨਿਰਭਰਤਾ ਅਤੇ ਬ੍ਰਹਮ ਨੂੰ ਇਕ ਮਹਾਨ ਪ੍ਰੇਰਕ ਸ਼ਕਤੀ ਦੇ ਸਰੂਪ ਵਿਚ ਗ੍ਰਹਿਣ ਕੀਤਾ ਹੈ। ਭਗਤ ਰਵਿਦਾਸ ਬਾਣੀ ਵਿਚ ਮਿਲਦੇ ਬ੍ਰਹਮ ਅਤੇ ਜੀਵ, ਬ੍ਰਹਮ ਅਤੇ ਜਗਤ ਦੇ ਸੰਬੰਧਾਂ ਬਾਰੇ ਵੀ ਵਿਚਾਰ ਕੀਤੀ ਹੈ।

ਅਧਿਆਇ ਛੇਵਾਂ ਵਿਚ ਖੋਜਾਰਥਣ ਭਗਤ ਰਵਿਦਾਸ ਜੀ ਦੇ ਬ੍ਰਹਮ-ਸੰਕਲਪ ਦਾ ਹੋਰ ਭਗਤ ਕਵੀਆਂ ਅਤੇ ਗੁਰਬਾਣੀ ਵਿਚਲੇ ਬ੍ਰਹਮ ਸੰਕਲਪ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਅਤੇ ਦੂਸਰੇ ਭਗਤ ਕਵੀਆਂ ਦੇ ਬ੍ਰਹਮ ਸੰਕਲਪ-ਨਾਲ ਟਾਕਰਾ ਕਰਦੇ ਹੋਏ ਭਗਤ ਰਵਿਦਾਸ ਜੀ ਦੇ ਬ੍ਰਹਮ ਸੰਕਲਪ ਨੂੰ ਪਛਾਨਣ ਦਾ ਯਤਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੀ ਬਾਣੀ ਨਾਲ ਵੀ ਭਗਤ ਰਵਿਦਾਸ ਬਾਣੀ ਦਾ ਟਾਕਰਾ ਕੀਤਾ ਗਿਆ ਹੈ।

**10. ਗਿਆਨ ਚੰਦਰ ਕੌਲ ਵਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1994, ਰਾਹੀਂ ਸੰਪੰਨ ਹੋਏ ਖੋਜ-ਪ੍ਰਬੰਧ "ਗੁਰੂ ਰਵਿਦਾਸ ਬਾਣੀ ਦਾ ਦਾਰਸ਼ਨਿਕ ਅਧਿਐਨ" ਪੇਸ਼ ਕੀਤਾ ਗਿਆ।**

ਖੋਜ-ਪ੍ਰਬੰਧ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਹਰ ਵਿਅਕਤੀ ਦੇ ਜੀਵਨ ਵਿਚ ਸਮਕਾਲੀਨ ਪਰਿਸਥਿਤੀਆਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਮਹਾਨ ਪੁਰਸ਼ਾਂ ਦਾ ਜੀਵਨ ਤਾਂ ਕੁਰੀਤੀਆਂ ਭਰਪੂਰ ਪਰਿਸਥਿਤੀਆਂ ਨੂੰ ਪਰਿਵਰਤਿਤ ਕਰਨ ਪ੍ਰਤੀ ਹੀ ਸਮਰਪਿਤ ਹੁੰਦਾ ਹੈ। ਪਹਿਲੇ ਅਧਿਆਇ ਵਿਚ ਅਸੀਂ ਭਗਤ ਰਵਿਦਾਸ ਜੀ ਦੀਆਂ ਸਮਕਾਲੀਨ ਪਰਿਸਥਿਤੀਆਂ, ਉਨ੍ਹਾਂ ਦੀ ਜੀਵਨ-ਕਹਾਣੀ, ਉਨ੍ਹਾਂ ਦੇ ਵਿਅਕਤਿਤਵ ਅਤੇ ਕਿਅਤਿਤਵ ਨੂੰ ਉਲੀਕਿਆ ਹੈ। ਦੂਸਰੇ ਅਧਿਆਇ ਵਿਚ ਭਾਰਤੀ ਦਰਸ਼ਨ ਦੇ ਵਿਭਿੰਨ ਮਤ-ਮਤਾਂਤਰਾਂ ਦਾ ਵਿਵਰਣ ਪ੍ਰਸਤੁਤ ਕੀਤਾ ਗਿਆ ਹੈ, ਜੋ ਭਗਤ ਰਵਿਦਾਸ ਜੀ ਨੂੰ ਇਤਿਹਾਸਕ ਪਿੱਠ-ਭੂਮੀ ਵਿਚੋਂ ਪ੍ਰਾਪਤ ਹੋਏ।

ਭਗਤ ਰਵਿਦਾਸ ਦੇ ਚਿੰਤਨ ਨੂੰ ਅਗਲੇ ਤਿੰਨ ਅਧਿਆਇ ਵਿਚ ਰੂਪਮਾਨ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ ਭਗਤ ਰਵਿਦਾਸ ਬਾਣੀ ਵਿਚ ਬ੍ਰਹਮ ਦੇ ਸੰਕਲਪ ਨੂੰ ਵਿਸਥਾਰ ਸਹਿਤ ਉਲੀਕਿਆ ਗਿਆ ਹੈ। ਭਾਰਤੀ ਦਰਸ਼ਨ ਦੇ ਪ੍ਰਮੁੱਖ ਤੱਤਾਂ-ਜੀਵ, ਜਗਤ ਨੂੰ ਖੋਜ-ਪ੍ਰਬੰਧ ਦੇ ਚੌਥੇ ਅਤੇ ਮਾਇਆ, ਮੁਕਤੀ ਨੂੰ

ਪੰਜਵੇਂ ਅਧਿਆਇ ਵਿਚ ਮੂਰਤੀਮਾਨ ਕੀਤਾ ਗਿਆ ਹੈ। ਚਿੰਤਨ ਦੇ ਇਨ੍ਹਾਂ ਮੂਲ ਤੱਤਾਂ ਬਾਰੇ ਦੀਰਘ ਅਧਿਐਨ ਪ੍ਰਸਤੁਤ ਕਰਨ ਦੇ ਨਾਲ-ਨਾਲ ਭਾਰਤੀ ਦਰਸ਼ਨ ਦੇ ਵਿਭਿੰਨ ਸੰਪ੍ਰਦਾਇਆ ਨਾਲ ਭਗਤ ਰਵਿਦਾਸ-ਦਰਸ਼ਨ ਦੀ ਭਿੰਨਤਾ ਅਤੇ ਅਭਿੰਨਤਾ ਨੂੰ ਦਰਸਾ ਕੇ, ਭਾਰਤੀ ਚਿੰਤਨ ਵਿਚ ਭਗਤ ਰਵਿਦਾਸ – ਦਰਸ਼ਨ ਦੇ ਯੋਗਦਾਨ, ਮਹੱਤਵ ਅਤੇ ਸਥਾਨ ਨੂੰ ਨਿਸ਼ਚਤ ਕਰਕੇ, ਇਸ ਖੋਜ-ਪ੍ਰਬੰਧ ਦੁਆਰਾ ਪੂਰੀ ਸੁਹਿਦਰਤਾ ਨਾਲ ਭਗਤ ਰਵਿਦਾਸ-ਚਿੰਤਨ ਦੀ ਵਿਲੱਖਣਤਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

**11. ਡਾ. ਮੱਘਰ ਸਿੰਘ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1997 ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਗੁਰੂ ਰਵਿਦਾਸ ਜੀ ਦੀ ਬਾਣੀ ਦਾ ਚਿਹਨ ਵਿਗਿਆਨਕ ਅਧਿਐਨ" ਪੇਸ਼ ਕੀਤਾ ਗਿਆ।**

ਭਗਤ ਰਵਿਦਾਸ ਜੀ ਦੀ ਬਾਣੀ ਦੇ ਚਿਹਨ ਵਿਗਿਆਨਿਕ ਅਧਿਐਨ ਲਈ ਖੋਜ ਪ੍ਰਬੰਧ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ ਸਿਧਾਂਤਕ ਪਰਿਪੇਖ ਨਾਲ ਸੰਬੰਧਤ ਹੈ। ਇਸ ਵਿਚ ਖੋਜਾਰਥੀ ਨੇ ਚਿਹਨ ਵਿਗਿਆਨ ਦਾ ਇਤਿਹਾਸਿਕ ਪਰਿਪੇਖ, ਚਿਹਨ ਵਿਗਿਆਨ ਦੀਆਂ ਪਰਿਭਾਸ਼ਾਵਾਂ, ਚਿਹਨ ਵਿਗਿਆਨ ਦਾ ਸਰੂਪ ਅਤੇ ਸੁਭਾਅ ਖੇਤਰ ਤੱਤ ਅਤੇ ਫਰੀਦਨ-ਦਾ-ਸੌਸਿਊਰ ਦੇ ਚਿਹਨ ਵਿਗਿਆਨਕ ਸੰਕਲਪਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ।

ਦੂਜਾ ਅਧਿਆਇ ਵਿਚ ਮੱਧਕਾਲੀਨ ਦਰਸ਼ਨ ਪੱਧਤੀਆਂ ਦਾ ਚਿਹਨ ਵਿਧਾਨ ਉਦੈ ਹੁੰਦਾ ਹੈ। ਇਸ ਵਿਚ ਖੋਜਾਰਥੀ ਨੇ ਭਾਰਤੀ ਦਰਸ਼ਨ ਦਾ ਸਾਧ ਅਤੇ ਸਵਰੂਪ, ਬ੍ਰਹਮ, ਜੀਵ, ਮੁਕਤੀ ਅਤੇ ਮੋਕਸ਼ ਦਾ ਚਿਹਨੀਕਰਣ ਸ਼ੁਕਰਾਚਾਰੀਆਂ ਦੇ ਅਦਵੈਤਵਾਦ ਤੋਂ ਸ਼ੁਰੂ ਹੋ ਕੇ, ਵਸ਼ਿਸ਼ਟ-ਅਦਵੈਤਵਾਦ, ਦਵੈਤਵਾਦ, ਦਵੈਤ-ਅਦਵੈਤਵਾਦ, ਸ਼ੁੱਧ ਅਵੈਤਵਾਦ, ਸਿੱਧ ਨਾਥ ਸੰਪਰਦਾਇ ਪ੍ਰਸਤੁਤ ਕਰਦਾ ਹੋਇਆ ਮੱਧ ਸੰਤ ਭਗਤ ਕਾਵਿਧਾਰਾ ਸਰਗੁਣ ਤੇ ਨਿਰਗੁਣ ਸਵਰੂਪ ਵਿਚ ਚਿਹਨਤ ਹੁੰਦਾ ਹੈ।

ਤੀਜਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੀ ਬਾਣੀ ਦੀ ਮੱਧਯੁਗ ਵਿਚ ਭਗਤੀ ਲਹਿਰ ਦੇ ਉਥਾਨ ਵਜੋਂ ਅਤੇ ਸਮਕਾਲੀ ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਮਾਜਕ ਵਿਵਸਥਾਵਾਂ ਦੇ ਪ੍ਰਸੰਗ ਵਿਚ ਸਮੁੱਚੀ ਮਾਨਵਤਾ ਅਤੇ ਜਾਤੀ-ਪਾਤੀ ਅਤੇ ਕਰਮ-ਕਾਂਡੀ ਸਮਾਜ ਦੁਆਰਾ ਨਪੀੜੀ ਜਾ ਰਹੀ ਦਲਿਤ ਜਾਤੀ ਦੀ ਪੀੜਾ ਹਰਨ ਲਈ ਰਚੀ ਗਈ ਕਲਿਆਣਕਾਰੀ, ਮੰਗਲਮਈ ਹੈ।

ਚੌਥਾ ਅਧਿਆਇ ਵਿਚ ਖੋਜਾਰਥੀ ਨੇ ਗੁਰੂ ਜੀ ਦੀ ਬਾਣੀ ਦਾ ਚਿਹਨ ਵਿਗਿਆਨਿਕ ਅਧਿਐਨ ਕਰਕੇ, ਭਾਸ਼ਾ ਅਤੇ ਚਿਹਨ-ਵਿਗਿਆਨੀਆਂ ਦੁਆਰਾ ਬਣਾਏ ਹੋਏ ਮਾਡਲਾਂ ਦੀ ਵਰਤੋਂ ਕਰਕੇ, ਬਾਣੀ ਵਿਚਲੇ ਲੁਪਤ ਅਰਥਾਂ ਦੀ ਖੋਜ ਹਿੱਤ ਵਿਹਾਰਕਤਾ ਦਰਸਾਉਣ ਦਾ ਯਤਨ ਕੀਤਾ ਹੈ। ਸਮੁੱਚਾ ਵਿਰੇਚਨ ਹੀ ਵਿਧੀ ਦੀ ਵਿਹਾਰਕਤਾ ਅਤੇ ਚਿਹਨ ਵਿਗਿਆਨਕ ਮਾਨਾਂ ਅਤੇ ਪ੍ਰਤੀਮਾਨਾਂ ਉੱਪਰ ਆਧਾਰਿਤ ਹੈ। ਚਿਹਨ ਵਿਗਿਆਨਕ ਸਮੀਖਿਆ ਦੇ ਨਾਲ-ਨਾਲ ਤੁਰਦਿਆਂ ਦੂਸਰੇ ਸਿਧਾਂਤਕ ਅਤੇ ਦਾਰਸ਼ਨਿਕ ਪਰਿਪੇਖਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਗਿਆ। ਇਹ ਅਧਿਆਇ ਤਾਂ ਸਮੁਚੇ ਰੂਪ ਵਿਚ ਸਭਿਆਚਾਰਕ ਚਿਹਨ ਦੀ ਤਲਾਸ਼ ਨੂੰ ਸਮਰਪਿਤ ਹੈ।

12. **ਡਾ. ਉਸ਼ਾ ਦੇਵੀ ਵਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2001, ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਸਮਾਜਕ ਚੇਤਨਾ ਕੇ ਸੰਦਰਭ ਮੇਂ ਕਬੀਰ ਤਥਾ ਤੁਲਸੀ ਦਾਸ ਕੇ ਕਾਵਯ ਕਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ।**

**ਪਹਿਲਾ ਅਧਿਆਇ:** ਵਿਸ਼ਯ ਉਪਸਥਾਪਨ ਦਾ ਹੈ ਜਿਸ ਵਿਚ ਖੋਜਾਰਥਣ ਨੇ ਵਿਸ਼ੇ ਕਥਨ, ਸੰਬੰਧਿਤ ਸਾਹਿਤਕ ਸਰਵੇਖਣ, ਅਧਿਐਨ ਦਾ ਮਹੱਤਵ, ਅਧਿਐਨ ਕਾ ਅਨੁਕ੍ਰਮ ਦੇ ਰਾਹੀਂ ਸਬੰਧਿਤ ਸਾਹਿਤ ਦਾ ਸਰਵੇਖਣ ਕੀਤਾ ਗਿਆ ਹੈ ਅਤੇ ਵਿਸ਼ੇ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ।

**ਦੂਜਾ ਅਧਿਆਇ ਵਿਚ ਸਮਾਜਕ ਚੇਤਨਾ ਦੇ ਸਿਧਾਂਤਕ ਪਰਿਪੇਖ ਦੇ ਅੰਤਰਗਤ ਖੋਜਾਰਥਣ ਨੇ ਸਮਾਜਕ ਚੇਤਨਾ ਕੀ ਅਵਧਾਰਨਾ ਏਵਮ ਸਰੂਪ** ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਨਾਲ ਹੀ ਸਮਾਜਕ ਚੇਤਨਾ ਦੇ ਵੱਖ-ਵੱਖ ਤੱਤਾਂ ਉੱਪਰ ਪ੍ਰਕਾਸ਼ ਪਾਇਆ ਗਿਆ ਹੈ।

**ਤੀਜਾ ਅਧਿਆਇ ਵਿਚ, ਖੋਜਾਰਥਣ ਨੇ ਸਮਾਜਕ ਚੇਤਨਾ ਕੇ ਪਰਿਪੇਖ ਵਿਚ ਭਗਤ ਕਬੀਰ ਜੀ ਅਤੇ ਤੁਲਸੀਦਾਸ** ਦੇ ਵਿਅਕਤਿਤਵ ਅਤੇ ਕਰਿਤੱਤਵ ਦੀ ਤੁਲਨਾ ਕੀਤੀ ਗਈ ਹੈ।

**ਚੌਥਾ ਅਧਿਆਇ ਵਿਚ ਖੋਜਾਰਥਣ ਨੇ ਕਬੀਰ ਤਥਾ ਤੁਲਸੀ ਕੇ ਕਾਵਿ** ਵਿਚ ਰਾਜਨੀਤਕ ਅਤੇ ਆਰਥਿਕ ਚੇਤਨਾ ਦੇ ਪੱਖਾਂ 'ਤੇ ਪ੍ਰਕਾਸ਼ ਪਾਇਆ ਗਿਆ ਹੈ।

**ਪੰਜਵਾਂ ਅਧਿਆਇ ਵਿਚ "ਧਾਰਮਿਕ ਚੇਤਨਾ ਦੇ ਸੰਦਰਭ"** ਵਿਚ ਕਬੀਰ ਅਤੇ ਤੁਲਸੀ ਦਾਸ ਦੇ ਕਾਵਿ ਦਾ ਤੁਲਨਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ।

**ਛੇਵਾਂ ਅਧਿਆਇ ਵਿਚ 'ਕਬੀਰ ਤਥਾ ਤੁਲਸੀ ਦਾਸ ਕੇ ਕਾਵਯ ਮੇਂ ਨੈਤਿਕ ਚੇਤਨਾ"** ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਸਪੱਸ਼ਟ ਕੀਤਾ ਗਿਆ ਹੈ।

**ਸੱਤਵਾਂ ਅਧਿਆਇ ਕਬੀਰ ਤਥਾ ਤੁਲਸੀ ਕੇ ਕਾਵਯ ਮੇਂ ਲੋਕ ਚੇਤਨਾ ਦੇ ਸਵਰੂਪ ਦਾ ਵਿਸ਼ਲੇਸ਼ਣ ਕਰਦੇ ਹੋਏ** ਹਿੰਦੀ ਦੇ ਦੋਵੇਂ ਕਵੀਆਂ ਦੀ ਕਵਿਤਾ ਵਿਚ ਈਸ਼ਵਰ ਦੇ ਇਕ ਸਮਾਨ ਹੋਣ ਦਾ ਅਧਿਐਨ ਕਰਨ ਦੇ ਨਾਲ ਹੀ ਦੋਹਾਂ ਦੇ ਕਾਵਿ ਦੀ ਪ੍ਰਾਸੰਗਿਕਤਾ ਨੂੰ ਸਥਾਪਤ ਕੀਤਾ ਗਿਆ ਹੈ।

13. **ਗੁਰਜਿੰਦਰ ਕੌਰ ਵਲੋਂ ਪੰਜਾਬੀ ਵਿਭਾਗ, ਕਰੂਕੇਸ਼ਤਰ ਯੂਨੀਵਰਸਿਟੀ, ਕਰੂਕੇਸ਼ਤਰ 2006, ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਭਗਤ ਬਾਣੀ ਵਿਚ ਧਾਰਮਿਕ ਸਮਾਜਕ ਅਤੇ ਰਾਜਨੀਤਕ ਸੰਕਲਪਾਂ ਦਾ ਵਿਸ਼ਲੇਸ਼ਣ" ਪੇਸ਼ ਕੀਤਾ ਗਿਆ ਹੈ।**

ਪਹਿਲਾ ਅਧਿਆਇ ਵਿੱਚ ਖੋਜਾਰਥਣ ਵੱਲੋਂ ਭਗਤ ਕਵੀਆਂ ਦੇ ਜੀਵਨ ਕਾਲ ਸੰਬੰਧਤ ਵਿਸ਼ੇ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਚ ਭਗਤ ਕਵੀਆਂ ਦੇ ਜੀਵਨ ਅਤੇ ਰਚਨਾਵਾਂ ਸੰਬੰਧੀ ਪੂਰਣ ਨਿਰਣਿਆਂ ਨੂੰ ਆਧਾਰ ਬਣਾ ਕੇ ਕੁਝ ਠੋਸ ਤੱਥ ਰੇਖਾਂਕਿਤ ਕੀਤੇ ਗਏ ਹਨ। ਭਗਤ ਬਾਣੀ ਬਾਰੇ ਕਿਸੇ ਵੀ ਪੱਖ 'ਤੇ ਚਰਚਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਭਗਤ-ਜਨਾਂ ਦੇ ਜੀਵਨ ਬਾਰੇ ਵੀ ਕੁਝ ਜਾਣਕਾਰੀ ਪ੍ਰਾਪਤ ਕੀਤੀ ਜਾਵੇ, ਕਿਉਂਕਿ ਜਿਥੇ ਇਹ ਮਹਾਂਪੁਰਖ ਆਪਣੀ ਬਾਣੀ ਰਾਹੀਂ ਪਰੰਪਰਾਵਾਂ ਨੂੰ

ਬਦਲਣ ਦੀ ਸਮਰੱਥਾ ਰਖਦੇ ਹਨ, ਉਥੇ ਉਨ੍ਹਾਂ ਦੇ ਜੀਵਨ ਵਿਚ ਵੀ ਕੁਝ ਅਜਿਹੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ, ਜੋ ਮਾਨਵਤਾ ਨੂੰ ਸਿੱਧੇ ਰਾਹ ਉਤੇ ਲੈ ਆਉਂਦੇ ਹਨ। ਉਨ੍ਹਾ ਦੇ ਜੀਵਨ ਜੀਉਣ ਦੀ ਕਲਾ ਸਾਡੇ ਲਈ ਪ੍ਰੇਰਕ ਸੋਮੇਂ ਵਜੋਂ ਪੇਸ਼ ਹੁੰਦੀ ਹੈ।

ਦੂਜਾ ਅਧਿਆਇ ਵਿਚ ਭਗਤ ਬਾਣੀ ਵਿਚ ਖੋਜਾਰਥਣ ਵੱਲੋਂ ਪੇਸ਼ ਧਾਰਮਿਕ ਸੰਕਲਪਾਂ ਦੇ ਵਿਸ਼ਲੇਸ਼ਣ ਵਾਲੇ ਪੱਖਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਅਧਿਆਇ ਦੇ ਆਰੰਭ ਵਿਚ ਧਰਮ ਕੀ ਹੈ? ਧਾਰਮਿਕਤਾ ਤੋਂ ਕੀ ਭਾਵ ਹੈ? ਮੱਧਕਾਲੀਨ ਧਾਰਮਿਕ ਵਿਵਸਥਾ ਦਾ ਸਰੂਪ, ਭਗਤੀ ਲਹਿਰ ਦੇ ਹੋਂਦ ਵਿਚ ਆਉਣ ਦੇ ਕਾਰਨ, ਭਗਤੀ ਲਹਿਰ ਦੇ ਪ੍ਰਵਰਤਕਾਂ ਦੇ ਧਾਰਮਿਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ ਆਦਿ ਵਿਸ਼ਿਆਂ ਉਤੇ ਚਰਚਾ ਕੀਤੀ ਗਈ ਹੈ। ਇਸ ਤੋਂ ਬਾਅਦ ਭਗਤ ਬਾਣੀ ਵਿਚ ਪੇਸ਼ ਧਾਰਮਿਕ ਸੰਕਲਪ ਜਿਵੇਂ ਪ੍ਰਭੂ ਦੇ ਨਿਰਗੁਣ ਸਰੂਪ ਦੀ ਮਹਿਮਾ, ਮੂਰਤੀ ਪੂਜਾ ਦਾ ਖੰਡਨ, ਗੁਰੂ ਦਾ ਸੰਕਲਪ, ਕਰਮ ਦੀ ਸ਼ੁੱਧਤਾ, ਮੁਕਤੀ ਸੰਬੰਧੀ, ਨਾਮ ਸਿਮਰਨ ਅਤੇ ਪ੍ਰਭੂ-ਪ੍ਰੇਮ ਉਤ ਆਧਾਰਿਤ ਸਹਿਜ ਭਗਤੀ ਦਾ ਸੰਕਲਪ, ਪਰਉਪਕਾਰ ਸੰਬੰਧੀ ਵਿਚਾਰ ਅਤੇ ਸੰਸਾਰਕ ਨਾਸ਼ਮਾਨਤਾ ਆਦਿ ਸੰਕਲਪਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ

ਤੀਜਾ ਅਧਿਆਇ ਵਿੱਚ ਖੋਜਾਰਥਣ ਵੱਲੋਂ ਭਗਤ ਬਾਣੀ ਵਿਚ ਪੇਸ਼ ਸਮਾਜਕ ਸੰਕਲਪਾਂ ਦੇ ਵਿਸ਼ਲੇਸ਼ਣ ਵਾਲੇ ਪੱਖਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਅਧਿਆਇ ਦੇ ਆਰੰਭ ਵਿਚ ਸਮਾਜਕਤਾ ਤੋਂ ਕੀ ਭਾਵ ਹੈ? ਮੱਧਕਾਲੀ ਸਮਾਜ ਵਿਚ ਸਮਾਜਕ ਗਿਰਾਵਟ ਦੇ ਕਾਰਨ, ਭਗਤ ਕਵੀਆਂ ਦੇ ਸਮਾਜ ਗਿਰਾਵਟ ਨੂੰ ਦੂਰ ਕਰਨ ਦੇ ਯਤਨ ਆਦਿ ਵਿਸ਼ਿਆਂ ਉਤੇ ਚਰਚਾ ਕਰਨ ਤੋਂ ਬਾਅਦ ਭਗਤ-ਬਾਣੀ ਵਿਚ ਪੇਸ਼ ਸਮਾਜਕ ਸੰਕਲਪ ਜਿਵੇਂ ਜਾਤ-ਪਾਤ ਅਤੇ ਵਰਣ-ਵਿਵਸਥਾ ਦਾ ਵਿਰੋਧ, ਸਮਾਜਵਾਦ ਦਾ ਸੰਕਲਪ, ਅਮੀਰੀ-ਗਰੀਬੀ ਦੇ ਭੇਦਭਾਵ ਨੂੰ ਮਿਟਾਉਣਾ, ਨੈਤਿਕਤਾ ਸੰਬੰਧੀ ਵਿਚਾਰ, ਪਰਾਇਆ ਹੱਕ ਅਤੇ ਪਰਨਿੰਦਾ ਦਾ ਤਿਆਗ, ਸਤੀ-ਪ੍ਰਥਾ ਅਤੇ ਬਹੁ-ਵਿਆਹ ਸੰਬੰਧੀ ਵਿਚਾਰਾਂ ਨੂੰ ਸਮਾਜਕ ਸੰਕਲਪਾਂ ਦੇ ਅੰਤਰਗਤ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਗਿਆ ਹੈ।

ਖੋਜ-ਪ੍ਰਬੰਧ ਦਾ ਚੌਥਾ ਅਧਿਆਇ ਵਿਚ ਖੋਜਾਰਥਣ ਵੱਲੋਂ ਭਗਤ ਬਾਣੀ ਵਿਚ ਪੇਸ਼ ਰਾਜਨੀਤਕ ਸੰਕਲਪਾਂ ਦੇ ਵਿਸ਼ਲੇਸ਼ਣ ਉਤੇ ਚਰਚਾ ਕੀਤੀ ਹੈ। ਇਸ ਦੇ ਆਰੰਭ ਵਿਚ ਰਾਜਨੀਤੀ ਤੋਂ ਕੀ ਭਾਵ ਹੈ? ਮੱਧਕਾਲੀ ਯੁੱਗ ਵਿਚ ਰਾਜਨੀਤਕ ਗਿਰਾਵਟ ਦੇ ਕਾਰਨ, ਭਗਤ ਕਵੀਆਂ ਦੇ ਰਾਜਨੀਤਿਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ ਆਦਿ ਪੱਖਾਂ ਉਤੇ ਚਰਚਾ ਕੀਤੀ ਗਈ ਹੈ। ਇਸ ਤੋਂ ਬਾਅਦ ਰਾਜਨੀਤਕ ਸੰਕਲਪਾਂ ਦੇ ਵਿਸ਼ਲੇਸ਼ਣ ਦੇ ਅੰਤਰਗਤ ਭਗਤ ਕਵੀਆਂ ਦੀ ਬਾਣੀ ਵਿਚ ਆਪਣੇ ਸਮੇਂ ਦੀ ਰਾਜ ਸੱਤਾ ਦੀ ਨਿਰਦੈਤਾ ਦਾ ਸਰੂਪ, ਭਗਤ ਕਵੀਆਂ ਦੁਆਰਾ ਹੁਕਮਰਾਨਾਂ ਨੂੰ ਸੋਝੀ ਦੇਣ ਦੇ ਉਪਰਾਲੇ ਅਤੇ ਆਮ ਜਨਤਾ ਨੂੰ ਸੰਸਾਰਕ ਹੁਕਮਰਾਨਾਂ ਦੇ ਭੈਅ ਤੋਂ ਬਾਹਰ ਕੱਢਣ ਲਈ ਕੀਤੇ ਯਤਨਾਂ ਉਤੇ ਚਰਚਾ ਗਈ ਹੈ। ਇਸ ਬਾਣੀ ਦੇ ਸਮੁੱਚੇ ਅਧਿਐਨ ਮਗਰੋਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਇਹ ਬਾਣੀ ਆਪਣੇ ਸਮੇਂ ਦੀਆਂ ਵਿਸ਼ੇਸ਼ ਪਰਸਥਿਤੀਆਂ ਦੀ ਪੈਦਾਵਾਰ ਹੈ।

**14. ਰਾਜਵਿੰਦਰ ਕੌਰ ਵਲੋਂ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨਵਰਸਿਟੀ, ਪਟਿਆਲਾ, ਜੁਲਾਈ 2015 ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਦੀ ਬਾਣੀ ਵਿਚ ਅਧਿਆਤਮਿਕ ਅਤੇ ਸਮਾਜਕ ਤੱਤ" ਪ੍ਰਕਾਸ਼ਿਤ ਕੀਤਾ ਗਿਆ ਹੈ।**

ਅਧਿਆਇ ਪਹਿਲਾ ਭਗਤ ਰਵਿਦਾਸ ਜੀ:ਜੀਵਨ ਅਤੇ ਬਾਣੀ ਵਿਚ ਖੋਜਾਰਥਣ ਨੇ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਰਚਨਾਵਾਂ ਦਾ ਵਿਸਥਾਰਪੂਰਵਕ ਵਰਨਣ ਕਰਨ ਤੋਂ ਪਹਿਲਾਂ ਮੱਧਕਾਲੀਨ ਭਗਤੀ ਲਹਿਰ ਦਾ ਪਿਛੋਕੜ ਦਰਸਾਇਆ ਗਿਆ ਹੈ। ਇਸ ਤੋਂ ਬਾਅਦ ਭਗਤ ਰਵਿਦਾਸ ਜੀ ਦੇ ਜਨਮ, ਜਨਮ ਸਥਾਨ, ਮਾਤਾ ਪਿਤਾ, ਪ੍ਰਚਲਿਤ  ਨਾਮ, ਜਾਤ, ਵਿਦਿਆ, ਪਰਿਵਾਰਕ ਜੀਵਨ ਅਤੇ ਭਗਤ ਜੀ ਦੇ ਗਰੂ ਆਦਿ ਦੀ ਤੱਥਾਂ ਸਾਹਿਤ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਰਵਿਦਾਸ ਜੀ ਦੁਆਰਾ ਰਚਿਤ ਪ੍ਰਮਾਣਿਕ ਅਤੇ ਅਪ੍ਰਮਾਣਿਕ ਬਾਣੀ ਸੂਚੀ ਦੇ ਨਾਲ ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਵੀ ਵਿਅਕਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਭਗਤ ਰਵਿਦਾਸ ਜੀ ਦੇ ਸਮੁੱਚੇ ਜੀਵਨ ਨੂੰ ਬਿਆਨ ਕਰਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਪ੍ਰਮੁੱਖ ਤੌਰ 'ਤੇ ਆਧਾਰ ਬਣਾਇਆ ਗਿਆ ਹੈ। ਇਸ ਉਪਰੰਤ ਡਾ. ਜਸਬੀਰ ਸਿੰਘ ਸਾਬਰ ਦੀਆਂ ਪੁਸਤਕਾਂ: ਸ੍ਰੋਤ ਪੁਸਤਕ ਅਤੇ ਰਵਿਦਾਸ ਬਾਣੀ ਬਹੁਪੱਖੀ ਅਧਿਐਨ, ਅਮਰ ਸਿੰਘ (ਸੰਪਾ), ਤੁਕ ਤੱਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ, ਡਾ. ਧਰਮਪਾਲ ਸਿੰਗਲ, ਭਗਤ ਰਵਿਦਾਸ ਜੀਵਨ ਤੇ ਰਚਨਾ, ਸੰਤ ਸਿਰੋਮਣੀ ਰਵਿਦਾਸ, ਗੁਰੂ ਰਵਿਦਾਸ :ਜੀਵਨ, ਦਰਸ਼ਨ ਅਤੇ ਰਹੱਸ ਆਦਿ ਪੁਸਤਕਾਂ ਨੂੰ ਆਧਾਰ ਬਣਾਇਆ ਗਿਆ ਹੈ। ਭਗਤ ਰਵਿਦਾਸ ਜੀ ਦੇ ਜੀਵਨ ਦਾ ਵਿਸਥਾਰ ਦੇਣ ਉਪਰੰਤ ਉਨ੍ਹਾਂ ਦੀਆਂ ਪ੍ਰਮਾਣਿਕ ਅਤੇ ਅਪ੍ਰਮਾਣਿਕ ਰਚਨਾਵਾਂ ਦੀ ਸੂਚੀ ਵੀ ਦਿੱਤੀ ਗਈ ਹੈ।

ਦੂਜਾ ਅਧਿਆਇ **ਭਗਤ ਰਵਿਦਾਸ ਜੀ: ਵਿਅਕਤਿਤਵ** ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ ਖੋਜਾਰਥਣ ਨੇ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਦਾ ਵਿਸਥਾਰ ਨਾਲ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਪਰਸ਼ੂਰਾਮ ਚਤੁਰਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਬਲਦੇਵ ਸਿੰਘ ਬੱਦਨ, ਬਾਣੀ ਭਗਤ ਰਵਿਦਾਸ ਇਕ ਵਿਵੇਚਨ, ਡਾ. ਦਰਸ਼ਨ ਸਿੰਘ, ਏ ਸਟੱਡੀ ਆਫ ਭਗਤ ਰਵਿਦਾਸ, ਡਾ. ਸਬੀਰ ਸਿੰਘ, ਭਗਤ ਰਵਿਦਾਸ ਸ੍ਰੋਤ ਪੁਸਤਕ ਆਦਿ ਪੁਸਤਕਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਚ ਭਗਤ ਰਵਿਦਾਸ ਜੀ ਦਾ ਸੰਦੇਸ਼ਮਈ ਵਿਅਕਤਿਤਵ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਇਨ੍ਹਾਂ ਦੇ ਗੁਣਾਂ ਦੀ ਪੜਚੋਲ ਕਰਦੇ ਹੋਏ ਨਿਰਭੈ ਤੇ ਸਹਿਜ ਸੰਤ, ਇਕਈਸ਼ਵਰਵਾਦ, ਸਮਕਾਲੀਨ ਸਮਾਜ ਪ੍ਰਤੀ ਉਦਾਸੀਨ, ਨਾਰੀ ਪ੍ਰਤੀ ਵਿਚਾਰ, ਕ੍ਰਾਂਤੀਕਾਰੀ ਵਿਚਾਰਧਾਰਾ, ਨਿਮਰਤਾ, ਭਰਾਤਰੀ ਭਾਵ, ਕਥਨੀ ਅਤੇ ਕਰਨੀ ਵਿਚ ਸੁਮੇਲ, ਮਾਨਵ ਅਤੇ ਮਾਨਵਤਾ ਵਿਚ ਸੁਮੇਲ, ਬਾਣੀ ਵਿੱਚ ਸੁਤੰਤਰਤਾ, ਸੰਗੀਤਕਾਰ ਪ੍ਰੇਮੀ ਵਜੋਂ ਪੱਖਾਂ ਨੂੰ ਛੂਹਿਆ ਗਿਆ ਹੈ। ਭਗਤ ਰਵਿਦਾਸ ਜੀ ਅਦਭੁਤ

ਵਿਅਕਤੀਤਵ ਸਮਾਜ ਲਈ ਸੰਦੇਸ਼ ਹੈ। ਸਮਾਜ ਦੇ ਸਰਬਪੱਖੀ ਵਿਕਾਸ ਲਈ ਉਨ੍ਹਾਂ ਨੇ 'ਬੇਗਮਪੁਰਾ' ਦਾ ਸੰਕਲਪ ਪੇਸ਼ ਕੀਤਾ ਹੈ, ਜੋ ਸਮਾਨਤਾ 'ਤੇ ਅਧਾਰਿਤ ਹੈ। 'ਬੇਗਮਪੁਰਾ' ਇਕ ਅਜਿਹੀ ਅਵਸਥਾ ਦਾ ਨਾਂ ਹੈ, ਜੋ ਦੁੱਖ ਅਤੇ ਚਿੰਤਾ ਤੋਂ ਰਹਿਤ ਹੈ। ਨਾ ਉਥੇ ਮਾਲ ਹੈ ਤੇ ਨਾ ਕਰ ਦੀ ਚਿੰਤਾ ਹੈ। ਜਿੱਥੇ ਨਾ ਕੋਈ ਡਰ ਤੇ ਨਾ ਹੀ ਕਿਸੇ ਤਰ੍ਹਾਂ ਦਾ ਖਤਰਾ ਹੈ। ਉਥੇ ਅਜਿਹਾ ਵਰਨ ਹੈ, ਜਿੱਥੇ ਸਾਰੇ ਲੋਕ ਸੁੱਖੀ-ਸਾਂਦੀ ਵਸਦੇ ਹਨ। ਉਥੋਂ ਦੀ ਪਾਤਸ਼ਾਹੀ ਸਦੀਵੀ ਤੇ ਸਥਿਰ ਹੈ। ਜਾਤੀ ਤੇ ਜਮਾਤੀ ਪੱਧਰ ਦੇ ਦਰਜੇ ਦੇ ਲਿਹਾਜ ਨਾਲ ਉਥੇ ਸਭ ਬਰਾਬਰ ਹਨ। ਉਸ ਸ਼ਹਿਰ ਦੀ ਆਭਾ ਵਿਸ਼ੇਸ਼ ਹੈ। ਉਸ ਉੱਘੇ ਸ਼ਹਿਰ ਵਿਚ ਹਰ ਕੋਈ ਆਪਣੀ ਮਰਜ਼ੀ ਅਤੇ ਇੱਛਾ ਅਨੁਸਾਰ ਵਿਚਰਦਾ ਹੈ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਰੋਕ-ਟੋਕ ਨਹੀਂ ਹੈ। ਭਾਵ ਉਥੇ ਸਾਰੇ ਅਜ਼ਾਦੀ ਨਾਲ ਰਹਿੰਦੇ ਹਨ। ਭਗਤ ਰਵਿਦਾਸ ਜੀ ਸਭ ਨੂੰ ਸਰਬ-ਸਾਂਝੇ ਬੇਗਮਪੁਰੇ ਦੇ ਸ਼ਹਿਰੀ ਬਣਾਉਣਾ ਚਾਹੁੰਦੇ ਹਨ। ਇਸ ਤਰ੍ਹਾਂ ਭਗਤ ਰਵਿਦਾਸ ਨੇ ਨਿਰਭਉ ਅਤੇ ਨਿਰਵੈਰ ਸਮਾਜ ਦਾ ਸੰਕਲਪ ਪੇਸ਼ ਕੀਤਾ, ਜੋ ਮਨੁੱਖ ਦੇ ਕਲਿਆਣ ਲਈ ਵਚਨਬੱਧ ਹੈ।

ਤੀਜਾ ਅਧਿਆਇ **ਭਗਤ ਰਵਿਦਾਸ ਬਾਣੀ :ਸਮਾਜਕ ਤੱਤ** ਵਿਚ ਖੋਜਾਰਥਣ ਵੱਲੋਂ ਸਮਾਜਕ ਸਥਿਤੀ ਦਾ ਜ਼ਿਕਰ ਕਰਦਿਆਂ ਭਗਤ ਰਵਿਦਾਸ ਜੀ ਦੀ ਬਾਣੀ ਦੇ ਸਮਾਜਕ ਤੱਤਾਂ ਦਾ ਅਧਿਐਨ ਕੀਤਾ ਗਿਆ ਹੈ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੁਆਰਾ ਸਮਾਜਕ ਪੱਖ ਤੋਂ ਲੋਕਾਂ ਨੂੰ ਬਹੁਤ ਜਾਗਰੂਕ ਕੀਤਾ। ਮੱਧਕਾਲ ਵਿਚ ਭਾਰਤ ਵਿਚ ਸਮਾਜਕ ਤੌਰ 'ਤੇ ਵਰਣ-ਵਿਵਸਥਾ ਦੀ ਦ੍ਰਿਸ਼ਟੀ ਤੋਂ ਬ੍ਰਾਹਮਣ, ਖੱਤਰੀ, ਵੈਸ਼ , ਸ਼ੂਦਰ ਅਤੇ ਆਰਥਕ ਪੱਖੋਂ ਊਚ-ਨੀਚ ਵਿਚ ਵੰਡਿਆ ਹੋਇਆ ਸੀ। ਭਗਤ ਰਵਿਦਾਸ ਜੀ ਦੀ ਬਾਣੀ ਦਲਿਤ ਚੇਤਨਾ ਉਭਾਰਦੀ ਹੈ। ਸਭ ਮਨੁੱਖ ਬਰਾਬਰ ਹਨ ਅਤੇ ਕੇਵਲ ਉਚੀ ਜਾਤੀ ਵਾਲੇ ਬ੍ਰਾਹਮਣ, ਕਸ਼ੱਤਰੀ, ਵੈਸ਼ ਹੀ ਭਗਤੀ ਕਰਕੇ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਨ । ਪ੍ਰਭੂ ਸਭ ਵਿਚ ਵਸਦਾ ਹੈ; ਭਾਵੇਂ ਮਨੁੱਖ ਕਿਸੇ ਵੀ ਜਾਤੀ, ਰੰਗ ਜਾਂ ਊਚ, ਨੀਚ ਰੁਤਬੇ ਦਾ ਹੋਵੇ। ਸਮੂਹ ਭਾਰਤੀ ਸਮਾਜ ਨੇ ਆਪਣੀ ਏਕਤਾ, ਇਕਮੁੱਠਤਾ, ਅਖੰਡਤਾ ਤੇ ਭਾਈਚਾਰਕ ਸਾਂਝ ਨੂੰ ਨਿੱਗਰ ਲੀਹਾਂ ਉੱਤੇ ਪਾਉਣਾ ਹੈ। ਵਿਗਿਆਨਕ ਅਤੇ ਤਕਨਾਲੋਜੀ ਦੀਆਂ ਨਵੀਨਤਮ ਸਹੂਲਤਾਂ ਨੂੰ ਜੇਕਰ ਸਮਾਜ ਦੇ ਪਚਾਸੀ ਪ੍ਰਤੀਸ਼ਤ ਹਿੱਸੇ ਤੱਕ ਪਹੁੰਚਾਉਣਾ ਹੈ, ਤਾਂ ਜ਼ਰੂਰੀ ਹੈ ਕਿ ਭਗਤ ਰਵਿਦਾਸ ਦੇ ਸਮਤਾ ਵਾਲੀ ਸੋਚ ਨੂੰ ਤੇਜ਼ ਗਤੀ ਨਾਲ ਹੋਰ ਅੱਗੇ ਵਧਾਇਆ ਜਾਵੇ। ਅਜਿਹੇ ਰਾਜ-ਪ੍ਰਬੰਧ ਅਤੇ ਸਮਾਜਕ ਬਣਤਰ ਵਾਸਤੇ ਲਾਜ਼ਮੀ ਹੈ ਕਿ ਇਸ ਵਿਦੇਸ਼ੀ ਕਲਕੀ ਧਰਮ ਤੋਂ ਜਿੰਨੀ ਛੇਤੀ ਸੰਭਵ ਹੋਵੇ, ਛੁਟਕਾਰਾ ਪਾਇਆ ਜਾਵੇ। ਜਾਤ-ਪਾਤ ਤੇ ਛੂਤ-ਛਾਤ ਆਧਾਰਿਤ ਸਮਾਜਕ ਵਿਵਸਥਾ ਤੇ ਉਸ ਦੀਆਂ ਅਮਾਨਵੀ ਪਰੰਪਰਾਵਾਂ ਨੂੰ ਡੂੰਘਾ ਦਫਨਾਇਆ ਜਾਵੇ। ਇਸ ਦੇ ਪੈਰੋਕਾਰ ਧਾੜਵੀਆਂ ਦਾ ਸਦੀਆਂ ਬੀਤ ਜਾਣ 'ਤੇ ਵੀ ਭਾਰਤ ਨਾਲ ਬਹੁਤਾ ਪਿਆਰ ਨਹੀਂ ਪਨਪ ਸਕਿਆ ਤੇ ਉਨ੍ਹਾਂ ਦੀ ਮਾਨਸਿਕਤਾ ਵਿਚ ਰਚੀ ਵਸੀ ਲੋਟੂ, ਦੰਭੀ ਤੇ ਪਾਖੰਡੀ ਪ੍ਰਵਿਰਤੀ ਬਰਕਰਾਰ ਹੈ। ਉਨ੍ਹਾਂ ਦੀਆਂ ਪੋਥੀਆਂ/ਸੰਮ੍ਰਿਤੀਆਂ ਦੀ ਪ੍ਰਧਾਨਤਾ ਕਾਇਮ ਹੈ ਅਤੇ ਇਹ ਸਭ ਸਮਾਜ ਤੇ ਦੇਸ਼ ਦੇ ਪਤਨ ਲਈ ਜ਼ਿੰਮੇਵਾਰ

ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਰਾਜਨੀਤਕ, ਧਾਰਮਿਕ, ਆਰਥਿਕ, ਦਾਰਸ਼ਨਿਕ, ਅਧਿਆਤਮਿਕ ਅਤੇ ਨੈਤਿਕ ਧਰਾਤਲ ਤੇ ਅਨੇਕ ਪ੍ਰਕਾਰ ਦੇ ਸੁਧਾਰ ਕੀਤੇ ਅਤੇ ਉੱਚ ਜਨ ਜੀਵਨ ਦੀਆਂ ਕਦਰਾਂ ਦੀ ਸਥਾਪਨਾ ਕੀਤੀ। ਇਨ੍ਹਾਂ ਦੀ ਬਾਣੀ ਵਿਚ ਸਮਾਜਕ ਸਰੋਕਾਰਾਂ ਨਾਲ ਜੁੜੀਆਂ ਅਨੇਕ ਅਗਾਂਹ ਵਧੂ ਜੀਵਨ-ਪੱਧਤੀਆਂ ਦੀ ਪ੍ਰੋੜ੍ਹਤਾ ਦਾ ਜ਼ਿਕਰ ਕੀਤਾ ਗਿਆ ਹੈ।

ਚੌਥਾ ਅਧਿਆਇ **ਭਗਤ ਰਵਿਦਾਸ ਬਾਣੀ : ਅਧਿਆਤਮਿਕ ਤੱਤ** ਵਿਚ ਖੋਜਾਰਥਣ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਬਾਣੀ ਵਿਚ ਅਧਿਆਤਮਵਾਦ ਦਾ ਵਿਸਥਾਰ ਨਾਲ ਵਰਨਣ ਕਰਦੇ ਹੋਏ ਅਧਿਆਤਮਿਕ ਤੱਤਾਂ ਦਾ ਅਧਿਐਨ ਕੀਤਾ ਗਿਆ ਹੈ।

ਧਾਰਮਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਦਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਭਗਤਾਂ ਨੇ ਭਾਵੇਂ ਅਧਿਆਤਮਿਕ ਮੁਹਾਵਰੇ ਰਾਹੀਂ ਆਪਣੀ ਭਗਤੀ ਭਾਵਨਾ ਨੂੰ ਅਭਿਵਿਅਕਤ ਕੀਤਾ ਹੈ। ਉਨ੍ਹਾਂ ਨੇ ਪਰਮਾਤਮਾ ਦੀ ਸਰਬਵਿਆਪਕਤਾ ਨੂੰ ਮੰਨਦੇ ਹੋਏ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਭਗਤ ਰਵਿਦਾਸ ਜੀ ਨੇ ਮਨੁੱਖੀ ਮਨੋਵਿਕਾਰਾਂ ਕਾਮ, ਕ੍ਰੋਧ, ਲੋਭ ਮੋਹ ਤੇ ਹੰਕਾਰ ਵਾਲੇ ਜੀਵਨ ਢੰਗ ਨੂੰ ਨਕਾਰਦੇ ਹੋਏ ਇਸ ਥਾਂ ਦੀ ਸੀਲ, ਸੰਤੋਖ, ਸੱਚ, ਵਿਚਾਰ, ਦਇਆ, ਨਿਮਰਤਾ ਆਦਿ ਮਨੁੱਖੀ ਗੁਣਾਂ ਨੂੰ ਧਾਰਨ ਕਰਨ 'ਤੇ ਜ਼ੋਰ ਦਿੱਤਾ ਹੈ। ਭਗਤ ਰਵਿਦਾਸ ਜੀ ਨੇ ਪਰਮਾਤਮਾ ਪ੍ਰਤੀ ਅੰਧਵਿਸ਼ਵਾਸਾਂ ਵਿਚ ਫਸੀ ਮਨੁੱਖਤਾ ਨੂੰ ਨਿਰਗੁਣ ਭਗਤੀ ਜਾਂ ਇਕ ਈਸ਼ਵਰਵਾਦ ਦਾ ਸਿਧਾਂਤ ਦਿੱਤਾ। ਇਹ ਸਿਧਾਂਤ ਅਜਿਹਾ ਹੈ, ਜਿਸ ਵਿਚ ਇਸ ਗੱਲ 'ਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ ਕਿ ਈਸ਼ਵਰ ਇਕ ਹੈ; ਉਸ ਦਾ ਕੋਈ ਸਾਨੀ ਨਹੀਂ ਅਤੇ ਉਹ ਇਕੋ-ਇਕ ਕਰਤਾ ਪੁਰਖ, ਪਾਰਬ੍ਰਹਮ ਨਿਰਗੁਣ ਪਰਮਾਤਮਾ ਹੈ। ਅਧਿਆਤਮਿਕਤਾ ਨੂੰ ਮੁੱਖ ਰੱਖਦੇ ਹੋਏ ਬ੍ਰਹਮ, ਸ੍ਰਿਸ਼ਟੀ, ਜੀਵ, ਨਾਮ ਸਿਮਰਨ ਆਦਿ ਤੱਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਗਤ ਰਵਿਦਾਸ ਜੀ ਦਾ ਬ੍ਰਹਮ ਦੀ ਅਗਮ, ਅਗੋਚਰ, ਔਲਖ ਅਪਾਰ, ਨਿਰੰਜਨ, ਅਕਾਲ, ਹਾਜ਼ਰ-ਨਾਜਰ, ਜਾਹਰਾ-ਜ਼ਹੂਰ, ਅਬਿਨਾਸ਼ੀ ਅਤੇ ਸਰਬ-ਵਿਆਪੀ ਸ਼ਕਤੀ ਵਿਚ ਦ੍ਰਿੜ ਵਿਸ਼ਵਾਸ ਹੈ, ਜਿਸ ਨੂੰ ਖ਼ੁਦਾ, ਬੀਠਲ, ਗੋਬਿੰਦ, ਰਾਮ ਆਦਿ ਕਹਿੰਦੇ ਹਨ।

**15. ਡਾ. ਮਨਜੀਤ ਕੌਰ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਰਾਹੀਂ ਸੰਪੰਨ ਹੋਏ ਖੋਜ ਪ੍ਰਬੰਧ "ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸੰਬੰਧਿਤ ਮਿਥ-ਕਥਾ ਦਾ ਅਧਿਐਨ ਪੇਸ਼ ਕੀਤਾ ਗਿਆ।**

ਅਧਿਆਇ ਪਹਿਲਾ ਵਿਚ ਖੋਜਾਰਥਣ ਨੇ ਮਿੱਥ-ਕਥਾ ਪੈਦਾ ਕਿਵੇਂ ਹੋਈ; ਇਸ ਦੀ ਪਰਿਭਾਸ਼ਾ; ਇਸ ਦਾ ਮਹੱਤਵ ਅਤੇ ਇਸ ਦਾ ਧਰਮ ਨਾਲ ਸੰਬੰਧ ਦਰਸਾਇਆ ਹੈ। ਇਸ ਤੋਂ ਬਿਨਾਂ ਇਸ ਦਾ ਦੰਦ ਕਥਾ, ਪੁਰਾਣ ਕਥਾ ਅਤੇ ਲੋਕ ਕਹਾਣੀ ਨਾਲ ਸੰਬੰਧ ਅਤੇ ਅੰਤਰ ਦਰਸਾਉਣ ਦਾ ਯਤਨ ਕੀਤਾ ਹੈ।

ਅਧਿਆਇ ਦੂਜਾ ਵਿਚ ਖੋਜਾਰਥਣ ਨੇ ਭਗਤ ਰਵਿਦਾਸ ਜੀ ਦੇ ਜੀਵਨ ਨਾਲ ਸੰਬੰਧਿਤ ਮਿਥ ਕਥਾਵਾਂ, ਜੋ ਕਿ ਬਾਹਰ ਸਾਖੀ ਦੇ ਆਧਾਰ 'ਤੇ ਹਨ, ਲਈਆਂ ਗਈਆਂ ਹਨ। ਇਕ-ਇਕ ਮਿਥ-ਕਥਾ ਦਾ

ਜ਼ਿਕਰ ਕਰਕੇ ਉਸ ਦੇ ਪ੍ਰਯੋਜਨ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਇਨ੍ਹਾਂ ਮਿਥਾਂ ਦੇ ਆਧਾਰ 'ਤੇ ਭਗਤ ਜੀ ਦੀ ਸਖਸ਼ੀਅਤ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ।

ਅਧਿਆਇ ਤੀਜਾ ਵਿਚ ਖੋਜਾਰਥਣ ਨੇ ਭਗਤ ਰਵਿਦਾਸ ਜੀ ਤੋਂ ਬਿਨ੍ਹਾਂ ਹੋਰ ਮਹਾਂਪੁਰਸ਼ਾਂ (ਭਗਤਾਂ) ਦੇ ਜੀਵਨ ਨਾਲ ਸੰਬੰਧਿਤ ਕਥਾਵਾਂ ਲਈਆਂ ਗਈਆਂ ਹਨ, ਜੋ ਭਗਤ ਰਵਿਦਾਸ ਜੀ ਦੇ ਜੀਵਨ ਦੀਆਂ ਕਥਾਵਾਂ ਨਾਲ ਮੇਲ ਖਾਂਦੀਆਂ ਹਨ। ਅਜਿਹੀਆਂ ਕਥਾਵਾਂ ਲੈ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਸਾਰੇ ਮਹਾਂਪੁਰਖ ਇਕ ਹੀ ਤਰ੍ਹਾਂ ਜੀਵਨ ਬਤੀਤ ਕਰਦੇ ਹਨ।

ਅਧਿਆਇ ਚੌਥਾ ਵਿਚ ਖੋਜਾਰਥਣ ਭਗਤ ਰਵਿਦਾਸ ਜੀ ਦੇ ਜੀਵਨ ਤੇ ਇਸ ਤੋਂ ਬਿਨਾਂ ਹੋਰ ਪੱਖਾਂ ਨਾਲ ਸੰਬੰਧਿਤ ਮਿਥਾਂ ਲਈਆਂ ਗਈਆਂ ਹਨ। ਪੌਰਾਣਿਕ ਪਾਤਰਾਂ, ਪੌਰਾਣਿਕ ਘਟਨਾਵਾਂ ਅਤੇ ਲੋਕਾਂ ਵਿਚ ਪ੍ਰਚਲਿਤ ਮਿਥਾਂ ਲਈਆਂ ਗਈਆਂ ਹਨ। ਇਸ ਤੋਂ ਇਲਾਵਾ ਭਗਤ ਰਵਿਦਾਸ ਜੀ ਨਾਲ ਜੁੜੀਆਂ ਮਿਥ-ਕਥਾਵਾਂ ਨਾਲ ਜੋੜੇ ਹੋਏ ਰਵਿਦਾਸ ਬਾਣੀ ਵਿਚਲੇ ਪਦਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ।

## ਐਮ ਫਿਲ ਦੀ ਡਿਗਰੀ ਲਈ ਪੇਸ਼ ਕੀਤੇ ਖੋਜ ਨਿਬੰਧ

1. **ਖੋਜਾਰਥੀ ਹਰਜਿੰਦਰ ਸਿੰਘ ਰਾਹੀਂ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ 1979 ਰਾਹੀਂ ਸੰਪੰਨ ਹੋਏ ਖੋਜ ਨਿਬੰਧ "ਭਗਤ ਰਵਿਦਾਸ ਦੀ ਵਿਚਾਰਧਾਰਾ" ਪੇਸ਼ ਕੀਤਾ ਗਿਆ।**

ਪਹਿਲਾ ਅਧਿਆਇ ਵਿਚ ਖੋਜਾਰਥੀ ਨੇ ਰਵਿਦਾਸ ਜੀ ਦੇ ਜੀਵਨ ਦੇ ਵੱਖ ਵੱਖ ਪੱਖਾਂ 'ਤੇ ਖੋਜ ਕਰਕੇ ਆਖਰੀ ਨਿਰਣੈ ਕੱਢੇ ਹਨ। ਨਾਮ, ਜਨਮ ਤਿਥੀ, ਜਨਮ ਸਥਾਨ, ਮਾਤਾ ਪਿਤਾ ਦਾ ਨਾਮ, ਪੇਸ਼ਾ, ਜਾਤੀ, ਸਿਖਸ਼ਾ ਸੰਬੰਧੀ ਕੋਈ ਨਿਸ਼ਚਿਤ ਰਾਇ ਕਾਇਮ ਕਰਨ ਪਿਛੋਂ ਉਨ੍ਹਾਂ ਦੀ ਬਹੁ-ਪੱਖੀ ਸਖਸ਼ੀਅਤ ਬਾਰੇ ਵੀ ਰੋਸ਼ਨੀ ਪਾਉਣ ਦਾ ਉਪਰਾਲਾ ਕੀਤਾ ਹੈ।

ਦੂਸਰਾ ਅਧਿਆਇ ਵਿਚ ਖੋਜਾਰਥੀ ਨੇ ਭਗਤੀ ਲਹਿਰ ਦੀ ਉਤਪਤੀ ਤੇ ਵਿਕਾਸ 'ਤੇ ਸੰਖੇਪ ਜਿਹੀ ਚਰਚਾ ਕਰਕੇ ਭਗਤੀ ਅੰਦੋਲਨ ਵਿਚ ਭਗਤ ਰਵਿਦਾਸ ਜੀ ਦੇ ਯੋਗ ਸਥਾਨ ਨੂੰ ਨਿਸਚਿਤ ਕੀਤਾ ਹੈ।

ਤੀਸਰਾ ਅਧਿਆਇ ਖੋਜਾਰਥੀ ਨੇ ਭਗਤ ਜੀ ਦੀ ਸਮਾਜਕ ਤੇ ਧਾਰਮਿਕ ਚੇਤਨਾ ਦਾ ਲੇਖਾ-ਜੋਖਾ ਕੀਤਾ ਹੈ ਤੇ ਇਸ ਸੰਬੰਧੀ ਭਗਤ ਜੀ ਦੇ ਵਿਚਾਰਾਂ ਦਾ ਨਿਤਾਰਾ ਕੀਤਾ ਹੈ।

ਚੌਥਾ ਅਧਿਆਇ ਵਿਚ ਖੋਜਾਰਥੀ ਵੱਲੋਂ ਭਗਤ ਜੀ ਦੇ ਭਗਤੀ ਦੇ ਸਰੂਪ ਨੂੰ ਵਾਚਣ ਦਾ ਕੰਮ ਕੀਤਾ ਗਿਆ ਹੈ ਤੇ ਸਿੱਟੇ ਕੱਢਣ ਦਾ ਇਹ ਯਤਨ ਕੀਤਾ ਗਿਆ ਹੈ ਕਿ ਭਗਤ ਜੀ ਦੀ ਭਗਤੀ ਦਾ ਕੀ ਸਰੂਪ ਸੀ।

ਪੰਜਵੇਂ ਅਧਿਆਇ ਵਿਚ ਖੋਜਾਰਥੀ ਵੱਲੋਂ ਭਗਤ ਜੀ ਨੇ ਮਨੁੱਖ ਮਾਤਰ ਨੂੰ ਜੋ ਸਦਾਚਾਰਕ ਸਿੱਖਿਆਵਾਂ ਦਾ ਢੋਆ ਦਿੱਤਾ, ਉਸ ਤੋਂ ਜਾਣੂੰ ਕਰਵਾਇਆ ਗਿਆ ਹੈ।

ਛੇਵਾਂ ਅਧਿਆਇ ਵਿਚ ਖੋਜਾਰਥੀ ਵੱਲੋਂ ਭਗਤ ਰਵਿਦਾਸ ਬਾਣੀ ਤੇ ਗੁਰਬਾਣੀ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਸਿਧ ਕੀਤਾ ਗਿਆ ਹੈ ਕਿ ਭਗਤ ਰਵਿਦਾਸ ਜੀ ਬਾਣੀ ਤੇ ਗੁਰਮਤ ਦੀ ਆਪਸੀ ਵਿਚਾਰਧਾਰਾ ਆਪਸ ਵਿਚ ਮੇਲ ਖਾਂਦੀ ਸੀ। ਇਸੇ ਕਰਕੇ ਇਨ੍ਹਾਂ ਦੀ ਬਾਣੀ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਯੋਗ ਤੇ ਆਦਰ ਵਾਲਾ ਸਥਾਨ ਪ੍ਰਾਪਤ ਹੋਇਆ।

ਸੱਤਵਾਂ ਅਧਿਆਇ ਵਿਚ ਖੋਜਾਰਥੀ ਵੱਲੋਂ ਸਮੁੱਚੀ ਪ੍ਰਾਪਤੀ ਤੋਂ ਝਾਤ ਪਾਈ ਗਈ ਹੈ ਤੇ ਭਗਤ ਜੀ ਬਾਰੇ ਜੋ ਵਿਚਾਰ-ਧਾਰਾ ਬਣੀ ਹੈ, ਨੂੰ ਸਪਸ਼ਟ ਕੀਤਾ ਗਿਆ ਹੈ।

2. **ਖੋਜਾਰਥਣ ਹਰਜੀਤ ਕੌਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1986-87, ਰਾਹੀਂ ਸੰਪੰਨ ਹੋਏ ਖੋਜ ਨਿਬੰਧ "ਕਬੀਰ ਬਾਣੀ ਵਿਚ ਭਗਤੀ ਦਾ ਸਰੂਪ (ਗੁਰੂ ਗ੍ਰੰਥ ਸਾਹਿਬ ਜੀ ਦੇ ਆਧਾਰ 'ਤੇ) ਪੇਸ਼ ਕੀਤਾ ਗਿਆ।**

ਪਹਿਲੇ ਅਧਿਆਇ ਵਿਚ ਖੋਜਾਰਥਣ ਵੱਲੋਂ ਮੱਧਕਾਲੀਨ ਭਗਤੀ ਅੰਦੋਲਨ ਦੇ ਆਰੰਭ ਅਤੇ ਵਿਕਾਸ ਸੰਬੰਧੀ ਚਰਚਾ ਕਰਦੇ ਹੋਏ ਇਸ ਵਿਚ ਚਾਰ ਪ੍ਰਮੁੱਖ ਭਗਤੀ ਸੰਪਰਦਾਵਾਂ ਅਤੇ ਉਨ੍ਹਾਂ ਦੇ ਆਚਾਰੀਆਂ ਦੀ ਭਗਤੀ ਭਾਵਨਾ ਦਾ ਸੰਖੇਪ ਵਰਨਣ ਕੀਤਾ ਹੈ। ਇਸ ਤੋਂ ਬਾਅਦ ਇਸ ਵਿਚ ਭਗਤੀ ਦੀਆਂ ਦੋ ਪ੍ਰਮੁੱਖ ਧਾਰਾਵਾਂ ਸਰਗੁਣ ਅਤੇ ਨਿਰਗੁਣ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਨਾਲ ਸੰਬੰਧਿਤ ਭਗਤਾਂ ਅਤੇ ਉਨ੍ਹਾਂ

ਦੁਆਰਾ ਅਪਣਾਈ ਗਈ ਭਗਤੀ ਪੱਧਤੀ ਦੇ ਸਰੂਪ ਬਾਰੇ ਚਰਚਾ ਕੀਤੀ ਗਈ ਹੈ। ਇਨ੍ਹਾਂ ਵਿਚੋਂ ਭਗਤ ਕਬੀਰ ਨਿਰਗੁਣ ਭਗਤੀ ਨਾਲ ਸੰਬੰਧਿਤ ਮੰਨੇ ਗਏ ਹਨ ਅਤੇ ਇਨ੍ਹਾਂ ਦੇ ਭਗਤੀ ਅੰਦੋਲਨ ਦੇ ਵਿਕਾਸ ਵਿਚ ਯੋਗਦਾਨ ਨੂੰ ਵੀ ਸਾਹਮਣੇ ਰੱਖਿਆ ਗਿਆ ਹੈ।

ਦੂਸਰਾ ਅਧਿਆਇ ਵਿਚ ਖੋਜਾਰਥਣ ਵੱਲੋਂ ਭਗਤ ਕਬੀਰ ਦੇ ਜੀਵਨ ਨਾਲ ਸੰਬੰਧਿਤ ਮਿਲਦੀਆਂ ਵੱਖ-ਵੱਖ ਵਿਚਾਰਾਂ ਦੇ ਸੰਦਰਭ ਵਿਚ ਵਿਚਾਰ ਚਰਚਾ ਕਰਕੇ ਉਨ੍ਹਾਂ ਦੇ ਜੀਵਨ ਦੀ ਸਹੀ ਜਾਣਕਾਰੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਬੀਰ ਜੀ ਦੇ ਨਾਂ 'ਤੇ ਮਿਲਦੀ ਕਬੀਰ ਬਾਣੀ ਦਾ ਜ਼ਿਕਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਵਿਚਲੀ ਕਬੀਰ ਬਾਣੀ ਨੂੰ ਹੀ ਸਭ ਤੋਂ ਵੱਧ ਪ੍ਰਮਾਣਿਕ ਮੰਨਿਆ ਗਿਆ ਹੈ।

ਤੀਜਾ ਅਧਿਆਇ ਵਿਚ ਖੋਜਾਰਥਣ ਵੱਲੋਂ ਗੁਰੂ ਗ੍ਰੰਥ ਦੇ ਸਰੂਪ, ਬਣਤਰ ਅਤੇ ਇਸ ਵਿਚ ਦਰਜ ਬਾਣੀ ਦੀ ਤਰਤੀਬ, ਬਾਣੀ ਦਾ ਵੇਰਵਾ ਅਤੇ ਇਸ ਵਿਚ ਦਰਜ ਗੁਰੂਆਂ ਅਤੇ ਭਗਤਾਂ ਦੀ ਬਾਣੀ ਦੇ ਆਕਾਰ 'ਤੇ ਪ੍ਰਕਾਰ ਸੰਬੰਧੀ ਵਿਚਾਰ ਕੀਤੀ ਗਈ ਹੈ। ਇਸ ਤੋਂ ਬਾਅਦ ਕਬੀਰ-ਬਾਣੀ ਦੇ ਆਕਾਰ ਅਤੇ ਬਾਣੀ ਰੂਪਾਂ ਦੀ ਚਰਚਾ ਕਰਕੇ ਕਬੀਰ ਬਾਣੀ ਦੇ ਮੂਲ ਵਿਸ਼ਿਆ ਸੰਬੰਧੀ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਦੇ ਮੂਲ ਵਿਸ਼ਿਆਂ ਅਤੇ ਗੁਰਬਾਣੀ ਵਿਚ ਪ੍ਰਸੰਗਿਕਤਾ ਪਰਖੀ ਗਈ ਹੈ।

ਚੌਥੇ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦੇ ਆਧਾਰ 'ਤੇ ਕਬੀਰ-ਭਗਤੀ ਦੇ ਸਰੂਪ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਭਗਤੀ ਸੰਬੰਧੀ ਮਿਲਦੇ ਵੱਖ-ਵੱਖ ਆਚਾਰੀਆਂ, ਸੰਤਾਂ-ਭਗਤਾਂ ਅਤੇ ਵਿਦਵਾਨਾਂ ਦੇ ਵਿਚਾਰਾਂ ਦੀ ਚਰਚਾ ਕਰਨ ਤੋਂ ਬਾਅਦ ਕਬੀਰ ਦੀ ਭਗਤੀ ਦੇ ਸਰੂਪ ਨੂੰ ਪਰਖਿਆ ਗਿਆ ਹੈ।

3. **ਖੋਜਾਰਥੀ ਰੂਬੀ ਅਰੋੜਾ ਵਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2002-03, ਰਾਹੀਂ ਸੰਪੰਨ ਹੋਏ ਖੋਜ ਨਿਬੰਧ "ਭਗਤ ਰਵਿਦਾਸ ਬਾਣੀ ਦੀ ਸਮਾਜਕ ਸਾਰਥਾਕਤਾ" ਪੇਸ਼ ਕੀਤਾ ਗਿਆ।**

ਖੋਜ ਨਿਬੰਧ ਨੂੰ ਤਿੰਨ ਅਧਿਆਇਆਂ ਵਿਚ ਵੰਡਿਆ ਹੈ। ਪਹਿਲਾ ਅਧਿਆਇ ਵਿਚ ਖੋਜਾਰਥਣ ਵੱਲੋਂ ਭਗਤ ਰਵਿਦਾਸ ਦੇ ਇਤਿਹਾਸਕ ਪਿਛੋਕੜ ਬਾਰੇ ਚਰਚਾ ਕਰਦੇ ਹੋਏ ਇਸ ਕਾਲ ਦੀਆਂ ਸਮਾਜਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਪਰਿਸਥਿਤੀਆਂ ਨੂੰ ਬਿਆਨਿਆ ਗਿਆ ਹੈ।

ਦੂਜਾ ਅਧਿਆਇ ਵਿਚ ਖੋਜਾਰਥਣ ਵੱਲੋਂ ਭਗਤ ਰਵਿਦਾਸ ਜੀ ਦੇ ਜੀਵਨ, ਰਚਨਾ ਅਤੇ ਸਖਸ਼ੀਅਤ ਉੱਤੇ ਚਾਨਣਾ ਪਾਇਆ ਹੈ, ਜਿਸ ਵਿਚ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਭਗਤ ਰਵਿਦਾਸ ਦੇ ਨਾਮ, ਜਨਮ ਤਿਥੀ ਅਤੇ ਜੀਵਨ ਦੇ ਹੋਰ ਪੱਖਾਂ ਬਾਰੇ ਪਏ ਭਰਮ ਭੁਲੇਖਿਆਂ ਨੂੰ ਵਿਚਾਰਿਆ ਗਿਆ ਹੈ।

ਤੀਜਾ ਅਧਿਆਇ ਵਿਚ ਖੋਜਾਰਥਣ ਵੱਲੋਂ ਭਗਤ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ ਦੀ ਸਮਾਜਕ ਸਾਰਥਕਤਾ ਦਾ ਅਧਿਐਨ ਕੀਤਾ ਗਿਆ ਹੈ। ਇਸ ਉਦੇਸ਼ ਲਈ ਇਹ ਸਾਰੀ ਬਾਣੀ ਨੂੰ ਤਿੰਨ ਪਹਿਲੂਆਂ ਸਮਾਜਕ, ਧਾਰਮਿਕ ਅਤੇ ਰਾਜਨੀਤਕ ਪਰਿਪੇਖ ਤੋਂ ਵਿਚਾਰਿਆ ਗਿਆ ਹੈ।

4. **ਖੋਜਾਰਥੀ ਸਿਉ ਰਾਮ ਵਲੋਂ ਕਰੂਕਸ਼ੇਤਰ ਯੂਨੀਵਰਸਿਟੀ, ਕਰੂਕਸ਼ੇਤਰ 2004 ਰਾਹੀਂ ਸੰਪੰਨ ਹੋਏ ਖੋਜ-ਨਿਬੰਧ "ਰਵਿਦਾਸ ਬਾਣੀ ਵਿਚ ਦਲਿਤ ਚੇਤਨਾ ਪੇਸ਼ ਕੀਤਾ ਗਿਆ।**

ਪਹਿਲਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਦੇ ਜੀਵਨ ਰਵਿਦਾਸ ਜੀ ਦੇ ਜਨਮ ਸੰਬੰਧੀ ਹੋਈ ਵਾਦ-ਵਿਵਾਦ ਸੰਬੰਧੀ ਚਰਚਾ ਕੀਤੀ ਹੈ।

ਦੂਜਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਜੀ ਬਾਣੀ ਦੀ ਆਧੁਨਿਕ ਸਮਾਜਕ ਪ੍ਰਾਸੰਗਿਕਤਾ ਵਿਚ ਭਗਤ ਰਵਿਦਾਸ ਬਾਣੀ ਅੱਜ ਦੇ ਮਨੁੱਖੀ ਜੀਵਨ ਲਈ ਕਿਵੇਂ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਇਸ ਮਾਇਆਵਾਦ ਯੁੱਗ ਵਿਚ ਉਨ੍ਹਾਂ ਦੀ ਬਾਣੀ ਕਿਵੇਂ ਮਨੁੱਖ ਨੂੰ ਸ਼ਾਂਤਮਈ ਸੰਤੋਖ ਭਰਿਆ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦੀ ਹੈ। ਮਨੁੱਖ ਇਸ ਸੰਸਾਰ ਵਿਚ ਰਹਿ ਕੇ ਆਪਣੇ ਕਾਰ-ਵਿਹਾਰ ਕਰਦਿਆਂ ਮੁਕਤੀ ਪ੍ਰਾਪਤ ਕਰਦਾ ਹੈ। ਉਨ੍ਹਾਂ ਦੀ ਬਾਣੀ ਵਿਚੋਂ ਮਨੁੱਖ ਪਾਖੰਡ ਰਹਿਤ ਜਾਤ-ਪਾਤ ਛੋਟੇ-ਵੱਡੇ ਅਤੇ ਵਰਣ-ਵੰਡ ਤੋਂ ਨਿਰਲੇਪ ਰਹਿ ਕੇ ਉੱਚ ਆਤਮਿਕ ਜੀਵਨ ਜੀਉਣ ਲਈ ਪ੍ਰੇਰਨਾ ਲੈਂਦਾ ਹੈ।

ਤੀਜਾ ਅਧਿਆਇ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਬਾਣੀ ਦੇ ਮੂਲ ਸਰੋਕਾਰ ਕਿਹੜੇ ਹਨ; ਉਨ੍ਹਾਂ ਉੱਤੇ ਵਸਤੂ ਚਰਚਾ ਕੀਤੀ ਗਈ ਹੈ। ਉਨ੍ਹਾਂ ਨੇ ਦੁਨੀਆਂ ਦੀ ਨਾਸ਼ਵਾਨਤਾ ਨੂੰ ਸਿੱਧ ਕਰਨ ਲਈ ਤੱਤਕਾਲੀ ਜੀਵਨ ਵਿਚੋਂ ਉਦਾਹਰਣਾਂ ਲੈ ਕੇ ਆਮ ਵਿਅਕਤੀ ਨੂੰ ਪ੍ਰਵਚਨ ਪ੍ਰਭਾਵਿਤ ਕੀਤਾ। ਉਨ੍ਹਾਂ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਲਈ ਅਤੇ ਉੱਚ ਨੈਤਿਕ ਜੀਵਨ ਜੀਉਣ ਲਈ ਪ੍ਰੇਰਿਤ ਕੀਤਾ।

ਅਧਿਆਇ ਪੰਜਵਾਂ ਵਿਚ ਖੋਜਾਰਥੀ ਨੇ ਭਗਤ ਰਵਿਦਾਸ ਦੀ ਕਲਾਤਮਮਿਕਤਾ ਦੇ ਗੁਣਾਂ ਦੀ ਝਲਕ ਉੱਤੇ ਚਰਚਾ ਕੀਤੀ ਹੈ। ਉਨ੍ਹਾਂ ਨੇ ਆਪਣੀ ਰਚਨਾ ਵਿਚ ਬਿੰਬ ਵਿਧਾਨ, ਰਾਗ ਅਤੇ ਹੋਰ ਕਾਵਿਕ ਗੁਣਾਂ ਦੀ ਸੁਯੋਗ ਵਰਤੋਂ ਕੀਤੀ ਗਈ।

5. **ਖੋਜਾਰਥੀ ਅਮਰਜੀਤ ਕੌਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਰਾਹੀਂ ਸੰਪੰਨ ਹੋਏ ਖੋਜ ਨਿਬੰਧ "ਭਗਤ ਬਾਣੀ ਦਾ ਲੋਕਧਾਰਈ ਅਧਿਐਨ" ਪੇਸ਼ ਕੀਤਾ ਗਿਆ।**

**ਪਹਿਲਾ ਅਧਿਆਇ** ਵਿਚ ਖੋਜਾਰਥਣ ਵੱਲੋਂ 'ਕਵਿਤਾ, ਗੁਰਬਾਣੀ ਅਤੇ ਲੋਕਧਾਰਾ' ਦਾ ਅੰਤਰ ਸੰਬੰਧ ਦਰਸਾਇਆ ਗਿਆ ਹੈ। **ਦੂਜਾ ਅਧਿਆਇ** ਵਿਚ 'ਲੋਕਧਾਰਾਈ ਅਧਿਐਨ ਵਿਧੀ' ਦਾ ਸਿਧਾਂਤਕ ਪਰਿਪੇਖ ਪੇਸ਼ ਕੀਤਾ ਗਿਆ ਹੈ ਕਿ ਕਿੰਞ ਇਸ ਵਿਧੀ ਦੇ ਅੰਤਰਗਤ ਲੋਕ ਤੱਤਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। **ਤੀਸਰਾ ਅਧਿਆਇ** ਵਿਚ 'ਭਗਤ ਕਬੀਰ ਬਾਣੀ ਦਾ ਲੋਕਧਾਰਾਈ ਅਧਿਐਨ' ਕੀਤਾ ਗਿਆ ਹੈ।

**ਅ. ਉਪਾਧੀ ਨਿਰਪੇਖ**

**ਪੁਸਤਕ ਰੂਪ ਵਿਚ ਪ੍ਰਾਪਤ ਖੋਜ ਕਾਰਜ**

1. **ਡਾ. ਇੰਦਰਪਾਲ ਮਹਿਤਾ ਦੇ ਪੀਐਚ.ਡੀ. ਦੇ ਪਰਵਾਨਿਤ ਖੋਜ-ਪ੍ਰਬੰਧ ਸੰਤ ਰਵਿਦਾਸ ਅਤੇ ਮੀਰਾ ਬਾਈ: ਇਕ ਤੁਲਨਾਤਮਿਕ ਅਧਿਐਨ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ।**

ਖੋਜ ਪ੍ਰਬੰਧ ਦਾ ਵਿਸ਼ਾ 'ਰਵਿਦਾਸ ਅਤੇ ਮੀਰਾ ਇਕ ਤੁਲਨਾਤਮਕ ਅਧਿਐਨ' ਹੋਣ ਕਰਕੇ ਉਨ੍ਹਾਂ ਦੇ ਹੀ ਜੀਵਨ ਬਿਰਤਾਂਤ, ਰਚਨਾ, ਕਾਵਿ ਸੌਂਦਰਯ ਅਤੇ ਵਿਚਾਰਧਾਰਾ ਨਾਲ ਜੁੜਿਆ ਹੈ। ਖੋਜ-ਪ੍ਰਬੰਧ ਨੂੰ ਸੱਤ ਅਧਿਆਇ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਭਗਤ ਰਵਿਦਾਸ ਬਾਣੀ ਦੀ ਪ੍ਰਿਸ਼ਟ ਭੂਮੀ ਹੈ, ਜਿਸ ਵਿਚ ਭਗਤ ਰਵਿਦਾਸ ਬਾਣੀ ਨੂੰ ਪੂਰਵਵਰਤੀ ਸਮਾਜਕ, ਦਾਰਸ਼ਿਨਕ ਅਤੇ ਸਾਹਿਤਕ ਪਰਿਪੇਖ ਵਿਚ ਦੇਖਣ ਦਾ ਯਤਨ ਕੀਤਾ ਗਿਆ ਹੈ, ਕਿਉਂਕਿ ਭਗਤ  ਰਵਿਦਾਸ ਦੀ ਬਾਣੀ ਅਸਲ ਵਿਚ ਪੂਰਵਵਰਤੀ ਵਿਵਸਥਾ ਦਾ ਹੀ ਪ੍ਰਮਾਣ ਹੈ। ਬਾਣੀ ਵਿਚ ਜਾਤੀ, ਧਰਮ, ਭਗਤੀ, ਕਰਮ, ਨਾਮ, ਜਪ, ਅਹਿੰਸਾ ਆਦਿ ਅਨੇਕ ਮਾਨਵ ਮੁੱਲਾਂ ਦੀ ਚਰਚਾ ਦਾ ਮੁੱਖ ਕਾਰਨ ਪੂਰਵਾਵਰਤੀ ਸਮਾਜਕ, ਦਾਰਸ਼ਨਿਕ ਅਤੇ ਖਾਸ ਤੌਰ 'ਤੇ ਸੰਕੀਰਨ ਧਾਰਮਿਕ ਨੀਂਹਾਂ ਹਨ।

ਦੂਜਾ ਅਧਿਆਇ ਵਿਚ ਖੋਜਾਰਥੀ ਵੱਲੋਂ ਉਸ ਸਮੇਂ ਦੀ ਤੱਤਕਾਲੀਨ ਅਵਸਥਾ ਨਾਲ ਸੰਬੰਧਿਤ ਵੇਰਵਿਆਂ 'ਤੇ ਚਾਨਣ ਪਾਇਆ ਗਿਆ ਹੈ। ਇਸ ਵੇਲੇ ਦੀ ਰਾਜਨੀਤਕ, ਸਮਾਜਕ, ਸਾਂਸਕ੍ਰਿਤਿਕ, ਧਾਰਮਿਕ ਅਤੇ ਆਰਥਿਕ ਅਵਸਥਾ ਨੇ ਵੀ ਇਨ੍ਹਾਂ ਭਗਤਾਂ ਨੂੰ ਪ੍ਰਭਾਵਿਤ ਕੀਤਾ, ਜਿਹੜਾ ਉਨ੍ਹਾਂ ਦੀ ਬਾਣੀ ਵਿਚ ਜਗ੍ਹਾ-ਜਗ੍ਹਾ ਜਾਹਿਰ ਹੁੰਦਾ ਹੈ। ਇਸ ਅਧਿਆਇ ਵਿਚ ਰਵਿਦਾਸ ਬਾਣੀ ਅਤੇ ਮੀਰਾ ਦੇ ਪਦਾਂ ਨੂੰ ਤਤਕਾਲੀਨ ਅਵਸਥਾ ਦੇ ਪਰਿਪੇਖ ਵਿਚ ਦੇਖਣ ਦੀ ਕੋਸ਼ਿਸ਼ ਕੀਤੀ ਹੈ।

ਤੀਜਾ ਅਧਿਆਇ ਖੋਜਾਰਥੀ ਵੱਲੋਂ ਭਗਤ ਰਵਿਦਾਸ ਅਤੇ ਮੀਰਾ ਬਾਈ ਦਾ ਜੀਵਨ ਅਤੇ ਵਿਅਕਤੀਤਵ ਹੈ। ਇਸ ਅਧਿਆਇ ਵਿਚ ਭਗਤ ਰਵਿਦਾਸ ਅਤੇ ਮੀਰਾ ਬਾਈ ਦੇ ਜਨਮ ਸਥਾਨ, ਮਾਤਾ ਪਿਤਾ, ਜਾਤ, ਗ੍ਰਿਹਸਤ ਜੀਵਨ, ਗੁਰੂ-ਸ਼ਿਸ਼ ਅਤੇ ਮੌਤ ਸੰਬੰਧੀ ਨਵੀਨਤਮ ਸਮੱਗਰੀ ਆਧਾਰ ਬਣਾ ਕੇ ਪ੍ਰਮਾਣਿਕ ਆਧਾਰ ਤਿਆਰ ਕੀਤਾ ਗਿਆ ਹੈ। ਇਸ ਤਰ੍ਹਾ ਹੀ ਰਵਿਦਾਸ ਅਤੇ ਮੀਰਾ ਦੀ ਸਖ਼ਸੀਅਤ ਦੀ ਰੂਪ-ਰੇਖਾ ਵੀ ਤਿਆਰ ਕੀਤੀ ਗਈ ਹੈ।

ਚੌਥਾ ਅਧਿਆਇ ਭਗਤ ਰਵਿਦਾਸ ਜੀ ਅਤੇ ਮੀਰਾ ਬਾਈ ਦੀ ਬਾਣੀ ਦੀ ਪ੍ਰਮਾਣਿਕਤਾ ਬਾਰੇ ਹੈ। ਖੋਜਾਰਥੀ ਨੇ ਇਹ ਧਾਰਨਾ ਦਿੱਤੀ ਹੈ ਕਿ ਭਗਤ ਦੀ ਬਾਣੀ ਉਤਨੀ ਹੀ ਸੰਦੇਹ ਦੇ ਘੇਰੇ ਵਿਚ ਹੈ, ਜਿਤਨੀ ਕਿ ਉਨ੍ਹਾਂ ਦਾ ਆਪਣਾ ਜੀਵਨ ਬਿਰਤਾਂਤ ਹੈ। ਇਸ ਪ੍ਰਕਾਰ ਅੰਦਰੂਨੀ ਅਤੇ ਬਾਹਰੀ ਪ੍ਰਮਾਣਾਂ ਤੋਂ ਬਾਣੀ ਦੀ ਪ੍ਰਮਾਣਿਕਤਾ ਦੀ ਰੂਪ-ਰੇਖਾ ਅਵੱਸ਼ ਤਿਆਰ ਹੁੰਦੀ ਹੈ। ਰਵਿਦਾਸ ਬਾਣੀ ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ

ਦਰਜ਼ ਹੈ, ਤਦ ਇਥੇ ਸਿਖਰ ਦੀ ਬਾਣੀ ਹੋਣ ਕਰਕੇ ਬਹੁਤ ਥੋੜ੍ਹੇ ਪਦ ਸ਼ਾਮਿਲ ਕੀਤੇ ਗਏ ਹਨ, ਜਿਹੜੇ ਉਨ੍ਹਾਂ ਦੇ ਵਿਅਕਤੀਤਵ ਪੂਰੀ ਤਰ੍ਹਾਂ ਉਜਾਗਰ ਨਹੀਂ ਕਰਦੇ।

ਪੰਜਵਾਂ ਅਧਿਆਇ ਭਗਤ ਰਵਿਦਾਸ ਜੀ ਅਤੇ ਮੀਰਾ ਬਾਈ ਦੇ ਵਿਚਾਰਧਾਰਾਈ ਆਧਾਰ ਨਾਲ ਸੰਬੰਧਤ ਹੈ। ਇਸ ਵਿਚ ਖੋਜਾਰਥੀ ਵੱਲੋਂ ਭਗਤ ਰਵਿਦਾਸ ਅਤੇ ਮੀਰਾ ਬਾਈ ਦੇ ਵਿਚਾਰ ਤੱਤ ਨੂੰ ਭਿੰਨ-ਭਿੰਨ ਪਰਿਪੇਖਾਂ ਤੋਂ ਵੇਖਣ ਦਾ ਪ੍ਰਯਤਨ ਕੀਤਾ ਗਿਆ ਹੈ। ਭਗਤ ਰਵਿਦਾਸ ਅਤੇ ਮੀਰਾਂ ਦੀ ਵਿਚਾਰਧਾਰਾ ਦੀ ਪਿੱਠ-ਭੂਮੀ ਉਨ੍ਹਾਂ ਦਾ ਦਾਰਸ਼ਨਿਕ, ਅਧਿਆਤਮਕ ਅਤੇ ਸਮਾਜਕ ਦ੍ਰਿਸ਼ਟੀਕੋਣ ਕੀ ਹੈ ? ਇਸ ਪੱਖ ਤੋਂ ਇਸ ਅਧਿਆਇ ਵਿਚ ਖਾਸ ਤੌਰ ’ਤੇ ਚਰਚਾ ਕੀਤੀ ਗਈ ਹੈ ਅਤੇ ਦੋਹਾਂ ਵਿਚਾਰਕਾਂ ਦੇ ਤੁਲਨਾਤਮਕ ਅਧਿਐਨ ਕਰਨ ਉਪਰੰਤ ਪਰਸਪਰ ਸਮਾਨਤਾ ਅਤੇ ਅਸਮਾਨਤਾ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਛੇਵਾਂ ਅਧਿਆਇ ਵਿਚ ਖੋਜਾਰਥੀ ਭਗਤ ਰਵਿਦਾਸ ਅਤੇ ਮੀਰਾ ਦੇ ਕਾਵਿਆਤਮਕ ਪੱਖ ਨੂੰ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਗਿਆ ਹੈ। ਭਗਤ ਮੂਲ ਰੂਪ ਵਿਚ ਕਵੀ ਤਾਂ ਨਹੀਂ ਸਨ ਪਰ ਮਨ ਦੀਆਂ ਗਹਿਰਾਈਆਂ ਵਿਚ ਉਠਣ ਵਾਲਾ ਹਰ ਪਦ ਆਪਣੇ ਆਪ ਵਿਚ ਇਕ ਅਲੌਕਿਕ ਕਾਵਿ ਸੌਂਦਰਯ ਨਾਲ ਓਤਪੋਤ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਅਤੇ ਮੀਰਾ ਦੇ ਕਾਵਿ ਸੋਂਦਰਯ ਵਿਚ ਭਾਵਨਾਤਮਿਕ, ਭਾਸ਼ਾਤਮਿਕ, ਅਲੰਕਾਰਿਕ, ਸੰਗੀਤਾਤਮਿਕ ਅਤੇ ਪ੍ਰਤੀਕਆਤਮਿਕ ਪੱਖ ਤੋਂ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੀ ਬਾਣੀ ਦੇ ਕਾਵਿ ਪੱਖ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਸੱਤਵਾਂ ਅਧਿਆਇ ਭਗਤ ਰਵਿਦਾਸ ਅਤੇ ਮੀਰਾ ਬਾਈ ਦੇ ਸਥਾਨ ਅਤੇ ਪ੍ਰਾਪਤੀਆਂ ਦਾ ਹੈ। ਇਸ ਵਿਚ ਖੋਜਾਰਥੀ ਦੋਨੋਂ ਭਗਤਾਂ ਦਾ ਸਹਿਤ ਵਿਚ ਅਤੇ ਸਮਾਜ ਵਿਚ ਬਾਣੀ ਦੀ ਪ੍ਰਿਸ਼ਟ ਭੂਮੀ ਦੇ ਆਧਾਰ ’ਤੇ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ ਕੀਤੀ ਗਈ ਹੈ। ਅੱਜ ਵੀ ਇਤਿਹਾਸ ਵਿਚ ਸੰਤ ਸਾਹਿਤ ਦਾ ਮੋਢੀ ਕੌਣ ਹੈ? ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਭੂਮਿਕਾ ਤਿਆਰ ਕੀਤੀ ਗਈ ਹੈ। ਇਹ ਸੱਚ ਹੈ ਕਿ ਭਗਤ ਕਬੀਰ ਜੀ ਵਰਗੀ ਤਿੱਖੀ ਅਵਾਜ਼ ਆਲੋਚਕਾਂ ਦੇ ਧਿਆਨ ਆਪਣੇ ਵੱਲ ਆਕਰਸ਼ਿਤ ਕਰ ਲੈਂਦੀ ਹੈ। ਭਗਤ ਰਵਿਦਾਸ ਆਪਣੀ ਸਰਲ, ਭੋਲੀ-ਭਾਲੀ ਅਤੇ ਪਤੇ ਦੀ ਗੱਲ ਬੜੇ ਧੀਮੇ ਸਵਰ ਵਿਚ ਕਹਿਣ ਕਰਕੇ ਆਲੋਚਕਾਂ ਦੇ ਕੇਂਦਰ ਬਿੰਦੂ ਉਸ ਤਰ੍ਹਾਂ ਨਹੀਂ ਬਣ ਸਕੇ, ਜਿਸ ਤਰ੍ਹਾਂ ਕਬੀਰ ਜੀ ਦੀ ਰਚਨਾ ਦਾ ਮੁਲਾਂਕਣ ਹੋਇਆ ਹੈ।

2. **ਡਾ. ਮਦਨ ਗੋਪਾਲ ਆਚਾਰੀਆਂ ਦੇ ਪੀਐਚ. ਡੀ. ਦੇ ਪਰਵਾਨਿਤ ਖੋਜ-ਪ੍ਰਬੰਧ “ਆਦਿ-ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ” ਭਾਸ਼ਾ ਵਿਭਾਗ ਪੰਜਾਬ ਵਲੋਂ ਪੁਸਤਕ ਰੂਪ ਵਿਚ 2001 ਵਿਚ ਪਹਿਲੀ ਐਡੀਸ਼ਨ ਪ੍ਰਕਾਸ਼ਿਤ ਕੀਤੀ ਗਈ।**

ਇਸ ਪ੍ਰਸਤੁਤ ਖੋਜ-ਪ੍ਰਬੰਧ ਨੂੰ ਇਕ ਨਿਯਮਿਤ ਪ੍ਰਬੰਧ ਵਿਚ ਨਿਰੂਪਣ ਕਰਨ ਲਈ ਇਸ ਦੇ ਨਿਮਨਲਿਖਤ ਇਹ ‘ਅਧਿਆਇ’ ਤੇ ‘ਉਪ-ਅਧਿਆਇ’ ਬਣਾਏ ਗਏ ਹਨ:

ਪਹਿਲਾ ਅਧਿਆਇ ਵਿਚ ਖੋਜਾਰਥੀ ਵੱਲੋਂ ਸਿਧਾਂਤਕ ਪੱਖ ਤੋਂ ਨੈਤਿਕਤਾ ਦੇ ਸੰਕਲਪ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਨੈਤਿਕਤਾ ਅਤੇ ਮਨੁੱਖੀ ਪ੍ਰਕ੍ਰਿਤੀ, ਨੈਤਿਕਤਾ ਦਾ ਅਧਿਐਨ

ਖੇਤਰ, ਨੈਤਿਕਤਾ ਦਾ ਮਨੋਵਿਗਿਆਨਕ ਆਧਾਰ ; ਨੈਤਿਕਤਾ ਦਾ ਪ੍ਰਯੋਜਨ ਅਤੇ ਪਰਿਣਾਮ, ਨੀਤੀ ਗਿਆਨ ਅਤੇ ਧਰਮ, ਵਿਅਕਤੀਗਤ ਅਤੇ ਸਮੂਹਿਕ ਨੈਤਿਕਤਾ ਅਤੇ ਨੈਤਿਕਤਾ ਦੀਆਂ ਸਮੱਸਿਆਵਾਂ ਵਿਸ਼ਿਆ ਨੂੰ ਛੋਹਿਆ ਗਿਆ ਹੈ।

ਇਸੇ ਅਧਿਆਇ ਦੇ ਭਾਗ 'ਅ' ਵਿਚ ਨੀਤੀ ਸ਼ਾਸਤਰ ਦੀ ਪਰੰਪਰਾ ਨੂੰ ਉਲੀਕਿਆ ਗਿਆ ਹੈ। ਇਸ ਪੱਛਮੀ ਪਰੰਪਰਾ, ਸਾਮੀ ਪਰੰਪਰਾ ਅਤੇ ਭਾਰਤੀ ਪਰੰਪਰਾ ਨੂੰ ਵੀ ਵਿਚਾਰਿਆ ਗਿਆ ਹੈ।

ਦੂਜਾ ਅਧਿਆਇ ਵਿਚ ਖੋਜਾਰਥੀ ਵੱਲੋਂ ਭਗਤਾਂ ਨਾਲ  ਜਾਣ-ਪਹਿਚਾਣ ਕਰਵਾਈ ਗਈ ਹੈ। ਇਸ ਵਿਚ ਭਗਤਾਂ ਦੀ ਜੀਵਨੀ, ਉਨ੍ਹਾਂ ਦੀਆਂ ਰਚਨਾਵਾਂ ਅਤੇ ਸੰਕੇਤਕ ਰੂਪ ਵਿਚ ਉਨ੍ਹਾਂ ਦੀ ਵਿਚਾਰਧਾਰਾ ਨੂੰ ਨਿਰਧਾਰਤ ਕੀਤਾ ਗਿਆ ਹੈ।

ਤੀਜਾ ਅਧਿਆਇ ਵਿਚ ਖੋਜਾਰਥੀ ਵੱਲੋਂ ਭਗਤ-ਬਾਣੀ ਵਿਚ 'ਵਿਅਕਤੀ' ਤੇ 'ਵਿਆਪਕ' ਦੇ ਸੰਕਲਪ ਨੂੰ ਨਿਰੂਪਣ ਕੀਤਾ ਗਿਆ ਹੈ ਕਿਉਂਕਿ ਭਗਤ-ਬਾਣੀ ਵਿਚ 'ਵਿਅਕਤੀ' ਤੇ 'ਵਿਆਪਕ' ਦੇ ਪਰਪਰ ਸੰਬੰਧ ਨੂੰ ਮੁੱਖ ਰਖ ਕੇ ਹੀ ਨੈਤਿਕਤਾ ਦੇ ਸਰੂਪ ਨੂੰ ਪਛਾਇਆ ਜਾ ਸਕਦਾ ਹੈ।

ਚੌਥਾ ਅਧਿਆਇ ਵਿਚ ਖੋਜਾਰਥੀ ਵੱਲੋਂ ਭਗਤ-ਬਾਣੀ ਵਿਚ ਨੈਤਕਿਤਾ ਦੇ ਸੰਕਲਪ ਨੂੰ ਵੱਖ-ਵੱਖ ਸਿਰਲੇਖਾਂ ਅਧੀਨ ਵਿਚਾਰਿਆ ਗਿਆ ਹੈ। ਇਹ ਸਿਰਲੇਖ ਹਨ, 'ਭਗਤ ਬਾਣੀ ਵਿਚ ਮਾਨਵ ਅਤੇ ਸਮਾਜ', 'ਕਰਤੱਵ' ਅਤੇ ਅਧਿਕਾਰ, ਮਾਇਆ ਤੇ ਮਨੁੱਖ ਆਦਿ। ਇਸ ਤੋਂ ਉਪਰੰਤ ਇਸ ਅਧਿਆਇ ਵਿਚ ਭਗਤ-ਬਾਣੀ ਵਿਚ ਸਮਾਜਕ, ਆਰਥਿਕ, ਰਾਜਨੀਤਕ, ਮਨੋਵਿਗਿਆਨਕ ਅਤੇ ਅਧਿਆਤਮਕ ਆਧਾਰਾਂ ਨੂੰ ਵਿਚਾਰ ਅਧੀਨ ਲਿਆਂਦਾ ਗਿਆ ਹੈ। ਇਸੇ ਅਧਿਆਇ ਦੇ ਭਾਗ (ਅ) ਵਿਚ ਅਨੈਤਿਕਤਾ ਦਾ ਸਰੂਪ ਵੀ ਉਜਾਗਰ ਕੀਤਾ ਗਿਆ ਹੈ। ਇਸੇ ਵਿਚ ਪੰਚ-ਦੋਖ, ਹਉਮੈ, ਪਰਨਿੰਦਾ, ਝੂਠ, ਜਪ-ਤਪ, ਭੇਖ-ਪਾਖੰਡ, ਕਰਮ-ਕਾਂਡ, ਹੱਠ-ਯੋਗ, ਭੇਦ-ਭਾਵ, ਜਾਤ-ਪਾਤ, ਨਸ਼ਾ-ਸੇਵਨ ਆਦਿ ਅਮਾਨਵੀਂ ਬੁਰਾਈਆਂ ਨੂੰ ਅਗਰਭੂਮੀ ਉਤੇ ਲਿਆਂਦਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਭਗਤ ਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਮੂਲ ਮਨੋਰਥ ਨਿਸ਼ਚਿਤ ਕੀਤਾ ਗਿਆ ਹੈ ਅਤੇ ਇਸ ਦੀ ਪੂਰਤੀ ਲਈ ਨੈਤਿਕਤਾ ਦੇ ਪਾਏ ਯੋਗਦਾਨ ਨੂੰ ਵਿਚਾਰਿਆ ਗਿਆ ਹੈ। ਭਗਤਾਂ ਅਨੁਸਾਰ ਨੈਤਿਕ ਗੁਣ ਆਪਣੇ ਆਪ ਵਿਚ ਕੋਈ ਮੁੱਲ ਨਹੀਂ ਰੱਖਦੇ। ਇਹ ਤਾਂ ਕੇਵਲ ਆਤਮਿਕ ਵਿਕਾਸ ਦੇ ਸੰਦਰਭ ਵਿਚ ਮੂਲਵਾਨ ਹਨ। ਵਾਸਤਵ ਵਿਚ ਭਗਤ-ਬਾਣੀ ਵਿਚ ਆਤਮਿਕ ਤਥਾ ਅਧਿਆਤਮਕ ਵਿਕਾਸ ਹੀ ਮਨੁੱਖ ਦਾ ਮੂਲ ਮਨੋਰਥ ਹੈ।

3. **ਡਾ. ਕੁਲਵੰਤ ਕੌਰ ਦੇ ਪੀਐਚ. ਡੀ. ਦੇ ਪਰਵਾਨਿਤ ਖੋਜ-ਪ੍ਰਬੰਧ "ਗੁਰੂ ਗ੍ਰੰਥ ਸਾਹਿਬ ਵਿਚ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ" ਭਾਸ਼ਾ ਵਿਭਾਗ ਪੰਜਾਬ ਵਲੋਂ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ।**

ਇਸ ਖੋਜ-ਪ੍ਰਬੰਧ ਵਿਚ 'ਭਗਤ' ਪਦ, ਨਿਰੋਲ ਨਿਰਾਕਾਰ ਬ੍ਰਹਮ ਦੀ ਭਗਤੀ ਕਰਨ ਵਾਲੇ, ਸਾਧਕ ਦਾ ਸੰਕੇਤਿਕ ਹੈ ਅਤੇ 'ਭਗਤੀ' ਇਸ ਸਾਧਕ ਦੀ ਬ੍ਰਹਮ ਨਾਲ ਅਧਿਆਤਮਿਕ ਪ੍ਰੀਤ ਦੀ ਸੂਚਕ ਹੈ। ਨਿਰੰਕਾਰ ਦੇ ਭਗਤ ਰਵਿਦਾਸ ਦੇ ਜੀਵਨ ਅਤੇ ਵਿਅਕਤਿਤਵ ਤੋਂ ਇਲਾਵਾ ਇਸ ਵਿਚ ਉਨ੍ਹਾਂ ਦੀ ਰਚਨਾ ਦਾ ਵਿਚਾਰ ਅਤੇ ਕਲਾਗਤ ਵਿਵੇਚਨ ਕਰਨ ਦਾ ਯਤਨ ਕੀਤਾ ਗਿਆ ਹੈ। ਰਵਿਦਾਸ ਦੀ ਭਗਤੀ-ਪੱਧਤੀ, ਭਗਤੀ ਸਾਧਨਾ ਦੇ ਆਵਸ਼ਕ ਤੱਤ ਅਤੇ ਇਸ ਵਿਚੋਂ ਉੱਘੜਦੇ ਭਗਤ ਦੇ ਲੱਛਣਾਂ ਨੂੰ ਨਿਰੂਪਤ ਕਰਨ ਦਾ ਹਰ ਸੰਭਵ ਉਪਰਾਲਾ ਕੀਤਾ ਗਿਆ ਹੈ। ਭਗਤ ਰਵਿਦਾਸ ਜੀ ਦੇ ਉਦਾਤਤਾ, ਪਰਮ ਅਨੰਦ ਅਤੇ ਸੁਰਗ ਨਰਕ ਦੇ ਸੰਕਲਪ ਨੂੰ ਰੂਪਮਾਨ ਕੀਤਾ ਗਿਆ ਹੈ ਅਤੇ ਇਸ ਬਾਣੀ ਵਿਚੋਂ ਪ੍ਰਤੱਖ ਉਨ੍ਹਾਂ ਦੇ 'ਆਦਰਸ਼ ਰਾਜ' ਦੇ ਸੰਕਲਪ ਸੰਬੰਧੀ ਵੀ ਚਾਨਣਾ ਪਾਇਆ ਗਿਆ ਹੈ।

ਇਸ ਸੋਧ-ਪ੍ਰਬੰਧ ਵਿਚ ਖੋਜਾਰਥੀ ਇਹ ਪ੍ਰਗਟਾਉਂਦਾ ਹੈ ਕਿ ਵਿਚ ਸੰਤ ਪਰੰਪਰਾ ਅਤੇ ਨਿਰਗੁਣ ਭਗਤੀ ਪਰੰਪਰਾ ਸੰਬੰਧੀ ਕਈ ਨਵੇਂ ਤੱਥ ਪ੍ਰਕਾਸ਼ ਵਿਚ ਆਏ ਹਨ। ਗੁਰਬਾਣੀ ਅਤੇ ਆਧੁਨਿਕ ਆਲੋਚਨਾ ਨੂੰ ਆਧਾਰ ਮੰਨ ਕੇ, 'ਸੰਤ' ਅਤੇ 'ਭਗਤ' ਪਦ ਦਾ ਜਿਹੜਾ ਨਿਖੇੜਾ ਕੀਤਾ ਗਿਆ ਹੈ, ਉਸ ਤੋਂ ਪ੍ਰਤੱਖ ਹੈ ਕਿ, 'ਸੰਤ' ਅਤੇ 'ਭਗਤ' ਨਾ ਇਕ ਦੂਜੇ ਦੇ ਪਰਯਾਯ ਹਨ, ਨਾ ਸਮਾਨਾਰਥੀ ਅਤੇ ਨਾ ਹੀ ਇਹ ਨਿਰਗੁਣ ਜਾਂ ਸਰਗੁਣ ਭਗਤੀ ਦੇ ਬੰਧਕ ਹਨ। ਇਹ ਦੋਵੇਂ ਵੱਖਰੀ ਅਧਿਆਤਕਮਿਕ ਪ੍ਰਾਪਤੀ ਵਾਲੇ ਸਾਧਕਾਂ ਦੇ ਸੰਕੇਤਿਕ ਹਨ, ਜਿਹੜੇ ਕੇਵਲ ਨਿਰਗੁਣ ਤੇ ਨਿਰਾਕਾਰ ਦੀ ਭਗਤੀ ਕਰਦੇ ਹਨ। 'ਸੰਤ' ਤੇ 'ਭਗਤ' ਪਦ ਸੰਬੰਧੀ ਇਸ ਵਿਸਤਰਿਤ ਵਿਵੇਚਨ ਦੀ ਜ਼ਰੂਰਤ ਇਸ ਕਰਕੇ ਅਨੁਭਵ ਕੀਤੀ ਗਈ, ਕਿ ਪ੍ਰਚਲਿਤ 'ਸੰਤ ਪਰੰਪਰਾ' ਲਈ 'ਭਗਤ ਪਰੰਪਰਾ' ਅਤੇ 'ਨਿਰਗੁਣ' ਪਦ ਲਈ 'ਸਰਗੁਣ ਨਿਰਾਕਾਰ' ਪਦ ਦਾ ਪ੍ਰਯੋਗ ਕਰਕੇ, ਦਲੀਲਾਂ ਸਹਿਤ, ਪੁਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਇਹ ਪਰਿਵਰਤਿਤ ਸ਼ਬਦ ਇਸ ਧਾਰਾ ਨੂੰ ਨਿਰੂਪਤ ਕਰਨ ਲਈ ਵਧੇਰੇ ਸਾਰਥਕ ਹਨ। ਭਗਤੀ ਪਰੰਪਰਾ ਦੇ ਸੰਖਿਪਤ ਸਰਵੇਖਣ ਉਪਰੰਤ ਇਹ ਸਿੱਟਾ ਕੱਢਿਆ ਗਿਆ ਹੈ ਕਿ ਸਰਗੁਣ ਨਿਰਾਕਾਰ ਭਗਤੀ ਪਰੰਪਰਾ ਪੂਰਵ-ਪ੍ਰਚਲਿਤ ਭਾਰਤੀ ਅਧਿਆਤਿਕ ਧਾਰਾ ਦੀ ਹੀ ਨਿਰੰਤਰ ਕੜੀ ਹੈ।

4. **ਡਾ. ਭੁਪਿੰਦਰ ਕੌਰ ਕਵਿਤਾ ਦੇ ਪਰਵਾਨਿਤ ਖੋਜ-ਪ੍ਰਬੰਧ "ਭਗਤ ਕਬੀਰ ਬਾਣੀ ਦਾ ਚਿਹਨ ਵਿਗਿਆਨ ਅਧਿਐਨ" ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਮਾਡਲ ਟਾਉਨ ਐਕਸਟੈਨਸ਼ਨ, ਲੁਧਿਆਣਾ ਵਲੋਂ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ।**

ਅਧਿਐਨ ਦੀ ਸੁਵਿਧਾ ਲਈ ਸਮੁੱਚੇ ਖੋਜ-ਕਾਰਜ ਨੂੰ ਛੇ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ ਵਿਚ ਖੋਜਾਰਥਣ ਵੱਲੋਂ ਭਗਤ ਕਬੀਰ ਜੀ ਦੇ ਜੀਵਨ ਤੇ ਰਚਨਾ, ਸੰਬੰਧੀ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਭਗਤ ਕਬੀਰ ਦੇ ਜੀਵਨ ਸੰਬੰਧੀ ਪ੍ਰਚਲਿਤ ਅਨੇਕਾਂ ਤਰ੍ਹਾਂ ਦੇ ਮੱਤਭੇਦਾਂ ਦੀ ਵਿਸਤ੍ਰਿਤ ਪੜਤਾਲ ਕਰਨ ਦੀ ਥਾਵੇਂ ਬਾਣੀ ਵਿੱਚੋਂ ਕਬੀਰ-ਵਿਅਕਤੀਤਵ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਦੂਜਾ ਅਧਿਆਇ ਵਿਚ ਖੋਜਾਰਥਣ ਨੇ ਅਧਿਐਨ ਵਿਧੀ ਦੇ ਇਤਿਹਾਸ ਤੇ ਵਿਕਾਸ ਦੀ ਸੰਖਿਪਤ ਜਾਣਕਾਰੀ ਦਿੱਤੀ ਹੈ। ਉਪਰੰਤ ਚਿਹਨ-ਵਿਗਿਆਨ ਦੇ ਸਾਹਿਤ-ਸਿਧਾਂਤ ਸੰਬੰਧੀ ਚਰਚਾ ਹੈ। ਇਸ ਅਧਿਐਨ ਵਿਧੀ ਲਈ ਬਾਣੀ-ਪਾਠ ਦੀ ਪ੍ਰਬੰਧ ਮੂਲਕ ਹੋਂਦ ਦੀ ਪ੍ਰਕ੍ਰਿਤੀ ਅਤੇ ਪ੍ਰਕਾਰਜਸ਼ੀਲਤਾ ਨੂੰ ਸਮਝਣਾ ਜ਼ਰੂਰੀ ਹੈ। ਇਸ ਲਈ ਦੋ ਗੱਲਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਕ ਤਾਂ ਕਾਵਿ ਦੇ ਚਿਹਨ-ਵਿਗਿਆਨਕ ਅਧਿਐਨ ਲਈ ਧਰਮ ਅਤੇ ਰਹੱਸ ਦੇ ਅਰਥਾਂ ਤੇ ਸੰਕਲਪਾਂ ਨੂੰ ਸਪੱਸ਼ਟ ਕੀਤਾ ਗਿਆ ਹੈ।

ਤੀਜਾ ਅਧਿਆਇ ਦਾ ਸਿਰਲੇਖ 'ਕਬੀਰ ਬਾਣੀ ਦਾ ਚਿਹਨ ਵਿਧਾਨ' ਹੈ। ਇਸ ਵਿਚ ਖੋਜਾਰਥਣ ਵੱਲੋਂ ਕਬੀਰ-ਬਾਣੀ ਵਿਚਲੇ ਪ੍ਰਮੁੱਖ ਚਿਹਨਾਂ ਦਾ ਵਿਸ਼ਲੇਸ਼ਣ ਹੈ। ਹਰਿਨਾਮ/ਰਾਮਨਾਮ, ਗੁਰੂ ਮਨ, ਜਨ, ਬੰਦਗੀ/ਭਗਤੀ, ਗਿਆਨ /ਭਰਮ-ਮੁਕਤੀ, ਸਾਧ ਸੰਗਤ, ਮੌਤ, ਅਨੰਦ/ਸਰਬ ਸੁੱਖ ਆਦਿ ਪ੍ਰਮੁੱਖ ਚਿਹਨ ਆਪਣੇ ਅੰਦਰ-ਸੰਬੰਧਾਂ ਦੁਆਰਾ ਭਗਤ ਕਬੀਰ-ਬਾਣੀ ਦੇ ਅਰਥਾਂ ਨੂੰ ਸਿਰਜਦੇ ਜਾਂਦੇ ਹਨ। ਲੇਖਕ ਚਿਹਨਾਂ ਦਾ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਕਬੀਰ ਜੀ ਨੇ ਨਾਵਾਂ, ਪਾਤਰਾਂ ਤੇ ਘਟਨਾਵਾਂ ਦੇ ਖੋਖਲੇਪਣ ਤੋਂ ਉਪਰ ਉਠ ਰਹੱਸ ਦੀ ਗੰਭੀਰਤਾ ਦੇ ਆਧਾਰ 'ਤੇ ਤੱਥ ਦਾ ਸਹੀ ਰੂਪ ਨਿਰੂਪਣ ਕੀਤਾ ਹੈ। ਇਸੇ ਅਧਿਆਇ ਵਿਚ ਚਿਹਨਾਂ ਦੀ ਸੰਜੋਗ ਪ੍ਰਕਿਰਿਆ ਵਿਚ ਸਹਾਈ ਅਰਧ-ਸੰਚਾਰ ਵਿਧੀਆਂ ਦਾ ਨਿਰਧਾਰਣ ਹੈ।

ਚੌਥਾ, ਪੰਜਵੇਂ ਤੇ ਛੇਵੇਂ ਅਧਿਆਇ ਵਿਚ ਖੋਜਾਰਥਣ ਵੱਲੋਂ ਤਿੰਨ ਲੰਮੇਰੀਆਂ ਬਾਣੀਆਂ ਦਾ ਨਿਕਟ-ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਨ੍ਹਾਂ ਬਾਣੀਆਂ ਵਿਚ ਥਿਤੀ ਤੇ ਵਾਰ, ਸਲੋਕ ਤੇ ਬਾਵਨ ਅੱਖਰੀ ਦੀ ਚੋਣ ਕੀਤੀ ਗਈ ਹੈ।

5. **ਸਰਬਜੀਤ ਕੌਰ ਦੀ ਪੁਸਤਕ ਰਵਿਦਾਸ ਬਾਣੀ ਅਤੇ ਅਨੰਤ ਬਾਣੀ ਤੁਲਨਾਤਮਿਕ ਅਧਿਐਨ ਵਲੋਂ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋਈ।**

   ਇਸ ਪੁਸਤਕ ਵਿਚ ਖੋਜਾਰਥਣ ਵੱਲੋਂ ਅਧਿਆਤਮਿਕ ਚਿੰਤਨ ਦੇ ਅੰਤਰਗਤ ਇਨ੍ਹਾਂ ਦੀ ਬਾਣੀ ਦੇ ਸੰਦਰਭ ਵਿਚ ਬ੍ਰਹਮ, ਜੀਵ, ਜਗਤ ਅਤੇ ਮਾਇਆ ਆਦਿ ਵਿਸ਼ਿਆ ਸੰਬੰਧੀ ਇਨ੍ਹਾਂ ਦੀ ਬਾਣੀ ਵਿਚ ਦਰਸਾਏ ਗਏ ਵਿਚਾਰਾਂ ਸੰਬੰਧੀ ਵਿਆਖਿਆ ਕੀਤੀ ਜਾਵੇਗੀ। ਇਨ੍ਹਾਂ ਮਹਾਂਪੁਰਸ਼ਾਂ ਦੇ ਅਧਿਆਤਮਿਕ ਚਿੰਤਨ ਲਈ ਦਰਸਾਏ ਗਏ ਸਾਧਨਾ ਪੱਖਾਂ, ਜਿਵੇਂ ਨਾਮ, ਗੁਰ ਦੀ ਆਵੱਸ਼ਕਤਾ, ਗੁਰ ਦੀ ਕਿਰਪਾ, ਭਗਤੀ ਸਾਧਨਾ, ਸਤਿ ਸੰਗਤ, ਸਿਮਰਨ ਅਤੇ ਬੇਗਮਪੁਰਾ ਤੇ ਅਨੰਦ ਦੇ ਸੰਕਲਪ ਬਾਰੇ ਵਿਆਖਿਆ ਕੀਤੀ ਹੈ। ਉਸ ਸਮੇਂ ਦੀਆਂ ਸਮਾਜਕ ਅਤੇ ਧਾਰਮਿਕ ਕੁਰੀਤੀਆਂ, ਜਿਨ੍ਹਾਂ ਖਿਲਾਫ਼ ਇਨ੍ਹਾਂ ਮਹਾਮਾਨਵਾਂ ਨੇ ਜ਼ੋਰਦਾਰ ਸੰਘਰਸ਼ ਕੀਤਾ ਤੇ ਆਪਣੀ ਬਾਣੀ ਰਾਹੀਂ ਆਡੰਬਰਾਂ ਤੇ ਪਾਖੰਡਾਂ ਤੋਂ ਰਹਿਤ ਇਕ ਈਸ਼ਵਰ ਦੀ ਭਗਤੀ ਦਾ ਜੋ ਮਾਰਗ ਦਰਸਾਇਆ, ਉਸ ਬਾਰੇ ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਗਿਆ ਹੈ।

6. **ਪ੍ਰੋ. ਬ੍ਰਹਮ ਜਗਦੀਸ਼ ਸਿੰਘ ਵਲੋਂ ਪ੍ਰਕਾਸ਼ਿਤ ਕਰਵਾਈ ਗਈ ਪੁਸਤਕ "ਭਗਤ ਰਵਿਦਾਸ ਜੀ ਜੀਵਨ, ਦਰਸ਼ਨ ਅਤੇ ਬਾਣੀ ਪ੍ਰਕਾਸ਼ਿਤ ਪੁਸਤਕ ਰੂਪ ਵਿਚ** ਭਗਤ ਰਵਿਦਾਸ ਸੰਬੰਧੀ ਚਰਚਾ ਕਰਦਿਆਂ ਭਗਤ ਰਵਿਦਾਸ: ਯੁਗ ਪਰਿਸਥਿਤੀਆਂ ਅਤੇ ਜੀਵਨ ਬਿਰਤਾਂਤ, ਭਗਤ ਰਵਿਦਾਸ ਜੀ ਬਾਰੇ

ਸ੍ਰੋਤ ਸਾਮਗਰੀ, ਭਗਤ ਰਵਿਦਾਸ ਅਤੇ ਭਗਤੀ ਪਰੰਪਰਾ, ਭਗਤ ਰਵਿਦਾਸ ਜੀ ਦੀ ਵਿਚਾਰਧਾਰਾ, ਭਗਤ ਰਵਿਦਾਸ ਅਤੇ ਗੁਰਮਤਿ ਦਰਸ਼ਨ, ਰਵਿਦਾਸ ਜੀ ਦੀ ਬੋਲੀ, ਸ਼ੈਲੀ ਅਤੇ ਕਾਵਿ ਕਲਾ, ਭਗਤ ਰਵਿਦਾਸ ਜੀ ਦਾ ਸਭਿਆਚਾਰ ਯੋਗਦਾਨ, ਬਾਣੀ ਰਵਿਦਾਸ ਜੀ ਕੀ (ਵਿਆਖਿਆ ਸਮੇਤ), ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਚੋਣਵੀਂ ਬਾਣੀ ਆਦਿ ਦਾ ਅਧਿਐਨ ਪੇਸ਼ ਕੀਤਾ ਗਿਆ ਹੈ।

7. **ਪ੍ਰੋ: ਬ੍ਰਹਮ ਜਗਦੀਸ਼ ਸਿੰਘ ਵਲੋਂ ਪ੍ਰਕਾਸ਼ਿਤ ਕਰਵਾਈ ਗਈ ਪੁਸਤਕ "ਭਗਤ ਕਬੀਰ ਜੀ, ਵਿਚਾਰਧਾਰਾ ਅਤੇ ਬਾਣੀ" ਵਿਚ** ਭਗਤ ਕਬੀਰ ਜੀ: ਜੀਵਨ ਅਤੇ ਸ਼ਖ਼ਸੀਅਤ, ਭਗਤ ਕਬੀਰ ਜੀ: ਯੁੱਗ ਪਰਿਸਥਿਤੀਆਂ, ਕਬੀਰ ਬਾਣੀ ਦੇ ਸੋਮੇ, ਵਿਚਾਰਧਾਰਕ ਪਰਿਪੇਖ, ਕਬੀਰ ਜੀ ਅਤੇ ਗੁਰੂ ਨਾਨਕ ਸਾਹਿਬ, ਕਬੀਰ ਜੀ ਦੀ ਸਾਹਿਤਕ ਪ੍ਰਤਿਭਾ, ਕਬੀਰ ਜੀ ਦੇ ਦਾਰਸ਼ਨਿਕ ਸੰਕਲਪ, ਕਬੀਰ ਜੀ ਦੀ ਭਾਰਤੀ ਸਭਿਆਚਾਰ ਨੂੰ ਦੇਣ, ਚੋਣਵੀਂ ਬਾਣੀ (ਵਿਆਖਿਆ ਸਹਿਤ), ਸਲੋਕ: ਮੂਲ ਪਾਠ ਅਤੇ ਵਿਆਖਿਆ ਆਦਿ ਦਾ ਅਧਿਐਨ ਕੀਤਾ ਗਿਆ ਹੈ।

8. **ਡਾ. ਅੰਮ੍ਰਿਤਲਾਲ ਪਾਲ ਵਲੋਂ ਪ੍ਰਕਾਸ਼ਿਤ ਕਰਵਾਈ ਗਈ ਪੁਸਤਕ, "ਗੁਰੂ ਰਵਿਦਾਸ ਤੇ ਬਾਬਾ ਫਰੀਦ ਬਾਣੀ ਦਾ ਤੁਲਨਾਤਮਕ ਅਧਿਐਨ" ਵਿਚ ਲੇਖਕ ਵੱਲੋਂ** ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਦਾ ਪਹਿਲਾ ਭਾਗ ਪ੍ਰਿਸ਼ਠ ਭੂਮੀ ਅਤੇ ਪਰੰਪਰਾ ਦਾ ਹੈ। ਇਸ ਵਿਚ ਭਗਤੀ ਅਤੇ ਸੂਫ਼ੀ ਕਾਵਿ ਧਾਰਾ ਦੀ ਰੂਪ-ਰੇਖਾ ਖਿੱਚ ਹੈ ਅਤੇ ਇਸ ਵਿਚਲੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਪ੍ਰਗਟ ਕੀਤੀਆਂ ਗਈਆਂ ਇਸ ਪੁਸਤਕ ਦਾ ਦੂਜਾ ਅਧਿਆਇ ਭਗਤ ਰਵਿਦਾਸ ਅਤੇ ਬਾਬਾ ਫ਼ਰੀਦ ਦੀ ਦਾਰਸ਼ਨਿਕ ਵਿਚਾਰਧਾਰਾ ਨਾਲ ਸੰਬੰਧਿਤ ਹੈ।

ਤੀਸਰਾ ਭਾਗ ਸਾਧਨਾ(ਭਗਤੀ) ਨਾਲ ਸੰਬੰਧਤ ਹੈ। ਚੌਥਾ ਭਾਗ ਕਲਾ ਪੱਖ ਨਾਲ ਸੰਬੰਧਤ ਹੈ।

9. **ਡਾ. ਰੂਪ ਸਿੰਘ ਸੰਪਾਦਕ ਅਤੇ ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ ਐਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ "ਸੇ ਭਗਤ ਸਤਿਗੁਰ ਮਨਿ ਭਾਇ" ਇਸ ਵਿਚ ਸਿੱਖ ਵਿਦਵਾਨਾਂ ਦੇ 25 ਲੇਖ ਸ਼ਾਮਿਲ ਕੀਤੇ ਗਏ ਹਨ।**

ਭਗਤੀ ਲਹਿਰ ਦੇ ਅਨੁਭਵੀ ਮਹਾਂਪੁਰਸ਼ਾਂ ਵਿਚੋਂ ਪੰਦਰਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਇਹ ਉਹ ਭਗਤ ਹਨ, ਜਿਨ੍ਹਾਂ ਨੇ ਆਪਣੇ ਸਮੇਂ ਜਾਤ-ਪਾਤ, ਊਚ-ਨੀਚ, ਵਹਿਮਾਂ-ਭੇਖਾਂ, ਭਰਮਾਂ-ਪਾਖੰਡਾਂ, ਕਰਮ-ਕਾਡਾਂ ਦਾ ਭਰਪੂਰ ਖੰਡਨ ਕੀਤਾ ਅਤੇ ਕਰਤਾ ਪੁਰਖ ਵਾਹਿਗੁਰੂ ਦਾ ਨਾਮ ਸਿਮਰਨ ਕਰ ਕੇ ਮਨੁੱਖ ਨੂੰ ਉੱਚੇ ਗੁਣਾਂ ਦੇ ਧਾਰਨੀ ਹੋਣ ਲਈ ਪ੍ਰੇਰਨਾ ਦਿੱਤੀ। ਇਨ੍ਹਾਂ ਭਗਤਾਂ ਵਿਚੋਂ ਬਹੁਤ ਕਥਿਤ ਨੀਚ ਜਾਤੀਆਂ ਨਾਲ ਸੰਬੰਧਤ ਸਨ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭਾਇਮਾਨ ਕਰ ਕੇ ਦਰਸਾ ਦਿੱਤਾ ਕਿ ਗੁਰਮਤਿ-ਵਿਚਾਰਧਾਰਾ ਦਾ ਊਚ-ਨੀਚ ਅਤੇ ਵੰਡ-ਵਿਤਕਰਿਆਂ ਚ ਕੋਈ ਵਿਸ਼ਵਾਸ ਨਹੀਂ, ਸਗੋਂ **ਸਭੇ ਸਾਂਝੀਵਾਲ ਸਦਾਇਨਿ** ਦੇ

ਗੁਰਵਾਕ ਅਨੁਸਾਰ ਸਰਬੱਤ ਦੇ ਭਲੇ ਲਈ ਮਨੱਖਤਾ ਵਿਚੋਂ ਸਮੂਹ ਵਿਤਕਰੇ ਤੇ ਵਖਰੇਵੇਂ ਦੂਰ ਕਰਨਾ, **ਨਾਨਕ ਨਿਰਮਲ ਪੰਥ** ਦਾ ਉਦੇਸ਼ ਹੈ।

10. **ਡਾ. ਦਲੀਪ ਸਿੰਘ ਦੀਪ ਦੀ ਪੁਸਤਕ " ਸਾਧਨ ਮੇ ਰਵਿਦਾਸ ਸੰਤ ਜੀਵਨ ਅਤੇ ਵਿਚਾਰ" ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।**

ਇਸ ਵਿੱਚ ਸੰਖੇਪ ਜੀਵਨ, ਭਗਤੀ ਪਰੰਪਰਾ ਅਤੇ ਭਗਤ ਰਵਿਦਾਸ ਜੀ, ਭਗਤੀ ਤੋਂ ਭਾਵ, ਭਗਤੀ ਮੱਤ ਦਾ ਵਿਕਾਸ, ਕੀ ਭਗਤੀ ਪੱਛਮ ਦੀ ਦੇਣ ਹੈ?, ਮਧਕਾਲੀਨ ਭਗਤੀ ਅੰਦੋਲਨ, ਭਗਤੀ ਦੀਆਂ ਮੁੱਖ ਪ੍ਰਣਾਲੀਆਂ, ਮੁੱਖ ਸੰਕਲਪ ਰਵਿਦਾਸ ਜੀ ਦੀ ਲਿਖਣ ਕਲਾ ਦਾ ਵਰਨਣ ਕੀਤਾ ਗਿਆ ਹੈ।

11. **ਹਰਦੀਪ ਰਾਜਾਰਾਮ ਦੀ ਪ੍ਰਕਾਸ਼ਿਤ ਪੁਸਤਕ "ਗੁਰੂ ਰਵਿਦਾਸ ਬਾਣੀ ਯਥਾਰਥਕ ਅਧਿਐਨ"** ਇਸ ਵਿਚ ਪ੍ਰੋ: ਹਰਦੀਪ ਸਿੰਘ ਨੇ ਭਗਤ ਰਵਿਦਾਸ ਬਾਣੀ ਯਥਾਰਥਕ ਅਧਿਐਨ ਪੁਸਤਕ ਰਾਹੀਂ ਭਗਤ ਰਵਿਦਾਸ ਜੀ ਦੀ ਬਾਣੀ ਦਾ ਵੱਖ-ਵੱਖ ਨੁਕਤਿਆਂ ਤੋਂ ਅਧਿਐਨ ਕਰਕੇ ਨਵੀਂ ਕਿਸਮ ਦੀ ਚਰਚਾ ਛੇੜਣ ਦਾ ਯਤਨ ਕੀਤਾ ਹੈ। ਸਾਹਿਤਕ ਪੱਖ ਤੋਂ ਦੇਖੀਏ ਤਾਂ ਗੁਰਬਾਣੀ ਅਧਿਆਤਮਵਾਦੀ ਤੇ ਰਹੱਸਵਾਦੀ ਹੈ।

12. **ਡਾ. ਹਰਨੇਕ ਸਿੰਘ ਕਲੇਰ ਦੇ ਪੀਐਚ.ਡੀ. ਦੇ ਪਰਵਾਨਿਤ ਖੋਜ ਪ੍ਰਬੰਧ "ਗੁਰੂ ਰਵਿਦਾਸ: ਜੀਵਨੀ ਤੇ ਬਾਣੀ ਦੀ ਪ੍ਰਮਾਣਿਕਤਾ" ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੀ ਪੁਸਤਕ ਵਿਚ** ਅਧਿਆਇ ਪਹਿਲਾ: ਤਤਕਾਲੀਨ ਪਰਿਸਥਿਤੀਆਂ ਅਤੇ ਭਗਤ ਰਵਿਦਾਸ, ਅਧਿਆਇ ਦੂਜਾ: ਭਗਤ ਰਵਿਦਾਸ ਦੇ ਜੀਵਨ ਸੰਬੰਧੀ ਪ੍ਰਾਪਤ ਸ੍ਰੋਤ ਸਮੱਗਰੀ, ਅਧਿਆਇ ਤੀਜਾ: ਭਗਤ ਰਵਿਦਾਸ: ਜੀਵਨੀ ਦੀ ਪ੍ਰਮਾਣਿਕਤਾ, ਅਧਿਆਇ ਚੌਥਾ: ਭਗਤ ਰਵਿਦਾਸ ਬਾਣੀ ਬਾਰੇ ਪ੍ਰਾਪਤ ਸ੍ਰੋਤ ਸਮੱਗਰੀ, ਅਧਿਆਇ ਪੰਜਵਾਂ: ਭਗਤ ਰਵਿਦਾਸ ਬਾਣੀ ਦੀ ਪ੍ਰਮਾਣਿਕਤਾ, ਅਧਿਆਇ ਛੇਵਾਂ :ਤਤਸਾਰ ਆਦਿ ਦਾ ਵਰਨਣ ਕੀਤਾ ਹੈ।

13. **ਡਾ. ਗੁਰਸ਼ਰਨ ਕੌਰ ਜੱਗੀ ਦੀ ਪੁਸਤਕ " ਸੰਤ ਕਬੀਰ ਇਕ ਅਧਿਐਨ ਵਿਚ** ਜੀਵਨ ਅਤੇ ਵਿਅਕਤਿਤਵ, ਸਾਹਿਤ-ਸਾਧਨਾ, ਅਧਿਆਤਮਿਕ ਵਿਚਾਰਧਾਰਾ, ਰਹੱਸ ਅਨੁਭੂਤੀ, ਧਾਰਮਿਕ ਅਤੇ ਸਮਾਜਕ ਚੇਤਨਾ, ਕਾਵਿ-ਕਲਾ, ਭਾਸ਼ਾ ਦਾ ਸਰੂਪ, ਬਾਣੀ ਪਾਠ ਅਤੇ ਵਿਆਖਿਆ ਦਾ ਵਰਨਣ ਕੀਤਾ ਗਿਆ ਹੈ।

14. **ਡਾ. ਜੋਧ ਸਿੰਘ ਦੀ ਪੁਸਤਕ; "ਭਗਤ ਰਵਿਦਾਸ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।** ਇਸ ਵਿਚ ਜੀਵਨੀ ਭਗਤ ਰਵਿਦਾਸ ਜੀ, ਭਗਤ ਜੀ ਦੇ ਧਾਰਮਿਕ ਸਿਧਾਂਤ, ਬਾਣੀ ਭਗਤ ਰਵਿਦਾਸ ਜੀ ਕੀ ਟੀਕੇ ਸਾਹਿਤ ਵਰਨਣ ਕੀਤੀ ਹੈ।

15. **ਪ੍ਰੋ: ਰਾਜਬੀਰ ਕੌਰ ਦੀ ਪੁਸਤਕ "ਭਗਤ ਕਬੀਰ ਜੀ ਵਿਚਾਰਧਾਰਾ ਅਤੇ ਬਾਣੀ-ਜੁਕਤ, ਵਾਰਿਸ਼ ਸਾਹ ਫਾਊਂਡੇਸ਼ਨ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।** ਇਸ ਵਿਚ ਭਗਤ ਕਬੀਰ ਜੀ ਦਾ ਜੀਵਨ, ਕਬੀਰ

ਬਾਣੀ ਦੀ ਵਿਚਾਰਧਾਰਾ ਪਰਿਪੇਖ, ਭਗਤ ਕਬੀਰ: ਬਾਣੀ ਸੰਸਾਰ, ਸਲੋਕ ਕਬੀਰ ਜੀਉ ਕੇ ਮੂਲ ਪਾਠ ਦੀ ਵਿਆਖਿਆ ਹੈ।

**ਵਿਸ਼ੇਸ਼ ਅੰਕ**

1.ਭਗਤੀ ਵਿਸ਼ੇਸ਼ ਅੰਕ "ਨਾਨਕ ਪ੍ਰਕਾਸ਼ ਪ੍ਰਤਿਕਾ" ਸੰਪਾਦਕ ਡਾ. ਬਲਕਾਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਹੈ। ਇਸ ਵਿਚ 22 ਵਿਦਵਾਨਾਂ ਦੇ ਭਗਤੀ ਦੇ ਸੰਬੰਧਿਤ ਲੇਖ ਅੰਕਿਤ ਹਨ।

2. ਨਾਨਕ ਪ੍ਰਕਾਸ਼ ਪ੍ਰਤ੍ਰਿਕਾ "ਭਗਤ ਰਵਿਦਾਸ ਵਿਸ਼ੇਸ਼ ਅੰਕ" ਸੰਪਾਦਕ ਡਾ. ਸਰਬਜਿੰਦਰ ਸਿੰਘ ਵਲੋਂ ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਤ ਪਤ੍ਰਿਕਾ ਵਿਚ 28 ਵੱਖ-ਵੱਖ ਵਿਦਵਾਨਾਂ ਦੇ ਭਗਤ ਰਵਿਦਾਸ ਜੀ ਨਾਲ ਸੰਬੰਧਤ ਲੇਖ ਦਿੱਤੇ ਗਏ ਹਨ।

3. ਬਲਕਾਰ ਸਿੰਘ (ਸੰਪਾਦਕ), ਨਾਨਕ ਪ੍ਰਕਾਸ਼ ਪਤ੍ਰਿਕਾ, (ਭਗਤੀ ਵਿਸ਼ੇਸ਼ ਅੰਕ) (ਦੂਜਾ ਸੰਸਕਰਣ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.

4. ਸਰਬਜਿੰਦਰ ਸਿੰਘ (ਸੰਪਾਦਕ), ਨਾਨਕ ਪ੍ਰਕਾਸ਼ ਪ੍ਰਤਿਕਾ (ਭਗਤ ਰਵਿਦਾਸ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2011.

**ਮੁਲਾਂਕਣ**

ਉਪਰੋਕਤ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਸਰਵੇਖਣ ਤੇ ਮੁਲਾਂਕਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਵੱਖ-ਵੱਖ ਖੋਜਕਾਰੀਆਂ ਵੱਲੋਂ ਖੋਜ ਅਧੀਨ ਭਗਤ ਸਾਹਿਬਾਨ ਜੀ ਬਾਰੇ ਕਿਸੇ ਇੱਕ ਪੱਖ ਨੂੰ ਲੈ ਕੇ ਅਧਿਐਨ ਵਿਸ਼ਲੇਸ਼ਣ ਪੇਸ਼ ਕੀਤਾ ਹੈ ਤੁਲਨਾਤਮਕ ਅਧਿਐਨ ਨਹੀਂ ਕੀਤਾ ਜਿਵੇਂ ਕਿ ਡਾ. ਕੁਸਮ ਸ੍ਰੀ ਵਾਸਤਵ ਨੇ "ਕਬੀਰ ਕਾਵਿ ਕਲਾ" (ਸ੍ਰੀ ਗੂਰ ਗ੍ਰੰਥ ਸਾਹਿਬ ਦੇ ਸੰਦਰਭ ਵਿੱਚ), ਡਾ. ਗੁਰਨਾਮ ਕੌਰ "ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਬੀਰ ਬਾਣੀ ਦਾ ਅਲੋਚਨਾਤਮਕ ਅਧਿਐਨ", ਡਾ. ਨਿਰਮਲ ਸਿੰਘ "ਗੁਰੂ ਰਵਿਦਾਸ ਦੀ ਬਾਣੀ ਵਿੱਚ ਸਮਾਜਿਕ ਚੇਤਨਾ", ਡਾ. ਕਰਨੈਲ ਸਿੰਘ ਨੇ "ਗੁਰੂ ਰਵਿਦਾਸ ਦੀ ਬਾਣੀ ਵਿੱਚ ਰਹੱਸ-ਅਨੁਭੂਤੀ", ਡਾ. ਪਰਮਜੀਤ ਕੌਰ ਵੱਲੋਂ "ਗੁਰੂ ਰਵਿਦਾਸ ਦੀ ਬਾਣੀ ਵਿੱਚ ਬ੍ਰਹਮ ਦਾ ਸੰਕਲਪ", ਡਾ. ਗਿਆਨ ਚੰਦਰ ਕੌਰ ਵੱਲੋਂ "ਗੁਰੂ ਰਵਿਦਾਸ ਦੀ ਬਾਣੀ ਦਾ ਦਾਰਸ਼ਨਿਕ ਅਧਿਐਨ", ਡਾ. ਮਨਜੀਤ ਕੌਰ ਵੱਲੋਂ "ਗੁਰੂ ਰਵਿਦਾਸ ਦੀ ਬਾਣੀ ਦਾ ਚਿਹਨ ਵਿਗਿਆਨ", ਡਾ. ਮਨਜੀਤ ਕੌਰ ਵੱਲੋਂ "ਗੁਰੂ ਰਵਿਦਾਸ ਦੀ ਬਾਣੀ ਦੇ ਜੀਵਨ ਨਾਲ ਸਬੰਧਤ ਮਿਥ ਕਥਾ ਦਾ ਅਧਿਐਨ" ਪੇਸ਼ ਕੀਤਾ ਗਿਆ। ਇੱਥੇ ਇਹ ਸਪੱਸ਼ਟ ਕੀਤਾ ਹੈ ਕਿ ਡਾ. ਗਤਾਲੀ ਵਰਮਾ ਨੇ "ਭਗਤ ਰਵੀਦਾਸ ਜੀ ਅਤੇ ਭਗਤ ਕਬੀਰ ਦਾ ਤੁਲਨਾਤਮਕ ਅਧਿਐਨ ਤਾਂ ਕੀਤਾ ਹੈ ਪਰ ਉਸਨੇ ਸਮੁੱਚੀ ਭਗਤ ਬਾਣੀ ਦੇ ਪਰਿਪੇਖ ਵਿੱਚ ਤੁਲਨਾਤਮਿਕ ਅਧਿਐਨ ਨਹੀਂ ਕੀਤਾ। ਜਿਹੜਾ ਕਿ ਹਥਲੇ ਖੋਜ ਕਾਰਜ ਵਿੱਚ ਉਸ ਘਾਟ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ। ਦੂਸਰੀ ਗੱਲ

ਇੱਕ ਹੋਰ ਤੁਲਨਾਤਮਕ ਅਧਿਐਨ ਊਸ਼ਾ ਦੇਵੀ ਵੱਲੋਂ "ਸਮਾਜਿਕ ਚੇਤਨਾ ਦੇ ਸੰਦਰਭ ਮੇਂ ਕਬੀਰ ਤਥਾ ਤੁਲਸੀ ਦਾਸ ਕੇ ਕਾਵਯ ਕਾ ਤੁਲਨਾਤਮਕ ਅਧਿਐਨ" ਪੇਸ਼ ਕੀਤਾ ਗਿਆ ਹੈ। ਇਹ ਅਧਿਐਨ ਕਬੀਰ ਅਤੇ ਤੁਲਸੀ ਦਾਸ ਬਾਰੇ ਹੈ ਇਸ ਤਰ੍ਹਾਂ ਇਹ ਹਥਲਾ ਕਾਰਜ ਪਹਿਲਾਂ ਹੋਈ ਖੋਜ ਦੇ ਖੋਜ ਖੱਪਿਆ ਨੂੰ ਸੰਪੂਰਨ ਕਰਨ ਵਿੱਚ ਆਪਣੀ ਭੂਮਿਕਾ ਨਿਭਾਊਗਾ ਖੋਜ ਕਰਤਾ ਦਾ ਇਹ ਵਿਸ਼ਵਾਸ਼ ਹੈ। ਜਦੋਂ ਕਿ ਹਥਲੇ ਖੋਜ ਕਾਰਜ ਵਿੱਚ ਭਗਤ ਰਵਿਦਾਸ ਤੇ ਭਗਤ ਕਬੀਰ ਜੀ ਬਾਰੇ ਉਨ੍ਹਾਂ ਦੀ ਬਾਣੀ ਨੂੰ ਕੇਂਦਰ ਵਿੱਚ ਰੱਖ ਕੇ ਖੋਜ ਕੀਤੀ ਗਈ ਹੈ।

## ਭਗਤ ਰਵਿਦਾਸ ਜੀ ਦੀ ਬਾਣੀ: ਵਿਭਿੰਨ ਪਾਸਾਰ

**ਧਾਰਮਿਕ ਪਰਿਪੇਖ:**

ਭਗਤੀ ਲਹਿਰ ਨਾਲ ਜੁੜੇ ਕਿਰਤੀ ਵਰਗ ਦੇ ਮੱਧਕਾਲੀ ਨਿਰਭਉ ਯੋਧਿਆਂ ਨੇ ਭਾਰਤੀ ਧਾਰਮਿਕ ਇਤਿਹਾਸ ਨੂੰ ਨਵਾਂ ਮੋੜ ਦੇਣ ਦਾ ਯਤਨ ਕੀਤਾ। ਧਾਰਮਿਕ ਪਰਿਪੇਖ ਦੇ ਵਿਸ਼ਲੇਸ਼ਣ ਦੇ ਅੰਤਰਗਤ ਚਰਚਾ ਕਰਨ ਤੋਂ ਪਹਿਲਾਂ "ਧਾਰਮਿਕਤਾ" ਤੋਂ ਕੀ ਭਾਵ ਹੈ? ਧਰਮ ਕੀ ਹੈ? ਆਦਿ ਵਿਸ਼ਿਆ ਉੱਪਰ ਵਿਚਾਰ ਕਰ ਲੈਣੀ ਚਾਹੀਦੀ ਹੈ ਕਿ ਇਸ ਦੇ ਸੰਬੰਧ ਵਿਚ ਅਸੀਂ ਕਹਿ ਸਕਦੇ ਹਾਂ ਕਿ ਧਾਰਮਿਕਤਾ ਜਿਹੀ ਆਦਿਮ ਭਾਵਨਾ ਦਾ ਸਬੰਧ ਲੋਕਿਕਤਾ ਨਾਲ ਇਕੋ-ਜਿਹਾ ਹੈ। ਭਗਤ ਰਵਿਦਾਸ ਜੀ ਨੂੰ ਪ੍ਰੇਰਣਾ ਦੇਣ ਵਿਚ ਉਸ ਵਕਤ ਦੇ ਧਾਰਮਿਕ ਵਾਤਾਵਰਣ ਦਾ ਮਹੱਤਵਪੂਰਨ ਕਿਰਦਾਰ ਹੈ।

ਮੱਧਕਾਲੀਨ ਭਗਤਾਂ ਨੂੰ ਪ੍ਰੇਰਣਾ ਦੇਣ ਵਿਚ ਸਮਸਾਮਿਅਕ ਧਾਰਮਿਕ ਵਾਤਾਵਰਣ ਦਾ ਬਹੁਤ ਮਹੱਤਵਪੂਰਣ ਰੋਲ ਹੈ ਕਿਉਂਕਿ ਵਕਤ ਦੀ ਨਿੱਘਰ ਰਹੀ ਧਾਰਮਿਕ ਹਾਲਤ ਨੇ ਉਨ੍ਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਧਰਮ ਦੇ ਨਾਂ ਤੇ ਕੀਤੇ ਜਾ ਰਹੇ ਕੁਕਰਮ, ਪਾਖੰਡ, ਫੋਕੇ ਦਿਖਾਵੇ ਅਤੇ ਬਾਹਰਮੁੱਖੀ ਕਰਮ-ਕਾਂਡ ਨਾ ਕੇਵਲ ਭੋਲੀ-ਭਾਲੀ ਮਨੁੱਖਤਾ ਨੂੰ ਹੀ ਗੁੰਮਰਾਹ ਕਰ ਰਹੇ ਸਨ, ਸਗੋਂ ਅਧਰਮ ਨੂੰ ਸਥਾਪਿਤ ਕਰਨ ਵਿਚ ਵੀ ਯੋਗਦਾਨ ਦੇ ਰਹੇ ਸਨ। ਇੰਞ, ਉੱਤਰੀ ਭਾਰਤ ਵਿਚ ਪੈਦਾ ਹੋਣ ਅਤੇ ਵਿਚਰਨ ਵਾਲੇ ਭਗਤਾਂ ਨੇ, ਆਪਣੇ ਸਮੇਂ ਦੀ ਪਤਨਮੁਖੀ ਧਾਰਮਿਕ ਅਵਸਥਾ ਨੂੰ ਧਿਆਨਗੋਚਰ ਰੱਖਦਿਆਂ, ਆਪਣੀ ਰਚਨਾ ਵਿਚ ਇਸ ਦੇ ਸਹੀ ਸਰੂਪ ਨੂੰ ਦਰਸਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਜੇਕਰ ਕਿਹਾ ਜਾਵੇ ਕਿ ਭਗਤ ਬਾਣੀ ਵਿਚ ਤਤਕਾਲੀਨ ਧਾਰਮਿਕ ਅਵਸਥਾ ਦੀ ਅਭਿਵਿਅਕਤੀ ਸਭ ਤੋਂ ਜ਼ਿਆਦਾ ਹੋਈ ਹੈ ਤਾਂ ਸ਼ਾਇਦ ਇਹ ਅਤਕਥਨੀ ਨਹੀ ਹੋਵੇਗੀ।

ਮੱਧਕਾਲੀ ਭਾਰਤ ਵਿਚ ਮੁੱਖ ਰੂਪ ਵਿਚ ਦੋ ਧਰਮ ਪ੍ਰਚਲਿਤ ਸਨ: ਹਿੰਦੂ ਧਰਮ ਅਤੇ ਇਸਲਾਮ। ਇਨ੍ਹਾਂ ਪ੍ਰਮੁੱਖ ਧਰਮਾਂ ਤੋਂ ਇਲਾਵਾ ਕੁਝ ਪੂਰਵ-ਪ੍ਰਚਲਿਤ ਮਤ ਆਪਣੇ ਅੰਤਲੇ ਸਾਹ ਗਿਣ ਰਹੇ ਸਨ, ਜਿਨ੍ਹਾਂ ਵਿਚੋਂ ਬੁੱਧ ਮਤ ਅਤੇ ਜੈਨ ਮਤ ਦਾ ਨਾਂ ਵਿਸ਼ੇਸ਼ ਤੌਰ 'ਤੇ ਗਿਣਿਆ ਜਾ ਸਕਦਾ ਹੈ। ਭਾਵੇਂ ਸਿੱਧ ਅਤੇ ਨਾਥ ਸੰਪਰਦਾਵਾਂ ਦਾ ਅਸਤਿਤਵ ਵੀ ਮੌਜੂਦ ਸੀ ਪਰੰਤੂ ਸਮਕਾਲੀ ਧਰਮਾਂ ਵਿਚੋਂ ਉੱਲੇਖਯੋਗ ਧਰਮ ਕੇਵਲ ਹਿੰਦੂ ਧਰਮ ਅਤੇ ਇਸਲਾਮ ਧਰਮ ਹੀ ਹਨ।

**ਹਿੰਦੂ ਧਰਮ**

ਮੱਧਯੁੱਗ ਵਿਚ ਹਿੰਦੋਸਤਾਨ ਵਿਚ ਇਸਲਾਮ ਦੀ ਜਿੱਤ ਤੋਂ ਪਹਿਲਾ ਬ੍ਰਹਮਣਵਾਦ ਪੂਰੀ ਤਰ੍ਹਾਂ ਸਥਾਪਿਤ ਸੀ। ਬ੍ਰਹਮਣ ਵਰਗ ਦਾ ਜਾਦੂ ਸਮਾਜ ਅਤੇ ਧਰਮ ਉੱਤੇ ਪੂਰਾ ਕਬਜਾ ਸੀ। ਜਪ-ਤਪ, ਵਰਤ, ਪੂਜਾ, ਹੋਮ ਜਗ ਹਵਨ ਆਦਿ ਤੇ ਬ੍ਰਹਮਣ ਵਰਗ ਦਾ ਅਧਿਕਾਰ ਖੇਤਰ ਹੋਣ ਕਰਕੇ, ਫੋਕੇ ਕਰਮ ਕਾਂਡ, ਬਾਹਰੀ ਅਡੰਬਰ, ਬਾਹਰਮੁੱਖੀ ਰੀਤੀ ਰਿਵਾਜਾਂ ਵਿਚ ਫਸੀ ਹੋਈ ਸੀ। ਇਹ ਸ੍ਰੇਣੀ ਬਹੁਤ ਹੀ ਗਿਰੀ ਹੋਈ ਸੀ। ਬਹੁਦੇਵਵਾਦ ਦਾ ਬੋਲਬਾਲਾ ਹੋਣ ਕਰਕੇ ਮੂਰਤੀ ਪੂਜਾ, ਤੀਰਥ ਇਸ਼ਨਾਨ ਅਤੇ ਤੀਰਥ ਯਾਤਰਾਵਾਂ ਧਰਮ

ਦਾ ਹਿੱਸਾ ਬਣ ਗਏ ਸਨ। ਮੰਦਰ ਭੋਗ-ਵਿਲਾਸਥਾ ਦਾ ਗੜ੍ਹ ਬਣ ਰਹੇ ਸਨ। ਦੇਵ ਦਾਸੀ ਦੀ ਪਰੰਪਰਾ ਸ਼ੁਰੂ ਹੋ ਚੁੱਕੀ ਸੀ। ਸ਼ੂਦਰਾਂ ਲਈ ਮੰਦਰਾਂ ਦੇ ਦਰਵਾਜੇ ਬੰਦ ਕਰ ਦਿੱਤੇ ਸਨ। ਇਸੇ ਕਾਰਨ ਹਿੰਦੂ ਸ਼ੂਦਰ ਵੱਡੀ ਗਿਣਤੀ ਵਿਚ ਇਸਲਾਮ ਦੇ ਧਾਰਨੀ ਹੋ ਗਏ। ਭਗਤ ਰਵਿਦਾਸ ਕਬੀਰ ਜੀ ਆਦਿ ਭਗਤਾਂ ਨੂੰ ਬ੍ਰਹਮਣ ਸਮਾਜ ਦੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪਿਆ।

**ਇਸਲਾਮ:**

ਭਾਰਤ ਵਿਚ ਮੱਧਕਾਲ ਵਿਚ ਜਿਥੇ ਮੁਸਲਮਾਨ ਰਾਜੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਧਰਮ ਦਾ ਪ੍ਰਚਾਰ ਅਤੇ ਪਾਸਾਰ ਕਰ ਰਹੇ ਸਨ। ਮੌਲਵੀ ਵਰਗ ਇਸਲਾਮ ਧਰਮ ਦੇ 5 ਥੰਮ ਕਲਮਾ, ਨਮਾਜ਼, ਰੋਜ਼ੇ, ਜਕਾਤ ਅਤੇ ਹੱਜ ਨੂੰ ਦਿਖਾਵੇ ਤੱਕ ਹੀ ਸੀਮਿਤ ਕਰੀ ਬੈਠੇ ਸਨ। ਹਿੰਦੂ ਧਰਮ ਦੇ ਆਗੂਆਂ ਵਾਂਗ ਉਹ ਵੀ ਮਾਨਸਿਕ, ਨੈਤਿਕ ਅਤੇ ਆਂਤਮਿਕ ਤੌਰ ’ਤੇ ਬਹੁਤ ਗਿਰ ਚੁੱਕੇ ਸਨ। ਇਸ ਪ੍ਰਕਾਰ ਭਾਵੇਂ ਇਸਲਾਮ ਨੂੰ ਰਾਜ ਧਰਮ ਹੋਣ ਦਾ ਮਾਣ ਹਾਸਲ ਸੀ ਅਤੇ ਇਹ ਬਹੁ ਗਿਣਤੀ ਲੋਕਾਂ ਦਾ ਧਰਮ ਬਣ ਚੁੱਕਾ ਸੀ, ਪ੍ਰੰਤੂ ਹਿੰਦੁਸਤਾਨੀਆਂ ਦੀਆਂ ਨਜ਼ਰਾਂ ਵਿਚ ਇਹ ਇਕ ਉੱਪਰਾ ਅਤੇ ਵਿਦੇਸ਼ੀ ਧਰਮ ਸੀ। ਕਈ ਆਧੁਨਿਕ ਇਤਿਹਾਸਕਾਰਾਂ ਨੇ ਮੁਸਲਿਮ ਰਾਜ ਨੂੰ ਧਰਮ ਤੰਤਰ ਦੀ ਸੰਗਿਆ ਦਿੱਤੀ ਹੈ।[1]

ਭਗਤ ਪਰੰਪਰਾ ਦੇ ਯੁੱਗ ਵਿਚ ਧਾਰਮਿਕ ਗਿਰਾਵਟ ਆਪਣੇ ਪੂਰੇ ਜੋਰ ’ਤੇ ਪਹੁੰਚ ਚੁੱਕੀ ਸੀ ਜਿਸ ਦਾ ਸਪਸ਼ਟ ਅਤੇ ਭਾਵ ਪੂਰਨ ਹਵਾਲਾ ਇਸ ਸ਼ਬਦ ਤੋਂ ਲੱਗਦਾ ਹੈ:

“ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ,
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।”[2]

ਇਸ ਗਿਰਾਵਟ ਵਾਲੀ ਸਥਿਤੀ ਨੇ ਮੱਧਕਾਲੀਨ ਮਹਾਤਮਾਵਾਂ ਨੂੰ ਧਰਮ ਦੇ ਸੁਧਾਰ ਲਈ ਉਤਸ਼ਾਹਿਤ ਕੀਤਾ। ਭਗਤ ਰਵਿਦਾਸ ਬਾਣੀ ਦੇ ਅਧਿਐਨ ਤੋਂ ਸਾਡੇ ਸਾਹਮਣੇ ਧਰਮ ਦੀ ਸਪਸ਼ਟ ਤਸਵੀਰ ਆਉਂਦੀ ਹੈ। ਭਗਤ ਜੀ ਨੇ ਧਰਮ ਦੀ ਆੜ ਵਿਚ ਹੋ ਰਹੇ ਕਰਮ ਕਾਂਡ ਦਾ ਹਵਾਲਾ ਦਿੱਤਾ ਹੈ। ਬਾਣੀ ਅਨੁਸਾਰ:

“ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।”[3]

ਬ੍ਰਹਮਣ ਦੇ ਛੇ ਕਰਮਾਂ ਦਾ ਹਵਾਲਾ ਦਿੰਦਿਆ ਭਗਤ ਜੀ ਦਸਦੇ ਹਨ ਕਿ ਇਹ ਛੇ ਕਰਮ ਉਦੋਂ ਤੱਕ ਸਾਰਥਿਕ ਨਹੀਂ, ਜਿਨ੍ਹਾਂ ਚਿਰ ਪਰਮਾਤਮਾ ਦੀ ਭਗਤੀ ਹਿਰਦੇ ਵਿਚੋਂ ਉਪਜਦੀ ਨਹੀਂ ਅਤੇ ਇਹ ਵੀ ਹਦਾਇਤ ਕਰਦੇ ਹਨ, ਕਿ ਪਰਮਾਤਮਾ ਦੀ ਆਸਥਾ ਨਾ ਰੱਖਣ ਵਾਲਾ ਚੰਡਾਲ ਦੇ ਬਰਾਬਰ ਹੈ।

“ਖਟ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ
ਰੇ ਚਿਤ ਚੇਤਿ ਅਚੇਤ।।
ਕਾਹੇ ਨ ਬਾਲਮੀਕਹਿ ਦੇਖ

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥ ਰਹਾਉ॥"[4]

**ਬੁੱਧ ਧਰਮ ਅਤੇ ਜੈਨ ਧਰਮ:**

ਬੁੱਧ ਧਰਮ ਅਤੇ ਜੈਨ ਧਰਮ ਦੀ ਅਵਸਥਾ ਹੋਰ ਵੀ ਮਾੜੀ ਸੀ । ਇਨ੍ਹਾਂ ਵਿਚ ਭੂਤ, ਪ੍ਰੇਤ, ਪਿਸਾਚਾ ਤੇ ਤੰਤਰ-ਮੰਤਰਾਂ ਦੀ ਪੂਜਾ ਹੋਣ ਲਗ ਪਈ ਸੀ। ਬਹੁਦੇਵਵਾਦ ਪ੍ਰਧਾਨ ਹੋ ਗਿਆ ਸੀ। ਵਾਮ ਮਾਰਗੀ ਸਾਧਨਾ ਵਿਚ ਆਚਰਨ ਦੀ ਗਿਰਾਵਟ ਜ਼ੋਰਾਂ 'ਤੇ ਸੀ। ਜੈਨੀ ਵੀ ਅਨੇਕਾਂ ਧਰਮ ਕੁਰੀਤੀਆਂ ਦੇ ਸ਼ਿਕਾਰ ਸਨ। ਅਜਿਹੇ ਪਤਨਮੁਖੀ ਪ੍ਰਵੇਸ਼ਾ ਤੋਂ ਉਪਰਾਮ ਹੋ ਕੇ ਭਗਤਾਂ ਨੇ ਆਪਣੀ ਬਾਣੀ ਵਿਚ ਇਸ ਪਰਿਵੇਸ਼ ਦੀ ਵਿਸ਼ਮਤਾ ਨੂੰ ਦੂਰ ਕਰਨ ਦੀ ਗੱਲ ਕੀਤੀ। ਉਨ੍ਹਾਂ ਨੇ ਆਪਣੀ ਵਿਅਕਤੀਗਤ ਅਨੁਭੂਤੀ ਤੇ ਆਪਣੀ ਵਿਚਾਰਧਾਰਾ ਅਨੁਸਾਰ ਕੀਤੀ। ਇਸ ਵਿਚ ਹਿੰਦੂ, ਇਸਲਾਮ-ਬੋਧੀ ਜੈਨੀ ਆਦਿ ਧਰਮਾਂ ਦੇ ਉਹ ਤੱਤ ਵੀ ਸ਼ਾਮਿਲ ਹੋਏ ਜਿਨ੍ਹਾਂ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਅਤੇ ਨਾਲ ਹੀ ਵੇਦਾਂਤ, ਮੱਧ ਯੁੱਗ ਦੀ ਸੰਤ ਪਰੰਪਰਾ ਅਤੇ ਰਾਮਾਨੰਦ ਵਰਗੇ ਮਹਾਨ ਸਾਧੂ ਸੰਤਾਂ ਦਾ ਡੂੰਘਾ ਪ੍ਰਭਾਵ ਵੀ ਸ਼ਾਮਿਲ ਹੈ।

**ਭਗਤੀ ਲਹਿਰ ਦੇ ਪ੍ਰਵਰਕਾਂ ਦੇ ਧਾਰਮਿਕ ਗਿਰਾਵਟ ਨੂੰ ਦੂਰ ਕਰਨ ਦੇ ਯਤਨ**

ਮੱਧਯੁੱਗ ਵਿਚ ਭਾਰਤੀ ਜਨਤਾ ਦਾ ਧਰਮ ਦੇ ਪੱਖੋਂ ਸਭ ਤੋਂ ਵੱਡਾ ਦੁਖਾਂਤ ਇਹ ਸੀ ਕਿ ਰਾਮ, ਰਹੀਮ ਅਤੇ ਕਰੀਮ ਦੇ ਨਾਂ ਉਤੇ ਜਨ ਸਧਾਰਨ ਨੂੰ ਝਗੜਿਆਂ ਵੱਲ ਧਕੇਲਿਆ ਜਾ ਰਿਹਾ ਸੀ। ਭਗਤ ਜਨਾ ਦੀ ਖੂਬੀ ਇਹ ਸੀ ਕਿ ਵੱਖ-ਵੱਖ ਧਰਮਾਂ ਦੇ ਕਾਲ ਸੰਬੰਧਿਤ ਹੋਣ ਦੇ ਬਾਵਜੂਦ ਭਗਤ ਜਨ ਕਿਸੇ ਵੀ ਮਜਹਬੀ ਝਗੜੇ ਵਿਚ ਨਹੀਂ ਪਏ। ਭਗਤ ਰਵਿਦਾਸ ਜੀ ਅਨੁਸਾਰ ਪ੍ਰਭੂ ਗਰੀਬ ਨਿਵਾਜ ਹੈ ਭਾਵ ਸ਼ੂਦਰਾਂ ਗਰੀਬਾਂ ਦੀ ਰਖਵਾਲੀ ਕਰਨ ਵਾਲਾ ਹੈ ਅਤੇ ਆਪਣੀ ਪੈਜ ਰੱਖ ਕੇ ਨੀਚਾਂ ਦੇ ਸਿਰਾਂ ਉੱਪਰ ਛਤਰ ਚੜ੍ਹਾ ਦਿੰਦਾ ਹੈ। ਬਾਣੀ ਅਨੁਸਾਰ:

"ਐਸੀ ਲਾਲ ਤੁਝ ਬਿਨੁ ਕਉਨੁ ਕਰੈ
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ।"[5]

ਭਗਤਾਂ ਨੇ ਆਪਣੀ ਭਗਤੀ ਦੇ ਸਦਕਾ ਪਹਿਲਾ ਆਪ ਬ੍ਰਹਮ ਦੀ ਪ੍ਰਾਪਤੀ ਕੀਤੀ ਅਤੇ ਬਿਨਾ ਕਿਸੇ ਨਿੱਜੀ ਸਵਾਰਥ ਦੇ ਲੋਕ ਭਲਾਈ ਦੀ ਭਾਵਨਾ ਨਾਲ ਲੋਕਾਈ ਦੀ ਅਗਵਾਈ ਕੀਤੀ। ਇਸ ਤਰ੍ਹਾਂ ਭਗਤ ਜੋਧੇ ਹਨ, ਜਿਨ੍ਹਾਂ ਨੇ ਮੈਦਾਨੀ ਜੰਗ ਰਹਿਤ ਆਪਣੇ ਅਨੁਭਵੀ ਵਿਚਾਰਾਂ ਦੀ ਜੰਗ ਨਾਲ ਦੀਨ ਦੁਖੀਆ ਨੂੰ ਭਰਮਾਂ ਵਿੱਚੋਂ ਬਾਹਰ ਕੱਢਿਆ। ਭਗਤ ਕਬੀਰ ਜੀ ਨੇ ਵੀ ਇਸੇ ਹਾਲ ਹੀ ਹਾਮੀ ਭਰੀ ਹੈ। ਉਨ੍ਹਾਂ ਦਾ ਫੁਰਮਾਨ ਹੈ:

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।"[6]

ਇਸ ਤਰ੍ਹਾਂ ਭਗਤ ਜੀ ਦਾ ਸਭ ਤੋਂ ਪਹਿਲਾ ਧਾਰਮਿਕ ਅਨਿਆ ਅਤੇ ਕੱਟੜਤਾ ਵਿਰੋਧੀ ਅੰਦੋਲਨ ਹੈ।

**ਪ੍ਰਭੂ ਦੇ ਨਿਰਗੁਣ ਸਰੂਪ ਦੀ ਮਹਿਮਾ ਅਤੇ ਮੂਰਤੀ ਪੂਜਾ ਖੰਡਣ**

ਮੱਧਕਾਲੀਨ ਭਗਤੀ ਲਹਿਰ ਭਗਤੀ ਦੇ ਸਰਗੁਣ ਸਰੂਪ ਦੀ ਧਾਰਕ ਬਣ ਕੇ ਦੱਖਣੀ ਭਾਰਤ ਵਿਚ ਉਤਪੰਨ ਹੋਈ। ਇਹ ਲਹਿਰ ਜਦੋਂ ਉੱਤਰੀ ਭਾਰਤ ਵਿਚ ਪਹੁੰਚੀ ਤਾਂ ਨਿਰਗੁਣ ਭਗਤੀ ਸਰੂਪ ਦੀ

ਧਾਰਕ ਬਣ ਕੇ ਰਹਿ ਗਈ ਤਾਂ ਇਨ੍ਹਾਂ ਭਗਤਾਂ ਨੇ ਵੇਦਾ ਸ਼ਸਤਰਾਂ ਦੇ ਗਿਆਨ ਦੀ ਥਾਂ ਆਪਣੇ ਅਨੁਭਵੀ ਗਿਆਨ ਨੂੰ ਪ੍ਰਾਥਮਿਕਤਾ ਦਿੱਤੀ ਅਤੇ ਮੂਰਤੀ ਪੂਜਾ ਨੂੰ ਮੁੱਢੋ ਹੀ ਨਕਾਰ ਕਰ ਦਿੱਤਾ।

ਭਗਤ ਬਾਣੀ ਅਤੇ ਗੁਰਬਾਣੀ ਦੀ ਆਰੰਭਤਾ ਵਿਚ ਅਕਾਲ ਪੁਰਖ ਨੂੰ ਹੀ ਦ੍ਰਿਸ਼ਟੀਮਾਨ ਅਤੇ ਅਦ੍ਰਿਸ਼ਟਮਾਨ ਦਾ ਸ੍ਰੋਤ ਮੰਨ ਗੱਲ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

"ਨਿਰਗੁਨੁ ਆਪਿ ਸੁਰਗੁਨ ਭੀ ਓਹੀ।"[7]

ਪ੍ਰਭੂ ਦੇ ਨਿਰਗੁਣ ਸਰੂਪ ਦਾ ਪੱਖ ਪੂਰਦਿਆਂ ਸ੍ਰੀ ਮਧ ਭਗਵਤ ਗੀਤਾ ਵਿਚ ਦੱਸਿਆ ਹੈ "ਪ੍ਰਭੂ ਦੀ ਉਤਪਤੀ ਅਰਥਾਤ ਲੀਲਾ ਦੇ ਪ੍ਰਗਟ ਹੋਣ ਬਾਰੇ ਨਾ ਹੀ ਦੇਵਤਾ ਲੋਕ ਜਾਣਦੇ ਹਨ ,ਨਾ ਹੀ ਮਹਾਰਿਸ਼ੀ ਜਾਣਦੇ ਹਨ। ਕਿਉਂਕਿ ਪਰਮਾਤਮਾ ਸਭ ਪ੍ਰਕਾਰ ਦੇ ਦੇਵਤਿਆ ਅਤੇ ਮਹਾਂਰਿਸ਼ੀਆਂ ਦਾ ਆਦਿ ਕਾਰਨ ਵੀ ਹੈ।"[8]

ਨਿਰਗੁਣ ਭਗਤ ਕਵੀਆਂ ਨੇ ਭਗਤੀ ਵਿਚ ਸਮਰਪਣ ਨੂੰ ਪਹਿਲ ਦਿੱਤੀ ਅਤੇ ਵਿਚਾਰ ਪੇਸ਼ ਕੀਤਾ ਕਿ ਭਗਤੀ ਸਾਧ ਸੰਗਤ ਰਾਹੀਂ ਕੀਤਾ ਪ੍ਰੇਮ ਦਾ ਜਜ਼ਬਾ ਹੈ ਅਤੇ ਭਗਤੀ ਦਾ ਸੰਦਰਭ ਪਾਣੀ ਵਿਚ ਕੰਵਲ ਦੇ ਫੁੱਲ ਵਾਂਗ ਨਿਰਲੇਪ ਹੋਣ ਦਾ ਹੈ। ਭਗਤ ਰਵੀਦਾਸ ਜੀ ਨੇ ਸੁਰਗੁਣ ਅਵਤਾਰਾਂ ਅਤੇ ਮੂਰਤੀ ਪੂਜਾ ਦਾ ਵਿਰੋਧ ਕੀਤਾ ਅਤੇ ਸੂਫੀਆਂ ਦੇ ਭਗਤੀ ਰਾਹ ਤੁਰਦੇ ਹੋਏ ਮੱਧਕਾਲੀ ਸਾਹਿਤ ਵਿਚ ਨਿਰਗੁਣ ਸ਼ਬਦ ਵਿਸ਼ੇਸ਼ ਅਰਥ ਰੱਖਦਾ ਹੈ। ਨਿਰਗੁਣ ਦਾ ਭਾਵ ਇਹ ਹੈ, ਮਾਇਆ ਮੂਲਕ ਗੁਣਾਂ ਤੋਂ ਰਹਿਤ ਹੋਣਾ ਨਾ ਕਿ ਦਿੱਬ ਅਤੇ ਅਲੋਕਿਕ ਗੁਣਾਂ ਤੋਂ ਹੀਣ ਹੋਣਾ।"[9]

ਭਗਤ ਰਵਿਦਾਸ ਜੀ ਨੇ ਸੁਰਗੁਣ ਨਿੰਰਾਕਾਰ ਦੀ ਭਗਤੀ ਕੀਤੀ ਹੈ। ਉਨ੍ਹਾਂ ਦਾ ਬ੍ਰਹਮ ਨਾ ਤਾਂ ਆਚਾਰੀਆ ਸ਼ੰਕਰ ਦੇ ਬ੍ਰਹਮ ਵਾਂਗ ਨਿਰੋਲ ਨਿਰਗੁਣ ਹੈ ਅਤੇ ਨਾ ਹੀ ਸਰਗੁਣ ਭਗਤੀ ਆਚਾਰੀਆਂ ਦੇ ਭਗਵਾਨ ਵਾਂਗ ਨਿਰੋਲ ਸਰਗੁਣ। ਨਿਰਾਕਾਰ ਹੁੰਦਿਆ ਹੋਇਆ ਵੀ ਉਹ ਗੁਣ-ਯੁਕਤ ਹੈ। ਇਹ ਗੁਣ ਉਸ ਦੀ ਦਇਆਲਤਾ, ਕਿਰਪਾਲਤਾ, ਗਰੀਬ ਨਿਵਾਜੀ ਅਤੇ ਹੋਰ ਅਨੇਕਾਂ ਰੂਪਾਂ ਵਿਚ ਪ੍ਰਗਟ ਹੁੰਦੇ ਹਨ। ਇਸ ਲਈ ਉਹ ਆਖਦੇ ਹਨ ਕਿ ਪਰਮਾਤਮਾ ਕੇਵਲ ਪ੍ਰੇਮ ਕਾਲ ਵਿਚ ਬੱਝਾ ਹੋਇਆ ਹੈ। ਉਹ ਕਿਸੇ ਦੇ ਜੱਦੀ ਅਧਿਕਾਰ ਦੀ ਵਸਤੂ ਨਹੀਂ।

"ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।
ਮੋਹ ਪਟਲ ਸਭੁ ਜਗਤ ਬਿਆਪਿਓ ਭਗਤ ਨਹੀ ਸੰਤਾਪਾ।"[10]

ਭਗਤ ਰਵਿਦਾਸ ਜੀ ਦੀ ਬਾਣੀ ਵਿਚ 'ਨਿਰਗੁਣ' ਸ਼ਬਦ ਦੀ ਸਪਸ਼ਟ ਵਰਤੋਂ ਵੀ ਹੋਈ ਹੈ, ਜਿਹੜੀ ਬ੍ਰਹਮ ਦੇ ਨਿਰਾਕਾਰ ਅਤੇ ਗੁਣ ਅਤੀਤ ਰੂਪ ਦੀ ਸੰਕੇਤਿਤ ਹੈ। ਉਨ੍ਹਾਂ ਅਨੁਸਾਰ:

"ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ।"[11]

ਸੰਸਾਰ ਅਤੇ ਜੀਵਾਂ ਦੇ ਸੰਦਰਭ ਵਿਚ ਉਹ ਗੁਣਾਂ ਨਾਲ ਭਰਪੂਰ ਜਾਪਦਾ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਦਾ ਬ੍ਰਹਮ ਸੁਰਗੁਣ ਨਿਰਾਕਾਰ ਹੈ।

**ਮੂਰਤੀ ਪੂਜਾ ਦਾ ਖੰਡਣ**

ਭਗਤ ਰਵਿਦਾਸ ਜੀ ਬਾਣੀ ਵਿਚ ਧਾਰਮਿਕ ਪਰਿਪੇਖ ਮੂਰਤੀ ਪੂਜਾ ਦਾ ਖੰਡਣ ਸੰਬੰਧੀ ਵਿਚਾਰ ਪੇਸ਼ ਕਰਦੇ ਅਸੀਂ ਕਹਿ ਸਕਦੇ ਹਾਂ ਕਿ ਮੱਧਕਾਲੀ ਯੁੱਗ ਵਿਚ ਪਰਮਾਤਮਾ ਦੇ ਸੁਰਗੁਣ ਸਰੂਪ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਮੂਰਤੀ ਆਦਿ ਬਣਾ ਕੇ ਉਸ ਦੀ ਪੂਜਾ ਨਹੀਂ ਕੀਤੀ ਜਾ ਸਕਦੀ। ਬਨਾਰਸ ਜੋ ਕਿ ਧਰਮ ਅਤੇ ਦਰਸ਼ਨ ਦਾ ਮੁੱਖ ਸਥਾਨ ਮੰਨਿਆ ਜਾਂਦਾ ਹੈ, ਉੱਥੇ ਕਰਮ ਕਾਂਡ ਦਾ ਇਕ ਵੱਡਾ ਗੜ੍ਹ ਸੀ। ਬ੍ਰਹਮਣ ਵਰਗ ਨੇ ਨਾਮ ਭਗਤੀ ਤੋਂ ਦੂਰ ਛੇ ਕਰਮਾਂ ਉੱਤੇ ਬਲ ਦਿੱਤਾ ਹੋਇਆ ਸੀ। ਜਿਵੇਂ ਜਗ ਕਰਨਾ ਤੇ ਕਰਾਉਣਾ, ਵੇਦ ਪੜ੍ਹਨੇ ਤੇ ਪੜਾਉਣੇ, ਦਾਨ ਦੇਣਾ ਅਤੇ ਲੈਣਾ। ਪਰੁਸੂਰ ਰਿਖੀ ਨੇ ਛੇ ਕਰਮ ਦੱਸੇ ਹਨ ਸੰਧਿਆ ਇਸ਼ਨਾਨ, ਜਪ-ਤਪ ਤੀਰਥ ਯਾਤਰਾ, ਸੰਨਿਆਸ, ਮੰਤਰ ਸਾਧਨ ਅਤੇ ਦੇਵ ਪੂਜਾ ਯੋਗ ਮਤ ਨੇ ਵੀ 6 ਕਰਮ ਉਚਿਤ ਦੱਸੇ ਹਨ। ਜਿਵੇਂ ਧੋਤੀ, ਨੇਤੀ, ਵਸਦੀ, ਤ੍ਰਾਟਕ, ਨਿਉਲੀ ਅਤੇ ਭਨਤਾ।"[12] ਭਗਤ ਰਵੀਦਾਸ ਜੀ ਨੇ ਇਨ੍ਹਾਂ ਕਰਮ ਕਾਂਡਾ ਨੂੰ ਖਟ ਕਰਮ ਕਹਿ ਕੇ ਨਕਾਰਿਆ ਹੈ ਅਤੇ ਪੰਡਿਤਾਂ ਦੁਆਰਾ ਕੀਤੇ ਜਾਂਦੇ ਤੀਰਥ ਇਸ਼ਨਾਨਾਂ ਨੂੰ ਕੁੰਚਰ ਦਾ ਇਸ਼ਨਾਨ ਕਿਹਾ ਹੈ। ਉਨ੍ਹਾਂ ਦਾ ਫੁਰਮਾਨ ਹੈ:

"ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ"[13]

ਭਗਤ ਰਵਿਦਾਸ ਜੀ ਦਾ ਫੁਰਮਾਨ ਹੈ ਕਿ ਪਰਮਾਤਮਾ ਦਾ ਕੋਈ ਸਰੂਪ ਨਹੀਂ। ਉਸ ਨੂੰ ਸ਼ਬਦ ਦੀ ਪ੍ਰਾਪਤੀ ਰਾਹੀਂ ਸੁਭਾਵਿਕ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸੰਬੰਧ ਵਿਚ ਡਾ .ਰਤਨ ਸਿੰਘ ਜੱਗੀ ਦਾ ਵਿਚਾਰ ਹੈ ਕਿ ਜਿਥੇ ਰਵਿਦਾਸ ਜੀ ਨੇ ਬ੍ਰਹਮ ਦੀ ਗਲ ਕਹੀ ਹੈ, ਉਥੇ ਕਿਸੇ ਖਾਸ ਨਿਸ਼ਚਿਤ ਨਾ ਨਾਲ ਉਸ ਨੂੰ ਵਿਅਕਤ ਨਹੀਂ ਕੀਤਾ, ਸਗੋਂ ਉਸ ਨੂੰ ਅਸੀਮ ਅਤੇ ਸੰਸਾਰਿਕ ਵਿਸ਼ੇਸ਼ਣਾ, ਨਾਵਾਂ, ਸੰਬੰਧਾਂ ਤੋਂ ਮੁਕਤ ਕਿਹਾ ਹੈ। ਉਹ ਅਵਗੁਣ ਹੈ, ਅਰੂਪ ਹੈ, ਚੰਦ-ਸੂਰਜ, ਰਾਤ ਦਿਨ, ਧਰਤੀ ਆਕਾਸ਼, ਸਰਦੀ ਗਰਮੀ, ਕਰਮ ਅਕਰਮ, ਯੋਗ ਭੋਗ, ਆਦਿ ਦੇ ਸੰਸਰਗ ਤੋਂ ਮੁਕਤਿ ਹੈ। ਉਹ, ਸਤ ਸਰੂਪ ਹੈ। ਮਾਇਆ ਮੁਕਤਿ ਹੈ ਸਦੀਵੀ ਹੈ ਨਿਰਾਕਾਰ ਹੈ, ਨਿਰਵਿਕਾਰ ਹੈ।

**ਗੁਰੂ ਦਾ ਪਸਾਰ**

ਭਗਤ ਰਵਿਦਾਸ ਜੀ ਬਾਣੀ ਵਿਚ ਧਾਰਮਿਕ ਪਰਿਪੇਖ ਦੇ ਅੰਤਰਗਤ ਗੁਰੂ ਦੇ ਸੰਕਲਪ ਦੀ ਚਰਚਾ ਕਰਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਭਗਤ ਰਵਿਦਾਸ ਜੀ ਇਕ ਕਰਮਸ਼ੀਲ ਯੋਗੀ ਅਤੇ ਮਹਾਂ ਗਿਆਨੀ ਸਨ, ਜਿਨ੍ਹਾਂ ਦੀ ਆਤਮਿਕ ਸਾਧਨਾ ਵਿਚ ਸਵੈ-ਭਰੋਸਾ, ਪ੍ਰਭੂ ਪਿਆਰ, ਨਾਮ ਸਿਮਰਨ ਅਤੇ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਸੀ। ਭਗਤ ਰਵਿਦਾਸ ਜੀ ਦੀ ਬਾਣੀ ਗੁਰੂ ਨੂੰ ਈਸ਼ਵਰ ਦੇ ਸਰੂਪ ਵਜੋਂ ਨਿਵਾਜਦੀ ਹੈ। ਸੱਚ ਅਤੇ ਆਚਰਣ ਪਵਿਤਰਤਾ ਦੇ ਨਾਲ-ਨਾਲ ਆਪਣੇ ਚਿੰਤਨ ਦੇ ਵਿਸ਼ੇ ਵਿਚ ਗੁਰੂ ਦੀ ਟਹਿਲ ਨੂੰ ਵੀ ਸ਼ਾਮਿਲ ਕਰਦੀ ਹੈ। ਭਗਤ ਰਵਿਦਾਸ ਜੀ ਬਾਣੀ ਗੁਰੂ ਦੀ ਕਿਰਪਾ ਅਤੇ ਪਰਮਾਤਮਾ ਦੇ

ਹੁਕਮ ਦੁਆਰਾ ਮਨੁੱਖ ਨੂੰ ਆਪਣੇ ਜੀਵਨ ਵਿਚ ਧਰਮ ਪਦ ਪ੍ਰਾਪਤੀ ਕਰਨ ਦੀ ਸੋਝੀ ਦਿੰਦੀ ਹੈ। ਜੀਵਨ ਮੁਕਤੀ ਜਾਂ ਜੀਵਤ ਮਰਨ ਪ੍ਰਭੂ ਕਿਰਪਾ ਦਾ ਵਿਸ਼ੇਸ਼ ਮਹੱਤਵ ਹੈ। ਮੁਕਤੀ ਦੀ ਪ੍ਰਾਪਤੀ ਲਈ ਸਵੈ ਯਤਨ ਕਾਫੀ ਨਹੀਂ ਪਰਮਾਤਮਾ ਦੀ ਮਿਹਰ ਤੋਂ ਬਿਨਾਂ ਮੁਕਤੀ ਮਿਲਣੀ ਮੁਸ਼ਕਿਲ ਹੈ। ਗੁਰਬਾਣੀ ਵਿਚ ਅਨੇਕ ਤਰ੍ਹਾਂ ਦੇ ਹਵਾਲੇ ਉਪਲਬਧ ਹਨ। ਕਬੀਰ ਜੀ ਦਾ ਫੁਰਮਾਨ ਹੈ:

"ਗੁਰ ਪ੍ਰਸਾਦਿ ਮੈ ਡਗਰੋ ਪਾਇਆ
ਜੀਵਨ ਮਰਨੁ ਦੋਊ ਮਿਟਵਾਇਆ[14]
ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ।"[15]

ਇਸ ਤਰ੍ਹਾਂ ਭਗਤ ਰਵਿਦਾਸ ਜੀ ਬਾਣੀ ਗੁਰੂ ਕਿਰਪਾ ਅਤੇ ਹੁਕਮ ਦੁਆਰਾ ਮਨੁੱਖ ਨੂੰ ਆਪਣੇ ਜੀਵਨ ਵਿਚ ਪਰਮ ਪਦ ਪ੍ਰਾਪਤ ਕਰਨ ਦੀ ਸੋਝੀ ਦਿੰਦੀ ਹੈ। ਭਗਤੀ ਦੇ ਗੁਣਾਂ ਤੋਂ ਜਾਣੂ ਕਰਾਉਣ ਦੇ ਨਾਲ-ਨਾਲ ਗੁਰੂ ਦੀ ਲੋੜ ,ਗੁਰੂ ਦੀ ਭਗਤੀ ਤੇ ਗੁਰੂ ਚਰਨਾਂ ਦਾ ਗੁਣਗਾਨ ਕਰਨਾ ਵੀ ਇਸ ਬਾਣੀ ਦਾ ਅਧਾਰ ਹੈ। ਭਗਤ ਰਵਿਦਾਸ ਜੀ ਦੇ ਵਿਚਾਰ ਅਨੁਸਾਰ ਗੁਰੂ ਇਕ ਅਜਿਹਾ ਪਾਰਸ ਹੈ, ਜੋ ਤਾਂਬੇ ਨੂੰ ਛੋਹ ਕੇ ਸੋਨਾ ਬਣਾ ਦਿੰਦਾ ਹੈ। ਭਾਵ ਇਹ ਹੈ ਕਿ ਗਿਆਨ ਤੋਂ ਵਾਂਝੇ ਜੀਵ ਨੂੰ ਆਪਣਾ ਸਰੂਪ ਬਣਾ ਦਿੰਦਾ ਹੈ। ਗੁਰੂ ਗਿਆਨ ਦੇ ਪ੍ਰਕਾਸ਼ ਰਾਹੀਂ ਸਦੀਆਂ ਤੋਂ ਬੰਦ ਪਏ ਬਜ਼ਰ ਕੁਪਾਟ ਵੀ ਖੋਲ ਦਿੰਦਾ ਹੈ। ਭਗਤ ਰਵਿਦਾਸ ਅਨੁਸਾਰ ਗੁਰੂ ਅਤੇ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਪੂਰਬ ਜਨਮ ਵਿਚ ਕੀਤੇ ਚੰਗੇ ਕਰਮਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ :

"ਪਰਮ ਪਰਸ ਗੁਰੁ ਭੇਟਿਐ ਪੂਰਬ ਲਿਖਤ ਲਿਲਾਟ
ਉਨਮਾਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ।"[16]

ਗੁਰੂ ਦੀ ਕਿਰਪਾ ਸਦਕਾ ਹੀ ਪ੍ਰਭੂ ਦੀ ਪ੍ਰਾਪਤੀ ਕਰਕੇ ਜੀਵ ਜੀਵਨ ਜਿਉਂਦਿਆ ਹੀ ਮੁਕਤੀ ਦਾ ਅਧਿਕਾਰੀ ਬਣ ਜਾਂਦਾ ਹੈ। ਗੁਰੂ ਦੀ ਪੂਜਾ ਲਈ ਭੇਟਾ ਵਜੋਂ ਭਗਤ ਰਵਿਦਾਸ ਜੀ ਆਪਣਾ ਤਨ-ਮਨ ਅਰਪਣ ਕਰਦੇ ਹਨ ਅਤੇ ਫਿਰ ਗੁਰੂ ਦੀ ਕਿਰਪਾ ਨਾਲ ਨਿਰੰਕਾਰ ਦੀ ਪ੍ਰਾਪਤੀ ਹੁੰਦੀ ਹੈ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ।

"ਸਾਧੂ ਕੀ ਜਉ ਲੇਹਿ ਓਟ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥"[17]

ਭਗਤ ਰਵਿਦਾਸ ਆਪਣੀ ਬਾਣੀ ਰਾਹੀਂ ਵਿਚਾਰ ਕਰਦੇ ਲਿਖਦੇ ਹਨ ਕਿ ਸੰਤ, ਭਗਤ, ਗੁਰੂ ਅਤੇ ਪ੍ਰਭੂ ਪਰਮਾਤਮਾ ਦੇ ਗੁਣਾਂ ਵਿਚ ਕੋਈ ਅਭੇਦਤਾ ਨਹੀਂ। ਗੁਰੂ ਦਾ ਉਪਦੇਸ਼ ਨਿੱਜ ਤੋਂ ਉੱਠ ਕੇ ਪਰ ਕਰਮ ਕਰਨ ਦੀ ਪੂਰਨ ਪ੍ਰੇਰਨਾ ਦਿੰਦਾ ਹੈ ਅਤੇ ਵਿਸ਼ਵ ਸ਼ਾਂਤੀ ਲਈ ਜੀਵਾਂ ਦੀ ਅਗਵਾਈ ਕਰਦਾ ਹੈ। ਪਿਆਰ ਦੀ ਕੜੀ ਨਾਲ ਮਨੁੱਖਤਾ ਨੂੰ ਜੋੜ ਕੇ ਅਸ਼ਾਂਤ ਹਿਰਦਿਆਂ ਨੂੰ ਪ੍ਰਭੂ ਭੇਦ ਸਮਝਾ ਕੇ ਸ਼ਾਂਤ ਕਰ ਦਿੰਦਾ ਹੈ। ਗੁਰੂ

ਜਨ ਪ੍ਰਭ ਦੇ ਦਰ ਦੇ ਦੂਤ ਹਨ। ਇਸ ਲਈ ਸੰਤ ਅਤੇ ਆਨੰਦ ਵਿਚ ਕੋਈ ਭੇਦ ਨਹੀਂ। ਜੀਵ ਨੂੰ ਸੰਤਾਂ ਦੀ ਸੰਗਤ ਬਖ਼ਸ਼ ਸੰਤਾਂ ਦੀ ਕਥਾ ਦਾ ਆਨੰਦ ਤੇ ਸੰਤਾਂ ਨਾਲ ਪ੍ਰੇਮ ਦੀ ਦਾਤ ਬਖਸ਼ਿਸ ਹੋ ਜਾਂਦੀ ਹੈ ਅਤੇ ਪਰਮਾਤਮਾ ਸੰਤਾਂ ਵਾਲੀ ਕਰਨੀ, ਸੰਤਾਂ ਦਾ ਰਸਤਾ ਤੇ ਸੰਤਾਂ ਦੇ ਦਾਸ ਦੀ ਸੇਵਾ ਜੀਵ ਨੂੰ ਬਖਸ਼ਿਸ਼ ਕਰ ਦਿੰਦਾ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚਲਾ ਫੁਰਮਾਨ ਹੈ-:

"ਸੰਤ ਤੁਝੀ ਤਨੁ ਸੰਗਤਿ ਪ੍ਰਾਨ।।
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ।।੧।।
ਸੰਤ ਚੀ ਸੰਗਤਿ ਸੰਤ ਕਥਾ ਰਸੁ
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।।੧।। ਰਹਾਉ।।
ਸੰਤ ਆਚਰਣ ਸੰਤ ਮਾਰਗੁ ਸੰਤ ਚੋ ਓਲ੍ਹਗ ਓਲ੍ਹਗਣੀ।"[18]

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਤਿਗੁਰੂ/ਗੁਰੂ ਦੀ ਅਵਸਕਤਾ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਭਗਤ ਜੀ ਸਭ ਭਰਮਾਂ ਦਾ ਨਿਵਾਰਣ ਕਰਕੇ ਕੇਵਲ ਸਤਿਗੁਰੂ ਦਾ ਗਿਆਨ ਕਮਾਉਣ ਦੀ ਸਿੱਖਿਆ ਦਿੰਦੇ ਹਨ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਮੁਕਤੀ ਦਿਵਾਉਣ ਲਈ ਗੁਰੂ ਬਹੁਤ ਵੱਡਾ ਰੋਲ ਅਦਾ ਕਰ ਸਕਦਾ ਹੈ। ਜੀਵ ਲਈ ਗੁਰੂ ਕਿਰਪਾ ਤੋਂ ਬਿਨਾਂ ਨਰਕਾਂ ਤੋਂ ਛੁਟਕਾਰਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। ਭਗਤ ਜੀ ਲਿਖਦੇ ਹਨ:

"ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ,
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ।।"[19]

**ਰਵਿਦਾਸ ਬਾਣੀ ਵਿਚ ਕਰਮ ਦੀ ਸ਼ੁੱਧਤਾ ਅਤੇ ਮੁਕਤੀ ਸੰਬੰਧੀ ਵਿਚਾਰ**

ਅਕਸਰ ਸਤਹੀ ਪੱਧਰ 'ਤੇ ਇਹ ਧਾਰਨਾ ਬਣਾ ਲਈ ਜਾਂਦੀ ਹੈ ਕਿ ਭਗਤ ਕਵੀਆਂ ਦੀ ਅਧਿਆਤਮਕਤ ਸਮਾਜ ਤੋਂ ਦੂਰ ਅਲੌਕਿਕ ਮੰਡਲ ਦੀ ਪਰਿਕਰਮਾ ਤੱਕ ਹੀ ਸੀਮਤ ਰਹਿੰਦੀ ਹੈ। ਮਨੁੱਖੀ ਜ਼ਿੰਦਗੀ ਦੇ ਸੱਚ ਇੱਥੇ ਹੀ ਗੈਰ ਹਾਜ਼ਰ ਹੋ ਜਾਂਦੇ ਹਨ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਇਹ ਗਲ ਮੁੱਢ ਤੋਂ ਹੀ ਸਿੱਧ ਹੋ ਜਾਂਦੀ ਹੈ ਕਿ ਅਧਿਆਤਮਤਾ, ਸਮਾਜਕਤਾ ਦੇ ਨਾਲ-ਨਾਲ ਅਨੇਕਾਂ ਪੱਖਾਂ ਤੋਂ ਜੀਵਨ ਦੇ ਸੱਚ ਨੂੰ ਪੇਸ਼ ਕਰਦੀ ਹੈ। ਭਗਤ ਰਵਿਦਾਸ ਬਾਣੀ ਵਿਚ ਉਹ ਧਰਮ ਅਤੇ ਭਗਤੀ ਅਰਥਹੀਣ ਹੈ, ਜੋ ਕਰਮਾਂ ਤੋਂ ਵਾਂਝੇ ਹਨ। ਭਗਤ ਰਵਿਦਾਸ ਜੀ ਨੇ ਸਧਾਰਨ ਜਨਤਾ ਦੀਆਂ ਖੰਡਿਤ ਮਨੋ-ਸਥਿਤੀਆਂ ਨੂੰ ਸਹੀ ਦਿਸ਼ਾ ਦੇ ਕੇ ਨਰੋਆ ਰਾਹ ਵਿਖਾਇਆ ਹੈ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ:

"ਜੇ ਓਹੁ ਅਠਸਠਿ ਤੀਰਥ ਨਾਵੈ। ਜੇ ਓਹੁ ਦੁਆਦਸ ਸਿਲਾ ਪੂਜਾਵੈ ਜੇ
ਓਹੁ ਕੂਪ ਤਟਾ ਦੇਵਾਵੈ ਕਰੈ ਨਿੰਦ ਸਭ ਬਿਰਥਾ ਜਾਵੈ।।"[20]

ਭਗਤ ਰਵਿਦਾਸ ਜੀ ਸਮਕਾਲੀ ਸਮਾਜ ਵਿਚ ਭਗਤੀ ਅਤੇ ਮੁਕਤੀ ਲਈ ਕੀਤੇ ਜਾਂਦੇ ਕਰਮਕਾਂਡਾਂ ਨੂੰ ਅਰਥਹੀਣ ਦੱਸ ਕੇ ਅਧਿਆਤਮਕਤਾ ਦਾ ਸਹਿਜ ਚਰਿੱਤਰ ਨੈਤਿਕਤਾ ਨਾਲ ਜੋੜ ਕੇ ਪੇਸ਼ ਕਰਦੇ ਹਨ।

ਭਗਤ ਰਵਿਦਾਸ ਦਾ ਵਿਚਾਰ ਹੈ ਕਿ ਜੋ ਕੋਈ ਖੋਟੇ ਕਰਮਾਂ ਨਾਲ ਜੀਵ ਅਠਾਹਠ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰੇ ,ਬਾਰਾਂ ਜੋਤੀ ਲਿੰਗਾਂ ਦੀ ਪੂਜਾ ਕਰੇ ,ਸੂਰਜ ਗ੍ਰਹਿਣ ਸਮੇਂ ਕਰੂਕਸ਼ੇਤਰ ਦੀ ਤੀਰਥ ਇਸ਼ਨਾਨ ਕਰੇ ,ਹਾਰ ਸ਼ਿਕਾਰ ਲਾ ਕੇ ਗਹਿਣਿਆਂ ਸਮੇਤ ਇਸਤਰੀ ਬ੍ਰਾਹਮਣਾ ਨੂੰ ਦੇਵੇ ,ਸਾਰੀਆਂ ਸਿਮ੍ਰਤੀਆਂ ਆਪਣੇ ਕੰਨਾਂ ਨਾਲ ਸੁਣੇ ,ਛੱਤੀ ਪ੍ਰਕਾਰ ਦਾ ਭੋਜਨ ਤਿਆਰ ਕਰਕੇ ਠਾਕਰਾਂ ਨੂੰ ਭੋਗ ਲਗਾਵੈ ਤਾਂ ਵੀ ਇਹ ਸਾਰੇ ਕੰਮ ਨਿਹਫਲ ਹਨ। ਇਸ ਤਰ੍ਹਾਂ ਭਗਤ ਰਵਿਦਾਸ ਜੀ ਭਾਵੇਂ ਆਪਣੀ ਬਾਣੀ ਦਾ ਕੇਂਦਰੀ ਬਿੰਦੂ ਬ੍ਰਹਮ ਨੂੰ ਬਣਾਉਂਦੇ ਹਨ, ਪ੍ਰੰਤੂ ਇਸ ਦੇ ਨਾਲ ਹੀ ਨਾਲ-ਨਾਲ ਬਾਣੀ ਦਾ ਆਲਾ-ਦੁਆਲਾ ਮਾਨਵਤਾ ਦੀ ਭਲਾਈ ਨਾਲ ਜੋੜ ਕੇ ਨਵਾਂ ਪ੍ਰਵਚਨ ਪੇਸ਼ ਕਰਦੇ ਹਨ।

ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਕਿਰਤ ਕਰਮ ਦੀ ਮਨੁੱਖ ਜੀਵਨ ਵਿਚ ਮਹੱਤਤਾ ਉੱਪਰ ਜ਼ੋਰ ਦਿੰਦੇ ਹਨ। ਜੀਵ ਨੂੰ ਇਸ ਮਾਤ ਲੋਕ ਵਿਚ ਰਹਿੰਦਿਆਂ ਉੱਦਮਸ਼ੀਲ ਹੋ ਕੇ ਨੇਕ ਕਮਾਈ ਕਰਨੀ ਚਾਹੀਦੀ ਹੈ। ਭਗਤ ਰਵਿਦਾਸ ਜੀ ਨੇਕ ਕਮਾਈ ਦੀ ਉਦਾਹਰਨ ਆਪ ਹਨ। ਭਾਵੇਂ ਉਨ੍ਹਾਂ ਦੀ ਕਿਰਤ ਮਰੇ ਪਸ਼ੂਆਂ ਦੀ ਖੱਲ਼ ਲਾਉਣੀ ਅਤੇ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ ਅਤੇ ਸਮਾਜ ਵਿਚ ਇਸ ਕੰਮ ਨੂੰ ਨੀਵੇਂ ਦਰਜੇ ਦਾ ਮਿਥਿਆ ਜਾਂਦਾ ਸੀ, ਪ੍ਰੰਤੂ ਭਗਤ ਜੀ ਨੇ ਆਪ ਕਦੇ ਵੀ ਕਿਰਤ ਨੂੰ ਮਾੜਾ ਨਹੀਂ ਸਮਝਿਆ। ਇਸ ਦਾ ਉਲੇਖ ਉਨ੍ਹਾਂ ਦੀ ਬਾਣੀ ਵਿਚੋਂ ਇਸ ਪ੍ਰਕਾਰ ਮਿਲਦਾ ਹੈ:

> "ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ"[21]

ਭਗਤ ਰਵਿਦਾਸ ਜੀ ਭਾਵੇਂ ਸਿਧਾਂਤਕ ਰੂਪ ਵਿਚ ਸੰਸਾਰ ਨੂੰ ਮਿਥਿਆ ਸੁਪਨੇ ਦੀ ਤਰ੍ਹਾਂ ਛਿਣ ਭੰਗਰ ਅਤੇ ਨਾਸ਼ਮਾਨ ਮੰਨਦੇ ਹਨ, ਪ੍ਰੰਤੂ ਵਿਵਹਾਰਿਕ ਰੂਪ ਵਿਚ ਉਨ੍ਹਾਂ ਇਸ ਸੰਸਾਰ ਨੂੰ ਮਨੁੱਖ ਦਾ ਕਰਮ ਖੇਤਰ ਸਵੀਕਾਰਿਆ ਹੈ। ਇਸ ਸੰਸਾਰ ਵਿਚ ਰਹਿੰਦਿਆਂ ਮਨੁੱਖ ਪਰਮਾਤਮਾ ਦੇ ਨੇੜੇ ਤੋਂ ਨੇੜੇ ਆਪਣੇ ਚੰਗੇ ਕਰਮਾਂ ਕਰਕੇ ਹੁੰਦਾ ਹੈ ਅਤੇ ਆਪਣੇ ਮਾੜੇ ਕਰਮਾਂ ਕਰਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਭਗਤ ਜੀ ਲਿਖਦੇ ਹਨ:

> "ਕਿਆ ਤੂ ਸੋਇਆ ਜਾਗੁ ਇਆਨਾ॥
> ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ਰਹਾਉ॥"[22]

**ਮੁਕਤੀ**

ਮੁਕਤੀ ਦਾ ਸੰਕਲਪ ਪ੍ਰਚੀਨ ਕਾਲ ਤੋਂ ਮੌਜੂਦ ਹੈ। ਇਸ ਨੂੰ ਮੋਕਸ ਦਾ ਨਾਂ ਵੀ ਦਿੱਤਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਇਕ ਆਦਰਸ਼ ਵਿਅਕਤੀ ਦੇ ਜੀਵਨ ਵਿਚ ਧਰਮ, ਅਰਥ, ਕਾਮ ਅਤੇ ਮੋਕਸ਼ ਦੀ ਵਿਸ਼ੇਸ਼ ਮਹੱਤਤਾ ਸਵੀਕਾਰੀ ਜਾਂਦੀ ਸੀ। ਪ੍ਰਾਚੀਨ ਯੁੱਗ ਤੋਂ ਅਜੋਕੇ ਯੁੱਗ ਤੱਕ ਲਗਭਗ ਸਾਰੇ ਮੱਤਾਂ, ਧਰਮਾਂ ਅਤੇ ਵਿਚਾਰਧਾਰਾ ਵਿਚ ਆਤਮਾ ਦਾ ਅੰਤਿਮ ਲਕਸ਼ ਮੁਕਤੀ ਮੰਨਿਆ ਗਿਆ ਹੈ। ਮੁਕਤੀ ਪ੍ਰਾਪਤ ਕਰਨ ਦੇ ਸਾਧਨ ਵੱਖ-ਵੱਖ ਮਤਾਂ ਵਿਚ ਅਲੱਗ-ਅਲੱਗ ਹਨ। ਕੋਈ ਨਿਰਗੁਣ ਮਤ ਹੋਵੇ ਜਾਂ ਸੁਰਗੁਣ, ਅਸਲ ਮਨੋਰਥ

ਸਾਰਿਆਂ ਵਿਚ ਮੁਕਤੀ ਹਾਸਲ ਕਰਨਾ ਹੀ ਰਿਹਾ ਹੈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮੁਕਤੀ ਉਸ ਅਵਸਥਾ ਦਾ ਸੂਚਕ ਹੈ; ਜਦੋਂ ਮਨੁੱਖ ਦੇਹਿਕ, ਭੌਤਿਕ ਅਤੇ ਦੇਵਿਕ ਦੁਖਾਂ ਤੋਂ ਛੁਟਕਾਰਾ ਹਾਸਲ ਕਰਕੇ ਬ੍ਰਹਮ ਨਾਲ ਅਭੇਦ ਹੋ ਜਾਵੇ ਅਤੇ ਉਸ ਦੇ ਸਾਰੇ ਹੀ ਸੰਸਾਰਿਕ ਕਲੇਸ਼ ਕੱਟੇ ਜਾਣ। ਮੁਕਤੀ ਸੰਸਕ੍ਰਿਤ ਧਾਤੂ ਮੁਢ ਤੋਂ ਨਿਕਲੇ ਸ਼ਬਦ ਮੁਕਤੀ ਦਾ ਸ਼ਾਬਦਿਕ ਅਰਥ ਹੈ: ਛੁਟਕਾਰਾ, ਨਿਜਾਤ, ਬੰਧਨਾਂ ਤੋਂ ਮੁਕਤ। ਧਾਰਮਿਕ ਅਰਥਾਂ ਵਿਚ ਹਰ ਤਰ੍ਹਾਂ ਦੇ ਦੁੱਖਾਂ ਜਾ ਕਲੇਸ਼ਾਂ ਤੋਂ ਛੁਟਕਾਰਾ ਪਾਉਣਾ ਮੁਕਤੀ ਹੈ। ਭਾਰਤ ਦੇ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ ਇਸ ਸ਼ਬਦ ਦੀ ਆਮ ਚਰਚਾ ਹੈ ਕਿ ਹਰ ਧਰਮ ਜਾਂ ਧਾਰਮਿਕ ਫਿਰਕੇ ਨੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਨ ਕੀਤਾ ਹੈ।

**ਵੈਦਾਤ** : ਵੈਦਾਤ ਅਨੁਸਾਰ ਆਤਮ ਗਿਆਨ ਦੁਆਰਾ ਅਵਿੱਦਿਆ ਦੂਰ ਕਰਕੇ ਜੀਵ ਦਾ ਬ੍ਰਹਮ ਨਾਲ ਭੇਦ ਹੋਣਾ ਹੀ ਮੁਕਤੀ ਹੈ।

**ਵੈਸਨਿਕ ਮਤ ਅਨੁਸਾਰ** :ਵਿਚਾਰ ਤੇ ਅਭਿਆਸ ਦੁਆਰਾ ਜੀਵ ਆਤਮਾ ਦਾ ਨਿਗੁਣਾ ਗਿਆਨ, ਸੁੱਖ ਦੁੱਖ, ਦਵੈਸ, ਪ੍ਰਯਤਨ, ਧਰਮ, ਅਧਰਮ ਅਤੇ ਭਾਵਨਾ ਤੋਂ ਅਸੰਗ ਜਾਂ ਮੁਕਤ ਹੋ ਜਾਣਾ ਮੁਕਤੀ ਹੈ। ਪ੍ਰਾਚੀਨ ਕਾਲ ਤੋਂ ਭਾਰਤੀ ਦਰਸਨ ਵਿਚ ਮੌਜੂਦ ਮੁਕਤੀ ਦੇ ਸੰਕਲਪ ਨੂੰ ਮੋਕਸ਼ ਦਾ ਨਾਂ ਵੀ ਦਿੱਤਾ ਜਾਂਦਾ ਰਿਹਾ ਹੈ।

ਗੁਰਮਿਤ ਵਿਚ ਮੁਕਤੀ ਲਈ ਮੋਖ਼ਤਰ, ਮੁਕਤਿ ਦੁਆਰਾ, ਮੋਖ ਦੁਆਰ, ਨਿਰਵਾਣ, ਪਰਮਪਦ, ਪਰਮਗਤ, ਪਰਮਾਸੁੱਖ, ਚੌਥਾ ਪਦ, ਅਮਰਪਦ, ਮਹਾਂਸੁੱਖ, ਬੇਗਮਪੁਰਾ ਆਦਿ ਕਈ ਸ਼ਬਦ ਪ੍ਰਾਪਤ ਹੁੰਦੇ ਹਨ।

ਆਰ .ਡੀ. ਰਾਨਾਡ ਨੇ ਵਿਦੇਹ ਮੁਕਤੀ ਅਤੇ ਕਰਮ ਮੁਕਤੀ ਦੇ ਸਿਧਾਂਤ ਨੂੰ ਜੀਵਨ ਮੁਕਤੀ ਵਿਚ ਸਮਿਲਿਤ ਕਰਦਿਆਂ ਸਮੁੱਚੇ ਤੌਰ 'ਤੇ ਜੀਵਨ ਮੁਕਤੀ ਦੇ ਸਿਧਾਂਤ ਨੂੰ ਸਵੀਕਾਰਿਆ ਹੈ। ਇਸ ਅਵਸਥਾ ਵਿਚ ਮਨੁੱਖ ਪਰਮਾਤਮਾ ਨਾਲ ਇਕ ਰੂਪ ਹੋ ਕੇ ਸ਼ਾਂਤੀ, ਸਥਿਰਤਾ ਅਤੇ ਇਲਾਹੀ ਖੁਸ਼ੀ ਦਾ ਆਨੰਦ ਮਾਣ ਸਕਦਾ ਹੈ, ਜਿਸ ਨਾਲ ਉਸ ਨੂੰ ਟਿਕਾਉ ਮਿਲਦਾ ਹੈ।[23] ਰਾਨਾਡੇ ਦੇ ਵਿਚਾਰ ਅਨੁਸਾਰ ਇਸ ਸਰੀਰ ਦੀ ਮੌਜੂਦਗੀ ਵਿਚ ਪ੍ਰਭੂ ਭਗਤੀ ਅਤੇ ਆਤਮ ਗਿਆਨ ਰਾਹੀਂ, ਬੰਧਨ ਮੁਕਤ ਹੋ ਜਾਣ ਦੀ ਅਵਸਥਾ ਜੀਵਨ-ਮੁਕਤੀ ਹੈ। ਸਰੀਰ ਦੇ ਬਿਨਸ ਜਾਣ ਤੇ ਪ੍ਰਾਪਤ ਕੀਤੀ ਮੁਕਤੀ ਵਿਦੇਹ ਮੁਕਤੀ ਹੈ। ਉਹ ਜੀਵ ਜਿਹੜੇ ਆਪਣੇ ਕਰਮਾਂ ਕਰਕੇ ਜਨਮ-ਮਰਨ ਦੇ ਚੱਕਰ ਵਿਚ ਨਹੀਂ ਅਉਂਦੇ ਅਤੇ ਪਰਮ ਤੱਤ ਭਾਣੇ ਅਨੁਸਾਰ ਅਵਤਾਰਾਂ ਵਾਂਗ ,ਵੱਖ-ਵੱਖ ਲੋਕਾਂ ਵਿਚ ਵਿਚਰਦੇ ਹਨ, ਨਿਤਯ ਮੁਕਤੀ ਕਹਿਲਾਉਂਦੇ ਹਨ।

ਸਮੁੱਚੀ ਗੁਰਬਾਣੀ ਅਤੇ ਭਗਤ ਬਾਣੀ ਵਿਚ ਜੀਵਨ ਮੁਕਤਿ ਦਾ ਜੋ ਸੰਕਲਪ ਮੌਜੂਦ ਹੈ, ਉਸ ਮੁਕਤੀ ਤੋਂ ਭਾਵ ਜੀਵਨ ਮੁਕਤ ਤੋਂ ਲਿਆ ਜਾਂਦਾ ਹੈ।

ਸਮ-ਦ੍ਰਿਸ਼ਟੀ ਨਾਲ ਸਦ-ਅਨੰਦ ਦੀ ਅਵਸਥਾ ਵਿਚ ਵਿਚਰਨ ਵਾਲੇ ਅਤੇ ਬੰਧਨ-ਮੁਕਤ ਮਨੁੱਖ ਨੂੰ ਜੀਵਨ-ਮੁਕਤ ਦਾ ਨਾਂ ਦਿੱਤਾ ਗਿਆ ਹੈ। ਜੀਵਨ ਮਰਨ ਇਸ ਦਾ ਦੂਸਰਾ ਨਾਮ ਹੈ। ਗੁਰੂ ਸਾਹਿਬਾਨ ਦਾ ਫਰਮਾਨ ਹੈ:

"ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ।"[24]

ਜਿਸ ਵਿਅਕਤੀ ਨੇ ਵਿਸ਼ੇ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਕੇ ਜਿਉਂਦੇ ਜੀ ਆਪਣੇ ਆਪ ਨੂੰ ਗੁਰਮਤਿ ਦੇ ਆਸ਼ੇ ਅਨੁਸਾਰ ਢਾਲ ਲਿਆ ਹੈ, ਉਹ ਜੀਵਨ ਮੁਕਤ ਹੋ ਨਿਬੜਦਾ ਹੈ। ਗੁਰਮਿਤ ਦੀ ਸੋਝੀ ਹੋ ਜਾਣ ਕਾਰਨ ਉਸ ਦਾ ਹਿਰਦਾ ਰੋਸ਼ਨਾ ਜਾਂਦਾ ਹੈ। ਉਸ ਦੇ ਜੀਵਨ ਵਿਚ ਜਨਮ-ਮਰਨ ਡਰ ਖ਼ਤਮ ਹੋ ਜਾਂਦਾ ਹੈ। ਬਾਣੀ ਅਨੁਸਾਰ:

"ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ।"[25]

ਭਗਤ ਰਵਿਦਾਸ ਬਾਣੀ ਵਿਚ ਜਿੱਥੇ ਭਗਤ ਰਵਿਦਾਸ ਦੀ ਵਿਅਕਤੀਗਤ ਜੀਵਨ-ਮੁਕਤੀ ਦਾ ਉਲੇਖ ਹੈ, ਉਥੇ ਬਾਲਮੀਕ, ਦੁਰਾਚਾਰੀ, ਬ੍ਰਾਹਮਣ, ਅਜ਼ਾਮਲ ਵੇਸਵਾ ਪਿੰਗਲਾ ਅਤੇ ਸਰਾਪੇ ਕੁੰਚਰ ਤੋਂ ਇਲਾਵਾ ਭਗਤ ਨਾਮਦੇਵ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਸਾਧਨਾ ਅਤੇ ਭਗਤ ਸੈਨ ਦੀ ਜੀਵਨ-ਮੁਕਤੀ ਦੇ ਸੰਕੇਤ ਮੌਜੂਦ ਹਨ। ਉਹ ਬਾਣੀ ਵਿਚ ਫੁਰਮਾਉਂਦੇ ਹਨ:

"ਨਾਮਦੇਵ ਕਬੀਰੁ ਤ੍ਰਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।"[26]

ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਸਧਨਾ ਅਤੇ ਸੈਨ ਭਗਤ ਨੀਚੀ ਜਾਤੀ ਨਾਲ ਸੰਬੰਧਿਤ ਹੋ ਕੇ ਪ੍ਰਭ ਭਗਤੀ ਕਰਦੇ ਹੋਏ ਮੁਕਤੀ ਪ੍ਰਾਪਤ ਕਰ ਗਏ। ਉਨ੍ਹਾਂ ਅਨੁਸਾਰ ਸੰਸਾਰ ਨੂੰ ਪਾਰ ਕਰਨ ਤੇ ਮੁਕਤੀ ਹਾਸਲ ਕਰਨ ਲਈ ਕੇਵਲ ਪਰਮਾਤਮਾ ਦਾ ਨਾਮ ਹੀ ਇਕ ਮਾਤਰ ਜ਼ਰੀਆ ਹੈ। ਭਗਤ ਰਵਿਦਾਸ ਜੀ ਦਾ ਮਤ ਹੈ ਕਿ ਜੇਕਰ ਪਰਮਾਤਮਾ ਦੀ ਬਖਸ਼ਿਸ਼ ਹੋਵੇ ਤਾਂ ਜੀਵ ਇਸ ਦੇ ਸਿਮਰਨ ਰਾਹੀਂ ਮੈਂ, ਮੇਰੀ ਤੋਂ ਨਿਜ਼ਾਤ ਪਾ ਸਕਦਾ ਹੈ ਅਤੇ ਉਸ ਦੀ ਪਰਮਾਤਮਾ ਦੇ ਦਰਬਾਰ ਤੱਕ ਰਸਾਈ ਹੋ ਸਕਦੀ ਹੈ। ਆਪਣੇ ਵਿਅਕਤੀਗਤ ਉਦਾਹਰਨ ਦੁਆਰਾ ਉਨ੍ਹਾਂ ਨੇ ਸਪਸ਼ਟ ਲਿਖਿਆ ਹੈ ਕਿ ਉਸ ਨੇ ਕ੍ਰਿਪਾ ਕਰਕੇ ਮੈਨੂੰ ਆਪਣਾ ਲਿਆ ਹੈ। ਮੇਰੇ ਅੰਦਰ ਉੱਚ ਆਤਮਿਕ ਜੀਵਨ ਦੀ ਸੂਚ ਨਾਲ ਪ੍ਰਕਾਸ਼ਮਾਨ ਹੋ ਗਿਆ ਹੈ ਅਤੇ ਮੇਰੇ ਕਲੇਸ਼ ਕੱਟ ਗਏ ਹਨ। ਭਗਤ ਰਵਿਦਾਸ ਜੀ ਦਾ ਫਰਮਾਨ ਹੈ:

"ਉਪਜਿਓ ਗਿਆਨੁ ਹੂਆ ਪਰਗਾਸ।। ਕਰਿ ਕਿਰਪਾ ਲੀਨੇ ਕੀਟ ਦਾਸ
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ਜਪਿ ਮੁਕੰਦ ਤਾਹੂ ਕੀ।।"[27]

ਭਗਤ ਰਵਿਦਾਸ ਸੰਸਾਰਕ ਜੀਵ ਨੂੰ ਉਪਦੇਸ਼ ਦਿੰਦੇ ਹੋਏ ਲਿਖਦੇ ਹਨ ਕਿ ਹੇ ਸੰਸਾਰ ਦੇ ਲੋਕੋ! ਮੁਕਤੀ ਦੇਣ ਵਾਲੇ ਪ੍ਰਭ ਦਾ ਸਿਮਰਨ ਕਰਨ ਤੋਂ ਬਗੈਰ ਮਨੁੱਖਾਂ ਜੀਵਨ ਵਿਅਰਥ ਚਲਾ ਜਾਵੇਗਾ। ਬਾਣੀ ਅਨੁਸਾਰ:

"ਮੁਕੰਦ ਮੁਕੰਦ ਜਪਹੁ ਸੰਸਾਰ।।
ਬਿਨੁ ਮੁਕੰਦ ਤਨੁ ਹੋਇ ਅਉਹਾਰ।।
ਸੋਈ ਮੁਕੰਦੁ ਮੁਕਤਿ ਕਾ ਦਾਤਾ।।"[28]

ਡਾ. ਜੈ. ਨਾਥ ਨਲਿਨ ਦੇ ਮਤ ਅਨੁਸਾਰ ਇਸ ਵਿਚ ਤਾਂ ਸੰਦੇਹ ਨਹੀ ਕਿ ਰਾਮ ਤੇ ਕ੍ਰਿਸ਼ਨ ਭਗਤਾਂ ਨੇ ਆਪਣੇ ਜੀਵਨ ਵਿਚ ਕਰਮ ਦਾ ਉਹ ਆਦਰਸ਼ ਸਥਾਪਿਤ ਕੀਤਾ, ਜੋ ਰਵਿਦਾਸ ਵਰਗੇ ਭਗਤਾਂ ਨੇ ਕੀਤਾ ਹੈ।[29]

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਬਾਣੀ ਵਿਚ ਕਰਮ ਸ਼ੁਧਤਾ, ਜੀਵਨ ਮੁਕਤੀ ਜਾਂ ਮੋਕਸ਼ ਬਾਰੇ ਲੜੀਬੱਧ ਤੇ ਦਾਰਸ਼ਨਿਕ ਵਿਚਾਰਧਾਰਾ ਭਾਵੇਂ ਮੌਜੂਦ ਨਹੀ, ਪ੍ਰੰਤੂ ਉਨ੍ਹਾਂ ਨੇ ਆਪਣੀ ਵਿਅਕਤੀਗਤ ਉਦਾਹਰਨ ਰਾਹੀਂ ਕਰਮ ਸ਼ੁਧਤਾ, ਜੀਵਨ-ਮੁਕਤੀ ਬਾਰੇ ਹਵਾਲੇ ਅਵੱਸ ਦਿੱਤੇ ਹਨ, ਜਿਨ੍ਹਾਂ ਦੇ ਆਧਾਰ ’ਤੇ ਉਨ੍ਹਾਂ ਦੇ ਇਸ ਸੰਕਲਪ ਨੂੰ ਵਿਵੇਚ ਕਰਨ ਦਾ ਯਤਨ ਕੀਤਾ ਗਿਆ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਜਿਹੇ ਪੰਜ ਵਿਕਾਰ ਮੁਕਤੀ ਦੇ ਰਾਹ ਵਿਚ ਰੁਕਾਵਟ ਪਾਉਂਦੇ ਹਨ। ਗੁਰੂ ਦੀ ਸ਼ਰਨ ਅਤੇ ਉਸ ਪਰਮਾਤਮਾ ਦੇ ਦੱਸੇ ਰਾਹ ਦਾ ਪਾਂਧੀ ਬਣਕੇ ਇਨ੍ਹਾਂ ਵਿਕਾਰਾ ਤੋਂ ਮੁਕਤੀ ਪਾ ਸਕਦਾ ਹੈ। ਉਸ ਦਾ ਸਿਮਰਨ ਰਾਹੀ, ਕਰਮਾਂ ਦੀ ਸ਼ੁੱਧਤਾ ਤੇ ਨਾਲ ਵਿਚ ਮੁਕਤੀ ਦਾ ਹੱਕਦਾਰ ਹੈ।

**ਨਾਮ ਸਿਮਰਨ ਅਤੇ ਪ੍ਰਭੂ ਪ੍ਰੇਮ ਉੱਤੇ ਅਧਾਰਿਤ ਸਹਿਜ ਭਗਤੀ**

ਮੱਧਕਾਲ ਦੇ ਧਾਰਮਿਕ ਪਰਿਪੇਖ ਦੇ ਸੰਦਰਭ ਵਿਚ ਪਰੰਪਰਾਗਤ ਲੀਹਾਂ ਤੋ ਹੱਟ ਕੇ ਭਗਤਾਂ ਜਨਾਂ ਨੇ ਅਧਿਆਤਮਕ ਪ੍ਰਾਪਤੀ ਲਈ ਕਿਸੇ ਪ੍ਰਕਾਰ ਦੇ ਸ਼ਸਤਰੀ ਰੂਪ ਨੂੰ ਨਾ ਸਵੀਕਾਰ ਕਰਦੇ ਹੋਏ ਨਾਮ ਸਿਮਰਨ ਅਤੇ ਪ੍ਰਭੂ ਪ੍ਰੇਮ ਤੇ ਆਧਾਰਿਤ ਸਹਿਜ ਭਗਤੀ ਦਾ ਸੰਕਲਪ ਪੇਸ਼ ਕੀਤਾ। ਭਗਤਾਂ ਦੇ ਅਨੁਸਾਰ ਭਗਤੀ ਮਾਰਗ ਸਾਰਿਆਂ ਲਈ ਸ਼ੁਲੱਭ ਹੈ। ਪ੍ਰਭੂ ਦੇ ਹੁਕਮ ਦੀ ਪਾਲਣਾ, ਪ੍ਰਭੂ ਪਿਆਰ, ਪ੍ਰਭੂ ਲਈ ਕੁਰਬਾਨ ਹੋ ਜਾਣਾ, ਪ੍ਰਾਰਥਨਾ ਤੇ ਵਿਸ਼ਵਾਸ ਭਗਤੀ ਦੇ ਅੰਗ ਹਨ। ਇਨ੍ਹਾਂ ਨਾਲ ਸਵੈ-ਪੂਰਨਤਾ ਪ੍ਰਾਪਤ ਹੁੰਦੀ ਹੈ। ਪ੍ਰਭੂ ਨਾਲ ਮਿਲਾਪ ਹੁੰਦਾ ਹੈ। ਇਸ ਦੇ ਨਾਲ ਹੀ ਕਿਹਾ ਜਾ ਸਕਦਾ ਹੈ ਕਿ ਪ੍ਰੇਮ ਇਕ ਮਹਾਨ ਸਿਰਜਨਾਤਮਕ ਸ਼ਕਤੀ ਹੈ ਅਤੇ ਭਗਤੀ ਯੋਗ ਵਿਚ ਵਿਸ਼ੇਸ਼ ਸਥਾਨ ਹੈ।

ਭਾਰਤੀ ਅਧਿਆਤਮਕ ਜਗਤ ਵਿਚ ਪ੍ਰਭ ਮਿਲਾਪ ਲਈ ਵੱਖ-ਵੱਖ ਸਾਧਨਾਂ ਪੱਧਤੀਆਂ ਨੂੰ ਮਾਨਤਾ ਪਾਪਤ ਸੀ। ਪਤੰਜਲੀ ਅਨੁਸਾਰ ਚਿੱਤ ਵ੍ਰਿਤੀ ਦੇ ਨਿਰੋਧ ਨੂੰ ਯੋਗ ਕਿਹਾ ਜਾਂਦਾ ਸੀ। ਉਸ ਨੇ ਹੀ ਸਭ ਤੋਂ ਪਹਿਲਾਂ ਪੂਰਬ ਵਰਤੀ ਰਿਸ਼ੀਆਂ ਅਤੇ ਆਚਾਰ ਦੀਆਂ ਯੋਗ ਸੰਬੰਧੀ ਮਾਨਵਾਤਾ ਅਤੇ ਸਿਧਾਂਤਾਂ ਦੇ ਆਧਾਰ ’ਤੇ ਯੋਗ ਸੂਤਰ ਦੀ ਰਚਨਾ ਕੀਤੀ, ਜਿਸ ਯੋਗ ਸੰਬੰਧੀ ਸੂਖਮ ਅਧਿਐਨ ਪੇਸ਼ ਕੀਤਾ ਗਿਆ। ਯੋਗੀਆਂ ਦੀ ਵਿਚਾਰਗਤ ਭਿੰਨਤਾ ਕਾਰਨ ਯੋਗ ਵੀ ਕਈ ਹਿੱਸਿਆ ਵਿਚ ਵੰਡਿਆ ਗਿਆ ਜਿਸ ਨੂੰ ਅਸਟਾਂਗ ਹਠ ਯੋਗ, ਰਾਜ ਯੋਗ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਯੋਗ ਮੱਤ ਅੰਦਰ ਆਏ ਵਿਕਾਰਾਂ ਨੂੰ ਦੂਰ ਕਰਨ ਲਈ ਭਗਤਾਂ ਅਤੇ ਗੁਰੂਆਂ ਨੇ ਯੋਗ ਨੂੰ ਪਰਿਭਾਸ਼ਿਤ ਕਰਨ ਲਈ ਯੋਗ ਦੇ ਸਹੀ ਅਰਥਾਂ ਦੀ ਵਿਆਖਿਆ ਕੀਤੀ। ਯੋਗ ਲਈ ਸਮ ਦ੍ਰਿਸ਼ਟੀ ਰੱਖਣ ਨਾਲ ਹਾਸਲ ਹੁੰਦਾ ਹੈ। ਇਸੇ ਲਈ ਯੋਗ ਦੇ ਨਾਂ ’ਤੇ ਕੀਤੇ ਜਾਣ ਵਾਲੇ ਸਭ ਭੇਖ ਬੇਲੋੜੇ ਹਨ। ਬਾਣੀ ਅਨੁਸਾਰ:

"ਗਲੀ ਜੋਗੁ ਨ ਹੋਈ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ
ਸੋਈ ॥ ਰਹਾਉ॥"[30]

ਭਗਤ ਰਵੀਦਾਸ ਦੀ ਬਾਣੀ ਵਿਚ ਪਰੰਪਰਿਕ ਯੋਗ ਮਾਰਗ ਦੇ ਬਾਹਰੀ ਅਡੰਬਰ ਦਾ ਖੰਡਣ ਦ੍ਰਿਸ਼ਟਗੋਚਰ ਹੈ। ਉਨ੍ਹਾਂ ਨੇ ਯੋਗੀ ਦੀ ਸਮਰੱਥਾ ਬਾਰੇ ਸੰਕੇਤ ਦਿੰਦਿਆ ਅਸਲ ਯੋਗੀ ਦੀ ਪਰਿਭਾਸ਼ਾ ਇਉਂ ਦਿੱਤੀ:

"ਬਰਨ ਸਹਿਤ ਜੋ ਜਾਪੈ ਨਾਮੁ।
ਸੋ ਜੋਗੀ ਕੇਵਲ ਨਿਹਕਾਮੁ।।"[31]

ਭਗਤ ਰਵੀਦਾਸ ਜੀ ਦੇ ਸਮਕਾਲੀ ਭਗਤ ਕਬੀਰ ਜੀ ਨੇ ਵੀ ਆਖਿਆ ਹੈ:

"ਜੋਗੀ ਗੋਰਖੁ ਗੋਰਖੁ ਕਰੈ।। ਹਿੰਦੂ ਰਾਮ ਨਾਮੁ ਉਚਰੈ।।
ਮੁਸਲਮਾਨ ਕਾ ਏਕੁ ਖੁਦਾਇ।। ਕਬੀਰ ਕਾ ਸੁਆਮੀ ਰਹਿਆ
ਸਮਾਇ।।"[32]

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਸਹਿਜ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ। ਹਠਯੋਗ ਦੇ ਕਸ਼ਟ ਸਾਧਨਾ ਤੋਂ ਬਿਨਾਂ ਸੁਗਮ ਸਮਾਧਿ ਦੀ ਹਠ ਸਮਾਧਿ ਹੈ ਤੇ ਸਿਖਾ ਦੀ ਸਹਜ ਸਮਾਧਿ ਅੱਠੇ ਪਹਿਰ ਕਥਾ ਕੀਰਤਨ ਗੁਜਾਰਦੇ, ਸਵਾਸ, ਸਵਾਸ ਨਾਮ ਸਿਮਰਨ, ਪ੍ਰਭ ਨਾਲ ਪ੍ਰੇਮ ਹੀ ਯੋਗ ਹੈ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੌਜੂਦ ਸ਼ਬਦ ਇੰਦ੍ਰੀ ਸਬਲ ਅਤੇ ਨਿਗ੍ਰਹ ਆਦਿ ਵੀ ਯੋਗ ਸਾਧਨਾਂ ਦੇ ਸੰਕੇਤਿਕ ਹਨ। ਬਾਣੀ ਅਨੁਸਾਰ:

"ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ਼ ਨਹੀ।।"[33]

ਨਾਮ ਸਿਮਰਨ ਅਤੇ ਪ੍ਰਭੂ ਭਗਤੀ ਪ੍ਰੇਮ ਆਧਾਰਿਤ ਇਕੋ-ਇਕ ਮਾਰਗ ਹੈ, ਜੋ ਆਤਮਕ ਉਨਤੀ ਲਈ ਗੁਰਬਾਣੀ ਅਤੇ ਭਗਤ ਬਾਣੀ ਵਿਚ ਭਲੀ-ਭਾਂਤ ਸਵੀਕਾਰ ਕੀਤਾ ਗਿਆ ਹੈ। ਬਾਣੀ ਵਿਚਲਾ ਫੁਰਮਾਨ ਹੈ:

"ਪ੍ਰੇਮ ਭਗਤਿ ਕਰਿ ਸਹਜਿ ਸਮਾਇ।।"[34]

ਪ੍ਰਭੂ ਭਗਤੀ ਲਈ ਭਗਤਾਂ ਨੇ ਕੇਵਲ ਸੁਆਸ-ਸੁਆਸ ਨਾਮ ਸਿਮਰਨ ਨੂੰ ਆਧਾਰ ਮੰਨਿਆ ਹੈ। ਅਜੋਕੇ ਸਮੇਂ ਭਾਰਤ ਵਿਚ ਰਾਮ ਅਤੇ ਕ੍ਰਿਸ਼ਨ ਦੀ ਅਵਤਾਰਵਾਦ ਨਾਲ ਜੁੜੀ ਕਲਪਨਾ ਨੇ ਬ੍ਰਹਮ ਦੇ ਸਰਗੁਣ ਰੂਪ ਦੀ ਭਗਤੀ ਲਈ ਮੂਰਤੀ ਬਣਾਉਣ ਦੀ ਭਾਵਨਾ ਨੂੰ ਭਗਤੀ ਦੀਆਂ ਕਈ ਵਿਧੀਆਂ ਨੂੰ ਜਨਮ ਦਿੱਤਾ। ਭਗਤ ਕਵੀਆਂ ਨੇ ਮੂਰਤੀ ਪੂਜਾ ਰਾਹੀਂ ਪ੍ਰਭੂ ਦੀ ਖੁਸ਼ੀ ਹਾਸਲ ਕਰਨੀ ਵਿਅਰਥ ਦੱਸ ਕੇ ਸਹਿਜ਼ ਭਗਤੀ ਨੂੰ ਹੀ ਪ੍ਰਭ ਪ੍ਰਾਪਤੀ ਦਾ ਸ੍ਰੇਸ਼ਟ ਸਾਧਨ ਮੰਨਿਆ। ਇਸ ਸੰਬੰਧ ਵਿਚ ਭਗਤ ਰਵਿਦਾਸ ਜੀ ਵਿਚਾਰ ਪੇਸ਼ ਕਰਦੇ ਹਨ:

"ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।।"[35]

ਭਗਤ ਰਵਿਦਾਸ ਬਾਣੀ ਵਿਚ ਸ਼ਾਸਤਰੀਆਂ ਨਾਲੋਂ ਜ਼ਿਆਦਾ ਅੰਤਰ ਭਾਵਨਾ ਕਥਨੀ ਤੋਂ ਵੱਧ ਕਰਨੀ ਵਾਲੇ ਭਾਵ ਵੇਖਣ ਨੂੰ ਮਿਲਦੇ ਹਨ। ਗੁਰਬਾਣੀ ਅਨੁਸਾਰ ਸਹਿਜ ਅਵਸਥਾ ਜੀਵਨ ਦੀ ਉਹ ਸਥਿਤੀ ਹੈ, ਆਤਮਾ ਦੀ ਹਾਲਤ ਹੈ, ਜਿਸ ਵਿਚ ਆਤਮਾ ਸ਼ਾਂਤ ,ਅਡੋਲ ਤੇ ਨਿਰਮਲ ਹੋ ਕੇ ਆਪਣੇ ਮੂਲ ਸਰੋਤ ਵਿਚ ਟਿਕ ਜਾਂਦੀ ਹੈ। ਅਜਿਹੀ ਸਥਿਤੀ ਵਾਪਰ ਜਾਣ ਨਾਲ ਅਭਿਲਾਸ਼ੀ ਦਾ ਜੀਵਨ ਇਕ ਕੁਦਰਤੀ ਜੀਵਨ ਹੋ ਨਿਬੜਦਾ ਹੈ। ਨੇਕੀ ਪਿਆਰ ਅਤੇ ਸਦਭਾਵਨਾ ਉਸ ਦੇ ਅੰਦਰੋਂ ਆਪ ਮੁਹਾਰੇ ਨਿਕਲਦੀ ਹੈ। ਨੇਕੀ ਹਮਦਰਦੀ ਤੇ ਪਰਸਪਰ ਮਾਨਵ ਪਿਆਰ ਵੱਲ ਝੁਕਾਉ ਕਿਸੇ ਵਿਸ਼ੇਸ਼ ਹਠ ਯੋਗ ਲਾਲਚ ਅਤੇ ਦਬਾਉ ਕਰਕੇ ਨਹੀਂ, ਸਗੋਂ ਸੁੱਤ ਸਿਧ ਹੀ ਹੁੰਦਾ ਹੈ।[36] ਭਗਤ ਰਵਿਦਾਸ ਜੀ ਦੇ ਸਮਕਾਲੀ ਭਗਤ ਕਬੀਰ ਜੀ ਆਖਦੇ ਹਨ:

"ਉਪਜੈ ਸਹਜੁ ਗਿਆਨ ਮਤਿ ਜਾਗੈ
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ।"[37]

**ਨਾਸਮਾਨਤਾ**

ਰਵਿਦਾਸ ਬਾਣੀ ਦੇ ਅਧਿਐਨ ਤੋਂ ਸਾਡੇ ਸਾਹਮਣੇ ਸਮਕਾਲੀ ਧਰਮ ਦੀ ਸਪਸ਼ਟ ਤਸਵੀਰ ਉੱਘੜਦੀ ਹੈ। ਭਗਤ ਰਵਿਦਾਸ ਨੇ ਧਰਮ ਦੇ ਨਾਂ ਹੇਠ ਹੋ ਰਹੇ ਕਰਮ-ਕਾਂਡ ਦਾ ਉਲੇਖ ਆਪਣੀ ਰਚਨਾ ਵਿਚ ਕਈ ਥਾਵਾਂ ’ਤੇ ਕੀਤਾ ਹੈ। ਆਪ ਫ਼ੁਰਮਾਉਂਦੇ ਹਨ:

"ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।
ਸੁਧ ਕਵਨ ਪਰ ਹੋਇਬੋ ਸੁਚ ਕੰਚਰ ਬਿਧਿ ਬਿਉਹਾਰ।"[38]

ਉਹ ਤੀਰਥ ਯਾਤਰਾ ਕਰਨ, ਤੀਰਥੀਂ ਨਹਾਉਣ, ਸਿਲਾ ਪੂਜਣ, ਦਾਨ-ਪੁੰਨ ਆਦਿ ਕਰਨ ਤੋਂ ਵਰਜਦੇ ਹਨ। ਉਨ੍ਹਾਂ ਦੀ ਬਾਣੀ ਅਨੁਸਾਰ:

"ਜੇ ਓਹੁ ਅਠਸਠਿ ਤੀਰਥਿ ਨਾਵੈ।
ਜੇ ਓਹੁ ਦੁਆਦਸ ਸਿਲਾ ਪੂਜਾਵੈ।
ਜੇ ਓਹੁ ਕੂਪ ਤਟਾ ਦੇਵਾਵੈ।
ਕਰੈ ਨਿੰਦ ਸਭ ਬਿਰਥਾ ਜਾਵੈ।"[39]

ਅਜਿਹਾ ਕਰਨ ਉਪਰੰਤ ਜੀਵ ਵਿਚ ਹੰਕਾਰ ਹੋਰ ਵਧਦਾ ਹੈ। ਜਦੋਂ ਤਕ ਹਿਰਦਾ ਉਸ ਦਾ ਸ਼ੁੱਧ ਨਹੀਂ, ਉਸ ਵੇਲੇ ਤਕ ਇਨ੍ਹਾਂ ਧਰਮਾਂ-ਕਰਮਾਂ ਦਾ ਕੋਈ ਮਹੱਤਵ ਨਹੀਂ। ਭਗਤ ਜੀ ਕਹਿੰਦੇ ਹਨ ਕਿ ਜੇਕਰ ਪਰਮਾਤਮਾ ਦੀ ਪੂਜਾ ਸੁੱਚੇ ਦੁੱਧ, ਸੁੱਚੇ ਫੁੱਲਾਂ, ਧੂਪ, ਦੀਪ ਅਤੇ ਹੋਰ ਸਮਗਰੀ ਨਾਲ ਹੋ ਸਕਦੀ ਹੁੰਦੀ ਤਾਂ ਉਹ ਕਦੇ ਪ੍ਰਭੂ-ਭਗਤੀ ਨਾ ਕਰ ਸਕਦੇ। ਇਸ ਦਾ ਕਾਰਨ ਭਗਤ ਜੀ ਇਹ ਪ੍ਰਗਟਾਉਂਦੇ ਹਨ ਕਿ ਸੰਸਾਰ ਵਿਚ ਕਿਧਰੇ ਵੀ ਇਹ ਵਸਤਾਂ ਬਿਲਕੁਲ ਸੁੱਚੀਆਂ ਨਹੀਂ ਮਿਲਦੀਆਂ। ਉਨ੍ਹਾਂ ਦੀ ਬਾਣੀ ਅਨੁਸਾਰ:

"ਦੂਧੁ ਤ ਬਛਰੈ ਥਨਹੁ ਬਿਟਾਰਿਓ।।
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪੁ ਨ ਪਾਵਉ॥ ਰਹਾਉ॥
ਮੈਲਾਗਰ ਬੇਰ੍ਹੇ ਹੈ ਭਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ।
ਧੂਪ ਦੀਪ ਨਈਬੇਦਹਿ ਬਾਸਾ।
ਕੈਸੇ ਪੂਜ ਕਰਹਿ ਤੇਰੀ ਦਾਸਾ।"[40]

ਬਾਣੀ ਵਿਚ ਇਹ ਪ੍ਰਗਟਾਇਆ ਮਿਲਦਾ ਹੈ ਕਿ ਬ੍ਰਾਹਮਣਾਂ ਦੇ ਛੇ ਕਰਮਾਂ ਦਾ ਹਵਾਲਾ ਦਿੰਦਿਆ ਭਗਤ ਜੀ ਫ਼ਰਮਾਉਂਦੇ ਹਨ ਕਿ ਇਹ ਛੇ ਕਰਮ ਉਦੋਂ ਤਕ ਮਹੱਤਵਹੀਨ ਹਨ, ਜਦੋਂ ਤਕ ਹਿਰਦੇ ਵਿਚ ਪਰਮਾਤਮਾ ਦੀ ਭਗਤੀ ਨਹੀਂ ਉਪਜਦੀ। ਰੱਬ ਵਿਚ ਆਸਥਾ ਨਾ ਰੱਖਣ ਵਾਲਾ ਬ੍ਰਾਹਮਣ ਵੀ ਇਕ ਚੰਡਾਲ ਦੇ ਬਰਾਬਰ ਹੈ। ਬਾਣੀ ਅਨੁਸਾਰ:

"ਖਟੁ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ।"[41]

ਧਾਨਸਰੀ ਰਾਗ ਵਿਚ ਲਿਖੀ ਆਰਤੀ ਵਿਚ ਉਨ੍ਹਾਂ ਨੇ ਸਮਕਾਲੀ ਧਰਮ ਦਾ ਬਿਲਕੁਲ ਹੂ-ਬ-ਹੂ ਨਕਸ਼ਾ ਉਲੀਕਿਆ ਹੈ। ਜਿੱਥੇ ਪਾਖੰਡੀ ਆਗੂਆਂ ਦੁਆਰਾ ਗੁਮਰਾਹ ਕੀਤੀ ਲੋਕਾਈ, ਅਗਿਆਨਤਾ ਵਿਚ ਮੂਰਤੀਆਂ ਦੀ ਆਰਤੀ ਉਤਾਰਦੀ ਸੀ, ਉੱਥੇ ਭਗਤ ਰਵਿਦਾਸ ਜੀ ਕੇਵਲ ਨਾਮ ਦੀ ਆਰਤੀ ਉਤਾਰਦੇ ਅਤੇ ਉਤਾਰਨ ਦੀ ਸਿੱਖਿਆ ਦਿੰਦੇ ਹਨ। ਇੱਥੇ ਇਹ ਦੱਸਣਯੋਗ ਹੈ ਕਿ ਨਾਮ ਤੋਂ ਬਿਨਾਂ ਬਾਕੀ ਸਾਰਾ ਦਿਖਾਵਾ ਕੂੜਾ ਅਤੇ ਅਰਥ-ਹੀਨ ਹੈ। ਇੰਝ ਸੰਸਾਰ ਦੀ ਤਰਸਯੋਗ ਅਵਸਥਾ ਦਾ ਜ਼ਿਕਰ ਕਰਦਿਆਂ ਭਗਤ ਰਵਿਦਾਸ ਜੀ ਲਿਖਦੇ ਹਨ ਕਿ ਇਹ ਅਠਾਰਾਂ ਪੁਰਾਣਾਂ ਦੀਆਂ ਕਹਾਣੀਆਂ ਵਿਚ ਪਰਚੇ ਹੋਏ ਅਠਾਹਠ ਤੀਰਥਾਂ ਦੇ ਇਸ਼ਨਾਨ ਨੂੰ ਪੁੰਨ ਕਰਮ ਸਮਝ ਚੁੱਕੇ ਸਨ, ਜਿਸ ਕਰਕੇ (ਮੁੜ ਮੁੜ ਕੇ ਚਾਰ ਖਾਣੀਆਂ) ਅੰਡਜ, ਜੇਰਜ, ਸੇਤਜ ਅਤੇ ਉਤਭੁਜ (ਦੀਆਂ ਜੂਨਾਂ ਵਿਚ ਭਟਕ ਰਹੇ ਹਨ। ਕਰਮ-ਕਾਂਡ ਨਾਲ ਮਨ ਨੂੰ ਵਿਕਾਰਾਂ ਤੋਂ ਹੋੜਨ ਦੇ ਸਾਰੇ ਜਤਨ ਨਿਸਫ਼ਲ ਹਨ। ਵੇਦ, ਪੁਰਾਣ, ਸਿੰਮ੍ਰਿਤਿਆਂ ਅਤੇ ਹੋਰ ਧਰਮ-ਗ੍ਰੰਥ ਜੀਵ ਦੀ ਸ਼ੰਕਾ ਵਿਚ ਦ੍ਰਿੜ੍ਹਾਏ ਚੰਗੇ-ਮਾੜੇ ਕਰਮਾਂ ਅਨੁਸਾਰ ਚੱਲਣ ਉਪਰੰਤ ਵੀ ਮਨੁੱਖ ਨੂੰ ਅਸਲੀਅਤ ਦੀ ਸੋਝੀ ਨਹੀਂ ਹੁੰਦੀ। ਇਸ ਸੰਬੰਧੀ ਭਗਤ ਰਵਿਦਾਸ ਜੀ ਦਾ ਫਰਮਾਨ ਹੈ:

"ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ।
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ।

ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ।"[42]

ਇਸ ਪ੍ਰਕਾਰ ਦੇ ਪ੍ਰਵਚਨ ਦੇ ਅਨੁਸਾਰ ਡਾ. ਨਰੇਸ਼ ਦੇ ਵਿਚਾਰ ਕਾਫ਼ੀ ਸਾਰਥਕ ਜਾਪਦੇ ਹਨ ਕਿ ਲੋਕਾਂ ਵਿਚ ਪ੍ਰਚਲਿਤ ਪੂਜਾ-ਪਾਠ ਵਿਧਾਨ ਦਾ ਜ਼ਿਕਰ ਵੀ ਭਗਤ ਰਵਿਦਾਸ ਜੀ ਨੇ ਆਪਣੀ ਸਹਿਜ-ਭਗਤੀ ਦੀ ਸਥਾਪਨਾ ਲਈ ਕੀਤਾ ਹੈ। ਚੌਲ, ਚੰਦਨ, ਧੂਪ, ਦੀਪ, ਪਕਵਾਨ ਆਦਿ ਨਾਲ ਪ੍ਰਭੂ-ਪੂਜਾ ਦੀ ਵਿਧੀ ਦਾ ਖੰਡਨ ਕਰਕੇ ਉਨ੍ਹਾਂ ਨੇ ਸਹਿਜ-ਭਗਤੀ 'ਤੇ ਜ਼ੋਰ ਦਿੱਤਾ ਹੈ। ਆਰਤੀ, ਤੀਰਥ ਇਸ਼ਨਾਨ, ਮੂਰਤੀ-ਪੂਜਾ ਆਦਿ ਧਾਰਮਿਕ ਕਰਮ-ਕਾਂਡ ਦਾ ਵਰਨਣ ਵੀ ਇਨ੍ਹਾਂ ਦੇ ਉਸ ਸਮੇਂ ਮੌਜੂਦ ਹੋਣ ਦਾ ਪ੍ਰਮਾਣ ਹੈ।

ਇੰਝ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਨੇ ਸਮੇਂ ਦੀ ਜ਼ਰੂਰਤ ਨੂੰ ਮਹਿਸੂਸਦਿਆਂ, ਧਰਮ ਦੇ ਨਾਂ ਤੇ ਹੋ ਰਹੇ ਅਧਰਮ ਦਾ ਜ਼ਿਕਰ ਆਪਣੀ ਰਚਨਾ ਵਿਚ ਕੀਤਾ ਅਤੇ ਮਨੁੱਖਤਾ ਨੂੰ ਸਹੀ ਧਰਮ ਤੋਂ ਜਾਣੂ ਕਰਵਾਇਆ।

**ਦਾਰਸ਼ਨਿਕ ਪਰਿਪੇਖ**

ਆਦਿ ਕਾਲ ਤੋਂ ਹੀ ਮਨੁੱਖ ਦੇ ਸਾਹਮਣੇ ਕੁਝ ਮੂਲ ਪ੍ਰਸ਼ਨ ਰਹੇ ਹਨ। ਜਿਵੇਂ ਇਹ ਜਗਤ ਕੀ ਹੈ? ਇਸ ਨੂੰ ਕਿਸ ਨੇ ਬਣਾਇਆ ਹੈ? ਇਹ ਕਿਵੇਂ ਬਣਿਆ ਹੈ? ਇਸ ਸਭ ਦੇ ਪਿੱਛੇ ਮੂਲ ਤੱਤ ਇਕ ਹੈ ਜਾਂ ਅਨੇਕ? ਮਨੁੱਖ ਕੀ ਹੈ? ਉਸ ਦਾ ਮੂਲ ਤੱਤ ਨਾਲ ਕੀ ਸੰਬੰਧ ਹੈ, ਮਨੁੱਖੀ ਜੀਵਨ ਦਾ ਉਦੇਸ਼ ਕੀ ਹੈ? ਉਸ ਉਦੇਸ਼ ਦੀ ਪੂਰਤੀ ਦਾ ਸਾਧਨ ਕੀ ਹੈ? ਇਹ ਸਾਰੇ ਪ੍ਰਸ਼ਨ ਦਾਰਸ਼ਨਿਕ ਹਨ। ਇਨ੍ਹਾਂ ਦਾ ਉੱਤਰ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਢੰਗ ਨਾਲ ਦਿੱਤਾ ਹੈ ਅਤੇ ਇਸੇ ਨਾਲ ਦਰਸ਼ਨ ਸ਼ਾਸਤਰ ਦੀਆਂ ਆਸਤਿਕ ਤੇ ਨਾਸਤਿਕ ਪਰੰਪਰਾਵਾਂ ਦਾ ਵਿਕਾਸ ਹੋਇਆ ਹੈ।"[43] ਇਸ ਤਰ੍ਹਾਂ ਸ੍ਰਿਸ਼ਟੀ ਦੀ ਹਰ ਵਸਤੂ ਵਿਧਾਨ ਨੂੰ ਗਿਆਨ, ਬੁੱਧੀ ਤੇ ਤਰਕ ਦੀ ਕਸ਼ੌਟੀ ਉਤੇ ਪਰਖਣ ਦੇ ਯਤਨ ਨੂੰ ਹੀ ਦਰਸ਼ਨ ਕਿਹਾ ਜਾਂਦਾ ਹੈ।

ਭਗਤ ਰਵਿਦਾਸ ਜੀ ਮੂਲ ਰੂਪ ਵਿਚ ਇਕ ਨਿਰਗੁਣ ਕਾਵਿ ਧਾਰਾ ਦੇ ਭਗਤ ਕਵੀ ਸਨ। ਉਨ੍ਹਾਂ ਦੀ ਬਾਣੀ ਕਿਸੇ ਵਿਸ਼ੇਸ਼ ਦਾਰਸ਼ਨਿਕ ਅਤੇ ਸ਼ਾਸਤਰੀ ਪ੍ਰਬੰਧ ਅਧੀਨ ਨਹੀਂ ਰਚੀ ਗਈ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਦੇ ਕਾਵਿ ਅੰਦਰ ਕੋਈ ਦਾਰਸ਼ਨਿਕ ਗੁਣ ਮੌਜੂਦ ਨਹੀਂ। ਭਗਤ ਰਵਿਦਾਸ ਜੀ ਦਾ ਨਾਮ-ਮਹਿਮਾ ਕਾਵਿ ਪ੍ਰੇਮ-ਭਗਤੀ ਹੈ। ਭਗਤ ਰਵਿਦਾਸ ਜੀ ਨੂੰ ਦਰਸ਼ਨਾਚਾਰੀਆ ਵੀ ਨਹੀਂ ਕਿਹਾ ਜਾ ਸਕਦਾ। ਇਸ ਬਾਰੇ ਸਾਡੇ ਮਤ ਦੀ ਪੁਸ਼ਟੀ "ਇਹ ਸੌ ਫੀਸਦੀ ਸੱਚ ਹੈ ਕਿ ਸੰਤ ਕਵੀਆਂ ਨੇ ਅਧਿਆਤਮਿਕ ਸਿਧਾਂਤ ਦਾ ਪ੍ਰਤਿਪਾਦਨ ਦਾਰਸ਼ਨਿਕ ਨਿਰੂਪਣ ਦੇ ਲਈ ਨਹੀਂ ਕੀਤਾ। ਆਚਾਰੀਆਂ ਪਰਸ਼ੂ ਰਾਮ ਚਤੁਰਵੇਦੀ ਦੇ ਇਨ੍ਹਾਂ ਸ਼ਬਦਾਂ ਤੋਂ ਭਲੀਭਾਂਤ ਹੋ ਜਾਂਦੀ ਹੈ।"[44]

ਮਨੁੱਖ ਬ੍ਰਹਮ, ਜੀਵ, ਜਗਤ ਅਤੇ ਮਾਇਆ ਦਾ ਸਰੂਪ ਜਾਨਣ ਵੱਲ ਰੁਚਿਤ ਰਿਹਾ ਹੈ। ਪੂਰਵ ਮੱਧਕਾਲੀਨ ਅਤੇ ਮੱਧਕਾਲ ਆਚਾਰੀਆ ਸ਼ੰਕਰ, ਰਾਮਾਨੁਜ, ਮਾਨਵ ਨਿੰਬਾਰਕ, ਵਲੱਭ ਆਦਿ ਨੇ ਆਪੋ-ਆਪਣੇ ਢੰਗ ਨਾਲ ਦਰਸ਼ਨ ਪ੍ਰਤਿਪਾਦਨ ਕੀਤਾ ਹੈ। ਖੰਡਨ-ਮੰਡਨ ਦੀ ਸ਼ੈਲੀ ਇਸ ਪ੍ਰਤਿਪਾਦਨ ਦੀ ਪ੍ਰਮੁੱਖ ਵਿਸ਼ੇਸ਼ਤਾ ਰਹੀ ਹੈ। ਇਨ੍ਹਾਂ ਦਾਰਸ਼ਨਿਕਾਂ ਨੇ ਪਹਿਲੇ ਸਭ ਆਚਾਰੀਆਂ ਦਾ ਖੰਡਨ ਕਰਦਿਆਂ ਆਪਣੇ ਮਤ ਦਾ

ਖੰਡਨ ਕੀਤਾ ਹੈ। ਭਗਤ ਰਵਿਦਾਸ ਦਾ ਦਰਸ਼ਨ ਪਰੰਪਰਾਗਤ ਵੇਦ-ਪੁਰਾਣਾਂ ਵਿਚ ਦਰਜ਼ ਘਾੜਤ ਉਤੇ ਟਿਕਿਆ ਹੋਇਆ ਸਵੀਕਾਰਿਆ ਗਿਆ ਹੈ। ਉਨ੍ਹਾਂ ਆਪਣੀ ਤਕੜੀ ਸਾਧਨਾ ਅਨੁਭਵ ਅਤੇ ਚਿੰਤਨ ਦੇ ਬਲਬੂਤੇ ਸਾਰੇ ਦਾਰਸ਼ਨਿਕ ਪ੍ਰਸ਼ਨਾਂ ਦੇ ਹੱਲ ਹੀ ਨਹੀਂ ਲੱਭੇ, ਸਗੋਂ ਅਭਿਆਸ ਨਾਲ ਪ੍ਰਭੂ ਵਿਚ ਇਕਮਿਕਤਾ ਕਾਇਮ ਕੀਤੀ ਅਤੇ ਉਸ ਦੀ ਸਰਵ-ਸਮਰੱਥ ਤੇ ਸਰਵ-ਵਿਆਪਕਤਾ ਦੀ ਪਹਿਚਾਣ ਕਰ ਲਈ। ਇਸ ਤਰ੍ਹਾਂ ਲੋਕਾਈ ਨੂੰ ਇਹ ਵੀ ਪ੍ਰਗਟਾਇਆ ਕਿ ਪ੍ਰਭੂ ਪ੍ਰਾਪਤੀ ਲਈ ਨਾ ਸ਼ਾਸਤਰ ਅਧਿਐਨ ਦੀ ਲੋੜ ਹੈ ਤੇ ਨਾ ਹੀ ਬ੍ਰਹਿਮੰਡ ਨੂੰ ਜਾਨਣ ਲਈ ਕਿਸੇ ਸਕੂਲ ਵਿਚ ਵਿੱਦਿਆ ਲੈਣੀ ਪੈਂਦੀ ਹੈ। ਪਰਮਾਤਮਾ ਮਨੁੱਖ ਦੇ ਅੰਦਰ ਹੀ ਵੱਸਦਾ ਹੈ ਤੇ ਇਹ ਸਰੀਰ ਹੀ ਬ੍ਰਹਿਮੰਡ ਹੈ। ਇਸ ਪ੍ਰਯੋਗਸ਼ਾਲਾ ਵਿਚ ਮੰਥਨ ਕਰਨ ਨਾਲ ਸ੍ਰਿਸ਼ਟੀ ਦੇ ਪਸਾਰੇ ਬਾਰੇ ਅਸਲ ਜਾਣਕਾਰੀ ਮਿਲ ਜਾਂਦੀ ਹੈ।

ਭਗਤ ਰਵਿਦਾਸ ਜੀ ਲਈ ਸਮਕਾਲੀਨ ਪ੍ਰਸਥਿਤੀਆਂ ਵਜੋਂ ਵੇਦਾਂ, ਉਪਨਿਸ਼ਦਾਂ ਦੀ ਵਿਧੀਵਤ ਸਿੱਖਿਆ ਪ੍ਰਾਪਤ ਕਰਨੀ ਸੰਭਵ ਹੀ ਨਹੀਂ ਸੀ, ਪੰਤੂ ਜਿਸ ਤਰ੍ਹਾਂ ਹਰ ਉੱਚਤਮ ਕਾਵਿ ਕਿਸੇ ਦਰਸ਼ਨ ਦਾ ਧਾਰਨੀ ਜ਼ਰੂਰ ਹੁੰਦਾ ਹੈ, ਇਸੇ ਤਰ੍ਹਾਂ ਭਗਤ ਰਵਿਦਾਸ ਜੀ ਦੇ ਪ੍ਰੇਮ ਅਤੇ ਸ਼ਰਧਾਮਈ ਕਾਵਿ ਵਿਚੋਂ ਪਰਮ-ਤੱਤ ਦੀ ਸੱਤਾ, ਸਮਰੱਥ ਅਤੇ ਜੀਵ ਨਾਲ ਉਸ ਦੇ ਸੰਬੰਧਾਂ ਆਦਿ ਦੇ ਸੰਦਰਭ ਵਿਚ ਅਭਿਵਿਅਕਤ ਵਿਚਾਰਾਂ ਵਿਚੋਂ ਦਾਰਸ਼ਨਿਕ ਸਿਧਾਂਤਾਂ ਦੇ ਵਿਭਿੰਨ ਰੂਪਾਂ ਦੀ ਪ੍ਰਤੀਤੀ ਅਵੱਸ਼ ਹੁੰਦੀ ਹੈ, ਜਿਸ ਦੇ ਪਿੱਛੇ ਭਗਤ ਰਵਿਦਾਸ ਜੀ ਦਾ ਨਿੱਜੀ ਭਗਤੀ ਅਭਿਆਸ ਤੇ ਅਨੁਭਵ ਕੰਮ ਕਰਦਾ ਹੈ। ਇਸ ਸਭ ਦੇ ਬਾਵਜੂਦ ਆਪਣੇ ਵੈਦਿਕ ਤੇ ਸ਼ਾਸਤਰੀ ਧਰਮ ਦੀ ਨਿੰਦਿਆ ਹੀ ਨਹੀਂ ਕੀਤੀ, ਸਗੋਂ ਤੋਤੇ ਵਾਂਗ ਮੰਤਰ ਰਟਣ ਵਾਲੇ ਅਤੇ ਵਿਖਾਵੇ ਕਰਨ ਵਾਲੇ ਬਗਲੇ ਭਗਤਾਂ ਨੂੰ ਨਿੰਦਿਆ ਤੇ ਇਕ ਈਸ਼ਵਰ ਦੀ ਭਗਤੀ ਕਰਨ ਦੀ ਪ੍ਰੇਰਣਾ ਦਿੱਤੀ।

ਭਗਤ ਰਵਿਦਾਸ ਜੀ ਦੀ ਬਾਣੀ ਦਾ ਦਾਰਸ਼ਨਿਕ ਪੱਖ ਜੇ ਅਨੁਭਵ ਕਰਨਾ ਹੋਵੇ ਤੇ ਵਿਸ਼ਵ ਮਨੁੱਖ, ਵਿਸ਼ਵ ਸ਼ਹਿਰੀ ਅਤੇ ਵਿਸ਼ਵ ਸਮਾਜ ਜਿਸ ਵਿਚ ਕੋਈ ਦੁੱਖ-ਤਕਲੀਫ; ਜਿਸ ਦਾ ਕੋਈ ਪਾਰਾਵਾਰ ਨਾ ਹੋਵੇ, ਜਿਥੇ ਕੋਈ ਡਰ ਨਾ ਹੋਵੇ; ਕੋਈ ਕਰ ਦੇਣਾ ਨਾ ਪਵੇ, ਸਾਰੇ ਇਕੋ ਜਿਹੇ ਹੋਣ, ਕੋਈ ਗਰੀਬ ਨਾ ਹੋਵੇ, ਕੋਈ ਬਹੁਤਾ ਅਮੀਰ ਨਾ ਹੋਵੇ ਅਤੇ ਕੋਈ ਵਿਤਕਰਾ ਨਾ ਹੋਵੇ ਦੀ ਇਕ ਵਿਸ਼ਾਲ ਸੋਚ ਤੋਂ ਲਿਆ ਜਾ ਸਕਦਾ ਹੈ। ਸਿਧਾਂਤਕ ਪੱਖੋਂ ਇਤਨੀ ਪ੍ਰਬਲ ਸਾਧਨਾ ਤੇ ਉਚੇਰੀ ਭਾਵਨਾ ਦਾ ਨਮੂਨਾ ਜਿਸ ਨੇ ਨਵਾਂ ਵਤਨ, ਸਮਾਜ ਅਤੇ ਵਿਸ਼ਵਵਿਆਪੀ ਪੱਧਰ 'ਤੇ ਮੰਗ ਲਿਆ। ਭਗਤ ਰਵਿਦਾਸ ਜੀ ਦੇ ਸ਼ਬਦ ਵਿਚ ਉਨ੍ਹਾਂ ਦੀ ਇਸ ਦਾਰਸ਼ਨਿਕਤਾ ਦਾ ਵਿਲੱਖਣ ਪੱਖ ਸਾਹਮਣੇ ਆਉਂਦਾ ਹੈ:

"ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥1॥
ਅਬ ਮੋਹਿ ਖੂਬ ਵਤਨ ਗਹ ਪਾਈ॥
ਉਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥

ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥"[45]

ਇਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਦਾਰਸ਼ਨਿਕ ਸੋਚ ਨੇ ਗੁਰਮਤਿ ਕਾਵਿ ਅੰਦਰ 'ਬੇਗਮੁਪਰਾ' ਸੱਚ ਖੰਡ ਦੇ ਰੂਪ ਵਿਚ ਸਿਰਜ ਦਿੱਤਾ ਹੈ। ਭਗਤ ਰਵਿਦਾਸ ਜੀ ਦੀ ਪਵਿੱਤਰ ਬਾਣੀ ਦੀ ਦਾਰਸ਼ਨਿਕਤਾ ਬਾਰੇ ਡਾ. ਧਰਮਪਾਲ ਸਿੰਗਲ ਅਨੁਸਾਰ:

"ਸ਼ੰਕਰ ਦੇ ਅਦਵੈਤ, ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ, ਨਿੰਬਾਰਕ ਤੇ ਦਵੈਤਾ ਦਵੈਤ ਤੇ ਮਾਧਵਾਚਾਰਯ ਦੇ ਦਵੈਤਾਵਾਦ ਰਾਮਾਨੰਦ ਦੇ ਪ੍ਰਪੱਤੀ ਸਿਧਾਂਤ ਅਤੇ ਵਲੱਭਾਚਾਰਯ ਦੇ ਸ਼ੁੱਧ ਸਰੂਪ ਅਤੇ ਕਿਰਪਾ ਸਿਧਾਂਤ ਦਾ ਮਿਲਵਾਂ ਪ੍ਰਭਾਵ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਹਿਜ ਹੀ ਦੇਖਿਆ ਜਾ ਸਕਦਾ ਹੈ।"[46]

ਇਸ ਤਰ੍ਹਾਂ ਦਾਰਸ਼ਨਿਕ ਚਿੰਤਨ ਸਿਧਾਂਤ ਤੇ ਵਿਹਾਰ ਰਾਹੀਂ ਜਨਮ ਅਧਾਰੀ ਵਿਅਕਤਿਤਵ ਨੂੰ ਤਿਆਗ ਕੇ ਕਰਮ-ਅਧਾਰੀ ਵਿਅਕਤਿਤਵ ਦੀ ਸਥਾਪਨਾ ਕੀਤੀ।

ਭਗਤ ਰਵਿਦਾਸ ਜੀ ਇਕ ਈਸ਼ਵਰਵਾਦ ਦੇ ਵਿਚ ਵਿਸ਼ਵਾਸ ਰੱਖਦੇ ਸਨ। ਇਕ ਈਸ਼ਵਰ ਦੀ ਅਧਿਆਤਮਿਕ ਸਾਧਨਾ ਵਿਚ ਲੀਨ ਰਹਿਣ ਵਾਲੇ, ਸ਼ਰਧਾ ਰੱਖਣ ਵਾਲੇ ਕਰਮਯੋਗੀ, ਮਹਾਂਪੁਰਸ਼, ਰਹੱਸਵਾਦੀ ਸੀ। ਭਗਤ ਰਵਿਦਾਸ ਜੀ ਦੀ ਬਾਣੀ ਦਾ ਵਿਸ਼ਾ ਅਧਿਆਤਮਵਾਦੀ ਹੋਣਾ ਕੁਦਰਤੀ ਸੀ। ਅਧਿਆਤਮਿਕ ਵਿਸ਼ਿਆ ਦੇ ਨਾਲ-ਨਾਲ ਪ੍ਰਸੰਗਿਕ ਤੌਰ 'ਤੇ ਬਾਣੀ ਵਿਚ ਦੂਜੇ ਵਿਸ਼ਿਆਂ ਦਾ ਆ ਜਾਣਾ ਵੀ ਸੁਭਾਵਿਕ ਸੀ। ਇਸ ਪ੍ਰਕਾਰ ਭਗਤ ਰਵਿਦਾਸ ਜੀ ਦਾ ਦਾਰਸ਼ਨਿਕ ਚਿੰਤਨ ਉਨ੍ਹਾਂ ਦੇ ਆਪਣੇ ਸਹਿਜ ਅਨੁਭਵ ਵਿਚੋਂ ਉਪਜਿਆ ਹੈ। ਉਨ੍ਹਾਂ ਦੇ ਭਗਤੀ ਮਾਰਗ ਦਾ ਸ਼ਾਸਤਰੀ, ਪੱਧਤੀ ਅਨੁਸਾਰ ਵਿਵਚਨਾਤਮਿਕ ਅਧਿਐਨ ਪ੍ਰਸਤੁਤ ਕਰਨਾ ਸੰਭਵ ਤਾਂ ਨਹੀਂ ਪਰ ਵਿਚਾਰ ਕੀਤਾ ਜਾ ਸਕਦਾ ਹੈ। ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ, ਸੁਰਗ, ਨਰਕ, ਪਰਮਧਾਮ ਅਥਵਾ ਬੈਕੁੰਠ, ਕਰਮ-ਕਾਡਾਂ ਵਿਸ਼ੇ ਵਿਕਾਰਾਂ ਦੀ ਨਿਖੇਧੀ, ਨਾਮ-ਸਾਧਨਾ ਆਦਿ ਕੁਝ ਅਧਿਆਤਮਿਕ ਆਧਾਰ ਆਪ ਦੀ ਬਾਣੀ ਵਿਚ ਸ਼ੁੱਧ ਅਭਿਆਸ, ਅਨੁਭਵ ਤੇ ਭਗਤੀ ਸਾਧਨਾ ਵਿਚੋਂ ਪ੍ਰਗਟ ਹੋਏ ਹਨ।

**ਬ੍ਰਹਮ:** ਜਗਤ ਵਿਚ ਬ੍ਰਹਮ, ਅਨੇਕ ਰੂਪਾਂ ਵਿਚ ਅਭਿਵਿਅਕਤ ਹੁੰਦਾ ਹੈ। ਇਸ ਦੇ ਗਿਆਨ ਨਾਲ ਜਗਿਆਸੂ ਨੂੰ ਪਰਮ ਲਕਸ਼ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਸਰਵੱਗ ਹੋ ਜਾਂਦਾ ਹੈ। ਆਦਿ ਕਾਲ ਤੋਂ ਹੀ ਮਨੁੱਖ ਇਸ

ਅਲੌਕਿਕ ਸ਼ਕਤੀ ਨੂੰ ਜਾਨਣ ਲਈ ਮਨੁੱਖ ਦੇ ਮਨ ਵਿਚ ਕਈ ਪ੍ਰਸ਼ਨ ਉੱਠਦੇ ਰਹਿੰਦੇ ਹਨ। ਮੁੱਢਲੇ ਸਮਿਆਂ ਤੋਂ ਹੀ ਬ੍ਰਹਮ ਦੀ ਵਿਆਖਿਆ ਕਰਨ ਲਈ ਅਨੇਕਾਂ ਸਿਧਾਂਤ ਘੜੇ ਗਏ। ਰਿਗਵੇਦ ਵਿਚ ਬ੍ਰਹਮ ਨੂੰ ਇੰਦਰ, ਮਿੱਤਰ, ਵਰੁਣ, ਅਗਨੀ ਆਦਿ ਦੇਵਤਿਆਂ ਦੀ ਸ਼ਕਤੀ ਦਾ ਆਧਾਰ ਮੰਨਿਆ ਗਿਆ ਹੈ। ਮਹਾਨ ਕੋਸ਼ ਅਨੁਸਾਰ ਬ੍ਰਹਮ ਸ਼ਬਦ 'ਬ੍ਰਿਹਾ' ਧਾਤੂ ਤੋਂ ਨਿਕਲਿਆ ਹੈ, ਜਿਸ ਦਾ ਭਾਵ ਹੈ ਸਭ ਤੋਂ ਵਧਿਆ ਹੋਇਆ। ਡਾ. ਰਾਧਾਕ੍ਰਿਸ਼ਨਨ ਨੇ ਵੀ ਆਪਣੀ ਪੁਸਤਕ 'ਪ੍ਰਿੰਸੀਪਲ ਉਪਨਿਸ਼ਦ' ਵਿਚ ਇਸ ਦਾ ਮੂਲ 'ਬ੍ਰਿਹ' ਤੋਂ ਲਿਖਿਆ ਹੈ ਅਤੇ ਇਸ ਦਾ ਭਾਵ ਦੱਸਿਆ ਹੈ ਅਰੁਕ ਵਾਧਾ ਉਸ ਨੇ ਇਸੇ ਪੁਸਤਕ ਵਿਚ ਮਾਧਵ ਦਾ ਹਵਾਲਾ ਦਿੰਦਿਆ ਕਿਹਾ ਹੈ ਕਿ ਬ੍ਰਹਮ ਅਜਿਹਾ ਪੁਰਖ ਹੈ, ਜਿਸ ਵਿਚ ਪੂਰਨ ਗੁਣ ਹਨ। ਰਿਗਵੇਦ ਬ੍ਰਹਮ ਪਵਿੱਤਰ ਗਿਆਨ ਜਾਂ ਇਕ ਮੰਤਰ ਜਾਂ ਅਵਤਾਰ ਦੇ ਭਾਵ ਵਿਚ ਵਰਤਿਆ ਹੈ। ਬ੍ਰਾਹਮਣਾਂ ਵਿਚ ਬ੍ਰਹਮ ਕਰਮ ਦਾ ਵਾਚਕ ਹੈ ਅਤੇ ਸਰਬ ਸ਼ਕਤੀਮਾਨ ਸਮਝਿਆ ਜਾਂਦਾ ਹੈ। ਬਾਅਦ ਵਿਚ ਬ੍ਰਹਮ ਤੋਂ ਭਾਵ ਗਿਆਨ ਲਿਆ ਗਿਆ।[47] ਭਗਤ ਰਵਿਦਾਸ ਜੀ ਨੇ ਸਰਬ ਵਿਆਪਕ ਬ੍ਰਹਮ ਬਾਰੇ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ:

"ਸਰਬੇ ਏਕੁ ਅਨੇਕੈ ਸੁਆਮੀ, ਸਭ ਘਟ ਭੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ॥"[48]

ਬ੍ਰਹਮ ਦੇ ਸੰਦਰਭ ਵਿਚ ਉਪਰੋਕਤ ਵਿਵੇਚਨ ਦੇ ਪ੍ਰਕਾਸ਼ ਅਧੀਨ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਭ ਚਿੰਤਕਾਂ ਨੇ ਆਪਣੇ ਆਧਿਆਤਮਿਕ ਅਨੁਭਵ, ਗਿਆਨ ਅਤੇ ਕਰਮਾਂ ਦੇ ਆਧਾਰ 'ਤੇ ਪਰਮ ਪਿਤਾ ਪਰਮਾਤਮਾ ਅਥਵਾ ਬ੍ਰਹਮ ਦੇ ਨਾਮ, ਸਰੂਪ, ਗੁਣਾਂ, ਸਥਾਨ ਆਦਿ ਦਾ ਵਿਸ਼ਲੇਸ਼ਣ ਕੀਤਾ ਹੈ। ਭਗਤ ਰਵਿਦਾਸ ਜੀ ਦੇ ਬ੍ਰਹਮ ਨਿਰੂਪਣ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਇਹ ਤੱਥ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਭਗਤ ਰਵਿਦਾਸ ਜੀ ਨੇ ਕਿਤੇ ਵੀ ਨਿਰੀ ਬੋਧਿਕ ਦ੍ਰਿਸ਼ਟੀ ਤੋਂ ਪਰਮ ਸਤਿ ਦਾ ਵਿਸ਼ਲੇਸ਼ਣ ਨਹੀਂ ਕੀਤਾ। ਭਗਤ, ਸੰਤ ਅਤੇ ਸਾਧਕ ਹੋਣ ਦੇ ਨਾਤੇ ਉਨ੍ਹਾਂ ਵਿਚ ਵਿਸ਼ਵਾਸ ਅਤੇ ਸ਼ਰਧਾ ਦੀ ਭਾਵਨਾ ਪ੍ਰਬਲ ਸੀ। ਭਗਤ ਰਵਿਦਾਸ ਜੀ ਅਨੁਸਾਰ ਬ੍ਰਹਮ ਹੀ ਪ੍ਰਮਾਰਥਿਕ ਸਤਿ ਹੈ। ਉਹ ਸਤਿ, ਚਿੱਤ ਆਨੰਦ ਸਰੂਪ ਹੈ, ਉਹ ਨਿਰਗੁਣ, ਨਿਰਾਕਾਰ, ਅਜਨਮਾ ਅਤੇ ਗੁਣਾਤੀਤ ਹੈ।"[49] ਰਵਿਦਾਸ ਬਾਣੀ ਅਨੁਸਾਰ ਪਰਮਾਤਮਾ ਨੂੰ ਕਿਸੇ ਨਾਲ ਉਪਮਾਇਆ ਨਹੀਂ ਜਾ ਸਕਦਾ ਅਤੇ ਇਸ ਦੀ ਕਥਿਆ ਨੂੰ ਕਿਸੇ ਤਰ੍ਹਾਂ ਕਥਿਆ ਨਹੀਂ ਜਾ ਸਕਦਾ:

"ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥ ੩॥ ੧॥"[50]

ਦਰਅਸਲ ਬ੍ਰਹਮ ਦਾ ਸਮੁੱਚਾ ਵਿਸ਼ਾ ਲਿਖਣ, ਪੜ੍ਹਣ, ਬੋਲਣ ਸਮਝਾਉਣ ਵਾਲਾ ਨਾ ਹੋ ਕੇ ਨੀਮ ਅਨੁਭਵ ਤੇ ਵਿਸਮਾਦਕ ਆਨੰਦ ਪ੍ਰਾਪਤ ਕਰਨ ਵਾਲਾ ਹੈ। ਉਸ ਵਿਚ ਲੀਨ ਹੋ ਕੇ ਹੀ ਉਸ ਨਿਰਾਕਾਰ ਪਾਰਬ੍ਰਹਮ ਨੂੰ ਵਿਲੱਖਣ ਅਤੇ ਨਿਵੇਕਲੀ ਸੱਤਾ ਨੂੰ ਜਾਇਆ ਜਾ ਸਕਦਾ ਹੈ। ਸੰਸਾਰ ਵਿਚ ਪਦਾਰਥ ਨਾਲ ਉਸ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇਸ ਆਨੰਦ ਨੂੰ ਸੰਤਾਂ, ਮਹਾਂਪੁਰਸ਼ਾਂ ਨੇ ਆਪਣੀ ਬਾਣੀ ਦੁਆਰਾ ਹੀ ਬਿਆਨ ਕੀਤਾ

ਹੈ। ਇਸ ਦੀ ਅਨੁਭੂਤੀ ਉਪਰੰਤ ਰਹੱਸਵਾਦੀਆਂ ਨੂੰ ਇਹ ਸੋਝੀ ਹੋਈ ਕਿ ਸਰਬ ਸ੍ਰਿਸ਼ਟੀ ਦਾ ਕਰਤਾ ਉਹ ਇਕ ਹੀ ਹੈ, ਜਿਸ ਨੇ ਕਿ ਆਪਣੇ-ਆਪ ਨੂੰ ਅਨੇਕਾਂ ਰੂਪਾਂ ਵਿਚ ਪਸਾਰਿਆ ਹੈ ਅਤੇ ਉਨ੍ਹਾਂ ਵਿਚ ਵਿਆਪਕ ਹੋ ਕੇ ਆਪ ਹੀ ਹੋਣਾ ਭੋਗਦਾ ਹੈ। ਬਾਣੀ ਅਨੁਸਾਰ:

"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।"[51]

ਭਗਤ ਰਵਿਦਾਸ ਬਾਣੀ ਵਿਚ ਪਰਮਾਤਮਾ ਦੇ ਨਾਲ ਇਕਮਿਕਤਾ ਬਾਰੇ ਕੁਝ ਇਸ ਤਰ੍ਹਾਂ ਫਰਮਾਇਆ ਗਿਆ ਹੈ:

"ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।੧।।"[52]

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਨੀਚ ਕੁਲ ਵਿਚ ਜਨਮ ਲੈ ਕੇ ਭਗਤ ਰਵਿਦਾਸ ਜੀ ਨੇ ਸਮਕਾਲੀ ਸਮਾਜ ਦੀਆਂ ਕਠੋਰ ਪ੍ਰਸਥਿਤੀਆਂ ਨਾਲ ਟੱਕਰ ਲੈ ਕੇ, ਪ੍ਰਭੂ ਭਗਤੀ ਦੀ ਸ਼ਕਤੀ ਨਾਲ ਬ੍ਰਹਮ ਬਾਰੇ ਅਜਿਹੀ ਵਿਚਾਰਧਾਰਾ ਅਭਿਵਿਅਕਤ ਕੀਤੀ ਜਿਹੜੀ ਨਿਰੋਲ ਕਿਸੇ ਦਾਰਸ਼ਨਿਕ ਮੱਤ ਤਕ ਸੀਮਤ ਨਾ ਰਹਿ ਕੇ ਸਰਬ-ਸਾਧਾਰਨ ਲਈ ਹਿਤਕਾਰੀ ਅਤੇ ਲੋਕਪ੍ਰਿਯ ਬਣ ਗਈ।[53]

ਉਪਰੋਕਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਪ ਨੇ ਆਪਣੀ ਬਾਣੀ ਵਿਚ ਬ੍ਰਹਮ ਅਤੇ ਜੀਵਾਂ ਦੀ ਅਭੇਦਤਾ ਨੂੰ ਦੱਸ ਕੇ ਦਲਿਤ ਵਰਗ ਵਿਚ ਬ੍ਰਹਮ ਅਤੇ ਜੀਵ ਦੀ ਅਭੇਦਤਾ ਨੂੰ ਦੱਸ ਕੇ ਦਲਿਤ ਵਰਗ ਵਿਚ ਚੇਤਨਾ ਪੈਦਾ ਕਰਨ ਦਾ ਯਤਨ ਕੀਤਾ ਹੈ। ਭਗਤ ਰਵਿਦਾਸ, ਜੋ ਭਾਰਤੀ ਸਮਾਜ ਵਿਚਲੇ ਦੁਰਕਾਰੇ ਅਤੇ ਛੇਕੇ ਹੋਏ ਅਛੂਤ ਵਰਗ ਵਿਚੋਂ ਅਖੌਤੀ ਨਿਮਨ ਸ਼੍ਰੇਣੀ ਨਾਲ ਸੰਬੰਧਤ ਹਨ, ਵੱਲੋਂ ਪੁਰਜ਼ੋਰ ਸ਼ਬਦਾਂ ਵਿਚ ਇਹ ਕਹਿਣਾ ਕਿ ਬ੍ਰਹਮ ਅਤੇ ਜੀਵ ਵਿਚ ਕੋਈ ਫ਼ਰਕ ਨਹੀਂ ਹੈ, ਨਿਮਨ ਵਰਗ ਵਿਚ ਆਪਣੇ ਖੁੱਸੇ ਅਧਿਕਾਰਾਂ ਦੀ ਪ੍ਰਾਪਤੀ ਵੱਲ ਪੁੱਟਿਆ ਗਿਆ ਸਾਰਥਕ ਕਦਮ ਹੈ।

**ਜੀਵ**: ਭਾਰਤੀ ਚਿੰਤਨ ਵਿਚ ਜੀਵਆਤਮਾ ਨੂੰ ਜਾਨਣ ਅਤੇ ਸਮਝਣ ਦਾ ਯਤਨ ਪ੍ਰਾਚੀਨ ਕਾਲ ਤੋਂ ਹੀ ਚਲਦਾ ਆ ਰਿਹਾ ਹੈ। ਗੁਰਬਾਣੀ ਵਿਚ 'ਜੀਵ' ਤੋਂ ਭਾਵ ਸ੍ਰਿਸ਼ਟੀ ਵਿਚ ਮੌਜੂਦ ਸਭ ਜੀਵ ਹਨ, ਜਿਸ ਨੂੰ ਭਗਤ ਰਵਿਦਾਸ ਜੀ ਨੇ 'ਚਾਰ ਖਾਣੀ' ਦਾ ਨਾਂ ਦਿੱਤਾ ਹੈ। ਉਨ੍ਹਾਂ ਅਨੁਸਾਰ:

"ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ।।
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ।।
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ।।੪।।੩।।"[54]

ਜਗਤ ਦੇ ਸਮੂਹ ਜੀਵਾਂ ਦੀ ਪੈਦਾਇਸ਼ ਚਾਰ ਸ੍ਰੋਤਾਂ ਤੋਂ ਸਵੀਕਾਰੀ ਜਾਂਦੀ ਹੈ। ਅਰਥਾਤ ਉਤਪਤੀ ਸਥਾਨ ਕਾਰਨ ਜੀਵ ਚਾਰ ਸ਼੍ਰੇਣੀਆਂ ਵਿਚ ਰੱਖੇ ਗਏ ਹਨ। ਜਿਵੇਂ ਅੰਡੇ ਤੋਂ ਪੈਦਾ ਹੋਣ ਵਾਲੇ ਜੀਵ 'ਅੰਡਜ', ਜਿਓਰ ਤੋਂ ਪੈਦਾ ਹੋਣ ਵਾਲੇ ਜੀਵ 'ਜੇਰਜ', ਮੁੜਕੇ ਨਾਲ ਉਪਜਣ ਵਾਲੇ ਜੀਵ 'ਸੇਤਜ' ਅਤੇ ਧਰਤੀ ਚੋਂ

ਪਾਣੀ ਨਾਲ ਉਤਪੰਨ ਹੋਣ ਵਾਲੇ ਜੀਵ 'ਉਤਭਜ' ਅਖਵਾਉਂਦੇ ਹਨ। ਇਸ ਪ੍ਰਕਾਰ ਵਿਚਾਰ ਅਧੀਨ ਬਾਣੀ ਵਿਚ ਮੌਜੂਦ 'ਚਾਰੇ ਖਾਣੀ' ਪਦ ਸੰਸਾਰ ਦੇ ਸਾਰੇ ਜੀਵਾਂ ਦਾ ਬੋਧਕ ਹੈ।[55] ਵੈਸੇ ਇਹ ਸਾਰੀ ਪ੍ਰਕਿਰਤੀ ਇਹ ਸਾਰਾ ਬ੍ਰਹਿਮੰਡ ਨਿਰਾਕਾਰ ਬ੍ਰਹਮ ਦੀ ਰਚਨਾ ਹੈ ਤੇ ਜੀਵ ਵੀ ਉਸੇ ਦਾ ਹੀ ਅੰਸ਼ ਕਿਹਾ ਜਾ ਸਕਦਾ ਹੈ। ਜਦੋਂ ਜੀਵ ਪੰਜਾਂ ਵਿਕਾਰਾਂ, ਆਡੰਬਰਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਆਤਮਾ ਰੂਪ ਹੋ ਜਾਂਦਾ ਹੈ ਅਤੇ ਇਨ੍ਹਾਂ ਵਿਚ ਫਸ ਕੇ ਜੀਵ ਕਹਾਉਂਦਾ ਤਾਂ ਹੈ ਪਰ ਪਰਮਾਤਮਾ ਤੋਂ ਅਲਗਾਵ ਹੰਢਾਉਂਦਾ ਹੈ। ਰਹੱਸਵਾਦੀਆਂ ਨੇ ਜੀਵ ਨੂੰ ਆਤਮਾ ਕਹਿ ਕੇ ਵਿਆਖਿਆ ਕੀਤੀ ਹੈ ਅਤੇ ਇਸ ਦੇ ਜਨਮਦਾਤੇ ਨੂੰ ਬ੍ਰਹਮ, ਅੰਦਰ ਸਿਰਫ ਇਤਨਾ ਹੈ ਕਿ ਸਰੀਰ ਨਸ਼ਟ ਹੋ ਜਾਂਦਾ ਹੈ ਅਤੇ ਫਿਰ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਭਰਮ, ਭੁਲੇਖੇ ਵਿਚ ਜੀਵ ਆਪਣੇ ਮੂਲ ਤੋਂ ਵੱਖਰਾ ਹੋ ਜਾਂਦਾ ਹੈ ਤੇ ਜਦੋਂ ਇਹ 'ਮੈਂ' ਮੁੱਕ ਜਾਂਦੀ ਹੈ ਤਾਂ ਜੀਵ ਬ੍ਰਹਮ ਵਿਚ ਇੰਜ ਮਿਲ ਜਾਂਦਾ ਹੈ ਜਿਵੇਂ ਲਹਿਰ ਸਾਗਰ ਵਿਚ ਜਲ ਮਗਨ ਹੋ ਜਾਂਦੀ ਹੈ। ਭਗਤ ਰਵਿਦਾਸ ਜੀ ਦੀ ਬਾਣੀ ਇਸ ਤੱਤ ਨੂੰ ਕੁਝ ਇਸ ਤਰ੍ਹਾਂ ਬਿਆਨ ਕਰਦੀ ਹੈ:

> "ਜਬ ਹਮ ਹੋਤੇ ਤਬ ਤੂ ਨਾਹੀ॥
> ਅਬ ਤੂਹੀ ਮੈ ਨਾਹੀ
> ਅਨਲ ਅਗਮ ਜੈਸੇ ਲਹਰਿ ਮਇਓਦਧਿ
> ਜਲ ਕੇਵਲ ਜਲ ਮਾਂਹੀ॥੧॥"[56]

ਸੰਸਾਰਕ ਕਰਮਾਂ ਵਿਚ ਉਲਝੀ ਜੀਵਰੂਪੀ ਆਤਮਾ ਦੀ ਇਹ ਦਸ਼ਾ ਸੰਗਤ ਤੇ ਵਿਛੋੜਾ ਆਦਿ ਰਾਹੀਂ ਭਗਤ ਰਵਿਦਾਸ ਜੀ ਆਤਮਾ ਤੇ ਪਰਮਾਤਮਾ ਦੇ ਵਿਛੋੜੇ ਦਾ ਕਾਰਨ ਇਹ ਮਾਇਆ ਦੇ ਪਸਾਰੇ ਨੂੰ ਮੰਨ ਕੇ ਜੀਵ ਰੂਪੀ ਆਤਮਾ ਦਾ ਪਛਤਾਵਾ ਉਸ ਦੇ ਮਨ ਦੀ ਅਸ਼ਾਂਤੀ ਨੂੰ ਪੇਸ਼ ਕਰਕੇ ਮਾਇਆ ਦੇ ਭੁਲੇਖਿਆਂ ਤੋਂ ਬਚਣ ਲਈ ਸੁਚੇਤ ਕਰਦੇ ਹਨ। ਪਰਮਾਤਮਾ ਨੂੰ ਜਗਤ ਤੇ ਆਪਣੇ-ਆਪ ਤੋਂ ਭਿੰਨ ਸਮਝ ਕੇ ਅਸ਼ਾਂਤੀ ਨਿਸ਼ਚਿਤ ਹੈ। ਆਤਮਾ ਅਤੇ ਪਰਮਾਤਮਾ ਵਿਚ ਕੋਈ ਤਾਤਵਿਕ ਭਿੰਨਤਾ ਨਹੀਂ ਜੋ ਵੀ ਵੱਖਰਤਾ ਆਉਂਦੀ ਹੈ ਮਾਇਆ ਦੇ ਪ੍ਰਭਾਵ ਕਾਰਨ ਹੈ, ਜਦੋਂ ਤੱਕ ਇਹ ਸ਼ੁੱਧ ਅਤੇ ਮੁਕਤ ਰੂਪ ਵਿਚ ਰਹਿੰਦੀ ਹੈ, ਆਤਮਾ ਅਖਵਾਉਂਦਾ ਹੈ ਅਤੇ ਜਦੋਂ ਵੀ ਪਰਮਾਤਮਾ ਤੋਂ ਪਰੇ ਰਹਿ ਕੇ ਆਪਣਾ ਅਸਤਿਤਵ ਕਾਇਮ ਕਰਨਾ ਚਾਹੇਗੀ ਉਪਰਾਮ ਹੀ ਰਹਿੰਦੀ ਰਹੇਗੀ। ਇੰਝ ਇਹ ਇਕ ਧਾਰਨਾ ਬਣਦੀ ਹੈ ਕਿ ਅਗਿਆਨਤਾ ਅਤੇ ਬਹੁਤੀ ਵਿਦਵਤਾ ਦਾ ਭਰਮ ਹੀ ਜੀਵ ਨੂੰ ਕਰਮਾਂ ਵਿਚ ਪਾਉਂਦਾ ਹੈ। ਭਗਤ ਰਵਿਦਾਸ ਜੀ ਅਨੁਸਾਰ ਜੀਵ ਕਰਮਾਂ ਵਿਚ ਫਸ ਕੇ ਜਿੱਧਰ ਵੀ ਜਾਂਦਾ ਹੈ, ਉੱਥੇ ਮੌਤ ਦੀ ਫਾਹੀ ਉਸ ਦੇ ਸਾਹਮਣੇ ਆਉਂਦੀ ਹੈ। ਫਿਰ ਉਸ ਤੋਂ ਮੁਕਤ ਹੋਣ ਦਾ ਕੋਈ ਹੀਲਾ ਸਾਹਮਣੇ ਨਹੀਂ ਅਉਂਦਾ ਭਗਤ ਰਵਿਦਾਸ ਜੀ ਫਰਮਾਉਂਦੇ ਹਨ:

> "ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
> ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥੩॥"[57]

ਭਗਤ ਰਵਿਦਾਸ ਜੀ ਵਾਸਤਵਿਕਤਾ ਨੂੰ ਸਵੀਕਾਰ ਨਾ ਕਰਨ ਵਾਲੇ ਅਤੇ ਝੂਠ ਨੂੰ ਅਸਲ ਸੱਚ ਮੰਨਣ ਵਾਲੇ ਜੀਵ ਨੂੰ ਚਿਤਾਵਨੀ ਦੇ ਰਹੇ ਹਨ ਕਿ ਹੇ ਜੀਵ ਤੂੰ ਅਗਿਆਨੀ ਨਾ ਬਣ ਅਣਜਾਨੇ ਵਿਚ ਝੂਠ ਨੂੰ ਅੱਖਾਂ ਮੀਟ ਕੇ ਸੱਚ ਨਾ ਮੰਨ ਜੀਵਨ ਤੇ ਜਗਤ ਸਦੀਵੀ ਨਹੀਂ ਹਨ ਅਤੇ ਕੇਵਲ ਇਕ ਪਰਮਾਤਮਾ ਹੀ ਅਸਲ ਸਤਿ ਹੈ, ਜਿਸ ਵਿਚ ਅੰਤ ਨੂੰ ਤੂੰ ਲੀਨ ਹੋਣਾ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ਰਹਾਉ॥"[58]

ਨਿਰਗੁਣ ਕਾਵਿ ਵਿਚ ਬ੍ਰਹਮ ਤੋਂ ਬਾਅਦ ਆਤਮਾ ਹੀ ਅਜਿਹਾ ਅਧਿਆਤਮਿਕ ਤੱਤ ਹੈ, ਜਿਸ ਦਾ ਭਰਪੂਰ ਰਹੱਸਵਾਦੀ ਨਿਰੂਪਣ ਹੋਇਆ ਹੈ। ਬ੍ਰਹਮ ਦੇ ਨਿਰੂਪਣ ਕਰਨ ਸਮੇਂ ਨਿਰਗੁਣ ਕਵੀ ਆਤਮਾ ਨੂੰ ਧਿਆਨ ਵਿਚ ਰੱਖ ਕੇ ਚਲਦੇ ਹਨ ਅਤੇ ਆਪਣੀ ਪਰਮ-ਆਤਮਾ ਦੇ ਨਾਲ ਮੇਚ ਕੇ ਹੀ ਵਿਸ਼ਲੇਸ਼ਣ ਕਰਦੇ ਹਨ। ਸ੍ਰੀ ਮਧ ਭਗਵਤ ਗੀਤਾ ਵਿਚ ਆਤਮਾ ਨੂੰ ਮੂਲ ਤੱਤ ਮੰਨਿਆ ਗਿਆ ਹੈ ਅਤੇ ਜਗਤ ਦਾ ਆਦਿ ਕਾਰਨ ਵੀ, ਨਿਰਗੁਣ ਕਾਵਿ ਧਾਰਾ ਦੇ ਭਗਤਾਂ ਨੇ ਇਸ ਆਤਮ-ਨਿਰੂਪਣ ਵਿਚ ਆਤਮਾ ਦਾ ਅਵਿਅਕਤ ਤੇ ਵਿਅਕਤ ਦੋਹਾਂ ਰੂਪਾਂ ਵਿਚ ਵਰਨਣ ਕੀਤਾ ਹੈ। ਇਹੋ ਪਰੋਖ ਅਪ੍ਰਗਟ, ਨਿਰਾਕਾਰ ਹੈ। ਭਗਤ ਰਵਿਦਾਸ ਜੀ ਬਾਰ-ਬਾਰ ਜੀਵ ਨੂੰ ਸੁਚੇਤ ਕਰ ਰਹੇ ਹਨ ਕਿ ਇਹ ਸਰੀਰ ਨਾਸ਼ਵਾਨ ਹੈ ਇਹ ਸੰਸਾਰ ਵੀ ਝੂਠ ਹੈ। ਇਕ ਪਦ ਵਿਚ ਭਗਤ ਰਵਿਦਾਸ ਜੀ ਜੀਵਾਤਮਾ ਨੂੰ ਪੰਖੀ ਕਹਿੰਦੇ ਹੋਏ ਇਸ ਨੂੰ ਮੌਤ ਦਾ ਚੇਤਾ ਕਰਾਉਂਦੇ ਹਨ, ਜਿਸ ਵਿਚ ਪੰਜ ਤੱਤ ਦੇ ਨਸ਼ਟ ਹੋ ਜਾਣ ਨਾਲ ਸਰੀਰ ਦੀ ਕੋਈ ਹੋਂਦ ਨਹੀਂ ਰਹਿ ਜਾਂਦੀ। ਇਹ ਸਰੀਰ ਇਕ ਐਸਾ ਪਿੰਜਰ ਹੈ, ਜਿਸ ਦੀਆਂ ਦੀਵਾਰਾਂ ਪਾਣੀ ਦੀਆਂ, ਥੰਭਾ ਪਵਨ ਦਾ ਅਤੇ ਗਾਰਾ ਖ਼ੂਨ ਦੀਆਂ ਬੂੰਦਾਂ ਦਾ ਹੈ। ਇਹ ਸਰੀਰ ਸਿਰਫ਼ ਹੱਡ ਮਾਸ ਤੇ ਨਾੜੀਆਂ ਦਾ ਪਿੰਜਰ ਹੈ ਅਤੇ ਜੀਵਆਤਮਾ ਰੂਪੀ ਹੰਸ, ਇਕ ਪੰਛੀ ਹਾਰ ਇਸ ਵਿਚ ਨਿਵਾਸ ਕਰਦਾ ਹੈ। ਇਸ ਪੰਛੀ ਦੀ ਆਰਜਾ ਕੇਵਲ ਬਿਰਛ ਤੇ ਬੈਠੇ ਪੰਖੀ ਵਾਂਗ ਥੁੜ ਚਿਰੀ ਹੈ ਤੇ ਇਹ ਜੀਵਨ ਇਕ ਦਿਨ ਸਮਾਪਤ ਹੋਣਾ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਜਲ ਕੀ ਭੀਤਿ ਪਵਨ ਦਾ ਥੰਭਾ, ਰਕਤ ਬੁੰਦ ਕਾ ਗਾਰਾ॥
ਹਾਢ ਮਾਸ ਨਾਂੜੀ ਕੋ ਪਿੰਜੁਰ, ਪੰਖੀ ਬਸੈ ਵਿਚਾਰਾ॥"[59]

ਭਰਮ ਅਤੇ ਹੰਕਾਰ ਕਾਰਨ ਜੀਵ ਆਪਣੇ-ਆਪ ਨੂੰ ਪਰਮਾਤਮਾ ਤਾਂ ਵੱਖਰਾ ਸਮਝਣ ਲੱਗ ਪੈਂਦਾ ਹੈ ਪਰ ਇਸ ਅਗਿਆਨਤਾ ਕਾਰਨ ਬੁੱਧੀ ਕਾਰਨ ਉਹ ਆਪਣਾ ਵਿਵੇਕ ਖੋ ਬੈਠਦਾ ਹੈ। ਇਸ ਮਤ ਨੂੰ ਸਪੱਸ਼ਟ ਕਰਦਿਆਂ ਭਗਤ ਰਵਿਦਾਸ ਜੀ ਆਖਦੇ ਹਨ ਕਿ ਆਵਿਦਿਆ ਦੇ ਕਾਰਨ ਹੀ ਸਤਿ ਅਸਤਿ ਅਤੇ ਚੰਗੇ ਮੰਦੇ ਦੀ ਪਰਖ ਕਰਨ ਵਾਲੀ ਬੁੱਧੀ ਮਲੀਨ ਧੁੰਦਲੀ ਹੋ ਗਈ ਹੈ। ਉਨ੍ਹਾਂ ਅਨੁਸਾਰ:

"ਮਾਧੋ ਅਬਿਦਿਆ ਹਿਤ ਕੀਨ
ਬਿਬੇਕ ਦੀਪ ਮਲੀਨ॥ ਰਹਾਉ॥"[60]

ਇਥੇ ਭਗਤ ਜੀ ਦਾ ਮਨੋਰਥ ਜੀਵ ਨੂੰ ਜੀਵਨਦਾਨ ਦੇਣ ਵਾਲੇ ਪਰਮਾਤਮਾ ਅੱਗੇ ਨਿਵੇਦਨ ਕਰਨ ਤੋਂ ਹੈ ਕਿ ਉਸ ਨੂੰ ਵਿਸਾਰੇ ਨਾ ਅਤੇ ਉਸ 'ਤੇ ਆਪਣੀ ਮਿਹਰ ਦ੍ਰਿਸ਼ਟੀ ਰੱਖੇ ਕਿਉਂਕਿ ਉਸ ਪ੍ਰਭੂ ਤੋਂ ਬਿਨਾਂ ਜਿੰਦ ਨੂੰ ਸਹਾਰਾ ਦੇਣ ਵਾਲਾ ਕੋਈ ਨਹੀਂ। ਉਨ੍ਹਾਂ ਦੇ ਕਥਨ ਹਨ:

"ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥"[61]
"ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ॥੩॥੩॥"[62]

ਭਗਤ ਰਵਿਦਾਸ ਜੀ ਜਿੱਥੇ ਜੀਵ ਬਾਰੇ ਖੁਲਾਸਾ ਕਰਦੇ ਹੋਏ ਸਰੀਰ ਦੀ ਮਹੱਤਤਾ ਨੂੰ ਦੱਸਦੇ ਹਨ, ਉਥੇ ਸਰੀਰ ਦੀ ਨਾਸ਼ਮਾਨਤਾ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰਦੇ ਹਨ, ਜੋ ਅਸਲ ਸਤਿ ਹੈ। ਭਗਤ ਰਵਿਦਾਸ ਜੀ ਮਨੁੱਖ ਦੀ ਤੁਲਨਾ ਮਿੱਟੀ ਦੇ ਪੁਤਲੇ ਨਾਲ ਕਰਦੇ ਹਨ ਅਤੇ ਆਖਦੇ ਹਨ ਕਿ ਇਹ ਮਿੱਟੀ ਦਾ ਪੁਤਲਾ ਮਾਇਆ ਦੇ ਗੇੜ ਵਿਚ ਫਸ ਕੇ ਨੱਚਦਾ ਫਿਰਦਾ ਹੈ ਜਦੋਂ ਇਸ ਨੂੰ ਕੁਝ ਪ੍ਰਾਪਤ ਹੋ ਜਾਂਦਾ ਹੈ ਤਾਂ ਇਹ ਪੁਤਲਾ ਨੱਚਣ ਟੱਪਣ ਲੱਗ ਪੈਂਦਾ ਹੈ ਅਤੇ ਜਦੋਂ ਕੁਝ ਗਵਾ ਬੈਠਦਾ ਹੈ ਤਾਂ ਰੋਣ ਲੱਗ ਪੈਂਦਾ ਹੈ। ਭਗਤ ਜੀ ਆਖਦੇ ਹਨ ਕਿ ਜੀਵ ਨੂੰ ਉਸ ਪਰਮਾਤਮਾ ਦੀ ਭਗਤੀ ਰੂਪੀ ਮਾਇਆ ਪ੍ਰਾਪਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਨਾ ਕਿ ਭੋਗ ਵਿਲਾਸ ਦੇ ਕਰਮ ਵਿਚ ਵੜਨਾ ਚਾਹੀਦਾ ਹੈ। ਭਾਵ ਸਰੀਰ ਨਾਸ਼ਮਾਨ ਹੈ। ਇਸ ਨੇ ਇਕ-ਇਕ ਕਰਕੇ ਨਸ਼ਟ ਹੋ ਜਾਣਾ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ॥੨॥ ਰਹਾਉ॥"[63]

ਭਗਤ ਰਵਿਦਾਸ ਜੀ ਜੀਵ ਦੀ ਤੁਲਨਾ ਮਿੱਟੀ ਦੇ ਪੁਤਲੇ ਨਾਲ ਕਰਦੇ ਹਨ ਕਿ ਮਿੱਟੀ ਦਾ ਇਹ ਪੁਤਲਾ ਮਾਇਆ ਨਸ਼ਟ ਹੋ ਜਾਣਾ ਹੈ। ਇਹ ਸਦੀਵੀ ਨਹੀਂ ਰਹਿਣਾ। ਮੌਤ ਦੇ ਬਾਜ ਨੇ ਆ ਕੇ ਇਕ-ਇਕ ਕਰਕੇ ਇਸ ਨੂੰ ਨਸ਼ਟ ਕਰ ਦੇਣਾ ਹੈ। ਜਿਨ੍ਹਾਂ ਪੰਜਾਂ ਤੱਤਾਂ ਵਿਚ ਇਹ ਖੁੱਭੀ ਜਾ ਰਿਹਾ ਹੈ, ਇਨ੍ਹਾਂ ਨੇ ਹੀ ਅੰਤ ਨੂੰ ਇਸ ਨੂੰ ਤਿਆਗ ਜਾਣਾ ਹੈ। ਪੰਜ ਤੱਤਾਂ ਦੇ ਨਸ਼ਟ ਹੋ ਜਾਣ ਨਾਲ ਇਸ ਦੀ ਕੋਈ ਹੋਂਦ ਨਹੀਂ ਰਹਿਣੀ। ਇਸ ਲਈ ਪਰਮਾਤਮਾ ਦੀ ਸ਼ਰਨ ਮੰਗ ਕੇ ਸ਼ੁਭ ਕਰਮ ਕਰਨ, ਮੌਤ ਨੂੰ ਚੇਤੇ ਰੱਖਣ, ਨਾਮ ਸਿਮਰਨ ਕਰਨ ਤੋਂ ਛੁੱਟ ਅਭਿਮਾਨ ਨੂੰ ਤਿਆਗ ਕੇ ਗੁਰੂ ਚਰਨਾਂ ਵਿਚ ਲੱਗਣ ਤੇ ਮੋਖ ਪ੍ਰਾਪਤ ਕਰਨ ਲਈ ਜੀਵ ਨੂੰ ਵਾਰ-ਵਾਰ ਚਿਤਾਇਆ ਗਿਆ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਤੁਝਹਿ ਸੁਝੰਤਾ ਕਛੂ ਨਾਹਿ॥
ਪਹਿਰਾਵਾ ਦੇਖੇ ਊਭਿ ਜਾਹਿ॥
ਗਰਬਵਤੀ ਕਾ ਨਾਹੀ ਠਾਉ॥
ਤੇਰੀ ਗਰਦਨਿ ਊਪਰਿ ਲਵੈ ਕਾਉ॥"[63]

ਸਾਡੀ ਜਾਚੇ ਰਵਿਦਾਸ ਬਾਣੀ ਸਮੁੱਚੇ ਮਾਨਵ ਜਗਤ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਭਾਵੇਂ ਉਹ ਚੰਡਾਲ ਹੈ ਜਾਂ ਕੋਈ ਉੱਚੀ ਕੁੱਲ ਦਾ ਪੰਡਿਤ ਹੈ ਪ੍ਰੰਤੂ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਹੀ ਜੀਵ ਪ੍ਰਭੂ ਨਾਲ ਅਭੇਦ ਹੋ ਸਕਦਾ ਹੈ ਜਾਂ ਫਿਰ ਬਾਹਰਮੁਖੀ ਕਰਮ-ਕਾਂਡਾਂ ਵਿਚ ਫਸ ਕੇ ਕਰਮਾਂ ਦੀ ਫਾਹੀ ਵਿਚ ਉਲਝਇਆ ਰਹਿ ਸਕਦਾ ਹੈ। ਦਰਅਸਲ ਭਗਤ ਰਵਿਦਾਸ ਜੀ ਦਾ ਇਹੋ ਵਿਚਾਰ ਦਲਿਤ ਵਰਗ ਵਿਚ ਸਮਾਨਤਾ ਅਤੇ ਸਵੈ-ਵਿਸ਼ਵਾਸ ਤੇ ਜਾਗ੍ਰਿਤੀ ਪੈਦਾ ਕਰਨ ਲਈ ਭਵਿੱਖ ਵਿਚ ਦਲਿਤ-ਚੇਤਨਾ ਦੇ ਦਾਰਸ਼ਨਿਕ ਪਰਿਪੇਖ ਵਿਚ ਹੋਣ ਵਾਲੀ ਪ੍ਰਗਤੀ ਲਈ ਚਾਨਣ ਮੁਨਾਰਾ ਸਾਬਤ ਹੋਇਆ।

**ਜਗਤ:** ਜਗਤ ਉਸ ਲੋਕ ਨੂੰ ਕਹਿੰਦੇ ਹਨ, ਜਿਸ ਵਿਚ ਜੀਵ ਰਹਿੰਦੇ ਹਨ। ਇਸ ਦੀ ਹੱਦ ਉਥੋਂ ਤੱਕ ਹੈ, ਜਦੋਂ ਤੱਕ ਮਨੁੱਖ ਵਿਚਰ ਸਕਦਾ ਹੈ। ਇਹ ਦਰਅਸਲ ਇਹ ਲੋਕ ਨਿਤਯ ਹੈ (ਪਰਿਵਤਨਸ਼ੀਲ) ਅਤੇ ਉਹ ਛਿਣ ਮਾਤਰ ਹੈ। ਇਸ ਜਗਤ ਨੂੰ ਪਰਿਭਾਸ਼ਤ ਕਰਦੇ ਹੋਏ ਸੰਤਾਂ ਨੇ ਇਸ ਨੂੰ ਸੁਪਨੇ ਦੀ ਨਿਆਈ ਅਤੇ ਝੂਠ ਦਾ ਪਸਾਰਾ ਨਾਸ਼ਵਾਨ ਕਿਹਾ ਹੈ। ਇਸ ਨੂੰ ਮਾਇਆ ਨੇ ਗ੍ਰਸਿਆ ਹੋਇਆ ਹੈ। ਇਹ ਜਗਤ ਭਾਵੇਂ ਝੂਠ ਹੈ ਪ੍ਰੰਤੂ ਮਾਇਆ ਦੇ ਪੁਜਾਰੀਆਂ ਨੂੰ ਇਹ ਅਸਲ ਸਤਿ ਜਾਪਦਾ ਹੈ। ਭਾਵ ਉਨ੍ਹਾਂ ਇਹ ਸੁਪਨਾ ਅਗਿਆਨਤਾ ਦੀ ਨੀਂਦ ਵਿਚ ਦਿਖਾਈ ਦਿੰਦਾ ਹੈ ਤੇ ਜਾਗਣ ਤੇ ਇਹ ਲੁਪਤ ਵੀ ਹੋ ਜਾਂਦਾ ਹੈ। ਇਸ ਵਿਚ ਜੋ ਦਿਸਦਾ ਹੈ, ਉਹ ਇਕ ਭਰਮ ਦੇ ਕਾਰਨ ਹੈ। ਇਸ ਜਗਤ ਵਿਚ ਪੈਦਾਇਸ਼ ਵੀ ਤੇ ਨਾਸ਼ ਵੀ ਇਕੋ ਵੇਲੇ ਦੋਵੇਂ ਕਰਮ ਹੋ ਰਹੇ ਹਨ। ਉੱਤਪਤੀ ਅਤੇ ਵਿਨਾਸ ਦਾ ਇਹ ਕਾਲ ਚੱਕਰ ਜਗਤ ਦੀ ਪਛਾਣ ਹੈ।

ਵੇਦਾਂ ਵਿਚ ਬ੍ਰਹਮ ਨੂੰ ਹੀ ਜਗਤ ਦੀ ਉਤਪਤੀ ਦਾ ਆਧਾਰ ਸਵੀਕਾਰਿਆ ਗਿਆ ਹੈ। ਉਹ ਸਾਰੇ ਸੰਸਾਰ ਦੇ ਅੰਦਰ-ਬਾਹਰ ਵਿਆਪਕ ਹੈ। ਉਹੀ ਸਾਰੇ ਵਿਸ਼ਵ ਦੀ ਆਤਮਾ ਤੇ ਅਭਿੰਨ ਰੂਪ ਹੈ। ਇਸ ਇਕ ਆਤਮਭਾਵ ਦਾ ਵੇਦ ਮੰਤਰਾਂ ਵਿਚ ਸਪੱਸ਼ਟ ਤੌਰ ’ਤੇ ਪ੍ਰਗਟਾਵਾ ਕੀਤਾ ਗਿਆ ਹੈ। ਭਾਰਤੀ ਦਰਸ਼ਨਾਚਾਰੀਆਂ ਨੇ ਵੀ ਜਗਤ ਦੀ ਉਤਪਤੀ, ਵਿਕਾਸ, ਸਥਿਤੀ ਸੰਬੰਧੀ ਗੰਭੀਰ ਅਧਿਐਨ ਪੇਸ਼ ਕੀਤਾ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਵੇਦਾਂਤ ਦਰਸ਼ਨ ਦਾ ਪੂਰਨ ਅਨੁਸਰਣ ਕੀਤਾ ਗਿਆ ਹੈ ਤੇ ਜਗਤ ਦੀ ਉਤਪਤੀ ਦਾ ਮੂਲ ਕਾਰਨ ਕੇਵਲ ਬ੍ਰਹਮ ਨੂੰ ਹੀ ਮੰਨਿਆ ਗਿਆ ਹੈ। ਭਗਤ ਰਵਿਦਾਸ ਜੀ ਅਨੁਸਾਰ ਬ੍ਰਹਮ ਨੇ ਆਪਣੀ ਗਿਆਨ ਸ਼ਕਤੀ, ਇੱਛਾ ਸ਼ਕਤੀ ਅਤੇ ਕਿਰਿਆ ਸ਼ਕਤੀ ਨਾਲ ਇਸ ਜਗਤ ਦਾ ਨਿਰਮਾਣ ਕੀਤਾ ਹੈ। ਬ੍ਰਹਮ ਹੀ ਜਗਤ ਦਾ ਅਧਾਰ ਅਤੇ ਸਿਰਜਕ ਹੈ। ਬਾਣੀ ਅਨੁਸਾਰ:

> “ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰ ਸੋਊ।।੧।। ਰਹਾਉ।।”[65]

ਇਸ ਤਰ੍ਹਾਂ ਬ੍ਰਹਮ ਸਾਰੇ ਜੀਵਾਂ ਤੇ ਜਗਤ ਵਿਚ ਅਨੇਕ ਰੂਪ ਧਾਰ ਕੇ ਵਿਆਪਤ ਰਹਿੰਦਾ ਹੈ। ਅਰਥਾਤ ਵਿਸਤ੍ਰਿਤ ਹੋ ਕੇ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ। ਪ੍ਰਭੂ ਆਪ ਹੀ ਕਾਰਜ ਰੂਪ ਵਿਚ ਪਰਿਵਰਤਿਤ ਹੁੰਦਾ ਹੈ ਅਤੇ ਸਮੁੱਚੇ ਜਗਤ ਦੀ ਉਤਪਤੀ ਕਰਦਾ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਜਿਸ ਤਰ੍ਹਾਂ ਬ੍ਰਹਮ, ਜੀਵ ਬਾਰੇ ਕਈ ਤਰ੍ਹਾਂ ਦੇ ਨਾਂ ਉਚਾਰੇ ਗਏ ਹਨ, ਉਸੇ ਪ੍ਰਕਾਰ ਨਾਸ਼ਵਾਨ ਮਾਇਆ ਦੇ ਪ੍ਰਭਾਵ ਅਧੀਨ

ਜਗਤ ਨੂੰ ਵੀ ਕਈ ਨਾਵਾਂ ਨਾਲ ਪ੍ਰਸਤੁਤ ਕੀਤਾ ਗਿਆ ਹੈ। ਜਿਵੇਂ ਜਗਤ, ਜਗ, ਦੁਨੀਆ, ਸੰਸਾਰ ਬਾਜੀਗਰ ਦੀ ਬਾਜ਼ੀ, ਭਵਨ ਆਦਿ। ਕਈ ਪ੍ਰਕਾਰ ਦੇ ਨਾਵਾਂ ਦੇ ਨਾਲ-ਨਾਲ ਭਗਤ ਰਵਿਦਾਸ ਜੀ ਜਗਤ ਲਈ ਕਈ ਦ੍ਰਿਸ਼ਟਾਂਤ ਪੇਸ਼ ਕਰਕੇ ਉਪਮਾਉਂਦੇ ਵੀ ਹਨ। ਕਿਤੇ ਦੁੱਖਾਂ ਦਾ ਘਰ, ਕਿਤੇ ਐਸੀ ਸਚਾਈ ਜੋ ਨਾਸ਼ਵਾਨ ਹੈ। ਮਨੁੱਖ ਇਸ ਦੇ ਸਦੀਵੀ ਹੋਣ ਦਾ ਭੁਲੇਖਾ ਮਨੁੱਖ ਖਾਈ ਬੈਠਾ ਹੈ। ਅਸਲ ਵਿਚ ਇਹ ਸੰਸਰ ਕੁਸੰਭੜੇ ਦੇ ਫੁੱਲ ਵਾਂਗ ਥੋੜ੍ਹਾ ਚਿਰ ਹੀ ਹੈ। ਮਾਇਆ ਦੇ ਭਰਮ ਮਨੁੱਖ ਨੂੰ ਸੋਝੀ ਹੀ ਨਹੀਂ ਆਉਣ ਦਿੰਦੇ। ਇਸ ਲਈ ਉਹ ਇਸ ਨੂੰ ਸੱਚ ਸਮਝਦਾ ਹੈ ਤੇ ਮਨੁੱਖ ਦੀ ਤ੍ਰਾਸਦੀ ਹੀ ਇਹੀ ਹੈ ਕਿ ਉਹ ਪਦਾਰਥ ਵਿਚ, ਬਿੰਬਾਂ ਵਿਚ ਜਾਂ ਚਿੱਤਰਾਂ ਵਿਚ ਜਿਉਂਦਾ ਹੈ। ਸਚਾਈ ਤਾਂ ਇਹ ਹੈ ਕਿ ਇਸ ਨਾਸ਼ਵਾਨ ਜਗਤ ਵਿਚ ਕੇਵਲ ਪਰਮਾਤਮਾ ਹੀ ਸਦੀਵੀ ਅਤੇ ਪਰਮਸਤਿ ਹੈ, ਉਸ ਦਾ ਰੰਗ ਮਜੀਠ ਵਾਂਗ ਪੱਕਾ ਤੇ ਹਮੇਸ਼ਾ ਰਹਿਣ ਵਾਲਾ ਸਥਿਰ ਹੈ। ਉਸ ਤੋਂ ਬਿਨਾਂ ਸਾਰਾ ਜਗਤ ਕਸੁੰਭ ਦੇ ਫੁੱਲ ਦੇ ਰੰਗ ਵਾਂਗ ਥੋੜ੍ਹਾ ਚਿਰ ਹੈ:

"ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠੁ ਕਾ ਕਹੁ ਰਵਿਦਾਸ ਚਮਾਰ॥"[65]

ਅਗਿਆਨੀ ਮਨੁੱਖ ਵਿਕਾਰਾਂ ਵਿਚ ਫਸ ਕੇ ਮੇਰ-ਤੇਰ ਦੇ ਭਾਵ ਵਿਚ ਉਲਝ ਜਾਂਦਾ ਹੈ। ਕੇਵਲ ਅਤੇ ਕੇਵਲ ਸੰਸਾਰਿਕ ਵੰਡੀਆਂ ਅਤੇ ਵਿਤਕਰਿਆਂ ਜੋਗਾ ਹੀ ਰਹਿ ਜਾਂਦਾ ਹੈ। ਇਹ ਸੰਸਾਰ ਬਾਜ਼ੀਗਰ ਰੂਪੀ ਪਰਮਾਤਮਾ ਦੀ ਖੇਡ (ਬਾਜ਼ੀ) ਹੈ ਤੇ ਇਸ ਦੁੱਖਾਂ ਦੇ ਘਰ ਤੋਂ ਪਾਰ ਅਰਥਾਤ ਮਾਇਆ ਦੇ ਫੰਦੇ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਭਗਤ ਰਵਿਦਾਸ ਬਾਣੀ ਵਿਚ ਬਾਰ-ਬਾਰ ਪ੍ਰਭੂ ਭਗਤੀ ਕਰਨ ਅਤੇ ਨਾਮ ਸਿਮਰਨ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਕ ਦਿਨ ਇਸ ਫਾਨੀ ਜਗਤ ਵਿਚ ਜੀਵ ਨੇ ਵੀ ਫਨਾਹ ਹੋ ਜਾਣਾ ਹੈ। ਕੇਵਲ ਪਰਮਾਤਮਾ ਦੀ ਕਿਰਤ ਹੋਣ ਕਰਕੇ ਜਗਤ ਸਤਿ ਲੱਗਦਾ ਹੈ। ਬਾਣੀ ਅਨੁਸਾਰ:

"ਕਹਿ ਰਵਿਦਾਸ ਬਾਜੀ ਜਗੁ ਭਾਈ ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ
ਆਈ॥੩॥ ੬॥"[66]

ਦਰਅਸਲ ਭਗਤ ਰਵਿਦਾਸ ਜੀ ਮੂਰਖ ਅਤੇ ਲਾਪਰਵਾਹ ਜੀਵ ਨੂੰ ਆਪਾ ਅੱਗਾ ਸੰਵਾਰਨ ਲਈ ਪ੍ਰੇਰਦੇ ਹਨ ਤਾਂ ਜੋ ਪਰਲੋਕ ਵਿਚ ਸੁੱਖਾਂ ਦੀ ਪ੍ਰਾਪਤੀ ਹੋ ਸਕੇ। ਇਥੇ ਭਗਤ ਰਵਿਦਾਸ ਜੀ ਜਗਤ ਜਾਂ ਸ੍ਰਿਸ਼ਟੀ ਬਾਰੇ ਬਹੁਤ ਸੋਹਣੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜ਼ਿਕਰ ਕਰਦੇ ਹਨ। ਭਗਤ ਰਵਿਦਾਸ ਜੀ ਬਿਆਨ ਕਰਦੇ ਹਨ ਕਿ ਸ੍ਰਿਸ਼ਟੀ ਇਕ ਅਜਿਹੀ ਸਰਾਂ ਜਾਂ ਧਰਮਸ਼ਾਲਾ ਹੈ, ਜਿਸ ਵਿਚ ਯਾਤਰੀਆਂ (ਜੀਵ) ਨੇ ਆਯੂ (ਉਮਰ) ਰੂਪੀ ਰਾਤ ਕੱਟ ਕੇ ਅਵੱਸ਼ ਹੀ ਚਲੇ ਜਾਣਾ ਹੈ। ਇਸ ਧਰਮਸ਼ਾਲਾ ਵਿਚ ਜੋ ਜੀਵ ਆ ਗਿਆ ਹੈ, ਉਸ ਦਾ ਸ਼ੁਭ ਕਰਮ ਕਰਨਾ ਹੀ ਅੰਤਿਮ ਉਦੇਸ਼ ਹੋਣਾ ਚਾਹੀਦਾ ਹੈ। ਇਸ ਪ੍ਰਕਾਰ ਸਪੱਸ਼ਟ ਹੈ ਕਿ ਜਗਤ ਨਾਸ਼ਮਾਨ ਹੈ। ਰਚਨਾਕਾਰ ਇਸ ਸੰਸਾਰ ਦੀ ਖੇਡ ਨੂੰ ਕਦੇ ਵੀ ਸਮੇਟ ਸਕਦਾ ਹੈ। ਇਹ ਪਸਾਰਾ ਸਿਮਟ ਕੇ ਫਿਰ ਓਅੰਕਾਰ ਦਾ ਰੂਪ ਹੋ ਜਾਂਦਾ ਹੈ। ਜੀਵ, ਜਗਤ ਇਹ ਸਾਰੀ ਖੇਡ ਉਸ ਕਿਸਾਨ ਦੀ ਫਸਲ ਵਾਂਗੂ ਹੈ, ਜਿਸ ਨੂੰ ਉਹ ਜਿਵੇਂ ਚਾਹੇ ਵੱਢ ਕੇ ਸਮੇਟ ਲਵੇ। ਬਾਣੀ ਅਨੁਸਾਰ:

"ਕਈ ਬਾਰ ਪਸਰਿਓ ਪਾਸਾਰ।।
ਸਦਾ ਸਦਾ ਇਕ ਏਕੰਕਾਰ।।"[67]

**ਮਾਇਆ:** ਮਾਇਆ ਕੀ ਹੈ? ਭਾਰਤੀ ਧਰਮ ਦਰਸ਼ਨ, ਸਾਹਿਤ, ਸੰਤ ਬਾਣੀ ਤੇ ਗੁਰਬਾਣੀ ਹਰ ਕਾਵਿ ਪਰੰਪਰਾ ਵਿਚ ਮਾਇਆ ਜਾਂ ਮਇਆਵਾਦ ਦੀ ਚਰਚਾ ਹੁੰਦੀ ਰਹੀ ਹੈ। ਇਸ ਦੇ ਬਾਰੇ ਅਨੇਕ ਅਰਥ ਵੱਖ-ਵੱਖ ਸਮੇਂ ਵਿਚ ਪੇਸ਼ ਕੀਤੇ ਗਏ ਹਨ। ਵੇਦਾਂ ਵਿਚ ਜੋ ਮਾਇਆ ਦਾ ਅਰਥ ਮਿਲਦਾ ਹੈ, ਉਹ ਅੱਜ ਦੀ ਮਾਇਆ ਦੇ ਅਰਥਾਂ ਤੋਂ ਭਿੰਨ ਹੈ। ਇਸ ਦੀ ਵਰਤੋਂ ਸੁਹਜ ਸ਼ਕਤੀ, ਅਦਭੁਤ ਸ਼ਕਤੀ, ਦੈਵੀ ਸ਼ਕਤੀ, ਅਨੁਭਵ ਸ਼ਕਤੀ, ਅਕੱਥ ਸ਼ਕਤੀ ਅਤੇ ਨਿਰਮਾਣ ਸ਼ਕਤੀ ਅਰਥਾਂ ਵਿਚ ਆਪ ਮਿਲਦੀ ਹੈ। ਇਹ ਸ਼ਕਤੀ ਦਿਆਲੂ ਵੀ ਹੋ ਸਕੀ ਹੈ ਅਤੇ ਇਹ ਸ਼ਕਤੀ ਨੁਕਸਾਨਦਾਇਕ ਵੀ ਹੋ ਸਕਦੀ ਹੈ। ਭਾਰਤੀ ਇਤਿਹਾਸ ਦੇ ਪ੍ਰਾਚੀਨ, ਮੱਧ ਤੇ ਆਧੁਨਿਕ ਲਗਭਗ ਸਾਰਿਆਂ ਕਾਲਾਂ ਵਿਚ 'ਮਾਇਆ' ਦਾ ਵਰਨਣ ਹੁੰਦਾ ਰਿਹਾ ਹੈ।

ਉਪਨਿਸ਼ਦਾਂ ਵਿਚ ਮਾਇਆ ਲਈ ਅਵਿੱਦਿਆ, ਭਰਮ, ਪ੍ਰਕਿਰਤੀ ਆਦਿ ਸ਼ਬਦ ਮਿਲਦੇ ਹਨ। ਗੀਤਾ ਵਿਚ ਅਵਿੱਦਿਆ ਭਰਮ ਤੇ ਪ੍ਰਕਿਰਤੀ ਸ਼ਬਦ ਮਾਇਆ ਲਈ ਵਿਸ਼ੇਸ਼ ਤੌਰ 'ਤੇ ਦ੍ਰਿਸ਼ਟੀਗੋਚਰ ਹੁੰਦੇ ਹਨ। ਸ੍ਰੀਮਦ ਭਗਵਤ ਗੀਤਾ ਅਨੁਸਾਰ, ਸਤੋ, ਰਜੋ, ਤਮੋ ਤੈਗੁਣਾਤਮਿਕ ਮਾਇਆ ਦੇ ਭਰਮ ਕਰਕੇ ਪ੍ਰਭੂ ਦਾ ਗਿਆਨ ਨਹੀਂ ਜਾਣਿਆ ਜਾ ਸਕਦਾ। ਵੇਦਾਂਤ ਵਿਚ ਮਾਇਆ ਦਾ ਦਾਰਸ਼ਨਿਕ ਅਧਿਐਨ ਹੋਇਆ ਹੈ, ਜਿਸ ਨੂੰ ਮਾਇਆਵਾਦ ਦਾ ਨਾਂ ਪ੍ਰਦਾਨ ਕੀਤਾ ਗਿਆ ਹੈ। ਰਾਮਾਇਣ ਅਤੇ ਮਹਾਂਭਾਰਤ ਵਿਚ ਵੀ ਮਾਇਆ ਦੇ ਭੇਦ ਦਾ ਜ਼ਿਕਰ ਮਿਲਦਾ ਹੈ।

ਨਾਥ ਮਤ ਵਿਚ ਮਾਇਆ ਨੂੰ ਵਿਸ਼ੈਲੀ ਨਾਗਨ ਦੀ ਸੰਗਿਆ ਦਿੱਤੀ ਗਈ ਹੈ। ਛੱਲਣ ਵਾਲੀ ਦੱਸਿਆ ਗਿਆ ਹੈ ਜੋ ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਵਰਗੇ ਦੇਵਤਿਆਂ ਨੂੰ ਵੀ ਨਹੀਂ ਬਖ਼ਸ਼ਦੀ। ਇਸਲਾਮ  ਇਸ ਨੂੰ ਸੁਤੰਤਰ ਸ਼ਕਤੀ ਮੰਨਦਾ ਹੈ, ਜੋ ਮਨੁੱਖ ਨੂੰ ਅਨੈਤਿਕ ਕਦਰਾਂ-ਕੀਮਤਾਂ ਵੱਲ ਲੈ ਜਾਂਦੀ ਹੈ। ਸੂਫੀ ਸੰਤ ਇਸ ਨੂੰ ਆਤਮਾ ਪਰਮਾਤਮਾ ਦੇ ਮਿਲਣ ਵਿਚ ਰੁਕਾਵਟ ਸਮਝਦੇ ਹਨ। ਇਹ ਬੁਰਾਈ ਤੇ ਵਿਨਾਸ਼ ਦੀ ਮੂਲ ਜੜ੍ਹ ਕਹੀ ਜਾ ਸਕਦੀ ਹੈ।

ਗੁਰਮਤਿ-ਕਾਵਿ ਵਿਚ ਡਾ. ਰਤਨ ਸਿੰਘ ਜੱਗੀ ਅਨੁਸਾਰ ਮਾਇਆ ਦੇ ਦੋ ਰੂਪ ਮੁੱਖ ਤੌਰ 'ਤੇ ਵੇਖਣ ਵਿਚ ਆਉਂਦੇ ਹਨ। ਗੁਰਮਤਿ ਕਾਵਿ ਵਿਚ ਮਾਇਆ ਨੂੰ ਪ੍ਰਭੂ ਦੇ ਸਿਮਰਨ ਤੋਂ ਹਟਾਉਣ ਵਾਲੀ ਸਵੀਕਾਰਿਆ ਗਿਆ ਹੈ। ਜੇ ਇਸ ਤੇ ਕਾਬੂ ਰੱਖਿਆ ਜਾਵੇ ਤਾਂ ਕੇਵਲ ਦੁਨੀਆਂ ਸੁੱਖੀ ਹੋ ਸਕਦੀ ਹੈ। ਇਸ ਤੋਂ ਬਚਣ ਦੇ ਉਪਾਅ ਵੀ ਗੁਰਮਤਿ ਕਾਵਿ ਵਿਚ ਮਿਲਦੇ ਹਨ।

ਭਗਤ ਕਬੀਰ ਜੀ ਮਾਇਆ ਦਾ ਇਕ ਰੂਪ ਉਹ ਵੀ ਮੰਨਦੇ ਹਨ ਜਿਸ ਨੂੰ ਰਾਮ ਨੂੰ ਮਿਲਾਉਣ ਵਾਲੀ ਆਖਿਆ ਗਿਆ ਹੈ। ਮਾਇਆ ਦੋ ਕਿਸਮ ਦੀ ਹੈ: ਮਿਲਾਉਣ ਵਾਲੀ ਅਤੇ ਵਿਛੋੜਨ ਵਾਲੀ। ਸਪੱਸ਼ਟ ਹੈ ਕਿ ਇਨ੍ਹਾਂ ਨੇ ਮਾਇਆ ਨੂੰ 'ਹਾਉਮੈ' ਦੇ ਰੂਪ ਹੀ ਚਿਤਵ ਕੇ ਇਸ ਦੇ ਦੋ ਰੂਪ ਦੱਸਦੇ ਹਨ।

ਜਗਤ ਗੁਰੂ ਸ਼ੰਕਰਾਚਾਰੀਆਂ ਨੇ ਜੀਵ ਤੇ ਜਗਤ ਦੀ, ਬ੍ਰਹਮ ਤੇ ਜੀਵ ਦੀ ਏਕਤਾ ਅਭੇਦਤਾ ਸਵੀਕਾਰ ਕਰਕੇ ਇਸ ਜਗਤ ਨੂੰ ਕੇਵਲ ਬ੍ਰਹਮ ਦਾ ਪ੍ਰਤਿਭਾਸ਼ ਜਾਂ ਪਰਛਾਈ ਦੱਸਿਆ ਹੈ। ਜਦ ਉਹ ਕਹਿੰਦੇ ਹਨ ਕਿ ਬ੍ਰਹਮ ਸੱਤ ਹੈ ਅਤੇ ਜਗਤ ਮਿੱਥਿਆ ਹੈ ਤਾਂ ਇਨ੍ਹਾਂ ਹੀ ਅਰਥਾਂ ਵਿਚ ਉਹ ਮਾਇਆ ਦਾ ਵਖਾਣ ਕਰਦੇ ਹਨ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਮੱਤ ਨੂੰ 'ਮਾਇਆਵਾਦ' ਕਹਿ ਕੇ ਯਾਦ ਕੀਤਾ ਜਾਂਦਾ ਹੈ।

ਭਾਰਤੀ ਸਾਹਿਤ ਵਿਚ ਮਾਇਆ ਦਾ ਜੋ ਮੰਡਲਾਂ ਵਿਚ ਪ੍ਰਯੋਗ ਹੋਇਆ ਹੈ। ਇਕ ਹੈ ਰਹੱਸਵਾਦੀ ਮੰਡਲ ਤੇ ਦੂਜਾ ਹੈ ਦਾਰਸ਼ਨਿਕ ਮੰਡਲ। ਰਹੱਸਵਾਦੀ ਮੰਡਲ ਵਿਚ ਮਾਇਆ ਸ਼ਬਦ ਦੀ ਵਰਤੋਂ ਇਕ ਸ਼ੈਲੀ ਮਾਤ੍ਰ ਹੈ। ਸ਼ਕਤੀ, ਲੀਲਾ, ਭਰਮ ਆਦਿ ਅਰਥਾਂ ਨੂੰ ਪ੍ਰਗਟਾਉਣ ਲਈ ਆਮ ਭਾਸ਼ਾਈ ਪੱਧਰ 'ਤੇ ਕਲਾਤਮਿਕ ਰੂਪ ਵਿਚ 'ਮਾਇਆ' ਦਾ ਪ੍ਰਯੋਗ ਰਹੱਸਵਾਦੀ ਸ਼ੈਲੀ ਹੈ। ਰਹੱਸਵਾਦੀ ਇਸ ਲਈ ਕਿ ਤੱਤ ਚਿੰਤਨ ਦਰਸ਼ਨ ਜਾਂ ਵਿਚਾਰ-ਬਿਬੇਕ ਦੀ ਗਲਕਥ ਜਦ ਕਾਵਿਮਈ ਸ਼ੈਲੀ ਵਿਚ ਹੋਈ ਹੈ ਤਾਂ ਉਥੇ ਰਹੱਸਮਈ ਕਲਪਨਾ ਹੋਈ ਹੈ। ਜਿਵੇਂ ਰਿਗਵੇਦ, ਮਹਾਂਭਾਰਤ ਆਦਿ ਵਿਚ 'ਮਾਇਆ' ਸ਼ਬਦ ਦੀ ਵਰਤੋਂ। ਦੂਜੇ ਪਾਸੇ ਸ਼ੰਕਰ ਦਾ ਅਦਵੈਤਵਾਦੀ 'ਮਾਇਆਵਾਦ' ਜੋ ਇਕ ਸਿਧਾਂਤ ਰੂਪ ਵਿਚ ਪ੍ਰਚਲਿੱਤ ਹੋਇਆ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮਾਇਆ ਦਾ ਜ਼ੋਰਦਾਰ ਵਰਨਣ ਹੋਇਆ ਹੈ। ਰਵਿਦਾਸ ਬਾਣੀ ਦੇ ਪਿਛੋਕੜ ਵਿਚ ਇਕ ਵੱਡੀ ਪਰੰਪਰਾ 'ਮਾਇਆਵਾਦ' ਦੀ ਨਾਥਾਂ ਤੋਂ ਚਲੀ ਆ ਰਹੀ ਸੀ। ਮਾਇਆ ਦਾ ਮੁੱਖ ਲੱਛਣ (ਬੰਧਨ) ਹੈ। ਭਾਵ ਮਾਇਆ ਮਨੁੱਖ ਲਈ ਬੰਧਨ ਦਾ ਕੰਮ ਕਰਦੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ:

> "ਮਾਇਆ ਹੋਰ ਕੁਝ ਨਹੀਂ ਜੀਵ ਆਤਮਾ ਨੂੰ ਖੁਸ਼ੀ ਗ਼ਮੀ ਵਿਚ ਜਿਹੜੀ ਅਲੱਖ ਸ਼ਕਤੀ ਬੰਨੀ ਲਈ ਫਿਰਦੀ ਹੈ ਉਹ ਮਾਇਆ ਹੈ ਤੇ ਮਾਇਆ ਦਾ ਪਹਿਲਾ ਕਰਤੱਵ ਇਹ ਹੈ ਕਿ ਉਹ ਜੀਵ ਆਤਮਾ ਨੂੰ ਹਉਮੈ ਅਧੀਨ ਰੱਖਦੀ ਹੈ।"

ਡਾ. ਸੁਰਿੰਦਰ ਸਿੰਘ ਕੋਹਲੀ ਮਾਇਆ ਨੂੰ ਨਾ ਤੱਤ ਅਤੇ ਨਾ ਪ੍ਰਕਿਰਿਆ ਮੰਨਦੇ ਹਨ। ਉਹ ਇਸ ਨੂੰ ਇਕ ਸ਼ਕਤੀ ਸਰੂਪ ਵਿਚ ਵੇਖਦੇ ਹਨ। ਸਿੱਖ ਗੁਰੂਆਂ ਨੇ ਸਾਖ ਦਰਸ਼ਨ ਦੇ ਇਸ ਮਤ ਦਾ ਖੰਡਨ ਕੀਤਾ ਹੈ ਕਿ ਪ੍ਰਕਿਰਤੀ (ਮਾਇਆ) ਪੁਰਸ਼ (ਬ੍ਰਹਮ) ਤੋਂ ਸੁਤੰਤਰ ਸਦੀਵੀ ਹਸਤੀ ਹੈ। ਗੁਰੂਆਂ ਦੇ ਅਨੁਸਾਰ ਮਾਇਆ ਬ੍ਰਹਮ ਦੀ ਪ੍ਰਕਿਰਤੀ ਹੈ ਤੇ ਉਸ ਦੀ ਸ਼ਕਤੀ ਹੈ। ਇਨ੍ਹਾਂ ਖੋਜੀਆਂ ਦੇ ਵਿਚਾਰਾਂ ਤੋਂ ਅਸੀਂ ਇਸ ਨਿਰਣੇ ਤੇ ਪਹੁੰਚਦੇ ਹਾਂ ਕਿ ਨਿਰਗੁਣ ਬਾਣੀ ਵਿਚ ਮਾਇਆ ਦਾ ਤਿੰਨ ਤਰ੍ਹਾਂ ਦਾ ਸਰੂਪ ਸਪੱਸ਼ਟ ਹੋਇਆ ਹੈ। ਪਹਿਲਾਂ ਤਾਤਵਿਕ ਸਰੂਪ, ਦੂਜਾ ਤ੍ਰਿਗੁਣਾਤਮਿਕ ਅਤੇ ਤੀਜਾ ਸਾਹਿਤਕ ਸਰੂਪ ਹੈ। ਭਗਤ ਰਵਿਦਾਸ ਜੀ ਨੇ ਰਾਮਾਨੁਜ ਦੀ ਤਰ੍ਹਾਂ ਮਾਇਆ ਨੂੰ ਬ੍ਰਹਮ ਦੀ ਨਿਤਯ ਅਚੇਤਨ ਸ਼ਕਤੀ ਸਵੀਕਾਰ ਕੀਤਾ ਹੈ। ਭਗਤ ਰਵਿਦਾਸ ਜੀ ਮਾਇਆ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਫਰਮਾਉਂਦੇ ਹਨ। ਮਾਇਆ ਮਿੱਥਿਆ ਹੈ ਅਤੇ ਇਸ ਦਾ ਪਾਸਾਰ ਵੀ ਮਿੱਥਿਆ ਹੈ। ਮਾਇਆ ਧਰਤੀ, ਆਕਾਸ਼ ਅਤੇ ਜਲ-ਥਲ ਸਭਨਾਂ ਵਿਚ ਵਿਦਵਾਨ ਹੈ। ਇਸ

ਮਾਇਆ ਮੋਹਣੀ ਨੇ ਸਭ ਨੂੰ ਆਪਣੇ ਵੱਸ ਕੀਤਾ ਹੋਇਆ ਹੈ। ਇਹ ਬਹੁਤ ਪ੍ਰਬਲ ਹੈ ਤੇ ਸਭ ਨੂੰ ਧੋਖਾ ਦੇ ਰਹੀ ਹੈ; ਛਲ ਰਹੀ ਹੈ ਅਤੇ ਸਭ ਨੂੰ ਜਲਾ ਰਹੀ ਹੈ। ਸਾਧਾਰਨ ਮਨੁੱਖ ਤਾਂ ਬਹੁਤ ਛੋਟੀ ਗੱਲ ਹੈ ਵਿਦਵਾਨ, ਵੱਡੇ-ਵੱਡੇ ਪੰਡਿਤ, ਯੋਗੀ, ਤਪੱਸਵੀ ਵੀ ਇਸ ਤੇ ਪ੍ਰਕੋਪ ਤੋਂ ਬਚ ਨਹੀਂ ਸਕੇ। ਭਗਤ ਰਵਿਦਾਸ ਜੀ ਮਾਇਆ ਰੂਪੀ ਦੈਂਤ ਤੋਂ ਬਚਦੇ ਚੱਲਣ ਦੀ ਸਿੱਖਿਆ ਦਿੰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਮਾਇਆ ਨੂੰ ਪੂਰਨ ਭਾਂਤ ਤੇ ਇਸ ਦੇ ਮੋਹ ਨੂੰ ਤਿਆਗਿਆ ਹੋਇਆ ਸੀ। ਬਾਣੀ ਅਨੁਸਾਰ:

"ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥"[68]

ਰਵਿਦਾਸ ਜੀ ਅਨੁਸਾਰ ਮਾਇਆ ਆਦਮੀ ਦੀ ਕਹਿਣੀ ਤੇ ਕਰਨੀ ਵਿਚ ਅੰਤਰ ਲੈ ਆਉਂਦੀ ਹੈ। ਇਕ ਨਹੀਂ ਰਹਿਣ ਦਿੰਦੀ। ਇਨਸਾਨ ਮਨ, ਬਚਨ ਅਤੇ ਕਰਮ ਵਿਚ ਇਕ ਰੂਪ ਨਹੀਂ ਰਹਿ ਸਕਦਾ। ਮਾਇਆ ਦੇ ਪ੍ਰਭਾਵ ਵਿਚ ਮਨੁੱਖ ਹੋਰ ਦਾ ਹੋਰ ਹੋ ਜਾਂਦਾ ਹੈ। ਮਾਇਆ ਮਨੁੱਖ ਨੂੰ ਹਮੇਸ਼ਾ ਧੋਖਾ ਫ਼ਰੇਬ ਅਤੇ ਚਲਾਕੀ ਲਈ ਉਕਸਾਉਂਦੀ ਹੈ। ਬਾਣੀ ਅਨੁਸਾਰ

"ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥"[69]

ਇਸ ਤਰ੍ਹਾਂ ਕਪਟੀ ਮਾਇਆ ਨੇ ਮਨੁੱਖ ਨੂੰ ਬ੍ਰਹਮ ਦਾ ਅੰਸ਼ ਹੁੰਦਿਆ ਵੀ ਭਰਮ-ਜਾਲ ਵਿਚ ਫਸਾਇਆ ਹੋਇਆ ਹੈ। ਇਸ ਤਰ੍ਹਾਂ ਮਨੁੱਖ ਉਸ ਪਰਮ ਪਿਤਾ ਤੋਂ ਦੂਰ ਹੋ ਕੇ ਦੁੱਖ ਸਹਿ ਰਿਹਾ ਹੈ। ਮਨੁੱਖ ਦੀ ਇਹ ਦੁਰਦਸ਼ਾ ਦਾ ਸੁੰਦਰ ਚਿੱਤਰ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ:

"ਮਾਧਵੇ ਕਿਆ ਕਹੀਐ ਭ੍ਰਮ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੨॥"[70]

ਅਰਥਾਤ ਮਾਇਆ ਇੰਨੀ ਸ਼ਕਤੀਸ਼ਾਲੀ ਹੈ ਕਿ ਮਨੁੱਖ ਜਾਗਦਿਆਂ ਵੀ ਇਸ ਦੇ ਵੱਸ ਵਿਚ ਰਹਿੰਦਾ ਹੈ ਤੇ ਸੌਂਦਿਆਂ ਵੀ ਇਹ ਆਪਣਾ ਅਸਰ ਕਾਇਮ ਰੱਖਦੀ ਹੈ। ਮਾਇਆ ਮਨੁੱਖ ਦੀ ਮੱਤ ਐਸੀ ਮਿੱਟੀ ਕਰਦੀ ਹੈ ਕਿ ਪਰਮਾਤਮਾ ਦੇ ਅਸਲ ਸਰੂਪ ਦੀ ਸੋਝੀ ਤੱਕ ਨਹੀਂ ਹੋਣ ਦਿੰਦੀ। ਮਨੁੱਖ ਪਰਮ ਤੱਤ ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ। ਬਾਣੀ ਅਨੁਸਾਰ:

"ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥"[71]

ਸਮੁੱਚੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਾਇਆ ਪ੍ਰਬਲ ਸ਼ਕਤੀ ਹੈ। ਇਹ ਅਨਿਰਵਚਨੀਯ ਸਕਾਰਾਤਮਿਕ ਸ਼ਕਤੀ ਹੈ, ਜੋ ਸਮਸਤ ਸੰਸਾਰ ਦੀ ਸਿਰਜਣਾ ਕਰਨ ਵਿਚ ਬ੍ਰਹਮ ਦੀ ਸਹਾਇਤਾ ਕਰਦੀ ਹੈ। ਇਹ ਅਨੰਤ ਭਰਮਾਂ-ਅਵਿੱਦਿਆ ਅਤੇ ਅਗਿਆਨਤਾ ਦੀ ਜਨਨੀ ਅਤੇ ਵਿਵੇਕਨਾਸ਼ਨੀ ਹੈ। ਮਨੁੱਖ ਨੂੰ

ਵਿਨਾਸ਼ ਵੱਲ ਲੈ ਜਾਣ ਵਾਲੀ। ਮਾਇਆ ਤੋਂ ਮੁਕਤੀ ਹਾਸਿਲ ਕਰਨ ਲਈ ਮਨੁੱਖ ਨੂੰ ਪਰਮਾਤਮਾ ਦੀ ਸ਼ਰਨ ਵਿਚ ਆਉਣਾ ਹੀ ਪਵੇਗਾ ਉਸ ਨੂੰ ਆਪਣੀ ਮੁਕਤੀ ਲਈ ਅਰਦਾਸ ਕਰਨੀ ਪਵੇਗੀ। ਬਾਣੀ ਅਨੁਸਾਰ:

"ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥੧॥"[72]

--------------------------

"ਕਹੈ ਰਵਿਦਾਸ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ॥੨॥੨॥"[73]

ਇਸ ਤਰ੍ਹਾਂ ਪਰਮਾਤਮਾ ਦੀ ਭਗਤੀ ਨਾਲ ਮਾਇਆ ਦਾ ਪ੍ਰਭਾਵ ਘਟੇਗਾ। ਭਗਤ ਰਵਿਦਾਸ ਜੀ ਨੇ ਮਾਇਆ ਪ੍ਰਤੀ ਆਪਣੇ ਵਿਚਾਰਾਂ ਵਿਚ ਮੌਲਿਕਤਾ ਦਿਖਾਈ ਹੈ। ਇਨ੍ਹਾਂ ਨੇ ਪਰੰਪਰਾਗਤ ਮਾਇਆਵਾਦ ਵਿਚ ਨਿਸ਼ਦਾਤਮਿਕ ਅਤੇ ਪਲਾਇਨਵਾਦੀ ਰੁਚੀ ਨੂੰ ਕੋਈ ਮਹੱਤਵ ਨਹੀਂ ਦਿੱਤਾ।

**ਮੁਕਤੀ:**

"ਪਾਰੁ ਕੈਸੇ ਪਾਇਬੋ ਰੇ॥ ਮੋਸਉ ਕੋਊ ਨ ਕਹੈ ਸਮਝਾਇ॥
ਜਾ ਤੇ ਆਵਾ ਗਵਨੁ ਬਿਲਾਇ॥੧॥ ਰਹਾਉ॥"[74]

ਗੁਰੂ ਸਾਹਿਬਾਨਾਂ ਦਾ ਫ਼ੁਰਮਾਨ ਇਹ ਹੈ ਕਿ ਜਿਸ ਮਨੁੱਖ ਨੇ ਹਉਮੈ ਦਾ ਤਿਆਗ ਕਰ ਦਿੱਤਾ; ਗੁਰੂ ਦਾ ਸ਼ਬਦ ਮਨ ਵਸਾ ਲਿਆ ਅਤੇ ਨਿਰੰਕਾਰ ਦੀ ਅਰਾਧਨਾ ਕਰ ਲਈ, ਉਹ ਮੁਕਤੀ, ਪਰਮ ਗਤਿ ਜਾਂ ਮੋਖ ਦੁਆਰਾ ਪ੍ਰਾਪਤ ਕਰ ਲੈਂਦਾ ਹੈ। ਇਸ ਤੋਂ ਉਲਟ, ਮਨਮੁਖ ਵਿਅਕਤੀ ਆਪਣੇ ਦੁਰਲੱਭ ਮਨੁੱਖੀ ਜੀਵਨ ਨੂੰ ਵਿਅਰਥ ਦੇ ਪਖੰਡਾਂ ਵਿਚ ਉਲਝਾਈ ਰੱਖਦਾ ਹੈ ਤੇ ਆਵਾਗਵਨ ਵਿਚ ਪਿਆ ਰਹਿੰਦਾ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਜੀਵਨ-ਮੁਕਤੀ ਅਤੇ ਜੀਵਨ ਮਰਨ ਦੇ ਪਰੋਖ-ਅਪਰੋਖ ਹਵਾਲੇ ਦ੍ਰਿਸ਼ਟੀਗੋਚਰ ਹੋਏ ਹਨ। ਸਮ-ਦ੍ਰਿਸ਼ਟੀ ਨਾਲ ਸਦ-ਅਨੰਦ ਦੀ ਅਵਸਥਾ ਵਿਚ ਵਿਚਰਨ ਵਾਲੇ ਬੰਧਨ-ਮੁਕਤ ਮਨੁੱਖ ਨੂੰ ਜੀਵਨ-ਮੁਕਤ ਦਾ ਨਾਂ ਦਿੱਤਾ ਗਿਆ ਹੈ। ਜੀਵਨ ਮਰਨਾ ਇਸ ਦਾ ਦੂਸਰਾ ਨਾਂ ਹੈ। ਬਾਣੀ ਅਨੁਸਾਰ:

"ਜੀਵਨ ਮੁਕਤਿ ਸੋ ਆਖਿਐ
ਮਰਿ ਜੀਵੈ ਮਰੀਆ॥"[75]

ਭਾਵ ਜਿਉਂਦਿਆਂ ਮਰਨ ਦਾ ਭਾਵ ਹਰਿਨਾਮ ਅਰਾਧਨ ਅਤੇ ਪ੍ਰਭ-ਭਗਤੀ ਰਾਹੀਂ ਸਭ ਵਿਸ਼ੇ-ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰ ਲੈਣਾ ਹੁੰਦਾ ਹੈ। ਭਗਤ ਰਵਿਦਾਸ ਜੀ ਪ੍ਰਭੂ ਦੀ ਭਗਤੀ ਕਰਕੇ ਬੜੇ ਵਿਸ਼ਵਾਸ ਨਾਲ ਆਪਣੀ ਉਸ ਉਚੇਰੀ ਆਤਮਿਕ ਅਵਸਥਾ ਦੇ ਸੰਕੇਤ ਦਿੰਦੇ ਹਨ, ਜਿਸ ਵਿਚ ਉਨ੍ਹਾਂ ਨੂੰ ਪੂਰਨ ਟਿਕਾਉ ਅਤੇ ਪਰਮਾਨੰਦ ਪ੍ਰਾਪਤ ਹੋ ਗਿਆ ਹੈ। 'ਬੇਗਮਪੁਰੇ' ਵਾਲਾ ਸੰਕਲਪ ਉਨ੍ਹਾਂ ਦੀ ਜੀਵਨ-ਮੁਕਤੀ ਅਤੇ ਜੀਵੰਤ ਮਰਨ ਦੀ ਸਪੱਸ਼ਟ ਉਦਾਹਰਨ ਹੈ। ਜਿਸ ਵਿਅਕਤੀ ਨੇ ਜਿਉਂਦੇ ਜੀਅ ਆਪਣਏ ਆਪ ਨੂੰ ਮਾਰ ਲਿਆ

ਸੁਭਾਵਿਕ ਹੀ, ਉਹ ਜੀਵਨ-ਮੁਕਤ ਹੋ ਨਿਬੜਦਾ ਹੈ। ਸਭ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ ਤੋਂ ਵਿਕਾਰਾਂ ਤੋਂ ਨਿਜਾਤ ਪਾ ਜਾਂਦਾ ਹੈ ਤੇ ਕੇਵਲ ਸਾਧਕ ਦੇ ਵੱਸ ਵਿਚ ਹੀ ਇਹ ਮੁਕਤੀ ਆ ਸਕਦੀ ਹੈ। ਬਾਣੀ ਅਨੁਸਾਰ:

"ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ ॥"[76]

ਇਸ ਪ੍ਰਕਾਰ ਭਗਤ ਰਵਿਦਾਸ ਬਾਣੀ ਵਿਚ ਅਤਿ ਸੁੰਦਰ ਢੰਗ ਨਾਲ ਜੀਵ ਮੁਕਤੀ ਦਾ ਸੰਕਲਪ ਪ੍ਰਸਤੁਤ ਕੀਤਾ ਗਿਆ ਹੈ। ਮੁਕਤੀ ਨੂੰ ਬੇਗਮਪੁਰਾ ਕਿਹਾ ਹੈ ਤੇ ਗੁਰਮਤਿ ਵਿਚ ਬੇਗਮਪੁਰਾ ਸੱਚ ਖੰਡ ਦੇ ਰੂਪ ਵਿਚ ਮੰਨਿਆ ਗਿਆ ਹੈ। ਭਾਵ ਭਗਤ ਰਵਿਦਾਸ ਜੀ ਜੀਵ ਨੂੰ ਆਪਣੀ ਸੱਚੀ ਸਾਧਨਾ, ਤਪ ਅਤੇ ਨਿਰਬਲਤਾ ਨਾਲ ਇਸ ਤਰ੍ਹਾਂ ਦੀ ਮੁਕਤੀ ਪ੍ਰਾਪਤ ਕਰਨ ਲਈ ਕਹਿੰਦੇ ਹਨ, ਜੋ ਇਸ ਅਵਸਥਾ ਵਿਚ ਹਨ, ਭਗਤ ਰਵਿਦਾਸ ਜੀ ਉਨ੍ਹਾਂ ਨੂੰ ਆਪਣੇ ਮਿੱਤਰ ਅਤੇ ਹਮਵਤਨੀ ਸਮਝਦੇ ਹਨ।

ਭਗਤ ਰਵਿਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਮਨੁੱਖੀ ਮਨ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਦੀ ਛੋਹ ਨਾਲ, ਪਰਮਾਤਮਾ ਦੀ ਸ਼ਰਨ ਵਿਚ ਜਾ ਕੇ, ਪ੍ਰਭੂ ਭਗਤੀ ਕਰਕੇ ਚਾਨਣ ਹੁੰਦਾ ਹੈ ਤਾਂ ਉਸ ਨੂੰ ਸੁਰਤ ਆਉਂਦੀ ਹੈ। ਬਾਣੀਕਾਰਾਂ ਨੇ ਮਨੁੱਖੀ ਜਨਮ ਨੂੰ ਦੁਰਲਭ ਕਿਹਾ ਹੈ। ਬਹੁਤ ਕਰਮਾਂ ਨਾਲ ਇਹ ਜੂਨੀ ਮਿਲਦੀ ਹੈ। ਆਮ ਤੌਰ 'ਤੇ ਹਰ ਵਿਅਕਤੀ ਆਪਣੀ ਸੰਸਾਰਕ ਯਾਤਰਾ ਕਰਦੇ-ਕਰਦੇ ਅਨੁਭਵ ਕਰਦਾ ਹੈ ਕਿ ਉਸ ਨੂੰ ਜੀਵਨ-ਮੁਕਤੀ ਦੀ ਲੋੜ ਹੈ। ਜੀਵਨ-ਮੁਕਤੀ ਪਰੰਪਰਾਗਤ ਕਈ ਤਰ੍ਹਾਂ ਦੀ ਹੈ। ਵਿਸ਼ਣੂੰ ਲੋਕ ਦੀ ਮੁਕਤੀ, ਬ੍ਰਹਮ-ਲੋਕ ਦੀ ਮੁਕਤੀ, ਸ਼ਿਵ ਲੋਕ ਦੀ ਮੁਕਤੀ ਆਦਿ। ਗੁਰਬਾਣੀ ਵਿਚ ਮੁਕਤੀ ਲਈ ਮੋਖੰਤਰੁ, ਮੁਕਤਿ ਦੁਆਰਾ, ਮੋਖ ਦੁਆਰ, ਨਿਰਵਾਣ, ਪਰਮਪਦ, ਪਰਮ ਗਤਿ, ਨਿਰਭਯ ਪਦ, ਪਰਮਪੁਰਖ, ਚੌਥਾਪਦ, ਅਮਰਪਦ ਅਤੇ ਵੇਦ-ਪੁਰਾਣਾਂ ਅਨੁਸਾਰ ਵੀ ਜੀਵਨ ਦਾ ਮੂਲ ਮਨੋਰਥ 'ਮੁਕਤੀ' ਹੀ ਹੈ। ਭਾਰਤੀ ਚਿੰਤਨਧਾਰਾ ਵਿਚ ਦਾਰਸ਼ਨਿਕ, ਅਧਿਆਤਮਿਕ, ਧਾਰਮਿਕ ਤੇ ਨੈਤਿਕ ਹਰ ਤਰ੍ਹਾਂ ਦੇ ਯਤਨਾਂ ਸਾਧਨਾਵਾਂ ਦਾ ਅੰਤਿਮ ਮਨੋਰਥ 'ਮੁਕਤੀ' ਮੰਨਿਆ ਗਿਆ ਹੈ। ਦਰਅਸਲ ਹਰ ਧਾਰਮਿਕ ਸੰਪ੍ਰਦਾਇਕ ਕ੍ਰਿਆ ਦੇ ਪਿੱਛੇ 'ਮੁਕਤੀ' ਲਈ ਹੀ ਪ੍ਰੇਰਨਾ ਨਿਹਿਤ ਹੈ। ਸੰਤ ਮਹਾਂਪੁਰਖ ਮਨੁੱਖ ਦੇ ਇਸ ਪ੍ਰਸ਼ਨ ਕਿ ਆਵਾਗਵਨ ਦੇ ਚੱਕਰ ਤੋਂ ਕਿਵੇਂ ਪਾਰ ਜਾਇਆ ਜਾ ਸਕਦਾ ਹੈ। ਇਸ ਦਾ ਸਮਾਧਾਨ ਤੇ ਰਾਹ ਵੀ ਦੱਸਦੇ ਹਨ। ਵਾਸਤਵ ਵਿਚ 'ਮੁਕਤੀ' ਦਾ ਅਰਥ ਹੈ ਹੀ 'ਜਨਮ ਮਰਨ' ਦੇ ਚੱਕਰ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਵਿਚ ਅਭੇਦ ਹੋਣਾ। ਸਾਰੇ ਭਗਤਾਂ, ਸੰਤਾਂ, ਬਾਣੀਕਾਰਾਂ ਦੀ ਤਰ੍ਹਾਂ ਭਗਤ ਰਵਿਦਾਸ ਦੀ ਦਾਰਸ਼ਨਿਕ ਵਿਚਾਰਧਾਰਾ ਵੀ ਇਸੇ ਦੀ ਧਾਰਨੀ ਮੰਨੀ ਜਾ ਸਕਦੀ ਹੈ।

ਗੁਰੂ, ਪੀਰ-ਪੈਗੰਬਰ ਧਰਤੀ ਉਤੇ ਜੀਵ-ਆਤਮਾ ਦੇ ਨਾਂ ਨਾਲ ਇਹ ਨੂੰ ਸੰਬੋਧਨ ਕਰਦੇ ਹਨ ਅਤੇ ਪੁਨਰ ਜਨਮ ਵਿਚ ਵਿਸ਼ਵਾਸ ਕਰਾਉਂਦੇ ਹੋਏ ਆਪਣੀ ਬ੍ਰਹਮ ਵਿਚ ਇਕਮਿਕਤਾ ਦੀ ਪ੍ਰਾਪਤੀ ਦਾ ਸੰਦੇਸ਼ ਦਿੰਦੇ ਹਨ। ਭਾਰਤ ਵਿਚ ਮੱਧਕਾਲ ਦੌਰਾਨ ਸੁਆਮੀ ਰਾਮਾਨੰਦ, ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਨੇ ਵੀ ਇਹੋ ਮੱਤ ਪੇਸ਼ ਕੀਤਾ ਮੰਨਿਆ ਜਾਂਦਾ ਹੈ। ਉਨ੍ਹਾਂ ਜੀਵਨ-ਮੁੱਲਾਂ ਨੂੰ ਤੱਤਕਾਲੀਨ ਸਮਾਜ ਦੇ ਝਰੋਖੇ ਵਿਚੋਂ ਰੱਖ ਕੇ ਪੇਸ਼ ਕੀਤਾ ਅਤੇ ਪਰਮਾਤਮਾ ਦਾ ਸੰਕਲਪ ਵੀ ਪੇਸ਼ ਕੀਤਾ। ਉਨ੍ਹਾਂ ਨੇ ਸਦਾਚਾਰ ਰਹਿਣੀ ਦੀ ਘਾੜਤ ਤਾਂ ਘੜੀ, ਪਰ ਪਰੰਪਰਾਗਤ ਬੇਲੋੜੇ ਕਰਮਕਾਂਡ ਦਾ ਖੰਡਨ ਕੀਤਾ। ਭਗਤ ਰਵਿਦਾਸ ਜੀ ਵੀ ਪ੍ਰੰਪਾਗਤ ਆਤਮਾ-ਪਰਮਾਤਮਾ ਦੀ ਗੱਲ ਕਰਦੇ ਹਨ। ਹੱਥਲਾ ਵਿਚਾਰ ਭਗਤ ਰਵਿਦਾਸ ਬਾਣੀ ਵਿਚ ਮੁਕਤੀ ਦੇ ਸੰਕਲਪ ਬਾਰੇ ਹੈ ਕਿ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਕਿਵੇਂ ਹੋਣਾ ਹੈ। ਆਵਾਗਵਨ ਤੋਂ ਛੁਟਕਾਰਾ ਪਾਉਣ ਦੀ ਹੈ ਅਤੇ ਮੁਕਤੀ ਪ੍ਰਾਪਤ ਕਰਨ ਦੀ ਹੈ। ਗੁਰੂ ਨਾਨਕ ਦੇਵ ਜੀ ਮੁਕਤੀ ਨੂੰ ਮ੍ਰਿਤੂ ਉਪਰੰਤ ਪ੍ਰਾਪਤ ਹੋਣ ਵਾਲੀ ਅਵਸਥਾ ਹੀ ਨਹੀਂ ਮੰਨਦੇ, ਸਗੋਂ ਉਨ੍ਹਾਂ ਦਾ ਸਿਰਜਿਆ ਗੁਰਮੁਖ ਵਿਅਕਤੀ ਜੀਵਤ ਹੀ ਆਪਣੀ ਸਮਾਜਕ ਅਵਸਥਾ ਵਿਚ ਹੀ ਮੁਕਤ ਹੋ ਸਕਦਾ ਹੈ, ਜੋ ਉਸ ਦੇ ਮਨ ਦੇ ਹਉਮੈ ਅਤੇ ਅੰਤ ਨੂੰ ਮਿਟਾ ਦਿੰਦੀ ਹੈ। ਉਨ੍ਹਾਂ ਨੇ ਫਰਮਾਇਆ ਹੈ:

"ਜੀਵਨ ਮੁਕਤੁ ਸੋ ਆਖੀਐ
ਜਿਸੁ ਵਿਚਹੁ ਹਉਮੈ ਜਾਇ॥"[77]

ਮਨੁੱਖ ਅਡੋਲਤਾ ਨਾਲ ਜਲਦੀ ਹੀ ਸਦੀਵੀ ਸਮਾਧੀ ਦੀ ਅਵਸਥਾ ਵਿਚ ਆ ਜਾਂਦਾ ਹੈ, ਜਨਮ-ਮਰਨ ਦਾ ਭੈਅ ਜਦੋਂ ਮੁੱਕਦਾ ਹੈ ਤਾਂ ਫਿਰ ਮਨ ਸਦਾ ਲਈ ਪ੍ਰਭੂ ਚਰਨਾਂ ਵਿਚ ਟਿਕ ਜਾਂਦਾ ਹੈ। ਉਸ ਵੇਲੇ ਮੁਕਤੀ ਮਿਲਦੀ ਹੈ। ਭਾਵ ਆਵਾਗਮਨ ਸਦਾ ਲਈ ਖਤਮ ਹੋ ਜਾਂਦਾ ਹੈ:

"ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ਕਹਿ
ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ॥ ੩॥੪॥"[78]

ਕਬੀਰ ਜੀ ਨੇ ਵੀ ਸਾਧਨਾ ਅਤੇ ਨਾਮ ਸਿਮਰਨ ਨੂੰ ਹੀ ਮੁਕਤੀ ਦਾ ਆਧਾਰ ਆਖਿਆ ਹੈ। ਜਿਵੇਂ:

"ਜਨਮ ਮਰਨ ਕਾ ਭ੍ਰਮ ਗਇਆ ਗੋਬਿਦ ਲਿਵ ਲਾਗੀ॥
ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ॥"[79]

ਵਿਭਿੰਨ ਚਿੰਤਕਾਂ ਨੇ ਮਾਨਵ ਜੀਵਨ ਦੇ ਸਰਵੋਤਮ ਲਕਸ਼ ਮੁਕਤੀ ਦੀ ਪ੍ਰਾਪਤੀ ਲਈ ਨਿਸ਼ਕਾਮ ਕਰਮ, ਆਤਮ ਗਿਆਨ, ਪ੍ਰਭੂ ਭਗਤੀ ਅਤੇ ਸਦਾਚਾਰਕ ਜੀਵਨ ਉਪਰ ਬਲ ਦਿੱਤਾ ਹੈ। ਮਾਇਆਵੀ ਜਗਤ ਦੀਆਂ ਵਿਕਾਰੀ ਰੁਚੀਆਂ ਨੂੰ ਤਿਆਗ ਕੇ, ਅਗਿਆਨਤਾ ਨੂੰ ਤਿਆਗ ਕੇ, ਸਮਰਪਿਤ ਭਾਵ ਤੋਂ ਪਰਮਾਤਮਾ ਵਿਚ ਲੀਨ ਹੋਣ ਲਈ ਪ੍ਰੇਰਿਆ ਹੈ, ਉਸੇ ਪ੍ਰਕਾਰ ਭਗਤ ਰਵਿਦਾਸ ਬਾਣੀ ਵਿਚ ਪਰਮ ਪਦ ਦੀ ਪ੍ਰਾਪਤੀ ਲਈ ਸਾਧਨ ਨੂੰ ਮਾਇਆਵੀ ਸੰਸਾਰ ਨਾਲੋਂ ਪ੍ਰੀਤ ਤੋੜ ਕੇ ਪ੍ਰਭੂ ਨਾਲ ਜੋੜਨ ਲਈ ਕਿਹਾ ਹੈ ਤੇ ਜਿੱਧਰ ਵੀ ਜਾਵੇ

ਪ੍ਰਭੂ ਸੇਵਾ, ਪ੍ਰਭੂ ਦੇ ਨਾਮ ਦਾ ਸਿਮਰਨ ਹੀ ਪਰਮ ਧਰਮ ਹੋਣ ਚਾਹੀਦਾ ਹੈ, ਕਿਉਂਕਿ ਯਮਾਂ ਦੀ ਫਾਹੀ ਕੱਟਣ ਅਤੇ ਮੁਕਤੀ ਪ੍ਰਾਪਤ ਕਰਨ ਦਾ ਇਹੀ ਇਕੋ-ਇਕ ਸਾਧਨ ਹੈ। ਭਗਤ ਜੀ ਲਿਖਦੇ ਹਨ:

"ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥
ਜਹ ਜਹ ਜਾਉ ਤਹਾ ਤੇਰੀ ਸੇਵਾ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ॥"[80]

ਵਾਸਤਵ ਵਿਚ ਅਨੇਕ ਬੰਧਨਾਂ ਨੂੰ ਤਿਆਗ ਕੇ ਪ੍ਰਭੂ ਵਿਚ ਲੀਨ ਹੋਣ ਦੀ ਪ੍ਰਕਿਰਿਆ ਹੀ ਮੁਕਤੀ ਹੈ। ਭਗਤ ਰਵਿਦਾਸ ਬਾਣੀ ਵਿਚ ਸਮੁੱਚੇ ਰੂਪ ਵਿਚ ਗਿਆਨ, ਕਰਮ ਅਤੇ ਭਗਤੀ ਇਨ੍ਹਾਂ ਤਿੰਨਾਂ ਨੂੰ ਮੋਕਸ਼ ਪ੍ਰਾਪਤੀ ਦੇ ਸਾਧਨ ਕਿਹਾ ਗਿਆ ਹੈ। ਦਰਅਸਲ ਭਗਤ ਜੀ ਦੀ ਦ੍ਰਿਸ਼ਟੀ ਵਿਚ ਨਾਮ ਸਿਮਰਨ ਹੀ ਇਕੋ-ਇਕ ਅਜਿਹੀ ਵਿਧੀ ਹੈ, ਜਿਸ ਦੁਆਰਾ ਜੀਵ ਵਿਕਾਰਾਂ ਦੁਆਰਾ ਸ਼ੋਸ਼ਿਤ ਹੋਣ ਤੋਂ ਬਚ ਸਕਦਾ ਹੈ। ਬਾਣੀ ਅਨੁਸਾਰ:

"ਕਹਿ ਰਵਿਦਾਸ ਸਭੈ ਜਗੁ॥ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥੪॥੩॥"[81]
"ਤੁਮਰੇ ਭਜਨ ਕਟਹਿ ਜਮ ਫਾਂਸਾ॥
ਭਗਤਿ ਹੇਤ ਗਾਵੈ ਰਵਿਦਾਸ॥ ੫॥੫॥"[82]

ਸ੍ਰੀ ਮੱਧ ਭਗਵਤ ਗੀਤਾ ਦਾ ਕਥਨ ਹੈ ਕਿ ਜੋ ਵਿਅਕਤੀ ਪ੍ਰਭੂ ਭਗਤੀ ਕਰਦਾ ਹੈ। ਉਹ ਜੀਵ ਭਾਵੇਂ ਕਿ ਵੈਸ਼, ਸ਼ੂਦਰ ਅਤੇ ਪਾਪ ਬੋਲੀ, ਚੰਡਾਲ ਆਦਿ ਕੋਈ ਵੀ ਹੋਵੇ ਪ੍ਰੰਤੂ ਪ੍ਰਭੂ ਦੀ ਸ਼ਰਨ ਵਿਚ ਆ ਕੇ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ। ਭਗਤ ਰਵਿਦਾਸ ਜੀ ਪਾਰੋਖ ਰੂਪ ਵਿਚ ਉਪਰੋਕਤ ਤੱਥ ਨੂੰ ਸਾਕਾਰਾਤਮਿਕ ਪਰਿਭਾਸ਼ਾ ਪ੍ਰਦਾਨ ਕਰਦੇ ਹਨ ਕਿ ਪ੍ਰਭੂ ਭਗਤੀ ਕਰਨ ਵਾਲਾ ਨਾ ਕੇਵਲ ਚੰਡਾਲ, ਮਲੇਛ, ਡੋਮ ਅਤੇ ਸ਼ੂਦਰ ਆਦਿ ਕੋਈ ਵੀ ਪਵਿੱਤਰ ਹੋ ਜਾਂਦੇ ਹਨ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਬ੍ਰਹਮਨ ਬੈਸ ਸੂਦ ਅਰ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥"[83]

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਬਾਣੀ ਵਿਚ ਭਾਵੇਂ ਮੁਕਤੀ ਜਾਂ ਜੀਵਨ ਮੁਕਤੀ ਲਈ ਲੜੀਬੱਧ ਤੇ ਦਾਰਸ਼ਨਿਕ ਵਿਚਾਰਧਾਰਾ ਮੌਜੂਦ ਨਹੀਂ, ਪ੍ਰੰਤੂ ਆਪਣੇ ਵਿਅਕਤੀਗਤ ਉਦਾਹਰਣਾਂ ਆਪਣੇ ਨਿੱਜੀ ਅਨੁਭਵ ਰਾਹੀਂ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੁਕਤੀ ਦੇ ਸਾਧਨ, ਮੁਕਤੀ ਦਾ ਸਰੂਪ ਪੇਸ਼ ਹੋਇਆ ਹੈ। ਮਨੁੱਖ ਮਾਤਰ ਲਈ ਇਹ ਅਨੁਭੂਤੀ ਪ੍ਰਭੂ ਮਿਲਾਪ ਲਈ ਇਕ ਜ਼ਰੀਆ ਕਿਹਾ ਜਾ ਸਕਦਾ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਦਾ ਦਾਰਸ਼ਨਿਕ ਪੱਖ ਵਿਚਾਰਨ ਤੋਂ ਬਾਅਦ ਸਪੱਸ਼ਟ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ। ਕਿ ਭਗਤ ਰਵਿਦਾਸ ਜੀ ਭਗਤ ਕਵੀ ਸਨ। ਕੋਈ ਦਾਰਸ਼ਨਿਕ ਮਤਵਾਦੀ ਸਾਧੂ ਜਾਂ ਆਚਾਰੀਆ ਨਹੀਂ, ਜੋ ਖੰਡਨ-ਮੰਡਨ ਦੀ ਵਿਧੀ ਰਾਹੀਂ ਆਪਣਾ ਕੋਈ ਵੱਖਰਾ ਮੱਤ ਜਾਂ ਪਰੰਪਰਾ ਸਥਾਪਤ

ਕਰਨਾ ਚਾਹੁੰਦੇ ਸੀ। ਉਹ ਨਿਰਗੁਣ ਧਾਰਾ ਦੇ ਨਿਰਗੁਣ ਬ੍ਰਹਮ ਦੇ ਉਪਾਸਕ ਸੰਤ ਕਵੀ ਸਨ, ਜਿਨ੍ਹਾਂ ਨੇ ਪੂਰਵ ਪ੍ਰਚੱਲਿਤ ਪਰੰਪਰਾਵਾਂ ਨੂੰ ਵਡਿਆਇਆ ਹੈ। ਭਾਵ ਪੂਰਵ ਪ੍ਰਚਲਿਤ ਦਾਰਸ਼ਨਿਕ ਮਾਨਤਾਵਾਂ ਨੂੰ ਆਪਣੇ ਅਨੁਭਵ, ਵਿਸਮਾਦਕ ਅਨੁਭੂਤੀ ਅਨੁਸਾਰ ਇਕ ਮੌਲਿਕਤਾ ਬਖਸ਼ੀ ਹੈ। ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਆਦਿ ਜੋ ਬਾਣੀ ਵਿਚ ਅਧਿਆਤਮਿਕ ਆਧਾਰ ਹਨ, ਉਨ੍ਹਾਂ ਬਾਰੇ ਭਗਤ ਰਵਿਦਾਸ ਜੀ ਨੇ ਜੋ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ। ਉਸ ਵਿਚ ਉਨ੍ਹਾਂ ਦਾ ਅਨੁਭਵ, ਅਭਿਆਸ ਅਤੇ ਸਾਧਨਾਂ ਸਪੱਸ਼ਟ ਝਲਕਦੀ ਹੈ। ਇਹ ਦਾਰਸ਼ਨਿਕ ਵਿਚਾਰਧਾਰਾ ਅੱਜ ਵੀ ਭਗਤੀ ਲਹਿਰ ਤੇ ਮਾਨਵ ਮਾਤਰ ਲਈ ਇਕ ਅਹਿਮ ਸਥਾਨ ਰੱਖਦੀ ਹੈ।

**ਆਰਥਿਕ ਪਰਿਪੇਖ**

ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ 'ਅਰਥ' ਦੀ ਪਰਿਭਾਸ਼ਾ ਸੰਬੰਧੀ ਇਹ ਪ੍ਰਗਟਾਇਆ ਗਿਆ ਹੈ ਕਿ 'ਅਰਥ' ਵਸਤੂਆਂ ਦੀ ਪ੍ਰਾਪਤੀ ਦਾ ਵਸੀਲਾ ਵੀ ਹੈ ਅਤੇ ਆਦਾਨ-ਪ੍ਰਦਾਨ ਦਾ ਸਾਧਨ ਵੀ ਹੈ। ਸਾਰੇ ਧਾਰਮਿਕ ਗ੍ਰੰਥਾਂ ਵਿਚ ਅਨੈਤਿਕ ਢੰਗਾਂ ਦੁਆਰਾ ਕਮਾਏ ਧਨ ਦੀ ਪ੍ਰਾਪਤੀ ਵਿਵਰਜਿਤ ਸਮਝੀ ਗਈ ਹੈ। ਇਸ ਲਈ ਦਸਾਂ ਨਹੁੰਆਂ ਦੀ ਕਮਾਈ ਭਾਵ ਸੁੱਚੀ ਕਿਰਤ ਨੂੰ ਜਾਇਜ਼ ਅਤੇ ਹਰਾਮ ਦੀ ਕਮਾਈ ਨੂੰ ਨਜਾਇਜ਼ ਸਮਝਿਆ ਗਿਆ ਹੈ।

ਧਰਮ, ਅਰਥ ਅਤੇ ਕਾਮ ਦੇ ਬਗੈਰ ਜੀਵਨ ਨੂੰ ਫਜ਼ੂਲ ਮੰਨਿਆ ਗਿਆ ਹੈ। ਇਸ ਦੇ ਅਭਾਵ ਵਿਚ ਨਾ ਤਾਂ ਗ੍ਰਹਿਸਥ ਆਸ਼ਰਮ ਵਿਚ ਕਿਸੇ ਸਫਲਤਾ ਦੀ ਕਾਮਨਾ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਧਾਰਮਿਕ ਵਿਧੀ-ਵਿਧਾਨ, ਪੂਜਾ-ਪਾਠ, ਹਵਨ-ਯੱਗ ਆਦਿ ਸੰਪੂਰਨ ਕੀਤੇ ਜਾ ਸਕਦੇ ਹਨ। ਇਸ ਲਈ ਧਰਮ, ਅਰਥ ਅਤੇ ਕਾਮ ਦੀ ਨੇਕ, ਬਿਰਤੀ ਨੂੰ ਈਸ਼ਵਰੀ ਵਰਦਾਨ ਮੰਨਿਆ ਗਿਆ ਹੈ। ਇਸੇ ਲਈ ਇਨ੍ਹਾਂ ਤਿੰਨਾਂ ਦੀ ਸਿੱਧੀ ਨੂੰ ਹੀ ਲੋਕ-ਬਿਰਤੀ ਆਖਿਆ ਗਿਆ ਹੈ। ਇਹ ਤ੍ਰਿਗੜਾ ਹੀ ਲੋਕ-ਜੀਵਨ ਦਾ ਆਧਾਰ ਹੈ। ਜੋ ਕੋਈ ਮਨੁੱਖ ਕਿਸੇ ਦਾ ਧਨ ਖੋਹ ਲੈਂਦਾ ਹੈ, ਉਹ ਉਸ ਦੇ ਧਰਮ ਦਾ ਹੀ ਸੰਘਾਰ ਕਰ ਦਿੰਦਾ ਹੈ। ਦਲਿਦਰਤਾ ਨੂੰ ਪਾਪ ਮੰਨਿਆ ਗਿਆ ਹੈ। ਪਤਿਤ ਅਤੇ ਨਿਰਧਨ ਵਿਚ ਕੋਈ ਅੰਤਰ ਸਵੀਕਾਰ ਨਹੀਂ ਕੀਤਾ ਗਿਆ। ਅਰਥ ਤੋਂ ਧਰਮ ਅਤੇ ਕਾਮ ਦੀ ਸਿੱਧੀ ਹੁੰਦੀ ਹੈ। ਧਨ-ਵਿਹੂਣੇ ਜਾਂ ਗਰੀਬੜੇ ਦੀਆਂ ਕਿਰਿਆਵਾਂ ਛਿੰਨ-ਭਿੰਨ ਹੋ ਜਾਂਦੀਆਂ ਹਨ। ਸਚਾਈ ਤਾਂ ਇਹ ਹੈ ਕਿ ਜਿਸ ਦੇ ਕੋਲ ਧਨ ਹੁੰਦਾ ਹੈ, ਉਸ ਦੇ ਮਿੱਤਰ/ਬੰਧੂ ਸਖਾ ਹਨ ਅਤੇ ਉਹੀ ਵਿਦਵਾਨ ਹੈ। ਪੰਜਾਬੀ ਵਿਚ ਤਾਂ ਇਹ ਅਖਾਣ ਪ੍ਰਸਿੱਧ ਹੈ ਕਿ 'ਜਿਸ ਦੇ ਘਰ ਦਾਣੇ, ਉਸ ਦੇ ਕਮਲੇ ਵੀ ਸਿਆਣੇ'। ਇਸ ਤੋਂ ਇਲਾਵਾ ਕਈ ਵਾਰ ਇੰਝ ਵੀ ਕਹਿ ਦਿੱਤਾ ਜਾਂਦਾ ਹੈ ਕਿ 'ਇਸ ਮਾਇਆ ਕੇ ਤੀਨ ਨਾਮ, ਪਰਸੂ, ਪਰਸਾ, ਪਰਸ ਰਾਮ। ਧਰਮ, ਕਰਮ, ਸੁਰਗ, ਖੇੜਾ, ਕ੍ਰੋਧ, ਪ੍ਰਾਪਤੀ ਦੇ ਸਾਧਨਾ ਵਿਚ ਵਾਧਾ ਅਤੇ ਕੁਲ ਘਰਾਣੇ ਦਾ ਵਿਕਾਸ ਅਰਥ ਨਾਲ (ਧਨ ਨਾਲ) ਹੀ ਸੰਭਵ ਹੈ। ਇੰਝ ਜੀਵਨ ਵਿਚ ਮਨੁੱਖ ਲਈ ਧਨ ਤੋਂ ਬਗੈਰ ਕੋਈ ਪ੍ਰਾਪਤੀ ਸੰਭਵ ਨਹੀਂ। ਇਸੇ ਲਈ ਧਨ ਸੰਬੰਧੀ ਨੇਕ-ਕਮਾਈ ਕਰਨ ਲਈ ਹਦਾਇਤ ਕੀਤੀ ਗਈ

ਹੈ। ਧਰਮ ਵਿਚ ਲੋਕ-ਕਲਿਆਣ ਸਵੀਕਾਰ ਕੀਤਾ ਗਿਆ ਹੈ ਅਤੇ ਇੰਝ ਅਰਥ ਵੀ ਧਰਮ ਤੋਂ ਬਗੈਰ ਕੋਈ ਅਰਥ ਨਹੀਂ ਰਖਦਾ।

1351 ਤੋਂ 1388 ਤੱਕ ਹਿੰਦੁਸਤਾਨ ਦੀ ਆਰਥਿਕ ਖੁਸ਼ਹਾਲੀ ਬੜੇ ਉੱਚ ਮਿਆਰ ਦੀ ਰਹੀ। ਪ੍ਰੰਤੂ 14ਵੀਂ ਸਦੀ ਦੇ ਅੰਤ ਤਕ ਆਰਥਿਕ ਮੁਸ਼ਕਿਲਾਂ ਦਾ ਯੁੱਗ ਆਰੰਭ ਹੋ ਗਿਆ। ਰਾਜ ਕਈ ਸੁਤੰਤਰ ਪ੍ਰਾਂਤਾਂ ਵਿਚ ਵੰਡਿਆ ਗਿਆ। 1398 ਵਿਚ ਤੈਮੂਰ ਦੇ ਹਮਲੇ ਨੇ ਬਹੁਤ ਗੜਬੜ ਕੀਤੀ ਜਿਹੜਾ ਜਾਂਦੇ ਸਮੇਂ ਦੇਸ਼ ਦੀ ਬੇਅੰਤ ਦੌਲਤ ਲੁੱਟ ਕੇ ਲੈ ਗਿਆ। ਇਸ ਲਈ ਵਪਾਰ ਅਤੇ ਖੇਤੀਬਾੜੀ ਨੂੰ ਬਹੁਤ ਜ਼ਿਆਦਾ ਸੱਟ ਲੱਗੀ ਅਤੇ ਹਮਲਾਵਰ ਦੇ ਰਾਹ ਵਿਚ ਆਉਣ ਵਾਲੇ ਸ਼ਹਿਰਾਂ ਦੀ ਸਾਰੀ ਪੂੰਜੀ ਲੁੱਟੀ ਗਈ। ਇਤਿਹਾਸ ਗਵਾਹੀ ਭਰਦਾ ਹੈ ਕਿ ਭਾਰਤ ਦੇਸ਼ ਨੂੰ ਸੁਨਹਿਰੀ ਚਿੜੀ ਕਿਹਾ ਜਾਂਦਾ ਸੀ। ਮੰਦਿਰ ਵਿਚ ਕੀਮਤੀ ਮੂਰਤੀਆਂ, ਸੋਨਾ, ਹੀਰੇ ਜਵਾਹਰਾਤ ਆਦਿ ਨਾਲ ਭਰਪੂਰ ਸਨ। ਦੌਲਤ ਬਾਹਰੀ ਆਕਰਮਣਕਾਰੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਹੀ ਸੀ। ਮੁਸਲਮਾਨ ਸਾਸ਼ਕ ਆਏ ਤੇ ਸਾਰੀ ਧੰਨ ਸੰਪਦਾ ਲੁੱਟੀ ਗਈ। ਮੁਸਲਮਾਨਾਂ ਦਾ ਰਾਜ ਸਥਾਪਤ ਹੋ ਗਿਆ। ਸਾਰੀ ਦੀ ਸਾਰੀ ਆਰਥਿਕ ਸਥਿਤੀ ਡਾਵਾਂਡੋਲ ਹੋ ਗਈ। ਆਪਣੇ ਧੰਨ ਲਈ ਲੋਕ ਤਰਸਣ ਲੱਗ ਪਏ। ਸਮਾਜ ਗ਼ੁਲਾਮੀ ਦਾ ਸ਼ਿਕਾਰ ਹੋ ਗਿਆ। ਦਰਅਸਲ ਕਿਸੇ ਸਮਾਜ ਜਾਂ ਦੇਸ਼ ਦੀ ਖੁਸ਼ਹਾਲੀ ਉਸ ਦੀ ਤਾਕਤ ਜਾਂ ਪ੍ਰਭਾਵ ਕਾਫ਼ੀ ਹੱਦ ਤੱਕ ਆਰਥਿਕ ਮਜ਼ਬੂਤੀ ’ਤੇ ਨਿਰਭਰ ਕਰਦੀ ਹੈ। ਭਾਰਤ ਦੀ ਇਹ ਤ੍ਰਾਸਦੀ ਰਹੀ ਹੈ ਕਿ ਇਹ ਦੇਸ਼ ਕਦੇ ਵੀ ਇਕ ਸ਼ਕਤੀ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਨਹੀਂ ਆਇਆ। ਇੱਥੋਂ ਦੇ ਰਾਜੇ ਆਪਸ ਵਿਚ ਹੀ ਇਕ ਦੂਜੇ ਦੇ ਵਿਰੋਧ ਦਾ ਸ਼ਿਕਾਰ ਹੋਣ ਕਰਕੇ ਲੜਦੇ-ਝਗੜਦੇ ਰਹਿੰਦੇ, ਜਿਸ ਦਾ ਲਾਭ ਬਾਹਰੀ ਸ਼ਾਸ਼ਕ ਚੁੱਕ ਲੈ ਗਏ ਤੇ ਆਰਥਿਕ ਪੱਖੋਂ ਹਾਲਾਤ ਖਸਤਾ ਹੋ ਗਏ।

ਦੇਸ ਵਿਚ ਮੁਸਲਮਾਨਾਂ ਦਾ ਰਾਜ ਸਥਾਪਤ ਹੋਣ ਕਾਰਨ ਹਿੰਦੂ ਵਰਗ ਦੀ ਹਾਲਤ ਚਿੰਤਾਜਨਕ ਹੋ ਗਈ ਸੀ। ਉੱਚ ਵਰਗ ਹੋਰ ਅਮੀਰ ਹੋ ਗਿਆ ਅਤੇ ਗਰੀਬ ਜਨਤਾ ਹੋਰ ਗਰੀਬ ਹੁੰਦੀ ਚਲੀ ਗਈ। ਸਾਸ਼ਕ ਵਰਗ ਐਸ਼ ਆਰਾਮ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ ਤੇ ਆਮ ਜਨ-ਸਾਧਾਰਨ ਗਰੀਬੀ ਦੇ ਭਾਰ ਥੱਲੇ ਦਬਦਾ ਜਾ ਰਿਹਾ ਸੀ। ਹਿੰਦੂਆਂ ਕੋਲ ਇੰਨਾ ਧੰਨ ਨਹੀਂ ਸੀ ਕਿ ਉਹ ਆਪਣੀ ਗੁਜ਼ਰ ਬਸਰ ਕਰ ਸਕਣ ਤੇ ਅਮੀਰ ਇੰਨਾ ਧੰਨ ਦੇਖ ਕੇ ਵਿਲਾਸਤਾ ਵਿਚ ਖੁੱਭੇ ਜਾ ਰਹੇ ਸਨ। ਟੈਕਸ ਤੇ ਕਰ ਦੇ ਕੇ ਗਰੀਬ ਜਨਤਾ ਬਹੁਤ ਦੁਖੀ ਹੋ ਗਈ ਸੀ। ਇਹ ਸਭ ਬੋਝ ਜਿਹਾ ਜਾਪਦਾ ਸੀ। ਭਾਵ ਪਰਜਾ ਗਰੀਬੀ ਦੀ ਚੱਕੀ ਦੇ ਦੋਹਾਂ ਪੁੜਾ ਵਿਚ ਪਿਸਦੀ ਹੀ ਜਾ ਰਹੀ ਸੀ।

ਰਵਿਦਾਸ ਜੀ ਦੀ ਬਾਣੀ ਨੂੰ ਵਿਚਾਰਦਿਆਂ ਉਸ ਸਮੇਂ ਦੇ ਨਿੱਕੇ-ਮੋਟੇ ਵਪਾਰ ਜੋ ਕਿ ਨਿਮਨ ਜਾਤੀ ਦੇ ਲੋਕ ਕਰਦੇ ਸਨ, ਵਰਨਣ ਮਿਲਦਾ ਹੈ। ਉਸ ਸਮੇਂ ਵਿਚ ਵੀ ਵਪਾਰ ਦਾ ਤਰੀਕਾ ਅੱਜ ਦੀ ਤਰ੍ਹਾਂ ਹੀ ਸੀ। ਤੋਲ, ਮੋਲ ਤੇ ਬੋਲ ਦੇ ਵਪਾਰ ਉਦੋਂ ਵੀ ਕੀਤਾ ਜਾਂਦਾ ਸੀ। ਆਵਾਜਾਈ ਲਈ ਡੰਗਰਾਂ, ਖੱਚਰਾਂ ਦਾ ਪ੍ਰਯੋਗ ਕਰਕੇ ਆਯਾਤ-ਨਿਰਯਾਤ ਕੀਤਾ ਜਾਂਦਾ ਸੀ। ਕਿਹਾ ਜਾ ਸਕਦਾ ਹੈ ਕਿ ਤਤਕਾਲੀਨ ਸਮਾਜ ਵਿਚ ਰੋਜ਼ੀ ਕਮਾਉਣ ਦੇ ਸਾਧਨ ਉਤੇ ਅਮੀਰ ਤੇ ਵੱਡੇ ਨਹੀਂ ਸਨ ਕਿ ਸ਼ਾਹੀ ਠਾਠ ਨਾਲ ਜੀਵਨ ਗੁਜਰ ਕੀਤਾ ਜਾ ਸਕੇ।

ਛੋਟੇ ਅਤੇ ਸੁਤੰਤਰ ਕਿੱਤਿਆਂ ਰਾਹੀਂ ਰੋਟੀ ਕਮਾਵੁਣ ਲਈ ਫਿਰ ਵੀ ਘੱਟ ਮੁਸ਼ੱਕਤ ਕਰਨੀ ਪੈਂਦੀ ਸੀ। ਵਪਾਰ ਕਿਉਂਕਿ ਵਰਣ ਵੰਡ ਕਾਰਨ ਖਾਸ ਹੱਥਾਂ ਵਿਚ ਸੀ, ਇਸ ਲਈ ਆਰਥਿਕ ਸਥਿਤੀ ਉਨੀ ਖੁਸ਼ਹਾਲ ਨਹੀਂ ਸੀ ਕਿ ਹਰ ਵਿਅਕਤੀ ਦੇ ਘਰ ਖਜ਼ਾਨੇ ਨਾਲ ਭਰਪੂਰ ਹੋਣ, ਘਰ ਦੇ ਵਿਹੜੇ ਵਿਚ ਡੰਗਰ ਬੰਨੇ ਹੋਣ ਤੇ ਜ਼ਮੀਨ ਵੀ ਵਾਹੁਣ ਲਈ ਬਹੁਤੀ ਹੋਵੇ। ਵੈਸ਼ ਜਾਤੀ ਨੂੰ ਹੀ ਵਪਾਰ ਕਰਨ ਦੀ ਆਗਿਆ ਸੀ। ਸਭ ਤੋਂ ਅਧਿਕ ਪ੍ਰੇਸ਼ਾਨੀ ਦਾ ਸਾਹਮਣਾ ਕੇਵਲ ਨਿਮਨ ਵਰਗ ਨੂੰ ਕਰਨਾ ਪੈਂਦਾ ਸੀ। ਇਸਤਰੀ ਵਰਗ ਨੂੰ ਵੈਸ਼ਿਆ ਵਿਰਤੀ ਵੱਲ ਮਜ਼ਬੂਰਨ ਝੁਕਣਾ ਪੈਂਦਾ ਸੀ। ਰਾਜੇ ਅਤੇ ਸੈਨਿਕ ਕਈ-ਕਈ ਔਰਤਾਂ ਰੱਖਦੇ ਸਨ। ਵਾਸਤਵ ਵਿਚ ਆਰਥਿਕ ਪੱਖੋਂ ਮੱਧਕਾਲ ਦੀ ਸਥਿਤੀ ਮੁਸ਼ਕਲਾਂ ਨਾਲ ਭਰੀ ਹੋਈ ਸੀ। ਛੋਟੇ-ਛੋਟੇ ਵਪਾਰ ਕਰਦੇ ਲੋਕ ਆਪਣੀ ਰੋਜ਼ੀ ਦਾ ਜੁਗਾੜ ਕਰਦੇ ਸਨ ਤੇ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਸਾਸ਼ਕ ਵਰਗ ਦੇ ਪਿਆਦੇ ਜ਼ਬਰਦਸਤੀ ਵਗਾਰ ਉਗਰਾਉਂਦੇ ਤੇ ਮਿਹਨਤਕਸ਼ਾਂ ਦੀ ਮਿਹਨਤ ਲੁੱਟ ਕੇ ਲੈ ਜਾਂਦੇ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਜੁਲਾਹਾ, ਚਮਾਰ, ਮੋਚੀ, ਘੁਮਿਆਰ, ਵਣਜਾਰਿਆਂ, ਬਾਜ਼ੀਗਰ ਆਦਿ ਦਾ ਜ਼ਿਕਰ ਦੱਸਦਾ ਹੈ ਕਿ ਛੋਟੇ-ਮੋਟੇ ਕਾਰੋਬਾਰ ਕਰਕੇ ਰੋਟੀ ਰੋਜ਼ੀ ਦਾ ਹਿੱਲਾ ਕੀਤਾ ਜਾਂਦਾ ਸੀ। ਚਮਾਰ ਜੁੱਤੀਆਂ ਗੰਢਦੇ ਸਨ। ਬਾਣੀ ਅਨੁਸਾਰ:

"ਚਮਰਟਾ ਗਾਠਿ ਨ ਜਨਈ ਲੋਗੁ ਗਠਾਵੈ ਪਨਹੀ।।"[84]

ਰਵਿਦਾਸ ਜੀ ਆਪਣੀ ਬਾਣੀ ਵਿਚ ਆਪਣੇ ਪਿਤਾ-ਪੁਰਖੀ ਕਿਤੇ ਬਾਰੇ ਲਿਖਦੇ ਹਨ:

"ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ ਨਿਤਹਿ ਬਾਨਾਰਸੀ ਆਸ ਪਾਸਾ।।"[85]

ਬਾਜ਼ੀਗਰ ਦਾ ਵਰਨਣ ਮਿਲਦਾ ਹੈ:

"ਕਹਿ ਰਵਿਦਾਸ ਬਾਜੀ ਜਗੁ ਭਾਈ।।
ਬਾਜ਼ੀਗਰ ਸਉ ਮੋੁਹਿ ਪ੍ਰੀਤਿ ਬਨਿਆਈ।।"[86]

ਰਵਿਦਾਸ ਬਾਣੀ ਅੰਦਰਲੀਆਂ ਗਵਾਹੀਆਂ ਤੋਂ ਵੀ ਉਪਰ ਵਰਣਿਤ ਪ੍ਰਸਥਿਤੀਆਂ ਦੀ ਪੁਸ਼ਟੀ ਹੁੰਦੀ ਹੈ। ਬੇਗਮਪੁਰਾ ਵਾਲਾ ਸ਼ਬਦ ਤਤਕਾਲੀਨ ਆਰਥਿਕ ਹਾਲਤ ਬਾਰੇ ਕਈ ਸੰਕੇਤ ਪੁਖਤਾ ਕਰਦਾ ਹੈ:

"ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾਂ ਤਸਵੀਸ ਖਿਰਾਜੁ ਨ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।੧।।"[87]

ਤਸਵੀਸ, ਖਿਰਾਜ ਤੇ ਮਾਲ ਦੇ ਸੰਕੇਤ ਦੇ ਕੇ ਉਨ੍ਹਾਂ ਦੇ ਸ਼ਾਸ਼ਿਤ ਸ਼੍ਰੇਣੀ ਦੀ ਦਸ਼ਾ ਬਿਆਨੀ ਹੈ। ਵਪਾਰ ਦੇ ਕਈ ਹਵਾਲਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਮਾਜ ਵਿਚ ਵਪਾਰ ਉਪਜੀਵਕਾ ਦਾ ਇਹ ਮਹੱਤਵਪੂਰਨ ਸਾਧਨ

ਸੀ। ਇਸ ਦੇ ਨਾਲ-ਨਾਲ ਰਵਿਦਾਸ ਜੀ ਦੇ ਸਮੇਂ ਵਪਾਰੀਆਂ ਦੇ ਲੁਟੇਰਿਆਂ ਹੱਥੋਂ ਲੁੱਟੇ ਜਾਣ ਦੀਆਂ ਘਟਨਾਵਾਂ ਪ੍ਰਚੱਲਿਤ ਸਨ।

ਭਗਤ ਰਵਿਦਾਸ ਸਮੇਂ ਆਰਥਿਕ ਅਵੱਸਥਾ ਵਿਚ ਕਿੰਨੀ ਕਮੀ ਆ ਚੁਕੀ ਸੀ, ਇਸ ਗੱਲ ਦਾ ਅਨੁਭਵ ਇਸ ਤੋਂ ਵੀ ਹੋ ਜਾਣਾ ਚਾਹੀਦਾ ਹੈ ਕਿ ਮੁਹੰਮਦ ਗਜ਼ਨਵੀ ਦੀ ਤਰ੍ਹਾਂ ਪਤਾ  ਨਹੀ ਕਿੰਨੇ ਹਮਲਿਆਂ ਦਾ ਦੌਰ ਸਦੀਆਂ ਤਕ ਚਲਦਾ ਰਿਹਾ, ਜਿਸ ਨਾਲ ਜਨਤਾ ਦੀ ਆਰਥਿਕ ਅਵੱਸਥਾ ਡਾਵਾਂਡੋਲ ਹੋ ਗਈ ਸੀ। ਆਰਥਿਕ ਸਾਧਨਾਂ ਦੀ ਕਮੀ ਦੇ ਨਾਲ-ਨਾਲ ਭਾਰਤੀ ਜਨਤਾ ਬੇਸਹਾਰਾ ਹੋ ਗਈ ਸੀ। ਲਗਾਤਾਰ ਹਮਲਿਆਂ ਤੋਂ ਲੋਕ ਭੈਭੀਤ ਹੋ ਗਏ ਸਨ। ਇਸ ਹਾਲਤ ਵਿਚ ਜਦੋਂ ਚਾਰੇ ਪਾਸੇ ਇਕਾਂਤ ਛਾਇਆ ਹੋਵੇ ਤਾਂ ਰੋਜ਼ੀ-ਰੋਟੀ ਕਮਾਉਣਾ ਵੀ ਅਸੰਭਵ ਹੁੰਦਾ ਸੀ। ਦੂਸਰੇ ਪਾਸੇ ਚੰਗੇ-ਚੰਗੇ ਅਹੁਦੇ ਮੁਸਲਮਾਨ ਹੀ ਸੰਭਾਲਦੇ ਸਨ। ਹਿੰਦੂਆਂ ਵਾਸਤੇ ਛੋਟੇ ਅਹੁਦੇ ਰੱਖੇ ਜਾਂਦੇ ਸਨ। ਇਸ ਕਰਕੇ ਉਨ੍ਹਾਂ ਦਾ ਆਰਥਿਕ ਪੱਧਰ ਉੱਚਾ ਨਾ ਹੋ ਸਕਿਆ। ਖੇਤੀਬਾੜੀ ਤੇ ਟੈਕਸਾਂ ਦਾ ਭਾਰ ਐਨਾ ਸੀ ਕਿ ਜਨਤਾ ਖੇਤਾਂ ਵਿਚ ਹੀ ਫਸਲਾਂ ਵੇਚਣ ਤੇ ਮਜ਼ਬੂਰ ਹੋ ਜਾਂਦੀ ਸੀ। ਆਮ ਤੌਰ ’ਤੇ ਹਮਲਿਆਂ ਨਾਲ ਖੇਤਾਂ ਦੀਆਂ ਫ਼ਸਲਾਂ ਤਬਾਹ ਕਰ ਦਿੱਤੀਆਂ ਜਾਂਦੀਆਂ ਸਨ।

ਮੁਸਲਮਾਨਾਂ ਦੇ ਕਰੋਧ ਕਾਰਨ ਦਸਤਕਾਰਾਂ ਦੇ ਵੀ ਦਿਲ ਟੁੱਟ ਗਏ ਸਨ। ਉਹ ਲੋਕ ਭਰੇ ਹੋਏ ਮਨ ਹੋਣ ਕਾਰਨ ਆਪਣੇ ਦਸਤਕਾਰੀ ਦੇ ਕੰਮਾਂ ਵਿਚ ਦਿਲਚਸਪੀ ਨਹੀਂ ਲੈ ਰਹੇ ਸਨ। ਭੁੱਖਮਰੀ ਅਤੇ ਬੀਮਾਰੀ ਜੰਤਾਂ ਨੂੰ ਜਕੜੇ ਹੋਏ ਸੀ। ਅਜਿਹੀ ਹਾਲਤ ਵਿਚ ਬੇਵੱਸ ਲੋਕ ਪ੍ਰਭੂ ਦੀ ਤਰਫ਼ ਧਿਆਨ ਦੇਣ ਲੱਗੇ।

ਭਗਤ ਰਵਿਦਾਸ ਵਰਗੇ ਸੰਤਾਂ  ਭਾਰਤੀ ਉਦਾਸ ਜਨਤਾ ਨੂੰ ਹੌਂਸਲਾ ਦਿੱਤਾ ਅਤੇ ਉਨ੍ਹਾਂ ਨੂੰ ਠੀਕ ਰਸਤਾ ਦਿਖਾਇਆ। ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਨਾ ਸਿਰਫ ਭਾਰਤੀ ਸੰਸਕ੍ਰਿਤੀ ਦਾ ਅਟੁੱਟ ਖਜ਼ਾਨਾ ਹੈ, ਸਗੋਂ ਭਗਤੀ ਧਾਰਾ ਦਾ ਵੀ ਇਕ ਰਤਨ ਹੈ।

ਮੁਸਲਮਾਨਾਂ ਦੇ ਨਿਰੰਤਰ ਹਮਲਿਆਂ ਅਤੇ ਲੁੱਟ-ਖਸੁੱਟ ਦੇ ਕਾਰਨ ਸਮਾਜ ਦੀ ਆਰਥਿਕ ਵਿਵਸਥਾ ਬੜੀ ਤਰਸਯੋਗ ਸੀ। ਦੇਸ਼ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਅਤੇ ਲੋਕ ਆਪਸ ਵਿਚ ਹਮੇਸ਼ਾ ਲੜਦੇ-ਝਗੜਦੇ ਰਹਿੰਦੇ ਸਨ। ਇਹ ਸਮਾਂ ਭਾਰਤ ਲਈ ਬੜਾ ਹੀ ਕਰੜਾ ਤੇ ਜਟਿਲ ਸੀ, ਸਖ਼ਸ਼ੀ ਹਕੂਮਤ ਆਪਣੇ ਪੂਰੇ ਜੋਬਨ ਤੇ ਸੀ ਅਤੇ ਜਾਗੀਰਦਾਰੀ ਨਿਜ਼ਾਮ ਅਧੀਨ ਗ਼ਰੀਬ ਜਨਤਾ ਦਾ ਲੱਕ ਟੁੱਟ ਚੁਕਿਆ ਸੀ। “ਅਲਾਉਦੀਨ ਦੇ ਸਮੇਂ ਵਿਚ ਹਿੰਦੂ ਮੁਕੱਦਸਾਂ (ਨੰਬਰਦਾਰਾਂ) ਦੀਆਂ ਔਰਤਾਂ ਨੂੰ ਸ਼ਾਸਕ ਵਰਗ ਦੇ ਘਰਾਂ  ਵਿਚ ਜਾ ਕੇ ਪੀਹਣਾ, ਕਤਣਾ ਕਰਨਾ ਪੈਂਦਾ ਸੀ, ਤਦ ਜਾ ਕੇ ਰੋਟੀ ਨਸੀਬ ਹੁੰਦੀ ਸੀ।” ਅਲਾਉਦੀਨ (ਖਿਲਜੀ) ਹਿੰਦੂਆਂ ਕੋਲ ਕੇਵਲ ਛੇ ਮਹੀਨੇ ਜੋਗਾ ਆਟਾ, ਦਾਣਾ ਤੇ ਕੱਪੜਾ ਰਹਿਣ ਦਿੰਦਾ ਸੀ। “ਹਿੰਦੂਆਂ ਕੋਲ ਏਨਾ ਧਨ ਵੀ ਨਹੀਂ ਰਹਿਣ ਦਿੱਤਾ ਜਾਂਦਾ ਸੀ ਕਿ ਉਹ ਘੋੜੇ ਦੀ ਸਵਾਰੀ ਕਰ ਸਕਦੇ, ਹਥਿਆਰ ਰੱਖ ਸਕਦੇ, ਚੰਗੇ ਬਸਤਰ ਪਹਿਨ ਸਕਦੇ ਜਾਂ ਜੀਵਨ ਦੀ ਕਿਸੇ ਹੋਰ ਵਿਲਾਸਮਈ ਵਸਤੂ ਦੀ ਵਰਤੋਂ ਕਰ ਸਕਦੇ।” ਆਮ ਜਨਤਾ ਦੀ ਉਪਜੀਵਕਾ ਦੇ ਸਾਧਨ ਬਹੁਤ ਘੱਟ ਸਨ, ਲੋਕੀਂ ਛੋਟੇ-ਛੋਟੇ ਕਿੱਤੇ ਕਰਕੇ ਆਪਣਾ ਜੀਵਨ

ਨਿਰਬਾਹ ਕਰਦੇ ਸਨ। "ਜੁਲਾਹੇ, ਧੋਬੀ, ਲੁਹਾਰ, ਚਮਾਰ, ਕਿਸਾਨ, ਘੁਮਿਆਰ, ਤੇਲੀ, ਭੰਗੀ, ਮੋਚੀ, ਤਰਖਾਣ ਆਦਿ ਆਪਣੇ ਆਪਣੇ ਪੇਸ਼ਿਆਂ ਵਿਚ ਲੱਗੇ ਹੋਏ ਸਨ ਤੇ ਰੋਟੀ ਕਮਾਉਂਦੇ ਸਨ।"

ਰਾਜਾ ਧਨੀਆਂ ਦੇ ਹਿੱਤਾਂ ਦੀ ਰਾਖੀ ਕਰਦਾ ਸੀ, ਮੱਧ ਵਰਗੀ ਲੋਕ ਹਰ ਕਾਲ ਵਾਂਗ ਇਸ ਕਾਲ ਵਿਚ ਵੀ ਲਾਭ ਪ੍ਰਾਪਤ ਕਰ ਰਹੇ ਸਨ। ਹਰ ਪੇਸ਼ੇ ਵਿਚ ਛਲ-ਕਪਟ, ਬੇਈਮਾਨੀ ਅਤੇ ਅਦਾਲਤਾਂ ਵਿਚ ਵੀ ਰਿਸ਼ਵਤਖ਼ੋਰੀ ਦਾ ਬੋਲਬਾਲਾ ਸੀ। ਮਜ਼ਦੂਰ ਵਰਗ ਵਗਾਰ ਹੱਥੋਂ ਤੰਗ ਸੀ। ਕਿਸਾਨ ਕਰਾਂ ਦੇ ਬੋਝ ਹੇਠ ਨਪੀੜੇ ਜਾ ਰਹੇ ਸਨ। ਹਿੰਦੂਆਂ ਤੋਂ ਜਜ਼ੀਆ ਉਗਰਾਹਿਆ ਜਾਂਦਾ ਸੀ। ਗਊ, ਬ੍ਰਾਹਮਣ ਅਤੇ ਤੀਰਥਾਂ ਤੇ ਜਾਣ ਵਾਲੇ ਲੋਕਾਂ ਉੱਤੇ ਵੀ ਕਰ ਲੱਗੇ ਹੋਏ ਸਨ। "ਕਈਆਂ ਦਾ ਲਾਭ ਇਸ ਵਿਚ ਸੀ ਕਿ ਮਨੋਂ ਤਾਂ ਆਪਣੇ ਪਿਤਾ, ਪਿਤਾਮਾ ਦੇ ਧਰਮ ਨੂੰ ਅਪਣਾਈ ਰਖਣ, ਪਰ ਬਾਹਰੋਂ ਆਪਣੇ ਹਾਕਮਾਂ ਦਾ ਰੰਗ-ਢੰਗ ਬਣਾ ਲੈਣ। ਅਜਿਹੇ ਲੋਕਾਂ ਨੇ ਮੁਸਲਮਾਨਾਂ ਦਾ ਪਹਿਰਾਵਾ ਧਾਰਨ ਕਰ ਲਿਆ ਤੇ ਉਹ ਮਸੀਤਾਂ ਵਿਚ ਵੀ ਜਾਣ ਲਗ ਪਏ ਸਨ ਤਾਂ ਜੋ ਕਈ ਤਰ੍ਹਾਂ ਦੇ ਟੈਕਸਾਂ ਤੇ ਕਰਾਂ ਤੋ ਬਚ ਜਾਣ।" ਇਸ ਤਰ੍ਹਾਂ ਹਕੂਮਤ ਨੇ ਕੋਲ ਸਮੂਹ ਨੂੰ ਪੂਰੀ ਤਰ੍ਹਾਂ ਫੌਲਾਦੀ ਪੰਜੇ ਵਿਚ ਜਕੜਿਆ ਹੋਇਆ ਸੀ।

ਸਾਮੰਤ ਵਰਗ ਦਾ ਜੀਵਨ ਇੰਨਾ ਵਿਲਾਸਤਾ ਭਰਿਆ ਸੀ ਕਿ ਐਸ਼ਵਰਜ ਲਈ ਬੇਲੋੜੇ ਨੌਕਰ ਰੱਖੇ ਹੋਏ ਸਨ। "ਮੁਹੰਮਦ ਤੁਗਲਕ ਦੇ ਦਰਬਾਰ ਵਿਚ ਚਾਰ ਹਜ਼ਾਰ ਸਵਰਨਕਾਰ ਗਹਿਣੇ ਬਣਾਉਣ ਲਈ ਨੌਕਰ ਰਖੇ ਹੋਏ ਸਨ"। ਦੂਜੇ ਪਾਸੇ ਸਾਧਾਰਣ ਲੋਕ ਬਹੁਤ ਮੁਸ਼ਕਲ ਨਾਲ ਆਪਣਾ ਪੇਟ ਭਰਦੇ ਸਨ। ਚਰਿੱਤਰਹੀਣਤਾ ਅਤੇ ਪਰ-ਇਸਤਰੀ ਗਮਨ ਆਦਿ ਦੀ ਸਮਾਜਕ ਜੀਵਨ ਵਿਚ ਪ੍ਰਧਾਨਤਾ ਹੁੰਦੀ ਜਾ ਰਹੀ ਸੀ। "ਬਦਰੀ ਦਾਸ ਨਾਮੀ ਪ੍ਰਸਿੱਧ ਕਵੀ ਕਿਸੇ ਸੁੰਦਰ ਅਤੇ ਪ੍ਰਵੀਨ ਕੰਨਿਆਂ ਨੂੰ ਇਕ ਸਮੇਂ ਲਈ ਇਕ ਸੌ ਦੀਨਾਰ ਦਿੰਦਾ ਹੁੰਦਾ ਸੀ। ਇਸ ਵਿਲਾਸਤਾ ਵਿਚ ਸ਼ਰਾਬ ਦੀ ਵੀ ਬਹੁਤ ਵਰਤੋਂ ਹੁੰਦੀ ਸੀ।" ਇਸ ਕਾਲ ਵਿਚ ਦਾਸ-ਪ੍ਰਥਾ ਵੀ ਪ੍ਰਚਲਿਤ ਸੀ। ਗੁਲਾਮ ਮੁੰਡੇ, ਕੁੜੀਆਂ ਮੁੱਲ ਖਰੀਦੇ ਜਾਂਦੇ ਸਨ, ਜਿਨ੍ਹਾਂ ਦੀ ਕਾਮਤ ਬਰੂਨੀ ਨੇ 500 ਟੰਕ (ਤਤਕਾਲੀਨ ਸਿੱਕਾ) ਤੋਂ ਦੋ ਹਜ਼ਾਰ ਟੰਕ ਦੱਸੀ ਹੈ।

ਭਗਤ ਰਵਿਦਾਸ ਜੀ ਦੇ ਤੱਤਕਾਲੀਨ ਸਮਾਜ ਵਿਚ ਵਪਾਰਕ ਸਥਿਤੀ ਵੀ ਤਰਯੋਗ ਸੀ। ਕਾਗਜ਼, ਮਸਰੀ, ਸੁੱਕੇ ਮੇਵੇ ਤੇ ਸੋਨੇ ਚਾਂਦੀ ਦੀ ਦਰਾਮਦ ਮੱਧ-ਏਸ਼ੀਆਂ ਤੋਂ ਹੁੰਦੀ ਸੀ। ਕੀਮਤੀ ਪੱਥਰ ਤਿੱਬਤ ਤੋਂ ਲੈ ਕੇ ਮਿਸਰ ਤਕ ਦੇ ਦੇਸ਼ਾਂ ਤੋਂ ਆਉਂਦੇ ਸਨ। ਮਿਸਰ ਦੀਆਂ ਬਣੀਆਂ ਪੰਨੇ ਦੀਆਂ ਛਾਪਾਂ ਬਹੁਤ ਪ੍ਰਸਿੱਧ ਸਨ। ਦੇਸ਼ ਦੇ ਅੰਦਰੂਨੀ ਵਿਉਪਾਰ ਉੱਪਰ ਅਨੇਕਾਂ ਕਰ ਲਗੇ ਹੋਏ ਸਨ ਜਿਵੇਂ ਕਿ ਮਹਿਸੂਲ, ਪੁਲ, ਘਾਟ, ਪਰਗਨੇ ਦੀ ਸੀਮਾ, ਮੰਡੀ ਆਦਿ। ਆਰਥਿਕ ਖੇਤਰ ਵਿਚ ਜਨ-ਸਾਧਾਰਨ ਦੀ ਲੁੱਟ-ਖਸੁੱਟ ਹੋ ਰਹੀ ਸੀ। "ਸਾਧਾਰਣ ਜਨਤਾ ਦੁੱਖੀ ਸੀ, ਉਨ੍ਹਾਂ ਦੀ ਜਾਤ-ਪਾਤ ਕਈ ਕਿੱਤਿਆਂ ਦੇ ਅਨੁਸਾਰ ਵੰਡੀ ਹੋਈ ਸੀ। ਸ਼ੂਦਰਾਂ ਤੇ ਕੰਮ ਦਾ ਵਧੇਰੇ ਬੋਝ ਰਹਿੰਦਾ ਸੀ। ਇਸ ਲਈ ਉਹ ਮੁਸਲਮਾਨ ਬਣਨ ਵਿਚ ਆਰਥਿਕ ਵਿਕਾਸ ਵੀ ਵੇਖਦੇ ਸਨ।" ਜਨ-ਸਾਧਾਰਨ ਦੀ ਤਰਸਯੋਗ ਹਾਲਤ ਦਾ ਵਰਨਣ ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਦ੍ਰਿਸ਼ਟੋਗੋਚਰ ਹੁੰਦਾ ਹੈ:

"ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ।"[88]

ਸੰਤ ਕਵੀਆਂ ਦੇ ਕੋਮਲ ਮਨ ਉੱਪਰ ਤਤਕਾਲੀਨ ਆਰਥਿਕ ਅਵਸਥਾ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਅਤੇ ਇਸ ਦੇ ਅੰਤਰਗਤ ਜਨ-ਸਾਧਾਰਨ ਦੇ ਜੀਵ ਵਿਚ ਜੋ ਗਿਰਾਵਟ ਆਈ, ਇਸ ਦਾ ਚਿੱਤਰ ਉਨ੍ਹਾਂ ਨੇ ਆਪਣੀ ਬਾਣੀ ਦੁਆਰਾ ਉਲੀਕਿਆ ਅਤੇ ਹਾਕਮਾਂ ਦੁਆਰਾਂ ਆਮ ਲੋਕਾਂ ਦੇ ਹੋ ਰਹੇ ਆਰਥਿਕ ਸੋਸ਼ਣ ਦੀ ਵਿਰੋਧਤਾ ਕੀਤੀ। ਭਗਤ ਬਾਣੀ ਵਿਚ ਆਰਥਿਕਤਾ ਦਾ ਜੋ ਵਰਨਣ ਕੀਤਾ ਗਿਆ ਹੈ, ਉਸ ਵਿਚ ਆਰਥਿਕ ਪਰਿਪੇਖ ਦੇ ਵੀ ਬਹੁਤ ਹਵਾਲੇ ਮਿਲਦੇ ਹਨ। ਭਗਤਾਂ ਨੇ ਉਪਦੇਸ਼ ਦਿੱਤਾ ਹੈ ਕਿ ਮਨੁੱਖ ਨੂੰ ਹੱਕ-ਹਲਾਲ ਦੀ ਕਮਾਈ ਕਰਨੀ ਚਾਹੀਦੀ ਹੈ, ਪਰਾਏ ਧਨ ਦੀ ਆਸ ਤਿਆਗ ਦੇਣੀ ਚਾਹੀਦੀ ਹੈ। ਮਾਇਆ ਦੇ ਇਕੱਤਰ ਕਰਨ ਵਿਚ ਜੀਵਨ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ; ਮਾਇਆ ਵਿਚੋਂ ਸੁੱਖਾਂ ਦੀ ਆਸ ਨਹੀਂ ਰੱਖਣੀ ਚਾਹੀਦੀ; ਲੋਕਾਂ ਨਾਲ ਲੈਣ ਦੇਣ ਸਾਫ ਰੱਖਣਾ ਹੈ ਅਤੇ ਮਨੁੱਖ ਨੂੰ ਆਤਮ ਨਿਰਭਰ ਹੋਣਾ ਚਾਹੀਦਾ ਹੈ। ਹਥਲੇ ਸਿਰਲੇਖ 'ਆਰਥਿਕ ਆਧਾਰ' ਵਿਚ ਇਨ੍ਹਾਂ ਉਪਰੋਕਤ ਨੁਕਤਿਆਂ ਉਤੇ ਵਿਸਥਾਰ ਨਾਲ ਪਰਿਚਰਚਾ ਅੱਗੇ ਕੀਤੀ ਜਾਵੇਗੀ।

**ਹੱਕ ਹਲਾਲ ਦੀ ਕਮਾਈ ਕਰਨਾ**

ਭਗਤ ਬਾਣੀ ਵਿਚ ਮਨੁੱਖ ਨੂੰ ਦਸਾਂ ਨਹੁੰਆਂ ਦੀ ਭਾਵ ਹੱਕ ਹਲਾਲ ਦੀ ਕਮਾਈ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਹੱਕ ਹਲਾਲ ਦੀ ਕਮਾਈ ਕਰਨ ਤੋਂ ਭਾਵ ਹੈ: ਖੁਦ ਆਪਣੇ ਹੱਥਾਂ ਨਾਲ ਕੰਮ ਕਰ ਕੇ ਧਨ ਦੀ ਪ੍ਰਾਪਤੀ ਕਰਨਾ ਜਾਂ ਖ਼ੂਨ ਪਸੀਨੇ ਦੀ ਕਮਾਈ ਕਰਨਾ। ਸ਼ੇਖ ਫਰੀਦ ਜੀ ਨੇ ਲਿਖਿਆ ਹੈ:

"ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਨਿਗੇ ਦੁਖ॥"[89]

ਆਪ ਨੇ ਉਪਦੇਸ਼ ਦਿੱਤਾ ਹੈ ਕਿ ਆਪਣੇ ਹੱਥਾਂ ਦੀ ਕਮਾਈ ਹੋਈ ਮੇਰੀ ਰੁੱਖੀ ਮਿੱਸੀ ਰੋਟੀ ਭਾਵ ਸਾਦਾ ਰੋਟੀ ਹੈ। ਮੇਰੀ ਭੁੱਖ ਹੀ ਇਸ ਰੋਟੀ ਦੇ ਨਾਲ ਸਲੂਣਾ (ਸਬਜੀ-ਭਾਜੀ) ਹੈ, ਜੋ ਲੋਕ ਪਾਪਾਂ ਦੀ ਕਮਾਈ ਨਾਲ ਚੰਗੀ ਚੋਖੀ ਰੋਟੀ ਖਾਂਦੇ ਹਨ, ਉਹ ਅੰਤ ਸਮੇਂ ਬੜੇ ਕਸ਼ਟ ਸਹਿੰਦੇ ਹਨ। ਭਾਵ ਜਦੋਂ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ ਤਾਂ ਫਿਰ ਔਖਿਆਈ ਪੇਸ਼ ਆਉਂਦੀ ਹੈ। ਇਸ ਦੇ ਮੁਕਾਬਲੇ ਆਪਣੀ ਹੱਕ ਹਲਾਲ ਦੀ ਕਮਾਈ ਦੀ ਸਾਦਾ ਰੋਟੀ ਚੰਗੀ ਹੈ। ਚਸਕੇ ਮਨੁੱਖ ਨੂੰ ਖੁਆਰ ਕਰਦੇ ਹਨ। ਇਸ ਤਰ੍ਹਾਂ ਆਪ ਨੇ ਹੱਕ ਹਲਾਲ ਦੀ ਕਮਾਈ ਕਰਨ ਦਾ ਸੰਦੇਸ਼ ਦਿੱਤਾ ਹੈ:

"ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ॥
ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ॥"[90]

ਆਪ ਨੇ ਫੁਰਮਾਇਆ ਹੈ ਕਿ ਇਹ ਭੌਂਕਣ ਵਾਲਾ ਕੁੱਤਾ (ਸਰੀਰ ਵਿਚ ਬੈਠਾ ਮਨ ਰੂਪੀ ਕੁੱਤਾ) ਮੁਰਦਾਰ ਭਾਵ ਹਰਾਮ ਖਾਣ ਵਾਸਤੇ ਉਠ ਭੱਜਦਾ ਹੈ। ਜੀਵ ਨੂੰ ਜਦੋਂ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ ਤਾਂ ਫਿਰ ਮਨ ਰੂਪੀ

ਕੁੱਤਾ ਆਪਣੇ ਸੁਭਾਅ ਨੂੰ ਤਿਆਗ ਦਿੰਦਾ ਹੈ। ਫਿਰ ਇਹ ਆਪਣੇ ਸੁਆਮੀ (ਜੀਵ) ਦਾ ਕਹਿਣਾ ਮੰਨ ਕੇ ਸਦਾ ਹੱਕ ਹਲਾਲ ਦੀ ਕਮਾਈ ਲਈ ਹੀ ਉਸ ਨੂੰ ਸਹਾਇਕ ਹੁੰਦਾ ਹੈ।

ਭਗਤ ਕਵੀਆਂ ਨੇ ਪਰਾਏ ਧਨ ਤੋਂ ਪਰਹੇਜ਼ ਕਰਨ ਦੀ ਵੀ ਸਿਖਿਆ ਦਿੱਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਆਪਣੇ ਦਸਾਂ ਨਹੁੰਆਂ ਦੀ ਕਮਾਈ ਉਤੇ ਹੀ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਕਿਸੇ ਦੂਜੇ ਜੀਵ ਦੇ ਧਨ ਨੂੰ ਹਥਿਆਉਣ ਦੀ ਇੱਛਾ ਵੀ ਕਰਨੀ ਉਚਿਤ ਨਹੀਂ ਹੈ। ਬਾਣੀ ਅਨੁਸਾਰ:

"ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥"[91]

ਜਿਸ ਮਨੁੱਖ ਨੇ ਪਰਾਏ ਧਨ ਅਤੇ ਪਰਾਈ ਇਸਤਰੀ ਦਾ ਤਿਆਗ ਕਰ ਦਿੱਤਾ ਹੈ, ਪਰਮਾਤਮਾ ਉਸ ਦੇ ਅੰਗ-ਸੰਗ ਵੱਸਦਾ ਹੈ। ਆਪ ਜੀ ਨੇ ਪਰਾਏ ਧਨ ਤੋਂ ਪਰਹੇਜ਼ ਕਰਨ ਦਾ ਉਪਦੇਸ਼ ਦਿੱਤਾ ਹੈ। ਪਰਾਏ ਧਨ ਨੂੰ ਠੱਗਣ ਦੀ ਵਿਰੋਧਤਾ ਕਰਦੇ ਹੋਏ ਭਗਤ ਬੇਣੀ ਜੀ ਨੇ ਵੀ ਰਾਗੁ ਪ੍ਰਭਾਤੀ ਵਿਚ ਲਿਖਿਆ ਹੈ:

"ਨਿਤਪ੍ਰਤਿ ਇਸਨਾਨੁ ਸਰੀਰੰ॥
ਦੁਇ ਧੋਤੀ ਕਰਮ ਮੁਖਿ ਖੀਰੰ॥
ਰਿਦੈ ਛੁਰੀ ਸੰਧਿਆਨੀ॥
ਪਰ ਦਰਬੁ ਹਿਰਨ ਕੀ ਬਾਨੀ॥"[92]

ਇਥੇ ਆਪ ਜੀ ਨੇ 'ਮਨੁੱਖ' ਨੂੰ ਉਸ ਦੇ ਅੰਦਰਲੀ ਅਤੇ ਬਾਹਰਲੀ ਅਸਲੀਅਤ ਤੋਂ ਜਾਣੂ ਕਰਵਾਉਂਦਿਆਂ ਫੁਰਮਾਇਆ ਹੈ ਕਿ ਤੂੰ ਭਾਵੇ ਆਪਣੇ ਸਰੀਰ ਉਤੇ ਇਸਨਾਨ ਕਰਕੇ, ਚੰਦਨ ਦਾ ਲੇਪ ਕਰਦਾ ਹੈ ਅਤੇ ਮੱਥੇ ਉਤੇ ਤੁਲਸੀ ਦੇ ਪੱਤਰ ਲਾਉਂਦਾ ਹੈ, ਪਰ ਤੇਰੀ ਅੰਦਰਲੀ ਸਥਿਤੀ ਇਸ ਤੋਂ ਵੱਖਰੀ ਹੈ। ਤੇਰੇ ਹਿਰਦੇ ਵਿਚ ਹਮੇਸ਼ਾ ਪਰਾਇਆ ਧਨ ਹਥਿਆਉਣ ਦੀ ਅਗਨੀ ਭੜਕ ਰਹੀ ਹੈ। ਤੇਰੀ ਨਿਗਾਹ ਠੱਗਾਂ ਵਾਂਗ ਪਰਾਏ ਧਨ ਤੇ ਲੱਗੀ ਹੋਈ ਹੈ। ਬਗਲੇ ਵਾਂਗ ਤੂੰ ਨਕਲੀ ਸਮਾਧੀ ਲਾਈ ਬੈਠਾ ਹੈ। ਜਿਵੇਂ ਤੇਰੇ ਮੂੰਹ ਵਿਚੋਂ ਸੁਆਸ ਨਿਕਲ ਗਏ ਹੋਣ, ਭਾਵ ਵੇਖਣ ਨੂੰ ਤੂੰ ਬੜਾ ਹੀ ਦਇਆਵਾਨ ਜਾਪਦਾ ਹੈ। ਇਹ ਸਭ ਕੁਝ ਤੂੰ ਪਰਾਏ ਧਨ ਦੀ ਖ਼ਾਤਰ ਕਰ ਰਿਹਾ ਹੈ, ਜਿਸ ਕਰਕੇ ਤੇਰਾ ਇਹ ਸਭ ਕੁਝ ਕੀਤਾ ਕਰਾਇਆ ਵਿਅਰਥ ਜਾਵੇਗਾ। ਇਥੇ ਆਪ ਨੇ ਪਰਾਏ ਧਨ ਤੋਂ ਪਰਹੇਜ਼ ਕਰਨ ਦਾ ਉਪਦੇਸ਼ ਦਿੱਤਾ ਹੈ।

"ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥"[93]

ਆਪ ਨੇ ਉਪਦੇਸ਼ ਦਿੱਤਾ ਹੈ ਕਿ ਪੁਰਾਣ ਆਦਿ ਸੁਣਕੇ ਭੀ ਪਾਪੀ ਮਨੁੱਖ ਡਾਕੇ ਮਾਰ-ਮਾਰ ਕੇ ਪਰਾਏ ਘਰ ਲੁੱਟ-ਲੁੱਟ ਕੇ ਹੀ ਆਪਣਾ ਢਿੱਡ ਭਰਦਾ ਰਿਹਾ ਤੇ ਸਾਰੀ ਉਮਰ ਉਹੀ ਮੂਰਖਤਾ ਕਰਦਾ ਰਿਹਾ ਹੈ, ਜਿਸ ਨਾਲ ਅਗਲੇ ਜਹਾਨ ਵਿਚ ਵੀ ਬਦਨਾਮੀ ਦਾ ਟਿੱਕਾ ਹੀ ਮਿਲੇਦਾ ਹੈ। ਆਪ ਨੇ ਡਾਕੇ ਮਾਰਨ ਅਤੇ ਪਰਾਏ ਧਨ ਨੂੰ ਲੁੱਟਣ ਦੀ ਵਿਰੋਧਤਾ ਕੀਤੀ ਹੈ। ਭਗਤ ਕਬੀਰ ਜੀ ਨੇ ਵੀ ਇਉਂ ਲਿਖਿਆ ਹੈ:

"ਬਹੁ ਪਰਪੰਚ ਕਰਿ ਪਰ ਧਨੁ ਲਿਆਵੈ।।

ਸੁਤ ਦਾਰਾ ਪਹਿ ਆਨਿ ਲੁਟਾਵੈ।।

ਮਨ ਮੇਰੇ ਭੂਲੇ ਕਪਟੁ ਨ ਕੀਜੈ।।

ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।। ਰਹਾਉ।।"[94]

ਆਪ ਜੀ ਨੇ ਦੱਸਿਆ ਹੈ ਕਿ ਮਨੁੱਖ ਬੜੀਆਂ ਠੱਗੀਆਂ ਕਰਕੇ ਧਨ ਬਾਹਰੋਂ ਇਕੱਠਾ ਕਰਕੇ ਘਰ ਲਿਆਉਂਦਾ ਹੈ ਅਤੇ ਆਪਣੇ ਪਰਿਵਾਰ ਪੁੱਤਰ, ਧੀਆਂ, ਇਸਤਰੀਆਂ ਉਤੇ ਖਰਚ ਕਰਦਾ ਹੈ। ਕਬੀਰ ਜੀ ਅਜਿਹੇ ਮਨੁੱਖ ਨੂੰ ਸੁਚੇਤ ਕਰਦੇ ਹੋਏ ਕਹਿੰਦੇ ਹਨ: ਹੇ ਜੀਵ! ਇਹ ਜਿਹੜੀਆਂ ਤੂੰ ਠੱਗੀਆਂ ਮਾਰਦਾ ਹੈ, ਇਨ੍ਹਾਂ ਸਾਰੀਆਂ ਦਾ ਹਿਸਾਬ ਕਿਤਾਬ ਤੈਨੂੰ ਹੀ ਦੇਣਾ ਪਵੇਗਾ। ਇਸ ਲਈ ਤੂੰ ਹੋਸ਼ ਕਰ ਤੇ ਇਨ੍ਹਾਂ ਭੈੜੀਆਂ ਆਦਤਾਂ ਦਾ ਤਿਆਗ ਕਰ ਦੇ। ਆਪ ਨੇ ਠੱਗੀਆਂ ਕਰਨ ਅਤੇ ਪਰਾਏ ਧਨ ਨੂੰ ਹਥਿਆਉਣ ਤੋਂ ਮਨੁੱਖ ਨੂੰ ਰੋਕਿਆ ਹੈ। ਆਪ ਅਨੁਸਾਰ:

"ਸਿੰਘਚ ਭੋਜਨੁ ਜੋ ਨਰੁ ਜਾਨੈ।।

ਐਸੇ ਹੀ ਠਗਦੇਉ ਬਖਾਨੈ।।"[95]

ਆਪ ਜੀ ਨੇ ਕਿਹਾ ਹੈ ਕਿ ਜੋ ਮਨੁੱਖ ਜ਼ੁਲਮ ਵਾਲੀ ਰੋਜ਼ੀ ਹੀ ਕਮਾਉਣੀ ਜਾਣਦਾ ਹੈ ਅਤੇ ਬਾਹਰੋਂ ਅੱਖਾਂ ਮੀਟਦਾ ਹੈ। ਜਿਵੇਂ ਉਸ ਨੇ ਸਮਾਧੀ ਤਾਂ ਲਾਈ ਹੋਵੇ ਪਰ ਜਗਤ ਐਸੇ ਬੰਦੇ ਨੂੰ ਵੱਡਾ ਠੱਗ ਆਖਦਾ ਹੈ। ਆਪ ਨੇ ਠੱਗੀ ਕਰਨ ਤੋਂ ਮਨੁੱਖ ਨੂੰ ਵਰਜਿਆ ਹੈ।

ਭਗਤ ਕਵੀਆਂ ਨੇ ਲੋਕਾਂ ਦਾ ਹੱਕ ਨਾ ਮਾਰਨ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਆਪਣਾ ਕਮਾਇਆ ਹੋਇਆ ਧਨ ਹੀ ਠੀਕ ਹੈ ਅਤੇ ਦੂਜੇ ਤੋਂ ਖੋਹਿਆ ਗਿਆ ਧਨ ਮਨੁੱਖ ਨੂੰ ਪਾਪਾਂ ਦਾ ਭਾਗੀ ਬਣਾਉਂਦਾ ਹੈ। ਆਪ ਅਨੁਸਾਰ:

"ਜਜਾ ਜਉ ਤਨ ਜੀਵਤ ਜਰਾਵੈ।। ਜੋਬਨ ਜਾਰਿ ਜੁਗਤਿ ਸੋ ਪਾਵੈ।।

ਅਸਜਰਿ ਪਰਿਜਰਿ ਜਰਿ ਜਬ ਰਹੈ। ਤਬ ਜਾਇ ਜੋਤਿ ਉਜਾਰਉ ਲਹੈ।।"[96]

ਆਪ ਨੇ ਸੰਦੇਸ਼ ਦਿੱਤਾ ਹੈ ਕਿ ਜੋ ਪੁਰਸ਼ ਜਿਉਂਦਿਆਂ ਹੀ ਤਨ ਨੂੰ ਸਾੜ ਸੁੱਟਦਾ ਹੈ, ਉਹੀ ਪਰਮਾਤਮਾ ਨਾਲ ਪ੍ਰੇਮ ਕਰਨ ਦੀ ਜਾਂਚ ਲੱਭਦਾ ਹੈ। ਮਨੁੱਖ ਜਦੋਂ ਧਨ ਦੇ ਲੋਭ ਵਿਚ ਸੜ ਚੁਕਦਾ ਹੈ, ਤਦੋਂ ਨਿਰੰਕਾਰ ਦੇ ਚਾਨਣ ਨੂੰ ਜਾਈਦਾ ਹੈ। ਆਪ ਨੇ ਪਰ ਧਨ ਹਥਿਆਉਣ ਦੀ ਵਿਰੋਧਤਾ ਕੀਤੀ ਹੈ ਅਤੇ ਆਪਣੇ ਕਮਾਏ ਹੋਏ ਧਨ ਨੂੰ ਹੀ ਠੀਕ ਮੰਨਿਆ ਹੈ।

ਭਗਤ ਕਵੀਆਂ ਨੇ ਇਹ ਵੀ ਉਪਦੇਸ਼ ਦਿੱਤਾ ਹੈ ਕਿ ਮਨੁੱਖ ਨੂੰ ਮਾਇਆ ਦੇ ਇਕੱਤਰਕਰਨ ਵਿਚ ਜੀਵਨ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਧਨ ਦਾ ਮਾਣ ਕਰਨਾ ਚਾਹੀਦਾ ਹੈ। ਬਾਣੀ ਅਨੁਸਾਰ:

"ਚੋਆ ਚੰਦਨ ਮਰਦਨ ਅੰਗਾ।। ਸੋ ਤਨੁ ਜਲੈ ਕਾਠ ਕੈ ਸੰਗਾ।।

ਇਸੁ ਤਨ ਧਨ ਕੀ ਕਵਨ ਬਡਾਈ॥"

ਧਰਨਿ ਪਰੈ ਉਰਵਾਰਿ ਨ ਜਾਈ॥ ੧॥ ਰਹਾਉ॥[97]

ਆਪ ਜੀ ਨੇ ਦੱਸਿਆ ਹੈ ਕਿ ਜਿਸ ਸਰੀਰ ਦੇ ਅੰਗਾਂ ਨੂੰ ਅਤਰ ਤੇ ਚੰਦਨ ਮਲੀਦਾ ਹੈ, ਉਹ ਤਨ ਲੱਕੜਾਂ ਨਾਲ ਸੜ ਜਾਵੇਗਾ। ਸਰੀਰ ਤਾਂ ਧਰਤੀ 'ਤੇ ਨਸ਼ਟ ਹੋ ਜਾਂਦਾ ਹੈ ਤੇ ਧਨ ਪਰਲੋਕ ਵਿਚ ਨਾਲ ਨਹੀਂ ਜਾਂਦਾ। ਇਸ ਸਰੀਰ ਤੇ ਦੌਲਤ ਦੀ ਕੀ ਵਡਿਆਈ ਹੋਈ? ਆਪ ਨੇ ਇਸ ਤਰ੍ਹਾਂ ਉਪਦੇਸ਼ ਦਿੱਤਾ ਹੈ ਕਿ ਮਾਇਆ ਇਕੱਤਰਕਰਨ ਵਿਚ ਜੀਵਨ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ। ਬਾਣੀ ਅਨੁਸਾਰ:

"ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥

ਕਬਹੂ ਖਾਟ ਸੁਪੇਦੀ ਸੁਵਾਵੈ॥ ਕਬਹੂ ਭੂਮਿ ਪੈਆਰੁ ਨ ਪਾਵੈ॥"[98]

ਆਪ ਨੇ ਦੱਸਿਆ ਹੈ ਕਿ ਕਦੇ ਕੋਈ ਜੀਵ ਐਸੀ ਮੌਜ ਵਿਚ ਹੈ ਕਿ ਉਸ ਨੂੰ ਖੀਰ, ਖੰਡ ਘਿਓ ਵਰਗੇ ਸੁਹਣੇ ਪਦਾਰਥ ਵੀ ਚੰਗੇ ਨਹੀਂ ਲੱਗਦੇ ਅਤੇ ਕਦੇ ਉਸ ਪਾਸੋਂ ਘਰ ਘਰ ਦੇ ਟੁੱਕਰ ਮੰਗਵਾਉਂਦਾ ਹੈ। ਪਰਮਾਤਮਾ ਕਦੇ ਉਸ ਨੂੰ ਮੰਗਤਾ ਬਣਾ ਦਿੰਦਾ ਹੈ ਤੇ ਉਹ ਘਰ-ਘਰ ਟੁੱਕੜੇ ਮੰਗਦਾ ਫਿਰਦਾ ਹੈ। ਪਰਮਾਤਮਾ ਕਦੇ ਉਸ ਪਾਸੋਂ ਰੂੜੀਆਂ ਫੁਲਾਉਂਦਾ ਹੈ ਤੇ ਉਨ੍ਹਾਂ ਵਿਚੋਂ ਦਾਣੇ ਚੁਗਾਉਂਦਾ ਹੈ। ਕਦੇ ਕੋਈ ਮਨੁੱਖ ਇਤਨਾ ਅਮੀਰ ਹੈ ਕਿ ਉਹ ਸੁਹਣੇ ਘੋੜੇ ਨਚਾਉਂਦਾ ਹੈ ਭਾਵ ਕਦੇ ਉਸ ਪਾਸ ਐਸੀ ਸੁਹਣੀ ਚਾਲ ਵਾਲੇ ਘੋੜੇ ਹੁੰਦੇ ਹਨ ਕਿ ਚਲਣ ਵੇਲੇ, ਮਾਨੋ, ਉਹ ਨੱਚ ਰਹੇ ਹਨ। ਕਦੇ ਉਸ ਨੂੰ ਪੈਰੀਂ ਜੁੱਤੀ ਪਾਣ ਜੋਗੀ ਵੀ ਨਹੀਂ ਲੱਭਦੀ। ਭਗਤ ਨਾਮਦੇਵ ਜੀ ਨੇ ਇਸ ਸ਼ਬਦ ਰਾਹੀਂ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਕਿ ਧਨ ਪਦਾਰਥਾਂ ਦਾ ਮਾਣ ਨਹੀਂ ਕਰਨਾ ਚਾਹੀਦਾ। ਉਨ੍ਹਾਂ ਅਨੁਸਾਰ:

"ਡੰਡਾ ਮੁੰਦ੍ਰਾ ਖਿੰਥਾ ਆਧਾਰੀ॥

ਭ੍ਰਮ ਕੈ ਭਾਇ ਭਵੈ ਭੇਖਧਾਰੀ॥

ਆਸਨੁ ਪਵਨ ਦੂਰਿ ਕਰਿ ਬਵਰੇ॥

ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥੧॥ ਰਹਾਉ॥

ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ॥

ਕਹਿ ਕਬੀਰ ਕੇਸੌ ਜਗਿ ਜੋਗੀ॥"[99]

ਆਪ ਨੇ ਇਸ ਸ਼ਬਦ ਵਿਚ ਜੋਗੀ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਹੈ ਕਿ ਡੰਡੇ, ਮੁੰਦਰਾਂ ਤੇ ਗੋਦੜੀ ਦੇ ਆਸਰੇ, ਭਰਮ ਦੇ ਵਸ ਭੇਖ ਧਾਰ ਕੇ ਟੱਕਰਾਂ ਮਾਰ ਰਿਹਾ ਹੈ ਕਿ ਹੇ ਬਉਰੇ!ਇਹ ਆਸਨ ਤੇ ਪ੍ਰਾਣਾਯਾਮ ਛੱਡ, ਠੱਗੀ ਛੱਡ ਕੇ ਰੋਜ਼ ਹਰੀ ਦਾ ਭਜਨ ਕਰ। ਜਿਸ ਮਾਇਆ ਦੀ ਤੈਨੂੰ ਲਾਲਸਾ ਹੈ, ਉਹ ਤਿੰਨ ਲੋਕਾਂ ਦੀ ਭੋਗੀ ਹੋਈ ਹੈ। ਕਬੀਰ ਜੀ ਨੇ ਕਿਹਾ ਹੈ ਕਿ ਇਕ ਪਰਮਾਤਮਾ ਹੀ ਜਗਤ ਵਿਚ ਜੋਗੀ ਹੈ। ਇਸ ਸ਼ਬਦ ਰਾਹੀਂ ਭਗਤ ਕਬੀਰ ਜੀ ਨੇ ਧਨ ਦਾ ਮਾਣ ਤਿਆਗਣ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਦਾ ਫੁਰਮਾਨ ਹੈ:

"ਕਹਾ ਨਰ ਗਰਬਸਿ ਥੋਰੀ ਬਾਤ॥

ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੋ ਟੇਢੋ ਜਾਤੁ॥੧॥ ਰਹਾਉ॥

ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ॥

ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨਹਰ ਪਾਤ॥

ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ॥

ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ॥"[100]

ਆਪ ਨੇ ਉਪਦੇਸ਼ ਦਿੱਤਾ ਹੈ ਕਿ ਹੇ ਮਨੁੱਖ! ਗੱਲ ਤਾਂ ਥੋੜ੍ਹੀ ਜਿਹੀ ਹੈ ਕਿ ਤੂੰ ਹੰਕਾਰ ਕਿਹੜੀ ਗੱਲ ਦਾ ਕਰਦਾ ਹੈ? ਦਸ ਮਣ ਅਨਾਜ ਜਾਂ ਚਾਰ ਟਕੇ ਤੇਰੀ ਗੰਢ ਵਿਚ ਹਨ ਤੇ ਤੂੰ ਆਕੜ-ਆਕੜ ਕੇ ਵਿੰਗਾ-ਵਿੰਗਾ ਤੁਰਦਾ ਹੈ? ਬਹੁਤ ਜ਼ਿਆਦਾ ਪ੍ਰਤਾਪ ਹੋਇਆ ਤਾਂ ਸਮਝੋ ਸੌ ਪਿੰਡ ਲੱਭ ਗਏ ਜਾਂ ਦੋ ਲੱਖ ਟਕੇ ਦੀ ਜਾਗੀਰ ਹੋ ਗਈ ਅਤੇ ਚਾਰ ਦਿਨਾਂ ਦੀ ਸਰਦਾਰੀ ਕਰ ਲਵੋ, ਜੀਕਰ ਬਨ ਵਿਚ ਹਰੇ ਪੱਤੇ ਚਾਰ ਦਿਨ ਰਹਿੰਦੇ ਹਨ। ਇਸੇ ਪ੍ਰਕਾਰ ਸੰਸਾਰਕ ਪਦਾਰਥ ਤੇਰਾ ਸਾਥ ਛੱਡ ਜਾਣਗੇ। ਇਹ ਜਿਹੜਾ ਧਨ ਹੈ, ਇਹ ਨਾ ਕੋਈ ਲੈ ਕੇ ਆਇਆ ਹੈ ਅਤੇ ਨਾ ਕੋਈ ਇਥੋਂ ਨਾਲ ਲੈ ਕੇ ਜਾਵੇਗਾ। ਰਾਵਣ ਤੋਂ ਵੀ ਵੱਡੇ ਰਾਜੇ ਪਲਾਂ ਵਿਚ ਆਪਣੀ ਹਸਤੀ ਮਿਟਾ ਕੇ ਚਲੇ ਗਏ। ਇਸ ਸ਼ਬਦ ਦੁਆਰਾ ਆਪ ਨੇ ਮਾਇਆ ਦਾ ਮਾਣ ਅਤੇ ਮੋਹ ਨਾ ਕਰਨ ਦਾ ਸੰਦੇਸ਼ ਦਿੱਤਾ ਹੈ। ਬਾਣੀ ਅਨੁਸਾਰ:

"ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ॥

ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ॥"[101]

ਭਗਤ ਕਬੀਰ ਜੀ ਨੇ ਉਪਦੇਸ਼ ਦਿੱਤਾ ਹੈ ਕਿ ਹੇ ਜੀਵ! ਸਾਰੀ ਉਮਰ ਤੂੰ ਕੌਡੀ-ਕੌਡੀ ਇਕੱਠੀ ਕਰਕੇ ਲੱਖਾਂ-ਕਰੋੜਾਂ ਜੋੜ ਤਾਂ ਲਏ, ਪਰ ਜਾਂਦੀ ਵਾਰ, ਜਦੋਂ ਤੂੰ ਇਸ ਸੰਸਾਰ ਨੂੰ ਛੱਟ ਕੇ ਤੁਰਿਆ ਤਾਂ ਤੈਨੂੰ ਕੁਝ ਵੀ ਨਾ ਲੱਭਾ। ਭਾਵ ਤੇਰੇ ਨਾਲ ਕੁਝ ਵੀ ਨਹੀਂ ਗਿਆ। ਇਥੋਂ ਤਕ ਕਿ ਤੇਰੀ ਲੰਗੋਟੀ ਵੀ ਲੋਕਾਂ ਨੇ ਲਾਹ ਲਈ। ਆਪ ਜੀ ਨੇ ਇਥੇ ਜੀਵ ਨੂੰ ਉਪਦੇਸ਼ ਦਿੱਤਾ ਹੈ ਕਿ ਮਾਇਆ ਦਾ ਮੋਹ ਨਹੀਂ ਕਰਨਾ ਚਾਹੀਦਾ। ਇਹ ਤਾਂ ਇੱਥੇ ਹੀ ਰਹਿ ਜਾਵੇਗੀ। ਧਨ ਦਾ ਲੋਭ ਨਾ ਕਰਨ ਅਤੇ ਇਸ ਦਾ ਮੋਹ ਤਿਆਗਣ ਬਾਰੇ ਭਗਤ ਨਾਮਦੇਵ ਜੀ ਨੇ ਰਾਗੁ ਸਾਰੰਗ ਵਿਚ ਲਿਖਿਆ ਹੈ:

"ਮਾਇਆ ਕਾਰਨਿ ਸ੍ਰਮੁ ਅਤਿ ਕਰੈ।

ਸੋ ਮਾਇਆ ਲੈ ਗਾਡੈ ਧਰੈ॥

ਅਤਿ ਸੰਚੈ ਸਮਝੈ ਨਹੀ ਮੂੜ੍ਹ॥

ਧਨੁ ਧਰਤੀ ਤਨੁ ਹੋਇ ਗਇਓ ਧੂੜਿ॥"[102]

ਆਪ ਨੇ ਫੁਰਮਾਇਆ ਹੈ ਕਿ ਕਿਵੇਂ ਮਨੁੱਖ ਮਾਇਆ ਦੀ ਖਾਤਰ ਬੜੀ ਸਖ਼ਤ ਮਿਹਨਤ ਕਰਦਾ ਹੈ। ਉਸ ਨੂੰ ਕਮਾ ਕੇ, ਸੰਭਾਲ ਕੇ ਰੱਖਣ ਲਈ ਧਰਤੀ ਵਿਚ ਦਬਾ ਰੱਖਦਾ ਹੈ। ਅਗਿਆਨੀ ਜੀਵ ਆਪਣੀ ਮੂਰਖਤਾ ਵੱਸ ਇਸ ਨੂੰ ਹੋਰ ਵੱਡੀ ਮਾਤਰਾ ਵਿਚ ਇਕੱਠੀ ਕਰੀ ਜਾਂਦੀ ਹੈ। ਉਸ ਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਮੌਤ ਨੇ

ਆਉਣਾ ਹੈ ਤਾਂ ਇਹ ਜ਼ਮੀਨ ਵਿਚ ਦੱਬੀ ਹੋਈ ਮਾਇਆ ਵੀ ਜ਼ਮੀਨ ਵਿਚ ਦੱਬੀ ਰਹੀ ਜਾਂਦੀ ਹੈ ਅਤੇ ਸਰੀਰ ਵੀ ਮਿੱਟੀ ਵਿਚ ਮਿਲ ਜਾਂਦਾ ਹੈ। ਆਪ ਨੇ ਮਨੁੱਖ ਨੂੰ ਮਾਇਆ ਦਾ ਮੋਹ ਤਿਆਗਣ ਦਾ ਉਪਦੇਸ਼ ਦਿੱਤਾ ਹੈ।

ਭਗਤ ਬਾਣੀ ਵਿਚ ਲੋਕਾਂ ਨਾਲ ਲੈਣ-ਦੇਣ ਸਾਫ ਰੱਖਣ ਅਤੇ ਹੱਕ ਹਲਾਲ ਦੀ ਕਮਾਈ ਕਰਦੇ ਹੋਇਆ ਮਾਇਆ ਦੇ ਮੋਹ ਤੋਂ ਨਿਰਲੇਪ ਰਹਿਣ ਦਾ ਸੰਦੇਸ਼ ਦਿੱਤਾ ਗਿਆ ਹੈ। ਭਗਤ ਕਵੀਆਂ ਨੇ ਮਨੁੱਖ ਨੂੰ ਇਸ ਤਰ੍ਹਾਂ ਆਤਮ ਨਿਰਭਰ ਹੋਣ ਅਤੇ ਦੂਜਿਆਂ ਦੀ ਆਸ ਨਾ ਰੱਖਣ, ਭਾਵ ਕਿਸੇ ਦਾ ਮੁਥਾਜ ਨਾ ਹੋਣ ਦੀ ਵੀ ਸਿਖਿਆ ਦਿੱਤੀ ਹੈ। ਭਗਤ ਸ਼ੇਖ ਫਰੀਦ ਜੀ ਨੇ ਲਿਖਿਆ ਹੈ:

"ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।"[103]

ਆਪ ਜੀ ਨੇ ਕਿਹਾ ਹੈ ਕਿ ਹੇ ਪਰਮਾਤਮਾ! ਇਨ੍ਹਾਂ ਦੁਨੀਆਵੀ ਪਦਾਰਥਾਂ ਦੀ ਖਾਤਰ ਮੈਨੂੰ ਪਰਾਏ ਬੂਹੇ ਤੇ ਬੈਠਣ ਨਾ ਦੇਵੀਂ, ਅਤੇ ਜੇ ਤੂੰ ਇਸੇ ਤਰ੍ਹਾਂ ਰੱਖਣਾ ਹੈ। ਭਾਵ ਜੇ ਤੂੰ ਮੈਨੂੰ ਦੂਜਿਆਂ ਦਾ ਮੁਥਾਜ਼ ਬਣਾਉਣਾ ਹੈ ਤਾਂ ਮਰਨਾ ਚੰਗਾ ਹੈ।

ਭਗਤ ਕਵੀਆਂ ਨੇ ਆਰਥਿਕ ਨੈਤਿਕਤਾ ਦਾ ਪਾਲਣਾ ਕਰਨ ਉਤੇ ਬਹੁਤ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਹੱਕ ਹਲਾਲ ਦੀ ਕਮਾਈ ਕਰਨਾ, ਪਰਾਏ ਧਨ ਤੋਂ ਪਰਹੇਜ਼ ਕਰਨਾ, ਲੋਕਾਂ ਦਾ ਹੱਕ ਮਾਰਨਾ, ਠੱਗੀ ਨਾ ਕਰਨਾ, ਮਾਇਆ ਦੇ ਇਕੱਤਰਕਰਨ ਵਿਚ ਜੀਵਨ ਨੂੰ ਨਸ਼ਟ ਨਾ ਕਰਨਾ, ਲੋਕਾਂ ਦਾ ਹੱਕ ਮਾਰ ਕੇ ਇਕੱਠਾ ਕੀਤੇ ਧਨ ਦਾ ਮਾਣ ਨਾ ਕਰਨਾ, ਮਾਇਆ ਵਿਚੋਂ ਸੁੱਖਾਂ ਦੀ ਆਸ ਨਾ ਰੱਖਣਾ, ਮਾਇਆ ਦਾ ਮੋਹ ਤਿਆਗਣਾ, ਲੋਕਾਂ ਨਾਲ ਲੈਣ-ਦੇਣ ਸਾਫ ਰੱਖਣਾ ਅਤੇ ਆਤਮ ਨਿਰਭਰ ਹੋਣ ਦਾ ਉਪਦੇਸ਼ ਦਿੱਤਾ ਹੈ। ਇਨ੍ਹਾਂ ਗੁਣਾਂ ਦੇ ਧਾਰਨ ਕਰਨ ਨਾਲ ਹੀ ਸਮਾਜ ਵਿਚ ਮਨੁੱਖੀ ਜੀਵਨ ਸੁਖੀ ਬਤੀਤ ਕੀਤਾ ਜਾ ਸਕਦਾ ਹੈ ਅਤੇ ਚੰਗੇ ਸਮਾਜ ਦੀ ਸਥਾਪਨਾ ਕਰਨ ਵਿਚ ਸਹਾਈ ਹੋ ਸਕਦਾ ਹੈ।

**ਸਭਿਆਚਾਰ ਪਰਿਪੇਖ**

ਭਗਤ ਰਵਿਦਾਸ ਜੀ ਭਾਰਤੀ ਸਭਿਆਚਾਰ ਦੇ ਇਕ ਮਹਾਨ ਧਰੋਹਰ ਸਨ। ਮੱਧ ਯੋਗ ਵਿਚ ਆਪ ਨੇ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਬੇਹਤਰੀ ਲਈ ਜਿਹੜੇ ਪ੍ਰਤਿਮਾਨ ਸਿਰਜੇ ਸਨ, ਉਨ੍ਹਾਂ ਉਪਰ ਚੱਲ ਕੇ ਭਾਰਤ ਨੇ ਸਰਵਪੱਖੀ ਪ੍ਰਗਤੀ ਕੀਤੀ ਹੈ। ਆਪ ਦੀ ਵਿਚਾਰਧਾਰਾ ਅਤੇ ਸੰਦੇਸ਼ ਅਜੋਕੇ ਯੁਗ ਲਈ ਵੀ ਬੇਹੱਦ ਪ੍ਰਾਸੰਗਿਕ ਹਨ। ਆਪ ਜੀ ਦੀ ਬਾਣੀ ਵਿਚ ਭਾਰਤ ਦਾ ਮਧਕਾਲੀਨ ਚਿੰਤਨ ਇਕ ਅਨੋਖੇ ਸਮਨਵੈ ਨੂੰ ਪ੍ਰਾਪਤ ਕਰਦਾ ਹੈ, ਜਿਸ ਵਿਚ ਇਕ ਤਰਫ਼ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਅਤੇ ਦੂਜੀ ਤਰਫ ਸ਼ੇਖ਼ ਫ਼ਰੀਦ ਸਾਹਿਬ ਤੇ ਹੋਰ ਸੂਫ਼ੀ ਦਰਵੇਸ਼ ਹਨ। ਇਹ ਦੋਵੇਂ ਧਾਰਾਵਾਂ ਅਤੇ ਚਿੰਤਨ-ਪ੍ਰਣਾਲੀਆਂ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਇਕ ਅਨੋਖੇ ਸੰਤੁਲਨ ਦੀ ਪ੍ਰਾਪਤੀ ਕਰਦੀਆਂ ਹਨ।

ਹਰ ਸਮਾਜ ਦਾ ਆਪਣਾ ਜੀਉਣ ਢੰਗ ਹੁੰਦਾ ਹੈ ਅਤੇ ਉਹੀ ਉਸ ਦਾ ਸਭਿਆਚਾਰ ਕਿਹਾ ਜਾਂਦਾ ਹੈ। ਇਹ ਸਭਿਆਚਾਰ ਉਸ ਸਮਾਜ ਦੇ ਕੰਮ, ਸੋਚ, ਕ੍ਰਿਆ ਤੇ ਭਾਵਨਾ ਨੂੰ ਸਪਸ਼ਟ ਕਰਦਾ ਹੈ। ਸਭਿਆਚਾਰ ਦੇ

ਵਿਕਾਸ ਪਿੱਛੇ ਉਸ ਸਮਾਜ ਦਾ ਹਜ਼ਾਰਾਂ ਵਰ੍ਹਿਆਂ ਦਾ ਇਤਿਹਾਸ ਹੁੰਦਾ ਹੈ। ਸਮਾਜ ਦੀ ਉਪਜ ਵਿਚੋਂ ਹੀ ਸਭਿਆਚਾਰ ਜਨਮ ਲੈਂਦਾ ਹੈ। ਸਮਾਜ ਦਾ ਵਿਕਾਸ ਸਭਿਆਚਾਰ ਉਤੇ ਨਿਰਭਰ ਕਰਦਾ ਹੈ। ਟਾਇਲਰ ਅਨੁਸਾਰ, " ਸਭਿਆਚਾਰ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ ਅਤੇ ਰਿਵਾਜ਼ਾਂ ਆਦਿ ਦਾ ਸੰਗ੍ਰਹਿ ਹੈ।" ਹਿੰਦੀ ਦੇ ਪ੍ਰਸਿੱਧ ਵਿਦਵਾਨ "ਡਾ. ਤ੍ਰਿਵੇਦੀ ਨੇ ਸਭਿਆਚਾਰ ਨੂੰ ਸਮਾਜੀ ਅਤੇ ਸੁਚੇਤ ਜੀਵਨ ਜੀਉਣ ਦਾ ਢੰਗ ਕਿਹਾ ਹੈ।" ਡਾ. ਸਵਰਨ ਸਿੰਘ ਅਨੁਸਾਰ "ਸਭਿਆਚਾਰ ਮਾਨਵ ਮਨ ਦੀ ਸ਼ੁੱਧਤਾ ਤੇ ਆਧਾਰਿਤ ਉਹ ਨਿਰੰਤਰ ਚਲਣ ਵਾਲੀ ਗੀਤਸ਼ੀਲ ਜੀਵਨ ਵਿਧੀ ਹੈ ਜਿਸਦਾ ਵਿਕਾਸ ਸਾਰੇ ਸੰਸਾਰ ਦੇ ਕਲਿਆਣਕਾਰੀ ਰੂਪ ਵਿਚ ਹੁੰਦਾ ਹੈ।"

ਸਭਿਆਚਾਰ ਦੋ ਸਬਦਾਂ ਦੇ ਸੁਮੇਲ ਨਾਲ ਬਣਿਆ ਹੈ ਸਭਿਆ+ਆਚਾਰ, ਇਸ ਦਾ ਭਾਵ ਹੋਇਆ ਸਾਊ, ਸਾਫ਼ ਤੇ ਸੁਥਰਾ ਵਿਹਾਰ। ਸਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਮਨੁੱਖ ਦੇ ਛੋਟੇ ਤੋਂ ਛੋਟੇ ਤੱਤਾਂ ਨਾਲ ਸੰਬੰਧ ਰੱਖਦਾ ਹੈ। ਇਹ ਉਨ੍ਹਾਂ ਦੇ ਆਦਰਸ਼ਾਂ ਦਾ ਸੰਗਠਨ ਹੈ, ਜੋ ਜ਼ਿੰਦਗੀ ਵਿਚ ਅਸਲੀਅਤ ਬਣ ਕੇ ਵਿਚਰਦੇ ਹਨ ਤੇ ਜੀਵਨ ਨੂੰ ਸੇਧ ਦਿੰਦੇ ਹਨ। ਇਹ ਇਕ ਅਜਿਹੀ ਸ਼ਕਤੀ ਹੈ, ਜਿਸ ਨੂੰ ਮਨੁੱਖ ਆਪਣੇ ਸੰਸਕਾਰ ਅਤੇ ਵਾਤਾਵਰਣ ਤੋਂ ਪ੍ਰਾਪਤ ਕਰਦਾ ਹੈ।

ਮਨੁੱਖ ਜਾਤੀ ਦੀ ਹਰ ਪੀੜ੍ਹੀ ਆਪਣੇ ਬਜ਼ੁਰਗਾਂ ਪਾਸੋਂ ਜੀਵਨ ਦੀਆਂ ਕੁਝ ਕਦਰਾਂ-ਕੀਮਤਾਂ ਗ੍ਰਹਿਣ ਕਰਦੀ ਹੈ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਉਸ ਦੇ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ। ਮਨੁੱਖ ਆਪਣੇ ਵਿਤ ਅਨੁਸਾਰ ਇਸ ਸਭਿਆਚਾਰਕ ਵਿਰਸੇ ਵਿਚ ਵਾਧਾ ਕਰਕੇ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਸੌਂਪਣਾ ਕਰ ਦਿੰਦਾ ਹੈ। ਇਸ ਤਰ੍ਹਾਂ ਵਰਤੋਂ-ਵਿਹਾਰ ਦੀ ਅਜਿਹੀ ਜੀਵਨ-ਜਾਂਚ ਜਿਹੜੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਵਿਰਸੇ ਵਿਚ ਮਿਲਦੀ ਹੈ, ਉਸ ਦਾ ਸਭਿਆਚਾਰਕ ਵਿਰਸਾ ਅਖਵਾਉਂਦੀ ਹੈ।

ਪੱਛਮੀ ਤੇ ਪੂਰਬੀ ਵਿਦਵਾਨਾਂ ਦੀ ਖੋਜ ਇਸ ਸਿੱਟੇ ਪਹੁੰਚੀ ਹੈ ਕਿ ਭਾਰਤ ਦਾ ਸਭਿਆਚਾਰ ਪ੍ਰਾਚੀਨ ਹੈ। ਅਨੇਕ ਵਿਸ਼ਵਾਸ ਅਤੇ ਵਿਚਾਰ ਇਸ ਧਰਤ ਤੇ ਜਨਮੇ ਅਤੇ ਪ੍ਰਫੁਲਿਤ ਹੋਏ। ਇਸ ਸਭਿਆਚਾਰ ਨੂੰ ਦ੍ਰਾਵੜਾਂ, ਆਰੀਆਂ, ਜੈਨੀਆਂ, ਬੋਧੀਆਂ, ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੇ ਪ੍ਰਭਾਵਿਤ ਕੀਤਾ। ਇਸ ਦੀ ਵਿਲੱਖਣਤਾ ਅਨੇਕਤਾ ਵਿਚ ਏਕਤਾ ਕਾਇਮ ਰੱਖਣ ਵਿਚ ਹੈ। ਭਾਰਤੀ ਸਭਿਆਚਾਰ ਵਿਚ ਜੀਵਨ ਦੇ ਲੌਕਿਕ ਅਤੇ ਪਰੌਲਕਿਕ ਦੋਵੇਂ ਪੱਖ ਲਏ ਗਏ ਹਨ।

ਗੁਰਬਾਣੀ ਵਿਚ ਵਿਅਕਤੀ ਦੇ ਜੋ ਕਰਤੱਵ ਸੁਝਾਏ ਗਏ ਹਨ ਉਨ੍ਹਾਂ ਨੂੰ ਡਾ. ਵਜ਼ੀਰ ਸਿੰਘ ਨੇ ਅਧਿਆਤਮਿਕ, ਸਭਿਆਚਾਰਕ ਅਤੇ ਸਦਾਚਾਰਿਕ ਤਿੰਨ ਵਰਗਾਂ ਵਿਚ ਵੰਡਿਆ ਹੈ। ਸਭਿਆਚਾਰਿਕ ਕਰਤੱਵ ਅਧੀਨ ਸਿੱਖ ਭਾਈਚਾਰੇ ਦੀ ਰਹੁਰੀਤ, ਮਰਯਾਦਾ ਅਤੇ ਜੀਵਨ ਨਿਰਵਾਹ ਆਉਂਦੇ ਹਨ। ਗੁਰਮਤਿ ਅਨੁਸਾਰ ਵਿਆਹ ਦੇ ਕਾਰਜ ਸੰਸਕਾਰ, ਅਰਦਾਸ ਤੇ ਸੁੱਚਾ ਗ੍ਰਹਿਸਥੀ ਜੀਵਨ, ਜਥੇਬੰਦੀ ਦੇ ਨੇਮਾਂ ਦੀ ਪਾਲਨਾ ਹਿਤ ਰਹਿਤ-ਮਰਯਾਦਾ ਦੀ ਪਾਬੰਦੀ, ਕੁਰਹਿਤਾਂ ਤੋਂ ਪਰਹੇਜ਼, ਈਮਾਨਦਾਰੀ ਦੀ ਕਿਰਤ-ਕਮਾਈ

ਵਿਚ ਸੰਤੋਖ, ਜਨਤਕ ਕਾਰਜਾਂ ਹਿੱਤ ਕਮਾਈ ਦਾ ਦਸਵੰਧ ਦੇਣ ਦੀ ਪ੍ਰਥਾ ਦਾ ਪਾਲਣ ਆਦਿ ਸਭਿਆਚਾਰਕ ਕਰਤੱਵਾਂ ਵਿਚ ਸ਼ਾਮਿਲ ਹਨ।

ਮਨੁੱਖ ਦਾ ਅਚਾਰ ਬਣਾਉਣ ਵਿਚ ਸਮਾਜ ਅਤੇ ਉਸ ਦੇ ਸਮਾਜਕ ਚੌਗਿਰਦੇ ਦਾ ਬਹੁਤ ਹਿੱਸਾ ਹੁੰਦਾ ਹੈ। ਗੁਰਮਤਿ ਚਿੰਤਕਾਂ ਨੇ ਸਮਕਾਲੀ ਸਮਾਜ ਦੇ ਲੋਕਾਂ ਵਿਚ ਆਈ ਆਚਰਨਿਕ ਗਿਰਾਵਟ ਨੂੰ ਰੋਕਣ ਲਈ ਗੁਰਮਤਿ ਸਿੱਧਾਂਤ ਅਨੁਸਾਰ ਨੈਤਿਕ ਸਿੱਧਾਂਤਾਂ ’ਤੇ ਆਧਾਰਿਤ ਅਚਾਰ ਨੀਤੀ ਪੇਸ਼ ਕੀਤੀ। ਗੁਰਮਤਿ ਦਾ ਮੂਲ ਮੰਤਵ ਚੰਗੇਰੇ ਸਮਾਜ ਦੀ ਸਿਰਜਨਾ ਅਤੇ ਉੱਤਮ ਨਾਗਰਿਕ ਪੈਦਾ ਕਰਨਾ ਸੀ। ਇਹ ਅਚਾਰਨੀਤੀ ਮਨੁੱਖੀ ਕਰਮ-ਪ੍ਰਤਿਕਰਮ ਨਾਲ ਸੰਬੰਧਿਤ ਹੈ। ਕਰਮ ਨੂੰ ਚੰਗੇ-ਮੰਦੇ ਦੀ ਕਸੌਟੀ ਤੇ ਪਰਖਣ ਉਪਰੰਤ ਹੀ ਉੱਤਮ ਮਨੁੱਖ ਦੀ ਪਛਾਣ ਹੋ ਸਕਦੀ ਹੈ। ਗੁਰਮਤਿ ਵਿਚ ਸਮਾਜ ਅਤੇ ਵਿਅਕਤੀ ਦੇ ਆਚਰਣ ਨੂੰ ਅਜਿਹੀ ਉੱਚਤਾ ਦੇਣ ਦਾ ਸੰਕਲਪ ਕੀਤਾ ਗਿਆ ਹੈ, ਜੋ ਸੱਚ ਨਾਲੋਂ ਉਚੇਰੀ ਹੈ। ਇਸ ਤਰ੍ਹਾਂ ਆਚਰਣਿਕ ਉੱਚਤਾ ਨੂੰ ਸੱਚ ਨਾਲੋਂ ਵਧ ਮਹੱਤਤਾ ਦਿੱਤੀ ਗਈ ਹੈ:

“ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।”[104]

ਮਨੁੱਖੀ ਜੀਵਨ ਨੂੰ ਗੁਰਮਤਿ ਵਿਚ ਉੱਤਮ ਪ੍ਰਵਾਨ ਕੀਤਾ ਗਿਆ ਹੈ। ਮਾਨਸ ਜਨਮ ਦੁਰਲੱਭ ਹੈ। ਮਾਨਸ ਜਨਮ ਵਾਰ-ਵਾਰ ਪ੍ਰਾਪਤ ਨਹੀਂ ਹੁੰਦਾ। ਮਨੁੱਖ ਚੌਰਾਸੀ ਕਰੋੜ ਜੂਨਾਂ ਭੋਗ ਕੇ ਮਨੁੱਖੀ ਜਾਮਾ ਅਖਤਿਆਰ ਕਰਦਾ ਹੈ। ਇਸ ਲਈ ਮਨੁੱਖ ਮਾਤਰ ਨੂੰ ਆਪਣੇ ਲਕਸ਼ ਪ੍ਰਤੀ ਸੁਚੇਤ ਹੋਣਾ ਜ਼ਰੂਰੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਲਕਸ਼ ਬਾਰੇ ਸੁਚੇਤ ਕੀਤਾ ਹੈ:

“ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।”[105]

ਗੁਰਮਤਿ ਕਾਵਿ ਵਿਚ ਸ਼ੁਭ ਗੁਣ ਧਾਰਨ ਦੀ ਆਵੱਸ਼ਕਤਾ ਦੱਸੀ ਗਈ ਹੈ। ਮਨ ਨੂੰ ਮੈਲ ਤੋਂ ਰਹਿਤ ਕਰਨਾ ਬੁਨਿਆਦੀ ਕਰਮ ਹੈ। ਭਗਤੀ ਜੋ ਸਰਵੋਤਮ ਮਾਰਗ ਹੈ, ਉਹ ਵੀ ਗੁਣਾਂ ਦੀ ਪ੍ਰਾਪਤੀ ਤੋਂ ਬਿਨਾਂ ਸੱਚੀ ਨਹੀਂ ਕਹੀ ਜਾ ਸਕਦੀ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਨਾਮ ਰੂਪੀ ਦੁੱਧ ਉਸੇ ਭਾਂਡੇ ਵਿਚ ਹੀ ਸੁਰਖਿਅਤ ਰਹਿ ਸਕਦਾ ਹੈ, ਜਿਹੜਾ ਭਾਂਡਾ ਸ਼ੁੱਧ ਕੀਤਾ ਜਾਵੇ:

“ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ।”[106]

ਗੁਰਮਤਿ ਕਾਵਿ ਅਨੁਸਾਰ ਰੱਬ ਅਤੇ ਮਨੁੱਖ ਵਿਚਾਰ ਸੰਬੰਧ ਮਨੋਵਿਗਿਆਨਕ ਵਿਧੀ ਉਪਰ ਆਧਾਰਿਤ ਹਨ। ਮਨੁੱਖ ਲਈ ਜੇ ਆਪਣੀ ਹਉਮੈ ਨੂੰ ਘਟਾਉਣਾ ਜ਼ਰੂਰੀ ਹੈ, ਤਾਂ ਕਿ ਹਿਰਦੇ ਵਿਚ ਸਦਭਾਵਨਾ ਤੇ ਉਚੇਰੀ ਚੇਤਨਤਾ ਲਈ ਥਾਂ ਬਣ ਸਕੇ। ਅਜਿਹਾ ਵਿਅਕਤੀ ਉੱਚੀ ਤੋਂ ਉੱਚੀ ਸੱਚ ਦੀ ਦ੍ਰਿਸ਼ਟੀ ਗ੍ਰਹਿਣ ਕਰ ਕੇ ਅੰਤ ਵਿਚ ਬ੍ਰਹਮ ਗਿਆਨ ਦੀ ਬਿਰਤੀ ਧਾਰਨ ਕਰਦਾ ਹੈ। ਸੱਚੇ ਪ੍ਰਭੂ ਦਾ ਸੱਚਾ ਨਾਮ ਸੁੱਚੇ ਸਰੀਰ ਰੂਪੀ ਭਾਂਡੇ ਵਿਚ ਹੀ ਸਮਾਉਂਦਾ ਹੈ। ਆਮ ਤੌਰ ’ਤੇ ਮਨੁੱਖ ਦੀ ਕਥਨੀ ਤੇ ਕਰਨੀ ਵਿਚ ਅਸਮਾਨਤਾ ਹੁੰਦੀ ਹੈ। ਇਹ ਅਨੈਤਿਕ ਦੰਭ ਹੈ। ਬਾਣੀ ਅਨੁਸਾਰ:

"ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।"[107]

ਭਾਰਤੀ ਪਰੰਪਰਾ ਅਨੁਸਾਰ ਗੁਰੂ ਨਾਨਕ ਨੇ ਇਹ ਦੱਸਿਆ ਹੈ ਕਿ ਅਨੈਤਿਕ ਜਾਂ ਮੰਦੇ ਕਰਮ ਭਵਿਖਤ ਦੇ ਬੰਧਨ ਅਤੇ ਦੁੱਖ ਦਾ ਕਾਰਣ ਬਣਦੇ ਹਨ ਅਤੇ ਇਸ ਤੋਂ ਉਲਟ ਨੈਤਿਕਤਾ ਬੰਧਨ ਤੋਂ ਮੁਕਤ ਕਰਦੀ ਹੈ। ਬਾਣੀ ਅਨੁਸਾਰ:

"ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।"[108]

ਇਸ ਬਾਣੀ ਦੇ ਸ਼ਬਦਾਂ ਵਿਚ ਮੋਹ ਨੂੰ ਜੰਜਾਲ ਕਿਹਾ ਗਿਆ ਹੈ। ਇਹ ਇਕ ਅਜਿਹਾ ਬੰਧਨ ਹੈ, ਜੋ ਕਰਤੱਵ ਦੀ ਪੂਰਤੀ ਵਿਚ ਰੁਕਾਵਟ ਬਣਦਾ ਹੈ। ਗੀਤਾ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਇਸ ਬੰਧਨ ਤੋਂ ਮੁਕਤ ਕਰਦੇ ਹਨ ਤੇ ਉਸ ਨੂੰ ਆਪਣੇ ਫ਼ਰਜ਼ ਦੀ ਪਾਲਣਾ ਲਈ ਤਿਆਰ ਕਰਦੇ ਹਨ। ਗੁਰੂ ਨਾਨਕ ਬਾਣੀ ਮੋਹ ਦੇ ਬੰਧਨ ਤੋਂ ਮੁਕਤ ਹੋਣ ਲਈ ਵਾਰ-ਵਾਰ ਪ੍ਰੇਰਨਾ ਦਿੱਤੀ ਗਈ ਹੈ। ਇਹ ਬੰਧਨ ਪ੍ਰਭੂ ਭਗਤੀ ਵਿਚ ਰੁਕਾਵਟ ਸਿੱਧ ਕਰਦਾ ਹੈ:

"ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ।"[109]

ਭਗਤ ਰਵਿਦਾਸ ਜੀ ਅਧਿਆਤਮਿਕ ਪੁਰਸ਼ ਸਨ; ਪ੍ਰਭੂ ਦੇ ਪੁੱਜੇ ਹੋਏ ਭਗਤ ਸਨ; ਸਮਾਜਕ ਸਭਿਆਚਾਰ ਪ੍ਰਗਤੀ ਦੇ ਅੱਗਰ ਦੂਤ ਸਨ ਅਤੇ ਵਿਵਹਾਰਿਕ ਜੀਵਨ ਜੀਉਣ ਵਾਲੇ ਸੱਚੇ ਮੁੱਚੇ ਭਾਗਵਤ ਸਨ। ਇਸ ਲੋਕ ਦਾ ਕਰਮ ਕਰਦੇ ਹੋਏ, ਨਿੱਤ ਪ੍ਰਤੀ ਦੇ ਸਾਰੇ ਅਹੁਰ-ਪਹੁਰ ਕਰਦੇ ਹੋਏ ਉਸ ਲੋਕ ਦੇ ਪਰਮ ਧਾਮ ਦੇ ਸੈਲਾਨੀ ਸਨ। ਇਸ ਤੋਂ ਛੁੱਟ ਕੇ ਇਕ ਹੋਰ ਖੇਤਰ ਵੀ ਸੀ, ਜਿਸ ਵਿਚ ਭਗਤ ਰਵਿਦਾਸ ਜੀ ਦੀ ਵਿਸ਼ੇਸ਼ ਰੁਚੀ ਸੀ, ਉਹ ਸੀ ਨਿੱਤਾ ਪ੍ਰਤੀ ਦੇ ਜੀਵਨ ਦੀਆਂ ਬਹੁ-ਵਿਧ ਜ਼ਿੰਮਵਾਰੀਆਂ ਤੇ ਇਨ੍ਹਾਂ ਦੇ ਨਿਭਾਉ ਨੂੰ ਇਸ਼ਟ ਦੀ ਹੱਦ ਤੱਕ ਧਰਮ ਮੰਨ ਕੇ ਨਿਭਾਉਂਦੇ ਹੋਏ, ਕਮਲ-ਜਲ ਵਾਂਗ ਨਿਰਲਿਪਤ ਭਾਵ ਨਾਲ ਇਨ੍ਹਾਂ ਦੀ ਪੂਰਤੀ ਕਰਨਾ, ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖਣਾ, ਦੀਨ-ਦੁਖੀਆਂ ਦੀ ਹਿਤ-ਚਿੰਤਨ ਕਰਨਾ ਆਦਿ। ਉੱਚੇ-ਨੀਵੇਂ, ਛੋਟੇ-ਵੱਡੇ, ਕੁਚੀਲ-ਕੁਲੀਨ, ਅਮੀਰ-ਗਰੀਬ, ਹਿੰਦੂ-ਮੁਸਲਮਾਨ, ਬ੍ਰਾਹਮਣ-ਸ਼ੂਦਰ ਆਦਿ ਦੀਆਂ ਵੰਡੀਆਂ ਵਿਚੋਂ ਸਰਬੱਤ ਲੋਕਾਈ ਨੂੰ ਉੱਪਰ ਉਠਾ ਕੇ, ਘਰ-ਗ੍ਰਹਿਸਥੀ, ਕਿੱਤਾ-ਵਿਵਸਾਇ, ਨਿੱਤ-ਕਰਮ ਅਤੇ ਨੇਕ, ਪਰ-ਉਪਕਾਰੀ ਅਤੇ ਸੁੱਚੇ-ਸੁੱਚੇ ਕਰਮ ਯੋਗੀ ਜੀਵਨ ਦੀ ਸਿੱਖਿਆ, ਅਭਿਆਸ ਤੇ ਪ੍ਰਤੀਤੀ ਰਾਹੀਂ ਮਨੁੱਖ ਜੀਵਨ ਦੀ ਪਰਮ-ਪਦ ਦੀ ਪ੍ਰਾਪਤੀ ਵੱਲ ਵਧਣ ਤੇ ਅਖੀਰ ਵਿਚ ਆਪਣੀ ਜੀਵਨ-ਲੀਲ੍ਹਾ ਸਮਾਪਤ ਕਰਕੇ ਰਾਮ-ਸਾਗਰ ਵਿਚ ਵਿਲੀਨ ਹੋਣ ਦੀ ਕਿਰਿਆ ਭਗਤ ਜੀ ਦੀ ਬਾਣੀ ਵਿਚੋਂ ਪ੍ਰਾਪਤ ਹੁੰਦੀ ਹੈ।

ਭਗਤ ਰਵਿਦਾਸ ਜੀ ਮਧਕਾਲੀਨ ਭਾਰਤ ਵਾਸੀਆਂ ਨੂੰ ਧਾਰਮਿਕ ਰੂੜ੍ਹੀਆਂ ਅਤੇ ਕਰਮ-ਕਾਂਡਾਂ ਤੋਂ ਮੁਕਤ ਕਰਕੇ ਉਸ ਨੂੰ ਪਰਮਾਤਮਾ ਨਾਲ ਸਰਲ ਅਤੇ ਸਵੱਛ ਰਿਸ਼ਤੇ ਵਿਚ ਬੰਨ੍ਹਦੇ ਹਨ। ਆਪ ਜੀ ਦੀ ਪ੍ਰੇਮ ਭਾਵਨਾ ਸੰਪੂਰਣ ਸਮਰਪਣ ਵਾਲੀ ਹੈ, ਜਿਸ ਵਿਚ ਭਗਤ ਅਤੇ ਪਰਮਾਤਮਾ ਦਾ ਪੂਰਨ ਭਾਂਤ ਏਕੀਕਰਣ ਹੋ ਜਾਂਦਾ ਹੈ। ਅਸਲ ਵਿਚ ਕਰਮ-ਕਾਂਡ ਕਿਸੇ ਸਭਿਆਚਾਰ ਦੇ ਉਸ ਯੁਗ ਵਿਚ ਵਿਕਸਿਤ ਹੁੰਦੇ ਹਨ, ਜਦੋਂ

ਮਨੁੱਖ ਨੂੰ ਆਪਣੀ ਮੰਜ਼ਿਲ ਉਪਰ ਪਹੁੰਚ ਸਕਣ ਦਾ ਵਿਸ਼ਵਾਸ ਨਹੀਂ ਹੁੰਦਾ, ਉਸ ਵਕਤ ਉਹ ਸਾਧਨ ਨੂੰ ਹੀ ਸਾਧਯ ਬਣਾ ਲੈਂਦਾ ਹੈ। ਉਸ ਨੂੰ ਆਪਣੀ ਸਮਰੱਥਾ ਉਪਰ ਭਰੋਸਾ ਨਹੀਂ ਹੰਦਾ। ਰੱਬ ਕੀ ਹੈ? ਉਹ ਕਿਵੇਂ ਮਿਲਦਾ ਹੈ? ਉਸ ਨੂੰ ਮਿਲ ਸਕੇਗਾ ਕਿ ਨਹੀਂ? ਇਹੋ ਜਿਹੇ ਸਵਾਲ ਉਸ ਨੂੰ ਵਿਚਲਿਤ ਕਰਦੇ ਰਹਿੰਦੇ ਹਨ। ਇਸ ਕਾਰਨ ਉਹ ਦੇਵ-ਪੂਜਾ, ਆਰਤੀ, ਯੱਗ ਹਵਨ ਆਦਿ ਕਰਮ-ਕਾਂਡਾਂ ਨੂੰ ਹੀ ਆਪਣਾ ਉਦੇਸ਼ ਮਿਥ ਲੈਂਦਾ ਹੈ। ਜੇ ਦੇਵ-ਪੂਜਾ, ਆਰਤੀ ਅਤੇ ਹਵਨ ਨਿਰਵਿਘਨ ਸਮਾਪਤ ਹੋ ਗਏ ਤਾਂ ਸਮਝ ਲਵੋ ਕਿ ਪਰਮਾਤਮਾ ਪ੍ਰਸੰਨ ਹੋ ਗਿਆ ਤੇ ਪ੍ਰਸੰਨ ਹੋ ਜਾਣ ਦੀ ਸੂਰਤ ਵਿਚ ਉਹ ਆਪਣੇ ਭਗਤਾਂ ਦੀ ਮਨੋਇੱਛਾ ਜ਼ਰੂਰ ਪੂਰੀ ਕਰੇਗਾ। ਉਨ੍ਹਾਂ ਦਿਨਾਂ ਵਿਚ ਜਦੋਂ ਮਨੁੱਖੀ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਦਾ ਸਾਰਾ ਦਾਰੋਮਦਾਰ ਪ੍ਰਕਿਰਤੀ ਦੇ ਰਹਿਮੋ-ਕਰਮ ਉਪਰ ਸੀ ਅਤੇ ਕਰਮ-ਕਾਂਡ ਨਿਰਵਿਘਨ ਸਮਾਪਤ ਹੁੰਦੇ ਵੀ ਨਹੀਂ ਸਨ। ਕਦੇ ਮੀਂਹ ਆ ਗਿਆ; ਕਦੇ ਹਨੇਰੀ ਆ ਗਈ, ਕਦੇ ਕਿਸੇ ਦੀ ਮ੍ਰਿਤੂ ਹੋ ਗਈ ਅਤੇ ਕਦੇ ਕਿਸੇ ਦੂਜੇ ਕਬੀਲੇ ਦਾ ਹਮਲਾ ਹੋ ਗਿਆ। ਇਹੋ-ਜਿਹੀਆਂ ਕੁਦਰਤੀ ਅਤੇ ਮਾਨਵੀ ਆਫ਼ਤਾਂ ਆਉਂਦੀਆਂ ਹੀ ਰਹਿੰਦੀਆਂ ਸਨ। ਇਨ੍ਹਾਂ ਆਫ਼ਤਾਂ ਨੂੰ ਆਦਿਕਾਲੀਨ ਮਨੁੱਖ ਅਸੁਰ ਸ਼ਕਤੀਆਂ ਵੱਲੋਂ ਪਾਈ ਗਈ ਉਲੰਘਣਾ ਦਾ ਨਾਮ ਦਿੰਦਾ ਸੀ। ਇਸ ਲਈ ਜਦੋਂ ਕਿਸੇ ਭਾਗਾਂ ਵਾਲੇ ਦਿਨ ਉਸ ਦੇ ਕਰਮ-ਕਾਂਡ ਜਾਂ ਕਿਸੇ ਹੋਰ ਧਾਰਮਿਕ ਅਨੁਸ਼ਠਾਨ ਨਿਰਵਿਘਨ ਸੰਪੰਨ ਹੋ ਜਾਂਦੇ ਸਨ ਤਾਂ ਕੁਦਰਤੀ ਹੀ ਕਬੀਲਿਆਂ ਵਿਚ ਜਸ਼ਨ ਵਾਲਾ ਮਾਹੌਲ ਬਣ ਜਾਂਦਾ ਸੀ। ਪ੍ਰੰਤੂ ਸਮਾਂ ਗੁਜ਼ਰ ਜਾਣ 'ਤੇ ਮਨੁੱਖ ਕੁਦਰਤੀ ਅਤੇ ਮਾਨਵੀ ਆਫ਼ਤਾਂ ਦਾ ਭੇਤੀ ਹੋ ਗਿਆ। ਹੁਣ ਉਸ ਨੂੰ ਕਿਸੇ ਚਿੰਤਾ ਦੀ ਜ਼ਰੂਰਤ ਨਾ ਰਹੀ। ਸਭਿਆਚਾਰ ਵਿਚ ਤਬਦੀਲੀ ਕਾਫ਼ੀ ਦੇਰ ਬਾਅਦ ਆਉਂਦੀ ਹੈ। ਰਵਿਦਾਸ ਜੀ ਤੇ ਕਬੀਰ ਸਾਹਿਬ ਵਰਗੇ ਭਗਤ ਇਸ ਤਬਦੀਲੀ ਦੇ ਅਗਰਦੂਤ ਤੇ ਵਾਹਕ ਬਣੇ। ਉਨ੍ਹਾਂ ਨੇ ਆਪਣੇ ਸਮਕਾਲੀ ਮਨੁੱਖ ਦੇ ਸਨਮੁਖ ਕਰਮ-ਕਾਂਡਾਂ ਦੀ ਅਰਥਹੀਣਤਾ ਬਾਰੇ ਦ੍ਰਿੜ੍ਹਤਾਪੂਰਵਕ ਵਿਚਾਰ ਰੱਖੇ ਅਤੇ ਸਭਿਆਚਾਰ ਨੂੰ ਆਪਣੇ ਯੁੱਗ ਦਾ ਹਾਣੀ ਬਣਾ ਦਿੱਤਾ। ਭਗਤ ਰਵਿਦਾਸ ਜੀ ਦੀ ਇਹ ਇਕ ਵੱਡੀ ਅਤੇ ਇਨਕਲਾਬੀ ਦੇਣ ਸੀ। ਇਸ ਦੇਣ ਦਾ ਸਮਾਜ ਉਪਰ ਦੋਹਰਾ ਪ੍ਰਭਾਵ ਪਿਆ। ਇਕ ਤਾਂ ਸਾਡੇ ਲੋਕ ਕੁਦਰਤੀ ਸ਼ਕਤੀਆਂ ਦੇ ਅਨਾਵੱਸ਼ਕ ਦਬਾਉ ਤੋਂ ਮੁਕਤ ਹੋ ਗਏ ਅਤੇ ਦੂਸਰਾ ਪੁਰੋਹਿਤ ਵਰਗ ਦੇ ਸ਼ਿਕੰਜੇ ਵਿਚੋਂ ਵੀ ਨਿਕਲ ਗਏ। ਬ੍ਰਾਹਮਣ ਵਰਗ ਨੇ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਨਾਲ ਨੀੜ ਰੱਖਿਆ ਸੀ। ਇਹ ਵਰਗ ਤੈਅ ਕਰਦਾ ਸੀ ਕਿ ਸਮਾਜ ਵਿਚ ਕਿਸੇ ਦੀ ਹੈਸੀਅਤ ਕਿੰਨੀ ਹੈ? ਦੇਵ-ਪੂਜਾ ਕੌਣ ਕਰੇਗਾ? ਰਾਜ ਭਾਗ ਕੌਣ ਸੰਭਾਲੇਗਾ? ਆਰਥਿਕਤਾ ਕਿਸ ਦੇ ਹੱਥ ਹੋਵੇਗੀ ਅਤੇ ਸਮਾਜ ਦੇ ਮਾਮੂਲੀ ਕੰਮ ਕੋਣ ਕਰੇਗਾ? ਇਸ ਨੇ ਦੇਸ਼ ਦੀ ਵੱਡੀ ਗਿਣਤੀ ਦੇ ਕਿਸਾਨਾਂ, ਕਾਰੀਗਰਾਂ ਅਤੇ ਸ਼ਿਲਪੀਆਂ ਨੂੰ ਸ਼ੂਦਰ ਦਾ ਨਾਮ ਦੇ  ਕੇ ਸਮਾਜਕ ਪ੍ਰਤਿਸ਼ਠਾ ਵਾਲੇ ਹਰ ਕੰਮ ਤੋਂ ਵੰਚਿਤ ਕਰ ਦਿੱਤਾ ਸੀ। ਬ੍ਰਾਹਮਣ ਵਰਗ ਨੇ ਕਰਮ-ਕਾਂਡਾਂ ਦਾ ਕੰਮ ਖ਼ੁਦ ਸੰਭਾਲ ਲਿਆ ਸੀ। ਇਸ ਕਿੱਤੇ ਤੋਂ ਉਸ ਨੂੰ ਆਮਦਨ ਵੀ ਕਾਫ਼ੀ ਹੋ ਜਾਂਦੀ ਸੀ ਅਤੇ ਪੂਰੀ ਵਿਵਸਥਾ ਦਾ ਅੰਕੁਸ਼ ਵੀ ਉਸ ਉਪਰ ਲੱਗਿਆ ਹੋਇਆ ਸੀ। ਪਰੰਤੂ ਜਦੋਂ ਰਵਿਦਾਸ ਵਰਗੇ ਭਗਤਾਂ ਨੇ ਖੁੱਲ੍ਹਮਖੁਲ੍ਹੀ ਕਰਮ-ਕਾਂਡਾਂ ਦੀ ਖਿੱਲੀ ਉਡਾਉਣੀ ਸ਼ੁਰੂ ਕਰ ਦਿੱਤੀ ਤਾ ਇਹ ਵਰਗ ਬਹੁਤ ਤਿਲਮਿਲਾਇਆ। ਇਸ ਨੂੰ ਆਪਣੇ ਹੱਥਾਂ ਵਿਚੋਂ ਸੱਤਾ

ਖਿਸਕਦੀ ਪ੍ਰਤੀਤ ਹੋਈ। ਸੱਤਾ ਉਤੇ ਕਾਬਜ਼ ਵਰਗ ਦੀ ਹਿਮਾਇਤ ਦੇ ਸਦਕਾ ਤੇ ਕੁਝ ਭਾਰਤੀ ਲੋਕਾਂ ਦੇ ਯਥਾਸਥਿਤੀਵਾਦੀ ਹੋਣ ਕਾਰਨ ਭਾਵੇਂ ਸੱਤਾ ਤਾਂ ਇਸ ਦੇ ਹੱਥਾਂ ਵਿਚ ਹੀ ਰਹੀ ਪ੍ਰੰਤੂ ਕਿਰਤੀਆਂ ਅਤੇ ਕਾਮਿਆਂ ਨੂੰ ਜ਼ਰੂਰ ਆਪਣੀ ਮੁਕਤੀ ਦੀ ਇਕ ਸ਼ਾਹਰਾਹ ਲੱਭ ਗਈ। ਇਸੇ ਰਾਹ ਉਪਰ ਚੱਲਦਾ ਹੋਇਆ ਅੱਜ ਇਹ ਵਰਗ ਕਾਫ਼ੀ ਮਜ਼ਬੂਤੀ ਨਾਲ ਅੱਗੇ ਵੱਧ ਚੁੱਕਾ ਹੈ। ਭਾਵੇਂ ਅਜੇ ਇਸ ਕਿਰਤੀ ਵਰਗ ਦੇ ਮਾਰਗ ਵਿਚ ਕਈ ਅੜਿੱਚਣਾ ਤਾਂ ਜ਼ਰੂਰ ਹਨ, ਪਰ ਜੇ ਇਹ ਲੋਕ ਰਵਿਦਾਸ ਜੀ ਦੇ ਸੁਝਾਏ ਮਾਡਲ ਉਪਰ ਚੱਲਦੇ ਰਹਿਣ ਤਾਂ ਉਹ ਦਿਨ ਦੂਰ ਨਹੀਂ, ਜਦੋਂ ਉਹ ਸਰਬਪੱਖੀ ਅਜ਼ਾਦੀ ਨੂੰ ਹਾਸਲ ਕਰ ਲੈਣਗੇ।

ਭਗਤ ਰਵਿਦਾਸ ਜੀ ਪ੍ਰਾਣੀ ਮਾਤਰ ਨੂੰ ਮੁਹੱਬਤ ਦਾ ਸੰਦੇਸ਼ ਦਿੰਦੇ ਹਨ। ਭਾਰਤੀ ਸਭਿਆਚਾਰ ਵਿਚ ਮੁਹੱਬਤ ਦਾ ਸੰਕਲਪ ਕਾਫ਼ੀ ਪੁਰਾਣਾ ਹੈ। ਪੌਰਾਣਿਕ ਗ੍ਰੰਥਾਂ ਵਿਚ ਵੀ ਇਸ ਸੰਕਲਪ ਦਾ ਕਾਫ਼ੀ ਵਰਨਣ ਹੋਇਆ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਸ਼ਿੰਗਾਰ ਰਸ ਨੂੰ ਰਸਰਾਜ ਦੀ ਪਦਵੀ ਦਿੱਤੀ ਗਈ ਹੈ। ਸ਼ਿੰਗਾਰ ਦਾ ਸਥਾਈ ਭਾਵ ਰਤੀ ਜਾਂ ਪ੍ਰੇਮ ਹੀ ਹੈ। ਪ੍ਰੇਮ ਦੇ ਮਾਧਿਅਮ ਦੁਆਰਾ ਹਰ ਇਕ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਜਾ ਸਕਦਾ ਹੈ। ਪਰਮਾਤਮਾ ਬਾਰੇ ਵੀ ਇਹ ਕਿਹਾ ਜਾਂਦਾ ਹੈ ਕਿ ਉਹ ਆਪਣੇ ਭਗਤਾਂ ਦੇ ਪ੍ਰੇਮ ਦਾ ਭੁੱਖਾ ਹੈ ਅਤੇ ਭਗਤੀ ਭਾਵ ਦੁਆਰਾ ਰੀਝਦਾ ਹੈ। ਭਾਰਤ ਵਿਚ ਇਸਲਾਮ ਨੇ ਜਦੋਂ ਪ੍ਰਵੇਸ਼ ਕੀਤਾ ਤਾਂ ਇਸ ਵਿਚ ਪ੍ਰੇਮ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ ਸੀ। ਪਰਮਾਤਮਾ ਤੋਂ ਡਰਨ ਜਾਂ ਖ਼ੌਫ਼ ਖਾਣ ਦਾ ਸੰਦੇਸ਼ ਦਿੱਤਾ ਜਾਂਦਾ ਸੀ। ਫ਼ਰੀਦ ਜੀ ਦੇ ਸਲੋਕ ਵਿਚ ਪਰਮਾਤਮਾ ਤੋਂ ਡਰਨ ਬਾਰੇ ਬਹੁਤੇ ਸਾਰੇ ਹਵਾਲੇ ਮਿਲ ਜਾਂਦੇ ਹਨ। ਉਨ੍ਹਾਂ ਨੇ ਮੁਹੱਬਤ ਜਾਂ ਇਸ਼ਕ ਨੂੰ ਵੀ ਅੱਖੋ ਪਰੋਖੇ ਨਹੀਂ ਕੀਤਾ ਅਤੇ ਇਸ ਨੂੰ ਕਾਫ਼ੀ ਵਡਿਆਇਆ ਹੈ। ਅਸਲ ਵਿਚ ਜਦੋਂ ਇਸਲਾਮ, ਅਰਬ ਤੋਂ ਈਰਾਨ ਵਿਚ ਦਾਖ਼ਲ ਹੋਇਆ ਤਾਂ ਈਰਾਨੀ ਚਿੰਤਕਾਂ ਨੇ ਇਸਲਾਮ ਵਿਚ ਮੁਹੱਬਤ ਦੇ ਅੰਸ਼ ਵੀ ਸ਼ਾਮਿਲ ਕਰ ਦਿੱਤੇ ਸਨ। ਸੂਫ਼ੀਵਾਦ ਦੇ ਬੀਜ ਈਰਾਨ ਵਿਚ ਹੀ ਅੰਕੁਰਿਤ ਹੋਏ ਸਨ ਅਤੇ ਸੂਫ਼ੀ ਦਰਵੇਸ਼ ਇਸ਼ਕ ਨੂੰ ਰੱਬ ਦੀ ਪ੍ਰਾਪਤੀ ਦਾ ਇਕ ਉੱਤਮ ਮਾਧਿਅਮ ਦਰਸਾਉਂਦੇ ਰਹੇ ਹਨ। ਇਧਰ ਭਾਰਤ ਵਿਚ ਆ ਕੇ ਚਿਸ਼ਤੀ ਸਿਲਸਿਲੇ ਦੇ ਸੂਫ਼ੀ ਦਰਵੇਸ਼ਾਂ ਹਜ਼ਰਤ ਮੁਈਨੱਦੀਨ ਚਿਸ਼ਤੀ, ਹਜ਼ਰਤ ਕੁਤਬੁੱਦੀਨ ਬਖ਼ਤਯਾਰ ਕਾਕੀ ਅਤੇ ਹਜ਼ਰਤ ਸ਼ੇਖ਼ ਫ਼ਰੀਦ ਨੇ ਸੂਫ਼ੀਵਾਦ ਵਿਚ ਇਸ਼ਕ ਨੂੰ ਵਿਸ਼ੇਸ਼ ਸਥਾਨ ਦਿੱਤਾ। ਹਜ਼ਰਤ ਨਿਜ਼ਾਮੁੱਦੀਨ ਔਲੀਆ ਅਤੇ ਉਨ੍ਹਾਂ ਦੇ ਸ਼ਾਗਿਰਦ ਅਮੀਰ ਖੁਸਰੋ ਨੇ 'ਕੱਵਾਲੀ' ਕਾਵਿ ਦੇ ਮਾਧਿਆਮ ਦੁਆਰਾ ਰੱਬੀ ਪ੍ਰੇਮ ਦੇ ਤਰਾਨੇ ਗਾਏ। ਸੂਫ਼ੀ ਜਮਾਅਤਖਾਨਿਆਂ ਵਿਚ ਕਵਾਲੀ ਦਾ ਪ੍ਰਚਲਨ ਮਾਈਨੁੱਦੀਨ ਚਿਸ਼ਤੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ ਤੇ ਅਮੀਰ ਖੁਸਰੋ ਨੇ ਕੱਵਾਲੀ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ। ਭਗਤ ਰਵਿਦਾਸ ਜੀ ਅਮੀਰ ਖੁਸਰੋ ਦੇ ਸਮਕਾਲੀ ਹਨ। ਉਨ੍ਹਾਂ ਨੇ ਭਾਰਤੀ ਸੰਗੀਤ ਪ੍ਰਣਾਲੀ ਦੇ ਪ੍ਰਮੁੱਖ ਰੂਪ 'ਪਦੇ'ਜਾਂ ਸ਼ਬਦ ਦੇ ਮਾਧਿਅਮ ਦੁਆਰਾ ਰੱਬੀ ਪ੍ਰੇਮ ਦੇ ਤਰਾਨੇ ਗਾਏ। ਇਉਂ ਰਵਿਦਾਸ ਜੀ ਨੇ ਭਾਰਤੀ ਸਭਿਆਚਾਰ ਵਿਚ ਹਿੰਦੂ-ਮੁਸਲਿਮ ਵਿਚਾਰਧਾਰਾਵਾਂ ਦੇ ਸੰਸਲੇਸ਼ਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

ਪ੍ਰੇਮ ਇਕ ਅਜਿਹਾ ਜਜ਼ਬਾ ਹੈ, ਜੋ ਇਨਸਾਨ ਦੇ ਮਨ ਉਪਰ ਜੰਮੇ ਹੋਏ ਵਿਕਾਰਾਂ ਦੀ ਮੈਲ ਉਤਾਰ ਦਿੰਦਾ ਹੈ। ਪ੍ਰੇਮ ਕਰਨ ਵਾਲਾ ਵਿਅਕਤੀ ਆਜਿਜ਼, ਨਿਮਰ ਅਤੇ ਸਾਬਰ ਹੋ ਜਾਂਦਾ ਹੈ। ਉਹ ਆਪਣੀ 'ਮੈ' ਨੂੰ ਮਾਰ ਲੈਂਦਾ ਹੈ ਕਿਉਂਕਿ ਉਸ ਨੂੰ ਆਪਣੀ 'ਮੈਂ' ਵਿਚੋਂ ਸ਼ੂਨਯਤਾ ਦਾ ਬੋਧ ਹੋਣ ਲੱਗ ਪੈਂਦਾ ਹੈ। ਪ੍ਰੇਮੀ ਜਿਤਨੀ ਦੇਰ ਤੱਕ ਆਪਣੇ ਪ੍ਰੀਤਮ ਤੋਂ ਵਿਛੜਿਆ ਰਹਿੰਦਾ ਹੈ, ਉਹ ਇਕ ਸ਼ੂਨਯ ਵਾਂਗ ਮੁੱਲਹੀਣ ਪ੍ਰਤੀਤ ਕਰਦਾ ਹੈ ਪਰ ਜਿਵੇਂ ਹੀ ਉਹ ਆਪਣੇ ਪ੍ਰੀਤਮ ਦੀ ਇਕਾਈ ਨਾਲ ਜੁੜ ਜਾਂਦਾ ਹੈ ਤਦ ਹੀ ਉਹ ਸ਼ੂਨਯ ਜਾਂ ਸਿਫ਼ਰ ਵੀ ਮੁਲਵਾਨ ਹੋ ਜਾਂਦੀ ਹੈ। ਜਿਸ ਪ੍ਰਕਾਰ 1 ਨਾਲ 0 ਲੱਗ ਕੇ 10 ਹੋ ਜਾਂਦੇ ਹਨ, ਉਸੇ ਪ੍ਰਕਾਰ ਪ੍ਰੇਮੀ ਆਪਣੇ ਪ੍ਰੀਤਮ ਨਾਲ ਮਿਲ ਕੇ ਆਤਮ-ਨਿਰਭਰ, ਬਲਵਾਨ ਅਤੇ ਅਰਥਪੂਰਨ ਬਣ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਭਾਰਤੀ ਸਭਿਆਚਾਰ ਵਿਚੋਂ ਪ੍ਰੇਮ ਦੇ ਤੱਤ ਦੀ ਤਲਾਸ਼ ਕਰ ਕੇ ਇਸ ਨੂੰ ਆਮ ਆਦਮੀ ਲਈ ਵੀ ਪ੍ਰਾਸੰਗਿਕ ਬਣਾ ਦਿੱਤਾ ਸੀ। ਭਗਤ ਕਵੀਆਂ ਦੇ ਭਾਰਤੀ ਸਭਿਆਚਾਰਕ ਦ੍ਰਿਸ਼ ਉੱਤੇ ਪ੍ਰਗਟ ਹੋਣ ਤੋਂ ਪਹਿਲਾ ਇਸ਼ਕ ਜਾਂ ਪ੍ਰੇਮ ਦਾ ਜਜ਼ਬਾ ਆਮ ਆਦਮੀ ਦੀ ਪਹੁੰਚ ਵਿਚ ਨਹੀਂ ਸੀ। ਰਾਜੇ, ਸਾਧੂ-ਸੰਤ ਜਾਂ ਵੀਰ ਪੁਰਸ਼ ਹੀ ਪ੍ਰੇਮ ਕਰਨ ਜਾਂ ਜਤਲਾਉਣ ਦੇ ਅਧਿਕਾਰੀ ਹੋਇਆ ਕਰਦੇ ਸਨ। ਭਗਤ ਰਵਿਦਾਸ ਜੀ ਵਰਗੇ ਭਗਤਾਂ ਨੇ ਆਮ ਆਦਮੀ ਨੂੰ ਪ੍ਰੇਮ ਕਰਨ ਦਾ ਅਧਿਕਾਰ ਦੇ ਕੇ ਮਨੁੱਖੀ ਸਮਾਨਤਾ ਦੇ ਖੇਤਰ ਵਿਚ ਇਕ ਨਵੀਂ ਪਹਿਲਕਦਮੀ ਕਰ ਦਿੱਤੀ। ਇਸ ਉਪਰੰਤ ਕਥਿਤ ਨਿਮਨ ਜਾਤੀਆਂ ਦੇ ਲੋਕ ਵੀ ਪ੍ਰੇਮਭਾਵਨਾ ਦਾ ਇਜ਼ਹਾਰ ਕਰਨ ਲੱਗ ਪਏ। ਉਨ੍ਹਾਂ ਅੰਦਰ ਆਤਮ-ਸਨਮਾਨ ਦੀ ਭਾਵਨਾ ਜਾਗ੍ਰਿਤ ਹੋ ਗਈ। ਭਗਤ ਰਵਿਦਾਸ ਜੀ ਅਤੇ ਹੋਰ ਭਗਤਾਂ ਦੀ ਇਸ ਪੇਸ਼ਕਦਮੀ ਉਪਰ ਵੀ ਬ੍ਰਾਹਮਣ ਵਰਗ ਤਿਲਮਿਲਾਇਆ ਤਾਂ ਜ਼ਰੂਰ ਹੋਵੇਗਾ, ਪਰ ਇਤਿਹਾਸ ਇਕ ਨਵੀਂ ਕਰਵਟ ਲੈ ਚੁੱਕਾ ਸੀ ਅਤੇ ਇਸ ਨੂੰ ਕੌਣ ਰੋਕੇ? ਰਵਿਦਾਸ ਜੀ ਪ੍ਰਭੂ ਪ੍ਰਤੀ ਆਪਣੇ ਪ੍ਰੇਮ ਦਾ ਸਵਛੰਦ ਪ੍ਰਗਟਾਵਾ ਕਰਦੇ ਹੋਏ ਫੁਰਮਾਉਂਦੇ ਹਨ:

"ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ॥
ਜਉ ਤੁਮ ਤੀਰਥ ਤਉ ਹਮ ਜਾਤੀ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥"[110]

ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਇਕ ਹੋਰ ਮਹੱਤਵਪੂਰਣ ਪੱਖ ਮਨੁੱਖ ਮਾਤਰ ਨੂੰ ਜੀਵਨ ਦੀ ਨਾਸ਼ਮਾਨਤਾ ਦਾ ਬੋਧ ਕਰਵਾਉਣਾ ਸੀ। ਮਨੁੱਖੀ ਸਮਾਜ ਨੇ ਪਿਛਲੀਆਂ ਅਠ-ਦਸ ਸਦੀਆਂ ਵਿਚ ਕਾਫ਼ੀ ਪ੍ਰਗਤੀ ਕਰ ਲਈ ਸੀ। ਲੋਕਾਂ ਨੂੰ ਖੇਤੀਬਾੜੀ ਕਰਨ ਦੀ ਕਲਾ ਆ ਗਈ ਸੀ। ਹੁਣ ਉਨ੍ਹਾਂ ਨੂੰ ਕਬੀਲਿਆਂ

ਦੀ ਸੂਰਤ ਵਿਚ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਘੁੰਮ-ਫਿਰ ਕੇ ਖ਼ੁਰਾਕ ਇਕੱਠੀ ਕਰਨ ਜਾਂ ਸ਼ਿਕਾਰ ਲੱਭਣ ਦੀ ਜ਼ਰੂਰਤ ਨਹੀਂ ਰਹੀ ਸੀ। ਉਹ ਪਿੰਡਾਂ ਅਤੇ ਨਗਰਾਂ ਵਿਚ ਟਿਕ ਕੇ ਬੈਠ ਗਏ ਸਨ। ਮੀਂਹ-ਹਨੇਰੀ ਤੇ ਗਰਮੀ-ਸਰਦੀ ਤੋਂ ਬਚਣ ਲਈ ਲੋਕਾਂ ਨੇ ਘਰ ਬਣਾ ਲਏ ਸਨ। ਗ਼ਰੀਬਾਂ ਪਾਸ ਝੌਂਪੜੀਆਂ ਸਨ ਤੇ ਰਾਜੇ-ਰਾਣਿਆਂ ਪਾਸ ਮਹਿਲ-ਮਾੜੀਆਂ। ਇਸ ਤਰ੍ਹਾਂ ਹਰ ਬੰਦੇ ਦੇ ਸਿਰ ਢਕਣ ਵਾਸਤੇ ਛੱਤ ਦਾ ਇੰਤਜ਼ਾਮ ਹੋ ਗਿਆ ਸੀ। ਸ਼ਿਲਪੀ-ਜਾਤੀਆਂ ਨੇ ਕੱਪੜੇ ਬੁਣਨ, ਸੀਣ ਅਤੇ ਜੁੱਤੀਆਂ ਬਣਾਉਣ ਦੀ ਕਲਾ ਦੁਆਰਾ ਬੰਦੇ ਦੇ ਜਿਉਣ ਦੇ ਢੰਗ ਨੂੰ ਹੋਰ ਆਸਾਨ ਅਤੇ ਆਰਾਮਦਾਇਕ ਬਣਾ ਦਿੱਤਾ ਸੀ। ਪੇਟ ਵਿਚ ਅੰਨ ਹੋਵੇ, ਜੇਬਾਂ ਵਿਚ ਧਨ ਹੋਵੇ, ਰਹਿਣ ਲਈ ਘਰ ਅਤੇ ਪਾਉਣ ਲਈ ਕੱਪੜੇ ਹੋਣ ਤਾਂ ਮੌਤ ਕਿਸ ਨੂੰ ਯਾਦ ਆਉਣੀ ਹੋਈ। ਮੌਤ ਦੇ ਵਿਸਰ ਜਾਣ ਕਾਰਨ ਸਮਾਜ ਵਿਚ ਗੜਬੜ ਫੈਲਣ ਲੱਗ ਪਈ। ਤਕੜਾ, ਮਾੜੇ ਉਪਰ ਜ਼ੁਲਮ ਕਰਨ ਲੱਗ ਪਿਆ। ਲੋਕਾਂ ਦੀ ਜਾਨ ਅਤੇ ਮਾਲ ਸੁਰੱਖਿਅਤ ਨਾ ਰਿਹਾ। ਇਸ ਸੂਰਤ ਵਿਚ ਲੋਕਾਂ ਨੂੰ ਉਨ੍ਹਾਂ ਦੇ ਲਘੂ/ਅਸਥਿਰ ਅਸਤਿਤਵ ਦਾ ਬੋਧ ਕਰਵਾਉਣਾ ਲਾਜ਼ਮੀ ਹੋ ਗਿਆ। ਭਗਤ ਕਵੀ ਜਾਣਦੇ ਸਨ ਕਿ ਜੇ ਲੋਕਾਂ ਨੂੰ ਜੀਵਨ ਦੀ ਨਾਸ਼ਮਾਨਤਾ ਯਾਦ ਰਹੇ ਤਾਂ ਉਹ ਭਲੇ ਇਨਸਾਨ ਬਣ ਕੇ ਗੁਜ਼ਰ-ਬਸਰ ਕਰਨ ਲੱਗ ਪੈਣਗੇ; ਲੁੱਟ-ਖੋਹ ਤੋਂ ਤੌਬਾ ਕਰ ਲੈਣਗੇ ਤੇ ਦੀਨ-ਦੁਖੀਆਂ ਦੀ ਸੇਵਾ ਦਾ ਦਮ ਭਰਨਗੇ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਜੀਵਨ ਦੀ ਨਾਸ਼ਮਾਨਤਾ ਦਾ ਪਾਠ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਵਿਅਕਤ ਹੁੰਦਾ ਹੈ। ਫਰਮਾਨ ਹੈ:

"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾਂੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥
ਜੈਸੇ ਤਰਵਰ ਪੰਖਿ ਬਸੇਰਾ॥੧॥ ਰਹਾਉ॥
ਰਾਖਹੁ ਕੰਧ ਉਸਾਰਹੁ ਨੀਵਾਂ॥
ਸਾਢੇ ਤੀਨਿ ਹਾਥ ਤੇਰੀ ਸੀਵਾਂ॥੨॥
ਬੰਕੇ ਬਾਲ ਪਾਗ ਸਿਰਿ ਡੇਰੀ॥੩॥
ਇਹੁਤਨੁ ਹੋਇਗੋ ਭਸਮ ਕੀ ਢੇਰੀ॥੩॥
ਊਚੇ ਮੰਦਰ ਸੁੰਦਰ ਨਾਰੀ।
ਰਾਮ ਨਾਮ ਬਿਨੁ ਬਾਜੀ ਹਾਰੀ॥੪॥"[111]

ਗੁਰਮਤਿ ਸਭਿਆਚਾਰ ਅਨੁਸਾਰ ਮਨੁੱਖ ਦਾ ਸਹੀ ਮਾਰਗ ਸੁਚੱਜੀ ਜੀਵਨ ਜਾਂਚ ਹੈ। ਅਜਿਹੇ ਕਰਮ ਜਿਹੜੇ ਸੁਚੱਜੇ ਜੀਵਨ ਵਿਚ ਰੁਕਾਵਟ ਪੈਦਾ ਕਰਨ ਉਨ੍ਹਾਂ ਤੋਂ ਸੰਕੋਚ ਕਰਨਾ ਚਾਹੀਦਾ ਹੈ। ਫਰਮਾਨ ਹੈ:

"ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ।

.... .... .... ....

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।"[112]

ਗੁਰਮਤਿ ਅਨੁਸਾਰ ਚੰਗੇਰੇ ਮਨੁੱਖ ਲਈ ਉਦਮ ਅਤੇ ਮਿਹਨਤ ਕਰਨਾ ਜ਼ਰੂਰੀ ਹੈ। ਹਰ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਹੱਥੀ ਕਿਰਤ ਕਰ ਕੇ ਰੋਜ਼ੀ ਰੋਟੀ ਕਮਾਵੇ। ਫੁਰਮਾਨ ਹੈ:

"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।"

ਵਿਹਲੇ ਰਹਿ ਕੇ ਮੰਗ ਕੇ ਖਾਣ ਵਾਲੇ ਮਨੁੱਖ ਨੂੰ ਚੰਗਾ ਨਹੀਂ ਸਮਝਿਆ ਜਾ ਸਕਦਾ:

"ਮਖਟੂ ਹੋਇ ਕੈ ਕੰਨ ਪੜਾਏ।

... .... ....

ਤਾ ਕੈ ਮੂਲਿ ਨ ਲਗੀਐ ਪਾਇ।"[113]

ਗੁਰਮਤਿ ਆਚਾਰ ਨੀਤੀ ਅਨੁਸਾਰ ਮਿੱਠਾ ਬੋਲਣਾ ਤੇ ਨਿਮਰ ਰਹਿਣਾ ਹੀ ਸਮੂਹ ਚੰਗਿਆਈਆਂ ਦਾ ਤੱਤ ਹੈ:

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।"[114]

ਫਿੱਕਾ ਬੋਲਣ ਵਾਲੇ ਮਨੁੱਖ ਨੂੰ ਦਰਗਾਹ ਵਿਚ ਸਥਾਨ ਨਹੀਂ ਮਿਲਦਾ:

"ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।"[115]

ਗੁਰੂ ਨਾਨਕ ਨੇ ਚੰਗਾ ਪਾਰਖੂ ਉਸ ਨੂੰ ਕਿਹਾ ਹੈ ਜੋ ਪਹਿਲਾਂ ਆਪਣੇ-ਆਪ ਬਾਰੇ ਸਪਸ਼ਟ ਹੋਵੇ; ਆਪਣੀ ਪਰਖ ਸਕਦਾ ਹੋਵੇ ਅਤੇ ਆਪਣਾ ਮੁਲਅੰਕਣ ਕਰ ਸਕਦਾ ਹੋਵੇ:

"ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ।

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।"[116]

ਸਮੁੱਚੇ ਗੁਰਮਤਿ ਕਾਵਿ ਵਿਚ ਇਕ ਸੱਚੇ ਪੁਰਖ ਦੀ ਸਿਰਜਨਾ ਦ੍ਰਿਸ਼ਟਮਾਨ ਹੁੰਦੀ ਹੈ। ਗੁਰੂ ਸਾਹਿਬ ਨੇ ਅਜਿਹੇ ਸਦਾਚਾਰੀ ਪੁਰਖ ਨੂੰ ਸੰਤ, ਸਾਧ ਜਾਂ ਗੁਰਮੁਖ ਕਿਹਾ ਹੈ, ਜਿਸ ਨੇ ਮਨੁੱਖ ਨੂੰ ਬਾਰ-ਬਾਰ ਬ੍ਰਹਮ ਗਿਆਨੀਆਂ ਦੀ ਸੰਗਤ ਵਿਚ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਸਾਹਿਬ ਅਨੁਸਾਰ ਸੰਤ ਬਣਨ ਕਿਸੇ ਕਰਮ ਕਾਂਡੀ ਸਾਧਨ ਦੀ ਲੋੜ ਨਹੀਂ। ਇਸ ਲਈ ਪੂਰਨ ਮਨੁੱਖਾਂ ਦੀ ਸੰਗਤ, ਨਿਮਰ ਹੋ ਕੇ ਉਨ੍ਹਾਂ ਦੀ ਸੇਵਾ ਕਰਨੀ ਅਤੇ ਉਨ੍ਹਾਂ ਦੇ ਗੁਣ ਗ੍ਰਹਿਣ ਕਰਨ ਦੀ ਸ਼ਕਤੀ ਦੀ ਜ਼ਰੂਰਤ ਹੈ।

ਮਨੁੱਖੀ ਜੀਵਨ ਸੱਤ ਦੀ ਪ੍ਰਾਪਤੀ 'ਤੇ ਆਧਾਰਿਤ ਹੈ। ਸਤਿ ਤੋਂ ਹੀ ਸਦਾਚਾਰਿਕ ਗੁਣ ਉਤਪੰਨ ਹੁੰਦੇ ਹਨ। ਸੱਤ ਅਚਾਰ ਤੇ ਸੱਚ ਵਿਹਾਰ ਹੀ ਮਨੁੱਖ ਨੂੰ ਮਾਨਵੀ ਆਦਰਸ਼ ਦੇ ਮਾਰਗ ਵੱਲ ਪ੍ਰੇਰਿਤ ਕਰਦੇ ਹਨ। ਬਾਣੀ ਅਨੁਸਾਰ:

"ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ।"[117]

"ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।"[118]

ਮਾਨਵ ਕਲਿਆਣੀ ਜਗਤ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਮਨੁੱਖਤਾ ਨੂੰ ਸੱਚੀ ਤੇ ਸੁਚੱਜੀ ਜੀਵਨ ਜਾਚ ਦਾ ਸਬਕ ਪੜ੍ਹਾ ਕੇ ਕੌਮਾਂ, ਜਾਤਾਂ, ਭੇਖਾਂ ਧਰਮਾ ਤੇ ਦੇਸ਼ਾਂ ਦੀ ਕੰਧ ਨੂੰ ਤੋੜ ਕੇ, ਅਮੀਰੀ-ਗਰੀਬੀ ਦਾ ਖੱਪਾ ਪੂਰ ਕੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਵਾਲਾ ਸਮਾਜ ਸਥਾਪਿਤ ਕਰਨਾ ਸੀ, ਤਾਂ ਜੋ ਮਨੁੱਖਤਾ ਸਮਾਜਕ ਤੇ ਆਤਮਿਕ ਮੁਕਤੀ ਪ੍ਰਾਪਤ ਕਰ ਸਕੇ। ਇਸ ਮਿਸ਼ਨ ਦੀ ਪੂਰਤੀ ਲਈ ਦਸ ਗੁਰੂ ਸਾਹਿਬਾਨ ਨੇ ਮਹਾਨ ਕਰਨੀਆਂ ਨਾਲ ਆਪਣੇ ਅਮਲੀ ਜੀਵਨ ਰਾਹੀਂ ਪ੍ਰਚਾਰ ਕੀਤਾ ਤੇ ਗੁਰੂ ਨਾਨਕ ਦੇਵ ਜੀ ਦੇ ਸੁਪਨੇ ਨੂੰ ਸਾਕਾਰ ਕੀਤਾ।

ਨਿਮਰਤਾ ਤੇ ਖਿਮਾ ਸਭਿਆਚਾਰ ਦੇ ਮੁੱਖ ਗੁਣ ਹਨ। ਨਿਮਰਤਾ ਨੂੰ ਸਾਰੀਆਂ, ਚੰਗਿਆਈਆਂ ਦਾ ਤੱਤ ਕਿਹਾ ਹੈ। ਖਿਮਾ ਹਿਰਦੇ ਦੀ ਵਿਸ਼ਾਲਤਾ ਪ੍ਰਗਟਾਉਂਦੀ ਹੈ। ਖਿਮਾ ਭਾਵਨਾ ਨਾਲ ਬਦਲੇ ਦੀ ਅੱਗ ਬੁੱਝ ਜਾਂਦੀ ਹੈ। ਗੁਰਬਾਣੀ ਅਨੁਸਾਰ ਜਿਹੜੇ ਖਿਮਾ ਦਾ ਗੁਣ ਧਾਰਨ ਕਰਦੇ ਹਨ। ਗੁਰੂ ਉਨ੍ਹਾਂ ਨੂੰ ਨਾਮ ਦਿੰਦਾ ਹੈ:

"ਖਿਮਾ ਗਹੀ ਮਨੁ ਸਤਗੁਰਿ ਦੀਆ।"[119]

ਸਾਰੇ ਗੁਰੂ ਸਾਹਿਬਾਨ ਨੇ ਆਪਣੇ ਗੁਰਮਤਿ ਕਾਵਿ ਵਿਚ ਸਦਾਚਾਰ ਦੇ ਵਿਸ਼ੇਸ਼ ਗੁਣ ਜਿਵੇਂ ਸਮਾਨਤਾ, ਸਚਾਈ, ਦਇਆ, ਪਵਿਤਰਤਾ ਆਦਿ 'ਤੇ ਬਲ ਦਿੱਤਾ ਹੈ। ਨਿਮਰਤਾ ਤੇ ਮਿਠਾਸ ਤੇ ਜੋ ਬਲ ਗੁਰੂ ਅਰਜਨ ਦੇਵ ਜੀ ਨੇ ਦਿੱਤਾ ਹੈ, ਹੋਰ ਕਿਸੇ ਗੁਰੂ ਵਿਅਕਤੀ ਨੇ ਇਸ ਮਾਤਰਾ ਵਿਚ ਨਹੀਂ ਦਿੱਤਾ:

"ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨੁ ਛਾਰੀ।
ਇਸ ਆਗੈ ਕੋ ਨ ਟਿਕੈ ਵੇਕਾਰੀ। ਗੁਰ ਪੂਰੇ ਏਹ ਗਲ ਸਾਰੀ।[120]
ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧਸੰਗਤਿ ਮੋਹਿ ਪਾਈ। ੧। ਰਹਾਉ
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ।੨।"[121]

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨਿਮਰਤਾ ਤੇ ਸਭਿਆਚਾਰਿਕ ਵਤੀਰੇ ਦੀ ਭਾਰੀ ਪ੍ਰੇਰਨਾ ਹੈ। ਆਪ ਨੇ ਕਿਤੇ ਵੀ ਜ਼ਬਰ ਤੇ ਅਨਿਆਂ ਅੱਗੇ ਹਥਿਆਰ ਨਹੀਂ ਸੁੱਟੇ। ਇਹੋ ਹੀ ਆਪ ਦੀ ਸ਼ਹਾਦਤ ਦਾ ਕਾਰਣ ਬਣਿਆ। ਪ੍ਰੇਮ ਖੰਡ ਨੂੰ ਵੀ ਆਪ ਮੌਤ ਤੱਕ ਦ੍ਰਿੜ੍ਹਤਾ ਨਾਲ ਖੇਡਦੇ ਸਨ:

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।"[122]

ਆਪ ਨੇ ਆਪਣੀ ਸਾਰੀ ਰਚਨਾ ਵਿਚ ਦ੍ਰਿੜ੍ਹਤਾ ਨਾਲ ਜੀਵਨ ਜੀਉਣ ਉਤੇ ਬਲ ਦਿੱਤਾ ਹੈ। ਗੁਰੂ ਨਾਨਕ ਦੇ ਮਾਨਵ ਏਕਤਾ ਦੇ ਪ੍ਰਚਾਰ ਨੇ ਖੇਰੂੰ-ਖੇਰੂੰ ਹੋਏ ਭਾਰਤੀ ਸਮਾਜ ਨੂੰ ਸੰਗਠਿਤ ਕੀਤਾ। ਆਪ ਨੇ ਜਿਸ ਸਮਾਜ ਦੀ ਉਸਾਰੀ ਕੀਤੀ, ਉਸ ਵਿਚ ਕੋਈ ਉੱਚਾ ਨੀਵਾਂ ਨਹੀਂ ਸੀ। ਉਨ੍ਹਾਂ ਦਾ ਚਲਾਈ ਸੰਗਤ ਅਤੇ ਪੰਗਤ ਦੀ ਰੀਤੀ ਵਿਚ ਨੀਵੇਂ ਤੋਂ ਨੀਵਾਂ ਉੱਚੇ ਤੋਂ ਉੱਚੇ ਦੇ ਸਮਾਨ ਬੈਠ ਸਕਦਾ ਸੀ। ਲੰਗਰ ਦੀ ਪ੍ਰਥਾ ਨਾਲ ਜਾਤਾਂ

ਵਿਚਲੀ ਪਰਸਪਰ ਨਫ਼ਰਤ ਦੂਰ ਹੋਈ। ਚਾਰ ਵਰਣਾਂ ਨੂੰ ਮਿਲਾ ਕੇ ਇਕ ਵਰਣ ਬਣਾਇਆ, ਜੋ ਇਕ ਮਨੁੱਖ ਦਾ ਧਰਮ ਸੀ। ਭਾਈ ਗੁਰਦਾਸ ਲਿਖਦੇ ਹਨ:

"ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।"[123]

ਸਮਾਜ ਵਿਅਕਤੀਆਂ ਦਾ ਸਮੂਹ ਅਤੇ ਸੰਜੋਗ ਹੈ, ਜਿਸ ਵਿਚ ਪਰਸਪਰ ਰਹਿਣ-ਸਹਿਣ, ਵਰਤ ਵਰਤਾਰਾ, ਖਾਣ ਪੀਣ ਅਤੇ ਪਹਿਨਣ ਦੀ ਭਾਵਨਾ ਪ੍ਰਫੁਲਿਤ ਹੁੰਦੀ ਹੈ। ਗੁਰਮਤਿ ਵਿਚ ਗ੍ਰਿਹਸਥ ਆਸ਼ਰਮ ਨੂੰ ਸਭ ਤੋਂ ਵੱਧ ਮਹੱਤਤਾ ਦਿੱਤੀ ਗਈ ਹੈ, ਜੋ ਧਰਮ ਕਿਰਤ ਨਾਲ ਉਜੀਵਿਕਾ ਕਮਾਉਂਦੇ ਹਨ ਉਹ ਪਰਉਪਕਾਰੀ ਹੋ ਕੇ ਦੂਜਿਆਂ ਨੂੰ ਲਾਭ ਪਹੁੰਚਾਉਂਦੇ ਹਨ। ਸੰਸਾਰਿਕ ਧੰਦਿਆਂ ਨੂੰ ਚੰਗੀ ਤਰ੍ਹਾਂ ਕਰਦੇ ਹੋਏ ਪਰਮਾਤਮਾ ਨੂੰ ਯਾਦ ਰੱਖਦੇ ਹਨ ਅਤੇ ਉਨ੍ਹਾਂ ਨੂੰ ਉਤਮ ਗ੍ਰਿਹਸਥੀ ਕਿਹਾ ਜਾਂਦਾ ਹੈ।

ਮਨੁੱਖ ਨੇ ਜਦੋਂ ਧਰਤੀ ਤੇ ਵਿਚਰਨਾ ਸ਼ੁਰੂ ਕੀਤਾ। ਉਸ ਨੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਜੁੱਲੀ ਤੇ ਗੁੱਲੀ ਦੀ ਪੂਰਤੀ ਲਈ ਉੱਦਮ ਸ਼ੁਰੂ ਕੀਤਾ। ਜਿਵੇਂ-ਜਿਵੇਂ ਲੋੜਾਂ ਵਧਦੀਆਂ ਗਈਆਂ ਤਿਵੇਂ-ਤਿਵੇਂ ਉਸ ਦੇ ਹਾਵਾ-ਭਾਵਾਂ ਵਿਚ ਅਤੇ ਰਹਿਣੀ ਬਹਿਣੀ ਵਿਚ ਵਿਕਾਸ ਹੋਣ ਲਗਿਆ। ਇਸ ਦੇ ਨਾਲ ਮਨੁੱਖ ਦੇ ਮਨ ਵਿਚ ਘਰ ਗ੍ਰਿਹਸਥੀ ਦਾ ਸੰਕਲਪ ਪੈਦਾ ਹੋਇਆ। ਜੀਵਨ ਜਾਂਚ ਦੇ ਅਹਿਸਾਸ ਨੇ ਉਸ ਨੂੰ ਜੰਗਲਾਂ ਵਿਚੋਂ ਕੱਢ ਕੇ ਉਚਿਤ ਸਥਾਨ 'ਤੇ ਘਰ ਬਣਾ ਕੇ ਰਹਿਣ ਲਈ ਪ੍ਰੇਰਿਆ। ਪਰਿਵਾਰਿਕ ਜੀਵਨ ਵਿਚ ਰਹਿੰਦੇ ਹੋਏ ਉਸ ਨੂੰ ਸੁਖ ਤੇ ਸ਼ਾਂਤੀ ਦਾ ਅਨੁਭਵ ਹੋਇਆ। ਇਕ ਦੂਜੇ ਦੇ ਦੁੱਖ-ਸੁੱਖ ਦੇ ਭਾਈਵਾਲ ਬਣੇ। ਆਪਸੀ ਮੋਹ ਤੇ ਘਰ ਦੀ ਖਿੱਚ ਵਦੀ। ਮਨੁੱਖ ਜੇ ਕਿਤੇ ਘਰੋਂ ਬਾਹਰ ਜਾਂਦਾ ਤਾਂ ਉਸ ਦੇ ਮਨ ਵਿਚ ਘਰ ਦੀ ਖਿੱਚ ਰਹਿੰਦੀ। ਘਰ ਦਾ ਵਰਨਣ ਗੁਰੂ ਬਾਣੀ ਵਿਚ ਕਈ ਥਾਵਾਂ 'ਤੇ ਮਿਲਦਾ ਹੈ:

"ਘਰਿ ਆਉ ਪਿਆਰੇ ਦੁਤਰ ਤਾਰੇ ਬਿਨੁ ਤੁਧੁ ਅਢੁ ਨ ਮੋਲੋ।"[124]

"ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ।"[125]

ਪਰਿਵਾਰਕ ਜੀਵਨ ਦੀ ਪ੍ਰਫੁਲਤਾ ਦੀ ਭਾਵਨਾ ਮਨੁੱਖ ਨੂੰ ਉੱਦਮ ਕਰਨ 'ਤੇ ਫਰਜ਼ ਦੀ ਪਾਲਣਾ ਕਰਨੀ ਸਿਖਾਉਂਦੀ ਹੈ। ਦੇਸ ਅਤੇ ਸਮੁੱਚੀ ਮਨੁੱਖਤਾ ਨਾਲ ਪਿਆਰ, ਨਿਘ ਤੇ ਨੇੜਤਾ ਦਾ ਇਤਿਹਾਸ ਮਨੁੱਖ ਘਰ ਤੋਂ ਹੀ ਗ੍ਰਹਿਣ ਕਰਦਾ ਹੈ। ਗੁਰਮਤਿ ਕਾਵਿ ਵਿਚ ਮਨੁੱਖੀ ਸਰੀਰ ਨੂੰ ਘਰ ਕਿਹਾ ਗਿਆ ਹੈ, ਜਿਥੇ ਪਰਮਾਤਮਾ ਅਤੇ ਆਤਮਾ ਦੇ ਸੰਜੋਗ ਦੀ ਕਲਪਨਾ ਕੀਤੀ ਗਈ ਹੈ।

ਗੁਰਬਾਣੀ ਵਿਚ ਮਨੁੱਖ ਨੂੰ ਗ੍ਰਿਹਸਥ ਮਾਰਗ ਦਾ ਧਾਰਨੀ ਹੋਣ ਕਰਕੇ ਕਰੜੀ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ਹੈ:

"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।"[126]

ਮਿਹਨਤ ਨਾਲ ਆਪਣੇ-ਆਪ ਨੂੰ ਸੰਵਾਰਨ ਦੇ ਨਾਲ ਨਾਲ ਵੰਡ ਛਕਣ ਦੀ ਹਿਦਾਇਤ ਵੀ ਕੀਤੀ ਹੈ:

"ਘਾਲਿ ਖਾਇ ਕਿਛੁ ਹਥਹੁ ਦੇਇ।"[127]

ਗ੍ਰਿਹਸਥ ਵਿਚ ਰਹਿੰਦਿਆ ਸਾਧਾਰਣ ਮਨੁੱਖ ਹੱਕ ਹਲਾਲ ਦੀ ਕਮਾਈ ਕਰੇ ਅਤੇ ਲੋੜਵੰਦਾਂ ਨੂੰ ਵੰਡ ਕੇ ਦੇਵੇ। ਗੁਰਮਤਿ ਕਾਵਿ ਦਾ ਇਹ ਸਿਧਾਂਤਿਕ ਦ੍ਰਿਸ਼ਟੀਕੋਣ ਸਮਾਜ ਲਈ ਉਸਾਰੂ ਦ੍ਰਿਸ਼ਟੀਕੋਣ ਹੈ। ਅਰਥਿਕਤਾ ਦੇ ਸਮਾਜਕ ਪ੍ਰਭਾਵ ਨੂੰ ਪਛਾਣਦੇ ਹੋਏ ਗੁਰਬਾਣੀ ਵਿਚ ਗਰੀਬ ਮਨੁੱਖ ਦੀ ਸਥਿਤੀ ਸਪਸ਼ਟ ਕੀਤੀ ਹੈ:

"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ।
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ।"[128]

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਨਿੱਤ ਵਰਤੋਂ ਦੇ ਜੀਵਨ ਨੂੰ ਸੁੰਦਰ, ਸੁਖਾਵਾਂ ਅਤੇ ਸੁਥਰਾ ਬਣਾਉਣ ਲਈ ਜੋ ਇਸ਼ਾਰੇ ਮਿਲਦੇ ਹਨ, ਉਨ੍ਹਾਂ ਨੂੰ ਅਸੀਂ ਇਥੇ ਇਕੱਤਰ ਕਰਕੇ ਦੇਖਾਂਗੇ ਕਿ ਉਹ ਕਿਵੇਂ ਵਿਵਹਾਰਿਕ ਜੀਵਨ ਜਿਉਣ ਦੇ ਹਾਮੀ ਸਨ। ਆਪ ਦੇ ਇਨ੍ਹਾਂ ਗੁਣਾ ਸਦਕਾ ਹੀ ਤਾਂ ਸਿੱਖ ਗੁਰੂ ਸਾਹਿਬਾਨ ਨੇ ਆਪ ਦੀ ਭਰਪੂਰ ਉਸਤਤ-ਸ਼ਲਾਘਾ ਕੀਤੀ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।।੨।।"[129]

ਮਹਾਂਭਾਗਵਤ ਧੰਨਾ ਜੀ ਆਪ ਨੂੰ ਮਾਇਆ ਦਾ ਤਿਆਗ ਕਰਨ ਵਾਲੇ, ਨਿੱਤ ਪ੍ਰਤੀ ਹੱਥੀ ਕਾਰ ਸੇਵਾ ਵਿਚ ਰੁੱਝੇ ਰਹਿਣ ਵਾਲੇ ਅਤੇ ਸਾਧ ਸੰਗਤ ਰਾਹੀਂ ਹਰਿ ਦੇ ਦਰਸ਼ਨ ਕਰਨ ਵਾਲੇ ਮਹਾਂਪੁਰਸ਼ ਮੰਨਦੇ ਹਨ:-

"ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।।"[130]

ਅਸੀਂ ਹੁਣ ਤਾਈਂ ਬਹੁਤਾ ਉਨ੍ਹਾਂ ਦੇ ਚਮਤਕਾਰੀ ਸਰੂਪ ਤੇ ਹੀ ਪਸੀਜਦੇ ਤੇ ਰੀਝਦੇ ਰਹੇ ਹਾਂ, ਜਦ ਕਿ ਆਪ ਦਾ ਵਿਵਹਾਰਿਕ ਜੀਵਨ ਪ੍ਰਤਿ ਰਵੱਈਆ ਆਮ ਤੌਰ 'ਤੇ ਗੌਲਿਆ ਹੀ ਨਹੀਂ ਗਿਆ ਹੈ। ਆਪ ਦਾ ਅਮਲੀ ਯਥਾਰਥਕ ਜੀਵਨ ਦਾ ਸੁਨੇਹਾ ਆਪ ਦੀ ਬਾਣੀ ਦਾ ਇਕ ਬਹੁਤਾ ਵੱਡਾ ਤੇ ਮਹੱਤਵਪੂਰਨ ਅੰਗ ਹੈ। ਇਹੋ ਜਿਹਾ ਸਾਧ-ਪੁਰਸ਼ਾਂ ਦਾ ਪਦ-ਰਜ (ਸੰਤ ਰੇਨਾਈ) ਆਪਣੇ-ਆਪ ਨੂੰ ਮੰਨਣ ਦੇ ਸੰਕੇਤ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਰਪੂਰ ਮਿਲ ਜਾਂਦੇ ਹਨ। ਇਨ੍ਹਾਂ ਸੰਤਾਂ ਦੇ ਪ੍ਰਤਾਪ ਨਾਲ ਹੀ ਸਭ ਪ੍ਰਕਾਰ ਦੇ ਸੰਸੇ ਤੇ ਭਰਮ ਨਸ਼ਟ ਹੁੰਦੇ ਹਨ। ਇਸ ਪ੍ਰਕਾਰ ਬਾਣੀ ਪ੍ਰਵਚਨ ਹੈ:

"ਉਆ ਅਉਸਰ ਕੈ ਹਉ ਬਲਿ ਜਾਈ।।
ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ।।੧।। ਰਹਾਉ।।
ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ।।
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ।।੧।।
ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ।।
ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ।।"[131]

ਭਗਤ ਰਵਿਦਾਸ ਜੀ ਦੀ ਬਾਣੀ ਦਾ ਇਕ ਹੋਰ ਕੇਂਦਰੀ ਸਰੋਕਾਰ ਸਮਾਜਕ-ਸਭਿਆਚਾਰਕ ਸ਼ੁੱਧੀ ਦੇ ਅਮਲ ਨੂੰ ਤੇਜ਼ ਕਰਨਾ ਹੈ। ਸ਼ੁੱਧੀ ਦਾ ਇਹ ਅਮਲ ਨਿਰੰਤਰ ਹੁੰਦਾ ਰਹਿਣਾ ਚਾਹੀਦਾ ਹੈ ਅਤੇ ਜੇਕਰ ਨਹੀਂ ਤਾਂ ਸਮਾਜ ਵਿਚ ਬਹੁਤ ਸਾਰੇ ਵਿਗਾੜ ਪੈਦਾ ਹੋ ਜਾਂਦੇ ਹਨ। ਜਦੋਂ ਕੋਈ ਯੁਗ-ਪੁਰਸ਼ ਸਮਾਜ ਦੇ ਸਿਰ ਉਪਰ ਨਹੀਂ ਰਹਿੰਦਾ ਤਾਂ ਸਾਰੇ ਲੋਕ ਮਨ-ਆਈਆਂ ਕਰਨ ਲੱਗ ਪੈਂਦੇ ਹਨ ਅਤੇ ਵਿਕਾਰਾਂ ਦਾ ਆਕ੍ਰਸ਼ਣ ਵੱਧ ਜਾਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪਿੱਛੇ ਲੱਗ ਕੇ ਲੋਕ ਸਮਾਜ ਨੂੰ ਪ੍ਰਦੂਸ਼ਿਤ ਕਰਨ ਉਪਰ ਤੁਲ ਜਾਂਦੇ ਹਨ। ਰਵਿਦਾਸ ਜੀ ਵਰਗੇ ਭਗਤ ਬਹੁੜਦੇ ਹਨ ਅਤੇ ਸਮਾਜ ਵਿਚ ਵਿਵਸਥਾ ਅਤੇ ਸੰਤੁਲਨ ਨੂੰ ਬਹਾਲ ਕਰਦੇ ਹਨ। ਉਹ ਲੋਕਾਂ ਨੂੰ ਵਿਕਾਰਾਂ ਦੇ ਖ਼ਤਰਿਆਂ ਤੋਂ ਸਾਵਧਾਨ ਕਰਦੇ ਹਨ ਅਤੇ ਸੰਜਮੀ ਜੀਵਨ ਬਤੀਤ ਕਰਨ ਦੀ ਹਦਾਇਤ ਕਰਦੇ ਹਨ। ਭਗਤ ਰਵਿਦਾਸ ਜੀ ਫਰਮਾਉਂਦੇ ਹਨ :

"ਦੇਵ ਸੰਸੇ ਗਾਂਠਿ ਨ ਛੂਟੈ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥੧॥ ਰਹਾਉ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ॥
ਮੋਹਿ ਆਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ॥੩॥"[132]

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਨਿਰੰਤਰ ਗੂੰਜਣ ਵਾਲੀਆਂ ਪੰਕਤੀਆਂ ਵਿਚ ਉਨ੍ਹਾਂ ਦੀ ਅਖੌਤੀ ਨੀਵੀਂ ਜਾਤ ਬਾਰੇ ਆਤਮ-ਸਵੀਕ੍ਰਿਤੀ ਦੇ ਭਾਵ ਹਨ। ਆਪ-ਆਪਣੇ ਆਪ ਨੂੰ ਚਮਾਰ, ਚਮਰੇਟਾ, ਮਰੇ ਹੋਏ ਪਸ਼ੂ ਢੋਣ ਵਾਲਾ, ਜੁੱਤੀਆਂ ਗੰਢਣ ਵਾਲਾ ਅਦਿਕ ਨਿਮਰ-ਵਿਸ਼ੇਸ਼ਣਾਂ ਦੁਆਰਾ ਪੇਸ਼ ਕਰਦੇ ਹਨ। ਆਪਣੀ ਸਮਾਜਕ ਤੌਰ 'ਤੇ ਦੀਨ ਸਥਿਤੀ ਦੀਆਂ ਪੁਨਰ-ਉਕਤੀਆਂ ਦੁਆਰਾ ਆਪ ਇਹ ਸਿੱਧ ਕਰ ਰਹੇ ਹਨ ਕਿ ਕਿਸੇ ਵਿਅਕਤੀ ਦੀ ਜਾਤ ਦਾ ਉਚੇਰੀ ਜਾਂ ਨਿਮਨ ਹੋਣਾ ਕਿਸੇ ਖੇਤਰੀ ਪ੍ਰਸੰਗ ਵਿਚ ਤਾਂ ਅਰਥਪਰਨ ਹੋ ਸਕਦਾ ਹੈ, ਪਰ ਜਿਵੇਂ-ਜਿਵੇਂ ਅਸੀਂ ਖੇਤਰੀ ਸੀਮਾਵਾਂ ਵਿਚੋਂ ਨਿਕਲ ਬ੍ਰਹਿਮੰਡੀ ਪਰਿਵੇਸ਼ ਵੱਲ਼ ਵਧਦੇ ਜਾ ਰਹੇ ਹਾਂ ਤਾਂ ਇਨ੍ਹਾਂ ਛੋਟੀਆਂ-ਮੋਟੀਆਂ ਵਰਗਵੰਡਾਂ ਦੇ ਕੋਈ ਅਰਥ ਨਹੀਂ ਬਚਦੇ। ਜੇ ਅਸੀਂ ਬ੍ਰਹਿਮੰਡਕ ਪ੍ਰਸੰਗ ਵਿਚ ਵੇਖੀਏ ਤਾਂ ਵੱਧ ਤੋਂ ਵੱਧ ਇਹੀ ਕਿਹਾ ਜਾ ਸਕਦਾ ਹੈ ਕਿ ਪਸ਼ੂਆਂ, ਪੰਛੀਆਂ ਅਤੇ ਜਲ-ਜੀਵਾਂ ਦੀ ਤੁਲਣਾ ਵਿਚ ਅਸੀਂ ਮਨੁੱਖ ਹਾਂ, ਸਾਡੇ ਸਾਰਿਆਂ ਦੀ ਸ਼ਕਲ-ਸੂਰਤ, ਬਣਤਰ, ਸੋਚਣ ਅਤੇ ਕੰਮ ਕਰਨ ਦੀ ਵਿਧੀ ਇਕ ਹੈ। ਉੱਚੀ ਅਤੇ ਨੀਵੀਂ ਜਾਤੀ ਦੀ ਵਰਗਵੰਡ ਕਿਵੇਂ ਅਤੇ ਕਿਉਂ? ਜੋ ਕੰਮ ਇਕ ਉੱਚੀ ਜਾਤ ਵਾਲਾ ਕਰ ਸਕਦਾ ਹੈ; ਜਿਨ੍ਹਾਂ ਨਿਸ਼ਾਨਿਆਂ ਬਾਰੇ ਇਕ ਉਚੀ ਜਾਤ ਵਾਲਾ ਸੋਚ ਸਕਦਾ ਹੈ ਅਤੇ ਉਹ ਸਾਰੇ ਕੰਮ ਇਕ ਨੀਵੀਂ ਜਾਤ ਵਾਲਾ ਵੀ ਉਤਨੀ ਹੀ ਕੁਸ਼ਲਤਾ ਅਤੇ ਸਮਰੱਥਾ ਵਾਲਾ ਬੰਦਾ ਕਰ ਸਕਦਾ ਹੈ। ਇਸ ਵਾਸਤੇ ਮਨੁੱਖੀ ਸਮਾਜ ਵਿਚ ਜਾਤ-ਪਾਤ ਦੇ ਆਧਾਰ 'ਤੇ ਕੋਈ ਵਰਗੀਕਰਣ ਨਹੀਂ ਹੋਣਾ ਚਾਹੀਦਾ। ਰਵਿਦਾਸ ਜੀ ਨੇ ਇਸ ਤੱਥ ਨੂੰ ਅਧਿਆਤਮਕ ਮੁਹਾਵਰੇ ਵਿਚ ਪੇਸ਼ ਕੀਤਾ ਹੈ। ਜੇ ਅੱਜ ਅਸੀਂ ਇਸ ਨੂੰ ਯਥਾਰਥਵਾਦੀ ਪ੍ਰਸੰਗ ਵਿਚ ਬਦਲ

ਦੇਈਏ ਤਾਂ ਐਡੇ ਵਿਸ਼ਾਲ ਮਨੁੱਖੀ ਭਾਈਚਾਰੇ ਅਤੇ ਉਸ ਦੀਆਂ ਅਨੇਕ ਚੁਣੌਤੀਆਂ ਦੇ ਪ੍ਰਸੰਗ ਵਿਚ ਜਾਤੀ-ਵਿਵਸਥਾ ਇਕ ਹਾਸੋਹੀਣੀ ਪ੍ਰਣਾਲੀ ਬਣ ਕੇ ਰਹਿ ਜਾਂਦੀ ਹੈ ਕਿ ਮਨੁੱਖ ਦੇ ਇਰਾਦਿਆਂ ਤੇ ਉਪਲਬਧੀਆਂ ਦੀ ਪੂਰਤੀ ਵਿਚ ਜਾਤ-ਪਾਤ ਕੋਈ ਰੁਕਾਵਟ ਨਹੀਂ ਪਾ ਸਕਦੀ। ਭਗਤ ਰਵਿਦਾਸ ਜੀ ਫੁਰਮਾਉਂਦੇ ਹਨ:

"ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਬਾਰੁਨੀ ਗੁਨ ਸਾਰੰ॥੧॥ ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥"[133]

ਇਸ ਤਰ੍ਹਾਂ ਸਮੁੱਚੇ ਰੂਪ ਵਿਚ ਆਖ ਸਕਦੇ ਹਾਂ ਕਿ ਭਗਤ ਰਵਿਦਾਸ ਜੀ ਦੀ ਬਾਣੀ ਅਨੁਸਾਰ ਸਭਿਆਚਾਰਕ ਮਨੁੱਖ ਦਾ ਸਹੀ ਮਾਰਗ ਤੇ ਚੱਲਣ ਦਾ ਰਾਹ ਵਿਖਾਉਂਦਾ ਹੈ। ਇਹ ਸਹੀ ਮਾਰਗ ਹੀ ਮਨੁੱਖੀ ਜੀਵਨ ਦੀ ਸੁੱਚਜੀ ਜੀਵਨ ਜਾਂਚ ਹੈ।

**ਰਾਜਨੀਤਕ ਪਰਿਪੇਖ**

ਮੱਧਕਾਲੀਨ ਯੁੱਗ ਦਾ ਪ੍ਰਵਾਹ ਹਮੇਸ਼ਾ ਹੀ ਸਾਡੇ ਜੀਵਨ ਅਤੇ ਸਾਹਿਤ ਉਤੇ ਪ੍ਰਭਾਵ ਪਾਉਣ ਵਿਚ ਸਫ਼ਲ ਰਿਹਾ। ਇਹ ਕਿਸੇ ਦੇਸ ਦਾ ਵਾਤਾਵਰਣ ਪ੍ਰਸਥਿਤੀਆਂ ਜਲਵਾਯੂ ਤੇ ਮਾਨਵ ਜੀਵ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਰਹਿ ਸਕਦਾ। ਸਮਾਜਕ ਪ੍ਰਸਥਿਤੀਆਂ ਅਤੇ ਜਲਵਾਯੂ ਮਾਨਵ ਅਤੇ ਸਮਾਜ ਦੇ ਜੀਵਨ ਦਰਸ਼ਨ ਦੇ ਨਿਰਮਾਣ ਵਿਚ ਬਹੁਤ ਸਹਾਇਕ ਸਿੱਧ ਹੁੰਦੀਆਂ ਹਨ। ਇਹ ਘਟਨਾਵਾਂ ਅਤੇ ਪਰਿਸਥਿਤੀਆ ਮਨੁੱਖ ਅਤੇ ਉਸ ਦੇ ਸਮਾਜ ਦੀ ਚਿੰਤਨ ਪੱਧਤੀ ਤੇ ਦ੍ਰਿਸ਼ਟੀਕੋਣ ਵਿਚ ਪਰਿਵਰਤਨ ਉਤਪੰਨ ਕਰਦੀਆਂ ਹਨ।

ਇਸ ਯੁੱਗ ਵਿਚ ਰਚੀ ਗਈ ਭਗਤ ਰਵਿਦਾਸ ਜੀ ਅਤੇ ਹੋਰ ਭਗਤਾਂ ਦੀ ਬਾਣੀ ਪੰਜਾਬੀ ਸਾਹਿਤ ਦੇ ਸਾਹਿਤਕ ਮਿਆਰ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਵਿਚ ਸਫਲ ਰਹੀ ਹੈ। ਪਿਛਲੇ ਅਧਿਆਇਆਂ ਵਿਚ ਭਗਤ ਰਵਿਦਾਸ ਦੀ ਦੀ ਬਾਣੀ ਦੇ ਵਿਭਿੰਨ ਪਸਾਰ ਧਾਰਮਿਕ ਤੇ ਦਾਰਸ਼ਨਿਕ ਪਾਸਾਰ ਅਤੇ ਸਮਾਜਕ ਪ੍ਰਸਥਿਤੀਆਂ ਸੰਬੰਧੀ ਚਰਚਾ ਕੀਤੀ ਗਈ ਹੈ। ਹਥਲੇ ਉਪ-ਅਧਿਆਇ ਵਿਚ ਭਗਤ ਰਵਿਦਾਸ ਜੀ ਦੇ ਪੇਸ਼ ਰਾਜਨੀਤਿਕ ਪਾਸਾਰ ਦੇ ਵਿਸ਼ਲੇਸ਼ਣ ਨੂੰ ਚਰਚਾ ਦਾ ਵਿਸ਼ਾ ਬਣਾਇਆ ਜਾਵੇਗਾ। ਰਾਜਨੀਤਿਕ ਪਾਸਾਰ ਦੀ ਚਰਚਾ ਕਰਨ ਤੋ ਪਹਿਲਾਂ ਇਹ ਜ਼ਰੂਰੀ ਹੈ ਕਿ ਰਾਜਨੀਤਿਕ ਸ਼ਬਦ ਬਾਰੇ ਵਿਚਾਰ ਸਾਂਝੇ ਕੀਤੇ ਜਾਣ।

ਰਾਜਨੀਤੀ ਤੋਂ ਕੀ ਭਾਵ ਹੈ? ਇਸ ਦਾ ਪਿਛੋਕੜ ਕੀ ਹੈ? ਮੱਧਕਾਲੀਨ ਰਾਜ ਪ੍ਰਬੰਧ ਵਿਚ ਰਾਜਨੀਤਿਕ ਗਿਰਾਵਟ ਦੇ ਕੀ ਕਾਰਨ ਸਨ। ਆਦਿ ਵਿਸ਼ਿਆ ਤੇ ਚਰਚਾ ਕਰਨੀ ਜ਼ਰੂਰੀ ਹੈ। ਰਾਜਨੀਤਿਕ ਸ਼ਬਦ ਦੋ ਸ਼ਬਦਾ ਦੇ ਮੇਲ ਤੋਂ ਬਣਿਆ ਹੈ: ਰਾਜ+ਨੀਤੀ। ਰਾਜ ਤੋਂ ਭਾਵ ਹੈ: ਸ਼ਾਸ਼ਨ।"ਨੀਤੀ ਤੋਂ ਭਾਵ ਹੈ, ਨਿਯਮ। ਰਾਜੀਨੀਤੀ ਤੋਂ ਭਾਵ ਇਹ ਹੈ ਕਿ ਕਿਸੇ ਦੇਸ਼, ਸੰਸਥਾ ਨੂੰ ਚਲਾਉਣ ਲਈ ਉਥੇ ਦੇ ਨੀਤੀ ਘਾੜਿਆ, ਰਾਜ ਪ੍ਰਬੰਧਕਾਂ ਜਾ ਰਾਜਾ ਵਲੋਂ ਨਿਯਮ, ਨੀਤੀਆਂ ਬਣਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਰਾਜਨੀਤੀ ਕਿਹਾ ਜਾਂਦਾ ਹੈ।ਰਾਜ ਅਤੇ ਸਰਕਾਰ ਸਰੰਜਨਾ ਦਾ ਅਧਿਐਨ ਰਾਜਨੀਤੀ ਵਿਚ ਕੀਤਾ ਜਾਂਦਾ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਧਰਮ ਅਤੇ ਸਮਾਜ ਵੀ ਕਿਸੇ ਹੱਦ ਤੱਕ ਰਾਜਨੀਤੀ ਦੇ ਆਧਾਰ ਹੁੰਦੇ ਹਨ। ਜੇ ਸਮਾਜ ਦੇ ਵਿਕਾਸ ਨੂੰ ਅੱਖੋਂ ਉਹਲੇ ਕਰਕੇ ਕੋਈ ਰਾਜਾ ਜਾਂ ਕੋਈ ਦਲ ਜਾਂ ਵਿਅਕਤੀਗਤ ਲਾਭਾਂ ਲਈ ਇਹ ਸਾਰੀ ਸ਼ਕਤੀ ਨੂੰ ਵਰਤੇ ਤਾਂ ਇਹ ਹਾਨੀਕਾਰਕ ਔਗੁਣ ਬਣ ਜਾਂਦੇ ਹਨ। ਸੱਚੇ ਧਰਮ ਦੀ ਸੱਚੀ ਰਾਜਨੀਤੀ ਦਾ ਸੁਨਹਿਰੀ ਅਸੂਲ ਇਹ ਹੈ ਕਿ ਕਿਸੇ ਨਾ ਕਿਸੇ ਨੂੰ ਨਾ ਭੈਭੀਤ ਕੀਤਾ ਜਾਵੇ। ਨਾ ਹੀ ਕਿਸੇ ਤੋਂ ਭੈਭੀਤ ਹੋਇਆ ਜਾਵੇ।[134]

ਰਾਜਨੀਤੀ ਦੇ ਇਤਿਹਾਸ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਦਾ ਸਰੂਪ ਦੁਆਪਰ ਯੁੱਗ, ਤ੍ਰੇਤਵ ਯੁੱਗ, ਵੈਦਿਕ ਯੁੱਗ, ਮੱਧਕਾਲੀਨ ਯੁੱਗ ਆਦਿ ਵੱਖੋ-ਵੱਖਰੇ ਪੜਾਵਾਂ ਨੂੰ ਪਾਰ ਕਰਦਾ ਹੋਇਆ ਆਧੁਨਿਕ ਯੁੱਗ ਤੱਕ ਪਹੁੰਚਿਆ ਹੈ। ਵਰਤਮਾਨ ਤਕ ਪਹੁੰਚ ਕੇ ਭਾਰਤ ਵਿਚ ਇਸ ਦਾ ਸਰੂਪ ਲੋਕਤਾਂਤ੍ਰਿਕ ਹੋ ਗਿਆ। ਭਾਵ ਕਿ ਜਨਤਾ ਦੁਆਰਾ ਹੀ ਸਹਿਮਤੀ ਦੇ ਕੇ ਕੋਈ ਸ਼ਾਸ਼ਕ, ਸਾਸ਼ਨ ਚਲਾਉਣ ਲਈ ਚੁਣਿਆ ਜਾਂਦਾ ਹੈ। ਪੁਰਾਤਨ ਸਮੇਂ ਵਿਚ ਸਾਸ਼ਨ ਚਲਾਉਣ ਲਈ ਜਨਤਾ ਦਾ ਕੰਮ ਹੀ ਨਹੀਂ ਸੀ, ਸਗੋਂ ਦੇਸ਼ ਦੇ ਸ਼ਾਸ਼ਕਾਂ ਵੰਸਾਗਤ ਅਤੇ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਦੇ ਰੂਪ ਵਿਚ ਪਹਿਲਾ ਪਿਤਾ ,ਫਿਰ ਪੁੱਤਰ ਅਤੇ ਫਿਰ ਪੋਤਰੇ ਦੁਆਰਾ ਚਲਾਇਆ ਜਾਂਦਾ ਸੀ। ਰਾਜਨੀਤੀ ਦੇ ਇਤਿਹਾਸ ਵਿਚ ਝਾਤ ਮਾਰਿਆ ਇਹ ਪਤਾ ਲਗਦਾ ਹੈ ਕਿ ਧਰਮ ਅਤੇ ਧਰਮ ਉਪਰ ਰਾਜਨੀਤੀ ਦਾ ਭ੍ਰਿਸ਼ਟ ਰੂਪ ਹਾਵੀ ਹੋ ਗਿਆ। ਇਸਲਾਮ ਸ਼ਾਸਕਾਂ ਦੇ ਕਾਬਜ ਹੋਣ ਤੋਂ ਬਾਅਦ ਰਾਜਨੀਤੀ ਅਸਿਤਿਤਵ ਖਤਰੇ ਵਿਚ ਪੈ ਗਿਆ। ਧਰਮ ਦੇ ਆਗੂ ਮੁੱਲਾ-ਮੁਲਾਵੇ ਆਦਿ ਇਸਲਾਮੀ ਸ਼ਾਸ਼ਕ ਦੇ ਸਲਾਹਕਾਰ ਤਾਂ ਜ਼ਰੂਰ ਸਨ, ਪ੍ਰੰਤੂ ਇਨ੍ਹਾਂ ਦੁਆਰਾ ਰਾਜ ਚਲਾਉਣ ਲਈ ਨਿਰਧਾਰਿਤ ਨਿਯਮ ਕੇਵਲ ਇਸਲਾਮ ਧਰਮ ਦੀ ਹੀ ਪੈਰਵੀ ਕਰਦੇ ਸਨ। ਇਸ ਤਰ੍ਹਾਂ ਭਾਰਤੀ ਰਾਜਨੀਤਿਕ ਪ੍ਰਣਾਲੀ ਵਿਚ ਹਨੇਰ ਗਰਦੀ ਵਧ ਗਈ।

ਆਮ ਜਨਤਾ ਦੇ ਬੁਨਿਆਦੀ ਅਧਿਕਾਰਾਂ ਦਾ ਉਸ ਯੁੱਗ ਵਿਚ ਕੋਈ ਪ੍ਰਸ਼ਨ ਨਹੀਂ ਉਠਦਾ ਸੀ। ਉਹ ਬਾਦਸ਼ਾਰਾਂ ਤੇ ਉਨ੍ਹਾਂ ਦੇ ਅਹਿਲਕਾਰਾਂ ਦੇ ਰਹਿਮੋ-ਕਰਮ ਉੱਤੇ ਜ਼ਿੰਦਗੀ ਬਤੀਤ ਕਰਨ ਲਈ ਮਜ਼ਬੂਰ ਸਨ। ਆਮ ਲੋਕਾਂ ਉਪਰ ਜ਼ੁਲਮ ਢਾਹੇ ਜਾਂਦੇ ਸਨ। ਉਨ੍ਹਾਂ ਵਿਰੋਧ ਆਵਾਜ਼ ਉੱਚੀ ਨ ਕਰ ਸਕਣ।[135]

ਰਾਜਨੀਤੀ ਦੇ ਇਤਿਹਾਸ ਵਿਚ ਇਸ ਕਾਲ ਨੂੰ ਤੁਰਕ-ਅਫਗਾਨ ਅਤੇ ਸਲਤਨਤ-ਕਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਰਤ ਦੇ ਰਾਜਨੀਤਿਕ ਇਤਿਹਾਸ ਵਿਚ ਅਜਿਹਾ ਸਮਾਂ ਜਦੋਂ ਭਾਰਤ ਦੀ ਸਤ੍ਾ

ਉੱਤੇ ਕਾਬਜ ਹੋਣ ਲਈ ਵਿਦੇਸ਼ੀ ਇਸਲਾਮੀ ਸ਼ਾਸਕਾਂ ਵਿਚ ਬਹੁਤ ਹੀ ਖਿਚੋਤਾਣੀ ਹੋਈ। ਮੁਗਲ ਰਾਜ ਜਿਸ ਪਰੰਪਰਾ ਦਾ ਵਾਰਸ ਸੀ। ਉਸ ਵਿਚ ਮਹਿਮੂਦ ਗਜ਼ਨਵੀ ਦੇ 17 ਲੋਟੂ ਹਮਲੇ, ਮੰਗੋਲਲਾਂ ਦੇ ਖ਼ੂਨੀ ਅਤਿਆਚਾਰ, ਤੈਮੂਰ ਦੀ ਕਤਲੇਆਮ, ਤੁਗਲਕ ਦੀ ਮੂਰਖਤਾ, ਨਿਰਦੈਤਾ ਦੇ ਬਾਬਰ ਦੀਆਂ ਮਾਰੂ ਚੜ੍ਹਾਈਆ ਸਭ ਸ਼ਾਮਿਲ ਸਨ। ਰਾਜਸੀ ਸਥਿਰਤਾ ਦਾ ਇਹ ਹਾਲ ਸੀ ਕਿ ਗਜ਼ਨਵੀਆਂ ਤੋਂ ਪਿਛੋਂ 1193 ਈ: ਤੋਂ 1526 ਈ: ਤੱਕ ਦਿੱਲੀ ਦੀ ਗੱਦੀ ਉੱਤੇ ਵੱਖ-ਵੱਖ ਖਾਨਦਾਨ ਦੇ 35 ਬਾਦਸ਼ਾਹ ਬੈਠੇ ਤੇ ਫਿਰ 20 ਮੁਗਲ ਬਾਦਸ਼ਾਹ ਵਾਰੀ ਵਾਰੀ ਆਏ।[136] ਇਸ ਗੱਧਲੇ ਭਰੇ ਵਾਤਾਵਰਣ ਵਿਚ ਭਗਤ ਰਵਿਦਾਸ ਜੀ ਅਤੇ ਹੋਰ ਭਗਤਾ ਰਾਹੀਂ ਵਿਸ਼ਵ ਕਲਿਆਣ ਦਾ ਸੰਦੇਸ਼ ਦੇ ਕੇ ਮੱਧਕਾਲੀਨ ਸਮਾਜ ਅਤੇ ਧਾਰਮਿਕ ਖੇਤਰੀ ਹੀ ਨਹੀਂ, ਸਗੋਂ ਰਾਜਨੀਤੀ ਖੇਤਰ ਵੀ ਰਾਸ਼ਟਰੀ ਸਦਭਾਵਨਾ ਨੂੰ ਉਜਾਗਰ ਕਰਨ ਵਿਚ ਆਪਣਾ ਸਹਿਯੋਗ ਦਿੱਤਾ। ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਦੇ ਹਾਕਮਾਂ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕਿ ਰਾਜ ਦਾ ਭਾਵ ਹਕੂਮਤ ਕਰਨ ਦੀ ਹਵਸ ਨਹੀਂ ਹੁੰਦਾ, ਸਗੋਂ ਰਾਜ ਦਾ ਭਾਵ ਹੈ ਸਮਾਜ ਦੀਆਂ ਪਦਾਰਥਕ ਸ਼ਕਤੀਆਂ ਤੇ ਕਾਬੂ ਕਰਕੇ ਉਨ੍ਹਾਂ ਨੂੰ ਵਿਸ਼ਵ ਕਲਿਆਣ ਲਈ ਵਰਤਨ ਹਿੱਤ ਵਿਉਂਤਬੰਦੀ ਕਰਨਾ।[137]

ਭਗਤ ਰਵਿਦਾਸ ਜੀ ਦੁਆਰਾ ਛੇੜੀ ਗਈ ਇਸ ਮੁਹਿੰਮ ਨੂੰ ਭਗਤੀ ਅੰਦੋਲਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਸਮੇਂ ਤੋਂ ਅੱਜ ਤਕ ਦੇ ਇਤਿਹਾਸ ਵਿਚ ਬਿਲਕੁਲ ਨਰੋਆ ਅੰਦੋਲਨ ਸੀ, ਜਿਸ ਦਾ ਮੂਲ ਅਧਾਰ ਭਗਤੀ ਸੀ। ਭਾਵ ਇਹ ਕਿ ਪ੍ਰਭੂ ਦੀ ਭਗਤੀ ਕਰਕੇ ਅਛੂਤ ਸਮਝੇ ਜਾਣ ਵਾਲੇ ਵਰਗ ਦੇ ਭਗਤਾਂ ਨੂੰ ਜੋ ਅਧਿਆਤਮਕ ਅਤੇ ਮਾਨਸਿਕ ਆਗੂਆਂ ਨਾਲ ਟੱਕਰ ਲਈ ਇਸ ਮੁਹਿੰਮ ਨੂੰ ਭਗਤੀ ਅੰਦੋਲਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਡਾ. ਦੀਵਾਨ ਸਿੰਘ ਕਾਲੇਪਾਣੀ ਆਪਣੀ ਪੁਸਤਕ ਗੁਰਮਤਿ ਸਿਧਾਂਤ ਵਿਚ ਭਗਤੀ ਅੰਦੋਲਨ ਨੂੰ ਭਾਰਤ ਵਿਚ ਤੇਰ੍ਹਵੀ-ਚੋਦਵੀਂ ਸਦੀ ਵਿਚਲਾ ਯੁੱਗ ਪਲਟਾਉ ਅਤੇ ਯੂਰਪ ਦੀਆਂ Reformation ਤੇ Renaissance ਦੋ ਪ੍ਰਸਿੱਧ ਧਾਰਮਿਕ ਤਥਾ-ਸਭਿਆਚਾਰਕ ਜਾਗ੍ਰਿਤੀ ਦੀਆਂ ਲਹਿਰਾਂ ਦੇ ਸਮਾਨਾਂਤਰ ਪੈਦਾ ਹੋਈ ਪ੍ਰਭਾਵਸ਼ਾਲੀ ਅਤੇ ਕ੍ਰਾਂਤੀਕਾਰੀ ਅਭਿਵਿਅਕਤੀ ਮੰਨਦੇ ਹਨ।[138]

ਭਾਰਤ ਵਿਚ ਉਸ ਸਮੇਂ ਰਾਜਨੀਤਿਕ ਜ਼ਿੰਦਗੀ ਬੜੀ ਮਾੜੀ ਸੀ। ਦੇਸ਼ ਗੁਲਾਮ ਅਤੇ ਰਾਜੇ ਆਪਣੀ ਪਰਜਾ ਉੱਤੇ ਜ਼ੋਰ ਜ਼ਬਰਦਸਤੀ ਅਤੇ ਜ਼ੁਲਮ ਕਰ ਰਹੇ ਸਨ। ਭਾਈ ਗੁਰਦਾਸ ਜੀ ਅਨੁਸਾਰ:

> "ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ਰਾਜੇ ਪਾਪ
> ਕਮਾਵਦੇ ਉਲਟੀ ਵਾੜ ਕੇ ਖੇਤ ਕਉ ਖਾਈ ਪਰਜਾ ਅੰਧੀ ਗਯਾਨ
> ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।"[139]

ਵਿਦੇਸ਼ੀ ਹੁਕਮਰਾਨਾਂ ਦੁਆਰਾ ਰਾਜ ਸਥਾਪਤੀ ਲਈ ਕੀਤੇ ਗਏ ਹਮਲਿਆਂ ਨਾਲ ਭਾਰਤੀ ਜਨਤਾ ਆਰਥਿਕ ਪੱਖੋਂ ਕਮਜ਼ੋਰ ਹੋ ਗਈ ਸੀ। ਰਾਜਨੀਤਿਕ ਵਿਵਸਥਾ ਦਾ ਢੇਹ-ਢੇਰੀ ਹੋਣ ਦਾ ਦੂਜਾ ਕਾਰਨ ਦੇਸ਼ੀ ਸ਼ਾਸਕਾਂ ਦਾ ਵਿਲਾਸਤਾ ਭਰਿਆ ਜੀਵਨ ਸੀ। ਪਰੰਪਰਾਗਤ ਰਾਜ ਸੱਤਾ ਦੇ ਮਾਲਕ ਹੋਣ ਕਾਰਨ ਦੇਸੀ

ਸ਼ਾਸਕ ਆਪਣੀ ਈਰਖਾ ਅਤੇ ਸੁੰਦਰ ਇਸਤਰੀਆਂ ਦੀ ਖੋਹ ਖਿੱਚ ਨੂੰ ਲੈ ਕੇ ਲੜਾਈ-ਝਗੜਿਆਂ ਵਿਚ ਪਏ ਰਹੇ, ਜਿਸ ਦਾ ਪੂਰਾ-ਪੂਰਾ ਲਾਭ ਇਸਲਾਮੀ ਹਮਲਾਵਰਾਂ ਨੇ ਚੁੱਕਿਆ ਅਤੇ ਭਾਰਤ ਵਿਚ ਰਾਜ ਸਥਾਪਿਤ ਕਰਨ ਵਿਚ ਸਫਲਤਾ ਹਾਸਿਲ ਕੀਤੀ। ਇਸ ਲਈ ਕਹਿਣਾ ਗਲਤੀ ਨਹੀਂ ਹੋਵੇਗਾ ਕਿ ਤੱਤਕਾਲੀਨ ਰਾਜ ਪ੍ਰਬੰਧ ਲਈ ਨਿਰੋਲ ਮੁਸਲਿਮ ਹੀ ਨਹੀਂ, ਬਲਕਿ ਕੁਝ ਹੱਦ ਤੱਕ ਹਿੰਦੂ ਵੀ ਭਾਈਵਾਲ ਸਨ, ਜਿਨ੍ਹਾਂ ਵਿਚ ਹੇਠਲੇ ਦਰਜੇ ਦੇ ਅਧਿਕਾਰੀ ਜਿਵੇਂ ਚੌਧਰੀ, ਰਾਇ, ਮੁਕੱਦਮ ਆਦਿ ਸ਼ਾਮਿਲ ਸਨ, ਇਸਲਾਮੀ ਰਾਜ ਸਥਾਪਿਤ ਹੋਣ ਦੇ ਨਾਲ ਹਿੰਦੂ ਅਧਿਕਾਰੀ ਹਾਕਮ ਸ੍ਰੇਣੀ ਦੀ ਪੈਰਵੀ ਕਰਨ ਵਿਚ ਜੁੱਟ ਗਏ ਸਨ। ਇਸ ਸੰਬੰਧ ਵਿਚ ਪ੍ਰੋ: ਵੀ. ਰਾਘਵਨ ਦਾ ਵਿਚਾਰ ਹੈ "ਹੁਕਮਰਾਨਾਂ ਦੀ ਵਫਾਦਾਰੀ ਅਤੇ ਉਨ੍ਹਾਂ ਦੀਆਂ ਕਰਨ ਦਾ ਰੁਝਾਣ ਪੁਰਾਣੇ ਕਿਸਮ ਦੀ ਸੰਸਕ੍ਰਿਤਵਾਦੀ ਵਿਦਵਾਨਾਂ ਦੇ ਲਹੂ ਵਿਚ ਸਮਾਇਆ ਹੋਇਆ ਸੀ।[140] ਇਸ ਦੇ ਸਿੱਟੇ ਵਜੋਂ ਹਿੰਦੂ ਧਰਮ ਦੀ ਵਿਚਾਰਧਾਰਾ ਮਿੱਟੀ ਵਿਚ ਰਲ ਗਈ ਸੀ ਅਤੇ ਇਸਲਾਮ ਧਰਮ ਵੱਲੋਂ ਸ਼ਰੀਅਤ ਅਤੇ ਕੱਟੜਤਾ ਨਾਲ ਧਰਮ ਫਲਾਉਣ ਦੇ ਯਤਨਾਂ ਕਾਰਨ ਆਮ ਜਨਤਾ ਉੱਤੇ ਜੁਲਮ ਦਿਨੋ-ਦਿਨ ਵਧਦੇ ਚਲੇ ਗਏ।

ਭਗਤ ਰਵੀਦਾਸ ਦੇ ਸਮੇਂ ਭਾਰਤ ਉੱਤੇ ਮੁਸਲਮਾਨ ਰਾਜ ਦੀ ਸਥਾਪਨਾ ਹੋ ਚੁੱਕੀ ਸੀ। ਦਿੱਲੀ ਦੇ ਤਖ਼ਤ ਉੱਤੇ ਲੋਧੀ ਵੰਸ਼ ਦਾ ਰਾਜ ਸੀ। ਅਸੀਂ ਇੱਥੇ ਰਵਿਦਾਸ ਭਗਤ ਜੀ ਦੀਆਂ ਪੂਰਵਕਾਲੀ ਪਰਿਸਥਿਤੀਆਂ ਦਾ ਸੰਖੇਪ ਜਿਹਾ ਵਰਨਣ ਕਰਦੇ ਹੋਏ ਤਤਕਾਲੀਨ ਸਮੇਂ ਦੀ ਵਿਆਖਿਆ ਵਿਸਥਾਰ ਪੂਰਵਕ ਕਰਾਂਗੇ। ਮਹਾਰਾਜਾ ਹਰਸ਼ ਵਰਧਨ ਦੀ ਮੌਤ 647ਈ: ਉਪਰੰਤ ਸਾਰੇ ਉੱਤਰੀ ਭਾਰਤ ਵਿਚ ਰਾਜ ਸੀ ਤੇ ਯੋਗ ਮਨੁੱਖ ਸੀ ਪ੍ਰੰਤੂ ਉਸੇ ਸਾਸ਼ਨ ਕਾਲ ਵਿਚ ਵੀ ਦੋਆਬ ਦੇ ਕਾਲ ਪੀੜਤ ਹਿੰਦੂਆਂ ਉਤੇ ਕਰ ਲਾਏ ਗਏ, ਜਿਸ ਕਾਰਨ ਉਨ੍ਹਾਂ ਦਾ ਜੀਵਨ ਦੁਖਾਂਤ ਵਿਚ ਬਦਲ ਗਿਆ। ਮੁਹੰਮਦ ਤੁਗਲਕ ਦੀਆਂ ਕੀਤੀਆ, ਰਾਜਧਾਨੀ ਤਬਦੀਲ ਕਰਨਾ, ਤਾਂਬੇ ਦੇ ਸਿੱਕੇ ਚਲਾਉਣਾ ਆਦਿ ਜਨਤਾ ਦੁਖੀ ਸੀ।

ਮਹੁੰਮਦਬਿਨ ਤੁਗਲਕ (ਡਾ. ਮਲਿਕ ਮੋਹੰਮਦ ਨੇ ਜਿਸ ਦਾ ਸਮਾਂ 1325ਈ: ਤੋਂ 1351 ਈਸਵੀ ਸ੍ਵੀਕਾਰਿਆ ਹੈ) ਰਾਜ ਦੂਸਰੇ ਮੁਸਲਾਮਾਨ ਸ਼ਾਸਕਾਂ ਦੇ ਮੁਕਾਬਲੇ ’ਤੇ ਸ੍ਰੇਸ਼ਠ ਮੰਨਿਆ ਜਾਂਦਾ ਹੈ। ਉਸ ਦੇ ਰਾਜ-ਕਾਲ ਵਿਚ ਧਰਮ-ਨਿਰਪੇਖਤਾ ਦੀ ਨੀਤੀ ਅਪਣਾਈ ਗਈ। ਈਸ਼ਵਰੀ ਪ੍ਰਸਾਦ ਦੇ ਸ਼ਬਦਾਂ ਵਿਚ ਉਹ ਮੱਧਯੁਗ ਦੇ ਬਾਦਸ਼ਾਹਾਂ ਵਿਚੋਂ ਸਭ ਤੋਂ ਯੋਗ ਮਨੁੱਖ ਸੀ। ਇਸ ਉਦਾਰ ਸਮਰਾਟ ਨੇ ਵੀ ਦੋਆਬ ਦੇ ਅਕਾਲ-ਪੀੜਤ ਹਿੰਦੂਆਂ ’ਤੇ ਬਹੁਤ ਜ਼ਿਆਦਾ ਕਰ ਲਾਏ, ਜਿਸ ਨਾਲ ਉਨ੍ਹਾਂ ਦਾ ਜਿਉਣਾ ਦੁੱਭਰ ਹੋ ਗਿਆ। ਉਸ ਵਲੋਂ ਤਾਂਬੇ ਦੇ ਸਿੱਕਿਆਂ ਦੇ ਪ੍ਰਚਾਲਨ, ਆਪਣੀ ਰਾਜਧਾਨੀ ਤਬਦੀਲ ਕਰ ਲੈਣ ਕਾਰਨ ਅਤੇ ਫਾਰਸ ਜਿੱਤਣ ਦੀ ਲਾਲਸਾ ਕਰਕੇ ਪਰਜਾ ਦਾ ਲੱਕ ਟੁੱਟ ਗਿਆ। ਫਲਸਰੂਪ, ਦੁੱਖ ਗ਼ਰੀਬੀ ਅਤੇ ਨਿਰਾਸਤਾ ਚਾਰੇ ਪਾਸੇ ਫੈਲ ਗਈ।

ਫ਼ਿਰੋਜ ਤੁਗਲਕ, ਮੁਹੰਮਦ ਤੁਗਲਕ ਤੋਂ ਪਿਛੋਂ ਰਾਜ-ਗੱਦੀ ਤੇ ਬੈਠਾ ਜਿਸ ਨੇ ਆਪਣੇ ਰਾਜ (1351 ਈ: ਤੋਂ 1388 ਈਸਵੀ) ਦੌਰਾਨ ਹਿੰਦੂਆਂ ’ਤੇ ਅਣਗਣਿਤ ਜ਼ੁਲਮ ਕੀਤੇ। ਫ਼ਿਰੋਜ਼ ਤੁਗਲਕ ਬਹੁਤ ਕੱਟੜ

ਅਤੇ ਤੰਗ ਦਿਲ ਸਮਰਾਟ ਸੀ। "ਵਹ ਸ਼ਾਸਨ-ਤੰਤਰ ਮੇਂ ਕੁਰ-ਆਨ ਕੇ ਨਿਯਮੋ ਕਾ ਅਕਸ਼ਰਮ: ਪਾਲਨ ਕਰਕਤਾ ਥਾ। ਮੁੱਲਾ-ਮੌਲਵੀ ਉਸੇ ਹਮੇਸ਼ਾ ਘੇਰੇ ਰਹਤੇ ਥੇ ਤਥਾ ਗ਼ੈਰ-ਸੁੰਨੀ ਮੁਸਲਮਾਨੋਂ ਅਵੰ ਹਿੰਦੂਯੋਂ ਪਰ ਅਤਯਾਚਾਰ ਕਰਨੇ ਕੇ ਲਿਯੇ ਉਸੇ ਉਕਸਾਯਾ ਕਰਤੇ ਥੇ"। ਆਪਣੇ-ਆਪ ਨੂੰ ਸਾਦਿਕ ਮੁਸਲਮਾਨ ਸਿੱਧ ਕਰਨ ਲਈ ਉਸ ਨੇ ਰਾਜ-ਪ੍ਰਬੰਧ ਉਲਮਾਵਾਂ ਨੂੰ ਸੰਭਾਲ ਦਿੱਤਾ। ਆਪ ਹਰ, ਛੋਟੇ ਤੋਂ ਛੋਟਾ ਕੰਮ ਉਨ੍ਹਾਂ ਦੀ ਸਲਾਹ ਅਨੁਸਾਰ ਕਰਦਾ ਸੀ। ਲਤੀਫ਼ ਨੇ ਫ਼ਿਰੋਜ਼ ਬਾਰੇ ਕੁਝ ਵਿਲੱਖਣ ਵਿਚਾਰ ਪ੍ਰਗਟਾਏ ਹਨ ਕਿ ਆਪਣੀ ਪਰਜਾ ਦਾ ਹਾਲ ਜਾਣਨ ਲਈ ਉਹ ਅਕਸਰ ਰਾਜ ਦੇ ਚੱਕਰ ਲਾਉਂਦਾ ਤੇ ਲੋਕ-ਭਲਾਈ ਲਈ ਤੁਰੰਤ ਹੁਕਮ ਦਿੰਦਾ ਸੀ। ਈਸ਼ਵਰੀ ਪ੍ਰਸਾਦ ਅਨੁਸਾਰ, ਸਿਵਲ ਰਾਜ-ਪ੍ਰਬੰਧ ਦੇ ਖੇਤਰ ਵਿਚ ਉਹ ਸ਼ਲਾਘਾ ਦਾ ਪਾਤਰ ਹੈ। ਭਾਵੇਂ ਇਨ੍ਹਾਂ ਵਿਚੋਂ ਕੁਝ ਕਾਰਨਾਂ ਕਰਕੇ ਰਾਜ ਦੀ ਏਕਤਾ 'ਤੇ ਮਾਰੂ ਅਸਰ ਵੀ ਪਿਆ। ਈਸ਼ਵਰੀ ਪ੍ਰਸਾਦ ਨੇ ਫ਼ਿਰੋਜ਼ ਦੀ ਸਰਕਾਰ ਨੂੰ ਧਰਮ ਤੰਤਰ ਦਾ ਨਾਂ ਦਿੰਦਾ ਹੈ। ਫ਼ੀਰੋਜ ਦਾ ਕਾਨੂੰਨ ਅਤੇ ਨਿਆਂ ਦਾ ਸੰਕਲਪ ਇਕ ਕੱਟੜ ਮੁਸਲਮਾਨ ਵਾਲਾ ਸੀ ਅਤੇ ਹਿੰਦੁਸਤਾਨ ਦਾ ਕਾਨੂੰਨੀ ਪ੍ਰਬੰਧ, ਮੱਧਕਾਲੀਨ ਯੋਰਪ ਦੇ ਪ੍ਰਬੰਧ ਵਾਂਗ , ਬਹੁਤ ਸਖ਼ਤ ਅਤੇ ਅਣਮਨੁੱਖੀ ਸੀ।

ਹਿੰਦੂ ਜਨਤਾ ਦੀ ਬਦਕਿਸਤਮਤੀ ਨੂੰ 1398 ਈਸਵੀ ਵਿਚ ਤੈਮੂਰ ਲਿੰਗ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਉਸ ਦੇ ਭਿਆਨਕ ਹਮਲੇ ਨਾਲ ਕੇਂਦਰੀ ਰਾਜ ਅਸਤ ਵਿਅਸਤ ਹੋ ਗਿਆ। ਤੈਮੂਰ ਲਿੰਗ ਦਾ ਹਮਲਾ ਕਰਨ ਦਾ ਮੁੱਖ ਉਦੇਸ਼ ਕਥਿਤ ਕਾਫ਼ਿਰ ਹਿੰਦੂਆਂ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਮਤ ਵਿਚ ਪਰਿਵਰਤਿਤ ਕਰਨਾ ਸੀ। ਉਸ ਨੇ ਹਿੰਦੂਆਂ ਦੇ ਮੰਦਰਾਂ ਨੂੰ ਗਿਰਵਾ ਕੇ ਤੇ ਉਨ੍ਹਾਂ ਦੀਆਂ ਦੇਵ-ਮੂਰਤੀਆਂ ਨੂੰ ਤੁੜਵਾ ਕੇ ਉਨ੍ਹਾਂ ਦੇ ਧਰਮ ਨੂੰ ਖ਼ਤਮ ਕਰਨ ਦਾ ਹਰ ਸੰਭਵ ਯਤਨ ਕੀਤਾ। "ਤੈਮੂਰ ਦੇ ਜ਼ੁਲਮ ਦੀ ਹੱਦ ਇਸ ਗੱਲੋਂ ਸਿੱਧ ਹੋ ਜਾਂਦੀ ਹੈ ਕਿ ਭਾਰਤ ਤੋਂ ਪਰਤਦੇ ਸਮੇਂ ਇਸ ਦੇ ਇਕ ਇਕ ਸਿਪਾਹੀ ਸੈਂਕੜੇ ਇਸਤਰੀਆਂ, ਪੁਰਖਾਂ ਅਤੇ ਬੱਚਿਆਂ ਨੂੰ ਗੁਲਾਮਾਂ ਦੇ ਰੂਪ ਵਿਚ ਨਾਲ ਲੈ ਗਿਆ"। ਤੈਮੂਰ ਭਾਵੇਂ ਲੁੱਟ-ਖਸੁੱਟ ਕਰਕੇ ਵਾਪਸ ਚਲਾ ਗਿਆ, ਪ੍ਰੰਤੂ ਉਸ ਦੇ ਹਮਲੇ ਨੇ ਤੁਗਲਕ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਫਲਸਰੂਪ, ਇਕ ਪਾਸੇ ਬੰਗਾਲ ਤੇ ਗੁਜਰਾਤ ਆਦਿ ਮੁਸਲਮਾਨੀ ਰਿਆਸਤਾਂ ਸ਼ਕਤੀਸ਼ਾਲੀ ਬਣਨ ਲੱਗੀਆਂ ਅਤੇ ਦੂਜੇ ਪਾਸੇ ਹਿੰਦੂ ਰਿਆਸਤਾਂ ਸਿਰ ਚੁੱਕਣ ਲੱਗ ਪਈਆਂ। ਇੰਞ, ਕੇਂਦਰੀ ਸੱਤਾ ਖੰਡਿਤ ਹੋਣ ਲਗ ਪਈ। ਇਸ ਸਥਿਤੀ ਦਾ ਫਾਇਦਾ ਉਠਾਉਂਦਿਆਂ ਲਾਹੌਰ ਦੇ ਰਾਜੇ, ਬਹਿਲੋਲ ਲੋਧੀ, ਨੇ ਦਿੱਲੀ ਸ਼ਾਸਨ ਨੂੰ ਬੜੀ ਅਸਾਨੀ ਨਾਲ ਆਪਣੇ ਅਧੀਨ ਕਰਕੇ 1451ਈਸਵੀ ਵਿਚ ਲੋਧੀ ਵੰਸ਼ ਦੀ ਨੀਂਹ ਰੱਖੀ। ਬਹਿਲੋਲ ਲੋਧੀ ਦੇ ਗੱਦੀ ਤੇ ਬੈਠਣ ਨਾਲ ਇਕ ਨਵੇਂ ਸ਼ਾਹੀ ਘਰਾਣੇ ਦਾ ਰਾਜ ਆਰੰਭ ਹੋਇਆ ਜਿਹੜਾ 1526ਈਸਵੀ ਤਕ ਕਾਇਮ ਰਿਹਾ।

ਬਹਿਲੋਲ ਲੋਧੀ ਨੇ ਆਪਣੇ ਕੁਸ਼ਲ ਰਾਜ-ਪ੍ਰਬੰਧ ਕਾਰਨ, ਰਾਜ ਦਾ ਕਾਫ਼ੀ ਵਿਸਤਾਰ ਕੀਤਾ। ਉਸ ਨੂੰ ਵੀ ਬਾਹਰਲੇ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕਰਨਾ ਪਿਆ। ਸਿਕੰਦਰ ਲੋਧੀ ਨੇ ਧੌਲਪੁਰ, ਅਵੰਤਗੜ, ਮਾਲਵਾ ਆਦਿ ਰਿਆਸਤਾਂ ਤੇ ਕਬਜ਼ਾ ਕੀਤਾ ਅਤੇ ਲੋਧੀ ਸਾਮਰਾਜ ਦਾ ਵਿਸਤਾਰ ਕਰਕੇ ਉਸ ਨੂੰ ਮਜ਼ਬੂਤ

ਬਣਾਇਆ। ਉਹ ਪਰਜਾ ਦਾ ਬਹੁਤ ਧਿਆਨ ਰੱਖਦਾ ਸੀ। ਗ਼ਰੀਬ ਅਤੇ ਬੇਸਹਾਰਾ ਵਿਅਕਤੀਆਂ ਨੂੰ ਲੋੜੀਂਦੀ ਸਮੱਗਰੀ ਵੰਡਣ ਲਈ ਉਹ ਖ਼ਾਸ ਆਦੇਸ਼ ਦਿੰਦਾ ਸੀ। ਧਾਰਮਿਕ ਮਸਲਿਆਂ ਵਿਚ ਉਹ ਵੀ ਬਹੁਤ ਕੱਟੜ ਸੀ। ਉਲਮਾਵਾਂ ਦਾ ਰਾਜਨੀਤੀ ਵਿਚ ਸਿੱਧਾ ਦਖ਼ਲ ਸੀ। ਉਨ੍ਹਾਂ ਦੇ ਕਹਿਣ ’ਤੇ ਉਸ ਨੇ ਹਿੰਦੂਆਂ ’ਤੇ ਜਬਰਨ ਇਸਲਾਮ ਥੋਪਿਆ। ਮੰਦਰ ਗਿਰਵਾ ਕੇ ਮਸਜਿਦਾਂ ਬਣਵਾਉਣੀਆਂ ਅਤੇ ਇਸਲਾਮ ਦੇ ਪ੍ਰਸਾਰ ਹਿਤ ਹਰ ਰੋਜ਼ ਸੈਂਕੜੇ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਉਸ ਦਾ ਨਿੱਤ ਦਾ ਸ਼ੁਗਲ ਸੀ।

ਇਬਰਾਹੀਮ ਲੋਧੀ, ਸਿਕੰਦਰ ਲੋਧੀ ਤੋਂ ਪਿੱਛੋਂ ਸਿੰਘਾਸਨ ’ਤੇ ਤਾਂ ਬੈਠਾ, ਪ੍ਰੰਤੂ ਉਸ ਦੇ ਹੰਕਾਰੀ ਸੁਭਾ ਅਤੇ ਬੁਰੇ ਵਰਤਾਉ ਕਾਰਨ ਸਭ ਅਮੀਰ, ਵਜ਼ੀਰ ਅਤੇ ਦਰਬਾਰੀ ਉਸ ਦੇ ਵਿਰੁੱਧ ਹੋ ਗਏ। ਥੋੜੇ ਸਮੇਂ ਵਿਚ ਉਸ ਦੀ ਰਾਜ-ਸ਼ਕਤੀ ਖੇਰੂੰ-ਖੇਰੂ ਹੋਣ ਲੱਗੀ। ਦੂਸਰੇ ਪਾਸੇ, ਰਾਜਪੂਤ ਰਾਣਾ ਸਾਂਗਾ ਦੀ ਅਗਵਾਈ ਵਿਚ ਇਕੱਠੇ ਹੋਣ ਲੱਗ ਪਏ। ਇਬਰਾਹੀਮ ਲੋਧੀ ਦੇ ਜ਼ਾਲਮਾਨਾ ਰਵੱਈਏ ਕਾਰਨ ਪੰਜਾਬ ਦੇ ਸੂਬੇਦਾਰ, ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਉਕਸਾਇਆ। ਇਬਰਾਹੀਮ ਲੋਧੀ ਨੇ ਪਾਣੀਪਤ ਦੇ ਮੈਦਾਨ ਵਿਚ ਉਸ ਦਾ ਟਾਕਰਾ ਤਾਂ ਕੀਤਾ, ਪ੍ਰੰਤੂ ਹਾਰ ਖਾਧੀ। ਜਿਤ ਪ੍ਰਾਪਤ ਕਰਦਿਆਂ ਹੀ ਬਾਬਰ ਨੇ ਦੋਸੀ ਰਾਜਿਆ ਪ੍ਰਤਿ ਅੱਖਾਂ ਬਦਲ ਲਈਆਂ ਅਤੇ ਉਨ੍ਹਾਂ ਵਿਰੁੱਧ ਯੁੱਧ ਕੀਤੇ। ਇੰਞ, ਉਸ ਨੇ ਹਿੰਦੂ ਸ਼ਕਤੀ ਨੂੰ ਨਸ਼ਟ ਕਰਕੇ ਹਿੰਦੁਸਤਾਨ ਵਿਚ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ, ਜਿਹੜੀ ਬੜੀ ਮਜਬੂਤੀ ਨਾਲ, ਸਦੀਆਂ ਤਕ, ਭਾਰਤ ਵਿਚ ਕਾਇਮ ਰਹੀ। “ਯਹ ਵਿਚਾਰਣੀਯ ਹੈ ਕਿ ਤੁਗਲਕ-ਵੰਸ਼ ਸੇ ਲੇਕਰ ਲੋਧੀ-ਵੰਸ਼ ਕੇ ਸ਼ਾਸਨ ਕੀ ਸੀਮਾ ਦੋ ਸੌ ਵਰਸੋਂ ਕੀ ਹੈ ਔਰ ਇਨ ਦੋ ਸੌ ਵਰਸੋਂ ਕਾ ਸਮਯ, ਸ਼ੋਲਹ ਸ਼ਾਸਕੋਂ ਨੇ ਸ਼ਾਨਤਿ ਇਵੰ ਸੁਵਯ-ਵਸਥਾ ਸਥਾਪਿਤ ਕਰਨੇ ਕੇ ਸਥਾਨ ਪਰ ਧਰਮਾਧਤਾ-ਪ੍ਰਚਾਰ ਏਵੰ ਆਕ੍ਰਮਣੋਂ – ਜੋ ਅਨਾਵਸ਼ਕ ਰਾਜਯ-ਵਿਸਤਾਰ ਕੀ ਭੋਗ-ਬਿਲਾਸ-ਲਿਪਸਾ ਸੇ ਕਿਯੇ ਜਾਤੇ ਥੇ -ਮੇਂ ਨਸ਼ਟ ਕਿਯਾ। ਜਨਤਾ ਮੇਂ ਘੋਰ ਅਸੰਤੋਸ਼ ਏਵੰ ਹੀਨ-ਭਾਵਨਾ ਕੀ ਜੋ ਗ੍ਰੰਥਿ ਪੜ ਗਈ ਥੀ, ਵਹ ਦੋ ਸੌ ਵਰਸੋਂ ਕੇ ਪਸ਼ਚਾਤ ਭੀ ਸੁਲਝ ਨਾ ਸਕੀ”। ਡਾ. ਮਲਿਕ ਮੋਹੰਮਦ ਦੇ ਉਪਰੋਕਤ ਵਿਚਾਰ ਕਾਫੀ ਸਾਰਥਕ ਹਨ, ਕਿਉਂਕਿ ਇਸ ਆਪੋ ਧਾਪੀ ਦੇ ਸਮੇਂ ਜਨ-ਸਧਾਰਨ ਸੁੱਖ, ਸ਼ਾਂਤੀ ਅਤੇ ਸਦਭਾਵ ਲਈ ਵਿਆਕੁਲ ਹੋ ਉੱਠੇ। ਸਮਕਾਲੀ ਮਹਾਤਮਾਵਾਂ ਨੇ, ਜਨ-ਮਾਨਸ ਦੀ ਮੁਸ਼ਕਿਲ ਨੂੰ ਭਾਂਪਦਿਆਂ, ਉਨ੍ਹਾਂ ਦੇ ਰਿਸਦੇ ਜਖਮਾਂ ’ਤੇ ਮਲ੍ਹਮ ਲਗਾਉਣ ਦਾ ਯਤਨ ਕੀਤਾ। ਸ੍ਵਾਮੀ ਰਾਮਾਨੰਦ ਦੇ ਵੈਸ਼ਨਵ ਭਗਤੀ ਅੰਦੋਲਨ ਨੇ ਵੀ ਤਤਕਾਲੀਨ ਸਮਾਜ ਦੇ ਜੀਵਾਂ ਨੂੰ ਆਪਣੇ ਵਲ ਅਕਰਸ਼ਿਤ ਕੀਤਾ।

ਭਗਤ ਕਬੀਰ ਅਤੇ ਭਗਤ ਰਵਿਦਾਸ ਦਾ ਜੀਵਨ-ਕਾਲ ਫ਼ੀਰੋਜ਼ ਤੁਗਲਕ 1351ਈ: ਤੋਂ 1388 ਈਸਵੀ) ਇਬਰਾਹੀਮ ਲੋਧੀ (1517 ਈ: ਤੋਂ 1526 ਈਸਵੀ) ਦੇ ਸਮੇਂ ਤਕ ਅਨੁਮਾਨਿਆ ਜਾਂਦਾ ਹੈ। ਜਨਮ ਸਾਖੀ ਅਤੇ ਭਗਤਮਾਲਾ ਪਰੰਪਰਾ ਵਿਚ, ਇਨ੍ਹਾਂ ਭਗਤਾਂ ਦੇ, ਸਿਕੰਦਰ ਲੋਧੀ ਨਾਲ ਮੇਲ ਦੀ ਪੁਸ਼ਟੀ ਹੁੰਦੀ ਹੈ। ਭਗਤ ਕਬੀਰ ਦੀਆਂ ਨਿਮਨ ਲਿਖਤ ਸਤਰਾਂ ਦਾ ਸੰਬੰਧ ਸਿਕੰਦਰ ਲੋਧੀ ਨਾਲ ਜੋੜਿਆ ਜਾਂਦਾ ਹੈ, ਕਿਉਂਕਿ ਪ੍ਰਚਲਿਤ ਵਿਸ਼ਵਾਸ ਹੈ ਕਿ ਸਿਕੰਦਰ ਲੋਧੀ ਵਲੋਂ ਭਗਤ ਕਬੀਰ ਨੂੰ ਮਰਵਾਉਣ ਲਈ ਕੀਤੇ ਗਏ ਕਈ ਯਤਨਾਂ

ਦੇ ਬਾਵਜੂਦ ਜਦੋਂ ਹਰ ਵਾਰ ਪਰਮਾਤਮਾ ਨੇ ਉਨ੍ਹਾਂ ਦੀ ਆਪ ਰੱਖਿਆ ਕੀਤੀ ਤਾਂ ਉਨ੍ਹਾਂ ਨੇ ਵਕਤ ਦੇ ਉਸ ਜਾਲਮ ਰਾਜੇ ਨੂੰ, ਉਸ ਦੀ ਅਗਿਆਨਤਾ ਦੀ ਸੋਝੀ ਕਰਵਾਉਣ ਹਿਤ ਇਹ ਸਤਰਾਂ ਉਚਾਰੀਆਂ:

"ਗੰਗ ਗੁਸਾਇਨਿ ਗਹਿਰ ਗੰਭੀਰ।
ਜੰਜੀਰ ਬਾਂਧਿ ਕਰ ਖਰੇ ਕਬੀਰ।
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ।
ਚਰਨ ਕਮਲ ਚਿਤੁ ਰਹਿਓ ਸਮਾਇ। ਰਹਾਉ।
ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ।
ਮ੍ਰਿਗਛਾਲਾ ਪਰ ਬੈਠੇ ਕਬੀਰ।
ਕਹਿ ਕੰਬੀਰ ਕੋਊ ਸੰਗ ਨ ਸਾਥ।" [141]

"ਜਲ ਥਲ ਰਾਖਨ ਹੈ ਰਘੁਨਾਥ।
ਕੋਊ ਹਰਿ ਸਮਾਨਿ ਨਹੀ ਰਾਜਾ।
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ।"[142]

ਭਗਤ ਰਵਿਦਾਸ ਜੀ ਦੀ ਬਾਣੀ ਦੇ ਅਧਿਐਨ ਉਪਰੰਤ ਅਜਿਹੇ ਕਈ ਸੰਕੇਤ ਮਿਲਦੇ ਹਨ, ਜਿਨ੍ਹਾਂ ਤੋਂ ਪਰੋਖ ਜਾਂ ਅਪਰੋਖ ਰੂਪ ਵਿਚ ਸਮਕਾਲੀ ਰਾਜਨੀਤਿਕ ਪਰਿਸਥਿਤੀਆਂ ਦੀ ਜਾਣਕਾਰੀ ਹੁੰਦੀ ਹੈ। ਭਗਤ ਰਵਿਦਾਸ ਨੇ ਤਤਕਾਲੀਨ ਰਾਜਨੀਤੀ ਸੰਬੰਧੀ ਭਾਵੇਂ ਸਪਸ਼ਟ ਤੌਰ 'ਤੇ ਕੁਝ ਨਹੀਂ ਲਿਖਿਆ, ਪ੍ਰੰਤੂ ਉਨ੍ਹਾਂ ਦੇ 'ਬੇਗਮਪੁਰੇ' ਵਾਲੇ ਸ਼ਬਦ ਤੋਂ ਇਸ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਸਮਕਾਲੀ ਰਾਜਿਆਂ ਦੇ ਥੋੜ੍ਹ-ਚਿਰੇ ਰਾਜ ਬਾਰੇ , ਉਨ੍ਹਾਂ ਦੇ ਜੀਵਨ ਅਤੇ ਰਾਜ ਦੀ ਅਨਿਸ਼ਚਿਤਤਾ ਬਾਰੇ, ਸ਼ਾਸਕਾਂ ਦੇ ਪਰਜਾ ਪ੍ਰਤਿ ਵਿਤਕਰੇ ਸੰਬੰਧੀ, ਊਚ, ਨੀਚ, ਅਮੀਰ ਤੇ ਗਰੀਬ ਦੇ ਫਰਕ ਬਾਰੇ, ਦੋਮ ਸੋਮ ਦੀ ਭਿੰਨਤਾ ਸੰਬੰਧੀ ਤੇ ਰਾਜਾਂ ਦੇ ਭੋਗ ਬਿਲਾਸ ਅਤੇ ਐਸ਼ੋ-ਇਸ਼ਰਤ ਦੇ ਜੀਵਨ ਬਾਰੇ ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਕਈ ਹਵਾਲੇ ਦ੍ਰਿਸ਼ਟੀਗੋਚਰ ਹਨ। ਉਸ ਸਮੇਂ ਦੇ ਰਾਜਿਆਂ ਦਾ ਪ੍ਰਮੁੱਖ ਕਰਤੱਵ ਪਰਜਾ ਤੇ ਲੱਕ ਤੋੜਵੇਂ ਕਰ ਲਾਉਣਾ, ਕਈ ਪ੍ਰਕਾਰ ਦੇ ਡਰ ਅਤੇ ਤਸੀਹੇ ਦੇ ਕੇ ਉਨ੍ਹਾਂ ਨੂੰ ਆਪਣੇ ਧਰਮ ਤੋਂ ਪਤਿਤ ਕਰਨਾ, ਉਨ੍ਹਾਂ ਦੇ ਜੀਵਨ ਨੂੰ ਕਈ ਢੰਗਾਂ ਨਾਲ ਦੁੱਭਰ ਕਰਨ ਅਤੇ ਉਨ੍ਹਾਂ ਨੂੰ ਜਿੱਲਤ ਭਰੀ ਜ਼ਿੰਦਗੀ ਗੁਜਾਰਨ 'ਤੇ ਮਜਬੂਰ ਕਰਨਾ ਹੀ ਸੀ। ਭਗਤ ਰਵਿਦਾਸ ਜੀ ਨੇ ਇਸ ਜਗਤ ਦੇ ਅਸਥਾਈ, ਛਣਭੰਗਰ ਅਤੇ ਅਯਥਾਰਥਿਕ ਰਾਜ ਦੀ ਬਜਾਇ ਉਸ ਸਥਾਈ, ਸਦੀਵੀ, ਯਥਾਰਥਿਕ ਅਤੇ ਸਦਾ ਸਥਿਰ ਰਾਜ ਦਾ ਸੰਕਲਪ ਦਿੱਤਾ, ਜਿੱਥੇ ਹਰ ਜੀਵ ਸਮਾਨਤਾ ਦਾ ਅਧਿਕਾਰੀ ਹੈ, ਜਿਸ ਨੂੰ ਜੀਵਨ ਵਿਚ ਕਿਸੇ ਪ੍ਰਕਾਰ ਦਾ ਡਰ, ਸਹਿਮ, ਖੌਫ, ਖੜਾ ਅਤੇ ਗਿਰਾਵਟ ਨਹੀਂ ਅਤੇ ਜਿਹੜਾ ਕਿਸੇ ਦੇ ਤਰਸ ਦਾ ਪਾਤਰ ਨਹੀਂ। ਰੱਬੀ ਮਹਲ ਦੇ ਹਰ ਪ੍ਰਕਾਰ ਦੇ ਭੇਦ ਤੋਂ ਵਾਕਿਫ ਉਹ ਉਸ ਦੇ ਅੰਦਰ ਤਕ ਰਸਾਈ ਕਰ ਸਕਦਾ ਹੈ। ਉਸ ਤੇ ਕੋਈ ਰੋਕ ਟੋਕ ਜਾਂ ਪਾਬੰਦੀ ਨਹੀਂ। ਅਜਿਹੀ ਪਾਤਸ਼ਾਹੀ ਅਟੱਲ ਹੈ।

ਸਪਸ਼ਟ ਹੈ ਕਿ ਅਜਿਹੇ ਹਵਾਲੇ ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਸਮਕਾਲੀ ਰਾਜਿਆਂ ਦੇ ਵਿਵਹਾਰ ਅਤੇ ਪਰਜਾ ਦੀ ਦਇਆਮਈ ਅਵਸਥਾ ਨੂੰ ਧਿਆਨਗੋਚਰ ਰੱਖਦਿਆਂ ਦਿੱਤੇ। ਸੰਭਵ ਹੈ ਕਿ ਵਿਚਾਰ ਅਧੀਨ ਬਾਣੀ ਵਿਚ ਉੱਚੇ ਮੰਦਰਾਂ, ਸੁੰਦਰ ਨਾਰੀਆਂ ਅਤੇ ਉੱਚੇ-ਉੱਚੇ ਰਸੋਈਖਾਨਿਆਂ ਦੀ ਨਾਸ਼ਵਾਨਤਾ ਦਾ ਜਿਕਰ ਇਸੇ ਪ੍ਰਸੰਗ ਵਿਚ ਹੋਇਆ ਹੋਵੇ, ਕਿਉਂਕਿ ਸਮਕਾਲੀ ਬਾਦਸ਼ਾਹ ਔਰਤਾਂ ਦੇ ਰਸੀਏ ਅਤੇ ਆਪਣੇ ਮਹਿਲਾਂ ਵਿਚ ਬਹੁਤ ਅਰਾਮਦੇਹ ਜੀਵਨ ਮਾਣਦੇ ਸਨ। ਭਗਤ ਰਵਿਦਾਸ ਜੀ ਦਾ ਫਰਮਾਨ ਹੈ:

"ਊਚੇ ਮੰਦਰ ਸੁੰਦਰ ਨਾਰੀ।
ਰਾਮ ਨਾਮ ਬਿਨੁ ਬਾਜੀ ਹਾਰੀ।
ਊਚੇ ਮੰਦਰ ਸਾਲ ਰਸੋਈ।"[143]

"ਏਕ ਘਰੀ ਫੁਨਿ ਰਹਨੁ ਨਾ ਹੋਈ।
ਮੇਟੀ ਜਾਤਿ ਹੂਏ ਦਰਬਾਰਿ।
ਤੂਹੀ ਮੁਕੰਦ ਜੋਗ ਜੁਗ ਤਾਰਿ।"[144]

ਇਸੇ ਪ੍ਰਕਾਰ ,ਇਸ ਬਾਣੀ ਵਿਚ ਜਾਤ ਮਿਟ ਜਾਣ ਉਪਰੰਤ ਪਰਮਾਤਮਾ ਦੇ ਦਰਬਾਰੀ ਬਣਨ ਦਾ ਸੰਕੇਤ ਉਪਲਬਧ ਹੈ। ਇਸ ਸਮੇਂ ਜਾਤ-ਪਾਤ ਦਾ ਬੋਲ-ਬਾਲਾ ਹੋਣ ਕਰਕੇ ਭਾਵੇਂ ਕਿਸੇ ਨੀਚ ਜਾਂ ਸ਼ੂਦਰ ਦੀ ਰਾਜ-ਦਰਬਾਰ ਤਕ ਪਹੁੰਚ ਸੰਭਵ ਨਹੀਂ ਸੀ, ਪ੍ਰੰਤੂ ਭਗਤ ਰਵਿਦਾਸ ਜੀ ਆਪਣੇ ਭਗਤੀ ਬਲ ਨਾਲ 'ਸੱਚੇ ਦਰਬਾਰ' ਵਿਚ ਪਹੁੰਚ ਜਾਂਦੇ ਹਨ। ਇੰਝ, ਇਹ ਨਹੀਂ ਕਿਹਾ ਜਾ ਸਕਦਾ ਕਿ ਭਗਤ ਰਵਿਦਾਸ ਜੀ ਨੂੰ ਗੁਰੂ ਨਾਨਕ ਜੀ ਵਾਂਗ ਦੇਸ਼ ਦੀ ਰਾਜਨੀਤਿਕ ਅਵਸਥਾ ਦੀ ਸਹੀ ਜਾਣਕਾਰੀ ਨਹੀਂ ਸੀ, ਕਿਉਂਕਿ ਉਹ ਉਨ੍ਹਾਂ ਵਾਂਗ ਬਹੁਤ ਘੁੰਮਣ ਫਿਰਨ ਵਾਲੇ ਵਿਅਕਤੀ ਨਹੀਂ ਸਨ।" ਇਸ ਦੀ ਥਾਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਮਕਾਲੀ ਰਾਜਨੀਤੀ ਤੋਂ ਬਿਲਕੁਲ ਸੁਚੇਤ ਸਨ। ਡਾ ਨਰੇਸ਼ ਦਾ ਕਥਨ ਹੈ ਕਿ "ਭਗਤ ਰਵਿਦਾਸ ਜੀ ਦਾ ਯੁੱਗ ਸਾਮੰਤੀ ਯੁੱਗ ਸੀ ਅਤੇ ਸਮਾਜ ਤੇ ਜਾਗੀਰਦਾਰੀ ਦਾ ਗਲਬਾ ਸੀ। ਰਾਜਾ ਇਸ ਵਿਧਾਨ ਦਾ ਸਰਵ-ਉੱਤਮ ਅੰਗ ਸੀ ਅਤੇ ਉਸ ਨੂੰ ਦੇੱਵਾ-ਨਾਮ ਪ੍ਰਿਯ 'ਅਤੇ ਕਿ ਜ਼ਿਲ੍ਹੇ ਇਲਾਹੀ ਕਿਹਾ ਜਾਂਦਾ ਸੀ। ਸਮਾਜ ਦੇ ਉੱਚੇ ਵਰਗਾਂ ਵਲੋਂ ਲਤਾੜੀਆਂ ਜਾਤੀਆਂ ਲਈ ਤਾਂ ਰਾਜਾ ਦਾ ਮਹੱਤਵ ਹੋਰ ਵੀ ਵਧੇਰੇ ਸੀ। ਇਹੋ ਕਾਰਨ ਹੈ ਕਿ ਭਗਤ ਰਵਿਦਾਸ ਜੀ ਨੇ, ਆਪਣੇ ਪ੍ਰਭੂ ਦੀ ਕਲਪਨਾ ਇਕ ਰਾਜ ਦੇ ਰੂਪ ਵਿਚ ਕੀਤੀ ਹੈ।"

"ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।"[145]
"ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ।।"[146]
"ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।"[147]

ਉਨ੍ਹਾਂ ਦਾ ਇਹ ਰਾਜਾ-ਪ੍ਰਭੂ ਆਪਣੀ ਸਦੀਵੀ ਰਾਜਧਾਨੀ 'ਬੇਗਮਪੁਰਾ 'ਵਿਚ ਨਿਵਾਸ ਕਰਦਾ ਹੈ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ:

"ਨ ਬੀਚਾਰਿਓ ਰਾਜਾ ਰਾਮ ਕੋ ਰਸੁ।

ਕਾਇਮੁ ਦਾਇਮੁ ਸਦਾ ਪਾਤਿਸਾਹੀ।

ਦੋਮੁ ਨ ਸੇਮ ਏਕ ਸੋ ਆਹੀ।"[148]

ਭਗਤ ਰਵਿਦਾਸ ਜੀ ਆਪਣੇ-ਆਪ ਨੂੰ ਉਸ ਦਾ 'ਜਨ 'ਮੰਨ ਕੇ ਉਸ ਦਾ ਦਰਬਾਰੀ ਬਣਨਾ ਲੋਚਦੇ ਸਨ। ਜਨਮਸਾਖੀ ਪਰੰਪਰਾ ਵਿਚ ਭਗਤ ਰਵਿਦਾਸ ਜੀ ਅਤੇ ਸਿਕੰਦਰ ਲੋਧੀ ਦੇ ਮੇਲ ਦਾ ਹਵਾਲਾ ਮਿਲਦਾ ਹੈ। ਉਨ੍ਹਾਂ ਦੀ ਬਾਣੀ ਵਿਚੋਂ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ, ਜਿਸ ਦੇ ਆਧਾਰ 'ਤੇ ਇਸ ਦੀ ਪੁਸ਼ਟੀ ਕੀਤੀ ਜਾ ਸਕੇ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਰਾਜਨੀਤੀ ਪ੍ਰਤਿ ਕੋਈ ਲਗਾਉ ਨਾ ਹੋਣ ਦੇ ਬਾਵਜੂਦ ਭਗਤ ਰਵਿਦਾਸ ਤਤਕਾਲੀਨ ਰਾਜਨੀਤਿਕ ਅਵਸਥਾ ਤੋਂ ਚੰਗੀ ਤਰ੍ਹਾਂ ਜਾਣੂ ਸਨ, ਜਿਸ ਦੀ ਗਵਾਹੀ, ਉਨ੍ਹਾਂ ਵਲੋਂ ਆਪਣੇ ਰਹੱਸਮਈ ਵਿਚਾਰਾਂ ਦੀ ਅਭਿਵਿਅਕਤੀ ਸਮੇਂ ,ਦਿੱਤੇ ਪਰੋਖ ਤੋਂ ਪ੍ਰਤੱਖ ਸੰਕੇਤਾਂ ਤੋਂ ਮਿਲਦੀ ਹੈ।

ਤੁਗਲਕ ਵੰਸ਼ ਦੇ ਬਗਾਵਤ ਕਾਲ ਡਾਂਵਾ-ਡੋਲ ਰਾਜ ਨੂੰ ਤੈਮੂਰ ਲੰਗ 1388ਈ: ਨੇ ਦਿੱਲੀ ਉੱਤੇ ਵੱਡਾ ਹਮਲਾ ਕਰਕੇ ਕਰਾਰੀ ਸੱਟ ਮਾਰੀ। ਉਸ ਨੂੰ ਆਪਣੇ ਜ਼ੁਲਮ ਕਾਲ ਭਾਰਤੀ ਲੋਕਾਂ ਨੂੰ ਡਰਾ ਕੇ ਉਨ੍ਹਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਸਿਰਾਂ ਉਪਰ ਮੀਨਾਰ ਖੜੇ ਕਰ ਦੱਤੇ। ਲਗਭਗ ਇਕ ਲੱਖ ਕੈਦੀਆਂ ਨੂੰ ਕਤਲ ਕਰਵਾ ਦਿੱਤਾ।[149]

ਤੈਮੂਰ ਨੂੰ ਭਾਰਤ ਤੋਂ ਲੁੱਟਮਾਰ ਕਰਕੇ ਵਾਪਸ ਪਰਤਨ ਦੇ ਹਾਲਾਤਾਂ ਦਾ ਧਿਆਨ ਕਰਦਾ 'ਈਸ਼ਵਰੀ ਪ੍ਰਸਾਦਿ 'ਲਿਖਦਾ ਹੈ ਕਿ ਤੈਮੂਰ ਦੇ ਭਾਰਤ ਤੋਂ ਵਾਪਸ ਪਰਤਨ ਸਮੇਂ ਉਸ ਦੇ ਹਰ ਇਕ ਸਿਪਾਹੀ ਕੋਲ 100 ਇਸਤਰੀ ,ਪੁਰਸ਼ ,ਬੱਚੇ ਗੁਲਾਮ ਬਣਾ ਕੇ ਆਪਣੇ ਨਾਲ ਲੈ ਗਏ।[150]

ਇਸੇ ਹੀ ਸਥਿਤੀ ਨੂੰ ਡਾ .ਫੌਜਾ ਸਿੰਘ ਲਿਖਦਾ ਹੈ ਕਿ "ਤੈਮੂਰ ਨੂੰ ਸ਼ਾਹੀ ਮਹਿਲਾ ਦੀ ਦੌਲਤ ਤੋਂ ਇਲਾਵਾ 120 ਹਾਥੀ 10 ਗੈਂਡੇ ਅਤੇ ਹੋਰ ਬਹੁਤ ਸਾਰੇ ਸ਼ਿਕਾਰੀ ਜਾਨਵਰ ਪ੍ਰਾਪਤ ਹੋਏ।[151]

ਭਾਰਤੀ ਜਨਤਾ ਲਈ ਇਸ ਭਿਆਨਕ ਕਤਲੇਗਾਰਤ ਤੋਂ ਬਾਅਦ ਲੋਧੀਵੰਦ ਦੇ ਰਾਜੇ ਬਹਿਲੋਲ ਲੋਧੀ 1451 ਈ: ਤੋਂ 1489 ਈ: ਨੇ ਬਹੁਤ ਹੀ ਚੁਸਤੀ ਨਾਲ ਹਮੀਦ ਖਾਂ ਨੂੰ ਬੰਦੀ ਬਣਾ ਕੇ ਦਿੱਲੀ ਦਾ ਰਾਜ ਤਖ਼ਤ ਆਪ ਸੰਭਾਲ ਲਿਆ। ਉਸ ਤੋਂ ਬਾਅਦ ਸਿਕੰਦਰ ਲੋਧੀ 1517 ਈ:-1489 ਈ: ਕੱਟੜ ਸੁੰਨੀ ਮੁਸਲਮਾਨ ਸੀ। ਉਹ ਹਿੰਦੂ ਮਾਂ ਦੇ ਪੇਟ ਵਿਚੋਂ ਪੈਦਾ ਹੋ ਕੇ ਵੀ ਹਿੰਦੂਆਂ ਦਾ ਸਖਤ ਵਿਰੋਧੀ ਰਿਹਾ। ਉਸ ਨੇ ਹਿੰਦੂਆਂ ਨੂੰ ਜ਼ਬਰੀ ਮੁਸਲਮਾਨ ਬਣਾਇਆ। ਹਿੰਦੂ ਮੰਦਰ ਢਾਹ ਕੇ ਉਸ ਥਾਂ ਮਸੀਤਾਂ ਬਣਵਾਈਆਂ। ਡਾ .ਫੌਜਾ ਸਿੰਘ ਸਿਕੰਦਰ ਲੋਧੀ ਦੀ ਧਾਰਮਿਕ ਨੀਤੀ ਬਾਰੇ ਲਿਖਦੇ ਹਨ, "ਸਥਾਨਿਕ ਪਰੰਪਰਾਵਾਂ ਸਿਕੰਦਰ ਲੋਧੀ ਦੇ ਕਾਂਗੜੇ ਦੇ ਕੁਝ ਪਵਿੱਤਰ ਸਥਾਨਾਂ 'ਤੇ ਜਾਣ ਅਤੇ ਕੁਝ ਬੁੱਤ ਤੋੜਨ ਦੀਆਂ ਕਾਰਵਾਈਆਂ ਦਾ ਸੰਕੇਤ ਕਰਦੀਆਂ ਹਨ। ਉਸ ਦੀ ਧਾਰਮਿਕ ਨੀਤੀ ਨੇ ਜ਼ਰੂਰ ਹੀ ਥਾਂ ਪਰ ਥਾਂ ਸਮੱਸਿਆਵਾਂ ਪੈਦਾ ਕੀਤੀਆਂ ਹੋਣਗੀ, ਹੋ ਸਕਦਾ ਹੈ ਕਿ ਜ਼ਜੀਆ ਪਹਿਲਾ ਨਾਲੋਂ ਵਧੇਰੇ ਸਖ਼ਤੀ ਨਾਲ ਉਗਰਾਹਿਆ ਜਾਣ ਲਗ ਪਿਆ ਹੋਵੇ।[152]

ਸਿਕੰਦਰ ਲੋਧੀ ਦੀ ਇਸਲਾਮ ਧਰਮ ਦੇ ਪ੍ਰਚਾਰ ਲਈ ਭਾਰਤ ਭਰ ਵਿਚ ਕੀਤੀ ਸਖ਼ਤੀ ਨੂੰ ਭਗਤ ਰਵਿਦਾਸ ਜੀ ਦੀ ਛੰਦ ਬੱਧ ਜੀਵਨੀ ਲਿਖਣ ਵਾਲੇ ਕਵੀ ਵਰਿਆਮ ਸਿੰਘ ਚੰਦੜ ਨੇ ਵੀ ਬਿਆਨ ਕੀਤਾ ਹੈ ਕਿ ਸਿਕੰਦਰ ਨੇ ਇਸਲਾਮ ਦਾ ਪ੍ਰਚਾਰ ਜਬਰੀ ਤੌਰ 'ਤੇ ਕੀਤਾ। ਇਸ ਤਰ੍ਹਾਂ ਭਾਰਤ ਵਿਚ ਇਸਲਾਮ ਦੇ ਪ੍ਰਚਾਰ ਲਈ ਸਿਕੰਦਰ ਕੁਟਿਲ ਨੀਤੀ ਬਾਰੇ ਇਤਿਹਾਸਕਾਰਾਂ ਅਤੇ ਖੋਜੀ ਵਿਦਵਾਨਾਂ ਦੇ ਵਿਚਾਰ ਇਕ ਸਮਾਨ ਹਨ।

ਸਿਕੰਦਰ ਲੋਧੀ ਤੋਂ ਰਾਜ ਭਾਗ ਦੀ ਵਾਗਡੋਰ ਇਬਰਾਹਿਮ ਲੋਧੀ ਨੇ 1517 ਈ: ਨੇ ਸੰਭਾਲੀ, ਜਿਸ ਦੇ ਹੰਕਾਰੀ ਸੁਭਾਅ ਸਦਕਾ ਜਲਦੀ ਰਾਜ ਵਿਚ ਗੜਬੜ ਫੈਲ ਗਈ ਅਤੇ ਅਪ੍ਰੈਲ 1526ਈ: ਨੂੰ ਬਾਬਰ ਨੇ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਧੀ ਨੂੰ ਛਾਪਾ ਮਾਰ ਲੜਾਈ ਵਿਚ ਬੁਰੀ ਤਰ੍ਹਾਂ ਹਰਾ ਕੇ ਦਿੱਲੀ ਦੇ ਤਖ਼ਤ ਤੇ ਕਬਜਾ ਕਰ ਲਿਆ।[153]

ਉਸ ਸਮੇਂ ਬਾਬਰ ਨੇ ਭਾਰਤੀ ਜਨਤਾ ਦਾ ਬੇਦਰਦੀ ਨਾਲ ਕਤਲੇਆਮ ਕੀਤਾ ਅਤੇ ਲੁੱਟਮਾਰ ਨੀਤੀ ਉਸ ਨੂੰ ਗੁਰੂ ਨਾਨਕ ਦੇਵ ਜੀ ਨੇ ਭਾਵਪੂਰਤ ਢੰਗ ਨਾਲ ਬਿਆਨ ਕੀਤਾ ਹੈ:

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।"[154]

ਇਸ ਤਰ੍ਹਾਂ ਭਗਤ ਰਵਿਦਾਸ ਨੇ ਪੁਰਬਕਾਲੀ ਅਤੇ ਤਤਕਾਲੀਨ ਹਾਲਾਤ ਦਾ ਸਪਸ਼ਟ ਅਧਿਐਨ ਕਰਦੇ ਹਨ ਕਿ ਭਾਰਤੀ ਲੋਕ ਹਮੇਸ਼ਾ ਹੀ ਜ਼ਰਵਾਣਿਆਂ ਦੀ ਤਲਵਾਰ ਦੇ ਸਾਏ ਹੇਠ ਖੌਫਨਾਕ, ਅਸ਼ਾਂਤ ਆਪ ਜੀ ਦੀ ਬਾਣੀ ਵਿਚੋਂ ਰਾਜ ਸੰਬੰਧੀ ਸ਼ਬਦਾਵਲੀ ਮਿਲਦੀ ਹੈ। ਆਪ ਅਤਿ ਨਿਰਮਲ ਸਖ਼ਸ਼ੀਅਤ ਦੇ ਇਨਸਾਨ ਸਨ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਪ੍ਰਤੱਖ ਰੂਪ ਨਾਲ ਕੋਈ ਰਾਜਨੀਤਿਕ ਘਟਨਾ ਨਹੀਂ ਆ ਸਕੀ। ਆਪ ਜੀ ਨੇ ਅਧਿਆਤਮਕ ਸੁਰ ਵਿਚ ਸਾਜੀਵਨ ਨਿਮਾਣੇ ਨਿਤਾਣੇ ਸਮਾਜ ਲਈ ਸਮਾਨਤਾ ਅਤੇ ਸਤੰਤਰਤਾ ਦੀ ਪ੍ਰਾਪਤੀ ਲਈ ਨਿਡਰਤਾ ਨਾਲ ਸੰਘਰਸ਼ ਕੀਤਾ, ਜਿਸ ਨੂੰ ਜਨ ਸਧਾਰਨ ਦਾ ਭਰਪੂਰ ਹੁੰਗਾਰਾ ਮਿਲਿਆ।

ਭਗਤਾਂ ਦੀ ਬਾਣੀ ਵਿਚ ਭਗਤ ਕਵੀਆਂ ਨੇ ਆਪਣੇ ਜੀਵਨ ਕਾਲ ਵਿਚ ਰਾਜਿਆਂ ਦੀ ਕਾਰਗੁਜ਼ਾਰੀ ਨੂੰ ਵੇਖਿਆ ਅਤੇ ਉਨ੍ਹਾਂ ਦੇ ਗੁਣ-ਔਗੁਣ ਨੂੰ ਨਿਰਖਿਆ ਅਤੇ ਪਰਖਿਆ। ਭਗਤਾਂ ਨੇ ਰਾਜਾ ਕਿਹੋ ਜਿਹਾ ਹੋਣਾ ਚਾਹੀਦਾ ਹੈ? ਰਾਜੇ ਦਾ ਸੰਕਲਪ, ਉਸ ਦਾ ਆਚਰਣ, ਕੰਮ ਕਾਜ, ਜਨਤਾ ਪ੍ਰਤੀ ਉਸ ਦਾ ਵਤੀਰਾ, ਇਸ ਸਭ ਕੁਝ ਦਾ ਵਰਨਣ ਆਪਣੀ ਬਾਣੀ ਵਿਚ ਕੀਤਾ। ਭਗਤਾਂ ਨੇ ਪਰਮਾਤਮਾ ਨੂੰ ਅਸਲ ਰਾਜਾ ਮੰਨਿਆ ਹੈ ਅਤੇ ਰਾਮ-ਰਾਜ ਦੀ ਸਥਾਪਨਾ ਉੱਤੇ ਬਲ ਦਿੱਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਹਰਿ ਰਾਜ ਤਥਾ ਰਾਮ ਰਾਜਾ ਦੇ ਸਰੂਪ ਨੂੰ ਸ਼ਪਸ਼ਟ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਹੈ:

"ਹਰਿ ਕੀ ਗਤਿ ਨਹਿ ਕੋਊ ਜਾਨੈ

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ।। ਰਹਾਉ।।

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।

ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ

ਆਪਨੀ ਮਾਇਆ ਆਪਿ ਪਸਾਰੀ ਆਪਿਹ ਦੇਖਨਹਾਰਾ।।

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ।।"[155]

ਆਪ ਜੀ ਨੇ ਉਪਦੇਸ਼ ਦਿੱਤਾ ਕਿ ਪਰਮਾਤਮਾ ਦੀ ਅਵਸਥਾ ਨੂੰ ਕੋਈ ਵੀ ਨਹੀਂ ਜਾਣ ਸਕਦਾ। ਜੋਗੀ, ਜਤੀ, ਤਪੀ ਅਤੇ ਸੂਝਵਾਨ ਲੋਕ ਟੁੱਟ ਹਾਰ ਤਾਂ ਗਏ ਹਨ, ਪਰ ਪਰਮਾਤਮਾ ਦੀ ਰਾਜਨੀਤੀ ਨੂੰ ਨਹੀਂ ਜਾਨ ਸਕੇ। ਪਰਮਾਤਮਾ ਰਾਜੇ ਨੂੰ ਭਿਖਾਰੀ ਅਤੇ ਭਿਖਾਰੀ ਨੂੰ ਰਾਜਾ ਬਣਾਉਣ ਦੀ ਸ਼ਕਤੀ ਰੱਖਦਾ ਹੈ। ਉਹ ਪਲ ਭਰ ਵਿਚ ਸਖਣਿਆ ਨੂੰ ਭਰ ਦਿੰਦਾ ਹੈ ਅਤੇ ਭਰਿਆ ਹੋਇਆ ਨੂੰ ਸੱਖਣੇ ਕਰ ਦਿੰਦਾ ਹੈ।

ਭਗਤ ਰਵਿਦਾਸ ਜੀ ਅਤੇ ਹੋਰ ਵੀ ਭਗਤਾਂ ਨੇ ਆਪਣੇ ਸਮਕਾਲੀ ਮੁਤੱਸਬੀ ਅਤੇ ਜਾਬਰ ਬਾਦਸ਼ਾਹ ਦੀਆਂ ਅਣਮਨੁੱਖੀ ਨੀਤੀਆ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਨੂੰ ਆਪਣੀ ਹੀ ਪਰਜਾ ਉੱਤੇ ਲੱਕ ਤੋੜਵੇ ਕਰ ਟੈਕਸ ਲਗਾਉਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਦੇ ਰਾਜੇ ਕੁਝ ਲੋਕਾਂ ਤੇ ਇੰਨਾ ਜ਼ਿਆਦਾ ਜਬਰ ਇਸ ਕਰਕੇ ਢਾਹੁੰਦੇ ਸਨ ਕਿ ਉਹ ਰਾਜਿਆਂ ਦੇ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਕਈ ਰਾਜਿਆਂ ਨੇ ਧਾਰਮਿਕ ਸੰਤਾਂ ਤੇ ਭਗਤਾਂ ਨੂੰ ਸਖ਼ਤ ਸਜਾਵਾਂ ਵੀ ਦਿੱਤੀਆ। ਕੁਝ ਲੋਕਾਂ ਨੂੰ ਨਿਮਨ ਦਰਜੇ ਦੇ ਲੋਕਾਂ ਵਾਂਗ ਜਿਉਣ ਲਈ ਮਜ਼ਬੂਰ ਕੀਤਾ। ਇਸੇ ਲਈ ਭਗਤ ਰਵੀਦਾਸ ਜੀ ਨੇ ਰਾਗ ਸੋਰਠਿ ਵਿਚ ਲਿਖਿਆ ਹੈ:

"ਨਰਪਤਿ ਏਕੁ ਸਿੰਘਸਨਿ ਸੋਇਆ ਸੁਪਨੇ ਭਇਆ ਭਿਖਾਰੀ

ਅਛਤ ਰਾਜ ਬਿਛੁਰਤ ਦੁਖ ਪਾਇਆ ਸੋ ਗਤਿ ਭਈ ਹਮਾਰੀ।।"[156]

ਆਪ ਜੀ ਨੇ ਦੱਸਿਆ ਕਿ ਰਾਜ ਸਿੰਘਾਸਨਿ ਸੁਪਨੇ ਦੀ ਤਰ੍ਹਾਂ ਹੈ। ਜਿਵੇਂ ਮਨੁੱਖ ਸੁਪਨੇ ਵਿਚ ਮੰਗਤਾ ਬਣ ਜਾਂਦਾ ਹੈ ਅਤੇ ਸੁਪਨੇ ਵਿਚ ਹੀ ਰਾਜ ਤੋਂ ਵਿਛੜ ਕੇ ਦੁੱਖ ਪਾਉਂਦਾ ਹੈ। ਪਤਾ ਨਹੀਂ ਕਦੋ ਬਾਦਸ਼ਾਹ ਭਿਖਾਰੀ ਬਣ ਜਾਵੇ ਤਾਂ ਕਦੋਂ ਭਿਖਾਰੀ ਬਾਦਸ਼ਾਹ ਬਣ ਜਾਏ। ਭਾਵ ਇਹ ਕਿ ਹਮੇਸ਼ਾ ਦੁਨਿਆਵੀਂ ਸੁੱਖਾਂ ਅਤੇ ਦੁੱਖਾਂ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਕਰਦਿਆਂ ਹਮੇਸ਼ਾ ਕਾਇਮ ਰਹਿਣ ਵਾਲੇ ਰਾਜੇ ਨਾਲ ਸਾਂਝ ਕਰਨ ਦਾ ਉਪਦੇਸ਼ ਦਿੱਤਾ।

ਭਗਤ ਰਵਿਦਾਸ ਜੀ ਨੇ ਤੈਮੂਰ ਲੰਗ ਦੇ ਹਮਲੇ ਨੂੰ ਵੇਖਿਆਂ। ਉਨ੍ਹਾਂ ਨੇ ਨਿਰਦਈ ਸਾਸ਼ਕ ਸਿਕੰਦਰ ਲੋਧੀ ਦੇ ਅੱਤਿਆਚਾਰਾਂ ਨੂੰ ਨਾ ਕੇਵਲ ਸੁਣਿਆ, ਵੇਖਿਆ, ਬਲਕਿ ਖੁਦ ਆਪਣੇ ਸਮਕਾਲੀ ਭਗਤ ਕਬੀਰ ਜੀ ਨੂੰ ਉਸ ਦੀਆਂ ਕਰਤੂਤਾਂ ਕੱਟੜਤਾ ਅਤੇ ਦਮਨਕਾਰੀ ਨੀਤੀ ਦਾ ਸ਼ਿਕਾਰ ਹੋਏ। ਅਜਿਹੀ ਰਾਜਨੀਤਿਕ ਸਥਿਤੀ ਵਿਚ ਭਗਤ ਰਵਿਦਾਸ ਜੀ ਨੇ ਧਾਰਮਿਕ ਨਿਰਪੱਖਤਾ ਦੇ ਸਿਧਾਂਤ ਅਧੀਨ ਨਾ ਕੇਵਲ ਹੁਕਮਰਾਨਾਂ, ਧਰਮ ਅਚਾਰੀਆਂ ਦੀ ਕੱਟੜਤਾ ਦੇ ਸੰਦਰਭ ਵਿਚ ਚਿੰਤਨ ਸਥਾਪਿਤ ਕੀਤਾ, ਬਲਕਿ ਨਿਮਨ ਜਾਤੀ ਵਿਚ

ਜਿਨ੍ਹਾਂ ਨੂੰ ਧਰਮ, ਕਰਮ, ਪ੍ਰਭੂ ਭਗਤੀ ਦੂਰ ਰੱਖਿਆ ਗਿਆ ਸੀ, ਸਵੈ ਮਾਣ, ਸਵੈ ਸ਼ਕਤੀ ਤੇ ਪ੍ਰਭੂ ਭਗਤੀ ਦਾ ਦੀਪਕ ਜਗਾਇਆ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਗਤ ਰਵਿਦਾਸ ਜੀ ਦੇ ਸਮੇਂ ਰਾਜੀਨੀਤਿਕ ਹਾਲਾਤ ਅਤਿ ਸੰਕੀਰਨ, ਧਾਰਮਿਕ ਅੰਧ ਵਿਸ਼ਵਾਸ ਦੇ ਅੰਤਰਗਤ ਅੱਤਿਆਚਾਰਾਂ, ਪਾਪਾਂ, ਜੁਲਮਾਂ, ਨਿਰਦੈਤਾ, ਹਿੰਸਾ ਅਤੇ ਕਰੂਰਤਾ ਨਾਲ ਭਰੇ ਪਏ ਸਨ। ਮਾਨਵਵਾਦੀ ਭਗਤ ਰਵਿਦਾਸ ਜੀ ਇਕ ਉਦਾਰਚਿਤ ਮਹਾ ਮਾਨਵ ਸਨ, ਜਿਨ੍ਹਾਂ ਹਿੰਦੂ ਅਤੇ ਮੁਸਲਮਾਨ ਜਨ-ਸਧਾਰਨ ਦੀਆਂ ਮਾਨਸਿਕ ਭਾਵਨਾਵਾਂ ਨੂੰ ਸਮਝਦਿਆਂ ਉਨ੍ਹਾਂ ਨੂੰ ਇਕ ਲੜੀ ਵਿਚ ਪ੍ਰੋਣ ਅਤੇ ਪੀੜਤ ਨਿਮਨ ਵਰਗ ਵਿਚ ਚੇਤਨਾ ਪੈਦਾ ਕਰ ਕੇ ਮਹਾਨ ਕਾਰਜ ਆਰੰਭਿਆ। ਰਾਜਨੀਤੀ ਪਰਿਪੇਖ ਅਨੁਸਾਰ ਸਾਰੇ ਭਗਤਾਂ ਵਿਚੋਂ ਕਿਸੇ ਨੇ ਵੀ ਆਪਣੇ ਕਿਸੇ ਸਮਕਾਲੀ ਰਾਜੇ ਦੀ ਮੱਦਦ ਜਾਂ ਉਸਤਿਤ ਨਹੀਂ ਕੀਤੀ। ਉਨ੍ਹਾਂ ਨੂੰ ਸਰਕਾਰੀ ਰਾਜ ਪ੍ਰਬੰਧ ਨਾਲ ਕੋਈ ਵੀ ਸਰੋਕਾਰ ਨਹੀਂ ਸੀ। ਉਹ ਤਾਂ ਈਸ਼ਵਰ ਦੇ ਭਗਤ ਸਨ ਅਤੇ ਉਸ ਦੀ ਭਗਤੀ ਦਾ ਦਾਨ ਮੰਗਦੇ ਸਨ। ਭਗਤ ਰਵਿਦਾਸ ਜੀ ਨੇ ਆਪਣੇ ਸਮਕਾਲੀਨ ਰਾਜਨੀਤਿਕ ਜੀਵਨ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ। ਉਨ੍ਹਾਂ ਨੇ ਰਾਜੇ ਨੂੰ ਚੰਗਾ ਅਤੇ ਹਿਤੈਸ਼ੀ ਰਾਜਾ ਬਣਨ ਦੀ ਪ੍ਰੇਰਨਾ ਦਿੱਤੀ ਹੈ, ਭਗਤਾਂ ਨੇ ਪਰਮਾਤਮਾ ਨੂੰ ਸਰਵ ਸ੍ਰੇਸ਼ਟ ਰਾਜਾ ਕਿਹਾ ਹੈ, ਜੋ ਸਾਰੇ ਜਗਤ ’ਤੇ ਰਾਜ ਕਰ ਰਿਹਾ ਹੈ। ਦੁਨਿਆਵੀਂ ਰਾਜੇ ਤਾਂ ਆਰਜੀ ਅਤੇ ਕੁਝ ਦਿਨਾਂ ਲਈ ਆਏ ਹੋਏ ਮਨੁੱਖ ਹੀ ਹਨ।

**ਨਿਸ਼ਕਰਸ਼**

ਮੱਧਕਾਲੀ ਭਾਰਤ ਦਾ ਇਤਿਹਾਸ, ਰਾਜਨੀਤਿਕ, ਸਮਾਜਕ, ਧਾਰਮਿਕ, ਆਰਥਿਕ ਅਤੇ ਸੰਸਕ੍ਰਿਤਕ ਤੌਰ ’ਤੇ ਪ੍ਰਾਧੀਨਤਾ ਦਾ ਇਤਿਹਾਸ ਹੈ। ਸਮਕਾਲੀ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਇਨ੍ਹਾਂ ਪਤਨਮੁੱਖੀ, ਪਰਸਥਿਤੀਆਂ ਦੇ ਹਵਾਲੇ ਬਹੁ ਗਿਣਤੀ ਵਿਚ ਮੌਜੂਦ ਹਨ। ਵਾਸਤਵ ਵਿਚ ਭਗਤ ਰਵਿਦਾਸ ਜੀ ਵੀ ਇਸੇ ਯੁੱਗ ਪਰਿਵੇਸ਼ ਨਾਲ ਸੰਬੰਧਤ ਹੋਣ ਕਾਰਨ ਬਾਣੀ ਰਾਹੀ ਪ੍ਰਚੱਲਿਤ ਸਮਾਜ ਦੀ ਤਤਕਾਲੀਨ ਹਲਾਤ ਅਤੇ ਸਮਕਾਲੀ ਸਮਾਜਕ ਪਰਸਥਿਤੀਆਂ ਰਾਹੀਂ ਸਮਾਜਕ ਦਾਰਸ਼ਨਿਕ ਸੰਦਰਭੀ ਗਿਆਨ ਦੇ ਪ੍ਰਸੰਗ ਦੁਆਰਾ ਹੀ ਸਿਰਜਦੇ ਹਨ। ਉਨ੍ਹਾਂ ਦੇ ਗਿਆਨ ਦਾ ਪ੍ਰਤੱਖ ਪ੍ਰਮਾਣ ਸਰਵ ਸ੍ਰੇਸ਼ਟ ਅਤੇ ਸਰਬ ਵਿਆਪਕਤਾ ਵਾਲਾ ਹੈ।

ਭਗਤ ਰਵਿਦਾਸ ਜੀ ਦਾ ਅਧਿਆਤਮਕ ਜੀਵਨ ਭਗਤੀ ਭਾਵਨਾ ਵਾਲਾ ਹੈ। ਉਹ ਆਪਣੇ ਨਿੱਜੀ ਅਨੁਭਵ ਰਾਹੀਂ ਭਾਰਤੀ ਪਰੰਪਰਾ ਦੀ ਭਗਤੀ ਭਾਵਨਾ ਨੂੰ ਨਵੀ ਦਿਸ਼ਾ ਪ੍ਰਦਾਨ ਕਰਦੇ ਹਨ। ਆਪ ਦਾਰਸ਼ਨਿਕ ਸਿਧਾਂਤਾਂ ਦੀ ਨਿਰੀ ਸਿਧਾਂਤਕਾਰੀ ਹੀ ਨਹੀਂ ਕਰਦੇ, ਬਲਕਿ ਅਨੁਭਵੀ ਗਿਆਨ ਦੇ ਸਮਾਜਕ ਅਤੇ ਧਾਰਮਿਕ ਸੰਦਰਭਾਂ ਰਾਹੀਂ, ਇਨ੍ਹਾਂ ਦੀ ਸਾਰਥਿਕਤਾ ਅਤੇ ਉਪਯੋਗਤਾ ਸਿੱਧ ਕਰਦੇ ਹਨ। ਭਗਤ ਜੀ ਅਗਿਆਨ ਮਾਨਵੀ ਸਥਿਤੀ ਦੇ ਸੰਕਟ ਦੀ ਨਵਿਰਤੀ ਅਧਿਆਤਮਕ ਗਿਆਨ ਰਾਹੀਂ ਦਰਸਾਉਂਦੇ ਹਨ, ਗਿਆਨ ਨੂੰ ਮਨੁੱਖੀ ਚੇਤਨਾ ਦਾ ਸੁਭਾਵਿਕ ਲੱਛਣ ਪ੍ਰਵਾਨ ਕਰਦੇ ਹਨ ਅਤੇ ਸੰਸਾਰ ਦੀ ਵਿਹਾਰਕ ਸਥਿਤੀ

ਵਿਚ ਅਵਿਦਿਆ ਕਰਕੇ ਗਿਆਨ ਦੀਪ ਦੇ ਮਲੀਨ ਹੋਣ ਦੀ ਸਥਿਤੀ ਦਰਸਾ ਕੇ, ਅੰਧਕਾਰ ਦੇ ਵਾਸਤਵਿਕ ਸਰੂਪ ਦੇ ਪ੍ਰਤੱਖ ਅਨੁਭਵ ਦੁਆਰਾ ਹੀ ਦਰਸਾਉਂਦੇ ਹਨ। ਨਾਮ ਸਿਮਰਨ ਅਤੇ ਪ੍ਰੇਮਾ ਭਗਤੀ ਦੇ ਕਰਮ-ਅਭਿਆਸ ਨੂੰ ਉਹ ਸਾਧਨ ਮਾਤਰ ਪ੍ਰਵਾਨ ਕਰਦੇ ਹਨ, ਪ੍ਰੰਤੂ ਗਿਆਨ ਦੀਪ ਦੇ ਪ੍ਰਚਲਿਤ ਹੋਣ ਨਾਲ ਇਹ ਸਾਧਨ ਸਹਿਜ ਰੂਪ ਧਾਰਨ ਕਰ ਲੈਂਦਾ ਹੈ।

ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਹਾਇ ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨ ਭਇਆ ਤਹ ਕਰਮਹ ਨਾਸੁ॥

ਭਗਤ ਰਵਿਦਾਸ ਜੀ ਦੀ ਜੀਵਨ ਝਾਕੀ ਵਿਚੋਂ ਇਕ ਧਰਮੀ ਚਰਿੱਤਰ ਦਾ ਬਿੰਬ ਉਭਰਦਾ ਹੈ, ਜੋ ਆਪਣੇ ਵਿਸ਼ਵਾਸ ਅਤੇ ਰੱਬੀ ਸੁਰਤਿ ਸਦਕਾ ਲੋਕ ਪਰਲੋਕ ਵਿਚ ਪਛਾਣਿਆ ਗਿਆ ਹੈ। ਇਸ ਮਹਾਮਾਨਵ ਦੀ ਵਡਿਆਈ ਇਹ ਹੈ ਕਿ ਇਨ੍ਹਾ ਨੇ ਆਪਣੀ ਵਿਚਾਰਧਾਰਾ ਰਾਹੀ ਇਕ ਨਵਾਂ ਅਧਿਆਤਮੀ ਸੰਸਾਰ ਉਸਾਰਿਆ ਹੈ। ਇਸ ਸੰਸਾਰ ਦਾ ਕੇਂਦਰੀ ਬਿੰਦੂ ਪ੍ਰਭੂ ਅਤੇ ਪ੍ਰਭੂ ਲੀਲ੍ਹਾ ਸੀ। ਆਪਣੇ ਰੱਬੀ ਚਿੰਤਨ ਰਾਹੀਂ ਜੋ ਪ੍ਰਭੂ ਦਾ ਰੂਪ ਉਸਾਰਿਆ ਹੈ, ਉਹ ਨਿਰਗੁਣ ਪਰਮਾਤਮਾ ਵਾਲਾ ਹੈ ਅਤੇ ਜਦੋਂ ਇਹੀ ਪ੍ਰਭੂ ਘਟ-ਘਟ ਵਿਚ ਰਸਿਆ ਦਿਸਦਾ ਹੈ ਤਾਂ ਉਸ ਦਾ ਸਰੂਪ ਨਿਰਗੁਣ ਹੋ ਜਾਂਦਾ ਹੈ। ਪ੍ਰਭੂ ਦੀ ਹੋਂਦ ਮਨੁੱਖ ਆਵਾਗਮਨ ਦਾ ਚੱਕਰ, ਮਨੁੱਖ ਦੇ ਜੀਵਨ ਉਦੇਸ਼ ਅਤੇ ਮੁਕਤੀ ਸੰਬੰਧੀ ਭਗਤ ਰਵਿਦਾਸ ਦਰਸ਼ਨ ਨੇ ਪੂਰਵਰਤੀ ਮੱਤ ਨਾ ਅਪਣਾ ਕੇ ਆਪਣੇ ਅਨੁਭਵ ਦੁਆਰਾ ਨਵੇਂ ਸਿਧਾਂਤ ਤੇ ਸੰਕਲਪ ਸਥਾਪਿਤ ਕੀਤੇ ਕਿ ਪ੍ਰਭੂ ਪ੍ਰਕਿਰਤੀ ਅਤੇ ਇਸ ਨੂੰ ਪ੍ਰਾਪਤ ਕਰਨ ਦੇ ਮਾਰਗ ਵਿਚੋਂ ਹੀ ਜੀਵਨ-ਦਰਸ਼ਨ ਦੀ ਪਰਿਭਾਸ਼ਾ ਲੱਭੀ ਜਾ ਸਕਦੀ ਹੈ।

ਭਗਤ ਰਵਿਦਾਸ ਜੀ ਨੇ ਕਿਸੇ ਗੂੜ੍ਹ ਰਹੱਸਵਾਦੀ ਚਿੰਤਨ ਦਾ ਪ੍ਰਚਾਰ ਨਹੀਂ ਕੀਤਾ, ਬਲਕਿ ਉਨ੍ਹਾਂ ਦਾ ਮੁੱਖ ਉਦੇਸ਼ ਤਾਂ ਇਕ ਐਸੇ ਧਰਮ ਅਤੇ ਸਮਾਜ ਦੀ ਸਥਾਪਨਾ ਕਰਨਾ ਸੀ, ਜੋ ਮਨੁੱਖ ਅਡੰਬਰਾਂ ਤੋਂ ਮੁਕਤ ਕਰਕੇ ਗਿਆਨ, ਭਗਤੀ ਅਤੇ ਕਰਮ ਦਾ ਸਹੀ ਮਾਰਗ ਦਿਖਾ ਕੇ ਇਕ ਕਿਆਤਮਕ ਜੀਵਨ ਜਿਉਣ ਮਾਰਗ ਅੰਕਤ ਕਰਨਾ ਸੀ। ਭਗਤ ਰਵਿਦਾਸ ਜੀ ਦਾ ਚਿੰਤਨ ਗਿਆਨ ਮੂਲਕ ਹੋ ਕੇ ਉਨ੍ਹਾਂ ਨੇ ਆਪਣੇ ਅਨੁਭਵ ਵਿਚੋਂ ਉਪਜਿਆ। ਉਨ੍ਹਾਂ ਨੂੰ ਜਿਸ ਤਰ੍ਹਾ ਦੀ ਅਨੁਭੂਤੀ ਹੋਈ, ਉਨ੍ਹਾ ਨੇ ਉਸ ਦਾ ਨਿਰੂਪਣ, ਵਰਨਣ ਅਤੇ ਵਿਵੇਚਨ ਆਪਣੀ ਬਾਣੀ ਵਿਚ ਕੀਤਾ। ਇਨ੍ਹਾਂ ਦਾ ਵਿਚਾਰਕ ਰੂਪ ਇਕ ਸੰਤ-ਭਗਤ ਦਾ ਰੂਪ ਹੈ। ਮੂਲ ਰੂਪ ਵਿਚ ਇਨ੍ਹਾਂ ਦਾ ਚਿੰਤਨ ਪਰਮਾਤਮਾ ਵਿਚ ਲੀਨ ਇਕ ਅਨੁਭਵੀ ਭਗਤ ਦੀ ਰਹੱਸ ਅਨੁਭੂਤੀ ਦਾ ਪ੍ਰਕਾਸ਼ਨ ਕਿਹਾ ਜਾ ਸਕਦਾ ਹੈ।

ਭਗਤ ਰਵਿਦਾਸ ਜੀ ਨੇ ਹਿੰਦੂ ਜਨ ਸਧਾਰਨ ਦੀਆਂ ਮਾਨਸਿਕ ਭਾਵਨਾਵਾਂ ਨੂੰ ਸਮਝਦਿਆਂ ਉਨ੍ਹਾਂ ਨੂੰ ਇਕ ਮਾਲਾ ਵਿਚ ਪ੍ਰੋਣ ਅਤੇ ਪੀੜਤ ਨਿਮਨ ਵਰਗ ਵਿਚ ਚੇਤਨਾ ਪੈਦਾ ਕਰਕੇ ਭਗਤੀ ਲਹਿਰ ਦੇ ਮੂਲ ਮਾਡਲ ਨੂੰ ਸਿਰਜਿਆ ਅਤੇ ਭਗਤ ਜੀ ਦੀ ਵਿਚਾਰਧਾਰਾ ਦਾ ਪ੍ਰਵਚਨ ਨਵਾਂ ਵੀ ਹੈ ਅਤੇ ਪ੍ਰਮਾਣਕ ਵੀ। ਉਪਰੋਕਤ ਵਿਚਾਰਧਾਰਾ ਆਪਣੇ ਸਰੋਕਾਰਾਂ ਸਦਕਾ ਬੜੀ ਮੁੱਲਵਾਨ ਹੈ।

## ਹਵਾਲੇ ਅਤੇ ਟਿੱਪਣੀਆਂ


1. Dr. T.P Hughes, Dictionary Islam, P 71.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 145
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਪੰਨਾ 1124
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1106
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 287
8. ਬਲਕਾਰ ਸਿੰਘ, ਗੁਰਮਤਿ ਵਿਵੇਚਨ, ਪੰਨਾ 22.
9. ਅਜਮੇਰ ਸਿੰਘ, ਭਗਤਾਂ ਦੀ ਬਾਣੀ ਵਿਚ ਭਾਰਤੀ ਸਿੱਖਿਆ ਦਰਸ਼ਨ ਦਾ ਪ੍ਰਗਟਾਉ, ਪੰਨਾ 129.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346
12. ਚਰਨਜੀਤ ਸਿੰਘ ਗੁਮਟਾਲਾ, ਭਗਤ ਰਵਿਦਾਸ, ਪੰਨਾ 48
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 871.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1196.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793.
23. RD. Ranade. The Bhagavad Gita as a Philosophy of God – Realization, P.167-68.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 730
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1106

27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875
29. ਹਰਜਿੰਦਰ ਸਿੰਘ ਰਾਹੀ, ਭਗਤ ਰਵਿਦਾਸ ਜੀ ਦੀ ਵਿਚਾਰਧਾਰਾ, ਪੰਨਾ 57
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 730
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1167
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 685
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858
36. ਡਾ. ਸਰੂਪ ਸਿੰਘ ਅਲਗ, ਗੁਰਬਾਣੀ ਸੰਕਲਪ, ਪੰਨਾ 24.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 92.
38. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875.
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 525.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.
42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
43. ਰਤਨ ਸਿੰਘ ਜੱਗੀ, ਰਵਿਦਾਸ ਬਾਣੀ ਦਾ ਦਾਰਸ਼ਨਿਕ ਪੱਖ਼, ਪੰਨਾ 81.
44. ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਦੀ ਸੰਤ ਪਰੰਪਰਾ, ਪੰਨਾ 3.
45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.
46. ਧਰਮਪਾਲ ਸਿੰਗਲ, ਸੰਤ ਸ੍ਰੋਮਣੀ ਰਵਿਦਾਸ, ਪੰਨਾ 45.
47. ਦਲੀਪ ਸਿੰਘ ਦੀਪ, ਜੀਵਨ ਅਤੇ ਵਿਚਾਰ : ਸਾਧਨ ਮੇ ਰਵਿਦਾਸ ਸੰਤ, ਪੰਨਾ 93.
48. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.
49. ਧਰਮ ਪਾਲ ਸਿੰਗਲ, ਸ੍ਰੀ ਗੁਰੂ ਰਵਿਦਾਸ ਜੀ, ਪੰਨਾ 19.
50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858.
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93.
53. ਕੁਲਵੰਤ ਕੌਰ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ, ਪੰਨਾ 96.

54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694.

55. ਕੁਲਵੰਤ ਕੌਰ, ਬਾਣੀ ਭਗਤ ਰਵਿਦਾਸ ਜੀ ਇੱਕ ਅਧਿਐਨ, ਪੰਨਾ 96.

56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 339.

57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486.

58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 758.

59. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.

60. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486.

61. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.

62. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 758.

64. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.

65. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 336.

66. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.

67. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 276.

68. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.

69. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

70. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 357.

71. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.

72. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793.

73. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694.

74. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.

75. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 449.

76. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.

77. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1009.

78. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

79. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 857.

80. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 649.

81. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 794.

82. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.
83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858.
84. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.
85. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.
86. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.
87. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.
88. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858.
89. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379.
90. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1375.
91. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1163.
92. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1351.
93. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1253.
94. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 656.
95. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 485.
96. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 340.
97. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 325.
98. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1164.
99. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 856.
100. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1251.
101. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364.
102. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1252.
103. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1380.
104. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 62.
105. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 378.
106. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 782.
107. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 597.
108. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 595.
109. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 566.

110. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

111. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.

112. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.

113. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245.

114. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 470.

115. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.

116. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 148.

117. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 868.

118. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 136.

119. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 932.

120. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 628.

121. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1299.

122. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1102.

123. ਭਾਈ ਗੁਰਦਾਸ ਦੀ ਵਾਰ 1, ਪਉੜੀ 23.

124. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1108.

125. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 764.

126. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 522.

127. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1145.

128. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 633.

129. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 733.

130. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.

131. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1207-08.

132. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 974.

133. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.

134. ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਪੰਨਾ 295-96.

135. ਡਾ. ਜਗਜੀਤ ਸਿੰਘ, ਆਪੇ ਗੁਰ ਚੇਲਾ, ਪੰਨਾ 01.

136. ਪ੍ਰੋ. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ 217.

137. ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ, ਪੰਨਾ 242.

138. ਡਾ. ਦੀਵਾਨ ਸਿੰਘ, ਗੁਰਮਤਿ ਸਿਧਾਂਤ, ਪੰਨਾ 69.

139. ਭਾਈ ਗੁਰਦਾਸ ਦੀ ਵਾਰ 1, ਪਉੜੀ 30.

140. ਨਿਰਮਲ ਸਿੰਘ, ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਸਮਾਜਿਕ ਚੇਤਨਾ, ਪੰਨਾ 21.

141. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1162.

142. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 856.

143. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.

144. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875.

145. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486.

146. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.

147. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.

148. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

149. ਪ੍ਰੀਤਮ ਸਿੰਘ ਮਨਚੰਦਾ, ਭਾਰਤ ਦਾ ਇਤਿਹਾਸ ਅਨੁਵਾਦਕ 1973 ਈ:, ਪੰਨਾ 246.

150. ਈਸ਼ਵਰ ਪ੍ਰਸ਼ਾਦਿ ਹਿਸਟਰੀ ਆਫ਼ ਮੈਡਿਵੀਅਲ ਇੰਡੀਆ, ਪੰਨਾ 377.

151. ਡਾ. ਫੌਜਾ ਸਿੰਘ, ਪੰਜਾਬ ਦਾ ਇਤਿਹਾਸ 1500-1536 ਈ:, ਜਿਲਦ ਤੀਜੀ 1968, ਪੰਨਾ 150.

152. ਡਾ. ਫੌਜਾ ਸਿੰਘ, ਪੰਜਾਬ ਦਾ ਇਤਿਹਾਸ 1000-1526 ਈ:, ਜਿਲਦ ਤੀਜੀ 1968, ਪੰਨਾ 177.

153. ਡਾ. ਫੌਜਾ ਸਿੰਘ, ਪੰਜਾਬ ਦਾ ਇਤਿਹਾਸ 1500-1536 ਈ:,ਜਿਲਦ ਤੀਜੀ 1968, ਪੰਨਾ 183.

154. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 36.

155. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 537.

156. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.

# ਭਗਤ ਕਬੀਰ ਜੀ ਦੀ ਬਾਣੀ: ਵਿਭਿੰਨ ਪਾਸਾਰ

## ਧਾਰਮਿਕ ਪਰਿਪੇਖ

ਮੱਧਕਾਲੀ ਵਿਚ ਭਾਰਤੀ ਧਰਮ ਵਿਵਸਥਾ ਅਤਿਅੰਤ ਨਾਜ਼ੁਕ ਦੌਰ ਵਿਚੋਂ ਗੁਜਰ ਰਹੀ ਸੀ। ਇਸ ਸਮੇਂ ਦਾ ਧਾਰਮਿਕ ਵਾਤਾਵਰਣ ਬੜਾ ਹੀ ਡਾਵਾਂਡੋਲ, ਪੱਖਪਾਤੀ, ਆਸ਼ਾਵਾਂ ਅਤੇ ਜ਼ਬਰ-ਜ਼ੁਲਮ ਕਰਨ ਵਾਲਾ ਦਿਖਾਈ ਦਿੰਦਾ ਹੈ। ਇਸਲਾਮ ਧਰਮ ਨੂੰ ਸਿਆਸੀ ਸ਼ਹਿ ਪ੍ਰਾਪਤ ਹੋਣ ਕਰਕੇ ਇਹ ਧਰਮ ਪੂਰੀ ਤੇਜ਼ੀ ਨਾਲ ਫੈਲ ਰਿਹਾ ਸੀ। ਇਸ ਸਮੇਂ ਬੁੱਧ ਅਤੇ ਜੈਨ ਧਰਮ ਵੀ ਪ੍ਰਚਲਿਤ ਸਨ। ਹਿੰਦੂ ਧਰਮ ਸ਼ਕਤੀਸ਼ਾਲੀ ਹੋਣ ਕਰਕੇ ਇਨ੍ਹਾਂ ਦੋਵਾਂ ਧਰਮਾਂ ਉੱਤੇ ਭਾਰੂ ਹੋ ਗਿਆ। ਹਿੰਦੂ ਧਰਮ ਵਿਚ ਸਮਾਜਕ ਬੁਰਾਈਆਂ ਉਤਪੰਨ ਹੋਣ ਲੱਗ ਪਈਆਂ। ਹਿੰਦੂ ਧਰਮ ਪ੍ਰੋਹਿਤ ਵਰਗ ਦੀ ਉਪਜੀਵਿਕਾ ਦਾ ਸਾਧਨ ਬਣ ਗਿਆ ਸੀ। ਧਾਰਮਿਕ ਜੀਵਨ ਵਿਚ ਸਚਿਆਰਤਾ, ਪਵਿੱਤਰਤਾ ਅਤੇ ਦਿਆਲਤਾ ਦੀ ਬਜਾਏ ਝੂਠ ਫਰੇਬ, ਅਤਿਆਚਾਰ ਅਤੇ ਬੇਇਨਸਾਫੀ ਦਾ ਬੋਲਬਾਲਾ ਸੀ। ਬ੍ਰਾਹਮਣ ਵਰਗ ਦੀ ਪ੍ਰਧਾਨਤਾ ਹੋਣ ਕਰਕੇ ਇਥੇ ਜਾਤ ਪ੍ਰਥਾ ਸਥਾਪਤ ਹੋ ਚੁੱਕੀ ਸੀ। ਹਰ ਧਰਮ ਕਰਮ ਵਿਚ ਪ੍ਰੋਹਿਤ ਸ਼੍ਰੇਣੀ ਦੀ ਪ੍ਰਧਾਨਤਾ ਸੀ। ਸਮਾਜ ਵਿਚ ਹਿੰਦੂ ਧਰਮ ਵਿਚ ਪ੍ਰੋਹਿਤ ਵਰਗ ਸਰਵਉੱਚ ਅਤੇ ਰੱਬ ਸਮਾਨ ਸਮਝਿਆ ਜਾਂਦਾ ਸੀ। ਹਿੰਦੂ ਧਰਮ ਬਹੁ-ਦੇਵਤਾਵਾਦ, ਮੂਰਤੀ ਪੂਜਾ ਕਰਨਾ, ਮੂਰਤੀਆਂ ਨੂੰ ਧੂਪ, ਦੀਪ ਤੇ ਫੁੱਲ ਅਰਪਨ ਕਰਨੇ, ਤੀਰਥ ਇਸ਼ਨਾਨ ਕਰਨੇ, ਵਰਤ ਰੱਖਣੇ ਹਿੰਦੂ ਧਰਮ ਦਾ ਜ਼ਰੂਰੀ ਅੰਗ ਬਣ ਗਏ ਸਨ। ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿਚ ਡਾ. ਈਸ਼ਵਰੀ ਪ੍ਰਸਾਦ ਦੇ ਵਿਚਾਰ ਕਾਫੀ ਸਾਰਥਕ ਲਗਦੇ ਹਨ "ਹਿੰਦੁਸਤਾਨ ਦੀ ਜਿੱਤ ਦੇ ਸਮੇਂ ਇਥੇ ਬ੍ਰਾਹਮਣਵਾਦ ਪੂਰੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ। ਹਿੰਦੂਆਂ ਵਿਚ ਕੇਵਲ ਬ੍ਰਾਹਮਣ ਵਰਗ ਅਜਿਹਾ ਸੀ, ਜਿਸ ਦਾ ਸਾਰੇ ਸਮਾਜ ਅਤੇ ਧਰਮ ਉੱਤੇ ਪੂਰਾ ਗਲਬਾ ਸੀ। ਜਪ, ਤਪ, ਪੂਜਾ-ਪਾਠ, ਵਰਤ ਅਤੇ ਇਸ਼ਨਾਨ ਆਦਿ ਸਭ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਸਨ"।[1] ਇਸ ਸਮੇਂ ਦੇ ਹਿੰਦੂ, ਬੁੱਧ ਅਤੇ ਜੈਨ ਧਰਮਾਂ ਅਧੀਨ ਕਈ ਮੱਤ ਅਤੇ ਸੰਪਰਦਾਵਾਂ ਪ੍ਰਚਲਿਤ ਸਨ, ਜਿਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ, ਪੂਜਾ ਵਿਧੀਆਂ ਅਤੇ ਧਰਮ ਕਰਮ ਸੰਬੰਧੀ ਵਿਭਿੰਨ ਲੱਛਣ ਦਿਖਾਈ ਦਿੰਦੇ ਸਨ। ਇਸ ਸਮੇਂ ਦੇ ਪ੍ਰਚਲਿਤ ਧਰਮਾਂ ਵਿਚ ਮਾਨਵ ਧਰਮ ਬਣਨ ਦੀ ਸਮੱਰਥਾ ਨਹੀਂ ਸੀ। ਅਜਿਹੀ ਨਿੱਘਰੀ ਹੋਈ ਧਾਰਮਿਕ ਪਰਿਸਥਿਤੀ ਨੂੰ ਦੇਖਦੇ ਹੋਏ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਬਹੁਤ ਚਿੰਤਾਤੁਰ ਸਨ ਅਤੇ ਇਸ ਸਮੱਸਿਆ ਦੇ ਹੱਲ ਲਈ ਯਤਨਸ਼ੀਲ ਸਨ। ਧਾਰਮਿਕ ਅਚਾਰਣਹੀਣਤਾ ਨੂੰ ਦੇਖ ਕੇ ਭਗਤ ਰਵਿਦਾਸ ਜੀ ਤੇ ਭਗਤ ਕਬੀਰ ਜੀ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਆਪਣੀ ਬਾਣੀ ਦੁਆਰਾ ਧਾਰਮਿਕ ਅਚਾਰਣਹੀਣਤਾ, ਪੂਜਾ ਵਿਧੀਆਂ, ਪਾਖੰਡਾਂ, ਆਡੰਬਰਾਂ ਆਦਿ ਦਾ ਖੰਡਨ ਕੀਤਾ। ਇਨ੍ਹਾਂ ਭਗਤ ਕਵੀਆਂ ਅਨੁਸਾਰ ਜਿਹੜਾ ਧਰਮ ਆਪਸੀ ਭੇਦ ਭਾਵ ਨਾ ਰੱਖਦਾ ਹੋਵੇ, ਸੰਕੀਰਨਤਾ ਮੁਕਤ ਹੋਵੇ, ਜਿਸ ਦੀ ਨੀਂਹ ਸੱਚ ਅਤੇ ਅਹਿੰਸਾ ਉੱਤੇ ਅਧਾਰਤ ਹੋਵੇ, ਉਸੇ ਧਰਮ ਵਿਚ ਮਾਨਵ ਧਰਮ ਬਣਨ ਦੀ ਸਮੱਰਥਾ ਹੋ ਸਕਦੀ ਹੈ। ਮੱਧ ਯੁੱਗ ਦੇ ਇਹ ਭਗਤ ਕਵੀ ਮਾਨਵ ਧਰਮ ਉਸਾਰਨ ਲਈ ਕਾਰਜਸ਼ੀਲ ਸਨ।

ਭਗਤ ਕਬੀਰ ਜੀ ਦੀ ਧਾਰਮਿਕ ਚੇਤਨਾ ਉਸ ਸਮੇਂ ਦੀ ਸਥਿਤੀ ਅਨੁਸਾਰ ਆਪਣਾ ਸਰੂਪ ਸੰਵਾਰਦੀ ਰਹੀ ਹੈ। ਇਸ ਚੇਤਨਾ ਦਾ ਮੂਲ ਆਧਾਰ ਸਵੈ-ਅਨੁਭੂਤੀ ਹੈ। ਭਗਤ ਕਬੀਰ ਜੀ ਨਾ ਪਰੰਪਰਾ ਨਾਲ ਜੁੜ ਕੇ ਚਲੇ ਹਨ ਅਤੇ ਨਾ ਹੀ ਉਸ ਤੋਂ ਟੁੱਟ ਕੇ ਆਪਣਾ ਜੀਵਨ ਉਦੇਸ਼ ਸਪਸ਼ਟ ਕਰਦੇ ਹਨ। ਉਹ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਵਾਲਿਆਂ ਦੀਆਂ ਰੂੜ੍ਹ ਸਾਧਨਾ ਵਿਧਾ, ਅਨੁਸ਼ਠਾਨਾਂ, ਭਾਈਚਾਰਕ ਸੰਬੰਧਾਂ ਦੇ ਵਿਰੋਧੀ ਸਨ, ਕਿਉਂਕਿ ਇਸ ਨਾਲ ਮਨੁੱਖਤਾ ਪਿਸਦੀ ਜਾ ਰਹੀ ਸੀ। ਭਗਤ ਕਬੀਰ ਜੀ ਸਤਿ ਮਾਰਗ ਉਤੇ ਚਲਣ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰਾਂ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰਦੇ ਸਨ। ਅਸਲ ਵਿਚ, ਭਗਤ ਕਬੀਰ ਜੀ ਦਾ ਮੁੱਖ ਉਦੇਸ਼ ਮਨੁੱਖਤਾ ਦਾ ਕਲਿਆਣ ਕਰਨਾ ਸੀ। ਇਸ ਲਈ ਪਰੰਪਰਾ ਤੋਂ ਮਨੁੱਖਤਾ ਦੇ ਕਲਿਆਣ ਲਈ ਜੋ ਕੁਝ ਮਿਲ ਸਕਿਆ, ਉਸ ਨੂੰ ਮੰਨ ਲਿਆ ਅਤੇ ਜੋ ਮਨੁੱਖਤਾ ਦੇ ਕਲਿਆਣ ਲਈ ਉਪਯੋਗੀ ਨਹੀਂ ਸੀ ਅਤੇ ਉਸ ਨੂੰ ਛੱਡ ਦਿੱਤਾ। ਛਡਿਆ ਹੀ ਨਹੀਂ, ਉਸ ਦੀ ਦੁਰਬਲਤਾ ਨੂੰ ਪੂਰੀ ਤਰ੍ਹਾਂ ਨੰਗਾ ਕੀਤਾ। ਭਗਤ ਕਬੀਰ ਜੀ ਨੇ ਮਨੁੱਖਤਾ ਦੇ ਕਲਿਆਣ ਲਈ ਜੋ ਕੁਝ ਨਵਾਂ ਉਚਿਤ ਸਮਝਿਆ, ਉਸ ਨੂੰ ਲਾਗੂ ਕੀਤਾ ਅਤੇ ਉਸ ਦੀ ਉਪਯੋਗਤਾ ਨੂੰ ਸਪੱਸ਼ਟ ਕੀਤਾ। ਇਸ ਲਈ ਭਗਤ ਕਬੀਰ ਜੀ ਕਿਸੇ ਇਕ ਧਰਮ ਦੀ ਸੋਚ ਨਾਲ ਆਪਣੇ ਆਪ ਨੂੰ ਬੰਨ੍ਹ ਕੇ ਨਹੀਂ ਚੱਲਦੇ ਹਨ। ਉਹ ਸਾਰ-ਗ੍ਰਾਹੀ ਮਹਾਤਮਾ ਸਨ। ਉਨ੍ਹਾਂ ਨੂੰ ਜੋ ਠੀਕ ਲੱਗਾ, ਉਸ ਨੂੰ ਮੰਨ ਲਿਆ ਅਤੇ ਜੋ ਗਲਤ ਲਗਿਆ, ਉਸ ਨੂੰ ਪਰੇ ਸੁੱਟ ਦਿੱਤਾ। ਇਹੀ ਕਾਰਨ ਹੈ ਕਿ ਭਗਤ ਕਬੀਰ ਜੀ ਬਾਰੇ ਵਿਦਵਾਨਾਂ ਦੀ ਵੱਖ-ਵੱਖ ਰਾਏ ਰਹੀ ਹੈ। ਕੁਝ ਦਾ ਵਿਚਾਰ ਹੈ ਕਿ ਭਗਤ ਕਬੀਰ ਜੀ ਕੇਵਲ ਧਰਮ ਸੁਧਾਰਕ ਸਨ; ਕੁਝ ਉਨ੍ਹਾਂ ਨੂੰ ਹਿੰਦੂ ਅਤੇ ਮੁਸਲਮਾਨ ਧਰਮਾਂ ਵਿਚ ਏਕਤਾ ਸਥਾਪਿਤ ਕਰਨ ਵਾਲੇ ਦਸਦੇ ਹਨ ਅਤੇ ਕੁਝ ਉਨ੍ਹਾਂ ਨੂੰ ਨਵੇਂ ਧਰਮ ਦਾ ਸੰਸਥਾਪਕ ਮੰਨਦੇ ਸਨ।

ਧਰਮ ਦੇ ਆਮ ਤੌਰ 'ਤੇ ਦੋ ਰੂਪ ਵੇਖੇ ਗਏ ਹਨ-ਇਕ ਮੂਲ ਉਦਾਰ ਰੂਪ ਅਤੇ ਦੂਜਾ ਸੰਕੀਰਣ ਰੂਪ। ਸੰਕੀਰਣ ਰੂਪ ਦੇ ਪ੍ਰਬਲ ਹੋ ਜਾਣ ਨਾਲ ਮੂਲ ਉਦਾਰ ਸਰੂਪ ਦਬ ਜਾਂਦਾ ਹੈ। ਸਾਧਯ ਦਾ ਸਥਾਨ ਸਾਧਨ ਲੈ ਲੈਂਦੇ ਹਨ। ਅਰਥਾਤ ਕਰਮ-ਕਾਂਡ, ਅਨੁਸ਼ਠਾਨ ਅਤੇ ਰੀਤੀ ਰਿਵਾਜ ਪ੍ਰਧਾਨ ਹੋ ਜਾਂਦੇ ਹਨ। ਇਹ ਅਸਲ ਵਿਚ ਧਰਮ ਦਾ ਵਿਕਰਿਤ ਰੂਪ ਹੈ। ਇਸ ਵਿਕਰਿਤ ਰੂਪ ਦੇ ਬਹੁਤ ਅਧਿਕ ਵਿਸਤਾਰ ਕਾਰਨ ਧਰਮ ਅਤੇ ਸਮਾਜ ਨਿਘਰ ਕੇ ਰਸਾਤਲ ਵਲ ਜਾਂਦਾ ਹੈ। ਇਸ ਸਥਿਤੀ ਨੂੰ ਸਹੀ ਕਰਨ ਲਈ ਅਤੇ ਭਟਕੀ ਹੋਈ ਮਨੁੱਖਤਾ ਨੂੰ ਸਹੀ ਮਾਰਗ ਉੱਤੇ ਪਾਣ ਲਈ ਜਨ-ਜੀਵਨ ਵਿਚੋਂ ਹੀ ਮਹਾਨ ਚਿੰਤਕ, ਸੁਧਾਰਕ ਜਾਂ ਸਾਧਕ ਪੈਦਾ ਹੋ ਕੇ ਮਾੜੇ ਵਾਤਾਵਰਣ ਨੂੰ ਫਿਰ ਤੋਂ ਸ਼ੁੱਧ ਤੇ ਸਾਤਵਿਕ ਬਣਾਉਂਦੇ ਹਨ। ਭਗਤ ਕਬੀਰ ਜੀ ਇਸੇ ਤਰ੍ਹਾਂ ਦੇ ਧਰਮ ਸਾਧਕ ਸਨ। ਉਨ੍ਹਾਂ ਨੂੰ ਸਹਿਜ ਧਰਮ ਵਾਲਾ ਸਾਧਕ ਕਿਹਾ ਜਾ ਸਕਦਾ ਹੈ।

ਕਬੀਰ ਜੀ ਦਾ ਸਾਰਾ ਜੀਵਨ ਅਧਿਆਤਮਿਕ ਸਾਧਨਾ ਵਿਚ ਬੀਤਿਆ ਸੀ। ਉਨ੍ਹਾਂ ਦੀ ਸਾਧਨਾ ਅਨੁਭੂਤੀ ਉਤੇ ਆਧਾਰਿਤ ਸੀ। ਉਨ੍ਹਾਂ ਨੇ ਸਦਾ ਸਚਾਈ ਤਕ ਪਹੁੰਚਣ ਦਾ ਯਤਨ ਕੀਤਾ ਹੈ ਅਤੇ ਇਸ ਲਈ ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਅਨੁਭਵ ਪ੍ਰਾਪਤ ਹੋਏ ਸਨ। ਇਨ੍ਹਾਂ ਅਨੁਭਵਾਂ ਤੋਂ ਉਸਰਿਆ ਧਰਮ ਹੀ ਭਗਤ

ਕਬੀਰ ਜੀ ਦਾ ਧਰਮ ਸੀ, ਜੋ ਸਰਲ ਵੀ ਸੀ ਅਤੇ ਕਰਮ-ਕਾਂਡਾਂ ਤੋਂ ਮੁਕਤ ਹਰ ਮਨੁੱਖ ਦੁਆਰਾ ਗ੍ਰਹਿਣ ਕਰਨ ਯੋਗ ਸੀ।

ਭਗਤ ਕਬੀਰ ਜੀ ਨੇ ਉਸ ਵਕਤ ਪ੍ਰਚਲਿਤ ਧਰਮਾਂ ਨੂੰ ਅਤੇ ਉਨ੍ਹਾਂ ਦੇ ਕਰਮ-ਕਾਂਡਾਂ ਨੂੰ ਬੌਧਿਕ ਚੇਤਨਾ ਅਤੇ ਤਰਕ ਨਾਲ ਨਿਖਿਧ ਕੀਤਾ ਹੈ। ਜਿਵੇਂ ਹਿੰਦੂਆਂ ਦੀ ਬੁੱਤ ਪੂਜਾ ਅਤੇ ਮੁਸਲਮਾਨਾਂ ਦੇ ਸਿਜਦੇ ਦੀ ਨਿਰਸਾਰਤਾ ਨੂੰ ਦਸਦੇ ਹੋਇਆ ਕਹਿੰਦੇ ਹਨ:

"ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।।
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ।।"[2]

ਪਰਮਾਤਮਾ ਮੁਸਲਮਾਨਾਂ ਅਨੁਸਾਰ ਮਸਜਿਦ ਵਿਚ ਵਸਦਾ ਹੈ ਅਤੇ ਹਿੰਦੂਆਂ ਅਨੁਸਾਰ ਮੂਰਤੀ ਵਿਚ ਸਥਿਤ ਹੈ। ਭਗਤ ਕਬੀਰ ਜੀ ਇਸ ਗੱਲ ਨੂੰ ਨਹੀਂ ਮੰਨਦੇ ਤੇ ਸਪੱਸ਼ਟ ਕਹਿੰਦੇ ਹਨ ਕਿ ਇਨ੍ਹਾਂ ਨੂੰ ਠੀਕ ਵਸਤੂ-ਸਥਿਤੀ ਜਾਂ ਭੇਦ ਦਾ ਪਤਾ ਨਹੀਂ ਹੈ:

"ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ।
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ।"[3]

ਇਸੇ ਤਰ੍ਹਾਂ ਕਬੀਰ ਜੀ ਨੇ ਮੂਰਤੀ ਪੂਜਾ ਦੇ ਵਿਰੁੱਧ ਅਨੇਕ ਪ੍ਰਸੰਗਾਂ ਵਿਚ ਆਵਾਜ਼ ਉਠਾਈ ਹੈ ਅਤੇ ਇਸ ਸਾਧਨਾ ਦੀ ਤੁੱਛਤਾ ਉਤੇ ਪ੍ਰਕਾਸ਼ ਪਾਉਂਦੇ ਹੋਇਆ ਕਿਹਾ ਹੈ:

"ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ।
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ।
ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ।
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ।"[4]

ਕਬੀਰ ਜੀ ਨੇ ਮਾਰੂ ਰਾਗ ਦੇ ਇਕ ਸ਼ਬਦ ਵਿਚ ਪਾਂਡੇ ਨੂੰ ਸਮਝਾਇਆ ਹੈ ਕਿ ਤੂੰ ਕਿਹੜੀ ਕੁਮਤਿ ਵਿਚ ਲਗਿਆ ਹੋਇਆ ਹੈ ਅਤੇ ਰਾਮ ਦੇ ਨਾਮ ਦੀ ਅਰਾਧਨਾ ਨਹੀਂ ਕਰ ਰਿਹਾ। ਅਜਿਹੇ ਆਚਰਨ ਕਰਕੇ ਡੁਬ ਮਰੇਂਗਾ। ਤੂੰ ਧਨ ਕਮਾਉਣ ਲਈ ਵਿਦਿਆ ਦਾ ਵਪਾਰ ਕਰ ਰਿਹਾ ਹੈ। ਅਸਲੀ ਕਮਾਈ ਤਾਂ ਨਾਮ ਸਾਧਨ ਦੁਆਰਾ ਕੀਤੀ ਜਾ ਸਕਦੀ ਹੈ:

"ਪਡੀਆ ਕਵਨ ਕੁਮਤਿ ਤੁਮ ਲਾਗੇ।
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ।। ੧।। ਰਹਾਉ।
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ।੧।
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।੨।

ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ।

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।"[5]

ਇਸੇ ਤਰ੍ਹਾਂ ਮੁਸਲਮਾਨ ਧਰਮ ਆਗੂਆਂ ਵਲੋਂ ਕੀਤੇ ਜਾ ਰਹੇ ਧਾਰਮਿਕ ਆਡੰਬਰਾਂ ਨੂੰ ਵੀ ਭਗਤ ਕਬੀਰ ਜੀ ਨੇ ਨਕਾਰਦੇ ਹੋਇਆ ਕਿਹਾ ਹੈ ਕਿ ਮੁਨਾਰੇ ਉਤੇ ਚੜ੍ਹ ਕੇ ਤੂੰ ਬਾਂਗ ਦੇ ਰਿਹਾ ਹੈ। ਕੀ ਰੱਬ ਬੋਲਾ ਹੋ ਗਿਆ ਹੈ, ਜੋ ਅਸਲੋਂ ਤੇਰੇ ਦਿਲ ਦੇ ਅੰਦਰ ਵਸਦਾ ਹੈ:

"ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।

ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ।"[6]

ਇਨ੍ਹਾਂ ਪਾਖੰਡਾਂ ਦੇ ਵਿਪਰੀਤ ਭਗਤ ਕਬੀਰ ਜੀ ਨੇ ਮੁੱਲਾਂ ਨੂੰ ਸਹੀ ਕਰਮ ਕਰਨ ਵਲ ਪ੍ਰੇਰਿਤ ਕੀਤਾ ਹੈ ਅਤੇ ਕਿਹਾ ਹੈ ਕਿ ਸੱਚੇ ਅਰਥਾਂ ਵਿਚ ਮੁੱਲਾ ਉਹ ਹੈ, ਜੋ ਗੁਰੂ ਦੇ ਉਪਦੇਸ਼ ਰਾਹੀਂ ਕਾਲ ਨਾਲ ਜੂਝਦਾ ਹੈ। ਸੱਚਾ ਕਾਜ਼ੀ ਉਹ ਹੈ, ਜੋ ਸਰੀਰ ਦੇ ਅੰਦਰ ਹੀ ਬ੍ਰਹਮ ਤੱਤ ਦੀ ਖੋਜ ਕਰੇ ਅਤੇ ਕਾਇਆ ਵਿਚ ਉਸ ਰੌਸ਼ਨੀ ਦਾ ਅਹਿਸਾਸ ਕਰੇ। ਆਪਣੇ-ਆਪ ਨੂੰ ਕਾਮ-ਵਾਸਨਾ ਤੋਂ ਉੱਚਾ ਚੁਕ ਕੇ ਸਦਾ ਸਥਾਈ ਆਨੰਦ ਮਾਣੇ। ਉਸ ਨੂੰ ਬੁਢਾਪਾ ਅਤੇ ਮ੍ਰਿਤੂ ਪ੍ਰਾਪਤ ਨਹੀਂ ਹੋ ਸਕਦੀ:

"ਸੋ ਮੁਲਾਂ ਜੋ ਮਨੁ ਸਿਉ ਲਰੈ।

ਗੁਰ ਉਪਦੇਸਿ ਕਾਲ ਸਿਉ ਜੁਰੈ।

ਕਾਲ ਪੁਰਖ ਕਾ ਮਰਦੈ ਮਾਨੁ।

ਤਿਸੁ ਮੁਲਾ ਕਉ ਸਦਾ ਸਲਾਮੁ। ੧।

......................................

ਕਾਜੀ ਸੋ ਜੁ ਕਾਇਆ ਬੀਚਾਰੈ।

ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ।

ਸੁਪਨੈ ਬਿੰਦੁ ਨ ਦੇਈ ਝਰਨਾ।

ਤਿਸੁ ਕਾਜੀ ਕਉ ਜਰਾ ਨਾ ਮਰਨਾ।"[7]

ਇਸੇ ਤਰ੍ਹਾਂ ਭਗਤ ਕਬੀਰ ਜੀ ਨੇ ਹਿੰਦੂ ਧਰਮ ਦੇ ਪਾਂਡਿਆਂ ਪੁਜਾਰੀਆਂ ਦੇ ਕਰਮ-ਕਾਂਡਾਂ ਵਲ ਇਸ਼ਾਰਾ ਕਰਦਿਆਂ ਕਿਹਾ ਹੈ ਕਿ ਜੋ ਪੱਥਰਾਂ ਨੂੰ ਰੱਬ ਆਖਦੇ ਹਨ, ਉਨ੍ਹਾਂ ਦੀ ਸੇਵਾ ਅਜਾਈ ਜਾਂਦੀ ਹੈ। ਜੋ ਪੱਥਰਾਂ ਦੇ ਚਰਨਾਂ ਵਿਚ ਡਿਗਦੇ ਹਨ, ਉਨ੍ਹਾਂ ਦੀ ਇਸ ਪ੍ਰਕਾਰ ਕੀਤੀ ਸੇਵਾ ਵਿਅਰਥ ਜਾਂਦੀ ਹੈ। ਠਾਕੁਰ ਤਾਂ ਸਦਾ ਬੋਲਣ ਵਾਲਾ ਹੈ ਅਤੇ ਸਾਰਿਆਂ ਨੂੰ ਜੀਵਨ-ਦਾਨ ਦੇਣ ਵਾਲਾ ਹੈ। ਕਰਮ-ਕਾਂਡਾਂ ਵਿਚ ਫਸਿਆ ਹੋਇਆ ਜੀਵ ਨਿਰੰਕਾਰ ਨੂੰ ਨਹੀਂ ਪਛਾਣਦਾ ਅਤੇ ਵਿਅਰਥ ਵਿਚ ਪੱਥਰ ਪੂਜਾ ਵਿਅਰਥ ਹੈ ਅਤੇ ਇਨ੍ਹਾਂ ਪੱਥਰਾਂ ਦੀ ਸੇਵਾ ਵੀ ਵਿਅਰਥ ਹੈ:

"ਜੋ ਪਾਥਰ ਕਉ ਕਹਤੇ ਦੇਵ।

ਤਾ ਕੀ ਬਿਰਥਾ ਹੋਵੈ ਸੇਵ।

ਜੋ ਪਾਥਰ ਕੀ ਪਾਂਈ ਪਾਇ।

ਤਿਸ ਕੀ ਘਾਲ ਅਜਾਂਈ ਜਾਇ।੧।

ਠਾਕੁਰੁ ਹਮਰਾ ਸਦਾ ਬੋਲੰਤਾ।

ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ।੧। ਰਹਾਉ।

ਅੰਤਰਿ ਦੇਉ ਨ ਜਾਨੈ ਅੰਧੁ।

ਭ੍ਰਮ ਕਾ ਮੋਹਿਆ ਪਾਵੈ ਫੰਧੁ।

ਨ ਪਾਥਰੁ ਬੋਲੈ ਨਾ ਕਿਛੁ ਦੇਇ।

ਫੋਕਟ ਧਰਮ ਨਿਹਫਲ ਹੈ ਸੇਵ।"[8]

ਸਪੱਸ਼ਟ ਹੈ ਕਿ ਕਬੀਰ ਜਾ ਧਾਰਮਿਕ ਦ੍ਰਿਸ਼ਟੀਕੋਣ ਸਹਿਜ ਸਥਿਤੀ ਉਤੇ ਟਿਕਿਆ ਹੋਇਆ ਹੈ। ਉਸ ਦਾ ਸਹਿਜ ਧਰਮ ਪ੍ਰਚਲਿਤ ਧਰਮਾਂ ਦੀਆਂ ਰੂੜ੍ਹ ਪਰੰਪਰਾਵਾਂ ਦੀ ਪ੍ਰਤਿਕ੍ਰਿਆ ਵਜੋਂ ਪੈਦਾ ਹੋਇਆ ਸੀ। ਅਸਲ ਵਿਚ, ਉਦੋਂ ਸਹੀ ਧਰਮ ਦੀ ਥਾਂ 'ਤੇ ਅੰਧ-ਵਿਸ਼ਵਾਸ ਪਸਰ ਗਏ ਹਨ। ਕਬੀਰ ਜੀ ਅਨੁਸਾਰ ਉਦੋਂ ਸਾਰਿਆਂ ਧਰਮਾਂ ਵਾਲੇ ਵਾਸਤਵਿਕ ਮਾਰਗ ਨੂੰ ਭੁੱਲ ਗਏ ਸਨ- *'ਏਕ ਨ ਭੁਲਾ ਦੋਇ ਨਾ ਭੂਲਾ ਭੂਲਾ ਸਬ ਸੰਸਾਰ'।* ਇਨ੍ਹਾਂ ਧਾਰਮਿਕ ਭੁੱਲਾਂ ਦਾ ਸੁਧਾਰ ਕਰਨਾ ਹੀ ਕਬੀਰ ਦਾ ਨਿਸ਼ਾਨਾ ਸੀ। ਜਦੋਂ ਧਰਮਾਚਾਰ ਵਿਚੋਂ ਭੁੱਲਾਂ ਨਿਕਲ ਜਾਣ ਤਾਂ ਸਹਿਜ ਧਰਮ ਆਪਣੇ-ਆਪ ਸਾਹਮਣੇ ਆ ਜਾਂਦਾ ਹੈ। ਇਹੀ ਕਾਰਨ ਹੈ ਕਿ ਕਬੀਰ ਨੇ ਉਸ ਵਕਤ ਪ੍ਰਚਲਿਤ ਧਰਮਾਂ ਦੇ ਮੁਖੀਆਂ ਅਥਵਾ ਠੇਕੇਦਾਰਾਂ ਨੂੰ ਚੰਗੀ ਤਰ੍ਹਾਂ ਝੰਜੋੜਿਆ ਹੈ। ਅਜਿਹੇ ਅਵਰਾਂ 'ਤੇ ਕਾਫ਼ੀ ਵਾਦ-ਵਿਵਾਦ ਵੀ ਹੋ ਜਾਂਦਾ ਸੀ ਅਤੇ ਪੰਡਿਤ ਲੋਕ ਕਬੀਰ ਨੂੰ ਨੀਵਾਂ ਵਿਖਾਣ ਦਾ ਯਤਨ ਕਰਦੇ ਸਨ। ਕਬੀਰ ਬਹੁਤ ਦ੍ਰਿੜ੍ਹ ਸਾਧਕ ਸਨ। ਉਹ ਨਾ ਕਿਸੇ ਤੋਂ ਡਰਦੇ ਸਨ ਤੇ ਨਾ ਹੀ ਧਰਮ ਦੇ ਰੂੜ੍ਹ ਪਾਖੰਡਾਂ ਨੂੰ ਅਪਣਾਉਣ ਲਈ ਤਿਆਰ ਸਨ। ਉਹ ਡੱਟ ਕੇ ਕਹਿੰਦੇ ਸਨ ਕਿ ਇਹ ਸਾਰੇ ਲੋਕ ਪਾਪ ਵਿਚ ਗ੍ਰਸੇ ਹੋਏ ਵੀ ਹਨ ਅਤੇ ਹੋਰਨਾਂ ਦੀ ਨਿੰਦਿਆਂ ਤੋਂ ਟਲਦੇ ਵੀ ਨਹੀਂ ਹਨ। ਉਹ ਗੱਲਾਂ ਨਾਲ ਹੀ ਆਸਮਾਨ ਡਿਗਾਂਦੇ ਹਨ। ਅਜਿਹੇ ਲੋਕਾਂ ਨਾਲ ਗੱਲ ਕਰਨ ਦਾ ਵੀ ਕੋਈ ਲਾਭ ਨਹੀਂ ਹੈ। ਆਪ ਤਾਂ ਕਿਸੇ ਨੂੰ ਚੂਲੀ ਭਰ ਪਾਣੀ ਦੇਣ ਲਈ ਤਿਆਰ ਨਹੀਂ ਤੇ ਉਨ੍ਹਾਂ ਨੂੰ ਨਿੰਦਦੇ ਹਨ, ਜਿਨ੍ਹਾਂ ਨੇ ਗੰਗਾ ਵਰਗੀ ਮਹਾਨ ਨਦੀ ਧਰਤੀ ਉਤੇ ਲਿਆ ਕੇ ਪਰਉਪਕਾਰ ਕੀਤਾ ਹੈ। ਇਹ ਆਕਾਰ ਪ੍ਰਕਾਰ ਅਤੇ ਬੌਧਿਕ ਪੱਖ ਤੋਂ ਬੌਣੇ ਹਨ ਅਤੇ ਹੋਰਨਾਂ ਲਈ ਵਿਨਾਸ਼ਕਾਰੀ ਹਨ। ਉਹ ਸਦਾ ਖੋਟੀ ਅਤੇ ਕੋਰੀ ਚਰਚਾ ਵਿਚ ਲੱਗੇ ਰਹਿੰਦੇ ਹਨ ਅਤੇ ਬ੍ਰਹਮਾ ਦਾ ਵੀ ਕਿਹਾ ਨਹੀਂ ਮੰਨਦੇ। ਉਹ ਆਪ ਭ੍ਰਸ਼ਟ ਹੋਏ ਹਨ ਅਤੇ ਹੋਰਨਾਂ ਨੂੰ ਭ੍ਰਸ਼ਟ ਕਰਦੇ ਹਨ। ਇਹ ਲੋਕਾਂ ਉਤੇ ਹਸਦੇ ਤਾਂ ਹਨ, ਪ੍ਰੰਤੂ ਖ਼ੁਦ ਕਾਣੇ ਹਨ। ਕਬੀਰ ਜੀ ਲੋਕਾਂ ਦੀਆਂ ਅਜਿਹੀਆਂ ਗੱਲਾਂ ਕਰਕੇ ਉਨ੍ਹਾਂ ਬਾਰੇ ਸ਼ਰਮ ਮਹਿਸੂਸ ਕਰਦੇ ਹਨ:

"ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ।

ਬਾਤਨ ਹੀ ਅਸਮਾਨੁ ਗਿਰਾਵਹਿ।

ਐਸੇ ਲੋਗਨ ਸਿਉ ਕਿਆ ਕਹੀਐ।

ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ।੧। ਰਹਾਉ।

..................................................

ਆਪਿ ਨ ਦੇਹਿ ਚੁਰੂ ਭਰਿ ਪਾਨੀ।

ਤਿਹ ਨਿੰਦਹਿ ਜਿਹ ਗੰਗਾ ਆਨੀ।੨।

ਬੈਠਤ ਉਠਤ ਕੁਟਿਲਤਾ ਚਾਲਹਿ।

ਆਪੁ ਗਏ ਅਉਰਨ ਹੂ ਘਾਲਹਿ।੩।

ਛਾਡਿ ਕੁਚਰਚਾ ਆਨ ਨ ਜਾਨਹਿ।

ਬ੍ਰਹਮਾ ਹੂ ਕੋ ਕਹਿਓ ਨ ਮਾਨਹਿ।

ਆਪੁ ਗਏ ਅਉਰਨ ਹੂ ਖੋਵਹਿ।

ਆਗਿ ਲਗਾਇ ਮੰਦਰ ਮੈ ਸੋਵਹਿ।੫

ਅਵਰਨ ਹਸਤ ਆਪਿ ਹਹਿ ਕਾਂਨੇ।

ਤਿਨ ਕਉ ਦੇਖਿ ਕਬੀਰ ਲਜਾਨੇ।੬।"[9]

ਅਜਿਹੀਆਂ ਧਾਰਮਿਕ ਅਧੋਗਤੀ ਵਾਲੀਆਂ ਪਰਿਸਥਿਤੀਆਂ ਵਿਚ ਭਗਤ ਕਬੀਰ ਜੀ ਨੇ ਇਕ ਅਛੂਤ ਸਮਝੀ ਜਾਂਦੀ ਜਾਤੀ ਵਿਚ ਜਨਮ ਲਿਆ। ਉਨ੍ਹਾਂ ਨੇ ਭਗਤੀ ਅਤੇ ਆਤਮਕ ਉੱਚਤਾ ਦੇ ਸਹਾਰੇ ਮਹਾਨਤਾ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਪ੍ਰੋਹਿਤ ਵਰਗ ਦੁਆਰਾ ਭੈੜੀਆਂ ਕਦਰਾਂ-ਕੀਮਤਾਂ ਦਾ ਖੰਡਨ ਕੀਤਾ। ਭਗਤ ਰਵਿਦਾਸ ਨੇ ਉਸ ਸਮੇਂ ਦੇ ਪ੍ਰਚਲਿਤ ਧਾਰਮਿਕ ਵਿਸ਼ਵਾਸ ਦੀ ਆਲੋਚਨਾ ਕੀਤੀ ਕਿ ਪ੍ਰਭੂ ਮੰਦਰਾਂ ਜਾਂ ਮਸੀਤਾਂ ਵਿਚ ਵਸਦਾ ਹੈ। ਉਨ੍ਹਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਪਰਮਾਤਮਾ ਨੂੰ ਬਾਹਰ ਢੂੰਢਣ ਦੀ ਲੋੜ ਹੀ ਨਹੀਂ ਹੈ, ਸਗੋਂ ਉਹ ਤਾਂ ਮਨੁੱਖ ਦੇ ਹਿਰਦੇ ਵਿਚ ਹੀ ਵਸਦਾ ਹੈ। ਆਪ ਜੀ ਲਿਖਦੇ ਹਨ:

"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।"[10]

ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿਚ ਕਈ ਥਾਂ 'ਤੇ ਉਸ ਸਮੇਂ ਦੀ ਧਾਰਮਿਕ ਅਵਸਥਾ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਹਿੰਦੂ ਪੁਜਾਰੀ ਵਰਗ ਅਤੇ ਮੁਸਲਮਾਨ ਕਾਜੀਆਂ ਵਲੋਂ ਪਰਮਾਤਮਾ ਦੇ ਜਗਨਨਾਥਪੁਰੀ ਅਤੇ ਕਾਅਬੇ ਵਿਚ ਵਸਦੇ ਹੋਣ ਦਾ ਖੰਡਨ ਕੀਤਾ ਹੈ। ਆਪ ਅਨੁਸਾਰ ਪ੍ਰਭੂ ਨੂੰ ਦੱਖਣ ਦੇਸ਼ ਜਾਂ ਪੱਛਮ ਵਿਚ ਲੱਭਣ ਦੀ ਲੋੜ ਨਹੀਂ, ਸਗੋਂ ਉਹ ਪਰਮੇਸ਼ਰ ਤਾਂ ਦਿਲ ਵਿਚ ਵਸਦਾ ਹੈ; ਇਸ ਲਈ ਆਪ ਨੇ ਮਨੁੱਖ ਨੂੰ ਪ੍ਰਭੂ ਨੂੰ ਕੇਵਲ ਦਿਲ ਅੰਦਰ ਖੋਜਣ ਦੀ ਪ੍ਰੇਰਣਾ ਦਿੱਤੀ ਹੈ। ਆਪ ਜੀ ਲਿਖਦੇ ਹਨ:

"ਦਖਨ ਦੇਸਿ ਹਰੀ ਕਾ ਬਾਸਾ,

ਪਛਿਮਿ ਅਲਹ ਮੁਕਾਮਾ।
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ,
ਏਹੀ ਠਉਰ ਮੁਕਾਮਾ।"[11]

ਭਗਤ ਕਬੀਰ ਜੀ ਨੇ ਸਮਕਾਲੀ ਧਾਰਮਿਕ ਅਧੋਗਤੀ ਨੂੰ ਦੂਰ ਕਰਨ ਦੇ ਕਾਫੀ ਯਤਨ ਕੀਤੇ। ਦੋਵੇਂ ਚਿੰਤਕਾਂ ਨੇ ਭਾਰਤੀ ਲੋਕਾਂ ਦਾ ਅਧਿਆਤਮਕ ਪੱਧਰ ਉੱਚਾ ਚੁੱਕਣ, ਮੂਰਤੀ ਪੂਜਾ, ਤੀਰਥ, ਵਰਤ, ਦਾਨ-ਪੁੰਨ, ਧਾਰਮਿਕ ਰੀਤੀ ਰਿਵਾਜਾਂ ਅਤੇ ਬਾਹਰੀ ਅਡੰਬਰਾਂ ਨੂੰ ਖਤਮ ਕਰਕੇ ਜਨਤਾ ਨੂੰ ਸਹੀ ਮਾਰਗ ਦਿਖਾਉਂਦੇ ਹੋਏ ਪ੍ਰਭੂ ਭਗਤੀ ਕਰਨ ਦਾ ਸੱਚਾ ਤੇ ਸੁੱਚਾ ਉਪਦੇਸ਼ ਦਿੱਤਾ।

ਕਬੀਰ ਜੀ ਨੇ ਹਿੰਦੂ ਧਰਮ ਨਾਲ ਸੰਬੰਧਿਤ ਸਾਧੂਆਂ, ਸੰਨਿਆਸੀਆਂ ਬਾਰੇ ਹੀ ਆਲੋਚਨਾ ਨਹੀਂ ਕੀਤੀ, ਸਗੋਂ ਮੁਸਲਮਾਨਾਂ ਦੇ ਵੀ ਮਿਥਿਆ ਆਚਾਰਾਂ ਨੂੰ ਖੰਡਿਤ ਕੀਤਾ ਹੈ। ਉਨ੍ਹਾਂ ਨੇ ਕਲਮਾ ਪੜ੍ਹਨ ਅਤੇ ਨਮਾਜ਼ਾਂ ਗੁਜ਼ਾਰਨ ਦੁਆਰਾ ਬਹਿਸ਼ਤ (ਸਵਰਗ) ਦੀ ਪ੍ਰਾਪਤੀ ਦੇ ਭਰਮ ਦੇ ਨਕਾਬ ਨੂੰ ਉਤਾਰਦਿਆਂ ਅਜਿਹੀ ਸਵਰਗ ਨਾਲੋਂ ਦੋਜ਼ਖ (ਨਰਕ) ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਅਨੁਸਾਰ:

"ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ।੨।
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ।
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।੩।
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।
ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ।੪।
ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ।
ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ।੫।"[12]

ਹਿੰਦੂਆਂ ਅਤੇ ਮੁਸਲਮਾਨਾਂ ਵਿਚ ਧਾਰਮਿਕ ਅੰਤਰ ਦਰਸਾਉਣ ਵਾਲੇ ਚਿੰਨ੍ਹਾਂ ਤੇ ਉਨ੍ਹਾਂ ਚਿੰਨ੍ਹਾਂ ਦੀ ਜ਼ਬਰਦਸਤੀ ਪਾਲਨਾ ਕਰਾਉਣ ਵਾਲੀ ਉਸ ਵਕਤ ਦੀ ਸਰਕਾਰ ਦੇ ਜ਼ੁਲਮ ਵਲ ਸੰਕੇਤ ਕਰਦਿਆਂ ਕਿਹਾ ਹੈ ਕਿ ਸੱਚੀ ਸੁੰਨਤ ਤਾਂ ਪਤਨੀ ਨਾਲ ਕੀਤਾ ਸੱਚਾ ਪਿਆਰ ਹੋਣਾ ਚਾਹੀਦਾ ਹੈ। ਜੇ ਰੱਬ ਨੇ ਵਰਤਮਾਨ ਵਿਧੀ ਨੂੰ ਹੀ ਸੁੰਨਤ ਦਰਸਾਉਣਾ ਹੁੰਦਾ ਤਾਂ ਇਹ ਆਪਣੇ ਆਪ ਹੋਈ ਹੁੰਦੀ। ਇਥੇ ਕਬੀਰ ਜੀ ਨੇ ਇਹ ਵੀ ਦੱਸਿਆ ਹੈ ਕਿ ਸੁੰਨਤ ਕਰਨ ਨਾਲ ਹੀ ਕੋਈ ਜੀਵ ਮੁਸਲਮਾਨ ਬਣਦਾ ਹੈ, ਤਾਂ ਇਸਤਰੀ ਦਾ ਕੀ ਕਰੋਗੇ? ਜੇ ਉਸ ਦੀ ਸੁੰਨਤ ਸੰਭਵ ਨਹੀਂ, ਤਾਂ ਉਹ ਹਿੰਦੂ ਹੀ ਰਹੇਗੀ। ਆਪ ਲਿਖਦੇ ਹਨ:

"ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ।
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ।੨।

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥

ਅਰਧ ਸਰੀਰੀ ਨਾਰਿ ਨ ਛੋਡੈ ਤ ਤੇ ਹਿੰਦੂ ਹੀ ਰਹੀਐ॥੩॥"[13]

ਸਾਰਾਂਸ਼ ਇਹ ਹੈ ਕਿ ਭਗਤ ਕਬੀਰ ਜੀ ਤਤਕਾਲੀਨ ਧਾਰਮਿਕ ਅਤੇ ਸਮਾਜਕ ਸਥਿਤੀ ਤੋਂ ਸੰਤੁਸ਼ਟ ਨਹੀਂ ਸਨ, ਕਿਉਂਕਿ ਉਸ ਨਾਲ ਮਾਨਵ ਸਮਾਜ ਦੀ ਤਰੱਕੀ ਦਾ ਮਾਰਗ ਰੁਕਿਆ ਹੋਇਆ ਸੀ। ਇਸ ਲਈ ਕਬੀਰ ਜੀ ਨੇ ਲੋਕਾਂ ਅੰਦਰ ਨਵੀਂ ਚੇਤਨਾ ਪੈਦਾ ਕੀਤੀ। ਉਨ੍ਹਾਂ ਪਾਖੰਡ ਪੂਰਨ ਬਾਹਰਲੇ ਧਾਰਮਿਕ ਆਡੰਬਰਾਂ ਅਤੇ ਅਨੁਸ਼ਠਾਨਾਂ ਨੂੰ ਛੱਡਣ ਲਈ ਪ੍ਰੇਰਨਾ ਦਿੱਤੀ ਅਤੇ ਜਾਤਿ ਪਾਤਿ ਅਤੇ ਆਸ਼ਰਮ ਵਿਧਾਨ ਦਾ ਵਿਰੋਧ ਕਰਕੇ ਗ੍ਰਹਿਸਥ ਜੀਵਨ ਨੂੰ ਉਪਕਾਰੀ ਸਮਝਿਆ। ਇਸ ਤਰ੍ਹਾਂ ਕਬੀਰ ਜੀ ਨੇ ਧਾਰਮਿਕ ਉਥਾਨ ਰਾਹੀਂ ਸਮਾਜਕ ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚਲਿਤ ਕਰਨ ਲਈ ਲੋਕਾਂ ਦੇ ਮਨ ਵਿਚ ਉਤਸ਼ਾਹ ਭਰਿਆ।

**ਦਾਰਸ਼ਨਿਕ ਪਰਿਪੇਖ**

ਕੋਈ ਵੀ ਫਲਸਫਾ, ਸ਼ਾਸਤਰ, ਵਿਚਾਰਧਾਰਾ, ਮੱਤ ਜਾਂ ਧਰਮ ਬ੍ਰਹਮ ਦੀ ਅਸੀਮ ਸ਼ਕਤੀ, ਅਨੰਤਤਾ, ਬੇਅੰਤਤਾ, ਅਗੰਮਤਾ ਅਤੇ ਸਰਬ ਵਿਆਪਕਤਾ ਨੂੰ ਪੂਰਨ ਰੂਪ ਵਿਚ ਜਾਣਨ ਤੋਂ ਅਸਮਰੱਥ ਹੈ। ਵਿਭਿੰਨ ਸਿਧਾਂਤ, ਵਿਚਾਰ ਅਤੇ ਸੰਕਲਪ ਉਸ ਪਰਮਤੱਤ ਨੂੰ ਜਾਣਨ ਦੇ ਕੇਵਲ ਉਪਰਾਲੇ ਹਨ। ਜਦੋਂ ਮਨੁੱਖੀ ਮਨ ਅੰਦਰ ਜੀਵ ਜਗਤ ਅਤੇ ਬ੍ਰਹਿਮੰਡ ਦੇ ਗੂੜ੍ਹੇ ਰਹੱਸਾਂ ਨੂੰ ਜਾਣਨ ਦੀ ਇੱਛਾ ਉਤਪੰਨ ਹੋਈ ਤਾਂ ਮਨੁੱਖ ਦੀ ਬੌਧਿਕ ਚੇਤੰਨਤਾ ਨੇ ਦਰਸ਼ਨ ਨੂੰ ਜਨਮ ਦਿੱਤਾ। ਬੌਧਿਕ ਸੰਤੁਸ਼ਟੀ ਲਈ ਮਨੁੱਖ ਨੇ ਅਤੀਤ ਤੋਂ ਅਨੰਤ ਤੱਕ ਦਾ ਗਿਆਨ ਪ੍ਰਾਪਤ ਕਰਨਾ ਚਾਹਿਆ। ਪੂਰਬ ਅਤੇ ਪੱਛਮ ਵਿਚ ਇਸ ਗੁੱਥੀ ਨੂੰ ਸੁਲਝਾਉਣ ਦੇ ਯਤਨ ਆਰੰਭ ਕੀਤੇ ਗਏ। ਭਾਰਤ ਵਿਚ ਵੈਦਿਕ ਰਿਸ਼ੀਆਂ ਨੇ ਇਸ ਗਿਆਨ ਨੂੰ ਗੁਰੂ ਸ਼ਿਸ਼ ਦੀ ਪਰੰਪਰਾ ਦੁਆਰਾ ਅੱਗੇ ਤੋਰਿਆ। ਉਪਨਿਸ਼ਦਾਂ ਤੋਂ ਸ਼ਾਸਤਰਾਂ ਦੀ ਰਚਨਾ ਹੋਈ। ਇਸ ਤਰ੍ਹਾਂ ਭਾਰਤ ਵਿਚ ਵਿਭਿੰਨ ਦਾਰਸ਼ਨਿਕ ਪ੍ਰਣਾਲੀਆਂ ਹੋਂਦ ਵਿਚ ਆ ਗਈਆਂ। ਹਰੇਕ ਵਿਚਾਰਧਾਰਾ ਕਿਸੇ ਨਵੇਂ ਤੱਥ ਨੂੰ ਲੈ ਕੇ ਉਤਪੰਨ ਹੋਈ ਅਤੇ ਨਵੇਂ ਸਿਧਾਂਤ ਦੁਆਰਾ ਉਸ ਨੂੰ ਸਿੱਧ ਕਰਨ ਦਾ ਯਤਨ ਕੀਤਾ। ਇਨ੍ਹਾਂ ਸਾਰੀਆਂ ਵਿਚਾਰ ਪ੍ਰਣਾਲੀਆਂ ਦਾ ਮੂਲ ਮੰਤਵ ਜੀਵ ਅਤੇ ਬ੍ਰਹਮ ਦੇ ਮੂਲ ਤੱਤ ਦੀ ਖੋਜ ਅਤੇ ਸਫਲ ਜੀਵਨ ਜਿਉਣ ਦਾ ਮਹੱਤਵ ਸਮਝਣਾ ਸੀ। ਪੱਛਮ ਵਿਚ ਵੀ ਵਿਚਾਰਧਾਰਕ ਵਖਰੇਵਿਆਂ ਕਾਰਨ ਵਿਭਿੰਨ ਮੱਤ ਹੋਂਦ ਵਿਚ ਆਏ, ਜਿਨ੍ਹਾਂ ਵਿਚ ਪਾਰਸੀ, ਯਹੂਦੀ, ਈਸਾਈ, ਇਸਲਾਮ ਆਦਿ ਸ਼ਾਮਿਲ ਸਨ। ਇਨ੍ਹਾਂ ਵਿਚ 'ਸਫਲ ਜੀਵਨ ਦਾ ਉਦੇਸ਼' ਤਾਂ ਸਾਂਝਾ ਸੀ, ਪ੍ਰੰਤੂ ਇਸ ਨੂੰ ਹੱਲ ਕਰਨ ਦੇ ਵੱਖਰੇ ਦ੍ਰਿਸ਼ਟੀਕੋਣਾਂ ਕਾਰਨ ਵਿਚਾਰਧਾਰਕ ਮੱਤਭੇਦ ਹਨ।

ਪੱਛਮੀ ਅਤੇ ਭਾਰਤੀ ਦਰਸ਼ਨ ਵਿਚ ਨਾਸਤਕ ਅਤੇ ਆਸਤਕ ਦੋ ਪ੍ਰਮੁੱਖ ਪ੍ਰਣਾਲੀਆਂ ਵੇਖਣ ਵਿਚ ਆਈਆਂ। ਨਾਸਤਕ ਭੌਤਿਕਵਾਦੀ ਧਾਰਾ ਹੈ ਅਤੇ ਪ੍ਰਤੱਖ ਨੂੰ ਪ੍ਰਮਾਣ ਮੰਨਦੀ ਹੈ। ਉਨ੍ਹਾਂ ਅਨੁਸਾਰ ਇੰਦ੍ਰੀਆਈ ਗਿਆਨ ਹੀ ਯਥਾਰਥਕ ਗਿਆਨ ਹੈ। ਇਸ ਤੋਂ ਪਰੇ ਹੋਰ ਪਰਾਭੌਤਿਕ ਤੱਤ ਨਹੀਂ ਹੈ। ਆਸਤਕ ਵਿਚਾਰਧਾਰਾ ਕਿਸੇ ਆਦ੍ਰਿਸ਼ਟ ਸੱਤਾ ਨੂੰ ਮੰਨਦੀ ਹੈ। ਇਸ ਪ੍ਰਣਾਲੀ ਦੇ ਮੰਨਣ ਵਾਲਿਆਂ ਦਾ ਵਿਚਾਰ ਹੈ ਕਿ ਦ੍ਰਿਸ਼ਟਮਾਨ ਸੰਸਾਰ ਦੇ ਪਿੱਛੇ ਕੋਈ ਪਰਾਭੌਤਿਕ ਸ਼ਕਤੀ ਹੈ ਅਤੇ ਜੀਵ, ਜਗਤ ਦੀ ਹੋਂਦ ਕਿਸੇ ਪਰਮ ਤੱਤ ਤੇ

ਆਸ਼ਰਿਤ ਹੈ। ਇਸੇ ਕਰਕੇ ਭਾਰਤੀ ਦਰਸ਼ਨ ਅਧਿਆਤਮਵਾਦੀ ਹੈ। ਇਹ ਪਰੰਪਰਾਗਤ ਭਾਰਤੀ ਦਰਸ਼ਨ ਹੀ ਆਧੁਨਿਕ ਵਿਚਾਰਧਾਰਾ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ।

ਭਾਰਤੀ ਦਰਸ਼ਨ ਵਿਚ ਫਿਲਾਸਫੀ (Philosophy) ਨੂੰ ਦਰਸ਼ਨ ਆਖਦੇ ਹਨ। ਦਰਸ਼ਨ ਦਾ ਅਰਥ-ਵੇਖਣਾ, ਕਿਸੇ ਵਸਤੂ ਦਾ ਪ੍ਰਤੱਖ ਜਾਂ ਅਨੁਭਵ ਗਿਆਨ ਹੈ। 'ਦਰਸ਼ਨ' ਸ਼ਬਦ ਸੰਸਕ੍ਰਿਤ ਦੇ 'ਦ੍ਰਿਸ਼' ਧਾਤੂ ਦੇ ਕਰਣ ਅਰਥ ਵਿਚ ਲਯੂਟ ਪ੍ਰਤਯਯ ਲਾ ਕੇ ਬਣਿਆ ਹੈ, ਜਿਸ ਦੇ ਅਰਥ ਹਨ 'ਜਿਸ ਦੇ ਦੁਆਰਾ ਵੇਖਿਆ ਜਾਵੇ'।[14]

ਫਿਲਾਸਫੀ (Philosophy) ਸ਼ਬਦ ਯੂਨਾਨੀ ਭਾਸ਼ਾ ਦਾ ਹੈ। ਇਹ ਦੋ ਸ਼ਬਦਾ 'Philo' ਜਿਸ ਦਾ ਅਰਥ ਹੈ – ਪ੍ਰੇਮ ਅਤੇ 'Sophia' ਜਿਸ ਦਾ ਅਰਥ ਹੈ 'ਅਕਲ ਜਾਂ ਗਿਆਨ ਦੇ ਸੁਮੇਲ ਤੋਂ ਬਣਿਆ ਹੈ। ਇਸ ਲਈ ਫਿਲਾਸਫੀ ਦਾ ਅਰਥ ਹੈ – ਗਿਆਨ ਨਾਲ ਪ੍ਰੇਮ।[15]

ਉਮੇਸ਼ ਮਿਸ਼ਰ ਆਖਦੇ ਹਨ ਕਿ ਦਰਸ਼ਨ ਸ਼ਬਦ ਦਾ ਅਰਥ ਅੰਤਰ-ਦ੍ਰਿਸ਼ਟੀ ਹੈ। ਇਹ ਉਹ ਅਧਿਆਤਮਕ ਪ੍ਰਤੱਖ ਅਨੁਭਵ ਹੈ, ਜਿਸ ਵਿਚ ਕਿਸੇ ਸਚਾਈਂ ਦਾ ਸੰਪੂਰਨ ਤਤਕਾਲਿਕ ਗਿਆਨ ਪ੍ਰਾਪਤ ਹੁੰਦਾ ਹੈ।'[16]

ਦਰਸ਼ਨ ਦਾ ਪ੍ਰਯੋਜਨ ਜੀਵਨ ਅਤੇ ਜਗਤ ਦੀ ਤਰਕ ਸੰਗਤ ਵਿਆਖਿਆ ਕਰਨਾ ਹੈ। ਇਹ ਮਾਨਵ ਚੇਤਨਾ ਵਿਚ ਪ੍ਰਤੀਬਿੰਬਤ ਹੁੰਦੇ ਯਥਾਰਥ ਨੂੰ ਇਕ ਸਿਸਟਮ ਵਿਚ ਬੰਨ੍ਹ ਕੇ ਗ੍ਰਹਿਣ ਕਰਨ ਦਾ ਉਪਰਾਲਾ ਹੈ। ਮਨੁੱਖ ਪ੍ਰਕਿਰਤੀ ਦੇ ਜਿਸ ਵਿਰਾਟ ਖੇਤਰ ਦਾ ਵਾਸੀ ਹੈ, ਉਸ ਵਿਚ ਵਸਤਾਂ ਅਤੇ ਘਟਨਾਵਾਂ ਦਾ ਬਹੁ-ਵਿਸਥਾਰੀ ਖਿਲਾਰਾ ਪਿਆ ਹੋਇਆ ਹੈ। ਇਸ ਖਿਲਾਰੇ ਦੇ ਹੱਲ ਲਈ ਮਨੁੱਖ ਦੀ ਬੌਧਿਕਤਾ ਹੀ ਉਸ ਦਾ ਪਥ-ਪ੍ਰਦਰਸ਼ਕ ਬਣਦੀ ਹੈ। ਮਨੁੱਖ ਤਰਕ ਨੂੰ ਆਧਾਰ ਬਣਾ ਕੇ ਅਜਿਹਾ ਦ੍ਰਿਸ਼ਟੀਕੋਣ ਬਣਾ ਲੈਂਦਾ ਹੈ, ਜਿਸ ਨਾਲ ਯਥਾਰਥ ਦੀ ਦ੍ਰਿਸ਼ਟਮਾਨ ਅਵਿਵਸਥਾ ਸਾਰਥਕ ਪੈਟਰਨ ਦਾ ਰੂਪ ਧਾਰ ਲੈਂਦੀ ਹੈ। ਇਸ ਦਾ ਇਹ ਅਰਥ ਨਹੀਂ ਕਿ ਦਰਸ਼ਨ, ਵਿਸ਼ਵ ਰਚਨਾ ਦੇ ਹਕੀਕੀ ਸਰੂਪ ਦਾ ਨਿਰਪੱਖ ਗਿਆਨ ਹਾਸਿਲ ਕਰਨ ਵਿਚ ਸਹਾਈ ਹੁੰਦਾ ਹੈ, ਜਿਸ ਵਿਚ ਕਿਸੇ ਹੋਰ ਸੁਧਾਰ ਦੀ ਗੁੰਜਾਇਸ਼ ਨਹੀਂ ਹੁੰਦੀ। ਅਜਿਹਾ ਹੋਣਾ ਭਾਵੇਂ ਸ਼ਾਇਦ ਮਨੁੱਖ ਦੀ ਸ਼ਕਤੀ ਅਤੇ ਸਮਰੱਥਾ ਦੋਹਾਂ ਤੋਂ ਬਾਹਰ ਦੀ ਗੱਲ ਹੈ, ਪਰ ਦਰਸ਼ਨ ਯਤਨ, ਪ੍ਰਾਪਤ ਗਿਆਨ ਅਤੇ ਵਿਗਿਆਨ ਦੇ ਤੱਥਾਂ ਦੀ ਰੌਸ਼ਨੀ ਵਿਚ ਮਾਨਵ ਲਈ ਅਰਥਵਾਨ ਪਰਿਪੇਖ ਦਾ ਨਿਰਮਾਣ ਕਰਨ ਉੱਪਰ ਹੁੰਦਾ ਹੈ।

**ਪਰਮਾਤਮਾ (ਬ੍ਰਹਮ)**

ਪਰਮਾਤਮਾ, ਜਿਸ ਨੂੰ ਦਾਰਸ਼ਨਿਕਾਂ, ਮਹਾਤਮਾਵਾਂ, ਵਿਦਵਾਨਾਂ ਅਤੇ ਅਨੁਭਵੀ ਸਾਧਕਾਂ ਨੇ ਵੱਖੋ-ਵੱਖਰੇ ਨਾਵਾਂ[17] ਨਾਲ ਵਿਸ਼ੇਸ਼ਣਾਇਆ ਹੈ, ਨੂੰ ਜਾਣਨ ਦੀ ਚੇਸ਼ਟਾ ਮਨੁੱਖ ਨੂੰ ਯੁੱਗ ਯੁਗਾਂਤਰ ਤੋਂ ਰਹੀ ਹੈ। ਆਪੋ-ਆਪਣੀ ਯੋਗਤਾ, ਸਮਰੱਥਾ, ਪਹੁੰਚ ਅਤੇ ਪ੍ਰਾਪਤੀ ਅਨੁਸਾਰ ਉਨ੍ਹਾਂ ਨੇ ਉਸ ਦਾ ਸਰੂਪ ਨਿਰਧਾਰਿਤ ਕਰਨ ਅਤੇ ਉਸ ਦੀ ਅਕਥ ਕਥਾ ਨੂੰ ਕਥਨ ਦਾ ਯਤਨ ਕੀਤਾ ਹੈ। 'ਏਵਡੁ ਊਚਾ ਹੋਵੈ ਕੋਇ ਤਿਸ ਊਚੇ ਕੋ

ਜਾਣੇ ਸੋਇ'[18] ਦੇ ਮਹਾਂਵਾਕ ਅਨੁਸਾਰ ਉਸ ਪਰਮਤੱਤ ਨੂੰ ਜਾਣਨ ਲਈ ਉਸ ਜੇਡਾ ਹੀ ਉੱਚਾ ਹੋਣ ਦੀ ਜ਼ਰੂਰਤ ਹੈ। ਪ੍ਰਭੂ ਦੇ ਭਗਤਾਂ ਨੇ ਸੰਸਾਰਕ ਬੰਧਨਾਂ ਤੋਂ ਮੁਕਤੀ ਹਾਸਲ ਕਰਕੇ ਅਤੇ ਆਪਣੇ ਖਿਆਲ ਨੂੰ ਮੋਹ-ਮਾਇਆ ਵਿਚੋਂ ਕੱਢ ਕੇ ਬ੍ਰਹਮ ਨਾਲ ਇਕ ਵਿਅਕਤੀਗਤ ਨਾਤਾ ਜੋੜ ਕੇ ਜਿਹੜਾ ਧਰਮ ਅਨੰਦ ਮਾਣਿਆ ਅਤੇ ਜੋ ਕੁਝ ਖ਼ੁਦ ਮਹਿਸੂਸ ਕੀਤਾ, ਉਸ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ ਸੰਸਾਰ ਸਾਹਮਣੇ ਪੇਸ਼ ਕਰ ਦਿੱਤਾ। ਇਸੇ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਅਤੇ ਗੁਰੂ ਸਾਹਿਬਾਨ ਦਾ ਬ੍ਰਹਮ-ਨਿਰੂਪਣ ਨਿਰੋਲ ਅਨੁਭਵ-ਆਧਾਰਿਤ ਹੈ। ਡਾ. ਦਰਸ਼ਨ ਸਿੰਘ[19] ਲਿਖਦੇ ਹਨ ਕਿ 'ਗੁਰੂ ਸਾਹਿਬਾਨ ਦਾ ਬ੍ਰਹਮ ਸੰਕਲਪ ਆਪਣੇ ਪ੍ਰਤੱਖ ਅਨੁਭਵ 'ਤੇ ਆਧਾਰਿਤ ਹੈ। ਇਹ ਕਿਸੇ ਪ੍ਰਯੋਗਮੂਲਕ ਸਮੱਗਰੀ 'ਤੇ ਅਧਾਰਤ ਨਹੀਂ। ਬ੍ਰਹਮ ਦੀ ਅਨੁਭੂਤੀ ਸੰਬੰਧੀ ਵੱਖ-ਵੱਖ ਸਾਧਕਾਂ ਦਾ ਆਪੋ-ਆਪਣਾ ਦ੍ਰਿਸ਼ਟੀਕੋਣ ਹੈ। ਅਨੁਭੂਤੀ ਦੇ ਇਸ ਵੱਖਰੇਵੇਂ ਕਾਰਨ ਹੀ ਵੱਖ ਵੱਖ ਰਹੱਸਮਈ ਅਤੇ ਦਾਰਸ਼ਨਿਕ ਸਿਧਾਂਤ ਵਰਤੋਂ ਵਿਚ ਆਉਂਦੇ ਹਨ। ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ ਕਿ "ਆਦਿ ਕਾਲ ਸੇ ਮਨੁਸ਼ਯ ਨੇ ਉਪਾਸਨਾ ਕੇ ਲਿਯੇ ਕਿਸੀ ਨ ਕਿਸੀ ਰੂਪ ਮੇਂ ਪਰਮਸੱਤ ਕੀ ਕਲਪਨਾ ਪ੍ਰਾਰੰਭ ਕਰ ਦੀ ਥੀ, ਯਹ ਕਲਪਨਾ ਸਮਯ, ਸਥਾਨ ਕੇ ਭੇਦ ਕੇ ਕਾਰਣ ਅਲਗ ਅਲਗ ਦਿਸ਼ਾਯੋਂ ਮੇਂ ਵਿਕਸਿਤ ਹੋਤੀ ਰਹੀ। ਬ੍ਰਹਮ ਕੇ ਨਾਮ ਔਰ ਸਵਰੂਪ ਸੰਬੰਧੀ ਧਾਰਨਾ ਔਰ ਉਸ ਕੀ ਉਪਾਸਨਾ-ਵਿਧਿਯੋਂ ਕੇ ਕਸ਼ੱਤਰ ਮੇਂ ਸਦੇਵ ਪਰਿਵਰਤਨ ਹੋਤੇ ਰਹੇ। ਪ੍ਰਤਯੇਕ ਮਹਾਨ ਪੁਰਸ਼ ਨੇ ਆਪਨੇ ਅਨੁਭਵ ਔਰ ਵਿਸ਼ਾਸ਼ ਕੇ ਸ਼ੀਸ਼ੇ ਸੇ ਔਰ ਆਪਣੀ ਭਾਵਨਾ ਕੇ ਰੰਗ ਮੇਂ ਰੰਗੀ ਦ੍ਰਿਸ਼ਟਿ ਸੇ ਪਰਮਸੋਤ ਕੋ ਦੇਖਨੇ ਕਾ ਯਤਨ ਕੀਯਾ। ਇਸੀ ਲਿਯੇ ਵੇਦੋਂ ਸੇ ਲੇਕਰ ਸੰਤ ਸਾਹਿਤਯ ਤਕ ਬ੍ਰਹਮ ਕਾ ਅਨੇਕ ਨਾਮੋਂ ਔਰ ਰੂਪੋਂ ਦੁਵਾਰਾ ਵਿਵੇਚਨ ਹੋਤਾ ਆਯਾ ਹੈ।"[20]

ਬ੍ਰਹਮ-ਨਿਰੂਪਣ ਦੇ ਭਾਰਤੀ ਇਤਿਹਾਸ ਦਾ ਅਧਿਐਨ ਕਰਨ ਤੇ ਸਪਸ਼ਟ ਹੁੰਦਾ ਹੈ ਕਿ ਵੇਦਾਂ ਦੇ ਯੁੱਗ ਤੋਂ ਦੱਖਣ ਦੇ ਭਗਤੀ-ਆਚਾਰੀਆਂ ਦੇ ਸਮੇਂ ਤੱਕ ਪਰਮਸੱਤਾ ਬਾਰੇ ਅਨੇਕ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਹੋਇਆ ਹੈ। ਕਦੇ ਬਹੁ-ਦੇਵਤਾਵਾਦ ਦਾ ਯੁੱਗ ਆਇਆ; ਕਦੇ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਸਵੀਕਾਰ ਕੀਤਾ ਗਿਆ ਅਤੇ ਕਦੇ ਉਸ ਦੇ ਸਰਗੁਣ ਨੂੰ ਸਵੀਕਾਰਿਆ ਗਿਆ। ਇਸ ਸੰਬੰਧੀ ਕਿਸੇ ਵਿਸਥਾਰ ਵਿਚ ਜਾਣਾ ਤਾਂ ਅਪ੍ਰਸੰਗਿਕ ਹੋਵੇਗਾ, ਪ੍ਰੰਤੂ ਸਿੱਟੇ ਵਜੋਂ ਜੋ ਤੱਥ ਸਾਹਮਣੇ ਆਉਂਦੇ ਹਨ, ਉਨ੍ਹਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਬ੍ਰਹਮ ਦੀ ਏਕਤਾ ਲਗਭਗ ਸਭ ਵਿਚ ਸਵੀਕਾਰ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਲਿਤ ਭਗਤ ਬਾਣੀ ਵਿਚ ਪਰਮਤੱਤ ਸੰਬੰਧੀ ਵਿਚਾਰ ਦ੍ਰਿਸ਼ਟੀਗੋਚਰ ਹਨ। ਭਗਤ ਕਬੀਰ ਜੀ ਨੇ ਸਪਸ਼ਟ ਆਖਦੇ ਹਨ:

"ਲੋਗੁ ਜਾਨੈ ਇਹੁ ਗੀਤੁ ਹੈ।
ਇਹੁ ਤਉ ਬ੍ਰਹਮ ਬੀਚਾਰ।"[21]

ਭਗਤ ਕਬੀਰ, ਭਗਤ ਰਵਿਦਾਸ ਅਤੇ ਦੂਸਰੇ ਭਗਤਾਂ ਦੀ ਬਾਣੀ ਇਸ ਗੱਲ ਦੀ ਗਵਾਹ ਹੈ ਕਿ ਉਨ੍ਹਾਂ ਨੂੰ ਲਗਭਗ ਸਭ ਪੂਰਵ-ਪ੍ਰਚਲਿਤ ਮਤਾਂ, ਧਰਮ-ਸਾਧਨਾਵਾਂ ਅਤੇ ਭਗਤੀ-ਪੱਧਤੀਆਂ ਦੀ ਜਾਣਕਾਰੀ ਸੀ। ਇਸ

ਦਾ ਅਰਥ ਇਹ ਵੀ ਨਹੀਂ ਕਿ ਉਨ੍ਹਾਂ ਨੇ ਕਿਸੇ ਇਕ ਵਾਦ ਪ੍ਰਣਾਲੀ ਜਾਂ ਵਿਚਾਰਧਾਰਿਕ ਸਕੂਲ ਨੂੰ ਜਿਉਂ ਦਾ ਤਿਉਂ ਅਪਣਾ ਲਿਆ, ਸਗੋਂ ਇਸ ਤੋਂ ਭਾਵ ਹੈ ਕਿ ਆਪਣੇ ਵਿਅਕਤੀਗਤ ਅਨੁਭਵ ਤੇ ਭਗਤੀ ਦੀ ਖੇਤੀ ਨਾਲ ਇਹ ਭਗਤ ਪਹਿਲੀਆਂ ਵਿਚਾਰਧਾਰਾਵਾਂ ਤੋਂ ਜਾਣੂ ਹੁੰਦਿਆਂ ਹੋਇਆ ਅਤੇ ਉਨ੍ਹਾਂ ਨਾਲ ਵਿਚਾਰਧਾਰਿਕ ਸਮਾਨਤਾ ਰੱਖਦਿਆਂ ਹੋਇਆ ਵੀ ਇਕ ਵਿਲੱਖਣ ਅਤੇ ਨਿਵੇਕਲੀ ਹੋਂਦ ਦੇ ਸੁਆਮੀ ਸਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਉਨ੍ਹਾਂ ਦੀ ਸ੍ਵੈ-ਅਨੁਭੂਤੀ ਦੀ ਉਪਜ ਸੀ।

ਭਗਤ ਕਬੀਰ ਜੀ ਨੇ ਪਰਮਾਤਮਾ ਨੂੰ ਅੰਤਮ ਸੱਚ ਮੰਨਿਆ ਹੈ। ਉਹ ਬ੍ਰਹਮ ਪੰਜੇ ਵਿਕਾਰਾਂ ਤੋਂ ਮੁਕਤ ਹੈ ਅਤੇ ਅਜੂਨੀ ਹੋਣ ਕਰਕੇ ਉਹ ਜਨਮ ਮਰਨ ਦੇ ਚੱਕਰਾਂ ਵਿਚ ਨਹੀਂ ਪੈਂਦਾ। ਆਪ ਜੀ ਨੇ ਫਰਮਾਇਆ ਹੈ:

"ਸੰਕਟਿ ਨਹੀ ਪਰੈ ਜੋਨਿ ਨਹੀ ਆਵੈ,
ਨਾਮੁ ਨਿਰੰਜਨ ਜਾ ਕੋ ਰੇ।
ਕਬੀਰ ਕੋ ਸੁਆਮੀ ਐਸੋ ਠਾਕੁਰੁ;
ਜਾ ਕੈ ਮਾਈ ਨ ਬਾਪੋ ਰੇ।"[22]

**ਜਗਤ**

ਕਾਦਰ ਦੀ ਕੁਦਰਤ ਨੂੰ 'ਸ੍ਰਿਸਟੀ[23]/ਸਿਰਠੀ ਅਤੇ ਬ੍ਰਹਿਮੰਡ'[24] ਦਾ ਨਾਂ ਦਿੱਤਾ ਗਿਆ ਹੈ। ਜਿਸ ਗ੍ਰਹਿ 'ਤੇ ਅਸੀਂ ਵਿਚਰ ਰਹੇ ਹਾਂ ਅਰਥਾਤ ਜਿਸ ਤੱਕ ਮਨੁੱਖ ਦੀ ਸਿੱਧੀ ਪਹੁੰਚ ਹੈ ਉਹ ਜਗਤ ਜਾਂ ਸੰਸਾਰ[25] ਅਖਵਾਉਂਦਾ ਹੈ। ਇੰਞ, ਦ੍ਰਿਸ਼ਟਮਾਨ ਜਗਤ, ਪਰਮਤੱਤ ਦੇ ਅਥਾਹ ਪਸਾਰੇ[26] ਵਿਚੋਂ, ਇਕ ਇਕਾਈ ਹੈ ਕਿਉਂਕਿ ਇਹੋ-ਜਿਹੀਆਂ ਅਣਗਣਿਤ ਹੋਰ ਇਕਾਈਆਂ (ਧਰਤੀਆਂ ਅਤੇ ਗ੍ਰਹਿ) ਇਸ ਬ੍ਰਹਿਮੰਡ ਵਿਚ ਮੌਜੂਦ ਹਨ।[27] ਜਗਤ ਵਿਚ ਪੰਜ ਤੱਤ ਵਿਦਮਾਨ ਹਨ। ਜਿਵੇਂ ਧਰਤੀ, ਪਾਣੀ, ਅਗਨੀ, ਹਵਾ ਅਤੇ ਅਕਾਸ਼। ਇਹੋ ਵੱਖੋ-ਵੱਖਰੇ ਰੂਪ ਵਿਚ ਵੀ ਮੌਜੂਦ ਹਨ। ਉਸ ਵੇਲੇ ਇਹ ਨਿਰਜਿੰਦ ਅਸਲੀਅਤਾਂ ਹਨ। ਆਪਸ ਵਿਚ ਰਲ ਮਿਲ ਕੇ ਇਹ ਜਿਉਂਦੀਆਂ ਜਾਗਦੀਆਂ ਅਸਲੀਅਤਾਂ ਨੂੰ ਜਨਮ ਦਿੰਦੇ ਹਨ। ਪੰਜਾਂ ਤੱਤਾਂ ਨੂੰ ਮਿਲਾਉਣ ਅਤੇ ਨਿਖੇੜਨ ਦੀ ਜੁਗਤੀ ਕੇਵਲ ਬ੍ਰਹਮ ਕੋਲ ਹੈ। ਇਨ੍ਹਾਂ ਪੰਜ ਤੱਤਾਂ ਦੇ ਸੁਮੇਲ ਤੋਂ ਜੀਵ ਆਤਮਾ ਦਾ ਜਨਮ ਹੁੰਦਾ ਹੈ।[28]

ਜਗਤ ਆਦਿ ਕਾਲ ਤੋਂ ਹੀ ਮਨੁੱਖ ਦੀ ਜਗਿਆਸਾ ਦਾ ਇਕ ਪ੍ਰਮੁੱਖ ਵਿਸ਼ਾ ਬਣਿਆ ਰਿਹਾ ਹੈ। ਇਸ ਦੀ ਉਤਪਤੀ ਕਦੋਂ ਤੇ ਕਿਵੇਂ ਹੋਈ? ਇਸ ਦਾ ਸਰੂਪ ਕੀ ਹੈ? ਇਸ ਦਾ ਪ੍ਰਬੰਧ ਚਲਾਉਣ ਵਾਲੀ ਸ਼ਕਤੀ ਕੀ ਹੈ? ਇਸ ਦਾ ਅੰਤ ਕਿਹੋ ਜਿਹਾ ਹੋਵੇਗਾ? ਆਦਿ ਪ੍ਰਸ਼ਨ ਮਨੁੱਖੀ ਮਨ ਅੰਦਰ ਪੈਦਾ ਹੁੰਦੇ ਰਹੇ ਹਨ। ਵਿਭਿੰਨ ਸਮਿਆਂ ਵਿਚ ਸੰਤ, ਮਹਾਤਮਾ, ਗੁਰੂਆਂ, ਪੀਰਾਂ ਫਕੀਰਾਂ, ਰਿਸ਼ੀਆਂ, ਮੁਨੀਆਂ, ਵਿਦਵਾਨਾਂ ਅਤੇ ਚਿੰਤਕਾਂ ਨੇ ਇਨ੍ਹਾਂ ਪ੍ਰਸ਼ਨਾਂ ਦੇ ਹੱਲ ਲਈ ਆਪਣੇ ਗਿਆਨ ਅਤੇ ਅਨੁਭਵ ਰਾਹੀਂ ਆਪਣੇ ਵਿਚਾਰ ਵਿਅਕਤ ਕੀਤੇ ਹਨ। ਜਗਤ ਰਚਨਾ ਸੰਬੰਧੀ ਸਾਰੇ ਦਾਰਸ਼ਨਿਕ ਇਕ ਮੱਤ ਨਹੀਂ ਹਨ।

ਵਿਭਿੰਨ ਧਾਰਮਿਕ ਗ੍ਰੰਥਾਂ ਵਿਚ ਜਗਤ ਦੀ ਉਤਪਤੀ ਸੰਬੰਧੀ ਵੇਰਵੇ ਮਿਲਦੇ ਹਨ। ਵੇਦਾਂ ਵਿਚ ਵੀ ਇਸ ਸੰਬੰਧੀ ਜ਼ਿਕਰ ਕੀਤਾ ਗਿਆ ਹੈ। ਵੇਦਾਂ ਵਿਚ ਇਕ ਪ੍ਰਜਾਪਤੀ ਦੀ ਉਦਭਾਵਨਾ ਕੀਤੀ ਗਈ ਹੈ, ਜਿਸ ਦਾ ਸਰੀਰ ਨਸ਼ਟ ਹੋਣ ' ਤੇ ਅੰਨ ਪੈਦਾ ਕਰਨ ਦੀ ਕਲਪਨਾ ਕੀਤੀ ਗਈ ਹੈ।[29] ਰਿਗਵੇਦ ਦੇ ਸੂਤਕ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਸ੍ਰਿਸਟੀ ਦੇ ਆਰੰਭ ਵਿਚ ਇਕ ਕੋਈ ਅਵਿਅਕਤ ਚੇਤਨ ਸੀ, ਜਿਸ ਤੋਂ ਕਾਲ-ਅੰਤਰ ਵਿਚ ਸ੍ਰਿਸਟੀ ਦੀ ਅਭਿਵਿਅਕਤੀ ਹੋਈ। ਉਸ ਅਵਿਅਕਤ ਚੇਤੰਨ ਨੂੰ 'ਤਪਸ' ਕਿਹਾ ਗਿਆ ਹੈ। ਅਸਲ ਵਿਚ ਇਹ ਸ਼ਕਤੀ ਸਰਬ-ਵਿਆਪੀ ਹੈ। ਇਸ ਤੋਂ ਗਿਆਨ ਸ਼ਕਤੀ, ਇੱਛਾ ਸ਼ਕਤੀ ਤੇ ਕ੍ਰਿਆ ਸ਼ਕਤੀ ਦੀ ਅਭਿਵਿਅਕਤੀ ਹੁੰਦੀ ਹੈ।[30]

ਭਗਤ ਕਬੀਰ ਜੀ ਇਸ ਜਗਤ ਦੀ ਉਤਪਤੀ ਦਾ ਕਾਰਨ ਇਕ ਓਅੰਕਾਰ ਨੂੰ ਮੰਨਦੇ ਹਨ। ਉਨ੍ਹਾਂ ਦਾ ਇਹ ਦ੍ਰਿਸ਼ਟੀਕੋਣ ਉਪਨਿਸ਼ਦਾਂ ਵਾਲਾ ਹੈ। ਭਗਤ ਕਬੀਰ ਜੀ ਦਾ ਕਥਨ ਹੈ:

"ਏਕ ਨੂਰ ਤੇ ਸਭੁ ਜਗੁ ਉਪਜਿਆ।"[31]

ਭਗਤ ਕਬੀਰ ਜੀ ਸਾਰੇ ਜਗਤ ਨੂੰ ਪੂਰਨ ਰੂਪ ਵਿਚ ਬ੍ਰਹਮ ਦਾ ਪਸਾਰਾ ਮੰਨਦੇ ਹਨ:

"ਓਇ ਜੁ ਦੀਸਹਿ ਅੰਬਰਿ ਤਾਰੇ,
ਕਿਨਿ ਓਇ ਚੀਤੇ ਚੀਤਨਹਾਰੇ।
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ।
ਬੂਝੈ ਬੂਝਨਹਾਰ ਸਭਾਗਾ। ਰਹਾਉ।
ਸੂਰਜ ਚੰਦੁ ਕਰਹਿ ਉਜੀਆਰਾ,
ਸਭ ਮਹਿ ਪਸਰਿਆ ਬ੍ਰਹਮ ਪਸਾਰਾ।"[32]

ਗੁਰਬਾਣੀ ਵਿਚ ਸ੍ਰਿਸਟੀ ਦੀ ਉਤਪਤੀ ਦੇ ਕਾਰਨਾਂ ਨੂੰ ਬੜੇ ਵਿਗਿਆਨਕ ਢੰਗ ਨਾਲ ਪ੍ਰਗਟਾਇਆ ਗਿਆ ਹੈ:

"ਅਰਬਦ ਨਰਬਦ ਧੁੰਧੂਕਾਰਾ।
ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨ ਰੈਣਿ ਨ ਚੰਦ ਸੂਰਜੁ,
ਸੁੰਨ ਸਮਾਧਿ ਲਗਾਇਦਾ। ੧।
ਖਾਣੀ ਨ ਬਾਣੀ ਪਉਣ ਨ ਪਾਣੀ।
ਓਪਤਿ ਖਪਤਿ ਨ ਆਵਣ ਜਾਣੀ।
ਖੰਡ ਪਤਾਲ ਸਪਤ ਨਹੀ ਸਾਗਰ,
ਨਦੀ ਨ ਨੀਰੁ ਵਹਾਇਦਾ।"[33]

**ਮਾਇਆ ਦਾ ਸੰਕਲਪ**

ਭਾਰਤੀ ਅਧਿਆਤਮਕ ਖੇਤਰ ਵਿਚ ਮਾਇਆ ਦਾ ਸਿਧਾਂਤ ਪ੍ਰਮੁੱਖ ਵਿਸ਼ੇਸ਼ਤਾ ਰੱਖਦਾ ਹੈ। ਮਾਇਆ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਵੈਦਿਕ ਸਾਹਿਤ ਵਿਚ ਮਿਲਦੀ ਹੈ। ਰਿਗਵੇਦ ਵਿਚ ਸੰਤਾਂ ਨੇ ਪਤੰਗ ਰੂਪੀ ਜੀਵਾਤਮਾ ਨੂੰ ਆਸੁਰੀ ਨਾਲ ਓਤਪੋਤ ਦਰਸਾਇਆ ਹੈ। ਇਸ ਗ੍ਰੰਥ ਵਿਚ ਮਾਇਆ ਦਾ ਵਰਨਣ ਇੰਦਰ ਦੀ ਅਨੇਕ ਰੂਪ ਧਾਰਣੀ ਸ਼ਕਤੀ ਦੇ ਅਰਥਾਂ ਵਿਚ ਕਰਦਿਆਂ ਕਿਹਾ ਹੈ ਕਿ ਮਾਇਆ ਦੁਆਰਾ ਇੰਦਰ ਅਨੇਕ ਰੂਪ ਧਾਰਣ ਕਰਕੇ ਜ਼ਜਮਾਨ ਪਾਸ ਜਾਂਦਾ ਹੈ।[34] ਰਿਗਵੇਦ ਦੀ ਨਿਆਈਂ ਉਪਨਿਸ਼ਦਾਂ ਵਿਚ ਵੀ ਮਾਇਆ ਦਾ ਵਰਨਣ ਇੰਦਰ ਦੀ ਅਨੇਕ ਰੂਪ ਧਾਰਣੀ ਰਹੱਸਮਈ ਸ਼ਕਤੀ ਦੇ ਅਰਥ ਵਿਚ ਕੀਤਾ ਗਿਆ ਹੈ।[35]

ਗੀਤਾ ਵਿਚ ਮਾਇਆ ਦਾ ਅਵਿਦਿਆ, ਭਰਮ ਅਤੇ ਪ੍ਰਕਿਰਤੀ ਰੂਪ ਵਿਚ ਵਰਨਣ ਕੀਤਾ ਗਿਆ ਹੈ। ਇਸ ਨੂੰ ਕ੍ਰਿਸ਼ਨ ਦੀ ਸ਼ਕਤੀ ਮੰਨਿਆ ਗਿਆ ਹੈ। ਗੀਤਾ ਅਨੁਸਾਰ ਤਿੰਨ ਗੁਣਾਂ ਰਜੋ, ਤਪੋ, ਸਤੋ, ਰਾਗ ਦਵੈਸ ਆਦਿ ਵਿਕਾਰਾਂ ਅਤੇ ਸੰਪੂਰਨ ਵਿਸ਼ਿਆਂ ਤੋਂ ਇਹ ਸਾਰਾ ਸੰਸਾਰ ਮੋਹਿਤ ਹੋਇਆ। ਅਗਿਆਨਵਸ ਮਨੁੱਖ ਨਿਰਗੁਣ ਤੱਤ ਨੂੰ ਨਹੀਂ ਪਛਾਣਦਾ। ਜੋ ਜੀਵ ਪਰਮਾਤਮਾ ਨੂੰ ਯਾਦ ਕਰਦੇ ਹਨ, ਉਹ ਮਾਇਆ ਤੋਂ ਦੂਰ ਰਹਿ ਕੇ ਇਸ ਸੰਸਾਰ ਤੋਂ ਪਾਰ ਹੋ ਜਾਂਦੇ ਹਨ।[36]

ਬੋਧ ਦਰਸ਼ਨ ਅਨੁਸਾਰ ਮਾਇਆ ਦੇ ਭਿੰਨ-ਭਿੰਨ ਰੂਪ ਮਿਲਦੇ ਹਨ। ਪ੍ਰਾਚੀਨ ਪਾਲੀ ਬੋਧ ਲੇਖਾਂ ਵਿਚ ਮਾਇਆ ਸ਼ਬਦਾਂ ਦੀ ਵਰਤੋਂ ਛਲ ਅਤੇ ਕਪਟ ਦੇ ਅਰਥਾਂ ਵਿਚ ਮਿਲਦੀ ਹੈ।[37]

ਨਾਥ ਸੰਪਰਦਾਇ ਵਿਚ ਮਾਇਆ ਤੱਤ ਦਾ 'ਸ਼ਕਤੀ' ਦੇ ਰੂਪ ਵਿਚ ਵਰਨਣ ਕੀਤਾ ਗਿਆ ਹੈ। ਨਾਥ ਮਤ ਅਨੁਸਾਰ ਪਰਮ ਸ਼ਿਵ ਨੂੰ ਜਦੋਂ ਸ੍ਰਿਸਟੀ ਰਚਨ ਦੀ ਇੱਛਾ ਹੁੰਦੀ ਹੈ ਤਾਂ ਇੱਛਾ ਯੁਕਤ ਹੋਣ ਦੇ ਕਾਰਨ ਉਸ ਨੂੰ ਸਰਗੁਣ ਸ਼ਿਵ ਕਿਹਾ ਜਾਂਦਾ ਹੈ। ਪਰਮ ਸ਼ਿਵ ਦੀ ਇਹ ਸ੍ਰਿਸਟੀ ਰਚਣ ਦੀ ਇੱਛਾ ਹੀ ਸ਼ਕਤੀ ਹੈ।[38]

ਗੁਰਮਤਿ ਅਨੁਸਾਰ ਮਾਇਆ ਉਸ ਸ਼ਕਤੀ ਦਾ ਨਾਮ ਹੈ, ਜੋ ਜੀਵ ਨੂੰ ਪਰਮਾਤਮਾ ਤੋਂ ਨਿਖੇੜਦੀ ਹੈ। ਜੀਵ ਵਿਚ ਅਵਿਦਿਆ ਅਤੇ ਅਗਿਆਨਤਾ ਦਾ ਕਾਰਨ ਵੀ ਇਹੀ ਹੈ। ਅਸਲ ਵਿਚ ਇਹ ਕੋਈ ਵੱਖਰੀ ਸੱਤਾ ਨਹੀਂ ਹੈ, ਖ਼ੁਦ ਬ੍ਰਹਮ ਹੀ ਇਸ ਦਾ ਨਿਰਮਾਤਾ ਹੈ।[39] ਭਾਰਤੀ ਅਧਿਆਤਮਕ ਸਾਹਿਤ ਵਿਚ ਇਸ ਸ਼ਕਤੀ ਨੂੰ ਚਿੰਤਕਾਂ ਤੇ ਵਿਦਵਾਨਾਂ ਨੇ ਵੱਖ-ਵੱਖ ਨਾਂ ਦਿੱਤੇ ਹਨ। ਸੰਤ ਕਵੀਆਂ ਨੇ ਵੀ ਇਸ ਨੂੰ ਮਾਇਆ ਦਾ ਨਾਂ ਦਿੱਤਾ ਹੈ। ਉਹ ਪਰਮਾਤਮਾ ਦੀ ਹੀ ਸ਼ਕਤੀ ਹੈ। ਮਾਇਆ ਸੰਬੰਧੀ ਆਦਿ ਗ੍ਰੰਥ ਵਿਚ ਦਰਜ ਹੈ:

"ਏਹ ਮਾਇਆ ਜਿਤੁ ਹਰਿ ਵਿਸਰੈ,
ਮੋਹੁ ਉਪਜੈ ਭਾਉ ਦੂਜਾ ਲਾਇਆ।"[40]

ਦੋ ਵੱਖ-ਵੱਖ ਰੂਪਾਂ ਦਾ ਵਰਨਣ ਕਰਦੇ ਹੋਏ ਉਸ ਦੇ ਭਿਆਨਕ ਸਿੱਟਿਆਂ ਤੋਂ ਸੁਚੇਤ ਕਰਕੇ ਜੀਵਾਂ ਨੂੰ ਪਰਮਾਤਮਾ ਦੀ ਭਜਨ ਬੰਦਗੀ ਕਰਨ ਦੀ ਪ੍ਰੇਰਣਾ ਦਿੱਤੀ ਹੈ।

**ਜੀਵਨ-ਮੁਕਤੀ**

ਪ੍ਰਭੂ ਭਗਤੀ ਦੁਆਰਾ ਸਦਾ-ਅਨੰਦ ਦੀ ਅਵਸਥਾ ਵਿਚ ਰਹਿਣ ਵਾਲੇ ਬੰਧਨ ਮੁਕਤ ਮਨੁੱਖ ਨੂੰ ਜੀਵਨ ਮੁਕਤ ਦਾ ਨਾਂ ਦਿੱਤਾ ਜਾ ਸਕਦਾ ਹੈ। ਜਿਉਂਦੇ ਜੀਅ ਮਰਨਾ ਇਸ ਦਾ ਦੂਸਰਾ ਨਾਂ ਜਿਵੇਂ 'ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ'।[41] ਜਿਉਂਦਿਆਂ ਮਰਨ ਦਾ ਭਾਵ ਪ੍ਰਭੂ ਦਾ ਨਾਮ ਸਿਮਰਨ ਅਤੇ ਪ੍ਰਭੂ ਭਗਤੀ ਦੁਆਰਾ ਵਿਸ਼ੇ-ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕਰ ਲੈਣਾ ਹੈ। ਜਿਸ ਮਨੁੱਖ ਨੇ ਜਿਉਂਦੇ ਜੀਅ ਆਪਣੇ-ਆਪ ਨੂੰ ਮਾਰ ਲਿਆ ਹੈ, ਸੁਭਾਵਿਕ ਹੀ ਉਹ ਮਨੁੱਖ ਜੀਵਨ ਮੁਕਤ ਹੋ ਨਿਬੜਦਾ ਹੈ। ਭਗਤ ਬਾਣੀ ਵਿਚ ਇਸ ਦੇ ਸਪਸ਼ਟ ਉਦਾਹਰਣ ਪ੍ਰਾਪਤ ਹੁੰਦੇ ਹਨ:

"ਜੋ ਜੀਵਨ ਮਰਨਾ ਜਾਨੈ।। ਸੋ ਪੰਚ ਸੈਲ ਸੁਖ ਮਾਨੈ।"[42]

**ਜੀਵ**

ਮਾਇਆ-ਲਿਪਤ ਆਤਮਾ ਜੀਵ ਅਖਵਾਉਂਦੀ ਹੈ। ਆਤਮਾ ਅਤੇ ਜੀਵ ਵਿਚ ਕੋਈ ਤਾਤਵਿਕ ਭਿੰਨਤਾ ਨਹੀਂ ਹੁੰਦੀ। ਇਨ੍ਹਾਂ ਵਿਚ ਜਿਹੜੀ ਵੱਖਰਤਾ ਦ੍ਰਿਸ਼ਟੀਗੋਚਰ ਹੈ, ਉਹ ਮਾਇਆ ਦੇ ਪ੍ਰਭਾਵ ਕਾਰਨ ਹੈ। ਜਦੋਂ ਤਕ ਇਹ ਸ਼ੁੱਧ ਅਤੇ ਮੁਕਤ ਰੂਪ ਵਿਚ ਰਹਿੰਦੀ ਹੈ ਤਾਂ ਆਤਮਾ ਕਹਿਲਾਉਂਦੀ ਹੈ। ਇਸ ਪ੍ਰਕਾਰ ਜੀਵ-ਆਤਮਾ ਜਦੋਂ ਆਪਣੀ ਅਸਲੀਅਤ ਨੂੰ ਭੁੱਲ ਕੇ ਆਪਣਾ ਇਕ ਵੱਖਰਾ ਅਸਤਿਤਵ ਸਮਝਣ ਲੱਗ ਜਾਂਦੀ ਹੈ ਤਾਂ ਇਹ ਜੀਵ ਰੂਪ ਵਿਚ ਪਰਿਵਰਤਿਤ ਹੋ ਜਾਂਦੀ ਹੈ। ਮੋਹ ਮਾਇਆ ਤੋਂ ਨਿਰਲੇਪ ਹੋ ਕੇ ਅਤੇ ਪ੍ਰਭੂ ਦੀ ਭਗਤੀ ਨਾਲ ਇਹ ਜੀਵ ਦੋਬਾਰਾ ਆਤਮ-ਰੂਪ ਨੂੰ ਪ੍ਰਾਪਤ ਕਰ ਸਕਦਾ ਹੈ।

ਕਈ ਵਾਰ 'ਜੀਵ' ਤੋਂ ਭਾਵ ਕੇਵਲ ਮਨੁੱਖੀ ਜੀਵ ਲੈ ਲਿਆ ਜਾਂਦਾ ਹੈ, ਪ੍ਰੰਤੂ ਗੁਰਮਤ ਅਨੁਸਰ ਜੀਵ ਦੇ ਅਰਥ ਬਹੁਤ ਵਿਸ਼ਾਲ ਹਨ। ਗੁਰਬਾਣੀ ਵਿਚ 'ਜੀਵ' ਤੋਂ ਭਾਵ ਸ੍ਰਿਸਟੀ ਵਿਚ ਮੌਜੂਦ ਸਭ ਜੀਵ ਹਨ, ਜਿਸ ਨੂੰ ਭਗਤ ਰਵਿਦਾਸ ਜੀ ਨੇ 'ਚਾਰ ਖਾਣੀ' ਦਾ ਨਾਂ ਦਿੱਤਾ ਹੈ। ਉਨ੍ਹਾਂ ਅਨੁਸਾਰ:

"ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ।"[43]

ਜਗਤ ਦੇ ਸਮੂਹ ਜੀਵਾਂ ਦੀ ਪੈਦਾਇਸ਼ ਚਾਰ ਸ੍ਰੋਤਾਂ ਤੋਂ ਸਵਿਕਾਰੀ ਜਾਂਦੀ ਹੈ। ਅਰਥਾਤ ਉਤਪਤੀ ਸਥਾਨ ਕਾਰਨ ਜੀਵ ਚਾਰ ਸ਼੍ਰੇਣੀਆਂ ਵਿਚ ਰੱਖੇ ਗਏ ਹਨ। ਜਿਵੇਂ ਅੰਡੇ ਤੋਂ ਪੈਦਾ ਹੋਣ ਵਾਲੇ ਜੀਵ ਅੰਡਜ, ਜਿਓਰ ਤੋਂ ਪੈਦਾ ਹੋਣ ਵਾਲੇ ਜੀਵ 'ਜੇਰਜ' ਮੁੜਕੇ ਨਾਲ ਉਪਜਣ ਵਾਲੇ ਜੀਵ 'ਸੇਤਜ' ਅਤੇ ਧਰਤੀ ਚੋਂ ਪਾਣੀ ਨਾਲ, ਉਤਪਨ ਹੋਣ ਵਾਲੇ ਜੀਵ ਉਤਭੁਜ ਅਖਵਾਉਂਦੇ ਹਨ। ਇਸ ਪ੍ਰਕਾਰ, ਵਿਚਾਰ ਅਧੀਨ ਬਾਣੀ ਵਿਚ ਮੌਜੂਦ 'ਚਾਰੇ ਖਾਣੀ' ਪਦ ਸੰਸਾਰ ਦੇ ਸਾਰੇ ਜੀਵਾਂ ਦਾ ਬੋਧਕ ਹੈ।

ਭਗਤ ਕਬੀਰ ਜੀ ਅਨੁਸਾਰ ਵੀ ਨਾਮ ਜੀਵਨ ਦਾ ਅਧਾਰ ਹੈ ਅਤੇ ਪ੍ਰਭੂ ਦਾ ਨਾਮ ਤਨ ਤੇ ਧਨ ਤੋਂ ਵੀ ਪਿਆਰਾ ਹੈ। ਸਾਰੀਆਂ ਦੁਨਿਆਵੀ ਸ਼ਕਤੀਆਂ ਨਾਮ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਕੋਈ ਵੀ ਥਾਂ ਪ੍ਰਭੂ ਦੇ ਨਾਮ ਤੋਂ ਖਾਲੀ ਨਹੀਂ ਹੈ ਅਤੇ ਨਾਮ ਸਿਮਰਨ ਨਾਲ ਬੁੱਧੀ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ।

ਭਗਤ ਰਵਿਦਾਸ ਜੀ ਦਾ ਮੱਤ ਹੈ ਕਿ ਨਾਮ ਦੁਆਰਾ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਕਲਿਯੁਗ ਵਿਚ ਕੇਵਲ ਪ੍ਰਭੂ ਦਾ ਨਾਮ ਹੀ ਜੀਵਾਂ ਦਾ ਆਧਾਰ ਹੋ ਸਕਦਾ ਹੈ। ਨਾਮ ਪਾਪਾਂ ਦਾ ਨਾਸ਼ ਕਰਨ ਵਾਲਾ ਤੇ ਸਦੀਵੀ ਹੈ ਅਤੇ ਪ੍ਰਭੂ ਦੇ ਨਾਮ ਤੋਂ ਬਿਨਾਂ ਬਾਕੀ ਸਾਰਾ ਪਸਾਰਾ ਝੂਠਾ ਹੈ। ਭਗਤ ਕਬੀਰ ਜੀ ਦਾ ਮੱਤ ਹੈ ਕਿ ਪ੍ਰਭੂ ਦੇ ਨਾਮ ਦੀ ਕੀਮਤ ਨਹੀਂ ਪਾਈ ਜਾ ਸਕਦੀ। ਨਾਮ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਪ੍ਰਭੂ ਦਾ ਨਾਮ ਹੀਰਾ, ਜਵਾਹਰ ਹੈ ਅਤੇ ਨਾਮ ਦੁਆਰਾ ਹੀ ਜਨਮ ਮਰਨ ਦੇ ਬੰਧਨਾਂ ਤੋਂ ਛੁਟਕਾਰਾ ਮਿਲਦਾ ਹੈ।

ਭਗਤ ਕਬੀਰ ਜੀ ਅਨੁਸਾਰ ਨਾਮ ਦਾ ਮਹਾਤਮ ਬਹੁਤ ਅਧਿਕ ਹੈ। ਦੋਵੇਂ ਚਿੰਤਕਾਂ ਨੇ ਪ੍ਰਭੂ ਦੀ ਪ੍ਰਾਪਤੀ, ਮੁਕਤੀ, ਕਮਾਦਿਕਾਂ ਤੋਂ ਛੁਟਕਾਰਾ ਪਾਉਣ ਅਤੇ ਪਰਮ ਸੁੱਖ ਦੀ ਪ੍ਰਾਪਤੀ ਲਈ ਪਰਮਾਤਮਾ ਦਾ ਸਿਮਰਨ ਕਰਨ ’ਤੇ ਜ਼ੋਰ ਦਿੱਤਾ ਹੈ। ਉਕਤ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਮਹਾਨ ਚਿੰਤਕਾਂ ਦੀ ਨਾਮ ਪ੍ਰਤੀ ਧਾਰਨਾ ਇਕੋ-ਜਿਹੀ ਹੀ ਹੈ।

ਮੱਧਕਾਲ ਦੇ ਭਗਤ ਆਪਣੇ ਸਮੇਂ ਦੇ ਸਿਰਮੌਰ ਰਚਨਾਕਾਰ ਹਨ। ਆਪਣੀ ਜੀਵਨ ਦ੍ਰਿਸ਼ਟੀ ਅਤੇ ਰਚਨਾ-ਦ੍ਰਿਸ਼ਟੀ ਦੀ ਸਾਂਝ ਕਰਕੇ ਉਹ ਅਜਿਹਾ ਪ੍ਰਵਚਨ ਸਿਰਜਦੇ ਹਨ, ਜੋ ਅੱਗੋਂ ਗੁਰਮਤਿ ਦੇ ਰੂਪ ਵਿਚ ਸਥਾਪਿਤ ਹੋਣ ਵਾਲੀ ਮੌਲਿਕ ਅਤੇ ਵਿਲੱਖਣ ਚਿੰਤਨ-ਪ੍ਰਣਾਲੀ ਦਾ ਆਗਾਜ਼ ਬਣਦਾ ਹੈ। ਭਗਤ ਕਬੀਰ ਦੇ ਵਿਚਾਰਾਂ ਦੀ ਲੜੀ ਅਟੁੱਟ ਹੈ। ਧਰਤੀ ਦੀ ਪਕੜ ਤੋਂ ਲੈ ਕੇ ਬ੍ਰਹਿਮੰਡ ਦੀ ਅਨੰਤਤਾ ਵਿਚ ਉਨ੍ਹਾਂ ਦਾ ਚਿੰਤਨ ਪਸਰਿਆ ਹੋਇਆ ਹੈ। ਭਗਤ ਕਬੀਰ ਜੀ ਮਨੁੱਖੀ ਸਰੀਰ ਦੀ ਹੋਂਦਸ਼ੀਲਤਾ ਤੇ ਦਾਰਸ਼ਨਿਕ ਪਰਿਪੇਖ ਨੂੰ ਬੜੀ ਸੰਜੀਦਗੀ ਨਾਲ ਉਘਾੜਦੇ ਹਨ। ਉਨ੍ਹਾਂ ਨੇ ਮਨੁੱਖੀ ਸਰੀਰ ਦੀ ਕਰਮਸ਼ੀਲਤਾ ਨਾਲ ਜੁੜੀਆਂ ਭਰਮਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ, ਮਨੁੱਖੀ ਜਨਮ ਦੇ ਮਾਨਵਵਾਦੀ ਅਤੇ ਦਾਰਸ਼ਨਿਕ ਸਰੋਕਾਰਾਂ ਨੂੰ ਉਭਾਰਿਆ ਹੈ।

**ਆਰਥਿਕ ਪਰਿਪੇਖ**

ਆਪਣੇ ਖੋਜ-ਪ੍ਰਬੰਧ ਦੇ ਤੀਜੇ ਅਧਿਆਇ ਵਿਚ ਮੱਧਕਾਲੀਨ ਰਾਜਨੀਤਕ ਧਾਰਮਿਕ ਅਤੇ ਦਾਰਸ਼ਨਿਕ ਹਾਲਤਾਂ ਦਾ ਅਧਿਐਨ ਕਰਦੇ ਹੋਏ ਅਸੀਂ ਸਪਸ਼ਟ ਕਰ ਚੁੱਕੇ ਹਾਂ ਕਿ ਭਾਰਤ ਵਿਚ ਸਦਾ ਹੀ ਰਾਜਨੀਤਕ ਅਸਥਿਰਤਾ ਰਹੀ। ਧਰਮ ਉੱਤੇ ਇਕ ਵਰਣ ਵਿਸ਼ੇਸ਼ ਦੇ ਭਾਰੂ ਰਹਿਣ ਕਾਰਨ ਸਮਾਜਕ ਅਸਮਾਨਤਾ ਬਣੀ ਰਹੀ, ਜਿਸ ਨਾਲ ਸਮਾਜ ਵਿਚ ਸਾਂਝੀਵਾਲਤਾ ਲਗਭਗ ਖਤਮ ਹੀ ਹੋ ਗਈ ਸੀ। ਅਜਿਹੀ ਸਥਿਤੀ ਵਿਚ ਇਥੋਂ ਦਾ ਅਰਥਚਾਰਾ ਕਿਹੋ-ਜਿਹਾ ਹੋਵੇਗਾ ਅੰਦਾਜ਼ਾ ਲਗਾਉਣਾ ਸਹਿਜ ਹੈ।

ਦੇਸ਼ ਦੀ ਖੁਸ਼ਹਾਲੀ ਦਾ ਮੁੱਖ ਧੁਰਾ ਉਥੋਂ ਦੀ ਮਿਹਨਤਕਸ਼ ਜਮਾਤ ਹੁੰਦੀ ਹੈ। ਕਿਸੇ ਵੀ ਦੇਸ਼ ਦੀ ਚੰਗੀ ਅਰਥ ਵਿਵਸਥਾ, ਉੱਥੋਂ ਦੇ ਸਾਧਨਾ ਉੱਤੇ ਨਿਰਭਰ ਕਰਦੀ ਹੈ। ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਮੁੱਢ ਕਦੀਮ ਤੋਂ ਹੀ ਇਥੋਂ ਦੇ ਲੋਕਾਂ ਦੀ ਮੁੱਖ ਉਪਜੀਵਕਾ ਖੇਤੀ ਦਾ ਕਿੱਤਾ ਹੈ, ਜਿਸ ਨੂੰ ਇਥੋਂ ਦੇ ਲੋਕ ਜੀਅ-ਜਾਨ ਨਾਲ ਕਰਦੇ ਆਏ ਹਨ। ਇਸ ਸਦਕਾ ਇਥੇ ਸਦਾ ਹੀ ਖੁਸ਼ਹਾਲੀ ਖੇਡਦੀ ਰਹੀ ਹੈ। ਇਹ ਹੀ ਕਾਰਨ ਸੀ ਕਿ ਬਦੇਸ਼ੀ ਹਮਲਾਵਰ ਭਾਰਤ ਉੱਤੇ ਵਾਰ ਵਾਰ ਹਮਲੇ ਕਰਦੇ ਰਹੇ, ਜਿਨ੍ਹਾਂ ਨੇ ਭਾਰਤ ਦੀ ਖੁਸ਼ਹਾਲੀ ਨੂੰ

ਮੰਦਹਾਲੀ ਵਿਚ ਬਦਲ ਦਿੱਤਾ। ਈਸ਼ਵਰੀ ਪ੍ਰਸਾਦ ਅਨੁਸਾਰ "ਤੇਰ੍ਹਵੀਂ ਸਦੀ ਤੱਕ ਭਾਰਤ ਪੂਰਨ ਤੌਰ 'ਤੇ ਖੁਸ਼ਹਾਲ ਰਿਹਾ ਪ੍ਰੰਤੂ ਚੌਧਵੀਂ ਸਦੀ ਦੇ ਅੰਤ ਤੱਕ ਇਹ ਖੁਸ਼ਹਾਲੀ ਘਟਣ ਲੱਗੀ। ਦੇਸ਼ ਦੇ ਟੁਕੜੇ ਹੋਣ ਸ਼ੁਰੂ ਹੋ ਗਏ। ਤੈਮੂਰ ਵਲੋਂ 1398 ਈ: ਵਿਚ ਕੀਤੇ ਹਮਲੇ ਨਾਲ ਤਾਂ ਇਥੋਂ ਦੇ ਵਪਾਰ ਤੇ ਖੇਤੀਬਾੜੀ ਨੂੰ ਬਹੁਤ ਢਾਅ ਲੱਗੀ।"[44]

ਮੱਧ ਯੁਗ ਵਿਚ ਸਾਮੰਤਸ਼ਾਹੀ ਦਾ ਬੋਲਬਾਲਾ ਸੀ। ਭੂਮੀ ਉਤੇ ਸਾਮੰਤ ਕਾਬਜ਼ ਸਨ। ਉਹ ਪਿੰਡਾਂ ਵਿਚ ਵਸਦੇ ਕਿਸਾਨਾਂ ਤੋਂ ਮੁਜ਼ਾਰਿਆਂ ਦੇ ਤੌਰ 'ਤੇ ਖੇਤੀ ਕਰਵਾਉਂਦੇ ਸਨ। ਫਸਲ ਆਉਣ 'ਤੇ ਖੇਤਾਂ ਵਿਚ ਪਏ ਬੋਹਲਾਂ ਤੋਂ ਮਨ ਮਰਜ਼ੀ ਨਾਲ ਅੰਨ ਲੈ ਜਾਂਦੇ ਸਨ, ਕਿਉਂਕਿ ਆਪਣੇ ਇਲਾਕੇ ਵਿਚ ਤਾਂ ਉਹ ਰਾਜਾ ਹੀ ਸਮਝੇ ਜਾਂਦੇ ਸਨ। ਇਸ ਸਥਿਤੀ ਵਿਚ ਕਿਸਾਨ ਪਾਸ ਅਨਾਜ ਬਿਲਕੁਲ ਨਹੀਂ ਬਚਦਾ ਸੀ, ਜਿਸ ਕਾਰਨ ਉਹ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੁੰਦਾ ਗਿਆ। ਮੁਸਲਮਾਨ ਰਾਜ ਦੀ ਸਥਾਪਨਾ ਹੋ ਜਾਣ ਨਾਲ ਮੁਸਲਮਾਨ ਸਾਮੰਤਸ਼ਾਹੀ ਵੀ ਸ਼ੁਰੂ ਹੋ ਗਈ ਸੀ। ਮੁਸਲਮਾਨ ਸਾਮੰਤ ਹਿੰਦੂ ਵਰਗ ਦੇ ਕਿਸਾਨ ਅਤੇ ਮਜ਼ਦੂਰਾਂ ਦੀ ਲੁੱਟ ਕਰਦੇ ਸਨ। ਸਟੇਨਲੇ ਲੇਨਪੁਲ ਇਸ ਬਾਰੇ ਲਿਖਦਾ ਹੈ ਕਿ "ਕਿਸਾਨਾਂ ਨੂੰ ਜ਼ਮੀਨ ਦੀ ਉੱਪਜ ਦਾ ਅੱਧਾ ਹਿੱਸਾ ਕਰਾਂ ਵਜੋਂ ਦੇਣਾ ਪੈਂਦਾ ਸੀ। ਇਸ ਤੋਂ ਇਲਾਵਾ ਉਹ ਚਰਾਂਦ ਕਰ ਵੀ ਦਿੰਦੇ ਸਨ, ਜਿਹੜਾ ਬਹੁਤ ਨਿਰਾਦਰੀ ਨਾਲ ਉਗਾਰਾਹਿਆ ਜਾਂਦਾ ਸੀ।"[45] ਜਨਤਾ ਤੋਂ ਕਈ ਤਰ੍ਹਾਂ ਦੇ ਕਰ ਉਗਰਾਹੇ ਜਾਂਦੇ ਸਨ। ਜ਼ਜ਼ੀਆ ਨਾਂ ਦਾ ਕਰ ਵੀ ਕਿਸਾਨ ਦਿੰਦੇ ਸਨ। ਫੌਜਾ ਸਿੰਘ ਦਾ ਬਿਆਨ ਹੈ ਕਿ ਅਲਾ-ਉਦ-ਦੀਨ ਨੇ ਚਰਾਂਦ ਕਰ ਲਾਇਆ ਤਾਂ ਕਿਸਾਨਾਂ 'ਤੇ ਵੱਡਾ ਬੋਝ ਪਿਆ। ਕਿਸਾਨ ਜ਼ਜ਼ੀਆ ਵੀ ਦਿੰਦਾ ਸੀ ਜੋ ਕਿ ਫਿਰੋਜ਼ ਸ਼ਾਹ ਦੁਆਰਾ ਪਹਿਲਾਂ ਸਿਰਫ ਬ੍ਰਾਹਮਣਾਂ ਉੱਤੇ ਲਾਇਆ ਗਿਆ ਸੀ। ਅੰਤ ਇਸ ਕਰ ਦਾ ਨਿਸ਼ਚਿਤ ਹਿੱਸਾ ਹਿੰਦੂਆਂ ਦੀਆਂ ਦੂਜੀਆਂ ਸ਼੍ਰੇਣੀਆਂ ਤੋਂ ਵਸੂਲਣਾ ਸ਼ੁਰੂ ਹੋ ਗਿਆ। ਇੰਞ ਕਿਸਾਨਾਂ ਦਾ ਭਾਰ ਦੂਸਰੇ ਹਿੰਦੂਆਂ ਨਾਲੋਂ ਵਧ ਗਿਆ।"[46]

ਪਿੰਡਾਂ ਵਿਚ ਵਸਦੀਆਂ ਨੀਵੀਆਂ ਜਾਤੀਆਂ ਦੇ ਲੋਕ ਜਿਵੇਂ ਚਮਾਰ, ਘੁਮਿਆਰ, ਸੁਨਿਆਰ, ਲੁਹਾਰ, ਤਰਖਾਣ, ਨਾਈ, ਝਿਊਰ, ਛੀਂਬੇ ਆਦਿ ਖੇਤੀ ਕਰਨ ਲਈ ਸਮੇਂ-ਸਮੇਂ ਕਿਸਾਨ ਦੀ ਮੱਦਦ ਕਰਦੇ ਸਨ। ਇਸ ਬਦਲੇ ਉਨ੍ਹਾਂ ਨੂੰ ਨਾ ਮਾਤਰ ਅਨਾਜ ਪ੍ਰਾਪਤ ਹੰਦਾ, ਜਿਸ ਨਾਲ ਉਨ੍ਹਾਂ ਦਾ ਗੁਜ਼ਾਰਾ ਮੁਸ਼ਕਿਲ ਨਾਲ ਚਲਦਾ ਸੀ। ਜ਼ਿਆਦਾਤਰ ਇਨ੍ਹਾਂ ਲੋਕਾਂ ਤੋਂ ਵਗਾਰ ਦੇ ਰੂਪ ਵਿਚ ਹੀ ਕੰਮ ਲਿਆ ਜਾਂਦਾ ਸੀ।

ਖੇਤੀ ਤੋਂ ਇਲਾਵਾ ਆਮ ਲੋਕਾਂ ਦੇ ਸਾਧਨ ਵਪਾਰ ਅਤੇ ਲਘੂ ਉਦਯੋਗ ਸਨ। ਪਰਸ਼ੂ ਰਾਮ ਚਤੁਰਵੇਦੀ ਅਨੁਸਾਰ "ਵਪਾਰ ਦੀ ਦ੍ਰਿਸ਼ਟੀ ਤੋਂ ਇਹ ਕਾਲ ਸਵਰਨ ਯੁਗ ਕਿਹਾ ਜਾ ਸਕਦਾ ਹੈ।[47] ਫੌਜਾ ਸਿੰਘ ਅਨੁਸਾਰ "ਵਪਾਰ, ਉਦਯੋਗ ਖੇਤੀਬਾੜੀ ਅਤੇ ਦੂਜੇ ਆਰਥਿਕ ਸਾਧਨਾਂ ਨੂੰ ਨਿੱਤ ਦੀ ਗੜਬੜ ਨੇ ਚੋਖੀ ਸੱਟ ਮਾਰੀ ਸੀ। ਸੜਕਾਂ/ਰਸਤੇ ਅਸੁਰੱਖਿਅਤ ਸਨ। ਉਨ੍ਹਾਂ 'ਤੇ ਅਕਸਰ ਡਾਕੂ ਫਿਰਦੇ ਰਹਿੰਦੇ ਸਨ। ਵਪਾਰੀਆਂ ਦੇ ਕਾਫਲੇ ਸ਼ਾਹੀ ਸੈਨਿਕ ਜੱਥਿਆ ਦੀ ਸਹਾਇਤਾ ਨਾਲ ਇਕ ਥਾਂ ਤੋਂ ਦੂਜੀ ਥਾਂ ਜਾ ਸਕਦੇ ਸਨ।"[48] ਵਣਜ ਵਪਾਰ ਉੱਤੇ ਹਿੰਦੂਆਂ ਵਿਚੋਂ ਖਤਰੀ, ਬਾਣੀਏ, ਸੂਦ, ਮਹਾਜਨ, ਭਾਈਏ, ਬਾਬੜੇ ਅਤੇ ਅਰੋੜੇ

ਅਤੇ ਮੁਸਲਮਾਨਾਂ ਵਿਚੋਂ ਬਹੋਰੇ ਤੇ ਖੋਜੇ ਆਪਣਾ ਅਧਿਕਾਰ ਜਮਾਈ ਬੈਠੇ ਸਨ।"[49] ਇਸ ਲਈ ਵਪਾਰੀ ਸ਼੍ਰੇਣੀ ਧਨੀ ਹੋਈ ਜਾ ਰਹੀ ਸੀ ਅਤੇ ਆਮ ਲੋਕ ਦਿਨੋ ਦਿਨ ਗਰੀਬ ਹੁੰਦੇ ਜਾ ਰਹੇ ਸਨ, ਜਿਸ ਨਾਲ ਸਮਾਜਕ ਪਾੜਾ ਵਧਦਾ ਜਾ ਰਿਹਾ ਸੀ।

ਘਰਾਂ ਵਿਚ ਘਰੇਲੂ ਕਿੱਤੇ ਵੀ ਚਲਦੇ ਸਨ, ਜਿਨ੍ਹਾਂ ਵਿਚ ਕਪੜੇ ਬੁਣਨਾ, ਕਪੜੇ ਰੰਗਣਾ, ਕਪੜੇ ਸਿਉਣਾ, ਚਮੜਾ ਕੱਟਣਾ, ਚਮੜਾ ਰੰਗਣਾ, ਜੁੱਤੀ ਬਣਾਉਣੀ, ਖੇਤੀ ਦੇ ਸੰਦ, ਹਲ-ਫਾਲੇ ਤਿਆਰ ਕਰਨਾ, ਬਰਤਨ ਤਿਆਰ ਕਰਨੇ ਆਦਿ ਸ਼ਾਮਲ ਹਨ। ਇਨ੍ਹਾਂ ਘਰੇਲੂ ਕਿੱਤਿਆਂ ਨਾਲ ਇਸ ਯੁੱਗ ਦੇ ਸੰਤ ਕਵੀ ਜੁੜੇ ਰਹੇ ਹਨ। ਜਿਵੇਂ ਭਗਤ ਨਾਮਦੇਵ ਜੀ ਕੱਪੜੇ ਸਿਉਣ ਦਾ ਕੰਮ ਕਰਦੇ ਸਨ।[52] ਭਗਤ ਕਬੀਰ ਜੀ ਕੱਪੜੇ ਬੁਣਨ ਦਾ[51] ਅਤੇ ਭਗਤ ਰਵਿਦਾਸ ਜੀ ਚਮੜੇ ਸੰਬੰਧੀ ਕੰਮ ਕਰਦੇ ਸਨ। ਹਰ ਭਗਤ ਕਵੀ ਦੀ ਬਾਣੀ ਵਿਚੋਂ ਆਪੋ-ਆਪਣੀ ਜਾਤੀ ਦਾ ਕਿੱਤਾ ਕਰਦੇ ਹੋਣ ਦੇ ਸੰਕੇਤ ਮਿਲਦੇ ਹਨ। ਮੱਧ ਯੁੱਗ ਵਿਚ ਸਮਾਜ ਵਿਚ ਜਾਗੀਰਦਾਰੀ ਪ੍ਰਣਾਲੀ ਪ੍ਰਚਲਿਤ ਸੀ। ਜ਼ਮੀਨ ਉੱਤੇ ਵੀ ਜਾਗੀਰਦਾਰ ਕਾਬਜ਼ ਸਨ। ਇਹ ਮੁਜਾਰਿਆਂ ਤੋਂ ਖੇਤਬਾੜੀ ਕਰਵਾਉਂਦੇ ਸਨ। ਪਿੰਡ ਦੇ ਕਿਸਾਨ ਹੀ ਮੁਜਾਰਿਆਂ ਦਾ ਕੰਮ ਕਰਦੇ ਸਨ। ਜਾਗੀਰਦਾਰ ਆਪਣੇ ਇਲਾਕੇ ਦੇ ਇਕ ਤਰ੍ਹਾਂ ਨਾਲ ਰਾਜੇ ਹੀ ਹੁੰਦੇ ਸਨ। ਇਹ ਲੋਕ ਮਨਮਰਜੀ ਨਾਲ ਖੇਤਾਂ ਵਿਚੋਂ ਅੰਨ ਚੁਕ ਕੇ ਲੈ ਜਾਂਦੇ ਸਨ। ਕਿਸਾਨ ਇਸ ਅਧੋਗਤੀ ਦਾ ਸ਼ਿਕਾਰ ਹੋ ਰਹੇ ਸਨ ਅਤੇ ਆਰਥਿਕ ਪੱਖ ਤੋਂ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਸੀ। "ਹਿੰਦੂ ਬਾਣੀਏ ਸਮਾਜ ਦਾ ਜ਼ਰੂਰੀ ਅੰਗ ਸਨ। ਉਨ੍ਹਾਂ ਦੀ ਆਮਦਨ ਦਾ ਵਧੇਰੇ ਭਾਗ ਕਰ ਤੇ ਜ਼ਜ਼ੀਆ ਦੇ ਰੂਪ ਵਿਚ ਚਲਾ ਜਾਂਦਾ ਸੀ। ਸਧਾਰਨ ਜਨਤਾ ਦੁਖੀ ਸੀ। ਉਨ੍ਹਾਂ ਦੀ ਜਾਤ ਪਾਤ ਕਈ ਕਿੱਤਿਆਂ ਵਿਚ ਵੰਡੀ ਹੋਈ ਸੀ। ਸ਼ੂਦਰਾਂ ਉੱਤੇ ਕੰਮ ਦਾ ਵਧੇਰੇ ਜ਼ੋਰ ਰਹਿੰਦਾ ਸੀ, ਇਸ ਲਈ ਉਹ ਮੁਸਲਮਾਨ ਬਣਨ ਵਿਚ ਆਰਥਿਕ ਵਿਕਾਸ ਦੇਖਦੇ ਸਨ।"[53]

ਉਸ ਸਮੇਂ ਦੇ ਸਮਾਜ ਵਿਚ ਰੋਜੀ ਕਮਾਉਣ ਦੇ ਸਾਧਨਾਂ ਦੀ ਕਮੀ ਨਹੀਂ ਸੀ। ਲੋਕ ਛੋਟੇ ਛੋਟੇ ਕਿੱਤੇ ਜਿਵੇਂ ਚਰਮਕਾਰਾ, ਮੋਚੀਆਂ, ਘੁਮਿਆਰਾਂ ਅਤੇ ਵਣਜਾਰਾ ਕੰਮ ਕਰਕੇ ਆਪਣਾ ਜੀਵਨ ਬਸਰ ਕਰ ਰਹੇ ਸਨ। ਆਰਥਿਕ ਨਾ-ਬਰਾਬਰੀ ਕਾਰਨ ਜੀਵਨ ਸੰਤੁਲਿਤ ਨਹੀਂ ਸੀ। ਲੋਕਾਂ ਦੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਜ਼ਬਰਦਸਤੀ ਵਗਾਰ ਲੈਣ ਦੀ ਪ੍ਰਥਾ ਪ੍ਰਚਲਿਤ ਸੀ।

ਮੱਧਕਾਲੀਨ ਸਮਾਜ ਵਿਚ ਅਮੀਰ ਸ਼੍ਰੇਣੀ ਅਤੇ ਮੱਧ ਵਰਗ ਦੇ ਲੋਕ ਐਸ਼-ਪ੍ਰਸਤੀ ਵਾਲਾ ਜੀਵਨ ਜਿਉਂਦੇ ਸਨ। ਪ੍ਰੋਹਿਤ ਵਰਗ ਉਨ੍ਹਾਂ ਵਾਂਗ ਵਿਲਾਸਮਈ ਜੀਵਨ ਦੀ ਲਾਲਸਾ ਕਰਕੇ ਧਰਮ ਅਤੇ ਅੰਧ ਵਿਸ਼ਵਾਸਾਂ ਦਾ ਸਹਾਰਾ ਲੈ ਕੇ ਗਰੀਬ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ। ਮੁਸਲਮਾਨਾਂ ਵਿਚ ਮਸੀਤ ਦੇ ਇਮਾਮ ਵੀ ਰਿਸ਼ਵਤ ਦੇ ਕੇ ਜ਼ਮੀਨਾਂ ਨੂੰ ਆਪਣੇ ਕਬਜ਼ੇ ਵਿਚ ਕਰ ਰਹੇ ਸਨ। ਮੁਸਲਮਾਨ ਹੀ ਉੱਚੇ ਅਹੁਦਿਆਂ ਉੱਤੇ ਕਾਬਜ ਸਨ। ਕੁਝ ਲੋਕ ਪਟਵਾਰੀ, ਮੁਨਸ਼ੀ ਅਤੇ ਖਜ਼ਾਨਚੀ ਦਾ ਕੰਮ ਵੀ ਕਰਦੇ ਸਨ।

ਤਤਕਾਲੀਨ ਸਮਾਜ ਵਿਚ ਵਪਾਰਕ ਹਾਲਤ ਬੜੀ ਤਰਸਯੋਗ ਸੀ। ਮੱਧ ਏਸ਼ੀਆਂ ਤੋਂ ਕਾਗਜ਼, ਸੁੱਕੇ ਮੇਵੇ, ਮਿਸ਼ਰੀ ਅਤੇ ਸੋਨੇ ਚਾਂਦੀ ਦੀ ਦਰਾਮਦ ਕੀਤੀ ਜਾਂਦੀ ਸੀ। ਤਿੱਬਤ ਤੋਂ ਲੈ ਕੇ ਮਿਸਰ ਤੱਕ ਦੇ ਦੇਸਾਂ ਤੋਂ

ਕੀਮਤੀ ਪੱਥਰ ਮੰਗਵਾਇਆ ਜਾਂਦਾ ਸੀ। ਦੇਸ਼ ਵਿਚਲੇ ਵਪਾਰ ਦੀ ਹਾਲਤ ਵੀ ਡਾਵਾਂਡੋਲ ਸੀ ਕਿਉਂਕਿ ਵਪਾਰੀਆਂ ਉੱਤੇ ਕਈ ਕਿਸਮ ਦੇ ਟੈਕਸ ਲੱਗੇ ਹੋਏ ਸਨ। ਆਮ ਜਨਤਾ ਦੀ ਹਾਲਤ ਸੰਤੋਖਜਨਕ ਨਹੀਂ ਸੀ। ਇਸ ਸੰਬੰਧ ਵਿਚ ਭਗਤ ਰਵਿਦਾਸ ਜੀ ਫਰਮਾਉਂਦੇ ਹਨ ਕਿ ਗ਼ਰੀਬਾਂ ਦੀ ਹਾਲਤ ਬੜੀ ਮਾੜੀ ਸੀ। ਅਮੀਰ ਸ਼੍ਰੇਣੀ ਗਰੀਬੀ ਵਾਲਾ ਜੀਵਨ ਬਸਰ ਕਰ ਰਹੇ ਲੋਕਾਂ ਦੀ ਹਾਲਤ ਉੱਤੇ ਹਸਦੀ ਸੀ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਆਖਿਆ ਹੈ:

"ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।"[54]

ਭਗਤ ਕਬੀਰ ਜੀ ਅਨੁਸਾਰ ਤਤਕਾਲੀਨ ਸਮਾਜ ਵਿਚ ਗਰੀਬ-ਅਮੀਰ ਦੇ ਰਹਿਮ ਉੱਤੇ ਹੀ ਨਿਰਭਰ ਕਰਦੇ ਸਨ। ਅਮੀਰ ਸ਼੍ਰੇਣੀ ਨਿਮਨ ਵਰਗ ਨੂੰ ਨਫ਼ਰਤ ਕਰਦੀ ਸੀ। ਸਮਾਜ ਵਿਚ ਗਰੀਬ ਮਨੁੱਖ ਦਾ ਕੋਈ ਸਤਿਕਾਰ ਨਹੀਂ ਸੀ। ਭਗਤ ਕਬੀਰ ਜੀ ਨੇ ਫਰਮਾਇਆ ਹੈ:

"ਜਉ ਨਿਰਧਨੁ ਸਰਧਨ ਕੈ ਜਾਇ ਆਗੈ ਬੈਠਾ ਪੀਠਿ ਫਿਰਾਇ।"[55]

"ਨਿਰਧਨੁ ਆਦਰੁ ਕੋਈ ਨ ਦੇਇ।"[56]

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਵਪਾਰ ਅਵਸਥਾ ਅਤੇ ਹੱਟ ਬਜ਼ਾਰ ਸੰਬੰਧੀ ਸੰਕੇਤਾਂ ਦਾ ਵਰਨਣ ਮਿਲਦਾ ਹੈ। ਆਪ ਜੀ ਦਾ ਮੱਤ ਹੈ ਕਿ ਤਤਕਾਲੀ ਸਮਾਜ ਵਿਚ ਵਪਾਰ ਹੀ ਰੋਜ਼ ਦਾ ਇਕ ਜ਼ਰੂਰੀ ਸਾਧਨ ਹੁੰਦਾ ਸੀ। ਆਵਾਜਾਈ ਦੇ ਸਾਧਨ ਬਹੁਤ ਘੱਟ ਸਨ। ਇਸ ਲਈ ਲੋਕ ਆਪਣਾ ਸਮਾਨ ਡੰਗਰਾਂ ਦੀਆਂ ਪਿੱਠਾਂ ਉੱਤੇ ਲੱਦ ਕੇ ਲਿਜਾਂਦੇ ਸਨ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਵਪਾਰ ਆਦਿ ਸੰਬੰਧੀ ਭਾਵ-ਭਿੰਨੇ ਸੰਕੇਤ ਮੌਜੂਦ ਹਨ। ਸਮਾਜ ਵਿਚ ਆਰਥਿਕ ਅਸਮਾਨਤਾ ਦੇ ਪ੍ਰਭਾਵ ਵਿਚੋਂ ਪੈਦਾ ਹੋਈ ਸਥਿਤੀ ਦਾ ਦ੍ਰਿਸ਼ ਵਰਨਣ ਵੀ ਆਪ ਦੀ ਬਾਣੀ ਵਿਚ ਹੋਇਆ ਮਿਲਦਾ ਹੈ। ਆਪ ਲਿਖਦੇ ਹਨ ਕਿ ਧਨੀ ਸ਼੍ਰੇਣੀ ਗਰੀਬੀ ਵਿਚ ਰਹਿ ਰਹੇ ਲੋਕਾਂ ਦੀ ਹਾਲਤ ਉੱਤੇ ਹਸਦੀ ਸੀ। ਆਪ ਅਜਿਹੀ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਨਿਤਾਣਿਆਂ ਦਾ ਇਕੋ-ਇਕ ਤਾਣ ਪ੍ਰਭੂ ਦੀ ਭਗਤੀ ਨੂੰ ਦੱਸਦੇ ਹਨ। ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇ ਤਾਂ 'ਅਸ਼ਟ ਦਸਾ ਸਿਧਿ' ਹੋ ਜਾਂਦੀਆਂ ਹਨ।[57] ਇਨਸਾਨ ਦੁੱਖ ਦਲਿਦਰ ਵਿਚੋਂ ਨਿਕਲ ਕੇ ਅਕਾਲ ਪੁਰਖ ਦੀਆਂ ਬਰਕਤਾਂ ਦਾ ਭਾਗੀ ਬਣ ਜਾਂਦਾ ਹੈ ਕਿਉਂਕਿ ਨੀਵਿਆਂ ਨੂੰ ਉੱਚਾ ਸਥਾਨ ਦੇ ਕੇ ਨਿਵਾਜ਼ਣ ਵਾਲਾ ਸ੍ਵ-ਸਮਰੱਥ ਗੋਬਿੰਦ ਭੈ ਰਹਿਤ ਹੈ।[58] ਇਸ ਨਿਰਭੈ ਦੀ ਭਗਤੀ ਕਰਕੇ ਹੀ ਆਪ ਅਮਰ-ਪਦ ਨੂੰ ਪ੍ਰਾਪਤ ਹੋਏ। ਇਸ ਲਈ ਆਪ ਨੇ ਸੰਸਾਰੀ ਜੀਵਾਂ ਨੂੰ ਧਰਮ ਕਰਮ ਦੀ ਸੁੱਚੀ ਕਿਰਤ ਵਿਚ ਵਿਸ਼ਵਾਸ਼ ਰੱਖਦਿਆਂ ਸਦਾ ਪ੍ਰਭੂ ਸੰਗ ਜੁੜੇ ਰਹਿਣ ਦਾ ਉਪਦੇਸ਼ ਦਿੱਤਾ।

ਭਗਤ ਕਬੀਰ ਜੀ ਦੇ ਸਮੇਂ ਦੀਆਂ ਪਰਿਸਥਿਤੀਆਂ ਦਾ ਸਮੁੱਚਾ ਅਧਿਐਨ ਸਪਸ਼ਟ ਕਰਦਾ ਹੈ ਕਿ ਭਾਰਤ ਦਿਨੋ-ਦਿਨ ਹਰ ਪ੍ਰੋਖ ਤੋਂ ਨਿਘਰਦਾ ਜਾ ਰਿਹਾ ਸੀ। ਇਸ ਦੇ ਨਿਘਾਰ ਦਾ ਮੁੱਖ ਕਾਰਨ ਰਾਜਨੀਤਿਕ ਅਸਥਿਰਤਾ ਸੀ। ਹਿੰਦੂ ਧਰਮ, ਅਸਮਾਨਤਾ ਅਤੇ ਅਨੈਤਿਕਕਤਾ ਦੀ ਮੂਰਤ ਸੀ। ਇਸਲਾਮ ਧਰਮ ਦੇ

ਪ੍ਰਚਾਰਕਾਂ ਦਾ ਸਮਾਜ ਪ੍ਰਤੀ ਰਵੱਈਆ ਹਮੇਸ਼ਾ ਹੀ ਜ਼ੁਲਮਾਨਾ ਰਿਹਾ। ਹਿੰਦੂ ਧਰਮ ਦੇ ਪਥ-ਪ੍ਰਦਰਸ਼ਕ ਜਾਤੀ ਸ੍ਰੇਸ਼ਠਤਾ ਦੇ ਭਰਮ ਵਿਚ ਅਤੇ ਮੁਸਲਮਾਨ ਧਰਮ ਦੇ ਧਾਰਮਿਕ ਆਗੂ ਰਾਜ ਸਤਾ ਦੇ ਨਸ਼ੇ ਵਿਚ ਬੇ-ਰਹਿਮ, ਦੰਭੀ, ਪਾਖੰਡੀ, ਸਵਾਰਥੀ ਅਤੇ ਚਰਿਤਰਹੀਣ ਹੋ ਗਏ ਸਨ। ਬਹੁ-ਗਿਣਤੀ ਜਨ-ਸਾਧਾਰਨ ਉੱਚੀਆਂ ਜਾਤਾਂ ਦੇ ਸ਼ੋਸ਼ਣ ਦਾ ਸ਼ਿਕਾਰ ਸੀ। ਇਸ ਅਵਸਥਾ ਵਿਚ ਜਿਉਂਦੇ ਲੋਕਾਂ ਦਾ ਦਲਿਦਰੀ ਅਕਸ ਆਪ ਦੀ ਬਾਣੀ ਵਿਚੋਂ ਦ੍ਰਿਸ਼ਟਮਾਨ ਹੁੰਦਾ ਹੈ।

ਭਗਤ ਰਵਿਦਾਸ ਅਤੇ ਭਗਤ ਕਬੀਰ ਦੇ ਸਮੇਂ ਸਮਾਜ ਦੀ ਆਰਥਿਕ ਹਾਲਤ ਬੜੀ ਨਿਰਾਸ਼ਾਜਨਕ ਸੀ। ਲੋਕਾਂ ਦੀ ਆਪਸੀ ਖਹਿਬਾਜ਼ੀ ਦੇ ਕਾਰਨ ਦੇਸ਼ ਛੋਟੇ-ਛੋਟੇ ਭਾਗਾਂ ਵਿਚ ਵੰਡਿਆ ਗਿਆ। ਅਜਿਹੀ ਸਥਿਤੀ ਦਾ ਬਾਹਰਲੇ ਹਮਲਾਵਰਾਂ ਨੇ ਪੂਰਾ ਫਾਇਦਾ ਉਠਾਇਆ ਅਤੇ ਉਨ੍ਹਾਂ ਨੇ ਦੇਸ਼ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਦੇਸ਼ ਉੱਨਤ ਹੋਣ ਦੀ ਥਾਂ ਗਿਰਾਵਟ ਵੱਲ ਜਾ ਰਿਹਾ ਸੀ। ਰਾਜੇ ਮਹਾਰਾਜੇ ਅਤੇ ਜਾਗੀਰਦਾਰ ਲੋਕ ਵਿਲਾਸਮਈ ਜੀਵਨ ਬਤੀਤ ਕਰ ਰਹੇ ਸਨ; ਜਦੋਂ ਕਿ ਗਰੀਬ ਲੋਕਾਂ ਦੀ ਹਾਲਤ ਬੜੀ ਤਰਸਯੋਗ ਸੀ। ਮੁਸਲਮਾਨ ਸ਼ਾਸਨ ਵਿਚ ਹਿੰਦੂਆਂ ਨਾਲ ਵਿਤਕਰਾ ਕੀਤਾ ਜਾਂਦਾ ਸੀ। ਹਿੰਦੂਆਂ ਕੋਲ ਇੰਨਾ ਧਨ ਵੀ ਨਹੀਂ ਰਹਿਣ ਦਿੱਤਾ ਜਾਂਦਾ ਸੀ, ਜਿਸ ਨਾਲ ਉਹ ਘੋੜੇ ਦੀ ਸਵਾਰੀ ਕਰ ਸਕਣ, ਹਥਿਆਰ ਰੱਖ ਸਕਣ, ਸਾਫ ਕੱਪੜੇ ਪਾ ਸਕਣ ਜਾਂ ਜੀਵਨ ਦੀ ਕਿਸੇ ਹੋਰ ਵਿਲਾਸਮਈ ਵਸਤੂ ਦੀ ਵਰਤੋਂ ਕਰ ਸਕਣ।

ਭਗਤ ਕਬੀਰ ਜੀ ਦੀ ਬਾਣੀ ਵਿਚ ਵੀ ਭਗਤ ਰਵਿਦਾਸ ਵਾਂਗ ਸਮਕਾਲੀ ਸਮਾਜ ਦੀ ਵਪਾਰ ਅਵਸਥਾ ਅਤੇ ਹੱਟੀਆਂ ਸੰਬੰਧੀ ਹਵਾਲੇ ਉਪਲਬਧ ਹਨ। ਉਸ ਸਮੇਂ ਡੰਗਰਾਂ ਨਾਲ ਹੀ ਸਮਾਨ ਦੀ ਢੋਆ ਢੁਆਈ ਕੀਤੀ ਜਾਂਦੀ ਸੀ। ਮੱਧ ਯੁੱਗ ਸਮੇਂ ਦੀ ਆਰਥਿਕ ਹਾਲਤ ਤਾਂ ਵਰਨਣ ਕਰਦੇ ਹੋਏ ਪ੍ਰਸਿੱਧ ਇਤਿਹਾਸਕਾਰ ਡਾ. ਫੌਜਾ ਸਿੰਘ ਲਿਖਦੇ ਹਨ ਕਿ "ਉਦਯੋਗ, ਖੇਤੀਬਾੜੀ ਅਤੇ ਦੂਜੇ ਆਰਥਿਕ ਸਾਧਨਾਂ ਨੂੰ ਨਿਤ ਦੀ ਗੜਬੜ ਨੇ ਚੋਖੀ ਸੱਟ ਮਾਰੀ ਸੀ। ਉਸ ਸਮੇਂ ਰਸਤੇ ਅਸੁਰੱਖਿਅਤ ਸਨ। ਉਨ੍ਹਾਂ ਉੱਤੇ ਅਕਸਰ ਡਾਕੂ ਫਿਰਦੇ ਰਹਿੰਦੇ ਸਨ। ਵਪਾਰੀਆਂ ਦੇ ਕਾਫਲੇ ਸ਼ਾਹੀ ਸੈਨਿਕਾਂ ਦੀ ਸਹਾਇਤਾ ਨਾਲ ਇਕ ਥਾਂ ਤੋਂ ਦੂਜੀ ਥਾਂ ਜਾ ਸਕਦੇ ਸਨ।[59]

ਭਗਤ ਰਵਿਦਾਸ ਜੀ ਦੀ ਬਾਣੀ ਵਿਚ 'ਬਾਜੀਗਰ' ਅਤੇ 'ਬਾਜੀ' ਸ਼ਬਦਾਂ ਦਾ ਵਰਨਣ ਵੀ ਮਿਲਦਾ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਕਿੱਤਾ ਉਸ ਸਮੇਂ ਦੇ ਸਮਾਜ ਵਿਚ ਕੁਝ ਗਰੀਬ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਜ਼ਰੂਰ ਹੋਵੇਗਾ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਫਰਮਾਇਆ ਹੈ:

"ਕਹਿ ਰਵਿਦਾਸ ਬਾਜੀ ਜਗੁ ਭਾਈ।
ਬਾਜੀਗਰ ਸਉ ਮੁਹਿ ਪ੍ਰੀਤਿ ਬਨਿ ਆਈ।"[60]

ਭਗਤ ਕਬੀਰ ਬਾਣੀ ਵਿਚ ਵੀ ਭਗਤ ਰਵਿਦਾਸ ਬਾਣੀ ਵਾਂਗ 'ਬਾਜੀਗਰ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਆਪ ਜੀ ਫਰਮਾਇਆ ਹੈ:

"ਬਾਜੀਗਰ ਡੰਕ ਬਜਾਈ।। ਸਭ ਖਲਕ ਤਮਾਸੇ ਆਈ।

ਬਾਜੀਗਰ ਸ੍ਵਾਂਗੁ ਸਕੇਲਾ, ਅਪਨੇ ਰੰਗ ਰਵੈ ਅਕੇਲਾ।"[61]

ਭਗਤ ਕਬੀਰ ਜੀ ਦੇ ਸਮੇਂ ਦੀਆਂ ਪਰਿਸਥਿਤੀਆਂ ਉਨ੍ਹਾਂ ਦੇ ਅਨੁਕੂਲ ਨਹੀਂ ਸਨ। ਭਗਤ ਕਬੀਰ ਜੀ ਨੇ ਆਤਮਕ ਉੱਚਤਾ ਦੇ ਬਲ ਨਾਲ ਇਨ੍ਹਾਂ ਪਰਿਸਥਿਤੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਮੂਰਤੀ ਪੂਜਾ, ਕਰਮਕਾਂਡ ਤੇ ਬਾਹਰੀ ਅਡੰਬਰਾਂ ਦਾ ਤਿਆਗ ਕਰਕੇ ਇਕ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਭਗਤ ਕਬੀਰ ਜੀ ਨੇ ਆਪਣੀ ਬਾਣੀ ਦੁਆਰਾ ਸਮਾਜਕ ਬੁਰਾਈਆਂ ਦੀ ਵਿਰੋਧਤਾ ਕਰਦੇ ਹੋਏ ਮਨੁੱਖਤਾਵਾਦੀ ਅਤੇ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਕਰਨ ਲਈ ਉਪਰਾਲੇ ਕੀਤੇ। ਜਾਤ ਪਾਤ ਦਾ ਖੰਡਨ ਕਰਕੇ ਸਮਾਜ ਵਿਚ ਭਾਈਚਾਰਕ ਸਾਂਝ ਪੈਦਾ ਕੀਤੀ। ਉਨ੍ਹਾਂ ਨੇ ਪ੍ਰੋਹਿਤ ਵਰਗ ਦੇ ਪਾਖੰਡਾਂ ਨੂੰ ਲੋਕਾਂ ਸਾਹਮਣੇ ਨੰਗਾ ਕੀਤਾ। ਧਰਮ ਅਤੇ ਸਮਾਜ ਦੇ ਠੇਕੇਦਾਰਾਂ ਨਾਲ ਟੱਕਰ ਲੈ ਕੇ ਜਨ-ਸਧਾਰਣ ਨੂੰ ਉੱਚ ਜੀਵਨ ਜਿਉਣ ਦੀ ਸਹੀ ਸੇਧ ਦਿੱਤੀ। ਦੋਵੇਂ ਸੰਤਾਂ ਨੇ ਲੋਕਾਂ ਦੀ ਭਲਾਈ ਅਤੇ ਹਰ ਪ੍ਰਕਾਰ ਦੀ ਅਸਮਾਨਤਾ ਨੂੰ ਦੂਰ ਕਰਨ ਲਈ ਜੀਵਨ ਭਰ ਸੰਘਰਸ਼ ਕੀਤਾ ਅਤੇ ਹੱਕ, ਸੱਚ ਅਤੇ ਇਨਸਾਫ ਲਈ ਅਵਾਜ਼ ਬੁਲੰਦ ਕਰਦੇ ਹੋਏ ਪ੍ਰਭੂ ਭਗਤੀ ਕਰਨ ਦਾ ਰਾਹ ਦਰਸਾਇਆ।

**ਸਭਿਆਚਾਰ ਪਰਿਪੇਖ**

ਸਭਿਆਚਾਰ ਲਈ ਭਾਰਤੀ ਸ਼ਬਦ 'ਸੰਸਕ੍ਰਿਤੀ' ਵਰਤਿਆ ਜਾਂਦਾ ਹੈ ਤੇ ਇਸ ਸ਼ਬਦ ਦੇ ਅਰਥ 'ਨਿਖਾਰਨਾ', 'ਕਾਇਆ ਪਲਟ ਦੇਣੀ', 'ਕੋਮਲ ਬਨਾਉਣਾ', 'ਸੰਵਾਰਨਾ' ਅਤੇ 'ਨਿਰਦੇਸ਼ ਬਨਾਉਣਾ' ਆਦਿ ਕੀਤੇ ਜਾਂਦੇ ਹਨ।[62] ਸਭਿਆਚਾਰ ਨੂੰ ਸੰਪੂਰਨਤਾ ਦਾ ਅਧਿਐਨ ਵੀ ਆਖਿਆ ਗਿਆ ਹੈ। ਭਗਤ ਬਾਣੀ ਵਿਚੋਂ ਪ੍ਰਗਟ ਹੁੰਦਾ ਸਭਿਆਚਾਰ, ਪਸ਼ੂਪਨ ਤੋਂ ਮਨੁੱਖਤਾ ਤਕ ਦਾ ਸਫਰ ਹੈ; ਸਤਿ ਦੀ ਖੋਜ ਹੈ; ਅੰਦਰ ਦੀ ਸੁੰਦਰਤਾ, ਅਤੇ ਅੰਦਰ ਤੇ ਬਾਹਰ ਦੀ ਇਕਸੁਰਤਾ ਹੈ। ਭਗਤਾਂ ਦੀ ਬਾਣੀ ਵਿਚੋਂ ਸਭਿਆਚਾਰ ਦੀ ਸਿੱਧੀ ਤੇ ਸਪਸ਼ਟ ਵਿਆਖਿਆ ਤਾਂ ਨਹੀਂ ਮਿਲਦੀ, ਪਰ ਜਿਸ ਭਾਂਤ ਦੀ ਜੀਵਨ ਜਾਂਚ ਉਨ੍ਹਾਂ ਨੇ ਪੇਸ਼ ਕੀਤੀ ਹੈ, ਉਹੀ ਉਨ੍ਹਾਂ ਦਾ ਸਭਿਆਚਾਰ ਹੈ।

ਧਰਮ ਬਿਨਾਂ ਸਭਿਆਚਾਰ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ ਜੋ ਭਗਤ ਬਾਣੀ 'ਤੇ ਪੂਰੀ ਤਰ੍ਹਾਂ ਢੁੱਕਦਾ ਹੈ। ਇਸ ਦੀ ਪੁਸ਼ਟੀ ਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਤੋਂ ਵੀ ਹੋ ਜਾਂਦੀ ਹੈ, ਜਿਥੇ ਉਨ੍ਹਾਂ ਨੇ ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ, ਭਗਤ ਸੈਨ ਅਤੇ ਭਗਤ ਧੰਨੇ ਬਾਰੇ ਫਰਮਾਇਆ:

"ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ॥"[63]

"ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਫਰਮਾਇਆ:

ਸੁਰਿ ਨਰ ਤਿਨ ਕੀ ਬਾਣੀ ਗਾਵਹਿ, ਕੋਇ ਨ ਮੇਟੈ ਭਾਈ॥"[64]

ਇਸੇ ਸੰਬੰਧੀ ਸ੍ਰੀ ਗੁਰੂ ਰਾਮਦਾਸ ਜੀ ਨੇ ਫਰਮਾਇਆ ਹੈ:

"ਨੀਚ ਜਾਤਿ ਹਰ ਜਪਤਿਆ, ਉਤਮ ਪਦਵੀ ਪਾਇ॥"[65]

ਇਸ ਪ੍ਰਕਾਰ ਇਹ ਸਾਬਤ ਹੁੰਦਾ ਹੈ ਕਿ ਧਰਮ ਨੇ ਹੀ ਮਨੁੱਖ ਨੂੰ ਸਭਿਅ ਬਣਾਉਣਾ ਹੈ। ਧਰਮ ਹੀ ਇਕ ਸਾਧਨ ਹੈ; ਜਿਸ ਨਾਲ ਨਿਰੋਲ ਪਦਾਰਥਕ ਜੀਵਨ ਤੋਂ ਉੱਚਾ ਉੱਠਿਆ ਜਾ ਸਕਦਾ ਹੈ। ਇਸੇ ਲਈ ਧਰਮ ਨੂੰ ਉਹ ਸ਼ਕਤੀ ਮੰਨਿਆ ਗਿਆ ਹੈ, ਜਿਹੜੀ ਮਨੁੱਖਾਂ, ਸਮਾਜ ਅਤੇ ਵਿਸ਼ਵ ਨੂੰ ਇਕੋ ਲੜੀ ਵਿਚ ਪਰੋਂਦੀ ਹੈ। ਇਸ ਨੂੰ ਕੇਂਦਰੀ ਸ਼ਕਤੀ ਇਸ ਲਈ ਆਖਿਆ ਹੈ, ਕਿ ਧਰਮ ਨੇ ਹੀ ਨੈਤਿਕ ਅਸੂਲਾਂ ਨੂੰ ਅਮਲ ਵਿਚ ਲਿਆਉਣਾ ਤੇ ਸਿਖਾਉਣਾ ਹੈ। ਧਰਮ ਬਿਨਾਂ ਦੁਨਿਆਵੀ ਲੋੜਾਂ ਜਾਂ ਪਦਾਰਥਕ ਪ੍ਰਾਪਤੀਆਂ ਬੋਝ ਬਣ ਜਾਂਦੀਆਂ ਹਨ।[66] ਇਸੇ ਲਈ ਟੀ.ਐਸ. ਈਲੀਅਟ ਨੇ ਧਰਮ ਨੂੰ ਸਭਿਆਚਾਰ ਦਾ ਮੁੱਖ ਅੰਗ ਆਖਿਆ ਹੈ, ਕਿਉਂਕਿ ਉਸ ਨੇ ਸਾਰੀਆਂ ਸਭਿਆਚਾਰ ਕੀਮਤਾਂ ਨੂੰ ਇਕ ਲੜੀ ਵਿਚ ਪਰੋ ਕੇ, ਸਭਿਆਚਾਰਕ ਪ੍ਰਬੰਧ ਦੀ ਸ਼ਕਲ ਦੇਣੀ ਹੁੰਦੀ ਹੈ।[67] ਇਹ ਸਾਰੇ ਹਵਾਲੇ ਇਸ ਲਈ ਦਿੱਤੇ ਜਾ ਰਹੇ ਹਨ ਤਾਂ ਕਿ ਸੌਖਿਆ ਇਸ ਨਤੀਜੇ ’ਤੇ ਪਹੁੰਚਿਆ ਜਾ ਸਕੇ ਕਿ ਭਗਤ ਕਵੀਆਂ ਦਾ ਧਰਮ ’ਤੇ ਆਧਾਰਿਤ ਸਭਿਆਚਾਰ ਦੀ ਉਸਾਰੀ ਕਰਨਾ, ਜਿੰਨਾਂ ਉਸ ਵੇਲੇ ਲੋੜੀਂਦਾ ਸੀ, ਉਨਾਂ ਹੀ ਅੱਜ ਵੀ ਲੋੜੀਂਦਾ ਹੈ। ਭਗਤ ਕਵੀਆਂ ਦੀ ਬਾਣੀ ਉਪਰ ਕਥਿਤ ਧਾਰਨਾਵਾਂ ਤੇ ਪੂਰੀ ਉਤਰਦੀ ਹੈ ਕਿਉਂਕਿ ਸਾਰੇ ਹੀ ਭਗਤ ਅਮਲੀ ਜੀਵਨ ਜੀਉਣ ਵਾਲੇ ਮਹਾਂਪੁਰਖ ਹੋਏ ਹਨ। ਉਨ੍ਹਾਂ ਨੇ ਗੁਰੂ ਦੀ ਸ਼ਰਨ ਪੈ ਕੇ, ਨਾਮ ਸਿਮਰਨ ਰਾਹੀਂ ਜਿਹੜੀਆਂ ਵੀ ਪ੍ਰਾਪਤੀਆਂ ਕੀਤੀਆਂ ਹਨ, ਉਹੀ ਉਨ੍ਹਾਂ ਦੀ ਬਾਣੀ ਵਿਚੋਂ ਪ੍ਰਗਟ ਹੁੰਦੇ ਸਭਿਆਚਾਰ ਦਾ ਅਧਾਰ ਹਨ। ਉਨ੍ਹਾਂ ਦਾ ਸਭਿਆਚਾਰ ਕਿਸੇ ਕਲਪਨਾ ’ਤੇ ਆਧਾਰਤ ਨਹੀਂ ਅਤੇ ਨਾ ਹੀ ਕਿਸੇ ਕਲਪਨਾ ਲੋਕ ਨਾਲ ਸੰਬੰਧਤ ਹੈ। ਉਹ ਤਾਂ ਨਿੱਤ ਦੇ ਜੀਵਨ ਨੂੰ ਧਰਮ ਦੀ ਅਗਵਾਈ ਵਿਚ ਤਬਦੀਲ ਹੋਇਆ ਵੇਖਣ ਦੇ ਇਛੁੱਕ ਹਨ। ਇਸ ਤਬਦੀਲੀ ਵਾਸਤੇ ਉਨ੍ਹਾਂ ਨੇ ਪ੍ਰੇਰਨਾ ਵੀ ਕੀਤੀ ਹੈ ਅਤੇ ਸੁਝਾਓ ਵੀ ਦਿੱਤੇ ਹਨ। ਭਗਤਾਂ ਦੀ ਬਾਣੀ ਵਿਚ ਦੋ ਤਰ੍ਹਾਂ ਦੇ ਮਨੁੱਖਾਂ ਦਾ ਮੁੱਖ ਤੌਰ ’ਤੇ ਵਰਨਣ ਆਇਆ ਹੈ। ਨੰਬਰ ਇਕ ਉਹ ਜਿਹੜੇ ਆਪਣੀਆਂ ਖਾਹਸ਼ਾਂ ਦਾ ਜਾਂ ਕਮਜ਼ੋਰੀਆਂ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਅਵਸਥਾ ਨੂੰ ਬਿਆਨ ਕਰਦਿਆਂ ਭਗਤ ਨਾਮਦੇਵ ਜੀ ਨੇ ਦੱਸਿਆ ਹੈ ਕਿ ਉਹ ਕੂੜ ਤੇ ਕੁਜਤਿ ਨੂੰ ਸੱਚ ਸਮਝਣ ਦੇ ਸ਼ਿਕਾਰ ਹੁੰਦੇ ਹਨ। ਬਾਣੀ ਅਨੁਸਾਰ:

“ਮਿਥਿਆ ਭਰਮੁ ਅਰੁ ਸੁਪਨ ਮਨੋਰਥ, ਸਤਿ ਪਦਾਰਥੁ ਜਾਨਿਆ।”[68]

ਅਜਿਹਾ ਮਨੁੱਖ ਭਗਤਾਂ ਅਨੁਸਾਰ ਅਸਭਿਆ ਹੈ। ਦੂਜੇ ਨੰਬਰ ’ਤੇ ਉਨ੍ਹਾਂ ਨੂੰ ਲਿਆ ਹੈ ਜਿਨ੍ਹਾਂ ਨੇ ਦਿਲ ਵਿਚ ਪਰਮਾਤਮਾ ਨੂੰ ਵਸਾ ਰਖਿਆ ਹੈ। ਭਗਤ ਤ੍ਰਿਲੋਚਨ ਜੀ ਦਾ ਬਚਨ ਹੈ ਕਿ ਅਜਿਹੇ ਮਨੁੱਖ ਕਿਸੇ ਦੁਬਿਧਾ ਤੋਂ ਬਰੀ ਹੁੰਦੇ ਹਨ:

“ਬਦਤਿ ਤ੍ਰਿਲੋਚਨੁ ਤੇ ਨਰ ਮੁਕਤਾ, ਪੀਤੰਬਰ ਵਾ ਕੇ ਰਿਦੈ ਬਸੈ।।”[69]

ਇਹ ਮੁਕਤੀ, ਜਿਉਂਦਿਆਂ ਪ੍ਰਾਪਤ ਕਰਨੀ ਹੈ ਤੇ ਇਸ ਦੀ ਨਿਸ਼ਾਨੀ ‘ਗੋਬਿੰਦ ਨਾਮ ਮਤਿ ਬੀਸਰੈ’ ਹੈ। ਅਜਿਹਾ ਮਨੁੱਖ ਭਗਤਾਂ ਅਨੁਸਾਰ ਸਭਿਅ ਹੈ। ਭਗਤ ਕਵੀਆਂ ਅਨੁਸਾਰ, ਜਿਹੜੇ ਮਨੁੱਖ ਕਮਜ਼ੋਰੀਆਂ ਦਾ ਸ਼ਿਕਾਰ ਹਨ, ਉਹ ਨਿਰਸੰਦੇਹ ਧਰਮ ਦੇ ਧਾਰਨੀ ਨਹੀਂ ਹਨ। ਉੱਤਮ ਧਰਮ ਭਗਤਾਂ ਮੁਤਾਬਿਕ ‘ਹਰਿ ਕੋ ਨਾਮ’ ਹੈ। ਇਸ ਪ੍ਰਕਾਰ ਪਰਮਾਤਮਾ ਦੀ ਭਗਤੀ ਵਿਚ ਵਿਸ਼ਵਾਸ ਨਾ ਲਿਆਉਣ ਵਾਲਿਆਂ ਨੂੰ ਭਗਤ

ਨਾਮਦੇਵ ਜੀ ਨੇ ਸੰਗਤ ਕਰਨ ਦੇ ਯੋਗ ਨਹੀਂ ਮੰਨਿਆ। ਉਹ ਅਜਿਹੇ ਮਨੁੱਖ ਦੇ ਦਰਸ਼ਨ ਕਰਨ ਲਈ ਵੀ ਤਿਆਰ ਨਹੀਂ ਹਨ। ਬਾਣੀ ਅਨੁਸਾਰ:

"ਜੋ ਨ ਭਜੰਤੇ ਨਾਰਾਇਣਾ।।

ਤਿਨਕਾ ਮੈ ਨ ਕਰਉ ਦਰਸਨਾ।।"[70]

ਭਗਤ ਕਬੀਰ ਜੀ ਭਾਰਤੀ ਸਭਿਆਚਾਰ ਦੇ ਦ੍ਰਿਸ਼ ਉਪਰ ਉਸ ਸਮੇਂ ਅਵਤਾਰਤ ਹੋਏ, ਜਦੋਂ ਭਾਰਤ ਵਿਚ ਹਿੰਦੂ ਧਰਮ ਅਤੇ ਇਸਲਾਮ ਦੇ ਸੰਸ਼ਲੇਸ਼ਣ ਵਿਚੋਂ ਇਕ ਨਵਾਂ ਸਭਿਆਚਾਰ ਜਨਮ ਲੈ ਰਿਹਾ ਸੀ। ਭਗਤ ਕਬੀਰ ਜੀ ਨੇ ਇਸ ਪ੍ਰਕ੍ਰਿਆ ਨੂੰ ਹੋਰ ਤੇਜ਼ ਕਰ ਕੇ ਇਕ ਅਜਿਹੇ ਸਮਾਜ ਦੀ ਸਥਾਪਨਾ ਹਿਤ ਆਪਣਾ ਯੋਗਦਾਨ ਪਾਇਆ, ਜਿਸ ਵਿਚ ਮਨੁੱਖ ਦੀ ਅਜ਼ਾਦੀ ਅਤੇ ਸਵੈਮਾਨ ਬਰਕਰਾਰ ਰਹਿ ਸਕੇ। ਹਿੰਦੂਸਤਾਨ ਵਿਚ ਲਗਭਗ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਹੀ ਨਿਰਗੁਣ ਭਗਤ ਕਵੀਆਂ ਦੀ ਇਕ ਪਰੰਪਰਾ ਸ਼ੁਰੂ ਹੋ ਗਈ ਸੀ, ਜਿਸ ਨੇ ਸਭਿਆਚਾਰਕ ਕੁਰੀਤੀਆਂ ਅਤੇ ਰਾਜਨੀਤਕ ਕੁਸ਼ਾਸਨ ਦੇ ਵਿਰੁੱਧ ਇਕ ਅਜਿਹਾ ਜਨਮਤ ਤਿਆਰ ਕਰਨ ਵਿਚ ਭਰਪੂਰ ਯੋਗਦਾਨ ਪਾਇਆ, ਜੋ ਮਨੁੱਖ ਦੀ ਸਮਾਨਤਾ ਅਤੇ ਸੁਤੰਤਰਤਾ ਦੇ ਸੰਕਲਪ ਨੂੰ ਪਰਿਪੱਕ ਬਣਾ ਸਕੇ। ਪੰਜਾਬ ਵਿਚ ਅਜਿਹੇ ਲੋਕ-ਪੱਖੀ ਭਗਤ-ਕਵੀਆਂ ਦੀ ਪਰੰਪਰਾ ਚਿਸ਼ਤੀ ਸਿਲਸਿਲੇ ਦੇ ਸੂਫ਼ੀ ਦਰਵੇਸ਼ ਸ਼ੇਖ਼ ਬਾਬਾ ਫ਼ਰੀਦ ਜੀ ਦੇ ਆਗਮਾਨ ਨਾਲ ਸ਼ੁਰੂ ਹੋਈ ਅਤੇ ਇਸ ਪਰੰਪਰਾ ਵਿਚ ਭਗਤ ਨਾਮਦੇਵ ਤੋਂ ਬਾਅਦ ਭਗਤ ਕਬੀਰ ਜੀ ਤੀਸਰੇ ਮਹੱਤਵਪੂਰਨ ਅਤੇ ਸ਼ਿਰੋਮਣੀ ਸੰਤ-ਕਵੀ ਹੋਏ ਹਨ।

ਭਗਤ ਕਬੀਰ ਜੀ ਉਸ ਸਮੇਂ ਪੈਦਾ ਹੋਏ, ਜਦੋਂ ਭਾਰਤ ਵਿਚ ਇਸਲਾਮ ਪ੍ਰਵੇਸ਼ ਕਰ ਚੁੱਕਾ ਸੀ। ਇਸ ਘਟਨਾ ਨੇ ਭਾਰਤੀ ਸਮਾਜ ਅਤੇ ਸਭਿਆਚਾਰ ਨੂੰ ਇਕ ਬੜਾ ਜ਼ਬਰਦਸਤ ਹਲੂਣਾ ਦਿੱਤਾ ਸੀ। ਭਾਵੇਂ ਇਸ ਤੋਂ ਪਹਿਲਾਂ ਵੀ ਭਾਰਤ ਵਿਚ ਬਹੁਤ ਸਾਰੀਆਂ ਵਿਦੇਸ਼ੀ ਅਤੇ ਅਪਰਿਚਿਤ ਜਾਤੀਆਂ ਜਿਵੇਂ ਕਿਰਾਤ, ਹੂਣ, ਯਵਨ, ਸ਼ਕ ਆਦਿਕ ਨੇ ਪ੍ਰਵੇਸ਼ ਕੀਤਾ ਸੀ, ਪ੍ਰੰਤੂ ਭਾਰਤੀ ਸੰਸਕ੍ਰਿਤੀ ਨੇ ਇਨ੍ਹਾਂ ਦਾ ਆਤਮਸਾਤ ਕਰ ਲਿਆ ਸੀ। ਭਾਰਤੀ ਧਰਮ-ਸਾਧਨਾ ਸ਼ੁਰੂ ਤੋਂ ਹੀ ਵਿਅਕਤਿਕ ਰਹੀ ਹੈ। ਹਰ ਵਿਅਕਤੀ ਨੂੰ ਆਪਣੇ-ਆਪਣੇ ਤੌਰ ਤਰੀਕੇ ਨਾਲ ਧਰਮ-ਉਪਾਸਨਾ ਦਾ ਅਧਿਕਾਰ ਪ੍ਰਾਪਤ ਹੈ। ਇਥੇ ਝੁੰਡ ਬਣਾ ਕੇ ਉਤਸਵ ਤਾਂ ਹੋ ਸਕਦੇ ਸਨ, ਭਜਨ ਨਹੀਂ।[71] ਇਥੇ ਸ੍ਰੇਸ਼ਠਤਾ ਦੀ ਨਿਸ਼ਾਨੀ ਕਿਸੇ ਧਰਮ ਵਿਸ਼ੇਸ਼ ਨੂੰ ਮੰਨਣਾ ਜਾਂ ਖ਼ਾਸ ਦੇਵੀ-ਦੇਵਤੇ ਦੀ ਉਪਾਸਨਾ ਕਰਨਾ ਹੀ ਨਹੀਂ ਸੀ, ਬਲਕਿ ਆਚਾਰ-ਸ਼ੁੱਧੀ ਅਤੇ ਚਰਿੱਤਰ ਨੂੰ ਮੰਨਿਆ ਜਾਂਦਾ ਸੀ। ਜੇ ਕੋਈ ਆਦਮੀ ਆਪਣੇ ਦੱਸੇ ਹੋਏ ਧਰਮ ਉੱਤੇ ਦ੍ਰਿੜ੍ਹ ਹੈ, ਚਰਿੱਤਰ ਤੋਂ ਸ਼ੁੱਧ ਹੈ, ਕਿਸੇ ਦੂਸਰੀ ਜਾਤੀ ਜਾਂ ਵਿਅਕਤੀ ਦੇ ਆਚਰਣ ਦੀ ਨਕਲ ਹੀ ਨਹੀਂ ਕਰਦਾ, ਬਲਕਿ ਸਵ-ਧਰਮ ਵਿਚ ਹੀ ਮਰ ਜਾਣ ਨੂੰ ਉੱਤਮ ਮੰਨਦਾ ਹੈ। ਉਹ ਜੇ ਸਤਿਵਾਦੀ ਹੈ ਤਾਂ ਉਹ ਨਿਸ਼ਚੇ ਹੀ ਸ੍ਰੇਸ਼ਠ ਹੈ। ਭਾਰਤੀ ਸਭਿਆਚਾਰ ਅਨੁਸਾਰ ਕੁਲੀਨਤਾ ਪੂਰਵ-ਜਨਮ ਦੇ ਕਰਮਾਂ ਦਾ ਫਲ ਸੀ ਅਤੇ ਚਰਿੱਤਰ ਇਸ ਜਨਮ ਦੇ ਕਰਮਾਂ ਦਾ ਪ੍ਰਤੀਕ ਹੋਇਆ ਕਰਦਾ ਸੀ। ਦੇਵਤੇ ਕਿਸੇ ਇਕ ਜਾਤੀ ਦੀ ਸੰਪਤੀ ਨਹੀਂ ਸਨ, ਬਲਕਿ ਉਹ ਸਭ ਦੇ ਸਾਂਝੇ ਸਨ ਅਤੇ ਸਾਰਿਆਂ ਦੀ ਪੂਜਾ ਦੇ ਅਧਿਕਾਰੀ ਹੋਇਆ ਕਰਦੇ ਸਨ।

ਜਦੋਂ ਇਸਲਾਮ ਭਾਰਤ ਵਿਚ ਦਾਖ਼ਲ ਹੋਇਆ ਤਾਂ ਪਤਾ ਚੱਲਿਆ ਕਿ ਇਹ ਇਕ ਸੰਗਠਿਤ ਧਰਮ ਹੈ। ਬਹੁਤ ਸਾਰੇ ਲੋਕ ਇਕ ਹੀ ਪੈਗ਼ੰਬਰ ਨੂੰ ਮੰਨਦੇ ਸਨ; ਇਕ ਹੀ ਆਚਾਰ ਦੀ ਪਾਲਣਾ ਕਰਦੇ ਸਨ ਅਤੇ ਜਦੋਂ ਉਹ ਕਿਸੇ ਨਸਲ, ਕਬੀਲੇ ਜਾਂ ਜਾਤੀ ਦੇ ਵਿਅਕਤੀ ਨੂੰ ਆਪਣੇ ਧਰਮ ਵਿਚ ਪ੍ਰਵੇਸ਼ ਕਰਵਾਉਂਦੇ ਸਨ ਤਾਂ ਉਸ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਦੂਰ ਕਰ ਕੇ ਹੀ ਉਸ ਨੂੰ ਆਪਣੇ ਵਿਚ ਸ਼ਾਮਲ ਕਰਦੇ ਸਨ। ਭਾਰਤੀ ਸਮਾਜ ਬਹੁਤ ਸਾਰੀਆਂ ਜਾਤੀਆਂ ਦਾ ਸਮ੍ਰਿਸ਼ਣ ਸੀ। ਇਕ ਜਾਤੀ ਦਾ ਵਿਅਕਤੀ ਕਿਸੇ ਦੂਸਰੀ ਜਾਤੀ ਵਿਚ ਨਹੀਂ ਜਾ ਸਕਦਾ ਅਤੇ ਮਜ਼ਹਬ ਇਸ ਤੋਂ ਬਿਲਕੁਲ ਉਲਟ ਸੀ। ਮੁਸਲਮਾਨੀ ਇਕ ਮਜ਼ਹਬ ਹੈ। ਭਾਰਤੀ ਸਮਾਜ-ਸੰਗਠਨ ਤੋਂ ਬਿਲਕੁਲ ਵੱਖਰੀ ਤਰ੍ਹਾਂ ਉਸ ਦਾ ਸੰਗਠਨ ਹੋਇਆ ਹੈ। ਭਾਰਤੀ ਸਮਾਜ ਜਾਤੀਗਤ ਵਿਸੇਸ਼ਤਾ ਨੂੰ ਅਲੋਪ ਕਰ ਕੇ ਸਮੂਹਗਤ ਧਰਮ-ਸਾਧਨਾ ਦਾ ਪ੍ਰਚਾਰਕ ਸੀ। ਇਕ ਦਾ ਕੇਂਦਰ-ਬਿੰਦੂ ਚਰਿੱਤਰ ਸੀ ਅਤੇ ਦੂਸਰੇ ਦਾ ਧਰਮ ਸੀ। ਭਾਰਤੀ ਸਮਾਜ ਵਿਚ ਵਿਅਕਤੀ ਭਾਵੇਂ ਇਹ ਸਵੀਕ੍ਰਿਤ ਤੱਥ ਸੀ ਕਿ ਧਾਰਮਿਕ ਵਿਸ਼ਵਾਸ ਚਾਹੇ ਜੋ ਵੀ ਹੋਵੇ, ਚਰਿੱਤਰ ਸ਼ੁੱਧ ਹੈ ਤਦ ਵਿਅਕਤੀ ਸ਼ੁੱਧ ਹੋ ਜਾਂਦਾ ਹੈ। ਫਿਰ ਉਹ ਕਿਸੇ ਵੀ ਜਾਤੀ ਨਾਲ ਕਿਉਂ ਨਾ ਸੰਬੰਧ ਰੱਖਦਾ ਹੋਵੇ, ਪ੍ਰੰਤੂ ਮੁਸਲਮਾਨੀ ਸਮਾਜ ਦਾ ਵਿਸ਼ਵਾਸ ਅਧਿਕਾਰੀ ਹੈ। ਜਿਹੜੇ ਇਸ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ, ਉਹ ਸਭ ਨਰਕਾਂ ਦੇ ਭਾਗੀ ਹੋਣਗੇ। ਭਾਰਤ ਵਰਸ਼ ਨੂੰ ਕਿਸੇ ਅਜਿਹੇ ਧਰਮ ਨਾਲ ਅਜੇ ਤਕ ਵਾਸਤਾ ਨਹੀਂ ਪਿਆ ਸੀ। ਭਾਰਤੀਆਂ ਨੂੰ ਕਦੇ ਇਹ ਖ਼ਿਆਲ ਵੀ ਨਹੀਂ ਸੀ ਆਇਆ ਕਿ ਉਨ੍ਹਾਂ ਦੇ ਆਚਾਰ ਅਤੇ ਮਤਿ ਨੂੰ ਨਾ ਮੰਨਣ ਵਾਲੇ ਗ਼ੈਰ ਲੋਕਾਂ ਦਾ 'ਕੁਫ਼ਰ' ਤੋੜਨਾ ਉਨ੍ਹਾਂ ਦਾ ਪਰਮ ਕਰਤੱਵ ਹੈ। ਇਸੇ ਲਈ ਜਦੋਂ ਇਸ ਨਵੀਨ ਧਰਮ ਨੇ ਸਾਰੇ ਸੰਸਾਰ ਦੇ ਕੁਫ਼ਰ ਨੂ ਮਿਟਾ ਦੇਣ ਦੀ ਪ੍ਰਤਿਗਿਆ ਨਾਲ ਭਾਰਤ ਦੇਸ਼ ਵਿਚ ਪ੍ਰਵੇਸ਼ ਕੀਤਾ ਤਾਂ ਇਹ ਵਰਸ਼ ਇਸ ਨੂੰ ਠੀਕ-ਠੀਕ ਸਮਝ ਹੀ ਨਾ ਸਕਿਆ। ਇਸ ਲਈ ਕਾਫ਼ੀ ਸਮੇਂ ਤੱਕ ਇਸ ਦੀ ਬੁੱਧੀ ਕੁੰਠਿਤ ਹੋਈ ਰਹੀ।

ਭਾਰਤੀ ਸਭਿਆਚਾਰ ਉਪਰ ਇਸਲਾਮ ਦੇ ਆਕਰਮਣ ਤੋਂ ਬਾਅਦ ਪਹਿਲੀ ਵਾਰ ਭਾਰਤੀ ਵਾਸੀਆਂ ਨੂੰ ਆਪਣੇ ਧਰਮ ਨੂੰ ਸਮਝਣ-ਸਮਝਾਉਣ ਦੀ ਜ਼ਰੂਰਤ ਮਹਿਸੂਸ ਹੋਈ। ਇਸਲਾਮ ਦੇ ਆਗਮਨ ਤੋਂ ਪਹਿਲਾਂ ਭਾਰਤ-ਵਾਸੀਆਂ ਦੇ ਵਿਸ਼ਾਲ ਜਨ-ਸਮੂਹ ਦੇ ਧਰਮ ਦਾ ਕੋਈ 'ਨਾਮ' ਹੀ ਨਹੀਂ ਸੀ। ਹੁਣ ਉਸ ਦਾ ਨਾਮ ਹਿੰਦੂ ਪੈ ਗਿਆ। ਹਿੰਦੂ ਅਰਥਾਤ ਭਾਰਤੀ ਅਰਥਾਤ ਗ਼ੈਰ-ਇਸਲਾਮੀ ਧਰਮ। ਸਪਸ਼ਟ ਹੀ ਇਸ ਮੱਤ ਦੇ ਕਈ ਫ਼ਿਰਕੇ ਸਨ। ਕਈ ਸੰਪਰਦਾਵਾਂ ਸਨ। ਕੁਝ ਬ੍ਰਾਹਮਣਵਾਦੀ ਸਨ। ਕੁਝ ਕਰਮ-ਕਾਂਡੀ ਸਨ। ਕੁਝ ਸ਼ੈਵ ਸਨ। ਕੁਝ ਵੈਸ਼ਨਵ ਸਨ। ਕੁਝ ਸ਼ਾਕਤ ਸਨ ਅਤੇ ਨਾ ਜਾਣੇ ਹੋਰ ਵੀ ਕਿਤਨੇ ਫ਼ਿਰਕੇ ਅਤੇ ਸੰਪਰਦਾਵਾਂ ਸਨ। ਹਜ਼ਾਰਾਂ ਯੋਜਨਾਂ ਤਕ ਵਿਸਤ੍ਰਿਤ ਅਤੇ ਹਜ਼ਾਰਾਂ ਵਰ੍ਹਿਆਂ ਵਿਚ ਵਿਆਪਤ ਇਸ ਜਨ-ਸਮੂਹ ਦੇ ਵਿਚਾਰਾਂ ਅਤੇ ਪਰੰਪਰਾ-ਪ੍ਰਾਪਤ ਮੱਤਾਂ ਦਾ ਇਕ ਵਿਸ਼ਾਲ ਜੰਗਲ ਖੜ੍ਹਾ ਸੀ। ਸਿਮ੍ਰਿਤੀਆਂ, ਪੁਰਾਣਾਂ, ਲੋਕਾਚਾਰ ਅਤੇ ਸਭਿਆਚਾਰ ਦੇ ਵਿਕਟ ਜੰਗਲਾਂ ਵਿਚੋਂ ਭਾਵੇਂ ਕਿਸੇ ਮਾਰਗ ਦੀ ਤਲਾਸ਼ ਕਰ ਲੈਣਾ ਬੜਾ ਕਠਿਨ ਕੰਮ ਸੀ। ਪਰ ਫਿਰ ਵੀ ਕੁਝ ਪੰਡਤਾਂ ਨੇ ਇਹ ਕਾਰਜ ਸ਼ੁਰੂ ਕੀਤਾ ਸੀ। ਇਨ੍ਹਾਂ ਦਾ ਇਹ ਉਦੇਸ਼ ਸੀ ਕਿ ਇਹ ਅਜਿਹੇ ਸਰਵ-ਮੱਤ ਦੀ ਤਲਾਸ਼ ਕਰ ਲਈ ਜਾਵੇ, ਜਿਸ ਨੂੰ 'ਹਿੰਦੂ ਸੋਲਿਡੈਰਿਟੀ' ਦਾ ਨਾਮ ਦਿੱਤਾ ਤਾਂ ਜਾ ਸਕੇ, ਪ੍ਰੰਤੂ

ਅਜਿਹਾ ਪ੍ਰਯਤਨ ਸਫ਼ਲ ਨਾ ਹੋ ਸਕਿਆ, ਕਿਉਂਕਿ ਇਸ ਪ੍ਰਯਤਨ ਦੀ ਸਭ ਤੋਂ ਵੱਡੀ ਕਮਜ਼ੋਰੀ ਇਸ ਦੀ ਆਚਾਰ-ਪ੍ਰਾਇਣਤਾ ਹੀ ਸੀ। ਜਿਸ ਨਵੇਂ ਮੱਤ ਨਾਲ ਭਾਰਤੀਆਂ ਦਾ ਵਾਹ ਪਿਆ ਸੀ, ਉਹ ਆਚਾਰ ਨੂੰ ਕੋਈ ਮਹੱਤਵ ਹੀ ਨਹੀਂ ਦਿੰਦਾ ਸੀ। ਉਸ ਦਾ ਸੰਗਠਨ ਬਿਲਕੁਲ ਉਲਟੇ ਪਾਸਿਉਂ ਹੋਇਆ ਸੀ। ਇਹ ਧਰਮ ਵਰਜਨਾਗ੍ਰਹੀ ਸੀ। ਅਰਥਾਤ ਇਹ ਨਿਰਦਰਇਤਾ-ਪੂਰਨ ਢੰਗਾਂ ਨਾਲ ਗ਼ੈਰ ਮਤਾਂ ਨੂੰ ਤਹਿਸ-ਨਹਿਸ ਕਰਨ ਉੱਤੇ ਤੁਲਿਆ ਹੋਇਆ ਸੀ। ਧਾਰਮਿਕ ਵਰਜਨਸ਼ੀਲਤਾ ਇਸ ਦਾ ਮੁੱਖ ਅਸਤਰ ਸੀ। ਜਿਥੇ ਹਿੰਦੂ ਸਮਾਜ ਕਿਸੇ ਗ਼ੈਰ-ਧਰਮ ਦੇ ਵਿਅਕਤੀ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਨ ਦਾ ਸਮਰਥਕ ਨਹੀਂ ਸੀ, ਉਥੇ ਮੁਸਲਮਾਨੀ ਸਮਾਜ ਗ਼ੈਰ-ਵਿਅਕਤੀ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰ ਲੈਣਾ ਆਪਣਾ ਪਰਮ-ਕਰਤੱਵ ਸਮਝਦਾ ਸੀ। ਪੰਡਤਾਂ ਅਤੇ ਮੁਨਸ਼ੀਆਂ ਨੇ ਆਪਣੇ ਨਿਬੰਧ-ਗ੍ਰੰਥਾਂ ਦੀ ਰਚਨਾ ਦੁਆਰਾ ਹਿੰਦੂ ਨੂੰ ਤਾਂ ਹੋਰ ਵੀ ਵੱਧ ਹਿੰਦੂ ਤਾਂ ਬਣਾ ਦਿੱਤਾ, ਪ੍ਰੰਤੂ ਮੁਸਲਮਾਨਾਂ ਨੂੰ ਆਤਮਸਾਤ ਕਰਨ ਲਈ ਕੋਈ ਰਸਤਾ ਨਾ ਅਪਣਾਇਆ।

ਭਾਰਤ ਅਮੀਰ ਸਭਿਆਚਾਰ ਦਾ ਦੇਸ਼ ਸੀ। ਸਮੇਂ ਦੇ ਬਦਲਣ ਦੇ ਨਾਲ-ਨਾਲ ਭਾਰਤ ਸਭਿਆਚਾਰ ਸਾਮੀ ਸਭਿਆਚਾਰ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਬਹੁਤ ਸਾਰੀਆਂ ਤਬਦੀਲੀਆਂ ਹੋਈਆਂ। ਭਗਤਾਂ ਦਾ ਸਮਕਾਲੀ ਸਮਾਂ ਸਭਿਆਚਾਰਕ ਪੱਖੋਂ ਜਾਤ-ਪਾਤ, ਵਰਣ-ਵੰਡ ਦੇ ਨਾਲ ਧਰਮ ਦੇ ਖੇਤਰ ਵਿਚ ਵੀ, ਦੋਹਰੀ ਮਾਰ ਝੱਲ ਰਿਹਾ ਸੀ, ਕਿਉਂਕਿ ਧਰਮ ਦੇ ਪੈਰੋਕਾਰ ਆਪਣਾ ਧਰਮ ਫੈਲਾਉਣ ਤੇ ਪ੍ਰਸਾਰਣ ਲਈ ਸਾਧਾਰਨ ਜਨਤਾ ਨੂੰ ਕਈ ਤਰ੍ਹਾਂ ਦੇ ਕਰਮਕਾਂਡਾਂ 'ਚ ਫਸਾ ਕੇ ਗੁੰਮਰਾਹ ਕਰ ਰਹੇ ਸਨ। ਧਰਮ 'ਚ ਅਗਾਂਹਵਧੂ ਪ੍ਰਵਿਰਤੀਆਂ ਦਾ ਪਤਨ ਹੋ ਚੁੱਕਾ ਸੀ। ਆਡੰਬਰ ਅਤੇ ਅੰਧ ਵਿਸ਼ਵਾਸ ਇੰਨਾ ਫੈਲਿਆ ਕਿ ਮਾਨਵਤਾ ਪੀੜਤ ਹੋ ਉਠੀ।

ਸਪੱਸ਼ਟ ਹੀ ਹੈ ਕਿ ਤਿੰਨ ਚਾਰ ਸਦੀਆਂ ਤੱਕ ਲਗਾਤਾਰ ਮਹਿਮੂਦ ਗਜ਼ਨਵੀ, ਗੁਲਾਮ ਤੁਗਲਕ, ਸੱਯਦ ਲੋਧੀ ਆਦਿ ਸ਼ਾਸਕਾਂ ਦਾ ਭਾਰਤ ਉਪਰ ਕਬਜ਼ਾ ਰਿਹਾ ਸੀ। ਇਸ ਪ੍ਰਕਾਰ ਸਾਮੀ ਸਭਿਆਚਾਰ ਤੋਂ ਭਾਰਤੀ ਸਭਿਆਚਾਰ ਅਛੂਤਾ ਨਹੀਂ ਰਹਿ ਸਕਦਾ ਸੀ। ਸਾਮੀ ਚਿੰਤਨ ਨੇ ਵਿਸਾਲ ਪੱਧਰ 'ਤੇ ਭਾਰਤੀ ਸਭਿਆਚਾਰ ਅਤੇ ਇਤਿਹਾਸ ਨੂੰ ਪ੍ਰਭਾਵਿਤ ਕੀਤਾ। ਸਾਮੀ ਚਿੰਤਨ ਨੇ ਇਨ੍ਹਾਂ ਦਾ ਖਾਣ-ਪੀਣ, ਪਹਿਰਾਵਾ, ਮਨੋਰੰਜਨ ਸਾਧਨ, ਭਵਨ ਨਿਰਮਾਣ ਕਲਾ ਆਦਿ ਸਭ ਕੁਝ ਨਿਰਾਲਾ ਸੀ। ਮੁਸਲਮਾਨ ਸਵਰਨਕਾਰ ਗਹਿਣੇ ਘੜ੍ਹਣ ਚ ਬਹੁਤ ਮਾਹਿਰ ਸਨ ਤੇ ਵੇਲ ਬੂਟਿਆਂ ਦਾ ਕੰਮ ਬੜੀ ਬਾਰੀਕੀ ਨਾਲ ਕਰਦੇ ਸਨ। ਭਾਰਤੀ ਗਹਿਣਿਆਂ ਉੱਪਰ ਡਿਜਾਇਨ ਵਜੋਂ ਚੰਦ, ਸੂਰਜ, ਹੰਸ ਆਦਿ ਦੀ ਥਾਂ ਵੇਲ ਬੂਟਿਆਂ ਨੇ ਲੈ ਲਈ।

ਸਮੇਂ ਦੇ ਨਾਲ-ਨਾਲ ਬ੍ਰਾਹਮਣ ਵਰਗ ਦਾ ਰੋਹਬ ਘੱਟਣ ਲੱਗਾ ਤੇ ਸਾਧਾਰਨ ਜਨਤਾ ਨੂੰ ਵੀ ਅਹਿਮੀਅਤ ਮਿਲਣ ਲੱਗੀ। ਸੰਸਕ੍ਰਿਤ ਭਾਸ਼ਾ, ਜੋ ਕਿ ਆਮ ਸਾਧਾਰਨ ਜਨਤਾ ਦੀ ਸਮਝ ਤੋਂ ਪਰੇ ਸੀ, ਮੱਧਮ ਹੋ ਗਈ। ਸਥਾਨਕ ਲੋਕ ਬੋਲੀ ਦਾ ਵਿਕਾਸ ਹੋਇਆ। ਇਸ ਸਾਰੇ ਬਦਲਾਵ ਦੇ ਕਾਰਨ ਪਿਛੇ ਭਗਤੀ ਲਹਿਰ ਦਾ ਉਦੈ ਹੋਣਾ ਸੀ। ਸਾਰੇ ਸੰਤ ਕਵੀਆਂ ਨੇ ਬੜੇ ਸਰਲ ਤੇ ਸਹਿਜ ਤਰੀਕੇ ਨਾਲ ਲੋਕਾਂ ਨੂੰ ਧਰਮ ਦੇ ਸੰਸਥਾਗਤ ਰੂਪ ਤੋਂ ਬਾਹਰ ਕੱਢਿਆ ਤੇ ਉਨ੍ਹਾਂ ਨੂੰ ਇਕ ਉੱਚੀ-ਸੁੱਚੀ ਤੇ ਪਵਿੱਤਰ ਭਗਤੀ ਦੇ ਰਾਹ ਵੱਲ

ਤੋਰਿਆ ਭਗਤੀ ਲਹਿਰ ਦੇ ਭਗਤ ਕਵੀ ਦਲਿਤ ਵਰਗ ’ਚ ਪੈਦਾ ਹੋਏ ਸਨ। ਉਨ੍ਹਾਂ ਨੇ ਬੜੀ ਵਿਦਰੋਹਮਈ ਸੁਰ ਵਿਚ ਸਮਾਜਕ ਤੇ ਧਾਰਮਿਕ ਕੁਰੀਤੀਆਂ ਦਾ ਵਿਰੋਧ ਕੀਤਾ। “ਭਗਤੀ ਲਹਿਰ ਦੇ ਪ੍ਰਭਾਵ ਅਧੀਨ ਇਕ ਆਮ ਸੁਧਾਰਕ ਲਹਿਰ ਸਹਿਜੇ-ਸਹਿਜੇ ਲੋਟੂ ਸ਼੍ਰੇਣੀ ਵਿਰੁੱਧ ਦਲਿਤ ਜਾਤੀਆਂ ਦੇ ਵਿਦਰੋਹ ਦਾ ਰੂਪ ਧਾਰਨ ਕਰਨ ਲੱਗੀ।

ਧਰਮ ਵਿਚ ਆਏ ਦੰਭ ਨੂੰ ਦੂਰ ਕਰਨ ਲਈ ਭਗਤ ਕਵੀਆਂ ਨੇ ਧਰਮ ਨਿਰਪੱਖ ਅਤੇ ਉਚੇ ਆਚਰਣ ਵਾਲੇ ਸਭਿਆਚਾਰ ਦੀ ਸਥਾਪਨਾ ਕਰਨ ਦਾ ਉਪਰਾਲਾ ਕੀਤਾ। ਇਨ੍ਹਾਂ ਲਹਿਰਾਂ ਨੇ ਜਨ-ਸਾਧਾਰਨ ਨੂੰ ਬ੍ਰਾਹਮਣਾਂ ਦੇ ਕਰੜੇ ਨਿਯਮਾਂ ਅਤੇ ਇਸਲਾਮੀ ਕੱਟੜਤਾ ਤੋਂ ਦੂਰ, ਰਾਜਸੀ ਡਰ ਤੋਂ ਨਿਰਲੇਪ ਰਹਿਣ ਦੀ ਜੀਵਨ ਜਾਂਚ ਸਿਖਾਈ। ਮਨੁੱਖ ਨੂੰ ਧਾਰਮਿਕ ਗੁਲਾਮੀ ਤੋਂ ਮੁਕਤ, ਇਸਤਰੀ ਨੂੰ ਸਮਾਜ ਵਿਚ ਸਤਿਕਾਰਯੋਗ ਸਥਾਨ, ਜਾਤ-ਪਾਤ ਦਾ ਵਿਰੋਧ, ਸਮਾਨਤਾ, ਅਤੇ ਜਾਗੀਰਦਾਰੀ ਨਿਜ਼ਾਮ ਦਾ ਜ਼ੋਰਦਾਰ ਖੰਡਨ ਕੀਤਾ। “ਮਧਕਾਲੀਨ ਭਾਰਤ ਵਿਚ ਭਗਤੀ ਲਹਿਰ ਹੋਵੇ, ਭਾਵੇਂ ਸਿੱਖ ਲਹਿਰ, ਸੂਫੀ ਹੋਵੇ, ਭਾਵੇਂ ਜੋਗੀ ਜੰਗਮ, ਇਨ੍ਹਾਂ ਸਾਰਿਆਂ ਵਲੋਂ ਕੁਲੀਨ ਵਰਗ ਵਿਰੁੱਧ ਰੋਸ ਦੀ ਭਾਵਨਾ ਦਾ ਪ੍ਰਗਟਾਵਾ ਲੋਕ ਸਭਿਆਚਾਰ ਦਾ ਇਕ ਅਨਿੱਖੜਵਾਂ ਅੰਗ ਰਿਹਾ ਹੈ।”[72] ਇਸ ਪ੍ਰਕਾਰ “ਭਗਤੀ ਲਹਿਰ ਜੋ ਪਿਛੋਂ ਜਾ ਕੇ ਨੀਚ ਜਾਤੀਆਂ ਦਾ ਉੱਚ ਜਾਤੀਆਂ ਵਿਰੁੱਧ, ਵਿਦਰੋਹ ਦਾ ਰੂਪ ਧਾਰ ਗਈ, ਅਸਲ ਵਿਚ ਇਸਲਾਮੀ ਪ੍ਰਚਾਰ ਤੇ ਰਾਜ ਸ਼ਕਤੀ ਦੇ ਅਸਰ ਹੇਠ ਦੱਬੀ ਜਾ ਰਹੀ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਲਈ ਖੜੀ ਹੋਈ ਸੀ।”[73]

ਭਾਰਤ ਵਿਚ ਕਈ ਹਮਲਾਵਰਾਂ ਦਾ ਆਉਣਾ-ਜਾਣਾ ਲੱਗਾ ਰਹਿੰਦਾ। ਹਮਲਾਵਰਾਂ ਦਾ ਮੁੱਖ ਟੀਚਾ ਖਜਾਨਾ ਲੁੱਟਣਾ ਸੀ। ਕੁਝ ਹਮਲਾਵਰਾਂ ਲੁੱਟ-ਖਸੁੱਟ ਕਰਕੇ ਵਾਪਿਸ ਪਰਤ ਜਾਂਦੇ ਤੇ ਕੁਝ ਨੇ ਪੱਕੇ ਪੈਰ ਜਮਾਂ ਕੇ ਰਾਜ ਕੀਤਾ। ਉਨ੍ਹਾਂ ਦੇ ਸਮਾਜਕ ਤੇ ਸਭਿਆਚਾਰ ਦਾ ਅਸਰ ਹੋਣ ਕਾਰਨ, ਮੇਲ ਅਤੇ ਟਕਰਾ ਹੋਣਾ ਸੁਭਾਵਿਕ ਸੀ। ਨਾਮਧਾਰੀ ਦਿਨਕਰ ਲਿਖਦਾ ਹੈ ਕਿ ਭਾਰਤੀ ਸੰਸਕ੍ਰਿਤੀ ਵਿਚ ਚਾਰ ਵੱਡੀਆਂ ਕ੍ਰਾਂਤੀਆਂ ਆਈਆਂ, ਪਹਿਲੀ ਕ੍ਰਾਂਤੀ ਉਦੋਂ ਆਈ ਜਦੋਂ ਆਰੀਆਂ ਜਾਤੀ ਤੇ ਆਦਿ ਵਾਸੀਆਂ ਦਾ ਮੇਲ ਹੋਇਆ। ਦੂਜੀ ਕ੍ਰਾਂਤੀ ਬੁੱਧ ਮੱਤ ਨਾਲ ਆਈ। ਜਦ ਕਿ ਬ੍ਰਾਹਮਣ ਸੰਸਕ੍ਰਿਤੀ ਦੀ ਥਾਂ ਸ੍ਰਮਣ ਸੰਸਕ੍ਰਿਤੀ ਨੇ ਲਈ, ਵਰਣ-ਵੰਡ ਤੇ ਜਾਤ ਪਾਤ ਵਰਗੀਆਂ ਮਾਨਤਾਵਾਂ ਇਕ ਪਾਸੇ ਕਰ ਦਿੱਤੀਆਂ ਗਈਆਂ ਅਤੇ ਬਲੀਦਾਨ ਵਾਲੇ ਲਹੂ ਲੁਹਾਣ ਖੂਨੀ ਧਰਮ ਦੀ ਥਾਂ ਅਹਿੰਸਾ ਧਰਮ ਹੋ ਨਿਬੜਿਆ। ਤੀਸਰੀ ਕ੍ਰਾਂਤੀ ਮੁਸਲਿਮ ਹਮਲਿਆਂ ਨਾਲ ਆਈ, ਜਿਸ ਨਾਲ ਪੁਰਾਣਾ ਰਹਿਣ-ਸਹਿਣ ਤੇ ਬੋਲੀ ਬਦਲ ਗਈ, ਚੌਥੀ ਕ੍ਰਾਂਤੀ ਉਦੋਂ ਆਈ ਜਦੋਂ ਅੰਗਰੇਜ਼ਾਂ ਦੇ ਆਉਣ ਨਾਲ ਪੱਛਮੀ ਗਿਆਨ-ਵਿਗਿਆਨ ਦਾ ਬੋਲ ਬਾਲਾ ਹੋਇਆ। ਨਿਰਸੰਦੇਹ ਭਾਰਤ ਵਿਚ ਅਜਨਬੀਆਂ ਦੇ ਪ੍ਰਵੇਸ਼ ਸਭਿਆਚਾਰਕ ਤਨਾਉ ਅਤੇ ਸਮਿਨਵੈ ਦੀ ਸਥਿਤੀ ਪੈਦਾ ਹੋਈ।

ਕਬੀਰ ਜੀ ਸਾਰੇ ਵਰਤਾਂ, ਤੀਰਥ-ਇਸ਼ਨਾਨਾਂ ਅਤੇ ਕਰਮ-ਕਾਂਡਾਂ ਨੂੰ ਅਸਵੀਕਾਰ ਕਰਦੇ ਹਨ। ਕਬੀਰ ਜੀ ਮੰਦਰਾਂ ਅਤੇ ਮਸਜਿਦਾਂ ਨੂੰ ਖ਼ੁਦਾ ਦੇ ਘਰ ਵੀ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ ਕਿ ਜਿਥੇ ਮੰਦਿਰ ਅਤੇ ਮਸਜਿਦ ਨਹੀਂ ਹਨ, ਉੱਥੇ ਕਿਸ ਦਾ ਹੁਕਮ ਚੱਲ ਰਿਹਾ ਹੈ? ਕਬੀਰ ਜੀ ਨੇ ਅੱਖਾ ਬੰਦ ਕਰ ਕੇ

ਅੰਨ੍ਹੀਂ ਸ਼ਰਧਾ ਦੇ ਰੱਸੇ ਉਪਰ ਚੱਲਣ ਵਾਲਿਆਂ ਨੂੰ ਵੀ ਅਸਵੀਕਾਰ ਕਰ ਦਿੱਤਾ। ਆਪ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਹਰ ਪ੍ਰਕਾਰ ਦੇ ਕਰਮ-ਕਾਂਡ ਦੀ ਆਲੋਚਨਾ ਕੀਤੀ ਹੈ:

"ਸੰਧਿਆ ਪ੍ਰਾਤ ਇ ਇਸ਼੍ਨਾਨ ਕਰਾਹੀ॥
ਜਿਉ ਭਏ ਦਾਦੁਰ ਪਾਨੀ ਮਾਹੀ॥"[74]
"ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥
ਜਾ ਕੈ ਰਿਦੈ ਭਾਉ ਹੈ ਦੂਜਾ॥"[75]
"ਕਾਜੀ ਤੈ ਕਵਨ ਕਤੇਬ ਬਖਾਨੀ॥
ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥"[76]

ਕਬੀਰ ਜੀ ਦਾ ਵਿਚਾਰ ਸੀ ਕਿ ਪ੍ਰੇਮ ਹੀ ਸਾਧਯ ਹੈ ਅਤੇ ਪ੍ਰੇਮ ਹੀ ਸਾਧਨ ਹੈ। ਵ੍ਰਤ, ਮੁਹੱਰਮ, ਪੂਜਾ, ਨਿਮਾਜ਼, ਹੱਜ ਜਾਂ ਤੀਰਥ ਯਾਤਰਾਂ ਸਭ ਨਿਹਫਲ ਹਨ। ਇਹ ਜੋ ਪੀਰ-ਪੈਗ਼ੰਬਰ, ਕਾਜ਼ੀ-ਮੁੱਲਾਂ, ਰੋਜ਼ਾ-ਨਮਾਜ਼ ਆਦਿਕ ਦੀ ਭਗਤੀ ਹੈ ਇਹ ਸਭ ਅਰਥਹੀਣ ਹੈ। ਇਸ ਤਰ੍ਹਾਂ ਸਭ ਪ੍ਰਕਾਰ ਦੇ ਬਾਹਰੀ ਧਰਮਾਚਾਰਾਂ ਨੂੰ ਅਸਵੀਕਾਰ ਕਰਨ ਦਾ ਅਪਾਰ ਸਾਹਸ ਲੈ ਕੇ ਕਬੀਰ ਜੀ ਸਾਧਨਾ ਦੇ ਖੇਤਰ ਵਿਚ ਆਏ। ਕੇਵਲ ਅਸਵੀਕਾਰ ਕਰ ਦੇਣਾ ਕੋਈ ਬਹੁਤੀ ਵੱਡੀ ਗੱਲ ਨਹੀਂ ਹੁੰਦੀ। ਹਰ ਕੋਈ ਹਰ ਕਿਸੇ ਨੂੰ ਅਸਵੀਕਾਰ ਤਾਂ ਕਰ ਸਕਦਾ ਹੈ, ਪਰ ਕਿਸੇ ਵੱਡੇ ਲਕਸ਼ ਲਈ ਰੁਕਾਵਟਾਂ ਨੂੰ ਅਸਵੀਕਾਰ ਕਰ ਦੇਣਾ ਸੱਚਮੁੱਚ ਬਹੁਤ ਵੱਡੀ ਗੱਲ ਹੈ। ਬਿਨਾਂ ਉਦੇਸ਼ ਤੋਂ ਵਿਦਰੋਹ ਵਿਨਾਸ਼ਕ ਹੈ ਅਤੇ ਉਚੇਰੇ ਉਦੇਸ਼ ਲਈ ਕੀਤਾ ਗਿਆ ਵਿਦਰੋਹ ਪਰਮ ਸੂਰਮਗਤੀ ਦਾ ਪ੍ਰਤੀਕ ਹੁੰਦਾ ਹੈ। ਕਬੀਰ ਜੀ ਨੇ ਅਟਲ ਵਿਸ਼ਵਾਸ ਦੇ ਨਾਲ ਆਪਣੇ ਪ੍ਰੇਮ ਮਾਰਗ ਦਾ ਪ੍ਰਤੀਪਾਦਨ ਕੀਤਾ। ਰੂੜ੍ਹੀਆਂ ਅਤੇ ਕੁਸੰਸਕਾਰਾਂ ਦੀ ਵਿਸ਼ਾਲ ਸੈਨਾ ਨਾਲ ਉਹ ਸਾਰੀ ਉਮਰ ਜੂਝਦੇ ਰਹੇ। ਗਿਆਨ ਦੀ ਤਲਵਾਰ ਉਨ੍ਹਾਂ ਦਾ ਇਕ ਮਾਤਰ ਸਾਧਨ ਸੀ। ਇਸ ਅਦਭੁਤ ਸ਼ਮਸ਼ੀਰ ਨੂੰ ਆਪ ਨੇ ਛਿਣ ਭਰ ਲਈ ਵੀ ਰੁਕਣ ਨਾ ਦਿੱਤਾ। ਉਹ ਨਿਰੰਤਰ ਇਕਸਾਰ ਚੱਲਦੀ ਤਾਂ ਰਹੀ, ਪਰ ਪ੍ਰੇਮ ਅਤੇ ਸਨੇਹ ਨੂੰ ਵੀ ਉਨ੍ਹਾਂ ਨੇ ਕਦੇ ਨਾ ਛੱਡਿਆ। ਇਹ ਉਨ੍ਹਾਂ ਦੇ ਕਵਚ ਸਨ। ਕੁਸੰਸਕਾਰਾਂ, ਰੂੜ੍ਹੀਆਂ ਅਤੇ ਆਡੰਬਰਵਾਦ ਨੂੰ ਆਪ ਨੇ ਬੜੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਕੱਟਿਆ। ਆਪ ਸਿਰ ਹਥੇਲੀ ਉਤੇ ਲੈ ਕੇ ਹੀ ਆਪਣੀ ਤਕਦੀਰ ਬਣਾਉਣ ਵਾਸਤੇ ਨਿਕਲੇ ਸਨ। ਆਪ ਇਕ ਸੱਚੇ ਸੂਰਬੀਰ ਵਾਂਗ ਤਮਾਮ ਉਮਰ ਜੂਝਦੇ ਰਹੇ। ਉਨ੍ਹਾਂ ਅਨੁਸਾਰ:

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।।
ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।।"[77]
"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ।।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।।"[78]

ਭਗਤ ਕਬੀਰ ਜੀ ਦੇ ਯੁੱਗ ਵਿਚ ਉੱਤਰੀ ਭਾਰਤ ਦੇ ਸਮਾਜ ਦੀ ਧਾਰਮਿਕ ਸਥਿਤੀ ਬੜੀ ਵਚਿੱਤਰ ਸੀ। ਕਹਿਣ ਨੂੰ ਤਾਂ ਉਸ ਸਮੇਂ ਹਿੰਦੂ, ਇਸਲਾਮ, ਬੋਧ, ਜੈਨ, ਨਾਥ-ਪੰਥ ਆਦਿਕ ਪ੍ਰਮੁੱਖ ਧਰਮ ਹੀ ਪ੍ਰਚਲਿਤ ਸਨ

ਅਤੇ ਆਮ ਲੋਕਾਂ ਦੇ ਦਰਮਿਆਨ ਹੋਰ ਵੀ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਸੰਪਰਦਾਵਾਂ ਦਾ ਪ੍ਰਚਾਰ ਹੋ ਰਿਹਾ ਸੀ, ਜਿਨ੍ਹਾਂ ਦੇ ਕਾਰਨ ਬਾਹਰੀ ਪਾਖੰਡਾਂ ਅਤੇ ਆਡੰਬਰਾਂ ਦਾ ਬੋਲਬਾਲਾ ਹੋ ਗਿਆ ਸੀ। ਇਸ ਧਾਰਮਿਕ ਅਰਾਜਕਿਤਾ ਦੇ ਯੁੱਗ ਵਿਚ ਸਰਬ-ਸਧਾਰਣ ਦੇ ਦਿਲ ਵਿਚ ਸਤਿ ਅਤੇ ਸ਼ੁਭ ਆਚਰਣ ਦਾ ਭਾਵ ਜਾਗ੍ਰਿਤ ਕਰ ਕੇ ਸੱਚੀ ਸ਼ਾਂਤੀ ਸਥਾਪਿਤ ਕਰਨਾ ਬੜੀ ਕਠਿਨ ਸਮੱਸਿਆ ਸੀ। ਕਬੀਰ ਜੀ ਨੇ ਬਹੁਤ ਸੋਚ ਸਮਝ ਕੇ ਅਜਿਹੇ ਸਾਰੇ ਪ੍ਰਸ਼ਨਾਂ ਦੀ ਤਹਿ ਤੱਕ ਜਾਣ ਦਾ ਪ੍ਰਯਤਨ ਕੀਤਾ। ਉਨ੍ਹਾਂ ਨੇ ਸਾਰਿਆਂ ਲਈ ਪ੍ਰਾਸੰਗਿਕ ਅਤੇ ਅਰਥਪੂਰਨ ਸੱਚ ਦੀ ਤਲਾਸ਼ ਕੀਤੀ। ਉਨ੍ਹਾਂ ਨੇ ਕਥਨੀ ਅਤੇ ਕਰਨੀ ਵਿਚ ਸੁਮੇਲ ਲਿਆਉਣ ਦਾ ਉਪਦੇਸ਼ ਦਿੱਤਾ। ਕਬੀਰ ਜੀ ਨੇ ਪਰਮ ਤੱਤ ਦੇ ਸਹਿਤ ਰੂਪ ਨੂੰ ਹੀ ਸਭ ਦੇ ਸਾਹਮਣੇ ਰੱਖਿਆ ਅਤੇ ਉਸ ਦੀ ਸਹਿਜ-ਅਨੁਭੂਤੀ ਲਈ ਸਭ ਨੂੰ ਪ੍ਰੇਰਿਤ ਕੀਤਾ।

ਕਬੀਰ ਜੀ ਇਕ ਸਮਨਵੈਵਾਦੀ ਚਿੰਤਕ ਸਨ। ਵੱਖਰੇ-ਵੱਖਰੇ ਧਰਮਾਂ ਵਿਚ ਪ੍ਰਚਲਿਤ ਇਸ਼ਟ-ਦੇਵਾਂ ਦੇ ਵਿਭਿੰਨ ਨਾਵਾਂ ਬਾਰੇ ਆਪ ਕਿਹਾ ਕਰਦੇ ਸਨ ਕਿ ਜੀਵ ਨੂੰ ਭਿੰਨ-ਭਿੰਨ ਨਾਵਾਂ ਦੇ ਚੱਕਰ ਵਿਚ ਨਾ ਪੈ ਕੇ ਉਸ ਪਰਮ ਤੱਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਜੋ ਸਾਰਿਆਂ ਦੇ ਮੂਲ ਵਿਚ ਸਤਿ-ਸਰੂਪ ਬਣ ਕੇ ਵਿਦਮਾਨ ਹੈ ਅਤੇ ਜਿਸ ਨੂੰ ਪ੍ਰਗਟ ਕਰਨ ਦੇ ਯਤਨ ਵਿਚ ਹੀ ਲੋਕ ਬਹੁਤ ਸਾਰੇ ਨਾਵਾਂ ਦਾ ਪ੍ਰਯੋਗ ਕਰ ਛੱਡਦੇ ਹਨ। ਰਾਮ, ਰਹੀਮ, ਕਰੀਮ, ਅੱਲ੍ਹਾ, ਖ਼ੁਦਾ ਜਾਂ ਗੋਰਖ ਵਰਗੇ ਨਾਵਾਂ ਦੇ ਆਧਾਰ ’ਤੇ ਉਸ ਨੂੰ ਵੱਖਰੀ-ਵੱਖਰੀ ਸੱਤਾ ਸਮਝ ਬੈਠਣਾ ਠੀਕ ਨਹੀਂ ਹੈ। ਮੂਲ ਤੌਰ ’ਤੇ ਉਹ ਇਕ ਹੀ ਸਤਿ ਹੈ ਜੋ ਸਰਵੱਤ੍ਰ ਵਿਆਪਤ ਹੈ ਅਤੇ ਜਿਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਭਗਤ ਕਬੀਰ ਜੀ ਫ਼ੁਰਮਾਉਂਦੇ ਹਨ:

> “ਜੋਗੀ ਗੋਰਖੁ ਗੋਰਖੁ ਕਰੈ॥
> ਹਿੰਦੂ ਰਾਮ ਨਾਮ ਉਚਰੈ॥
> ਮੁਸਲਮਾਨ ਕਾ ਏਕ ਖੁਦਾਇ॥
> ਕਬੀਰ ਕਾ ਸੁਆਮੀ ਰਹਿਆ ਸਮਾਇ॥”[79]

ਭਗਤ ਕਵੀਆਂ ਵਲੋਂ ਪ੍ਰਗਟਾਏ ਸਭਿਆਚਾਰ ਵਿਚ ਧਰਮ ਜਾਂ ਨਾਮ ਸਿਮਰਨ ਇਕ ਪ੍ਰਗਟ ਤੇ ਪ੍ਰਤੱਖ ਸ਼ਕਤੀ ਹੈ। ਇਸ ਸ਼ਕਤੀ ਨੇ ਅੰਦਰ ਨੂੰ ਸੰਵਾਰਨਾ ਹੈ, ਜਿਹੜੇ ਵੀ ਧਾਰਮਿਕ ਕਰਮ ਜੀਵਨ ਜਾਂਚ ਨੂੰ ਸੁੰਦਰ ਬਣਾਉਣ ਵਿਚ ਹਿੱਸਾ ਨਹੀਂ ਪਾਉਂਦੇ, ਉਨ੍ਹਾਂ ਦਾ ਭਗਤਾਂ ਨੇ ਖੰਡਨ ਕੀਤਾ ਹੈ। ਇਸੇ ਕਰਕੇ ਮੂਰਤੀ ਪੂਜਾ ਉਨ੍ਹਾਂ ਦੇ ਸਭਿਆਚਾਰ ਦਾ ਭਾਗ ਨਹੀਂ ਹੈ। ਉਹ ਜਨਮ ਤੋਂ ਜਾਤ ਪਾਤ ਵਿਰੋਧੀ ਹਨ। ਧਾਰਮਿਕ ਕਰਮ ਕਾਂਡ ਉਨ੍ਹਾਂ ਵਾਸਤੇ ਕੋਈ ਅਹਿਮੀਅਤ ਨਹੀਂ ਰਖਦੇ। ਮਨੁੱਖਤਾ ਤੋਂ ਡੇਗਣ ਵਾਲੀਆਂ ਸਾਰੀਆਂ ਕਮਜੋਰੀਆਂ ਨੂੰ ਉਨ੍ਹਾਂ ਨੇ ਭਰਮ ਜਾਲ ਅਤੇ ਮੋਹ ਮਾਇਆ ਕਹਿ ਕੇ ਵੰਡਿਆ ਹੈ ਅਤੇ ਇਸ ਦੇ ਮੁਕਾਬਲੇ ਵਿਚ ਇਕ ਪਰਮਾਤਮਾ ਵਿਚ ਵਿਸ਼ਵਾਸ, ਨਾਮ ਸਿਮਰਨ, ਸੇਵਾ ਭਗਤੀ, ਸਰਬੱਤ ਦਾ ਭਲਾ, ਹੱਕ ਹਲਾਲ ਦੀ ਕਮਾਈ ਦੇ ਨਾਲ-ਨਾਲ ਵਿਵੇਕ ਬੁੱਧ ’ਤੇ ਵੀ ਜ਼ੋਰ ਦਿੱਤਾ ਹੈ। ਨਾਮ ਸਿਮਰਨ ਨਾਲ ਇਨ੍ਹਾਂ ਗੁਣਾਂ ਨੇ ਮਨੁੱਖੀ ਸੁਭਾਆ ਦਾ ਅੰਗ ਬਣਦੇ ਜਾਣਾ ਹੈ। ਅਜਿਹਾ ਕਿਸੇ ਕਰਾਮਾਤ ਦੇ ਆਸਰੇ ਹੀ ਨਹੀਂ ਹੋਣਾ, ਸਗੋਂ ਇਹ ਤਾਂ ਇਕ ਨਿਰੰਤਰ ਵਿਕਾਸ ਹੈ।

ਇਸ ਨੂੰ ਗੁਰੂ ਸਾਹਿਬਾਨ ਨੇ ਮਾਨਸ ਤੋਂ ਦੇਵਤੇ ਤਕ ਦਾ ਸਫਰ ਆਖਿਆ ਹੈ ਅਤੇ ਭਗਤ ਨਾਮਦੇਵ ਨੇ ਵੀ ਕੁਝ ਇਸੇ ਕਿਸਮ ਦੇ ਖਿਆਲ ਪ੍ਰਗਟ ਕੀਤੇ ਹਨ:

"ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ।।
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ।।"[80]

ਕਬੀਰ ਜੀ ਦੇ ਸੰਬੰਧ ਵਿਚ ਇਕ ਉਲੇਖਯੋਗ ਤੱਥ ਇਹ ਵੀ ਹੈ ਕਿ ਆਪ ਹਿੰਦੂਆਂ ਅਤੇ ਮੁਸਲਮਾਨਾਂ-ਦੋਹਾਂ ਧਰਮਾਂ ਦੇ ਲੋਕਾਂ ਵਿਚ ਇਕੋ-ਜਿਹੇ ਮਕਬੂਲ ਸਨ। ਆਪ ਦੀ ਲੋਕ-ਪ੍ਰਿਅਤਾ ਬਾਰੇ ਵਿਚਾਰ ਪ੍ਰਗਟ ਕਰਦਾ ਹੋਇਆ ਅਬੁਲ ਫ਼ਜ਼ਲ ਲਿਖਦਾ ਹੈ, "ਕਬੀਰ ਜੀ ਸਿਕੰਦਰ ਲੋਧੀ (ਰਾਜ 1489-1517) ਦੇ ਸਮੇਂ ਵਿਚ ਆਪਣੇ ਉਪਦੇਸ਼ ਦੇ ਰਹੇ ਸਨ। ਉਨ੍ਹਾਂ ਨੇ ਆਪਣੇ ਯੁੱਗ ਦੀਆਂ ਵੇਲਾ ਵਿਹਾ ਚੁੱਕੀਆਂ ਰਸਮਾਂ-ਰੀਤਾਂ ਨੂੰ ਤਿਆਗ ਦਿੱਤਾ ਸੀ। ਉਨ੍ਹਾਂ ਦੇ ਮਾਰਗ ਦੀ ਵਿਸ਼ਾਲਤਾ ਅਤੇ ਨਜ਼ਰੀਏ ਦੀ ਵਿਰਾਟਤਾ ਨੇ ਸਾਰੇ ਮਜ਼ਹਬਾਂ ਨੂੰ ਆਪਣੇ ਵੱਲ ਅਕਰਸ਼ਤ ਕਰ ਲਿਆ ਸੀ। ਇਹੀ ਕਾਰਨ ਹੈ, ਜਦੋਂ ਆਪ ਜੋਤੀ ਜੋਤਿ ਸਮਾਏ ਤਾਂ ਮੁਸਲਮਾਨਾਂ ਆਪ ਨੂੰ ਕਬਰਾਂ ਵਿਚ ਲੈ ਜਾਣ ਲਈ ਅਤੇ ਹਿੰਦੂ ਆਪ ਦੇ ਦਾਹ ਸੰਸਕਾਰ ਲਈ ਵਿਆਕੁਲ ਸਨ"। ਇਸੇ ਤਰ੍ਹਾਂ ਭਗਤਮਾਲਾ ਗ੍ਰੰਥ ਵਿਚ ਵੀ ਆਪ ਦੀਆਂ ਸਿਖਿਆਵਾਂ ਬਾਰੇ ਅੰਕਿਤ ਹੈ ਕਿ ਕਬੀਰ ਜੀ ਵਰਣਾਸ਼ਰਮ ਨੂੰ ਅਸਵੀਕਾਰ ਕਰਦੇ ਸਨ। ਆਪ ਦਾ ਵਿਚਾਰ ਸੀ ਕਿ ਭਗਤੀ ਤੋਂ ਬਿਨਾਂ ਧਰਮ, ਅਧਰਮ ਹੋ ਨਿੱਬੜਦਾ ਹੈ। ਪ੍ਰਭੂ ਦੇ ਸਿਮਰਨ ਤੋਂ ਬਿਨਾਂ ਜੋਗ, ਵਰਤ ਅਤੇ ਦਾਨ-ਪੁੰਨ ਸਭ ਵਿਅਰਥ ਹਨ। ਰਮੈਣੀਆਂ, ਸ਼ਬਦਾਂ ਅਤੇ ਸਾਖੀਆਂ ਦੇ ਮਾਧਿਆਮ ਦੁਆਰਾ ਕਬੀਰ ਜੀ ਨੇ ਹਿੰਦੂ ਅਤੇ ਮੁਸਲਮਾਨਾਂ, ਦੋਹਾਂ ਨੂੰ ਸੱਚਾ ਉਪਦੇਸ਼ ਦਿੱਤਾ। ਆਪ ਦਲੇਰੀ ਅਤੇ ਦ੍ਰਿੜਤਾ ਨਾਲ ਆਪਣੇ ਵਿਚਾਰ ਪ੍ਰਗਟ ਕਰਦੇ ਸਨ ਅਤੇ ਦੁਨੀਆਂ ਨੂੰ ਖੁਸ਼ ਕਰਨ ਵਾਸਤੇ ਕਦੇ ਕੋਈ ਰਸਮੀ ਗੱਲ ਨਹੀਂ ਕਰਦੇ ਸਨ।

ਕਬੀਰ ਜੀ ਇਕ ਅਜਿਹੇ ਇਕ ਈਸ਼ਵਾਰਵਾਦੀ ਭਗਤ ਹਨ, ਜੋ ਪਰਮਾਤਮਾ ਸਾਹਵੇਂ ਸੰਪੂਰਨ ਸਮਰਪਣ ਵਿਚ ਵਿਸ਼ਵਾਸ ਰੱਖਣ ਤੋਂ ਬਿਨਾਂ ਸਾਰੇ ਰਵਾਇਤਾਂ ਕਰਮ-ਕਾਂਡਾ ਦਾ ਨਿਸ਼ੇਧ ਕਰਦੇ ਹਨ। ਉਨਾਂ ਲਈ ਰੱਬੀ ਏਕਤਾ ਅਤੇ ਇਨਸਾਨੀ ਏਕਤਾ ਦਾ ਪਾਠ ਪੜ੍ਹਾਉਣ ਦਾ ਇਕ ਉੱਤਮ ਵਸੀਲਾ ਬਣ ਜਾਂਦੀ ਹੈ। ਜਾਤ ਦੀ ਉੱਚਤਾ ਜਾਂ ਨੀਚਤਾ ਦਾ ਸਵਾਲ ਉਨ੍ਹਾਂ ਨੂੰ ਕਦੇ ਨਿੱਜੀ ਤੌਰ 'ਤੇ ਵੀ ਪ੍ਰੇਸ਼ਾਨ ਤਾਂ ਨਹੀਂ ਕਰਦਾ ਪ੍ਰੰਤੂ ਆਪਣੀ ਬਾਣੀ ਦੇ ਮਾਧਿਆਮ ਨਾਲ ਉਹ ਮਨੁੱਖਤਾ ਦੀ ਸਮਾਨਤਾ ਅਤੇ ਸੁਤੰਤਰਤਾ ਉਪਰ ਲਗਾਈਆਂ ਇਨ੍ਹਾਂ ਜ਼ੰਜੀਰਾਂ ਨੂੰ ਤੋੜਨ ਲਈ ਵਚਨਬੱਧ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਕਬੀਰ ਜੀ ਦਾ ਸੰਦੇਸ਼ ਅਤੇ ਉਪਦੇਸ਼ ਮਾਨਵਵਾਦ ਵਿਚ ਅਟੁੱਟ ਆਸਥਾ ਨੂੰ ਪ੍ਰਗਟ ਕਰਦਾ ਹੈ।

ਕਬੀਰ ਜੀ ਨੇ ਭਾਰਤੀ ਸਭਿਆਚਾਰ ਵਿਚਲੀਆਂ ਅਸਮਾਨਤਾਵਾਂ ਨੂੰ ਸਵੀਕਾਰ ਕੀਤਾ। ਉਨ੍ਹਾਂ ਨੇ ਕੁਝ ਵੱਖਰੇ-ਵੱਖਰੇ ਤੱਤਾਂ ਦਾ ਸੁਮੇਲ ਹੀ ਨਹੀਂ, ਕੀਤਾ ਬਲਕਿ ਸਮੁੱਚੀ ਮਨੁੱਖਤਾ ਦੇ ਕਲਿਆਣ ਵਾਸਤੇ ਇਕ ਨਵੀਂ, ਅਨੁਕੂਲ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਵੀ ਜਨਮ ਦਿੱਤਾ। ਉਨ੍ਹਾਂ ਦਾ ਮਾਨਵਵਾਦੀ ਪੈਂਤੜਾ ਭਾਰਤੀ ਰਾਸ਼ਟਰੀ ਵਿਰਾਸਤ ਦਾ ਇਕ ਬਹੁਮੁੱਲਾ ਸਰਮਾਇਆ ਹੈ।

ਜਿਹੜੇ ਲੋਕ ਹਿੰਦੂ-ਮੁਸਲਿਮ ਏਕਤਾ ਦੇ ਸੰਕਲਪ ਵਿਚ ਵਿਸ਼ਵਾਸ ਰੱਖਦੇ ਹਨ, ਕਬੀਰ ਜੀ ਉਨ੍ਹਾਂ ਦੇ ਮਾਰਗ-ਦਰਸ਼ਕ ਹਨ। ਰਾਮ-ਰਹੀਮ ਅਤੇ ਕੇਸ਼ਵ-ਕਰੀਮ ਦੀ ਜੋ ਏਕਤਾ ਸਵੈ-ਸਿੱਧ ਹੈ, ਉਸ ਨੂੰ ਸੰਪਰਦਾਇਕ ਬੁੱਧੀ ਦੁਆਰਾ, ਵਿਕ੍ਰਿਤ ਮਸਤਿਕ ਵਾਲੇ ਲੋਕ ਠੀਕ-ਠੀਕ ਨਹੀਂ ਸਮਝ ਸਕਦੇ। ਕਬੀਰ ਜੀ ਤੋਂ ਵਧੇਰੇ ਜ਼ੋਰ ਨਾਲ ਇਸ ਏਕਤਾ ਦਾ ਪ੍ਰਤਿਪਾਦਨ ਹੋਰ ਕਿਸੇ ਭਗਤ-ਸੰਤ ਨੇ ਨਹੀਂ ਕੀਤਾ ਹੋਣਾ। ਜੋ ਲੋਕ ਉਤਸਾਹਵੱਸ਼ ਉਨ੍ਹਾਂ ਦੀ ਵਿਰਾਟ ਸ਼ਖ਼ਸੀਅਤ ਨੂੰ ਸਮਝਣ ਤੋਂ ਅਸਮਰਥ ਹਨ। ਅਜਿਹੇ ਲੋਕਾਂ ਲਈ ਇਹ ਜਾਣ ਲੈਣਾ ਵੀ ਬੜਾ ਜ਼ਰੂਰੀ ਹੈ ਕਿ ਕਬੀਰ ਜੀ ਨੇ ਦੋਹਾਂ ਧਰਮਾਂ ਦੀ ਉੱਚੀ ਸੰਸਕ੍ਰਿਤੀ ਜਾਂ ਦੋਹਾਂ ਧਰਮਾਂ ਦੇ ਉੱਚਤਮ ਭਾਵਾਂ ਵਿਚ ਏਕਤਾ ਪੈਦਾ ਕਰਨ ਦੀ ਕਿਧਰੇ ਕੋਈ ਕੋਸ਼ਿਸ਼ ਹੀ ਨਹੀਂ ਕੀਤੀ, ਬਲਕਿ ਇਨ੍ਹਾਂ ਦੀਆਂ ਸਾਰੀਆਂ ਧਰਮਗਤ ਵਿਸ਼ੇਸ਼ਤਾਵਾਂ ਦੀ ਖਿੱਲੀ ਉਡਾਈ ਹੈ, ਜਿਨ੍ਹਾਂ ਨੂੰ ਮਜ਼ਹਬੀ ਨੇਤਾ, ਸ੍ਰੇਸ਼ਠ ਧਰਮਾਚਾਰ ਕਹਿ ਕੇ ਇਨ੍ਹਾਂ ਦੀ ਵਿਆਖਿਆ ਕਰਦੇ ਹਨ। ਇਸ ਦ੍ਰਿਸ਼ਟੀ ਤੋਂ ਆਪ ਇਕ ਸੱਚੇ ਕ੍ਰਾਂਤੀਕਾਰੀ ਸਨ।

ਕਬੀਰ ਜੀ ਨੂੰ ਜਾਣਨਾ ਆਪਣੇ ਸਭਿਆਚਾਰ ਦੇ ਅੰਤਰ-ਵਿਰੋਧਾਂ ਅਤੇ ਵਿਸੰਗਤੀਆਂ ਨੂੰ ਸਮਝਣਾ ਹੈ। ਜੇ ਕਦੇ ਹਿੰਦੁਸਤਾਨੀਆਂ ਨੇ ਆਪਣੇ ਦੇਸ਼ ਵਿਚ ਸੱਚੀ ਸੰਪਰਦਾਇਕ ਏਕਤਾ ਲਿਆਉਣੀ ਹੈ ਤਾਂ ਇਹ ਕਬੀਰ ਜੀ ਦੇ ਦੱਸੇ ਹੋਏ ਮਰਗ ਉਪਰ ਚੱਲ ਕੇ ਹੀ ਲਿਆਂਦੀ ਜਾ ਸਕਦੀ ਹੈ:

"ਹਜ ਹਮਾਰੀ ਗੋਮਤੀ ਤੀਰ॥
ਜਹਾ ਬਸਹਿ ਪੀਤੰਬਰ ਪੀਰ॥੧॥
ਵਾਹੁ ਵਾਹੁ ਕਿਹਾ ਖੂਬ ਗਾਵਤਾ ਹੈ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥੧॥ ਰਹਾਉ॥
ਨਾਰਦ ਸਾਰਦ ਕਰਹਿ ਖਵਾਸੀ॥
ਪਾਸਿ ਬੈਠੀ ਬੀਬੀ ਕਵਲਾ ਦਾਸੀ॥੨॥
ਕੰਠੇ ਮਾਲਾ ਜਿਹਵਾ ਰਾਮੁ॥
ਸਹੰਸ ਨਾਮੁ ਲੈ ਲੈ ਕਰਉ ਸਲਾਮੁ॥੩॥
ਕਹਤ ਕਬੀਰ ਰਾਮ ਗੁਨ ਗਾਵਉ॥
ਹਿੰਦੂ ਤੁਰਕ ਦੋਊ ਸਮਝਾਵਉ॥੪॥"[81]

ਉਪਰੋਕਤ ਮੁਲਾਂਕਣ ਮਗਰੋਂ ਇਹ ਸਿੱਟਾ ਨਿਕਲਦਾ ਹੈ ਕਿ ਕਬੀਰ ਜੀ ਨੇ ਆਪਣੇ ਸਭਿਆਚਾਰਕ ਸਰੋਕਾਰਾਂ ਨੂੰ ਆਪਣੀ ਬਾਣੀ ਵਿਚ ਪ੍ਰਗਟਾਇਆ। ਉਨ੍ਹਾਂ ਨੇ ਸਥਾਪਤ ਕਦਰਾਂ-ਕੀਮਤਾਂ ਨੂੰ ਲੋੜ ਅਨੁਸਾਰ ਨਵਿਆਇਆ ਵੀ ਹੈ ਅਤੇ ਪ੍ਰਚੀਨ ਹਿੰਦੂ ਸਭਿਆਚਾਰ ਉੱਪਰ ਨਵੇਂ ਸਥਾਪਤ ਹੋ ਰਹੇ ਮੁਸਲਿਮ ਸਭਿਆਚਾਰ ਦੇ ਚਿਹਨਾਂ ਬਾਰੇ ਆਪਣੀਆਂ ਮੌਲਿਕ ਧਾਰਨਾਵਾਂ ਨੂੰ ਪੇਸ਼ ਕੀਤੀਆਂ ਹਨ।

**ਰਾਜਨੀਤਕ ਪਰਿਪੇਖ:**

ਰਾਜਨੀਤਕ ਪੱਖ ਤੋਂ ਵਿਚਾਰ ਕਰਦਿਆਂ ਇਕ ਤੱਥ, ਜੋ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਇਹ ਹੈ ਕਿ ਰਾਜਨੀਤੀ ਇਕ ਸੀਮਾਂ ਤੱਕ ਤਾਂ ਸਮਾਜ ਨੂੰ ਪ੍ਰਭਾਵਿਤ ਤਾਂ ਕਰਦੀ ਹੈ, ਪਰ ਸਮੁੱਚੇ ਰੂਪ ਵਿਚ ਨਹੀਂ। ਇਹ ਗੱਲ ਨਹੀਂ ਕਿ ਉਸ ਸਮੇਂ ਸਭ ਕੁਝ ਰਾਜਨੀਤਕ ਸੱਤਾ ਦੇ ਅਧੀਨ ਹੀ ਹੋ ਗਿਆ ਸੀ ਅਤੇ ਚਿੰਤਨ ਕਲਾ ਆਦਿ ਬਿਲਕੁਲ ਖਤਮ ਹੋ ਗਏ ਸਨ। ਰਾਜਨੀਤੀ ਉੱਚ ਵਰਗ ਤੱਕ ਸੀਮਤ ਸੀ ਅਤੇ ਉਸ ਦਾ ਆਪਣਾ ਹੀ ਇਕ ਸੰਸਾਰ ਸੀ। ਜਿੱਥੋਂ ਤੱਕ ਪੰਡਿਤ ਪ੍ਰਹੋਤਾਂ ਦਾ ਸੰਬੰਧ ਹੈ, ਇਹ ਸੰਸਾਰ ਵੀ ਭਾਵੇਂ ਰਾਜਨੀਤੀ ਦੇ ਪ੍ਰਭਾਵ ਹੇਠ ਤਾਂ ਆਉਂਦਾ ਹੈ, ਪ੍ਰੰਤੂ ਇਸ ਦੀ ਆਪਣੀ ਵੀ ਇਕ ਮਰਿਯਾਦਾ ਇਸ ਸਮੇਂ ਨੂੰ ਵਿਚਾਰਧਾਰਕ ਪੱਖ ਤੋਂ ਪ੍ਰਭਾਵਿਤ ਕਰਦੀ ਰਹੀ ਹੈ।

ਦੇਸ਼ ਦੀ ਕੇਂਦਰੀ ਸ਼ਕਤੀ ਸਮਾਪਤ ਹੋ ਚੁੱਕੀ ਸੀ। ਬਾਹਰੀ ਹਮਲਾਵਰ ਭਾਰਤ ਦੀ ਸੀਮਾਂ ਵਿਚ ਦਬਲਾਵ ਕਰ ਰਹੇ ਸਨ। ਭਾਰਤ ਉਤੇ 7ਵੀਂ ਸ਼ਤਾਬਦੀ ਤੋਂ ਹੀ ਅਰਬ ਦੇਸ਼ਾਂ ਦੇ ਲੋਕਾਂ ਦੁਆਰਾ ਅਕ੍ਰਮਣ ਕੀਤੇ ਜਾ ਚੁੱਕੇ ਸਨ ਅਤੇ ਇਹ ਹਮਲੇ ਭਾਵੇਂ ਰਾਜਨੀਤਕ ਤੇ ਸੈਨਿਕ ਸਨ, ਪਰ ਦਸਵੀਂ ਸ਼ਤਾਬਦੀ ਵਿਚ ਕੀਤੇ ਜਾਣ ਵਾਲੇ ਹਮਲੇ ਧਰਮ ਅਤੇ ਸੰਸਕ੍ਰਿਤੀ ਦੇ ਪ੍ਰਚਾਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉੱਤਰ ਭਾਰਤ ਵਿਚ ਹਰਸ਼ਵਰਧਨ 606 ਈ: ਤੋਂ 643 ਈ: ਅਤੇ ਦੱਖਣ ਭਾਰਤ ਵਿਚ ਚਾਲੁਕ ਨਰੇਸ਼ ਨੇ 609 ਈ: ਤੋਂ 642 ਈ: ਵਿਚ ਪ੍ਰਾਚੀਨ ਭਾਰਤ ਦੇ ਅੰਤਿਮ ਸ਼ਾਸ਼ਕ ਸਨ ਇਸ ਦ੍ਰਿਸ਼ਟੀ ਤੋਂ ਉਨ੍ਹਾਂ ਨੇ ਰਾਜ ਸੰਗਠਿਤ ਕੀਤਾ। ਇਨ੍ਹਾਂ ਮਗਰੋਂ ਹੋਰ ਰਾਜਵੰਸ਼ ਸਥਾਪਿਤ ਹੋ ਗਏ ਸਨ। ਧੰਨ ਲੁੱਟਣਾ, ਹਿੰਦੂ ਧਾਰਮਿਕ ਸਥਾਨਾਂ ਨੂੰ ਨਸ਼ਟ ਕਰਨਾ ਔਰਤਾਂ ਪ੍ਰਤੀ ਮਾੜੀ ਸੋਚ ਰੱਖਣਾ ਤੇ ਇਸਲਾਮ ਕਬੂਲ ਕਰਵਾਉਣਾ ਮੁਸਲਿਮ ਹਾਕਮਾਂ ਦਾ ਪ੍ਰਮੁੱਖ ਕਾਰਜ ਸੀ, ਜਿਸ ਨਾਲ ਦੇਸ਼ ਵਿਚ ਚਾਰੇ ਪਾਸੇ ਅਰਾਜਕਤਾ ਅਤੇ ਅਸ਼ਾਂਤੀ ਫੈਲੀ ਹੋਈ ਸੀ। ਉਸ ਵਕਤ ਕਈ ਰਾਜ ਸਕ੍ਰੀਯ ਸਨ। ਜਿਵੇਂ ਚਲੁਕਯ, ਰਾਸ਼ਟਰਕੂਟ ਚੋਲ, ਚੰਦੇਲ, ਪ੍ਰਤਿਹਾਰ, ਪਾਲ ਆਦਿ। ਰਾਜਨੀਤਕ ਹਮਲਿਆਂ ਦੇ ਸਮੇਂ ਭਾਰਤ ਬਾਹਰੀਂ ਹਮਲਿਆਂ ਨੂੰ ਸਹਿਣ ਲਈ ਵਿਵੱਸ਼ ਸੀ ਤੇ ਵਿਰੋਧ ਲਈ, ਪ੍ਰਤਿਰੋਧ ਲਈ ਜ਼ਰੂਰੀ ਸਾਧਨ ਤੇ ਸ਼ਕਤੀ ਨਹੀਂ ਸੀ। ਅੱਠਵੀਂ ਸਦੀ ਦੇ ਆਰੰਭ ਵਿਚ ਅਰਬੀ ਜਰਨੈਲ ਸਿੰਧ ਤੇ ਹਮਲਾ ਕਰਦਾ ਹੈ ਤੇ ਮੁਲਤਾਨ ਉਤੇ ਆਪਣੀ ਸੱਤਾ ਸਥਾਪਿਤ ਕਰਨ ਵਿਚ ਸਫ਼ਲ ਹੁੰਦਾ ਹੈ। ਇਸ ਤੋਂ ਬਾਅਦ 1001 ਈ: ਵਿਚ ਮਹਿਮੂਦ ਗਜਨਵੀ ਦੀ ਆਕ੍ਰਮਣ ਦੀਆਂ ਵਾਰੀਆਂ ਦਾ ਆਰੰਭ ਹੋਇਆ, ਜਿਸ ਨੇ ਸਤਾਰਾਂ ਵਾਰ ਦੇਸ਼ ਵਿਚ ਲੁੱਟ-ਖਸੁੱਟ ਕੀਤੀ। 1192 ਈ: ਵਿਚ ਤਰਾਈ ਯੁੱਧ ਵਿਚ ਗੌਰੀ ਦੁਆਰਾ ਪ੍ਰਿਥਵੀ ਰਾਜ ਚੌਹਾਨ ਦੀ ਹਾਰ ਤੋਂ ਇਸਲਾਮੀ ਸ਼ਾਸ਼ਨ ਦੀ ਸਥਾਪਨਾ ਹੋਈ ਤੇ ਕੁਤਬਦੀਨ ਐਬਕ ਨੇ ਦਿੱਲੀ 'ਤੇ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਮੁਸਲਮਾਨਾਂ ਦੇ ਹਮਲਿਆਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਅਰਬ, ਤੁਰਕ ਅਤੇ ਮੁਗ਼ਲ। ਇਸ ਆਧਾਰ ਦੀ ਵਿਆਖਿਆ ਕਰਦਿਆਂ ਜੋ ਤੱਥ ਸਪੱਸ਼ਟ ਹੁੰਦਾ ਹੈ ਉਹ ਇਹ ਮੰਨਿਆ ਗਿਆ ਹੈ, ਕਿ ਕੁਰਾਨ ਕਬੂਲ ਕਰੋ ਜਾਂ ਅਧੀਨਤਾ ਸਵਾਕੀਰ ਕਰੋ ਅਤੇ ਜੇ ਦੋਵੇਂ ਗੱਲਾਂ ਨਾ ਕਬੂਲ ਹੋਣ ਤਾਂ ਤਲਵਾਰ ਤੁਹਾਡੀ ਨਾ-ਮਨਜ਼ੂਰੀ ਨੂੰ ਆਪਣੇ-ਆਪ

ਮਨਜ਼ੂਰੀ ਵਿਚ ਤਬਦੀਲ ਕਰ ਦੇਵੇਗੀ। ਇਨ੍ਹਾਂ ਆਕ੍ਰਮਣਾਂ ਦੀ ਦਾਸਤਾਨ ਬੜੀ ਦਰਦਨਾਕ ਹੈ। ਭਾਵ ਇਨ੍ਹਾਂ ਨੇ ਇਸਲਾਮ ਦੇ ਪ੍ਰਚਾਰ ਲਈ ਤਲਵਾਰ ਦਾ ਸਹਾਰਾ ਲਿਆ।

ਵੈਸੇ ਵੀ ਇਸਲਾਮ ਦੇ ਤੀਬਰਤਾ ਨਾਲ ਫੈਲਾਉ ਦਾ ਮੂਲ ਆਧਾਰ ਤਲਵਾਰ ਦਾ ਜ਼ੋਰ ਮੰਨਿਆ ਜਾਂਦਾ ਹੈ, ਜੋ ਦੋਜ਼ਖ ਤੇ ਜਹੱਨਮ ਦੀ ਕੁੰਜੀ ਮੰਨੀ ਗਈ ਹੈ। ਦਸਵੀਂ ਸਦੀ ਦੇ ਦੂਜੇ ਅੱਧ ਤੋਂ 12ਵੀਂ ਸਦੀ ਦੇ ਅੰਤ ਤੱਕ ਦਾ ਇਤਿਹਾਸ ਪੰਜਾਬੀਆਂ ਲਈ ਹੀ ਨਹੀਂ, ਸਮੁੱਚੇ ਭਾਰਤ ਲਈ ਬੜੀ ਮਹੱਤਤਾ ਰੱਖਦਾ ਹੈ। 10ਵੀਂ ਤੋਂ 15ਵੀਂ ਸਦੀ ਤੱਕ ਦੇ ਭਾਰਤੀ ਇਤਿਹਾਸ ਦੀ ਰਾਜਨੀਤਕ ਪ੍ਰਸਥਿਤੀ ਹਿੰਦੂ ਸੱਤਾ ਦੀ ਹੌਲੀ-ਹੌਲੀ ਲੋਪਤਾ ਤੇ ਇਸਲਾਮੀ ਸੱਤਾ ਦੇ ਤੇਜ਼ੀ ਨਾਲ ਫੈਲਾਉ ਦੀ ਕਰੁਣਾਮਈ ਕਹਾਣੀ ਹੈ। ਸਮੁੱਚੇ ਤੌਰ 'ਤੇ ਇਹ ਸਮਾਂ ਅਰਾਜਕਤਾ, ਘਰ-ਕਲੇਸ਼ ਵਿਦ੍ਰੋਹ ਤੇ ਯੁੱਧ ਦੇ ਵਾਯੂਮੰਡਲ ਵਿਚ ਘਿਰਿਆ ਰਹਿੰਦਾ ਹੈ। ਇਸ ਸਦੀ ਦੌਰਾਨ ਕਈ ਰਾਜਵੰਸ਼ ਸਥਾਪਿਤ ਹੋਏ। ਜਿਵੇਂ ਯਾਮੀਨੀ, ਗੌਰੀ, ਮਮਲੂਕ, ਖਿਲਜੀ, ਤੁਗ਼ਲਕ, ਸੱਯਦ ਤੇ ਲੋਧੀ। ਭਾਰਤ ਸਵਾਧੀਨ ਹੋ ਗਿਆ ਤੇ ਰਾਜਨੀਤਕ ਸੱਤਾ ਵਿਦੇਸ਼ੀਆਂ ਦੇ ਹੱਥ ਚਲੀ ਗਈ। ਇਹ ਸਮਾਂ ਸੱਚਮੁੱਚ ਅਰਾਜਕਤਾ ਭਰਪੂਰ ਸੀ। ਇਸ ਸਮੇਂ ਪੰਜਾਬ ਦੀਆਂ ਹੱਦਾਂ ਬਦਲਦੀਆਂ ਰਹੀਆਂ। ਕੁਤਬਦੀਨ ਐਬਕ ਦੇ ਵੇਲੇ ਪੰਜਾਬ ਵਿਚ ਲਾਹੌਰ ਤੇ ਦਿੱਲੀ ਦੇ ਸੂਬੇ ਪ੍ਰਸਿੱਧ ਸਨ। ਰਜ਼ੀਆ ਦੇ ਅਹਿਮ ਵਿਚ ਹਾਂਸੀ ਦਾ ਵੀ ਇਕ ਸੂਬਾ ਸੀ। ਫਿਰੋਜ਼ ਸ਼ਾਹ ਤੁਗ਼ਲਕ ਨੇ ਕਾਂਗੜਾ ਸਿਰਮੋਰ ਦਾ ਇਲਾਕਾ ਪੰਜਾਬ ਵਿਚ ਸ਼ਾਮਿਲ ਕਰ ਲਿਆ ਸੀ। ਪੰਜਾਬ ਦਾ ਪੱਛਮੀ ਭਾਗ ਕਈ ਵਾਰ ਕਾਬਲ ਨਾਲ ਮਿਲਿਆ ਤੇ ਕਈ ਵਾਰ ਲਾਹੌਰ ਨਾਲ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸ਼ਾਸਕ ਪੰਜਾਬ ਵਿਚ ਰਾਜਨੀਤਕ ਏਕਤਾ ਕਾਇਮ ਨਹੀਂ ਰੱਖ ਸਕੇ। ਇਸੇ ਅਦਲਾ-ਬਦਲੀ ਤੇ ਰਾਜਨੀਤਕ ਉਲਟ-ਫੇਰ ਦਾ ਪ੍ਰਭਾਵ ਪੰਜਾਬੀ ਭਾਸ਼ਾ ਤੇ ਸਾਹਿਤ ਤੇ ਬੜਾ ਡੂੰਘਾ ਪ੍ਰਭਾਵ ਪੈਂਦਾ ਹੈ। ਫਿਰ ਗਿਆਸੁਦੀਨ ਤੁਗਲਕ ਨਾਲ ਤੁਗਲਕ ਵੰਸ਼ ਦੇ ਰਾਜ ਦੀ ਸਥਾਪਨਾ ਹੁੰਦੀ ਹੈ ਅਤੇ ਬਹਿਲੋਲ ਲੋਧੀ ਦੇ ਪੰਜਾਬ ਦੌਰੇ ਤੱਕ, ਪੰਜਾਬ ਦੀ ਰਾਜਨੀਤਕ ਅਵਸਥਾ ਸੰਪੂਰਨ ਰੂਪ ਵਿਚ ਅਰਾਜਕਤਾ ਦੀ ਹੀ ਬਣੀ ਰਹਿੰਦੀ ਹੈ ਤੇ ਇਹ ਹੀ ਸਥਿਤੀਆਂ ਸਨ, ਜੋ ਪੰਜਾਬ ਦੀ ਰਾਜਨੀਤਕ ਏਕਤਾ ਨੂੰ ਭੰਗ ਕਰਦੀਆਂ ਹਨ। ਰਾਜਨੀਤਕ ਦੌਰ ਵਿਚ ਰਚੇ ਪੰਜਾਬੀ ਸਾਹਿਤ ਦੀ ਉਪਲਬਧੀ ਨਹੀਂ ਹੁੰਦੀ ਅਤੇ ਇਸ ਲਈ ਇਸ ਕਾਲ ਦੇ ਸਾਹਿਤ ਦੇ ਇਤਿਹਾਸ ਵਿਚ ਕਾਫ਼ੀ ਲੰਬਾ ਅੰਤਰਾਲ ਹੈ, ਜਿਸ ਨੂੰ ਖੋਜ ਨਾਲ ਹੀ ਭਰਿਆ ਜਾ ਸਕਦਾ ਹੈ।

ਰਾਜਨੀਤਕ ਏਕਤਾ ਦੇ ਭੰਗ ਹੋਣ ਕਾਰਨ ਦੇਸ਼ ਸ਼ਕਤੀਹੀਣ ਹੋ ਗਿਆ ਸੀ। ਇਸੇ ਕਰਕੇ ਪੂਰਵ ਨਾਨਕ ਕਾਲ ਨੂੰ ਅੰਧਕਾਰ ਦੀ ਸੰਧੀ ਦਿੱਤੀ ਜਾਂਦੀ ਹੈ। ਇਸ ਦਾ ਪ੍ਰਮੁੱਖ ਕਾਰਨ ਰਾਜਸੀ ਅਸਥਿਰਤਾ, ਅਰਾਜਕਤਾ ਅਤੇ ਸਿਆਸੀ ਪਰਿਵਰਤਨ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਮੱਧਕਾਲੀ ਅਧਿਆਤਮਿਕ ਕਾਵਿ ਦੀ ਸਿਰਜਣਾ ਦਾ ਆਧਾਰ ਯੁੱਧ ਪ੍ਰਭਾਵਿਤ ਜੀਵਨ ਬਣਦਾ ਹੈ, ਜਿਸ ਵਿਚ ਕਿਧਰੇ ਵੀ ਸੰਤੁਲਨ ਨਹੀਂ ਸੀ। ਆਪਸੀ ਦੁਸ਼ਮਣੀ ਅਤੇ ਯੁੱਧਮਈ ਪ੍ਰਸਥਿਤੀਆਂ ਨੇ ਜਨਤਾ ਨੂੰ ਪੀੜਤ ਕਰ ਰੱਖਿਆ ਸੀ। ਐਸੇ ਅਸ਼ਾਂਤ, ਅਵਿਵਸਥਾ ਤੇ ਅਰਾਜਕਤਾ ਦੀ ਸੰਧੀ ਵਿਚ ਸਾਹਿਤ ਸਿਰਜਣਾ ਦੀ ਸੰਭਾਵਨਾ ਤਾਂ ਕੀਤੀ ਜੀ ਸਕਦੀ ਹੈ, ਪ੍ਰੰਤੂ ਸਾਹਿਤ ਸੁਰੱਖਿਆ ਨਹੀਂ ਕਿਹਾ ਜਾ ਸਕਦਾ ਹੈ ਕਿ ਪੂਰਵ ਨਾਨਕ ਕਾਲ ਦਾ ਪਿਛੋਕੜ ਇਕ

ਅਮੀਰ ਸਾਹਿਤਕ ਵਿਰਸੇ ਦਾ ਮਾਲਕ ਹੈ। ਸੰਸਕ੍ਰਿਤ, ਪ੍ਰਾਕ੍ਰਿਤ ਵਾਲੀ ਅਤੇ ਅਪਭ੍ਰੰਸ਼ਾਂ ਦਾ ਸਾਹਿਤ ਜਿੱਥੇ ਸ਼ੁੱਧ ਭਾਰਤੀ ਚਿੰਤਨ, ਰੂਪ, ਸ਼ੈਲੀ ਅਤੇ ਸਾਹਿਤਕ ਪਰੰਪਰਾ ਦਾ ਅਮੀਰ ਵਿਰਸਾ ਹਨ, ਉਥੇ ਇਸਲਾਮ ਦੇ ਭਾਰਤ ਵਿਚ ਪ੍ਰਵੇਸ਼ ਨਾਲ ਵਿਦੇਸ਼ੀ ਅਮੀਰ ਸਾਹਿਤਕ ਪਰਪਰਾ ਵੀ ਆ ਜਾਂਦੀ ਹੈ। ਇਸ ਅਮੀਰੀ ਵਿਰਸੇ ਨੂੰ ਸਨਮੁਖ ਰੱਖ ਕੇ ਵੀ ਪੂਰਵ ਨਾਨਕ ਕਾਲ ਵਿਚ ਸਾਹਿਤ ਸਿਰਜਿਣਾ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ"। ਭਾਵੇਂ ਇਹ ਸਾਹਿਤ ਅਰਾਜਕਤਾ ਕਾਰਨ ਨਸ਼ਟ ਹੋ ਗਿਆ ਹੋਵੇ, ਪ੍ਰੰਤੂ ਕਿਹਾ ਜਾ ਸਕਦਾ ਹੈ ਕਿ ਰਾਜਨੀਤਕ ਉਥਲ-ਪੁਥਲ ਕਾਰਨ ਅਸ਼ਾਂਤਮਈ ਵਾਤਾਵਰਨ ਵਿਚ ਵੀ ਮੱਧਕਾਲੀ ਅਧਿਆਤਮਿਕ ਕਾਵਿ ਦੇ ਬੀਜੇ ਜਾ ਚੁੱਕੇ ਸਨ।

ਭਗਤਾਂ ਦੇ ਯੁੱਗ, ਜਿਸ ਵਿਚ ਭਗਤੀ ਅੰਦੋਲਨ ਦਾ ਉਤਰੀ ਭਾਰਤ ਵਿਚ ਉਦੈ ਹੋਇਆ ਨੂੰ ਭਾਰਤੀ ਇਤਿਹਾਸ ਵਿਚ 'ਤੁਰਕ-ਅਫਗਾਨ' ਕਾਲ ਆਖਿਆ ਜਾਂਦਾ ਹੈ। ਇਹ ਯੁੱਗ ਬਾਰ੍ਹਵੀਂ ਸਦੀ ਈਸਵੀ ਤੋਂ ਲੈ ਕੇ ਪੰਦਰਵੀ ਸਦੀ ਤੱਕ ਚੱਲਦਾ ਹੈ। ਸੋਲ੍ਹਵੀਂ ਸਦੀ ਦੇ ਪਹਿਲੇ ਭਾਗ ਵਿਚ ਇਸ ਦਾ ਅੰਤ ਹੋ ਜਾਂਦਾ ਹੈ। ਤੁਰਕ-ਅਫਗਾਨ ਜਾਤੀਆਂ ਦਾ ਰਾਜ ਹੋਣ ਕਾਰਣ ਵੀ ਇਸ ਨੂੰ ਤੁਰਕ-ਅਫਗਾਨ ਕਾਲ ਆਖਿਆ ਜਾਂਦਾ ਹੈ। ਇਸ ਤੋਂ ਬਾਅਦ ਭਾਰਤ ਵਿਚ ਮੁਗਲਾਂ ਦਾ ਰਾਜ ਸਥਾਪਤ ਹੋ ਗਿਆ। ਇਨ੍ਹਾਂ ਦੇ ਵਿਦੇਸ਼ੀ ਹਾਕਮ ਜਾਤੀਆਂ ਦੇ ਰਾਜ ਕਾਲ ਵਿਚ ਹੀ ਉਤਰੀ ਭਾਰਤ ਵਿਚ ਭਗਤੀ ਦੀ ਪ੍ਰਵਾਹ-ਮਈ ਨਦੀ ਵਗਦੀ ਰਹੀ ਹੈ। ਇਸ ਦਾ ਆਰੰਭ ਤੁਗਲਕ ਵੰਸ਼ ਦੇ ਆਰੰਭ ਕਾਲ ਵਿਚ ਹੁੰਦਾ ਹੈ, ਇਸ ਮਗਰੋਂ ਸਯਦ ਅਤੇ ਲੋਧੀ ਵੰਸ਼ਾਂ ਦੇ ਆਰੰਭ ਵਿਚ ਤੇ ਵਿਕਾਸ-ਪੜਾਵਾਂ ਦਾ ਕ੍ਰਮ ਚਲਦਾ ਰਿਹਾ ਅੰਤਿਮ ਮੁਗਲ ਸਮਰਾਟਾਂ ਤੱਕ ਹੈ। ਤਿੰਨ ਚਾਰ ਸਦੀਆਂ ਦਾ ਇਹ ਲੰਬਾ ਅਰਸਾ, ਭਾਰਤ ਦੀ ਜਨਤਾ ਲਈ ਬਹੁਤ ਨਿਰਾਸ਼ਾ ਅਤੇ ਔਕੜ ਭਰਪੂਰ ਸਮਾਂ ਸੀ। ਇਸਲਾਮ ਕਿਉਂਕਿ ਰਾਜ ਧਰਮ ਸੀ, ਇਸ ਲਈ ਇਸ ਦੇ ਪ੍ਰਚਾਰ/ਪ੍ਰਸਾਰ ਦਾ ਕਾਰਜ ਤਲਵਾਰ ਦੀ ਨੋਕ 'ਤੇ ਕੀਤਾ ਜਾਂਦਾ ਸੀ। ਇਸੇ ਸਿਲਸਿਲੇ ਵਿਚ ਭਾਰਤੀ ਧਰਮ ਮੰਦਿਰਾਂ ਅਤੇ ਧਰਮ ਗ੍ਰੰਥਾਂ ਨੂੰ ਨਸ਼ਟ ਕੀਤਾ ਜਾ ਰਿਹਾ ਸੀ। ਇਥੋਂ ਦੇ ਸਥਾਨਕ ਰਾਜਿਆਂ ਰਜਵਾੜਿਆਂ ਦੀ ਸ਼ਕਤੀ ਤੇ ਸਵੈ-ਅਭਿਮਾਨ ਆਪਸੀ ਵਿਰੋਧ ਤੇ ਫੁੱਟ ਕਾਰਣ ਨਸ਼ਟ ਹੋ ਰਿਹਾ ਸੀ। ਉਹ ਇੰਨੇ ਕਮਜ਼ੋਰ ਹੋ ਚੁੱਕੇ ਸਨ ਕਿ ਉਨ੍ਹਾਂ ਵਿਚ ਅਰਾਜਕਤਾ ਦਾ ਬੋਲ ਬਾਲਾ ਸੀ ਤੇ ਜਨ-ਜੀਵਨ ਅਸਤ-ਵਿਅਸਤ ਹੋ ਚੁੱਕਿਆ ਸੀ।

ਰਾਜਾ ਦਾ ਕਰਤਵ ਹੁੰਦਾ ਹੈ, ਲੋਕਾਂ ਨੂੰ ਬੁਰੇ ਰਸਤੇ ਤੋਂ ਚੰਗੇ ਰਸਤੇ ਵਲ੍ਹ ਲਿਆਉਣਾ। ਇਸ ਨੀਤੀ ਨੂੰ ਰਾਜਨੀਤੀ ਕਿਹਾ ਗਿਆ। ਭਾਵ ਰਾਜਾ ਨੈਤਿਕ ਨਿਯਮਾਂ ਨੂੰ ਲਾਗੂ ਕਰਵਾਉਣ ਵਾਲਾ ਹੁੰਦਾ ਹੈ।

ਆਪ ਨੇ ਉਦੇਸ਼ ਦਿੱਤਾ ਹੈ ਕਿ ਪਰਮਾਤਮਾ ਦੀ ਅਵਸਥਾ ਨੂੰ ਕੋਈ ਵੀ ਨਹੀਂ ਜਾਣ ਸਕਦਾ। ਜੋਗੀ, ਜਤੀ, ਤਪੀ ਅਤੇ ਸੂਝਵਾਨ ਲੋਕ ਥੱਕ ਟੁੱਟ ਕੇ ਹਾਰ ਤਾਂ ਗਏ, ਪਰ ਪਰਮਾਤਮਾ ਦੀ ਰਾਜਨੀਤੀ ਨੂੰ ਨਹੀਂ ਜਾਣ ਸਕੇ। ਪਰਮਾਤਮਾ ਪਲ ਭਰ ਵਿਚ ਰਾਜੇ ਨੂੰ ਭਿਖਾਰੀ ਅਤੇ ਭਿਖਾਰੀ ਨੂੰ ਰਾਜਾ ਬਣਾਉਣ ਦੀ ਸ਼ਕਤੀ ਰਖਦਾ ਹੈ। ਇਕ ਖਿਣ ਵਿਚ ਉਹ ਸਖਣਿਆਂ ਨੂੰ ਭਰ ਦਿੰਦਾ ਹੈ ਅਤੇ ਭਰਿਆਂ ਨੂੰ ਖਾਲੀ ਕਰ ਦਿੰਦਾ ਹੈ, ਇਹ ਉਸ ਦਾ ਕੰਮ (ਤਰੀਕਾ, ਸੁਭਾਅ) ਹੈ। ਦੁਨੀਆਂ ਦਾ ਇਹ ਪਸਾਰਾ ਪ੍ਰਭੂ ਦਾ ਆਪੇ ਹੀ ਪਸਾਰਿਆਂ ਹੋਇਆ ਹੈ

ਅਤੇ ਉਹ ਆਪ ਹੀ ਦੇਖਣ ਵਾਲਾ ਹੈ। ਉਹ ਕਈ ਤਰ੍ਹਾਂ ਦੇ ਸਾਂਗ ਕਰਦਾ ਹੈ, ਉਹ ਬਹੁ-ਰੰਗੀ (ਬਹੁਰੂਪੀਆਂ) ਆਪ ਸਭ ਤੋਂ ਅੱਡ ਰਹਿੰਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਈਸ਼ਵਰ ਦੇ ਸਵਰੂਪ ਦਾ ਵਰਨਣ ਕੀਤਾ ਹੈ, ਜਿਹੜਾ ਕਿ ਦੁਨੀਆਂ ਦਾ ਸਭ ਤੋਂ ਵੱਡਾ ਰਾਜਾ ਅਤੇ ਸਰਵ ਕਲਾ ਸਮਰੱਥ ਹੈ। ਸਭ ਕੁਝ ਉਸ ਦੇ ਹੀ ਹੱਥ ਵਿਚ ਹੈ।

ਭਗਤ ਬਾਣੀ ਵਿਚ ਭਗਤ ਕਵੀਆਂ ਨੇ ਰਾਜੇ ਅਤੇ ਰਾਜਨੀਤੀ ਅਤੇ ਸੰਕਲਪ ਬਾਰੇ ਦੱਸਿਆ ਹੈ ਕਿ ਹਰੀ ਹੀ ਰਾਜਾ ਹੈ ਤੇ ਦੁਨਿਆਵੀਂ ਰਾਜੇ ਤਾਂ ਆਰਜ਼ੀ ਹੀ ਹਨ। ਭਗਤ ਕਬੀਰ ਜੀ ਨੇ 'ਰਾਗੁ ਬਿਲਾਵਲੁ' ਵਿਚ ਲਿਖਿਆ ਹੈ:

"ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ ਰਹਾਉ॥
ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ॥
ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ॥"[82]

ਆਪ ਨੇ ਦੱਸਿਆ ਹੈ ਕਿ ਕੋਈ, ਹਰੀ ਵਰਗਾ ਰਾਜਾ ਨਹੀਂ। ਇਹ ਰਾਜੇ ਚਾਰ ਦਿਨਾਂ ਲਈ ਹਨ ਅਤੇ ਕੂੜੇ ਦਿਖਾਵੇ ਕਰ ਰਹੇ ਹਨ। ਤਿੰਨਾਂ ਲੋਕਾਂ ਵਿਚ ਪਰੀ-ਪੂਰਨ ਪਰਮਾਤਮਾ, ਜੋ ਤੇਰਾ ਦਾਸ ਬਣਦਾ ਹੈ, ਉਹ ਕਦੇ ਨਹੀਂ ਡੋਲਦਾ, ਦਾਸਾ ਵੱਲ ਕੌਣ ਹੱਥ ਲੰਮਾ ਕਰ ਸਕਦਾ ਹੈ? ਉਨ੍ਹਾਂ ਦੀ ਮਿਣਤੀ ਕੋਈ ਨਹੀਂ ਦਸ ਸਕਦਾ।

ਭਗਤ ਕਬੀਰ ਜੀ ਨੇ ਦੱਸਿਆ ਹੈ ਕਿ 'ਹਰਿ' ਹੀ ਸੱਚਾ 'ਰਾਜਾ' ਹੈ। ਇਹ ਸੰਸਾਰਕ ਤੇ ਦੁਨਿਆਵੀ ਰਾਜੇ ਕੇਵਲ ਚਾਰ ਦਿਨਾਂ ਲਈ ਰਾਜ ਕਰਦੇ ਹਨ। ਇਹ ਵੀ ਭੋਗ ਜੂਨਾਂ ਹਨ। ਚੰਗੇ ਕੀਤੇ ਹੋਏ ਕਰਮਾਂ ਦਾ ਫਲ ਭੁਗਤਣ ਲਈ ਚਾਰ ਦਿਨ ਐਸ਼ੋ-ਇਸ਼ਰਤ ਵਿਚ ਬਿਤਾ ਕੇ ਫਿਰ ਉਸੀ ਆਵਾਗਵਨ ਦੇ ਚੱਕਰ ਵਿਚ ਪੈ ਜਾਂਦੇ ਹਨ।

ਭਗਤ ਕਵੀਆਂ ਨੇ ਆਪਣੇ ਸਮਕਾਲੀ ਮੁਤੱਸਬੀ ਅਤੇ ਜ਼ਾਬਰ ਬਾਦਸ਼ਾਹਾਂ ਦੀਆਂ ਅਣਮਨੁੱਖੀ ਨੀਤੀਆਂ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਨੂੰ ਆਪਣੀ ਹੀ ਪਰਜਾ ਉਤੇ ਲੱਕ ਤੋੜਵੇਂ 'ਕਰ' (ਟੈਕਸ) ਲਗਾਉਣ ਦੀ ਨੀਤੀ ਪਸੰਦ ਨਹੀਂ ਸੀ। ਉਸ ਵੇਲੇ ਦੇ ਰਾਜੇ ਕੁਝ ਲੋਕਾਂ ਤੇ ਇੰਨਾ ਜ਼ਿਆਦਾ ਜ਼ਬਰ ਇਸ ਕਰਕੇ ਢਾਹੁੰਦੇ ਸਨ, ਕਿ ਉਹ ਲੋਕ ਰਾਜਾਂ ਦੇ ਧਰਮ ਵਿਚ ਵਿਸ਼ਵਾਸ ਨਹੀਂ ਰਖਦੇ ਸਨ। ਕਈ ਰਾਜਿਆਂ ਨੇ ਧਾਰਮਿਕ ਸੰਤਾਂ-ਭਗਤਾਂ ਨੂੰ ਵੀ ਸਖਤ ਸਜ਼ਾਵਾਂ ਦਿੱਤੀਆਂ। ਭਗਤਾਂ ਨੂੰ ਇਹ ਵੀ ਪ੍ਰਵਾਨ ਨਹੀਂ ਸੀ ਕਿ ਬੰਦੇ-ਬੰਦੇ ਵਿਚ ਕਿਸੇ ਖਾਸ ਕਾਰਨ ਕਰਕੇ ਫਰਕ ਸਮਝਿਆ ਜਾਵੇ। ਕੁਝ ਲੋਕਾਂ ਨੂੰ ਦੂਜੇ ਜਾਂ ਤੀਜੇ ਦਰਜੇ ਦੇ ਲੋਕਾਂ ਵਾਂਗ ਜਿਉਣ ਲਈ ਮਜ਼ਬੂਰ ਕੀਤਾ ਜਾਵੇ। ਇਸੇ ਲਈ ਭਗਤ ਰਵਿਦਾਸ ਜੀ ਨੇ 'ਰਾਗੁ ਸੋਰਠਿ' ਵਿਚ ਫਰਮਾਇਆ ਹੈ:

"ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥"[83]

ਆਪ ਨੇ ਫਰਮਾਇਆ ਹੈ ਕਿ ਰਾਜਾ ਸਿੰਘਾਸਨ ਤੇ ਸੌਂ ਗਿਆ। ਉਹ ਸੁਪਨੇ ਵਿਚ ਮੰਗਤਾ ਬਣ ਗਿਆ ਅਤੇ ਹੁੰਦੇ-ਸੁੰਦੇ ਰਾਜ ਤੋਂ ਵਿਛੜ ਕੇ ਦੁੱਖ ਪਾ ਰਿਹਾ ਹੈ। ਰਾਜੇ ਵਾਲਾ ਹਾਲ ਦੁਨੀਆਂ ਦੇ ਜੀਵਾਂ ਦਾ ਹੈ। ਆਪ ਨੇ ਉਪਦੇਸ਼ ਦਿੱਤਾ ਕਿ ਪਤਾ ਨਹੀਂ ਅੱਜ ਦੇ ਬਾਦਸ਼ਾਹ ਕਦੋਂ ਭਿਖਾਰੀ ਬਣ ਜਾਣ ਅਤੇ ਅੱਜ ਦੇ ਭਿਖਾਰੀ ਕਦੋਂ ਰਾਜੇ ਬਣ ਜਾਣ। ਇਸ ਕਰਕੇ ਹਮੇਸ਼ਾ ਦੁਨਿਆਵੀਂ ਸੁੱਖਾਂ ਅਤੇ ਦੁੱਖਾਂ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਕਰਦਿਆਂ ਹਮੇਸ਼ਾ ਕਾਇਮ ਰਹਿਣ ਵਾਲੇ 'ਰਾਜੇ' ਨਾਲ ਵਿਸ਼ਾਲ ਕਰਨ ਦਾ ਉਪਦੇਸ਼ ਦਿੱਤਾ ਹੈ।

ਭਗਤ ਕਵੀਆਂ ਨੇ ਰਾਜੇ ਦੀ ਇਸਤਰੀ ਜੋ ਕਿ ਪਰਮਾਤਮਾ ਨੂੰ ਵਿਸਾਰ ਕੇ ਮਹਿਲਾਂ ਦੀਆਂ ਆਰਜ਼ੀ ਖੁਸ਼ੀਆਂ ਵਿਚ ਮਗਨ ਰਹਿੰਦੀ ਸੀ, ਨੂੰ ਵੀ ਚੰਗਾ ਨਹੀਂ ਕਿਹਾ। ਉਸ ਦੇ ਮੁਕਾਬਲੇ ਪਰਮਾਤਮਾ ਦੀ ਸੀ, ਜਿਹੜੀ ਪਰਮਾਤਮਾ ਦੀ ਭਗਤੀ ਵਿਚ ਲੀਨ ਹੈ, ਨੂੰ ਵਡਿਆਈ ਦਿੱਤੀ ਹੈ। ਉਸ ਦੇ ਮੁਕਾਬਲੇ ਪਰਮਾਤਮਾ ਦੀ ਦਾਸੀ, ਜਿਹੜੀ ਪਰਮਾਤਮਾ ਦੀ ਭਗਤੀ ਵਿਚ ਲੀਨ ਹੋ ਜਾਂਦੀ, ਨੂੰ ਵਡਿਆਈ ਦਿੱਤੀ ਹੈ। ਭਗਤ ਕਬੀਰ ਜੀ ਨੇ ਫਰਮਾਇਆ ਹੈ:

"ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ।।
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿਨਾਮੁ।।"[84]

ਆਪ ਨੇ ਇਸ ਸ਼ਬਦ ਵਿਚ ਦੱਸਿਆ ਹੈ ਕਿ ਰਾਜੇ ਦੀ ਇਸਤਰੀ ਨਾਲੋਂ ਹਰੀ ਦੀ ਦਾਸੀ ਦੀ ਵਡਿਆਈ ਕਿਉਂ ਕੀਤੀ ਜਾਂਦੀ ਹੈ? ਆਪ ਫੁਰਮਾਉਂਦੇ ਹਨ ਕਿ ਰਾਜੇ ਦੀ ਇਸਤਰੀ ਤਾਂ ਆਪਣੇ ਪਤੀ ਨੂੰ ਖੁਸ਼ ਕਰਨ ਲਈ ਵਿਸ਼ੇ-ਵਿਕਾਰਾਂ ਦੇ ਭੋਗ ਭੋਗਣ ਲਈ ਪੱਟੀਆਂ ਢਾਲਦੀ ਹੈ ਅਤੇ ਹਾਰ-ਸਿੰਗਾਰ ਲਗਾਉਂਦੀ ਹੈ। ਹਰੀ ਦੀ ਦਾਸੀ ਇਨ੍ਹਾਂ ਬਾਹਰਲੇ ਹਾਰ-ਸਿੰਗਾਰਾਂ ਦਾ ਤਿਆਗ ਕਰਕੇ ਪਰਮਾਤਮਾ ਦੀ ਸੱਚੇ ਦਿਲੋਂ ਭਗਤੀ ਕਰਦੀ ਹੈ। ਇਸੇ ਫਰਕ ਕਰਕੇ ਇਕ ਨਿੰਦਾ ਦੀ ਭਾਗੀ ਬਣਦੀ ਹੈ ਤੇ ਦੂਜੀ ਮਾਣ ਦੀ ਹੱਕਦਾਰ ਹੋ ਜਾਂਦੀ ਹੈ। ਆਪ ਨੇ ਮਹਿਲਾਂ ਦੀਆਂ ਖੁਸ਼ੀਆਂ ਨੂੰ ਆਰਜ਼ੀ ਦੱਸਿਆ ਹੈ ਅਤੇ ਬਾਹਰਲੇ ਨੈਤਿਕਤਾ ਭਰੇ ਜੀਵਨ ਬਿਤਾਉਣ ਵਾਲੇ ਵਿਅਕਤੀਆਂ ਦੀ ਵਡਿਆਈ ਕੀਤੀ ਹੈ। ਭਗਤ ਨਾਮਦੇਵ ਜੀ ਨੇ ਵੀ ਦੁਨਿਆਵੀ ਰਾਜਿਆਂ ਦੀਆਂ ਖੁਸ਼ੀਆਂ ਨੂੰ ਆਰਜੀ ਅਤੇ ਪਰਮਾਤਮਾ, ਜੋ ਸਭ ਤੋਂ ਵੱਡਾ ਰਾਜਾ ਹੈ ਤੇ ਉਸ ਨਾਲ ਨੈਤਿਕਤਾ ਧਾਰਨ ਕਰਨ ਨਾਲ ਹੀ ਪ੍ਰੇਮ ਪਾਇਆ ਜਾ ਸਕਦਾ ਹੈ। ਆਪ ਜੀ ਨੇ ਪਰਮਾਤਮਾ ਦੀ ਮਿਹਰ ਦਾ ਪਾਤਰ ਬਣਨ ਦਾ ਉਪਦੇਸ਼ ਦਿੱਤਾ ਹੈ। ਆਪ ਨੇ ਰਾਗੁ ਮਲਾਰ ਵਿਚ ਫਰਮਾਇਆ ਹੈ:

"ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ।।
ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ।।੧।। ਰਹਾਉ।।
ਜਾਂ ਚੈ ਘਰਿ ਦਿਗ ਦਿਸੈ ਸਰਾਇਚਾ, ਬੈਕੁੰਠ ਭਵਨ ਚਿਤ੍ਰਸਾਲਾ।।
ਸਪਤ ਲੋਕ ਸਾਮਾਨਿ ਪੂਰੀਅਲੇ।।
ਜਾਂ ਚੈ ਘਰ ਲਛਿਮੀ ਕੁਆਰੀ।।
ਚੰਦੁ ਸੂਰਜੁ ਦੀਵੜੇ, ਕੰਉਤਕੁ ਕਾਲੁ ਬਪੁੜਾ,

ਕੋਟਵਾਲੁ ਸੁ ਕਰਾ ਸਿਰੀ।।

ਸੁ ਐਸਾ ਰਾਜਾ ਸ੍ਰੀ ਨਰਹਰੀ।।"[85]

ਭਗਤ ਬਾਣੀ ਵਿਚ ਰਾਜੇ ਦਾ ਗਿਆਨ ਅਤੇ ਭਗਤੀ, ਦੋਹਾਂ ਦਾ ਧਾਰਨੀ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਭਗਤ ਕਬੀਰ ਜੀ ਨੇ 'ਰਾਗ ਭੈਰਉ' ਵਿਚ ਫਰਮਾਇਆ ਹੈ:

"ਸੋ ਸੁਰਤਾਨੁ ਜੋ ਦੁਇ ਸ ਤਾਨੈ।।

ਬਾਹਰਿ ਜਾਤਾ ਭੀਤਰਿ ਆਨੈ।।

ਗਗਨ ਮੰਡਲ ਮਹਿ ਲਸਕਰੁ ਕਰੈ।

ਸੋ ਸੁਰਤਾਨੁ ਛਤ੍ਰੁ ਸਿਰਿ ਧਰੈ।।"[86]

ਆਪ ਨੇ ਉਪਰੋਕਤ ਸ਼ਬਦ ਵਿਚ ਫੁਰਮਾਇਆ ਹੈ ਕਿ ਪਾਤਸ਼ਾਹ ਉਹ ਹੈ ਜੋ ਦੋਵੇਂ ਤੀਰ-ਭਗਤੀ ਤੇ ਗਿਆਨ ਦੇ ਖਿੱਚੇ, ਬਾਹਰ ਦੌੜਦੇ ਮਨ ਨੂੰ ਅੰਤਰ ਮੁਖ ਕਰੇ, ਦਸਮ ਦੁਆਰ ਵਿਚ ਰਹਿ ਕੇ ਦੈਵੀ ਗੁਣਾਂ ਦੀ ਫੌਜ ਇਕੱਠੀ ਕਰੇ ਅਤੇ ਉਸ ਪਾਤਸ਼ਾਹ ਦੇ ਸਿਰ 'ਤੇ ਹੀ ਛੱਤਰ ਝੁੱਲੇਗਾ। ਭਾਵ ਅਜਿਹਾ ਪਾਤਸ਼ਾਹ ਦੋਹਾਂ ਜਹਾਨਾਂ ਵਿਚ ਯਸ਼ ਖਟਣ ਦਾ ਭਾਗੀ ਬਣੇਗਾ। ਇਸ ਤਰ੍ਹਾਂ ਆਪ ਨੇ ਭਗਤੀ ਅਤੇ ਗਿਆਨ ਦੇ ਦੋ ਗੁਣ ਰਾਜੇ ਵਾਸਤੇ ਧਾਰਨ-ਯੋਗ ਦੱਸੇ ਹਨ। ਭਗਤ ਕਬੀਰ ਜੀ ਨੇ ਰਾਗੁ ਗਾਉੜੀ ਵਿਚ ਰਾਜ ਦੇ ਸੁੱਖ ਨਾਲੋਂ ਵੀ ਬਿਹਤਰ ਪ੍ਰਭੂ ਦੀ ਪ੍ਰੇਮ-ਭਗਤੀ ਨੂੰ ਬਿਆਨ ਕੀਤਾ ਹੈ। ਆਪ ਨੇ ਫਰਮਾਇਆ ਹੈ:

"ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖ ਰਾਜਿ ਨਾ ਲਹੀਐ।। ਰਹਾਉ।।"[87]

ਆਪ ਜੀ ਨੇ ਉਪਦੇਸ਼ ਕੀਤਾ ਕਿ ਜੋ ਸੁੱਖ ਈਸ਼ਵਰ ਦੀ ਪ੍ਰੇਮ-ਭਗਤੀ ਅਤੇ ਸੇਵਾ ਅਰਾਧਨਾ ਵਿਚ ਹੈ, ਉਹ ਸੁਖ ਰਾਜ ਸਿੰਘਾਸਨ 'ਤੇ ਬੈਠ ਕੇ ਪ੍ਰਾਪਤ ਨਹੀਂ ਹੋ ਸਕਦਾ। ਆਪ ਨੇ ਇਹ ਵੀ ਕਿਹਾ ਹੈ ਕਿ ਰਾਜ ਦੀ ਸੋਭਾ ਅਸਥਾਈ ਹੈ। ਭਗਤ ਕਬੀਰ ਜੀ ਨੇ ਰਾਗੁ ਧਨਾਸਰੀ ਵਿਚ ਫਰਮਾਇਆ ਹੈ:

"ਸੋਭਾ ਰਾਜ ਬਿਭੈ ਬਡਿਆਈ।।

ਅੰਤਿ ਨ ਕਾਹੂ ਸੰਗ ਸਹਾਈ।।"[88]

ਆਪ ਨੇ ਇਸ ਸ਼ਬਦ ਰਾਹੀਂ ਉਪਦੇਸ਼ ਦਿੱਤਾ ਹੈ ਕਿ ਰਾਜ ਦੀ ਸ਼ੋਭਾ ਅਤੇ ਸੰਪਦਾ ਦੀ ਵਡਿਆਈ ਕਿਸੇ ਦੇ ਨਾਲ ਨਹੀਂ ਜਾਂਦੀਆਂ। ਭਗਤ ਕਵੀਆਂ ਨੇ ਇਹ ਵੀ ਦੱਸਿਆ ਹੈ ਕਿ ਰਾਜਾ ਆਪਣੀ ਪਰਜਾ ਨਾਲ ਇਕੋ ਜਿਹਾ ਪਿਆਰ ਕਰੇ ਅਤੇ ਕਿਸੇ ਨਾਲ ਭੇਦ-ਭਾਵ ਜਾਂ ਵਿਤਕਰੇ ਦੀ ਭਾਵਨਾ ਨਾ ਰੱਖੇ। ਭਗਤ ਕਬੀਰ ਜੀ ਨੇ ਰਾਗੁ ਬਿਲਾਵਲੁ ਵਿਚ ਫਰਮਾਇਆ ਹੈ:

"ਰਾਜਾ ਪਰਜਾ ਸਮ ਕਰਿ ਮਾਰੇ ਐਸੋ ਕਾਲ ਬਡਾਨੀ ਰੇ।"[89]

ਭਗਤ ਕਬੀਰ ਜੀ ਨੇ ਇਸ ਸ਼ਬਦ ਵਿਚ ਦੱਸਿਆ ਹੈ ਕਿ ਪਰਮਾਤਮਾ ਰਾਜਾ ਅਤੇ ਪਰਜਾ ਨੂੰ ਇਕੋ ਤਰ੍ਹਾਂ ਹੀ ਮਾਰ ਦਿੰਦਾ ਹੈ ਭਾਵ ਸਾਰਿਆਂ ਜੀਵਾਂ ਦੇ ਮਰਨ ਦਾ ਢੰਗ ਇਕੋ ਹੀ ਹੈ। ਆਪ ਨੇ ਇਥੇ ਇਹ ਸਮਝਾਉਣ ਦਾ

ਯਤਨ ਕੀਤਾ ਹੈ ਕਿ ਜਿਸ ਤਰ੍ਹਾਂ ਪਰਮਾਤਮਾ ਰੂਪੀ ਰਾਜਾ ਸਭ ਤੋਂ ਵੱਡਾ ਹੁੰਦਾ ਹੋਇਆ, ਸਾਰਿਆਂ ਜੀਵਾਂ ਨਾਲ ਇਕੋ ਜਿਹਾ ਵਰਤਾਰਾ ਕਰਦਾ ਹੈ। ਇਸੇ ਤਰ੍ਹਾਂ ਦੁਨਿਆਵੀ ਰਾਜਿਆਂ ਨੂੰ ਵੀ ਆਪਣੀ ਪਰਜਾ ਨਾਲ ਇਕੋ-ਜਿਹਾ ਵਰਤਾਰਾ ਕਰਨਾ ਚਾਹੀਦਾ ਹੈ। ਭਗਤਾਂ ਨੇ ਈਸ਼ਵਰ ਨੂੰ ਸਭ ਤੋਂ ਵੱਡਾ ਰਾਜਾ ਕਿਹਾ ਹੈ। ਭਗਤ ਕਬੀਰ ਜੀ ਨੇ ਰਾਗ ਗਉੜੀ ਵਿਚ ਫਰਮਾਇਆ ਹੈ:

"ਰਾਜਾ ਰਾਮ ਤੂੰ ਐਸਾ ਨਿਰਭਉ ਤਰਨਤਾਰਨ ਰਾਮ ਰਾਇਆ।।"[90]

ਆਪ ਨੇ ਦੱਸਿਆ ਹੈ ਕਿ ਪਰਮਾਤਮਾ ਨਿਰਭਉ ਹੈ ਅਤੇ ਸਭਨਾਂ ਜੀਵਾਂ ਨੂੰ ਬਚਾਉਣ ਵਾਲਾ ਹੈ। ਆਪ ਦੇ ਕਹਿਣ ਦਾ ਭਾਵ ਹੈ, ਕਿ ਪਰਮਾਤਮਾ ਸਭ ਤੋਂ ਵੱਡਾ ਰਾਜਾ ਹੈ। ਆਪ ਨੇ ਇਹ ਵੀ ਕਿਹਾ ਹੈ ਕਿ ਪਰਮਾਤਮਾ ਦੇ ਰਾਜ ਗ੍ਰਿਹਿ ਦਾ ਅੰਤ ਨਹੀਂ ਪਾਇਆ ਜਾ ਸਕਦਾ। ਆਪ ਨੇ ਰਾਗੁ ਸਾਰੰਗ ਵਿਚ ਫਰਮਾਇਆ ਹੈ:

"ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ।।
ਤੇਰੇ ਸੰਤਨ ਕੀ ਹਉ ਚੇਰੀ।।"[91]

ਆਪ ਨੇ ਕਿਹਾ ਹੈ ਕਿ ਹੇ ਪਰਮਾਤਮਾ ਤੇਰੇ ਰਾਜ ਗ੍ਰਿਹਿ ਦਾ ਕਿਸੇ ਅੰਤ ਨਹੀਂ ਪਾਇਆ। ਮੈਂ ਤੇ ਤੇਰੇ ਸੰਤਾਂ ਦੀ ਦਾਸੀ ਹਾਂ। ਆਪ ਨੇ ਪ੍ਰਭੂ ਦੀ ਰਾਜ ਗ੍ਰਿਹਿ ਦੇ ਬੇਅੰਤ ਪਸਾਰ ਵਾਲਾ ਹੋਣ ਦਾ ਵਰਨਣ ਕੀਤਾ ਹੈ।

ਭਗਤ ਬਾਣੀ ਵਿਚ 'ਰਾਜਾ' ਅਤੇ 'ਰੰਕ' ਇਕ ਸਮਾਨ ਹਨ। ਦੋਵੇਂ ਹੀ ਆਪਣੇ ਪੂਰਬਲੇ ਕਰਮਾਂ ਦਾ ਫਲ ਭੁਗਤ ਰਹੇ ਹਨ। 'ਹਰਿ' ਦੀ ਦਰਗਾਹ ਵਿਚ ਦੋਨਾਂ ਨੂੰ ਇਕੋ ਹੀ ਕਾਨੂੰਨ ਅਧੀਨ ਪਰਖਿਆ ਜਾਂਦਾ ਹੈ। ਉਥੇ ਹਰ ਇਕ ਦੇ ਇਕੋ ਜਿਹੇ ਅਧਿਕਾਰ ਹਨ। 'ਹਰਿ ਦਾ ਹੁਕਮ' ਜਾਂ 'ਹਰਿ ਦਾ ਵਿਧਾਨ', ਗਰੀਬ, ਅਮੀਰ, ਰਾਜਾ, ਪਰਜਾ ਸਭ ਲਈ ਇਕੋ-ਜਿਹਾ ਹੈ।

ਭਗਤ ਬਾਣੀ ਵਿਚ ਭਗਤ ਕਵੀਆਂ ਨੇ ਉਪਦੇਸ਼ ਦਿੱਤਾ ਹੈ ਕਿ ਪਰਮਾਤਮਾ ਸਰਬਸ਼ਕਤੀਮਾਨ ਹੈ ਅਤੇ ਜੇਕਰ ਉਹ ਚਾਹੇ ਤਾਂ ਰਾਜੇ ਤੋਂ ਭੀਖ ਮੰਗਾ ਦਿੰਦਾ ਹੈ ਅਤੇ ਭਿਖਾਰੀ ਨੂੰ ਰਾਜਾ ਬਣਾ ਦਿੰਦਾ ਹੈ। ਭਗਤ ਕਬੀਰ ਜੀ ਨੇ ਰਾਗੁ ਸਾਰੰਗ ਵਿਚ ਫਰਮਾਇਆ ਹੈ:

"ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ।।
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ।।"[92]

ਭਗਤ ਬਾਣੀ ਵਿਚ 'ਰਾਮ-ਰਾਜ' ਅਤੇ ਉਸ ਦੇ ਸਰੂਪ ਤੇ ਲੱਛਣ ਆਦਿ ਵਿਸ਼ੇ ਉਭਰ ਕੇ ਸਾਹਮਣੇ ਆਉਂਦੇ ਹਨ। ਆਮ ਲੋਕ ਅਤੇ ਸਿਆਸਤਦਾਨ 'ਰਾਮ ਰਾਜ' ਦੀ ਪਰਿਭਾਸ਼ਾ ਨਹੀਂ ਜਾਣਦੇ। ਕੇਵਲ ਭਗਤ ਬਾਣੀ ਵਿਚ 'ਰਾਮ-ਰਾਜ' ਦੀ ਸ਼ੁੱਧ ਤੇ ਸਪਸ਼ਟ ਤਸਵੀਰ ਖਿੱਚੀ ਗਈ ਹੈ। ਭਗਤ-ਬਾਣੀ 'ਰਾਮ-ਰਾਜ' ਦੀ ਸਥਾਪਨਾ ਵਿਚ ਵਿਸ਼ਵਾਸ ਰੱਖਦੀ ਹੈ। ਭਗਤ ਕਬੀਰ ਜੀ ਨੇ ਰਾਗੁ ਭੈਰਉ ਵਿਚ ਫਰਮਾਇਆ ਹੈ:

"ਨਾਂਗੇ ਆਵਨੁ ਨਾਂਗੇ ਜਾਨਾ।। ਕੋਇ ਨ ਰਹਿਹੈ ਰਾਜਾ ਰਾਨਾ।।
ਰਾਮੁ ਰਾਜਾ ਨਉਨਿਧਿ ਮੇਰੈ।। ਸੰਪੈ ਹੇਤੁ ਕਲਤੁ ਧਨੁ ਤੇਰੈ।।੧।। ਰਹਾਉ।।

ਆਵਤ ਸੰਗ ਨ ਜਾਤ ਸੰਗਾਤੀ॥ ਕਹਾ ਭਇਓ ਦਰਿ ਬਾਂਧੇ ਹਾਥੀ॥
ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥
ਕਹਿ ਕਬੀਰ ਕਿਛੁ ਗੁਨੁ ਬੀਚਾਰਿ॥ ਚਲੇ ਜੁਆਰੀ ਦੇਇ ਹਥ ਝਾਰਿ॥"[93]

ਭਗਤ ਕਬੀਰ ਜੀ ਨੇ ਦੱਸਿਆ ਹੈ ਕਿ ਹੇ ਜੀਵ! ਅਸੀਂ ਸਾਰੇ ਇਸ ਸੰਸਾਰ ਵਿਚ ਨੰਗੇ ਹੀ ਆਏ ਹਾਂ ਅਤੇ ਮੌਤ ਉਪਰੰਤ ਇਥੋ ਅਸੀਂ ਨੰਗਿਆ ਹੀ ਜਾਣਾ ਹੋਵੇਗਾ। ਰਾਜਾ ਜਾਂ ਰਾਣਾ ਕੋਈ ਵੀ ਸਦਾ ਲਈ ਇਥੇ ਨਹੀਂ ਬਚੇਗਾ। ਮੇਰੇ ਘਰ (ਕਬੀਰ ਜੀ ਦੇ ਘਰ) ਰਾਜਾ ਰਾਮ ਰੂਪੀ ਨੌ ਨਿਧਾਂ ਦਾ ਖਜ਼ਾਨਾ ਹੈ। ਤੇਰੇ ਘਰ ਐਸ਼ਵਰ, ਇਸਤਰੀ ਤੇ ਧਨ ਦਾ ਪਿਆਰ ਹੈ। ਨਾ ਆਉਂਦਿਆਂ ਜੀਵ ਦਾ ਕੋਈ ਸੰਗੀ-ਸਾਥੀ ਸੀ ਅਤੇ ਜਾਂਦਿਆਂ ਵੀ ਕੋਈ ਸੰਗੀ-ਸਾਥੀ ਨਹੀਂ ਹੋਵੇਗਾ। ਕੀ ਹੋਇਆ ਜੇ ਕਰ ਤੇਰੇ ਦਰ ਤੇ ਹਾਥੀ ਬੱਝੇ ਹੋਏ ਹਨ। ਇਹ ਤਾਂ ਕੁਝ ਵੀ ਨਹੀਂ, ਲੰਕਾ ਦਾ ਕਿਲਾ ਸੋਨੇ ਦਾ ਸੀ, ਮੂਰਖ ਰਾਵਣ ਉਸ ਦੇ ਵਿਚੋਂ ਜਾਂਦੀ ਵਾਰੀ ਕੀ ਲੈ ਗਿਆ? ਭਾਵ ਉਸ ਦੇ ਨਾਲ ਕੁਝ ਨਹੀਂ ਗਿਆ। ਜੇ ਕੁਝ ਗਿਆ ਹੈ ਤਾਂ ਉਹ ਆਪਣੇ ਬੁਰੇ ਕਰਮਾਂ ਕਰਕੇ ਆਪਯਸ਼ ਖੱਟ ਕੇ ਲੈ ਗਿਆ ਹੈ। ਆਪ ਨੇ ਉਪਦੇਸ਼ ਦਿੱਤਾ ਹੈ ਕਿ ਜੀਵ ਨੂੰ ਗੁਣਾਂ ਦਾ ਵਿਚਾਰ ਕਰਨਾ ਚਾਹੀਦਾ ਹੈ; ਨਹੀਂ ਤਾਂ ਜੁਆਰੀਏ ਵਾਂਗ ਦੋਵੇਂ ਹੱਥ ਝਾੜ ਕੇ ਤੁਰਨਾ ਪਵੇਗਾ।

ਆਪ ਨੇ ਬੜੇ ਦੀਨ-ਭਾਵ ਨਾਲ ਪਰਮਾਤਮਾ ਅੱਗੇ ਬੇਨਤੀ ਕੀਤੀ ਹੈ ਕਿ ਉਹ ਆ ਕੇ ਮੇਰੀ ਲਾਜ ਰੱਖੇ। ਆਪ ਦੇ ਕਹਿਣ ਦਾ ਭਾਵ ਹੈ ਕਿ ਪਰਮਾਤਮਾ ਨਾਲ ਸੱਚਾ ਪਿਆਰ ਕਰਨ ਤੇ ਉਹ ਭਗਤਾਂ ਪਿਆਰਿਆਂ ਦੀ ਲਾਜ ਰੱਖਦਾ ਹੈ ਅਤੇ ਉਨ੍ਹਾਂ ਨੂੰ ਦਾਤਾਂ ਵੀ ਬਖਸ਼ਦਾ ਹੈ। ਭਗਤ ਕਬੀਰ ਜੀ ਨੇ ਰਾਗੁ ਗਉੜੀ/ਸੋਰਠਿ ਵਿਚ ਫਰਮਾਇਆ ਹੈ:

"ਅਬ ਮੋ ਕਉ ਭਏ ਰਾਜਾ ਰਾਮ ਸਹਾਈ॥
ਜਨਮ ਮਰਨ ਕਟਿ ਪਰਮ ਗਤਿ ਪਾਈ॥ ਰਹਾਉ॥"[94]

ਆਪ ਨੇ ਕਿਹਾ ਹੈ ਕਿ ਹੁਣ ਰਾਜਾ ਰਾਮ ਮੇਰੇ ਸਹਾਈ ਹੀ ਨਹੀਂ ਹੋਏ, ਸਗੋਂ, ਜਨਮ ਮਰਨ ਦੇ ਬੰਧਨ ਕੱਟ ਵੀ ਗਏ ਹਨ ਅਤੇ ਪਰਮਗਤੀ ਦੀ ਪ੍ਰਾਪਤੀ ਹੋ ਗਈ ਹੈ। ਆਪ ਨੇ ਇੱਥੇ ਪਰਮਾਤਮਾ, ਜੋ ਸਭ ਤੋਂ ਵੱਡਾ ਰਾਜਾ ਹੈ, ਨਾਲ ਪ੍ਰੇਮ ਕਰਨ ਦਾ ਉਪਦੇਸ਼ ਦਿੱਤਾ ਹੈ।

ਭਗਤ ਬਾਣੀ ਵਿਚ ਭਗਤ ਕਬੀਰ ਜੀ ਨੇ ਰਾਜੀਨਤਕ ਪਰਿਪੇਖ ਨੂੰ ਭਲੀ-ਭਾਂਤ ਸਪਸ਼ਟ ਕੀਤਾ ਹੈ। ਉਨ੍ਹਾਂ ਨੇ ਰਾਜੇ ਦੇ ਕੀ ਗੁਣ ਹੋਣੇ ਚਾਹੀਦੇ ਹਨ, ਬਾਰੇ ਵੀ ਪਰਿਚਰਚਾ ਕੀਤੀ ਹੈ। ਪਰਮਾਤਮਾ ਜੋ ਸਭ ਤੋਂ ਵੱਡਾ ਰਾਜਾ ਹੈ, ਉਸ ਨਾਲ ਪ੍ਰੇਮ ਪਿਆਰ ਪੈਦਾ ਕਰਨ ਦਾ ਉਪਦੇਸ਼ ਦਿੱਤਾ ਹੈ। ਭਗਤ ਕਵੀਆਂ ਨੇ 'ਰਾਮ-ਰਾਜ' ਦਾ ਨਾਹਰਾ ਸਭ ਤੋਂ ਪਹਿਲਾਂ ਦਿੱਤਾ, ਜਿਸ ਦੀ ਇਕ ਪਰਿਭਾਸ਼ਾ ਅੱਜ ਦੇ ਰਾਜਨੀਤਕ ਲੋਕ ਨਹੀਂ ਜਾਣਦੇ। ਭਗਤ ਬਾਣੀ 'ਰਾਮ-ਰਾਜ' ਦੀ ਸਥਾਪਨਾ ਵਿਚ ਵਿਸ਼ਵਾਸ ਰੱਖਦੀ ਹੈ ਅਤੇ ਭਗਤਾਂ ਨੇ ਆਪਣੀ ਬਾਣੀ ਵਿਚ 'ਰਾਮ-ਰਾਜ' ਦੀ ਸਹੀ ਤਸਵੀਰ ਖਿੱਚੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਪਰਮਾਤਮਾ ਸਭ ਤੋਂ

ਸ੍ਰੇਸ਼ਟ ਅਤੇ ਵੱਡਾ ਰਾਜਾ ਹੈ। ਉਹ ਰਾਜੇ ਨੂੰ ਰੰਕ ਅਤੇ ਰੰਕ ਨੂੰ ਰਾਜਾ ਬਣਾਉਣ ਦੀ ਸ਼ਕਤੀ ਰੱਖਦਾ ਹੈ। ਭਗਤ ਬਾਣੀ ਵਿਚ 'ਰਾਜਾ' ਅਤੇ 'ਰੰਕ' ਨੂੰ ਇਕੋ-ਜਿਹਾ ਸਮਝਿਆ ਗਿਆ ਹੈ। ਦੋਹਾਂ ਨੂੰ ਆਪਣੇ ਪੂਰਵਲੇ ਕਰਮਾਂ ਦੇ ਫਲ ਅਨੁਸਾਰ ਜਨਮ ਮਿਲਿਆ ਹੈ ਅਤੇ ਪਰਮਾਤਮਾ ਦੇ ਘਰ ਵਿਚ ਸਭਨਾਂ ਨੂੰ ਇਕੋ-ਜਿਹਾ ਅਧਿਕਾਰ ਹੈ ਅਤੇ ਚੰਗੇ ਅਮਲਾਂ ਨਾਲ ਮਨੁੱਖ ਨੂੰ ਪਰਮਗਤੀ ਮਿਲ ਸਕਦੀ ਹੈ। ਭਗਤ ਬਾਣੀ ਅਨੁਸਾਰ ਰਾਜੇ ਸਿਰਫ ਕੁਝ ਕੁ ਦਿਨਾਂ ਲਈ ਹੀ ਇੱਥੇ ਆਏ ਹਨ। ਇਹ ਭੋਗ ਜੂਨੀਆਂ ਹਨ। ਅਖੀਰ ਵਿਚ ਛੋਟਾ ਵੱਡਾ ਸਭ ਨੇ ਸੰਸਾਰ ਵਿਚੋਂ ਕੂਚ ਕਰਨਾ ਹੈ। ਪਰਮਾਤਮਾ ਦੀ ਦਰਗਾਹ ਵਿਚ ਚੰਗੇ ਅਤੇ ਮੰਦੇ ਕੰਮਾਂ ਦੀ ਪਰਖ ਅਤੇ ਨਿਰਖ ਕੀਤੀ ਜਾਵੇਗੀ।

ਭਗਤ ਬਾਣੀ ਵਿਚ ਰਾਜਨੀਤਿਕ ਪਰਿਪੇਖ ਦੇ ਜੋ ਗੁਣ ਉਭਰ ਕੇ ਸਾਹਮਣੇ ਆਏ ਹਨ, ਉਹ ਅੱਜ ਦੇ ਸਿਆਸੀ ਜੀਵਨ ਉਤੇ ਉੰਨਾ ਹੀ ਪ੍ਰਭਾਵ ਛੱਡਦੇ ਹਨ, ਜਿੰਨਾ ਭਗਤ ਕਵੀਆਂ ਦੇ ਸਮੇਂ ਵਿਚ ਸੀ। ਭਗਤਾਂ ਅਨੁਸਾਰ ਰਾਜਨੀਤਿਕ ਪਰਿਪੇਖ ਨੂੰ ਧਾਰਨ ਕਰਨਾ ਅਤਿਅੰਤ ਜ਼ਰੂਰੀ ਹੈ, ਤਾਂ ਹੀ ਕਿਸੇ ਦੇਸ਼ ਵਿਚ ਸੁਖ ਅਤੇ ਸ਼ਾਂਤੀ ਦੀ ਲਹਿਰ ਦੌੜ ਸਕਦੀ ਹੈ।

ਭਗਤਾਂ ਦੀ ਦ੍ਰਿਸ਼ਟੀ ਵਿਚ ਜਾਤ, ਮਜ਼ਹਬ, ਰੰਗ ਜਾਂ ਵਰਣ ਦਾ ਕੋਈ ਭੇਦ ਨਹੀਂ ਸੀ। ਉਹ ਤਾਂ ਕਹਿੰਦੇ ਹਨ ਕਿ ਮਨੁੱਖ ਉਦੋਂ ਹੀ ਹਰੀ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ, ਜਦੋਂ ਉਸ ਦੇ ਬਾਹਰੀ ਭੇਖ ਸਮਾਪਤ ਹੋ ਜਾਣ। ਭਗਤਾਂ ਦਾ ਯੁੱਗ ਸਾਮੰਤੀ ਯੁੱਗ ਸੀ। ਸਮਾਜ ਤੇ ਜਾਗੀਰਦਾਰੀ ਦਾ ਗਲਬਾ ਸੀ। ਰਾਜਾ ਜਾਂ ਬਾਦਸ਼ਾਹ ਇਸ ਵਿਧਾਨ ਦਾ ਸਰਬੋਤਮ ਅੰਗ ਸੀ। ਇਸੇ ਲਈ ਰਾਜਿਆਂ ਨੂੰ 'ਦੇਵਾ ਨਾਮ ਪ੍ਰਿਯ' ਅਤੇ 'ਜ਼ਿਲ੍ਹੇ ਇਲਾਹੀ' ਆਖਿਆ ਜਾਂਦਾ ਸੀ। ਸਮਾਜ ਦੇ ਉਚੇ ਵਰਗਾਂ ਵਲੋਂ ਲਤਾੜੀਆਂ ਜਾਤੀਆਂ ਲਈ ਤਾਂ ਰਾਜੇ ਦਾ ਮਹੱਤਵ ਹੋਰ ਵੀ ਵਧ ਜਾਂਦਾ ਸੀ। ਇਸ ਲਈ ਭਗਤਾਂ ਨੇ ਆਪਣੇ ਈਸ਼ਵਰ ਨੂੰ ਸੱਚਾ ਰਾਜਾ ਜਾ ਸੱਚਾ ਪਾਤਿਸ਼ਾਹ ਆਖਿਆ ਹੈ। ਭਗਤ ਰਵਿਦਾਸ ਜੀ ਨੇ ਆਪਣੇ ਰਾਜੇ ਦਾ ਨਿਵਾਸ ਸਥਾਨ 'ਬੇਗਮਪੁਰਾ ਸ਼ਹਿਰ' ਵਿਚ ਦੱਸਿਆ ਹੈ। ਉਨ੍ਹਾਂ ਦਾ ਇਸ਼ਾਰਾ ਅਜਿਹੇ ਪਰਮਾਤਮਾ ਵੱਲ ਸੀ, ਜੋ ਸਭਨਾਂ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੈ।

ਅਖੀਰ ਵਿਚ ਇਹ ਸਿਲਸਿਲਾ ਇਥੇ ਸਮਾਪਤ ਨਹੀਂ ਹੋ ਜਾਂਦਾ। ਮੱਧਕਾਲੀ ਅਧਿਆਤਮਿਕ ਸਾਹਿਤ ਤੇ ਮੱਧਕਾਲ ਦਾ ਯੁੱਗ ਵੀ ਇਸੇ ਤਰ੍ਹਾਂ ਦੀ ਅਸ਼ਾਂਤੀ ਤੇ ਬਾਹਰੀ ਹਮਲਿਆਂ ਦੀ ਬੌਛਾਰ ਹੇਠ ਜਨਮ ਲੈਂਦਾ ਹੈ। ਇਸਲਾਮੀ ਸ਼ਾਸਨ ਦਾ ਦੂਸਰਾ ਦੌਰ ਪਾਣੀਪਤ ਯੁੱਧ ਵਿਚ ਬਾਬਰ ਦੀ ਜਿੱਤ ਤੋਂ ਆਰੰਭ ਹੁੰਦਾ ਹੈ। ਬਾਬਰ, ਹਿਮਾਂਯੂੰ, ਅਕਬਰ, ਜਹਾਂਗੀਰ, ਸਾਹਜਹਾਂ, ਔਰੰਗਜ਼ੇਬ ਆਦਿ ਸ਼ਾਸ਼ਕਾਂ ਨੇ ਆਪਣੇ-ਆਪਣੇ ਅਨੁਸਾਰ ਸੱਤਾ ਤਾਂ ਸਥਾਪਿਤ ਕੀਤੀ, ਪ੍ਰੰਤੂ ਉਸ ਵਕਤ ਤੱਕ ਮੱਧਕਾਲੀਨ ਧਰਮ-ਪਰਿਵਰਤਨਾਂ ਨੇ ਆਪਣੇ ਯੁੱਗਬੋਧ ਰਾਹੀਂ ਤਤਕਾਲੀਨ ਸਮਾਜਕ, ਰਾਜਨੀਤਕ ਸਥਿਤੀ ਦੇ ਗੰਭੀਰ ਸੰਕਟ ਨੂੰ ਪਛਾਣਿਆ ਤੇ ਉਸ ਦਾ ਅਜਿਹਾ ਸਮਾਧਾਨ ਪ੍ਰਸਤੁਤ ਕੀਤਾ ਜੋ ਲੋਕ-ਪੱਖੀ ਹੋਣ ਸਦਕਾ ਸਰਬ ਸਾਧਾਰਨ ਲਈ ਡੂੰਘੀ ਪ੍ਰੇਰਣਾ ਅਤੇ ਅਗਵਾਈ

ਦਾ ਸੋਮਾ ਹੋ ਨਿਬੜਿਆ। ਇਸੇ ਤਰ੍ਹਾਂ ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਸੰਤਾਂ, ਭਗਤਾਂ, ਸੂਫੀਆਂ ਅਤੇ ਗੁਰੂ ਵਿਅਕਤੀਆਂ ਦਾ ਮਹੱਤਵਪੂਰਨ ਯੋਗਦਾਨ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ।

**ਨਿਸ਼ਕਰਸ਼**

ਭਗਤ ਕਬੀਰ ਜੀ ਦੀ ਬਾਣੀ ਵਿਭਿੰਨ ਪਾਸਾਰਾਂ ਦੀ ਸਮੁੱਚੀ ਵਿਚਾਰਧਾਰਾ ਉਪਰ ਵਿਚਾਰ ਕਰਨ ਉਪਰੰਤ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਭਗਤ ਕਬੀਰ ਜੀ ਦੀ ਬਾਣੀ ਸਮੁੱਚੀ ਭਗਤ ਬਾਣੀ ਪੈਰਾਡਾਇਮ ਨਿਸ਼ਚਿਤ ਕਰਨ ਵਾਲੀ ਹੈ। ਇਕ ਪਰਮਾਤਮਾ ਦਾ ਸੰਕਲਪ, ਅਵਤਾਰ ਦਾ ਖੰਡਣ, ਮੂਰਤੀ ਪੂਜਾ ਦੀ ਨਿਰਾਰਥਕਤਾ, ਮਨੁੱਖੀ ਬਰਾਬਰੀ ਅਤੇ ਪ੍ਰੇਮਾਭਗਤੀ ਨੂੰ ਭਗਤ ਕਬੀਰ ਜੀ ਨੇ ਵਾਰ-ਵਾਰ ਦੁਹਾਰਿਆ ਹੈ। ਭਗਤ ਕਬੀਰ ਬਾਣੀ ਨੇ ਕੁਲੀਨ ਵਰਗ ਦੇ ਵਿਰੋਧ ਵਿਚ ਜੋ ਤਿਖਾ ਸ੍ਵਰ ਉਚਾਰਿਆ ਹੈ, ਉਹ ਸ੍ਵਰ ਬੜਾ ਪ੍ਰਮਾਣਕ ਅਤੇ ਵਿਕੇਕਸ਼ੀਲ ਹੈ। ਮਾਨਵੀ ਹੋਂਦ ਦਾ ਸਤਿਕਾਰ ਕਰਨ ਵਾਲੀ ਇਹ ਬਾਣੀ ਸੰਪ੍ਰਦਾਇਕਤਾ ਅਤੇ ਕੱਟੜਤਾ ਨੂੰ ਬੜੀ ਤਿੱਖੀ ਸੁਰ ਵਿਚ ਰੱਦ ਕਰਦੀ ਹੈ। ਕਬੀਰ ਬਾਣੀ ਚਿੰਤਕਾਂ ਦੀ ਇਹ ਧਾਰਨਾ ਹੈ ਇਸ ਦਾ ਰੱਬੀ ਬੋਲ ਜਿੰਨਾ ਗਹਿਰਾ ਹੈ, ਉੱਨਾ ਹੀ ਇਸ ਬਾਣੀ ਦਾ ਮਨਫ਼ੀ ਧਿਰਾਂ ਵਿਰੁੱਧ ਰੋਸ ਵੀ ਤਿੱਖਾ ਹੈ। ਬ੍ਰਹਮਣ/ਮੁੱਲਾ ਅਤੇ ਕਾਜੀ ਨੂੰ ਧਰਮ ਵਿਰੋਧੀ ਕਹਿੰਦਿਆ ਇਨ੍ਹਾਂ ਦੀ ਭਾਸ਼ਾ ਨੂੰ ਰੱਦ ਕੀਤਾ ਹੈ। ਮੱਧਕਾਲੀ ਭਾਰਤੀ ਧਰਮ-ਚਿੰਤਨ ਵਿਚ ਜਿਹੜੀ ਕੁਲੀਨ ਵਿਰੋਧੀ ਅਵਾਜ਼ ਪ੍ਰਗਟ ਹੋਈ, ਉਸ ਅਵਾਜ਼ ਦਾ ਤਿੱਖਾ ਕਟਾਖ਼ਸ ਭਗਤ ਕਬੀਰ ਬਾਣੀ ਵਿਚ ਮਿਲਦਾ ਹੈ।

ਭਗਤੀ ਲਹਿਰ ਨੇ ਜਿਹੜਾ ਰੱਬੀ ਸੰਸਾਰ ਸਿਰਜਿਆ, ਉਸ ਸੰਸਾਰ ਵਿਚ ਸੰਪਰਦਾਇਕਤਾ, ਜਾਤ, ਪਾਤ, ਸ੍ਰੈਇਕ ਸਮਾਜ, ਅਵਤਾਰਵਾਦ ਅਤੇ ਵਿਸ਼ੇਸ਼ ਰੂਪ ਵਿਚ ਕਰਮਕਾਂਡ ਦੀ ਕੋਈ ਥਾਂ ਨਹੀਂ ਸੀ। ਇਹ ਉਹ ਰੱਬੀ ਸੰਸਾਰ ਸੀ। ਜਿਸ ਦੇ ਆਰ-ਪਾਰ ਮਾਨਵਤਾ ਦੇ ਦੀਦਾਰ ਹੋ ਰਹੇ ਸਨ, ਧਰਤੀ ਧਰਮਸ਼ਾਲ ਬਣ ਰਹੀ ਸੀ ਅਤੇ ਨੈਤਿਕ ਜੀਵਨ ਮੁੱਲਾਂ ਨੂੰ ਜੀਵਨ ਦ੍ਰਿਸ਼ਟੀ ਬਣਾਇਆ ਜਾ ਰਿਹਾ ਸੀ। ਇਸ ਦੈਵੀ ਸੰਸਾਰ ਵਿਚੋਂ ਧਰਮ ਦੇ ਅਰਥ ਕਰਮ ਲੱਭੇ ਜਾ ਰਹੇ ਸਨ। ਕੁਲੀਨ ਵਰਗ ਦੇ ਵਿਰੋਧ ਵਿਚ ਲੋਕ ਵਰਗ ਨੂੰ ਉਭਾਰ ਮਿਲ ਰਿਹਾ ਸੀ। ਚਿੰਤਾ ਨੂੰ ਚਿੰਤਨ ਰਾਹੀਂ ਸੁਲਝਾਉਣ ਦੀ ਚੇਤਨਾ ਪੈਦਾ ਹੋ ਰਹੀ ਸੀ। ਆਪਣੇ ਤੋਂ ਪੂਰਵਕਾਲੀ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਜੋ ਕੁਝ ਅਰਥਹੀਣ ਸੀ, ਉਸ ਨੂੰ ਰੱਦ ਕਰਕੇ ਇਕ ਨਵਾਂ ਸੰਸਾਰ ਉਸਾਰਿਆ ਸੀ।

ਭਗਤ ਕਬੀਰ ਜੀ ਇਸ ਯੁੱਗ ਦੇ ਕ੍ਰਾਂਤੀਕਾਰੀ ਦਾਰਸ਼ਨਿਕ ਚਿੰਤਨ ਹਨ, ਜੋ ਮੌਲਿਕ ਅਨੁਭਵ ਦੇ ਸੱਚ ਨੂੰ ਉਪਰੋਕਤ ਸੰਦਰਭ ਵਿਚੋਂ ਕੇਵਲ ਉਘਾੜਦੇ ਹੀ ਨਹੀਂ, ਬਲਕਿ ਜੀਵਨ-ਜਾਂਚ ਦਾ ਇਕ ਨਵਾਂ ਰੂਪ ਸਿਰਜ ਕੇ ਦੱਬੀ-ਕੁਚਲੀ ਜਨਤਾ ਦੇ ਮਨ ਵਿਚ ਵਿਦਰੋਹ ਪੈਦਾ ਕਰਨ ਦਾ ਮਾਹੌਲ ਸਿਰਜਦੇ ਹਨ। ਭਗਤ ਕਬੀਰ ਆਪਣੇ ਸਮੇਂ ਦੇ ਸਿਰਮੌਰ ਬਾਣੀਕਾਰ ਹਨ। ਆਪਣੀ ਜੀਵਨ ਦ੍ਰਿਸ਼ਟੀ ਅਤੇ ਰਚਨਾ ਦ੍ਰਿਸ਼ਟੀ ਦੀ ਸਾਂਝ ਕਰਕੇ ਉਹ ਅਜਿਹਾ ਪ੍ਰਵਚਨ ਸਿਰਜਦੇ ਹਨ, ਜੋ ਅੱਗੋ ਗੁਰਮਤਿ ਦੇ ਰੂਪ ਵਿਚ ਸਥਾਪਿਤ ਹੋਣ ਵਾਲੀ ਮੌਲਿਕ ਅਤੇ ਵਿਲੱਖਣ ਚਿੰਤਨ-ਪ੍ਰਣਾਲੀ ਦਾ ਅਗਾਜ਼ ਬਣਦਾ ਹੈ।

ਭਗਤ ਕਬੀਰ ਜੀ ਮਨੁੱਖੀ ਸਰੀਰ ਦੀ ਹੋਂਦਸ਼ੀਲਤਾ ਨਾਲ ਜੁੜੀਆਂ ਭਰਮ-ਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ, ਮਨੁੱਖੀ ਜਨਮ ਦੇ ਮਾਨਵਵਾਦੀ, ਧਾਰਮਿਕ, ਦਾਰਸ਼ਨਿਕ, ਸਮਾਜਕ, ਸੱਭਿਆਚਾਰ ਸਰੋਕਾਰਾਂ ਨੂੰ ਉਭਾਰਿਆ ਹੈ। ਇਕ ਪਾਸੇ ਉਹ ਪੁਰਾਤਨਤਾ ਦੀਆਂ ਰੂੜ੍ਹ ਪਰੰਪਰਾਵਾਂ ਅਤੇ ਮਾਨਤਾਵਾਂ ਦਾ ਨਿਖੇਧ ਕਰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਵਿਚਲੇ ਨਰੋਏ ਤੱਤਾਂ ਦਾ ਭਾਵੀਕਰਣ ਕਰਕੇ ਯੁੱਗ ਦੇ ਬੋਧ ਅਤੇ ਲੋੜ ਅਨੁਸਾਰ ਨਵਾਂ ਰੂਪ ਦਿੰਦੇ ਹਨ।

ਸੰਖੇਪ ਵਿਚ ਕਬੀਰ ਜੀ ਨੇ ਉਸ ਵਕਤ ਦੀ ਜਨਤਾ ਦੀ ਨਬਜ਼ ਨੂੰ ਵੇਖਿਆ ਕਿ ਧਰਮਾਚਾਰ ਅਤੇ ਕਰਮ-ਕਾਂਡ ਸਧਾਰਨ ਜਨਤਾ ਨੂੰ ਕਿਨੇ ਬਹਿਕਾਵੇ ਦੇ ਕੇ ਅਸਲੀ ਮਾਰਗ ਤੋਂ ਖੁੰਝਾ ਕੇ ਆਪਣੇ ਕੰਮ ਸਵਾਰਨ ਦੇ ਕੁਚੱਕਰ ਵਿਚ ਲੱਗੇ ਹਨ। ਕਬੀਰ ਜੀ ਨੇ ਜਨਤਾ ਨੂੰ ਇਸ ਅਧਿਆਤਮਕ ਸੰਕਟ ਤੋਂ ਮੁਕਤ ਕਰਨ ਲਈ ਦੋ ਰਾਹ ਆਪਨਾਏ ਪਹਿਲਾ ਪਾਖੰਡੀਆਂ ਅਤੇ ਕਰਾਹੇ ਪਏ ਧਰਮ ਆਗੂਆਂ ਦਾ ਪਰਦਾਫ਼ਾਸ਼ ਕੀਤਾ ਅਤੇ ਤਰਕ ਨਾਲ ਉਨ੍ਹਾਂ ਦੀਆਂ ਵਿਧੀਆਂ ਦਾ ਖੰਡਣ ਕੀਤਾ ਅਤੇ ਦੂਜਾ ਉਨ੍ਹਾਂ ਨੇ ਜਨਤਾ ਨੂੰ ਨਿਰਾਕਾਰ ਬ੍ਰਹਮ ਵਿਚ ਮਗਨ ਹੋ ਕੇ ਅਤੇ ਸੰਸਾਰਕਿਤਾ ਨਾਲੋਂ ਮੂੰਹ ਤੋੜ ਕੇ ਹਰਿ-ਪ੍ਰਾਪਤੀ ਦੇ ਰਸਤੇ ਉਤੇ ਅੱਗੇ ਵਧਣ ਲਈ ਪ੍ਰੇਰਨਾ ਦਿੱਤੀ। ਧਾਰਮਿਕ ਉਥਾਨ ਰਾਹੀਂ ਸਮਾਜਕ ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚੱਲਿਤ ਕਰਨ ਲਈ ਲੋਕਾਂ ਦੇ ਮਨਾਂ ਵਿਚ ਉਤਸ਼ਾਹ ਭਰਿਆ। ਸਭਿਆਚਾਰ ਦੇ ਗਲ ਸੜ ਚੁੱਕੇ ਅੰਸ਼ਾਂ ਨੂੰ ਖਤਮ ਕਰਕੇ ਨਵੇਂ, ਨਰੋਏ ਕਲਿਆਣਕਾਰੀ ਮੁੱਲਾਂ ਦੀ ਸਥਾਪਨਾ ਕੀਤੀ।

## ਹਵਾਲੇ ਅਤੇ ਟਿੱਪਣੀਆਂ


1. ਡਾ. ਈਸ਼ਵਰੀ ਪ੍ਰਸਾਦ, ਹਿਸਟਰੀ ਆਫ਼ ਮੈਡੀਵਲ ਇੰਡੀਆ, 1940, ਪੰਨਾ 565.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 654.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1371.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1102,03.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1159-60.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 332.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 480.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 477.
14. ਡਾ. ਉਮੇਸ ਮਿਸ਼ਰ, ਭਾਰਤੀ ਦਰਸ਼ਨ, ਪੰਨਾ 5.
15. ਪ੍ਰਤਾਪ ਸਿੰਘ, ਗੁਰਮਤਿ ਫਿਲਾਸਫੀ, ਪੰਨਾ 456.
16. ਡਾ. ਉਮੇਸ਼ ਮਿਸ਼ਰ, ਭਾਰਤੀ ਦਰਸ਼ਨ, ਪੰਨਾ 3.
17. R.D. Ranade, The Bhagavad Gita as a Philosphy of God Realisation. P.160.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5.
19. Dr. Darshan Singh, Indian Bhakti, Traditions and Sikh Gurus, Page 42.
20. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਯਕਤਿਤਵ, ਕਤਿਤ੍ਵ ਐਰ ਚਿੰਤਨ, ਪੰਨਾ 268.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 335.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 338.
23. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 285.
24. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 695.
25. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 922.
26. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 5.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3।

28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1426।

29. ਡਾ. ਉਮੇਸ਼ ਮਿਸ਼ਰਾ, ਭਾਰਤੀ ਦਰਸ਼ਨ, ਪੰਨਾ 46.

30. ਡਾ. ਉਮੇਸ਼ ਮਿਸ਼ਰਾ, ਭਾਰਤੀ ਦਰਸ਼ਨ, ਪੰਨਾ 35-36.

31. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1349.

32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 329.

33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1035.

34. ਡਾ. ਮਨਮੋਹਨ ਸਿੰਘ, ਭਾਈ ਵੀਰ ਸਿੰਘ ਦਾ ਦਾਰਸ਼ਨਿਕ ਅਧਿਐਨ, ਪੰਨਾ 124.

35. ਡਾ.ਮਨਮੋਹਨ ਸਿੰਘ, ਭਾਈ ਵੀਰ ਸਿੰਘ ਦਾ ਦਾਰਸ਼ਨਿਕ ਅਧਿਐਨ, ਪੰਨਾ 124.

36. ਸ੍ਰੀ ਮਧ ਭਗਵਤ ਗੀਤਾ 7/13/14 ਟੀਕਾ, ਪੰਨਾ 122.

37. ਦਾਸ ਗੁਪਤਾ, ਇੰਡੀਅਨ ਫਿਲਾਸਫੀ (ਭਾਗ ਪਹਿਲਾ) ਪੰਨਾ 470.

38. ਡਾ. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ, ਨਾਥ ਸੰਪਰਦਾਇ, ਪੰਨਾ 103.

39. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਇੱਕ ਸੰਸਕ੍ਰਿਤਕ ਸਰਵੇਖਣ, ਪੰਨਾ 269.

40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.

41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 449.

42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 655.

43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694.

44. ਈਸ਼ਵਰੀ ਪ੍ਰਸਾਦ (ਡਾ.) ਹਿਸਟਰੀ ਆਫ਼ ਮੈਡਿਵੀਅਲ ਇੰਡੀਆ, 1940, ਪੰਨਾ 536.

45. ਲੇਨਪੁਰ ਸਟੇਨਲੇ, ਮੈਡਿਵੀਅਲ ਅੰਡਰ ਮਹੰਮਦਨ ਰੂਲ, ਪੰਨਾ 345.

46. ਫੌਜਾ ਸਿੰਘ (ਡਾ.) ਪੰਜਾਬ ਦਾ ਇਤਿਹਾਸ (1000-1526 ਈ.) ਸੰ. ਜਿਲਤ ਤੀਜੀ, 1968, ਪੰਨਾ 324.

47. ਚਤੁਰਵੇਦੀ, ਪਰਸ਼ੂ ਰਾਮ (ਆਚਰਯ) ਸੰਤ ਸਾਹਿਤਕ ਕੇ ਪ੍ਰੇਰਨਾ ਸ੍ਰੋਤ, 1975, ਪੰਨਾ 17.

48. ਫੌਜਾ ਸਿੰਘ (ਡਾ.), ਪੰਜਾਬ ਦਾ ਇਤਿਹਾਸ (1000-1526ਈ.) ਸੰ. ਜਿਲਤ ਤੀਜੀ, 1968, ਪੰਨਾ 112.

49. ਫੌਜਾ ਸਿੰਘ (ਡਾ.), ਪੰਜਾਬ ਦਾ ਇਤਿਹਾਸ (1000-1526ਈ.) ਸੰ. ਜਿਲਤ ਤੀਜੀ, 1968, ਪੰਨਾ 214.

50. ਸਾਹਿਬ ਸਿੰਘ (ਪ੍ਰੋ.) ਭਗਤ ਬਾਣੀ ਸਟੀਕ, ਭਾਗ ਤੀਜਾ (ਟੀਕਾਕਾਰ) ਤੀਜੀਵਾਰ, 1980, ਪੰਨਾ 76.

51. ਸਾਹਿਬ ਸਿੰਘ (ਪ੍ਰੋ.) ਭਗਤ ਬਾਣੀ ਸਟੀਕ, ਹਿੱਸ ਪੰਜਵਾਂ, ਤੀਜੀ ਵਾਰ, 1981, ਪੰਨਾ 103.

52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.
53. ਖੋਜ ਪੱਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪੰਨਾ 79.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858.
55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1159.
56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1159.
57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858.
58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1106.
59. ਫੌਜਾ ਸਿੰਘ (ਡਾ.), ਪੰਜਾਬ ਦਾ ਇਤਿਹਾਸ (1000-1526ਈ.) ਸੰ. ਜਿਲਤ ਤੀਜੀ, 1968, ਪੰਨਾ 112.
60. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.
61. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 655.
62. Atreya B.L., Indian Culture, Delhi University, 1965,P.7.
63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.
64. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 67.
65. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 733.
66. Atreya B.L., Indian Culture, Delhi University, 1965,P.19.
67. Sanyal, BS, Culture, An introduction, Delhi Asia Publishing House, 1962, P. 44.
68. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 485.
69. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 526.
70. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1163.
71. ਹਜਾਰੀ ਪ੍ਰਸਾਦ, ਦ੍ਵਿਵੇਦੀ, ਕਬੀਰ, ਪੰਨਾ 179
72. ਡਾ. ਅਤਰ ਸਿੰਘ, ਪੰਜਾਬੀ ਸਭਿਆਚਾਰ ਦਾ ਇਕ ਸੰਵਾਦ, ਬਾਬਾ ਸਾਹਿਬ ਸੰਮੇਲਨ, ਫਰੀਦਕੋਟ, 1986
73. ਗੋਬਿੰਦ ਸਿੰਘ ਲਾਂਬਾ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 427.
74. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 324.
75. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 324.
76. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 477.

77. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105.
78. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364.
79. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 159.
80. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 874.
81. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 478.
82. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 856.
83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.
84. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1373.
85. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1292.
86. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160.
87. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 336.
88. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 692.
89. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 855.
90. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 339.
91. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1252.
92. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1252.
93. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1157.
94. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 331.

# ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਦਾ ਤੁਲਨਾਤਮਿਕ ਅਧਿਐਨ

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਨਿਰਗੁਣ ਭਗਤੀ ਕਾਵਿ ਪਰੰਪਰਾ ਦੀਆਂ ਦੋ ਮਹੱਤਵਪੂਰਨ ਕੜੀਆ ਕਹੀਆ ਜਾ ਸਕਦੀਆਂ ਹਨ। ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦੀ ਬਾਣੀ ਨਾਲ ਇਹ ਨਿਰਗੁਣ ਕਾਵਿ ਪਰੰਪਰਾ ਜਿੱਥੇ ਇਕ ਅੰਦੋਲਨ ਦਾ ਰੂਪ ਧਾਰਨ ਕਰਦੀ ਹੈ, ਉਥੇ ਹੀ ਵਿਸ਼ਵ ਸ਼ਾਂਤੀ ਤੇ ਮਾਨਵ ਪ੍ਰਗਤੀ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ ਵੀ ਪੇਸ਼ ਕਰਦੀ ਹੈ। ਇਨ੍ਹਾਂ ਦੋਹਾਂ ਭਗਤ ਕਵੀਆਂ ਨੇ ਢਾਈ ਸੌ ਸਾਲ, ਭਾਰਤ ਵਰਗੀ ਧਰਮ ਭੂਮੀ ਦੇ ਪਵਿੱਤਰ ਧਰਾਤਲ ’ਤੇ ਨਿਰਗੁਣ ਭਗਤੀ ਕਾਵਿ ਪਰੰਪਰਾ ਦੀ ਪ੍ਰਤੀਨਿਧਤਾ ਕੀਤੀ।

ਭਾਰਤ ਦੀ ਧਰਤੀ ਬਾਹਰੀ ਆਕ੍ਰਮਣਕਾਰੀਆਂ ਦੇ ਦਖ਼ਲ ਦਾ ਸ਼ਿਕਾਰ ਰਹੀ ਹੈ। 13ਵੀਂ ਸਦੀ ਤੋਂ ਲੈ ਕੇ ਲਗਭਗ 16ਵੀਂ ਸਦੀ ਦੇ ਆਰੰਭ ਤੱਕ ਬਾਹਰੀ ਸ਼ਾਸ਼ਕ ਆਏ, ਸੱਤਾ ਕਾਇਮ ਕੀਤੀ ਤੇ ਭਾਰਤੀ ਸਭਿਆਚਾਰ, ਸੰਸਕ੍ਰਿਤੀ, ਧਰਮ ਅਤੇ ਸਾਹਿਤ ਨੂੰ ਪੂਰਨ ਰੂਪ ਵਿਚ ਪ੍ਰਭਾਵਿਤ ਕੀਤਾ। ਭਾਰਤੀ ਸਭਿਅਤਾ ਸੰਸਕ੍ਰਿਤੀ ਤੇ ਮਨੁੱਖਤਾ ਨੂੰ ਸਾਂਭਣ ਦਾ ਬੀੜਾ ਦਲਿਤ ਸਮਾਜ ਵਿਚੋਂ ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ, ਭਗਤ ਸਧਨਾ, ਭਗਤ ਸੈਣ ਆਦਿਕ ਇਕ ਤੋਂ ਵੱਧ ਅਧਿਆਤਮੀ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਵਾਲੇ ਸੰਤ ਸਿਪਾਹੀਆਂ ਨੇ ਆਪਣੇ ਉਪਰ ਲਿਆ ਤੇ ਸਮਾਜ, ਸਭਿਆਚਾਰ ਤੇ ਭਾਰਤੀ ਚਿੰਤਨ ਨੂੰ ਆਪਣੀ ਵਿਚਾਰਧਾਰਾ ਦਾ ਆਧਾਰ ਬਣਾ ਕੇ ਹਿੰਦੂ ਸਮਾਜ ਤੇ ਵਿਸ਼ਵ ਸਮਾਜ ਨੂੰ ਬਚਾਉਣ ਵਿਚ ਵੀ ਸਹਾਇਕ ਸਿੱਧ ਹੋਏ। ਇਸ ਤਰ੍ਹਾਂ 12ਵੀਂ ਤੇ 13ਵੀਂ ਸਦੀ ਵਿਚ ਉਤਪੰਨ ਹੋਈ ਭਗਤੀ ਲਹਿਰ ਤੇ ਭਗਤ ਕਵੀਆਂ ਨੇ ਇਤਿਹਾਸਿਕ ਤੇ ਕ੍ਰਾਂਤੀਕਾਰੀ ਭੂਮਿਕਾ ਅਦਾ ਕੀਤੀ। ਹੱਥਲੇ ਅਧਿਆਇ ਵਿਚ ਅਸੀਂ ਭਗਤੀ ਕਾਵਿ ਪਰੰਪਰਾ ਦੇ ਸਿਰਮੌਰ, ਸ਼੍ਰੋਮਣੀ, ਸਮਾਜ ਹਿਤੈਸ਼ੀ, ਕ੍ਰਾਂਤੀਕਾਰੀ ਭਗਤ ਕਵੀਆਂ, ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਦਾ ਤੁਲਨਾਮਿਕ ਅਧਿਐਨ ਕਰਾਂਗੇ।

ਅਧਿਆਤਮਿਕ ਅਨੁਭਵ ਦੀ ਪੱਧਰ ’ਤੇ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੀ ਬਾਣੀ ਵਿਚਲੇ ਸਰੋਕਾਰਾਂ ਵਿਚ ਕੋਈ ਅੰਤਰ ਨਹੀਂ, ਸਗੋਂ ਅਧਿਆਤਮਿਕ ਆਧਾਰਾਂ ਵਿਚ ਸਾਂਝ ਹੈ। ਇੱਥੇ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਅਧਿਆਤਮਿਕ ਆਧਾਰ ’ਤੇ ਜੋ ਵਿਸ਼ੇ ਲਏ ਹਨ, ਉਹ ਇਕੋ ਆਧਾਰ/ਧਰਾਤਲ ਤੇ ਉਪਜਦੇ ਹਨ ਤੇ ਇਕੋ ਆਸ਼ੇ ਦੇ ਅਨੁਰੂਪ ਚਲਦੇ ਹਨ। ਅਧਿਆਤਮਿਕ ਰਾਹ ਦੇ ਪਾਂਧੀਆਂ ਵਿਚ ਇਸ ਆਧਾਰ ’ਤੇ ਤੁਲਨਾ, ਭਾਵ ਵੱਖਰਤਾਵਾਂ ਵਾਚਣੀਆਂ ਮੁਸ਼ਕਿਲ ਕੰਮ ਹੈ, ਕਿਉਂਕਿ ਇਹ ਆਂਤਰਿਕ ਅਨੁਭਵ ਹੈ ਤੇ ਸਦਾ-ਸਦਾ ਇਕ ਸਮਾਨ ਰਹਿੰਦਾ ਹੈ। ਇੱਥੇ ਅਸੀਂ ਸਾਂਝੇ ਮੁੱਦਿਆਂ ਨੂੰ ਆਧਾਰ ਬਣਾ ਕੇ ਅਧਿਐਨ ਕਰ ਸਕਦੇ ਹਾਂ। ਦੂਜੇ ਪਾਸੇ ਸਮਾਜਕ ਸਥਿਤੀਆਂ, ਭੂਗੋਲਿਕ ਖਿੱਤੇ ਦੀ ਵੱਖਰਤਾ, ਭਾਸ਼ਾ ਦੀ ਵੱਖਰਤਾ ਰਾਜਨੀਤਕ ਪਰਿਪੇਖ, ਦਾਰਸ਼ਨਿਕ ਪਰਿਪੇਖ, ਧਾਰਮਿਕ ਪਰਿਪੇਖ, ਆਰਥਿਕ ਪਰਿਪੇਖ ਆਦਿ ਬਹੁਤ ਕੁਝ ਐਸਾ ਹੈ, ਜੋ ਵੱਖਰਾ ਵੀ ਹੈ ਤੇ ਨਿਵੇਕਲਾ ਵੀ ਹੈ। ਆਂਤਰਿਕ ਅਨੁਭਵ ਦੀ ਪ੍ਰਤੀਤੀ ਤੋਂ ਪਹਿਲਾਂ ਦੀ ਭਗਤੀ ਪੱਧਤੀ ਵੀ ਵੱਖੋ-ਵੱਖਰੀ ਹੋਣ ਕਾਰਨ ਤੁਲਨਾਤਮਿਕ ਅਧਿਐਨ ਦਾ ਆਧਾਰ ਲਈ ਜਾ ਸਕਦੀ ਹੈ। ਨਿਰਗੁਣ

ਭਗਤੀ ਪਰੰਪਰਾ ਨਾਲ ਸੰਬੰਧ ਰੱਖਣ ਕਾਰਨ ਅਤੇ ਭਾਰਤੀ ਸਭਿਆਚਾਰ ਦੇ ਰੂਪਾਂਤਰਣ ਅਮਲ ਨਾਲ ਪ੍ਰਤੀਬੱਧਤਾ ਕਾਰਨ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਵਿਚ ਵਿਚਾਰਧਾਰਾ ਅਤੇ ਕਾਵਿ-ਅਭਿਵਿਅੰਜਨ ਦੀ ਦ੍ਰਿਸ਼ਟੀ ਤੋਂ ਬਹੁਤ ਸਾਂਝ ਹੈ ਤੇ ਸਮਾਜਕ ਤੇ ਘਟਨਾਤਮਿਕ ਪੱਖ ਤੋਂ ਜਾਂ ਸ਼ੈਲੀ ਪੱਖੋਂ ਜੋ ਵੱਖਰਤਾਵਾਂ ਉਜਾਗਰ ਹੁੰਦੀਆਂ ਹਨ, ਆਪਣੀ ਹੱਥਲੀ ਸਮੱਸਿਆ ਵਿਚਲੀ ਚਰਚਾ ਰਾਹੀਂ ਅਸੀਂ ਦੋਹਾਂ ਦੀ ਬਾਣੀ ਦਾ ਤੁਲਨਾਤਮਿਕ ਅਧਿਐਨ ਕਰਨ ਦਾ ਯਤਨ ਕਰ ਰਹੇ ਹਾਂ।

ਭਾਰਤ ਦੇ ਮੱਧਕਾਲ ਵਿਚ ਉਦੈ ਹੋਣ ਵਾਲੀ ਭਗਤੀ ਲਹਿਰ ਦਾ ਪ੍ਰਵਚਨ ਨਵਾਂ ਵੀ ਸੀ ਤੇ ਪੂਰਬਲੀਆਂ ਕਾਵਿ ਪਰੰਪਰਾਵਾਂ ਨੂੰ ਵੰਗਾਰਨ ਵਾਲਾ ਵੀ ਸੀ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਇਸ ਭਗਤੀ ਲਹਿਰ ਦੇ ਮੂਲ ਪ੍ਰਵਰਤਕ ਭਗਤ ਸਨ, ਜਿਨ੍ਹਾਂ ਨੇ ਭਗਤੀ ਲਹਿਰ ਦੀਆਂ ਅਧਿਆਤਮਕ ਪੈੜਾਂ ਨੂੰ ਸਿਰਜਿਆ ਅਤੇ ਇਕ ਨਵੇਂ ਸੰਸਾਰ ਦੀ ਪਰਿਕਲਪਨਾ ਕੀਤੀ। ਇਨ੍ਹਾਂ ਦੋਹਾਂ ਭਗਤਾਂ ਦਾ ਭਗਤੀ ਲਹਿਰ ਵਿਚ ਸ਼੍ਰੋਮਣੀ ਸਥਾਨ ਹੈ। ਇਨ੍ਹਾਂ ਦੋਹਾਂ ਭਗਤਾਂ ਦੀ ਬਾਣੀ ਦੇ ਨਵੇਂ ਪ੍ਰਵਚਨਾਂ ਦੀ ਤੁਲਨਾਤਮਕ ਵਿਚਾਰ ਚਰਚਾ ਕਰਨੀ ਹੀ ਸਾਡੇ ਸ਼ੋਧ-ਪ੍ਰਬੰਧ ਦਾ ਮੂਲ ਕਾਰਜ ਹੈ। ਆਪਣੀ ਵਿਚਾਰ ਚਰਚਾ ਨੂੰ ਸਪੱਸ਼ਟ ਕਰਨ ਲਈ ਅਸੀਂ ਪਹਿਲਾਂ ਉਨ੍ਹਾਂ ਸਾਰੀਆਂ ਸਥਿਤੀਆਂ ਪ੍ਰਸਥਿਤੀਆਂ ਅਤੇ ਮੁੱਲਾਂ ਦਾ ਉਲੇਖ ਕਰਨਾ ਜ਼ਰੂਰੀ ਸਮਝਦੇ ਹਾਂ, ਜਿਨ੍ਹਾਂ ਦੇ ਵਿਰੋਧ ਵਿਚ ਭਗਤੀ ਲਹਿਰ ਦਾ ਉਦਭਵ ਹੋਇਆ ਸੀ। ਇਹ ਵਿਚਾਰ ਤਾਂ ਸਪੱਸ਼ਟ ਹੀ ਹੈ ਕਿ ਭਾਰਤ ਵਿਚ ਇਕੋ ਵੇਲੇ ਦੋ ਧਰਮ, ਹਿੰਦੂ ਅਤੇ ਸਾਮੀ ਧਰਮ ਨਾਲ-ਨਾਲ ਚਲਦੇ ਰਹੇ ਹਨ। ਇਸਲਾਮ, ਵਿਦੇਸ਼ੀ ਧਰਤੀ ਤੋਂ ਉਠ ਕੇ ਭਾਰਤ ਵਿਚ ਪ੍ਰਵੇਸ਼ ਕਰਨ ਵਾਲਾ ਧਰਮ ਸੀ, ਜੋ ਆਪਣੀ ਰਾਜਸੀ ਸ਼ਕਤੀ ਰਾਹੀਂ ਭਾਰਤ ਵਿਚ ਫੈਲਦਾ ਰਿਹਾ। ਦੂਜੇ ਪਾਸੇ ਹਿੰਦੂ ਧਰਮ ਭਾਰਤ ਦੀ ਧਰਤੀ ਉਪਰ ਪੈਦਾ ਹੋਣ ਵਾਲਾ ਇਕੋ ਇਕ ਧਰਮ ਸੀ, ਜਿਸ ਨੂੰ ਇਕ ਬਹੁਤ ਵੱਡਾ ਸਮੂਹ ਮੰਨਦਾ ਆ ਰਿਹਾ ਸੀ। ਭਗਤੀ ਲਹਿਰ ਦਾ ਉਦਭਵ ਹਿੰਦੂ ਅਤੇ ਇਸਲਾਮੀ ਧਰਮ ਚਿੰਤਨ ਦੇ ਵਿਰੋਧ ਵਿਚੋਂ ਹੋਇਆ ਹੈ। ਭਾਰਤ ਦੀ ਸਥਿਤੀ ਇਹ ਸੀ ਕਿ ਹਿੰਦੂ ਧਰਮ ਦੀ ਕੱਟੜਤਾ ਤੋਂ ਹੇਠਲੀਆਂ ਸ਼੍ਰੇਣੀਆਂ ਮਨੇ-ਤਨੋ ਤੰਗ ਆ ਚੁੱਕੀਆਂ ਸਨ ਅਤੇ ਦੂਜੇ ਪਾਸੇ ਇਸਲਾਮ ਦੀ ਕੱਟੜਤਾ ਅਤੇ ਸੰਪਰਦਾਇਕਤਾ ਵੀ ਸਾਧਾਰਨ ਲੋਕਾਂ ਲਈ ਦੁਸ਼ਵਾਰ ਬਣੀ ਹੋਈ ਸੀ। ਭਗਤੀ ਲਹਿਰ ਦਾ ਸਿੱਧਾ ਵਿਰੋਧ ਹਿੰਦੂ ਧਰਮ ਨਾਲ ਸੀ। ਇਸ ਦਾ ਕਾਰਨ ਇਹ ਸੀ ਕਿ ਭਗਤੀ ਲਹਿਰ ਨਾਲ ਜੁੜੇ ਜਿੰਨੇ ਵੀ ਭਗਤ ਪੈਦਾ ਹੋਏ ਹਨ, ਉਹ ਹਿੰਦੂ ਸ਼੍ਰੇਣੀ ਨਾਲ ਸੰਬੰਧਿਤ ਸਨ। ਇਸ ਲਈ ਸੁਭਾਵਿਕ ਹੀ ਸੀ ਕਿ ਉਨ੍ਹਾਂ ਦਾ ਵਿਰੋਧ ਹਿੰਦੂ ਧਰਮ ਚਿੰਤਨ ਵਲੋਂ ਹੋਣਾ ਹੀ ਸੀ। ਹਿੰਦੂ ਧਰਮ ਦੀ ਸੰਕੀਰਨਤਾ ਦੇ ਵਿਰੋਧ ਵਿਚ ਜਿਥੇ ਭਗਤੀ ਲਹਿਰ ਪੈਦਾ ਹੋਈ, ਉਥੇ ਇਸਲਾਮ ਦੇ ਵਿਰੋਧ ਵਿਚ ਸੂਫ਼ੀ ਲਹਿਰ ਪੈਦਾ ਹੋਈ ਸੀ। ਸੂਫ਼ੀ ਵਿਚਾਰਧਾਰਾ ਇਸਲਾਮ ਦੀ ਕੱਟੜਤਾ ਦੇ ਵਿਰੋਧ ਵਿਚੋਂ ਉਸੇ ਤਰ੍ਹਾਂ ਪੈਦਾ ਹੋਈ ਜਿਵੇਂ ਹਿੰਦੂ ਧਰਮ ਦੇ ਵਿਰੋਧ ਵਿਚੋਂ ਭਗਤੀ ਲਹਿਰ ਪੈਦਾ ਹੋਈ ਸੀ। ਡਾ. ਜਗਬੀਰ ਸਿੰਘ ਭਗਤੀ ਅਤੇ ਸੂਫ਼ੀ ਲਹਿਰ ਦੇ ਉਦਭਵ ਨੂੰ ਇਸੇ ਪ੍ਰਸੰਗ ਵਿਚ ਪਰਿਭਾਸ਼ਿਤ ਕਰਦੇ ਹਨ:

> "ਮੁਸਲਿਮ ਸ਼ਾਸਨ ਦੇ ਮੁੱਢਲੇ ਦੌਰ ਵਿਚ ਇਸਦੇ ਹਾਕਮਾਂ ਦੀ ਕੱਟੜ ਮਜ਼ਬੀ ਨੀਤੀ ਕਾਰਣ ਗੈਰ-ਮੁਸਲਿਮ ਪਰਜਾ ਨੂੰ ਅਨੇਕਾਂ ਤਸੀਹੇ ਝਲਣ ਪਏ। ਹਿੰਦੂ ਪਰਜਾ ਨੂੰ ਜਬਰੀ ਧਰਮ ਪਰਿਵਰਤਨ ਅਤੇ ਜਜ਼ੀਏ ਵਰਗੀਆਂ ਅਪਮਾਨ ਜਨਕ ਕਾਰਵਾਈਆਂ ਦਾ ਸ਼ਿਕਾਰ ਬਣਾਉਣ ਤੋਂ ਇਲਾਵਾ ਕਈ ਮੁਸਲਿਮ ਸ਼ਾਸ਼ਕਾਂ ਨੇ ਆਪਣੇ ਮਜ਼ਬੀ ਜਨੂੰਨ ਕਾਰਨ ਅਨੇਕਾਂ ਹਿੰਦੂ ਪੂਜਾ ਸਥਾਨਾਂ ਦੀ ਬੇਹੁਰਮਤੀ ਵੀ ਕੀਤੀ। ਇਸ ਤਰ੍ਹਾਂ ਮੁਸਲਿਮ ਸ਼ਾਸਕਾਂ ਅਤੇ ਗੈਰ-ਮੁਸਲਿਮ ਪਰਜਾ ਵਿਚਕਾਰ ਬੇਭਰੋਸਗੀ ਅਤੇ ਅਲਗਾਉ ਦੀ ਭਾਵਨਾ ਫੈਲਦੀ ਗਈ। ਪਰ ਇਸੇ ਦੌਰਾਨ ਹੀ ਭਾਰਤ ਵਿਚ ਮੁਸਲਿਮ ਸੂਫ਼ੀ ਫਕੀਰਾਂ ਦਾ ਆਗਮਨ ਵੀ ਹੋਇਆ, ਜਿਨ੍ਹਾਂ ਨੇ ਇਸਲਾਮ ਦੀ ਰਹੱਸਵਾਦੀ ਵਿਆਖਿਆ ਰਾਹੀਂ ਬੰਦੇ ਅਤੇ ਖੁਦਾ ਦੀ ਰੂਹਾਨੀ ਏਕਤਾ ਅਤੇ ਅਭੇਦਤਾ (ਤਸੱਵੁਫ) ਉਪਰ ਬਲ ਦਿੱਤਾ। ਸੂਫੀਆਂ ਦੀ ਜੀਵਨ-ਵਿਧੀ ਅਤੇ ਵਿਚਾਰਧਾਰਾ ਸ਼ਰ੍ਹਈ ਇਸਲਾਮ ਦੀ ਬਾਹਰਮੁਖੀ ਕੱਟੜਤਾ ਦੇ ਵਿਰੋਧ ਵਿਚ ਉਦਾਰ ਮਾਨਵ ਹਿਤਕਾਰੀ ਭਾਵਨਾ ਦੀ ਲਖਾਇਕ ਸੀ। ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਪਰਸਪਰ ਸਾਂਝ, ਭਾਈਚਾਰੇ ਅਤੇ ਬਰਾਬਰੀ ਦੀ ਸੰਦੇਸ਼ ਸੰਚਾਰਨ ਵਾਲੀ ਰੂਹਾਨੀਅਤ ਉਪਰ ਬਲ ਦੇ ਕੇ ਹਿੰਦੂ ਅਤੇ ਮੁਸਲਿਮ ਪਰਜਾ ਦੇ ਮਨਾਂ ਵਿਚ ਇਕੋ ਜਿਹੀ ਮਕਬੂਲੀਅਤ ਹਾਸਿਲ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ।"[1]

ਅਧਿਆਤਮਿਕ ਤੌਰ 'ਤੇ ਸਾਂਝੀ ਸੋਚ, ਇਕੋ ਤਰ੍ਹਾਂ ਦੇ ਆਧਾਰ, ਸਿਧਾਂਤ ਤੇ ਸੰਕਲਪ ਦੋਵੇਂ ਭਗਤ  ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਨੂੰ ਇਕ ਦੂਜੇ ਦੇ ਪੂਰਕ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸੀ ਆਧਾਰ 'ਤੇ ਜਦੋਂ ਅਸੀਂ ਦੋਹਾਂ ਭਗਤਾਂ  ਦੀ ਬਾਣੀ ਨੂੰ ਇਕ ਦੂਜੇ ਦੇ ਸਮਵਿੱਥ ਰੱਖ ਕੇ ਪੜ੍ਹੀਏ ਜਾਂ ਵਿਚਾਰੀਏ ਤਾਂ ਦੋਹਾਂ ਦੀ ਬਾਣੀ ਅਤੇ ਧਾਰਨਾਵਾਂ ਵਿਚ ਸਮਾਨਤਾ/ਸਾਂਝ ਉੱਘੜਦੀ ਹੈ। ਦੋਹਾਂ ਭਗਤਾਂ ਨੇ ਹੀ ਪਰਮਾਤਮਾ ਦੀ ਵਡਿਆਈ ਅਤੇ ਮਹਿਮਾ ਦਾ ਗੁਣਗਾਣ ਰਾਗਬੱਧ ਕਾਵਿ ਵਿਚ ਕੀਤਾ ਹੈ। ਇਸ ਸਾਂਝ ਕਰਕੇ ਹੀ ਦੋਹਾਂ ਕਵੀਆਂ ਦੀ ਪਵਿੱਤਰ ਬਾਣੀ ਨੂੰ ਸਤਿਕਾਰਿਆ ਜਾਂਦਾ ਹੈ। ਇਸ ਰੂਹਾਨੀ ਸਾਂਝ ਦਾ ਸਭ ਤੋਂ ਵੱਡਾ ਪ੍ਰਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋਹਾਂ ਨਿਰਗੁਣ ਭਗਤਾਂ ਦੀ ਬਾਣੀ ਨੂੰ ਇਕੋ ਆਸ਼ੇ 'ਤੇ ਅਧਾਰਿਤ ਹੋਣ ਕਰਕੇ ਸਤਿਕਾਰ ਪੂਰਵਕ ਦਰਜ਼ ਕਰਨਾ ਹੈ। ਦੋਹਾਂ ਭਗਤਾਂ ਦੀ ਬਾਣੀ ਭਾਰਤ ਦੇ ਪ੍ਰਸਿੱਧ ਤੇ ਨਿਰਧਾਰਤ ਰਾਗਾਂ ਵਿਚ ਵਿਉਂਤਬੱਧ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਦੋਹਾਂ ਭਗਤਾਂ ਦੇ ਧਾਰਮਿਕ ਪਰਿਪੇਖ ਦੇ ਸੰਦਰਭ ਸਾਂਝ ਦੀ ਗੱਲ ਕਰਦੇ ਹਾਂ ਕਿ ਪੁਜਾਰੀ ਵਰਗ ਨੇ ਧਰਮ ਨੂੰ ਆਪਣੇ ਹੱਥ ਦਾ ਖਿਡੌਣਾ ਬਣਾਇਆ ਹੋਇਆ ਸੀ। ਅਗਿਆਨਵਸ ਜਨ ਸਧਾਰਣ ਅੰਧ ਵਿਸ਼ਵਾਸ ਅਤੇ ਵਹਿਮਾਂ-ਭਰਮਾਂ ਵਿਚ ਫਸਿਆ ਹੋਇਆ ਸੀ। ਉਸ ਸਮੇਂ ਦੀ ਧਾਰਮਿਕ ਅਵਸਥਾ ਦਾ ਜ਼ਿਕਰ ਕਰਦੇ ਹੋਏ ਡਾ. ਜਗਬੀਰ ਸਿੰਘ ਦਾ ਮਤ ਹੈ ਸਾਰੇ ਧਰਮਾਂ ਨੇ ਸ਼ੂਦਰ ਵਰਣ ਨੂੰ, ਮੰਦਰਾਂ ਵਿਚ ਜਾ ਕੇ ਪੂਜਾ ਪਾਠ ਕਰਨ ਦਾ ਅਧਿਕਾਰ ਨਹੀਂ ਦਿੱਤਾ ਸੀ। ਉਨ੍ਹਾਂ ਲਈ ਖੂਹ ਤੋਂ ਪਾਣੀ ਭਰਨਾ, ਇਥੋਂ ਤੱਕ ਕੇ ਗੰਗਾ ਵਿਚ ਇਸ਼ਨਾਨ ਕਰਨ ਦੀ ਵੀ ਮਨਾਹੀ ਸੀ। ਭਾਰਤੀ ਸਮਾਜ ਵਿਚ ਧਰਮ ਦੀ ਸਥਿਤੀ ਬਹੁਤ ਮਾੜੀ ਹੋ ਚੁੱਕੀ ਸੀ। ਲੋਕ ਪ੍ਰੋਹਿਤ ਵਰਗ ਤੋਂ ਤੰਗ ਆ ਚੁੱਕੇ ਸਨ ਤੇ ਉਹ ਇਸਲਾਮ ਧਰਮ ਵੱਲ ਪਰਿਵਰਤਿਤ ਹੋ ਰਹੇ ਸਨ।

ਅਜਿਹੀਆਂ ਧਾਰਮਿਕ ਅਧੋਗਤੀ ਵਾਲੀਆਂ ਪਰਿਸਥਿਤੀਆਂ ਵਿਚ ਭਗਤ ਕਬੀਰ ਜੀ ਨੇ ਇਕ ਅਛੂਤ ਸਮਝੀ ਜਾਂਦੀ ਜਾਤੀ ਵਿਚ ਜਨਮ ਲਿਆ। ਉਨ੍ਹਾਂ ਨੇ ਭਗਤੀ ਅਤੇ ਆਤਮਕ ਉੱਚਤਾ ਦੇ ਸਹਾਰੇ ਮਹਾਨਤਾ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਪ੍ਰੋਹਿਤ ਵਰਗ ਦੁਆਰਾ ਭੈੜੀਆਂ ਕਦਰਾਂ-ਕੀਮਤਾਂ ਦਾ ਖੰਡਨ ਕੀਤਾ। ਭਗਤ ਰਵਿਦਾਸ ਜੀ ਨੇ ਉਸ ਸਮੇਂ ਦੇ ਪ੍ਰਚਲਿਤ ਧਾਰਮਿਕ ਵਿਸ਼ਵਾਸ ਦੀ ਆਲੋਚਨਾ ਕੀਤੀ ਕਿ ਪ੍ਰਭੂ ਮੰਦਰਾਂ ਜਾਂ ਮਸੀਤਾਂ ਵਿਚ ਵਸਦਾ ਹੈ। ਉਨ੍ਹਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਪਰਮਾਤਮਾ ਨੂੰ ਬਾਹਰ ਢੂੰਢਣ ਦੀ ਲੋੜ ਨਹੀਂ ਹੈ, ਸਗੋਂ ਉਹ ਤਾਂ ਮਨੁੱਖ ਦੇ ਹਿਰਦੇ ਵਿਚ ਹੀ ਵਸਦਾ ਹੈ। ਉਹ ਪ੍ਰਭੂ ਸਾਡੇ ਨੇੜੇ ਹੀ ਵਸਦਾ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।"[2]

ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿਚ ਉਸ ਸਮੇਂ ਦੀ ਧਾਰਮਿਕ ਅਵਸਥਾ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਹਿੰਦੂ ਪੁਜਾਰੀ ਵਰਗ ਤੇ ਮੁਸਲਮਾਨ ਕਾਜੀਆਂ ਵਲੋਂ ਪਰਮਾਤਮਾ ਦੇ ਜਗਨਨਾਥਪੁਰੀ ਅਤੇ ਕਾਅਬੇ ਵਿਚ ਵਸਦੇ ਹੋਣ ਦਾ ਖੰਡਨ ਕੀਤਾ ਹੈ। ਆਪ ਅਨੁਸਾਰ ਪ੍ਰਭੂ ਨੂੰ ਦੱਖਣ ਦੇਸ਼ ਜਾਂ ਪੱਛਣ ਵਿਚ ਲੱਭਣ ਦੀ ਲੋੜ ਨਹੀਂ, ਸਗੋਂ ਉਹ ਪਰਮੇਸ਼ਰ ਤਾਂ ਦਿਲ ਵਿਚ ਵਸਦਾ ਹੈ। ਇਸ ਲਈ ਆਪ ਨੇ ਮਨੁੱਖ ਨੂੰ ਪ੍ਰਭੂ ਨੂੰ ਕੇਵਲ ਦਿਲ ਅੰਦਰ ਖੋਜਣ ਦੀ ਪ੍ਰੇਰਣਾ ਦਿੱਤੀ ਹੈ। ਆਪ ਜੀ ਫਰਮਾਉਂਦੇ ਹਨ:

"ਦਖਨ ਦੇਸਿ ਹਰੀ ਕਾ ਬਾਸਾ,
ਪਛਿਮਿ ਅਲਹ ਮੁਕਾਮਾ।
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ,
ਏਹੀ ਠਉਰ ਮੁਕਾਮਾ।"[3]

ਭਗਤ ਕਬੀਰ ਜੀ ਨੇ ਸਮਕਾਲੀ ਧਾਰਮਿਕ ਅਧੋਗਤੀ ਨੂੰ ਦੂਰ ਕਰਨ ਦੇ ਕਾਫੀ ਯਤਨ ਕੀਤੀ। ਦੋਵੇਂ ਚਿੰਤਕਾਂ ਨੇ ਭਾਰਤੀ ਲੋਕਾਂ ਦਾ ਅਧਿਆਤਮਕ ਪੱਧਰ ਉੱਚਾ ਚੁੱਕਣ, ਮੂਰਤੀ ਪੂਜਾ, ਤੀਰਥ, ਵਰਤ, ਦਾਨ-

ਪੁੰਨ, ਧਾਰਮਿਕ ਰੀਤੀ ਰਿਵਾਜਾਂ ਅਤੇ ਬਾਹਰੀ ਅਡੰਬਰਾਂ ਨੂੰ ਖਤਮ ਕਰਕੇ ਜਨਤਾ ਨੂੰ ਸਹੀ ਮਾਰਗ ਦਿਖਾਉਂਦੇ ਹੋਏ ਪ੍ਰਭੂ ਭਗਤੀ ਕਰਨ ਦਾ ਸੱਚਾ ਤੇ ਸੁੱਚਾ ਉਪਦੇਸ਼ ਦਿੱਤਾ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਦੁਨਿਆਵੀ ਵਿਸ਼ਿਆ ਦਾ ਤਿਆਗ ਕਰਨ ਦੀ ਪ੍ਰੇਰਣਾ ਦਿੱਤੀ ਹੈ ਅਤੇ ਆਪ ਨੇ ਪ੍ਰਭੂ ਭਗਤੀ ਕਰਨ ਤੇ ਜ਼ੋਰ ਦਿੱਤਾ ਹੈ। ਆਪ ਅਨੁਸਾਰ ਸੰਸਾਰ ਨਾਸ਼ਮਾਨ ਹੈ। ਇਸ ਲਈ ਜੀਵ ਨੂੰ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਸੰਤਾਂ ਦੀ ਸੰਗਤ ਕਰਨ ਨਾਲ ਪ੍ਰਭੂ ਪ੍ਰਤੀ ਭਾਵ ਪੈਦਾ ਹੁੰਦਾ ਹੈ ਅਤੇ ਭਾਵ ਨਾਲ ਪ੍ਰਭੂ ਭਗਤੀ ਹੁੰਦੀ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਸਾਧਸੰਗਤਿ ਬਿਨਾ ਭਾਉ ਨਹੀ ਊਪਜੈ,
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ,
ਪੈਜ ਰਾਖਹੁ ਰਾਜਾ ਰਾਮ ਮੇਰੀ।"[4]

ਭਗਤ ਕਬੀਰ ਜੀ ਅਨੁਸਾਰ ਜਗਿਆਸੂ ਦਾ ਕਰਤੱਵ ਹੈ: ਪ੍ਰਭੂ ਨੂੰ ਪਿਆਰ ਕਰਨਾ। ਪ੍ਰਭੂ ਦੀ ਭਗਤੀ ਕਰਨ ਨਾਲ ਹੀ ਉਸ ਪਾਰਬ੍ਰਹਮ ਦੀ ਪ੍ਰਾਪਤੀ ਸੰਭਵ ਹੁੰਦੀ ਹੈ। ਗੁਰੂ ਦੀ ਸੰਗਤ ਕਰਨ ਨਾਲ ਉੱਤਮ ਰਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਪਿਆਰ ਨਾਲ ਕੀਤੀ ਹੋਈ ਭਗਤੀ ਜੀਵ ਨੂੰ ਵਿਕਾਰਾਂ ਤੋਂ ਬਚਾਉਂਦੀ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਕਹੁ ਕਬੀਰ ਭਗਤਿ ਕਰਿ ਪਾਇਆ,
ਭੋਲੇ ਭਾਇ ਮਿਲੇ ਰਘੁਰਾਇਆ।
ਕਹਿ ਕਬੀਰ ਗੁਰ ਮਿਲਤ ਮਹਾ ਰਸੁ,
ਪ੍ਰੇਮ ਭਗਤਿ ਨਿਸਤਾਰਿਓ ਰੇ।"[5]

ਭਗਤ ਰਵਿਦਾਸ ਜੀ ਦੀ ਬਾਣੀ ਅਨੁਸਾਰ ਪਰਮਾਤਮਾ ਦੀ ਭਗਤੀ ਨਾਲ ਜੀਵ ਦੀ ਮਤਿ ਸਚਿਆਰੀ ਹੋ ਜਾਣ ਨਾਲ ਉਸ ਨੂੰ ਛੁਟਕਾਰਾ ਮਿਲ ਜਾਂਦਾ ਹੈ। ਆਪ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ:

"ਭਗਤਿ ਜੁਗਤਿ ਮਤਿ ਸਤਿ ਕਰੀ,
ਭ੍ਰਮ ਬੰਧਨ ਕਾਟਿ ਬਿਕਾਰ।
ਸੋਈ ਬਸਿ ਰਸਿ ਮਨ ਮਿਲੇ,
ਗੁਨ ਨਿਰਗੁਨ ਏਕ ਬਿਚਾਰੁ।
ਅਨਿਕ ਜਤਨ ਨਿਗ੍ਰਹ ਕੀਏ
ਟਾਰੀ ਨ ਟਰੈ ਭ੍ਰਮ ਫਾਸ।
ਪ੍ਰੇਮ ਭਗਤ ਨਹੀ ਊਪਜੈ,

ਤਾ ਤੇ ਰਵਿਦਾਸ ਉਦਾਸ।"[6]

ਭਗਤ ਕਬੀਰ ਜੀ ਦਾ ਮੱਤ ਹੈ ਕਿ ਪ੍ਰਭੂ ਦੀ ਭਗਤੀ ਕਰਨ ਨਾਲ ਮਨ ਦੇ ਵਿਕਾਰ ਦੂਰ ਹੋ ਜਾਂਦੇ ਹਨ ਅਤੇ ਮਨ ਵਿਚ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ। ਪਰਮਾਤਮਾ ਦੀ ਭਗਤੀ ਕਰਨ ਨਾਲ ਮਨ ਵਿਚੋਂ ਲਾਲਚ ਦੀ ਅੱਗ ਤੋਂ ਛੁਟਕਾਰਾ ਮਿਲ ਜਾਂਦਾ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਕਬੀਰ ਅਲਹ ਕੀ ਕਰਿ ਬੰਦਗੀ,
ਜਿਹ ਸਿਮਰਤ ਦੁਖੁ ਜਾਇ।
ਦਿਲ ਮਹਿ ਸਾਂਈ ਪਰਗਟੈ,
ਬੁਝੈ ਬਲੰਤੀ ਨਾਂਇ।"[7]

ਭਗਤ ਰਵਿਦਾਸ ਜੀ ਅਨੁਸਾਰ ਯੋਗਿਕ ਸਾਧਨਾ ਕਰਨ ਵਾਲੇ ਵੱਡੇ ਵੱਡੇ ਜੋਗੀ ਵੀ ਪ੍ਰਭੂ ਨੂੰ ਪ੍ਰਾਪਤ ਕਰਨ ਤੋਂ ਅਸਮਰੱਥ ਹਨ। ਆਪ ਜੀ ਦਾ ਮੱਤ ਹੈ ਕਿ ਪ੍ਰਭੂ ਨੂੰ ਕੇਵਲ ਪ੍ਰੇਮ ਭਗਤੀ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਜੋਗੀਸਰ ਪਾਵਹਿ ਨਹੀ, ਤੁਅ ਗੁਣ ਕਥਨੁ ਅਪਾਰ।
ਪ੍ਰੇਮ ਭਗਤਿ ਕੈ ਕਾਰਣੈ, ਕਹੁ ਰਵਿਦਾਸ ਚਮਾਰ।"[8]

ਭਗਤ ਕਬੀਰ ਜੀ ਵਿਚਾਰ ਦੀ ਸਾਂਝ ਨੂੰ ਪ੍ਰਗਟਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਨੇ ਪ੍ਰੇਮ ਭਗਤੀ ਕਰਨੀ ਸਿੱਖ ਲਈ ਹੈ ਉਨ੍ਹਾਂ ਨੂੰ ਮੌਤ ਦਾ ਡਰ ਨਹੀਂ ਰਹਿੰਦਾ। ਆਪ ਅਨੁਸਾਰ ਪ੍ਰਭੂ ਦੀ ਭਗਤੀ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨੀ ਬੇਅਰਥ ਹੈ। ਇਸ ਲਈ ਉਹ ਪ੍ਰਭੂ ਦੀ ਸ਼ਰਨ ਵਿਚ ਰਹਿ ਕੇ ਭਗਤੀ ਕਰਨ ਦੀ ਪ੍ਰੇਰਣਾ ਦਿੰਦੇ ਹਨ। ਆਪ ਆਪਣੀ ਬਾਣੀ ਵਿਚ ਲਿਖਦੇ ਹਨ:

"ਕਹੁ ਕਬੀਰ ਜਨੁ ਭਏ ਖਾਲਸੇ,
ਪ੍ਰੇਮ ਭਗਤਿ ਜਿਹ ਜਾਨੀ।"[9]
"ਰਾਮ ਭਗਤਿ ਬਿਨੁ ਨਿਹਫਲ ਸੇਵਾ।"[10]
"ਭਗਤਿ ਕਰਉ ਜਨੁ, ਸਰਨਿ ਤੁਮ੍ਾਰੀ।"[11]

ਭਗਤ ਰਵਿਦਾਸ ਜੀ ਦਾ ਵਿਚਾਰ ਵੀ ਇਹੀ ਹੈ ਕਿ ਜਿਹੜਾ ਸਾਧਕ ਆਪਣੇ ਅੰਦਰ ਭਗਤੀ ਨੂੰ ਦ੍ਰਿੜ ਕਰ ਲੈਂਦਾ ਹੈ, ਉਸ ਨੂੰ ਮੋਹ ਮਾਇਆ ਤੋਂ ਬਚਣ ਲਈ ਕੁਝ ਪੁੱਛਣ ਦੀ ਲੋੜ ਨਹੀਂ ਰਹਿੰਦੀ। ਪ੍ਰਭੂ ਭਗਤੀ ਉਸ ਦੇ ਸਾਰੇ ਵਿਕਾਰਾਂ ਨੂੰ ਨਸ਼ਟ ਕਰ ਦਿੰਦੀ ਹੈ। ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ:

"ਕਹਿ ਰਵਿਦਾਸ ਭਗਤਿ ਇਕ ਬਾਢੀ,
ਅਬ ਇਹ ਕਾ ਸਿਉ ਕਹੀਐ।
ਜਾ ਕਾਰਨਿ ਹਮ ਤੁਮ ਆਰਾਧੇ,

ਸੋ ਦੁਖੁ ਅਜਹੁ ਸਹੀਐ।"[12]

ਭਗਤ ਕਬੀਰ ਜੀ ਅਨੁਸਾਰ ਮਨ ਦੀ ਪ੍ਰੇਰਣਾ ਨਾਲ ਮਨੁੱਖ ਹਰ ਕੰਮ ਕਰਦਾ ਹੈ। ਇਸ ਲਈ ਮਨ ਨੂੰ ਮਾਰਨ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਆਪ ਅਨੁਸਾਰ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਵਿਸ਼ੇ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨਾ ਅਸੰਭਵ ਹੈ। ਭਗਤ ਕਬੀਰ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ:

"ਮਨ ਅੰਤਰਿ ਬੋਲੈ ਸਭੁ ਕੋਈ।
ਮਨ ਮਾਰੇ ਬਿਨੁ, ਭਗਤਿ ਨ ਹੋਈ।
ਬਿਨ ਹਰਿ ਭਗਤਿ ਨ ਮੁਕਤਿ ਹੋਇ।
ਇਉ ਕਹਿ ਰਮੇ ਕਬੀਰ।"[13]

ਭਗਤ ਰਵਿਦਾਸ ਜੀ ਦੀ ਬਾਣੀ ਅਨੁਸਾਰ ਜੇ ਕੋਈ ਉੱਚੀ ਕੁਲ ਦਾ ਬ੍ਰਾਹਮਣ ਨਿੱਤ ਦੇ ਛੇ ਕਰਮ ਕਰਦਾ ਹੋਇਆ ਵੀ ਪ੍ਰਭੂ ਦੀ ਭਗਤੀ ਨੂੰ ਹਿਰਦੇ ਵਿਚ ਨਹੀਂ ਵਸਾਉਂਦਾ ਤਾਂ ਉਸ ਨੂੰ ਚੰਡਾਲਾਂ ਸਮਾਨ ਸਮਝਣਾ ਚਾਹੀਦਾ ਹੈ। ਆਪ ਜੀ ਦਾ ਕਥਨ ਹੈ:

"ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ।"[14]

ਭਗਤ ਕਬੀਰ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਨੇ ਪ੍ਰਭੂ ਦੀ ਭਗਤੀ ਨਹੀਂ ਕੀਤੀ, ਉਹ ਜਿਉਂਦਾ ਹੀ ਕਿਉਂ ਨਾ ਮਰ ਗਿਆ। ਭਗਤ ਕਬੀਰ ਜੀ ਅਨੁਸਾਰ ਜ਼ਿੰਦਗੀ ਦਾ ਅਸਲੀ ਦਰਜਾ ਪ੍ਰਾਪਤ ਕਰਨ ਲਈ ਪਰਮ ਤੱਤ ਦੀ ਭਗਤੀ ਕਰਨੀ ਜ਼ਰੂਰੀ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਕਹਿ ਕਬੀਰ ਜੀਵਨ ਪਦ ਕਾਰਨਿ,
ਹਰਿ ਕੀ ਭਗਤਿ ਕਰੀਜੈ।"[15]

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਸਮਕਾਲੀ ਸਮਾਜ ਵਿਚ ਪ੍ਰੋਹਿਤ ਵਰਗ ਦੁਆਰਾ ਪ੍ਰਚਲਿਤ ਭਗਤੀ ਦੀਆਂ ਨਿਸਫਲ ਵਿਧੀਆਂ ਦਾ ਤਿਆਗ ਕਰਨ ਅਤੇ ਨਵੀਂ ਸੱਚੀ ਅਤੇ ਸੁੱਚੀ ਭਗਤੀ ਕਰਨ ਦੀ ਪਰਿਪਾਟੀ ਦਾ ਆਰੰਭ ਕੀਤਾ। ਇਨ੍ਹਾਂ ਭਗਤ ਕਵੀਆਂ ਨੇ ਮੂਰਤੀ ਪੂਜਾ, ਫੁੱਲ, ਪੱਤੀਆਂ, ਧੂਪ, ਬੱਤੀਆਂ, ਚੰਦਨ ਆਦਿ ਸਮੱਗਰੀਆਂ ਨੂੰ ਬੇਅਰਥ ਦੱਸਿਆ। ਇਨ੍ਹਾਂ ਸੰਤਾਂ ਨੇ ਜੋਗੀਆਂ ਦੀ ਅਡੰਬਰ ਰੂਪੀ ਭਗਤੀ ਦਾ ਵੀ ਖੰਡਨ ਕੀਤਾ ਹੈ।

ਇਨ੍ਹਾਂ ਭਗਤ ਕਵੀਆਂ ਨੇ ਪਰਮ ਤੱਤ ਦੀ ਪ੍ਰਾਪਤੀ ਅਤੇ ਮੁਕਤੀ ਲਈ ਭਗਤੀ ਨੂੰ ਜ਼ਰੂਰੀ ਦੱਸਿਆ। ਪਰਮੇਸ਼ਰ ਦੀ ਭਗਤੀ ਕਰਨ ਨਾਲ ਮਨੁੱਖ ਅੰਦਰ ਨਿਮਰਤਾ ਦਾ ਵਾਸ ਹੁੰਦਾ ਹੈ ਅਤੇ ਉਸ ਦੀ ਹਉਮੈ ਖਤਮ ਹੋ ਜਾਂਦੀ ਹੈ। ਜੀਵ ਦੇ ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ। ਸਾਧਕ ਨੂੰ ਪਰਮਤੱਤ ਦੀ ਸੋਝੀ ਹੋ ਜਾਂਦੀ ਹੈ। ਨਿਮਰ ਭਾਵ ਨਾਲ ਭਗਤੀ ਕਰਨ ਵਾਲਾ ਸਾਧਕ ਆਪਣੇ ਆਪ ਨੂੰ ਮੂਲ ਸੋਮੇ ਵਿਚ ਸਮਾ ਲੈਂਦਾ ਹੈ। ਇਨ੍ਹਾਂ ਭਗਤ ਕਵੀਆਂ ਨੇ ਆਪਣੀ ਬਾਣੀ ਦੁਆਰਾ ਪ੍ਰਭੂ ਭਗਤੀ ਕਰਨ ਦਾ ਮਾਰਗ ਦਰਸਾਇਆ ਹੈ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਪ੍ਰਭੂ ਦੇ ਨਾਮ ਸਿਮਰਨ ਕਰਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਸਿਮਰਨ ਹੀ ਪਰਮਤੱਤ ਦੀ ਪ੍ਰਾਪਤੀ ਦਾ ਇਕ ਸਾਧਨ ਹੈ। ਭਗਤ ਰਵਿਦਾਸ ਜੀ ਪ੍ਰਭੂ ਸਿਮਰਨ ਦੀ ਮਹਾਨਤਾ ਦੱਸਦੇ ਹੋਏ ਲਿਖਦੇ ਹਨ ਕਿ ਅਜੋਕੇ ਸਮੇਂ ਵਿਚ ਕੇਵਲ ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:

"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।"[16]

ਭਗਤ ਕਬੀਰ ਜੀ ਦੀ ਬਾਣੀ ਦਾ ਕੇਂਦਰ ਵੀ ਪ੍ਰਭੂ ਹੀ ਹੈ ਤੇ ਪ੍ਰਭੂ ਵਿਚ ਕਾਰਜਸ਼ੀਲ ਬੁਨਿਆਦੀ ਸੂਝ-ਅਧਾਰ ਵਿਸ਼ਵਾਸ ਹੈ:

"ਸਦਾ ਸਦਾ ਸਿਮਰਿ ਦਿਨੁ ਰਾਤਿ,
ਊਠਤ ਬੈਠਤ ਸਾਸਿ ਗਿਰਾਸਿ।
ਜਾਗੁ ਸੋਇ ਸਿਮਰਨ ਰਸ ਭੋਗ।
ਹਰਿ ਸਿਮਰਨੁ ਪਾਈਐ ਸੰਜੋਗ।
ਜਿਹ ਸਿਮਰਨਿ ਨਾਹੀ ਤੁਝੁ ਭਾਰ।
ਸੋ ਸਿਮਰਨ ਰਾਮ ਨਾਮ ਆਧਾਰ।"[17]

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਗੁਰੂ ਸੰਬੰਧੀ ਚਰਚਾ ਕੀਤੀ ਹੈ। ਇਨ੍ਹਾਂ ਭਗਤਾਂ ਨੇ ਗੁਰੂ ਦੀਆਂ ਵਿਸ਼ੇਸ਼ਤਾਈਆਂ ਦਾ ਜ਼ਿਕਰ ਕੀਤਾ ਹੈ। ਭਗਤ ਕਬੀਰ ਜੀ ਨੇ ਗੁਰੂ ਸੰਬੰਧੀ ਵਿਸਥਾਰ ਨਾਲ ਵਿਆਖਿਆ ਕੀਤੀ ਹੈ।

ਭਗਤ ਰਵਿਦਾਸ ਜੀ ਦੀ ਭਗਤੀ ਸਾਧਨਾ ਵਿਚ ਗੁਰੂ ਦਾ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਦਾ ਮੱਤ ਹੈ ਕਿ ਪਰਮ ਤੱਤ ਦੇ ਪਿਆਰ ਵਿਚ ਰੰਗੇ ਹੋਏ ਮਨੁੱਖ ਉੱਤੇ ਗੁਰੂ ਆਪ ਮਿਹਰ ਕਰਦਾ ਹੈ। ਗੁਰੂ ਦੀ ਮਿਹਰ ਸਦਕਾ ਜੀਵ ਨਰਕਾਂ ਵਿਚ ਜਾਣ ਤੋਂ ਬਚ ਜਾਂਦਾ ਹੈ। ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ:

"ਜਨ ਰਵਿਦਾਸ ਰਾਮ ਰੰਗਿ ਰਾਤਾ।
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ।"[18]

ਭਗਤ ਕਬੀਰ ਜੀ ਦੀ ਭਗਤੀ ਸਾਧਨਾ ਵਿਚ ਗੁਰੂ ਦੀ ਲੋੜ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਪਰਮਾਤਮਾ ਦੇ ਚਰਨਾਂ ਵਿਚ ਲੀਨ ਹੋ ਜਾਣ ਵਾਲੇ ਮਨੁੱਖ ਉੱਤੇ ਗੁਰੂ ਦੀ ਕਿਰਪਾ ਹੋ ਜਾਂਦੀ ਹੈ ਅਤੇ ਉਹ ਸੁਰਗ ਅਤੇ ਨਰਕ ਦੇ ਡਰ ਤੋਂ ਬਚ ਜਾਂਦਾ ਹੈ। ਭਗਤ ਕਬੀਰ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ:

"ਕਬੀਰ ਸੁਰਗ ਨਰਕ ਤੇ ਮੈ ਰਹਿਓ, ਸਤਿਗੁਰ ਕੇ ਪਰਸਾਦਿ।

ਚਰਨ ਕਮਲ ਕੀ ਮਉਜ ਮਹਿ, ਰਹਉ ਅੰਤਿ ਅਰੁ ਆਦਿ॥"[19]

ਤੁਲਨਾਤਮਕ ਦ੍ਰਿਸ਼ਟੀ ਪੱਖੋਂ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਭਗਤਾਂ ਦੇ ਧਾਰਮਿਕ ਪਰਿਪੇਖ ਸੰਬੰਧੀ ਪ੍ਰਗਟਾਏ ਵਿਚਾਰ ਕਾਫੀ ਮਿਲਦੇ-ਜੁਲਦੇ ਹਨ। ਭਗਤੀ ਵਿਚ ਜੀਵ ਆਪਣੇ-ਆਪ ਨੂੰ ਪ੍ਰਭੂ ਨਾਲ ਅਭੇਦ ਕਰ ਲੈਂਦਾ ਹੈ। ਭਗਤ ਰਵਿਦਾਸ ਜੀ ਦਾ ਮੱਤ ਹੈ ਕਿ ਸੰਗਤ ਕਰਨ ਨਾਲ ਜੀਵ ਨੂੰ ਸੰਸਾਰੀ ਬੰਧਨਾਂ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ। ਭਗਤ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਭਗਤੀ ਪ੍ਰਭੂ ਨੂੰ ਮਿਲਣ ਦਾ ਮੁੱਖ ਸਾਧਨ ਹੈ। ਭਗਤ ਕਬੀਰ ਜੀ ਦਾ ਮੱਤ ਹੈ ਕਿ ਭਗਤੀ ਕਰਨ ਨਾਲ ਹੀ ਪਰਮ ਤੱਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ ਦੇ ਮਿਲਣ ਨਾਲ ਮਹਾਂਰਸ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਭਗਤੀ ਦੁਆਰਾ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ।

ਭਗਤੀ ਸਾਧਨਾ ਦੇ ਪੱਖ ਤੋਂ ਇਨ੍ਹਾਂ ਦੋਵੇਂ ਭਗਤ ਕਵੀਆਂ ਦੇ ਵਿਚਾਰਾਂ ਵਿਚ ਕਾਫੀ ਸਮਾਨਤਾ ਹੈ। ਭਗਤ ਰਵਿਦਾਸ ਜੀ ਅਨੁਸਾਰ ਗੁਰੂ ਦੀ ਕਿਰਪਾ ਦੁਆਰਾ ਹੀ ਆਵਾਗਵਨ ਤੋਂ ਛੁਟਕਾਰਾ, ਮੁਕਤੀ ਦੀ ਪ੍ਰਾਪਤੀ, ਭਵਸਾਗਰ ਪਾਰ ਕਰਨ ਅਤੇ ਪਰਮਤੱਤ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੁਆਰਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਭਗਤ ਕਬੀਰ ਜੀ ਦਾ ਮੱਤ ਹੈ ਕਿ ਨਾਮ ਸਿਮਰਨ ਹੀ ਜੀਵ ਦਾ ਅਧਾਰ ਹੈ। ਦੋਵੇਂ ਭਗਤ ਕਵੀਆਂ ਨੇ ਸਤਿਸੰਗ ਕਰਨ 'ਤੇ ਬੜਾ ਜ਼ੋਰ ਦਿੱਤਾ ਹੈ। ਭਗਤਾਂ ਦੀ ਸੰਗਤ ਨਾਲ ਕਥਾ ਰਸ ਪ੍ਰਾਪਤ ਹੁੰਦਾ ਹੈ ਅਤੇ ਇਹ ਵੱਡੇ ਭਾਗਾਂ ਵਾਲੇ ਇਨਸਾਨਾਂ ਨੂੰ ਨਸੀਬ ਹੁੰਦੀ ਹੈ। ਦੋਵੇਂ ਚਿੰਤਕਾਂ ਨੇ ਗੁਰੂ ਦੇ ਗਿਆਨ ਨੂੰ ਸਰੇਸ਼ਠ ਦੱਸਿਆ ਹੈ।

ਮੱਧਕਾਲੀ ਸਮਾਜ ਵਿਚ ਕਰਮਕਾਂਡ ਦੀ ਪ੍ਰਧਾਨਤਾ ਸੀ। ਇਸ ਸਮੇਂ ਤੀਰਥ ਯਾਤਰਾ ਕਰਨਾ, ਪਾਠ ਪੂਜਾ ਕਰਨਾ, ਮੂਰਤੀ ਪੂਜਾ, ਦਾਨ, ਪੁੰਨ, ਵਰਤ, ਯੱਗ, ਹਵਨ ਆਦਿ ਕਰਮਕਾਂਡ ਪ੍ਰਚਲਿਤ ਸਨ। ਇਹ ਸਾਰੇ ਬ੍ਰਾਹਮਣਵਾਦ ਦੀ ਪੈਦਾਇਸ਼ ਸਨ ਅਤੇ ਇਹ ਕੇਵਲ ਬ੍ਰਾਹਮਣ ਦੀਆਂ ਹਦਾਇਤਾਂ ਅਨੁਸਾਰ ਹੀ ਹੁੰਦੇ ਸਨ। ਸਮਾਜ ਦੇ ਸਾਰੇ ਰੀਤੀ ਰਿਵਾਜਾਂ ਵਿਚ ਬ੍ਰਾਹਮਣ ਦੀ ਪ੍ਰਧਾਨਤਾ ਸੀ। ਪ੍ਰੋਹਿਤ ਵਰਗ ਜਨ ਸਧਾਰਨ ਦਾ ਹਰ ਪਾਸਿਓਂ ਸ਼ੋਸ਼ਣ ਕਰਦਾ ਸੀ। ਕੋਈ ਵੀ ਵਿਅਕਤੀ ਇਸ ਸ਼ੋਸ਼ਣ ਦਾ ਵਿਰੋਧ ਨਹੀਂ ਕਰ ਸਕਦਾ ਸੀ, ਕਿਉਂਕਿ ਬ੍ਰਾਹਮਣ ਵਰਗ ਨੇ ਬੜੀ ਚਲਾਕੀ ਨਾਲ ਧਾਰਮਿਕ ਗ੍ਰੰਥਾਂ ਤੋਂ ਇਨ੍ਹਾਂ ਕਰਮਕਾਂਡਾਂ ਦੀ ਪ੍ਰੋੜਤਾ ਕਰਵਾ ਲਈ ਸੀ। ਇਸ ਦੀ ਵਿਰੋਧਤਾ ਕਰਨ ਵਾਲਾ ਸਖ਼ਤ ਸਜਾ ਦਾ ਭਾਗੀ ਬਣਦਾ ਸੀ।

ਗੁਰਬਾਣੀ ਵਾਂਗ ਭਗਤ ਬਾਣੀ ਵਿਚ ਵੀ ਇਨ੍ਹਾਂ ਕਰਮਕਾਂਡਾਂ ਦਾ ਖੰਡਨ ਕੀਤਾ ਗਿਆ ਹੈ। ਭਗਤੀ ਅੰਦੋਲਨ ਦੇ ਲਗਭਗ ਸਾਰੇ ਹੀ ਭਗਤਾਂ ਨੇ ਕਰਮਕਾਂਡਾਂ ਦਾ ਖੰਡਨ ਕੀਤਾ ਹੈ। ਭਗਤ ਰਵਿਦਾਸ ਤੇ ਭਗਤ ਕਬੀਰ ਜੀ ਨੇ ਬਾਹਰੀ ਆਡੰਬਰਾਂ ਅਤੇ ਪ੍ਰੋਹਿਤ ਵਰਗ ਵਲੋਂ ਧਰਮ ਦੇ ਨਾਂ ਹੇਠ ਕੀਤੀ ਜਾਂਦੀ ਲੁੱਟ ਖਸੁੱਟ ਦੀ ਵਿਰੋਧਤਾ ਕੀਤੀ ਅਤੇ ਲੋਕਾਈ ਨੂੰ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੇਰਣਾ ਦਿੱਤੀ।

ਭਗਤ ਰਵਿਦਾਸ ਜੀ ਦੀ ਬਾਣੀ ਅਨੁਸਾਰ ਤੀਰਥ ਅਸਥਾਨ ਉੱਤੇ ਨਹਾਉਣ ਨਾਲ ਸਰੀਰ ਨੂੰ ਬਾਹਰੋਂ ਤਾਂ ਪਾਣੀ ਨਾਲ ਧੋ ਕੇ ਪਵਿੱਤਰ ਕੀਤਾ ਜਾ ਸਕਦਾ ਹੈ, ਪ੍ਰੰਤੂ ਮਨ ਦੀ ਅੰਦਰਲੀ ਮੈਲ ਅਤੇ ਵਿਕਾਰਾਂ ਨੂੰ ਅਜਿਹੇ ਪਾਣੀ ਨਾਲ ਨਹੀਂ ਧੋਤਾ ਜਾ ਸਕਦਾ। ਉਨ੍ਹਾਂ ਅਨੁਸਾਰ ਇਹ ਸਰੀਰ ਵੀ ਉਸ ਹਾਥੀ ਵਰਗਾ ਹੈ,

ਜਿਹੜਾ ਇਕ ਵਾਰ ਨਹਾ ਕੇ ਫਿਰ ਕੂੜਾ ਕਰਕਟ ਆਪਣੇ ਸਰੀਰ ਉੱਤੇ ਮਲ ਲੈਂਦਾ ਹੈ। ਉਸੇ ਤਰ੍ਹਾਂ ਮਨੁੱਖ ਵੀ ਇਕ ਵਾਰ ਭੁੱਲ ਬਖਸ਼ਾਉਣ ਉਪਰੰਤ ਮੁੜ-ਮੁੜ ਪਾਪ ਕਰਦਾ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।"[20]

ਭਗਤ ਕਬੀਰ ਜੀ ਨੇ ਬੇਅਰਥ ਕਰਮਕਾਂਡਾਂ ਦੀ ਘੋਰ ਨਿੰਦਾ ਕੀਤੀ ਹੈ। ਉਨ੍ਹਾਂ ਨੇ ਵਿਗਿਆਨਕ ਵਿਧੀ ਦੁਆਰਾ ਤੀਰਥ ਇਸ਼ਨਾਨ ਕਰਨ ਨੂੰ ਨਿਸਫਲ ਦੱਸਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਤੀਰਥ ਨਹਾਤਿਆਂ ਹੀ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਡੱਡੂ ਤਾਂ ਸਦਾ ਹੀ ਨਹਾਉਂਦੇ ਹਨ; ਉਨ੍ਹਾਂ ਨੰ ਨਹਾਉਣ ਨਾਲ ਮੁਕਤੀ ਕਿਉਂ ਨਹੀਂ ਮਿਲਦੀ? ਇਵੇਂ ਹੀ ਮਨੁੱਖ ਨੂੰ ਵੀ ਤੀਰਥ ਨਹਾਤਿਆਂ ਮੁਕਤੀ  ਨਹੀਂ ਮਿਲਦੀ, ਸਗੋਂ ਉਹ ਮੁੜ-ਮੁੜ ਕੇ ਆਵਾਗਵਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ :

"ਜਲ ਕੈ ਮਜਨਿ ਜੇ ਗਤਿ ਹੋਵੈ,
ਨਿਤ ਨਿਤ ਮੇਂਡੁਕ ਨਾਵਹਿ।
ਜੈਸੇ ਮੇਂਡੁਕ ਤੈਸੇ ਓਇ ਨਰ,
ਫਿਰਿ ਫਿਰਿ ਜੋਨੀ ਆਵਹਿ।"[21]

ਭਗਤ ਰਵਿਦਾਸ ਜੀ ਨੇ ਧਰਮ ਦੇ ਨਾਂ ਉੱਤੇ ਕੀਤੇ ਜਾਂਦੇ ਕਰਮਕਾਂਡਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਦਾ ਮੱਤ ਹੈ ਕਿ ਮਨੁੱਖ ਭਾਵੇਂ ਅਠਾਹਟ ਤੀਰਥਾਂ ਦਾ ਇਸ਼ਨਾਨ ਕਰ ਲਵੇ, ਬਾਰਾਂ ਸ਼ਿਵਲਿੰਗਾਂ ਦੀ ਪੂਜਾ ਕਰ ਲਵੇ, ਲੋਕਾਂ ਦੀ ਭਲਾਈ ਲਈ ਖੂਹ ਅਤੇ ਤਲਾਬ ਪਟਵਾ ਲਵੇ, ਪ੍ਰੰਤੂ ਜੇ ਉਹ ਦੂਜਿਆਂ ਦੀ ਨਿੰਦਾ ਕਰਦਾ ਹੈ ਤਾਂ ਉਪਰੋਕਤ ਕੀਤੇ ਸਾਰੇ ਕਰਮਕਾਂਡ ਨਿਸਫਲ ਹੋ ਜਾਂਦੇ ਹਨ ਅਤੇ ਉਹ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਭਗਤ ਰਵਿਦਾਸ ਜੀ ਫੁਰਮਾਉਂਦੇ ਹਨ:

"ਜੇ ਓਹੁ ਅਠਸਠਿ ਤੀਰਥ ਨਾਵੈ।
ਜੇ ਓਹੁ ਦੁਆਦਸ ਸਿਲਾ ਪੂਜਾਵੈ।
ਜੇ ਓਹੁ ਕੂਪ ਤਟਾ ਦੇਵਾਵੈ।
ਕਰੈ ਨਿੰਦ ਸਭ ਬਿਰਥਾ ਜਾਵੈ
ਸਾਥ ਕਾ ਨਿੰਦਕੁ ਕੈਸੇ ਤਰੈ।
ਸਰਪਰ ਜਾਨਹੁ ਨਰਕ ਹੀ ਪਰੈ।।  ਰਹਾਉ।।
ਜੇ ਓਹੁ ਗ੍ਰਹਨ ਕਰੈ ਕੁਲਿਖੇਤ।
ਅਰਪੈ ਨਾਰਿ ਸੀਗਾਰ ਸਮੇਤਿ।
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ।
ਕਰੈ ਨਿੰਦ ਕਵਨੈ ਨਹੀ ਗੁਨੈ।

ਜੇ ਓਹੁ ਅਨਿਕ ਪ੍ਰਸਾਦ ਕਰਾਵੈ।

ਭੂਮਿ ਦਾਨ ਸੋਭਾ ਮੰਡਪਿ ਪਾਵੈ।

ਅਪਨਾ ਬਿਗਾਰਿ ਬਿਰਾਂਨਾ ਸਾਂਢੈ।

ਕਰੈ ਨਿੰਦ ਬਹੁ ਜੋਨੀ ਹਾਂਢੈ।"[22]

ਭਗਤ ਕਬੀਰ ਜੀ ਅਨੁਸਾਰ ਅਠਾਹਠ ਤੀਰਥਾਂ ਉੱਤੇ ਨਹਾਉਣ ਨਾਲ ਵੀ ਲੋਕੀਂ ਦੀ ਅੰਦਰਲੀ ਕੁੜੱਤਣ ਦੂਰ ਨਹੀਂ ਹੁੰਦੀ। ਮਨੁੱਖ ਦੀ ਸਥਿਤੀ ਵੀ ਅਜਿਹੀ ਹੀ ਹੈ। ਭਗਤ ਕਬੀਰ ਜੀ ਦਾ ਮੱਤ ਹੈ ਕਿ ਭਾਵੇਂ ਨਹਾਉਣ ਲਈ ਤੀਰਥ ਅਸਥਾਨ ਬਹੁਤ ਹਨ ਅਤੇ ਪੂਜਾ ਕਰਨ ਵਾਲੇ ਦੇਵਤਿਆਂ ਦੀ ਕੋਈ ਘਾਟ ਨਹੀਂ, ਪ੍ਰੰਤੂ ਜੀਵ ਦਾ ਛੁਟਕਾਰਾ ਕੇਵਲ ਪ੍ਰਭੂ ਭਗਤੀ ਕਰਨ ਨਾਲ ਹੀ ਸੰਭਵ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਲਉਕੀ ਅਠਸਠਿ ਤੀਰਥ ਨ੍ਹਾਈ।

ਕਉਰਾਪਨੁ ਤਊ ਨ ਜਾਈ।

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ

ਪੂਜਨ ਕਉ ਬਹੁ ਦੇਵ।

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ,

ਛੂਟਨੁ ਹਰਿ ਕੀ ਸੇਵ।"[23]

ਮੱਧਕਾਲੀ ਸਮਾਜ ਵਿਚ ਮੂਰਤੀ ਪੂਜਾ ਦੀ ਪ੍ਰਧਾਨਤਾ ਸੀ। ਇਸ ਲਈ ਬਾਹਮਣ ਵਰਗ ਨੇ ਦੁੱਧ, ਫੁੱਲ, ਪਾਣੀ, ਚੰਦਨ, ਧੂਪ, ਦੀਪ ਆਦਿ ਸਮੱਗਰੀ ਨੂੰ ਮੂਰਤੀ ਪੂਜਾ ਨੂੰ ਭੇਂਟ ਕਰਨ ਦੀ ਪ੍ਰਥਾ ਆਰੰਭ ਕੀਤੀ। ਪ੍ਰੋਹਿਤ ਸ਼੍ਰੇਣੀ ਨੇ ਮੂਰਤੀ ਪੂਜਾ ਦੀ ਪ੍ਰਥਾ ਦੁਆਰਾ ਭੋਲੀ-ਭਾਲੀ ਜਨਤਾ ਦੀ ਲੁੱਟ ਖਸੁੱਟ ਕੀਤੀ। ਲੋਕ-ਹਿਤੂ ਭਗਤੀ ਮੱਤ ਲਈ ਅਜਿਹੀ ਲੁੱਟ ਖਸੁੱਟ ਨੂੰ ਆਪਣੀਆਂ ਅੱਖਾਂ ਸਾਹਮਣੇ ਬਰਦਾਸਤ ਕਰਨਾ ਔਖਾ ਸੀ। ਭਗਤੀ ਲਹਿਰ ਦੇ ਭਗਤਾਂ ਨੇ ਮੂਰਤੀ ਪੂਜਾ ਦਾ ਜਬਰਦਸਤ ਵਿਰੋਧ ਕੀਤਾ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪੂਜਾ ਦੀ ਸਮੱਗਰੀ ਅਤੇ ਪੂਜਾ ਵਿਧੀਆਂ ਨੂੰ ਅਰਥਹੀਣ ਦੱਸਿਆ ਹੈ। ਉਨ੍ਹਾਂ ਅਨੁਸਾਰ ਪਰਮਾਤਮਾ ਦੀ ਪੂਜਾ ਲਈ ਸਭ ਦੁਨਿਆਵੀ ਵਸਤਾਂ ਅਪਵਿੱਤਰ ਹਨ। ਜੀਵ ਕੋਲ ਕੇਵਲ ਇਕ ਸਰੀਰ ਹੀ ਹੈ, ਜਿਹੜਾ ਉਸ ਨੂੰ ਪਰਮੇਸ਼ਰ ਦੀ ਪੂਜਾ ਲਈ ਸਮਰਪਣ ਕਰਨਾ ਚਾਹੀਦਾ ਹੈ। ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ:

"ਦੂਧ ਤ ਬਛਰੈ ਥਨਹੁ ਬਿਟਾਰਿਓ।

ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।

ਮਈ ਗੋਬਿੰਦ ਪੂਜਾ ਕਹਾ ਲੈ ਚਰਾਵਉ।

ਅਵਰ ਨ ਫੂਲੁ ਅਨੂਪ ਨ ਪਾਵਉ।ਰਹਾਉ।

ਮੈਲਾਗਰ ਬੇਰ੍ਹੇ ਹੈ ਭੁਇਅੰਗਾ।

ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ।

ਧੂਪ ਦੀਪ ਨਈਬੇਦਹਿ ਬਾਸਾ।

ਕੈਸੇ ਪੂਜ ਕਰਹਿ ਤੇਰੀ ਦਾਸਾ।

ਤਨੁ ਮਨੁ ਅਰਪਉ ਪੂਜ ਚਰਾਵਉ।

ਗੁਰ ਪਰਸਾਦਿ ਨਿਰੰਜਨੁ ਪਾਵਉ।"[24]

ਭਗਤ ਕਬੀਰ ਜੀ ਅਨੁਸਾਰ ਵੀ ਸਾਰੇ ਫੁੱਲ ਅਤੇ ਪੱਤੀਆਂ ਜਾਨਦਾਰ ਹਨ, ਜਦੋਂ ਕਿ ਦੇਵ ਮੂਰਤੀ ਨਿਰਜਿੰਦ ਹੈ। ਆਪ ਵਿਗਿਆਨਕ ਢੰਗ ਨਾਲ ਮਾਲਣ ਨੂੰ ਸਮਝਾਉਂਦੇ ਹੋਏ ਉਪਦੇਸ਼ ਕਰਦੇ ਹਨ ਕਿ ਜਦੋਂ ਇਹ ਪੱਥਰ ਦੀ ਮੂਰਤੀ ਘੜੀ ਜਾ ਰਹੀ ਸੀ ਤਾਂ ਮੂਰਤੀ ਬਣਾਉਣ ਵਾਲਾ ਇਸ ਦੀ ਛਾਤੀ ਉੱਤੇ ਪੈਰ ਰੱਖ ਕੇ ਇਸ ਦਾ ਨਿਰਮਾਣ ਕਰ ਰਿਹਾ ਸੀ। ਜੇ ਇਹ ਮੂਰਤੀ ਹੀ ਅਸਲੀ ਦੇਵਤਾ ਹੁੰਦੀ ਤਾਂ ਇਹ ਨਿਰਾਦਰ ਕਰਨ ਵਾਲੇ ਦਾ ਨਾਸ ਕਰ ਦਿੰਦੀ। ਇਸ ਮੂਰਤੀ ਨੇ ਅਜਿਹਾ ਨਹੀਂ ਕੀਤਾ। ਆਪ ਨੇ ਮੂਰਤੀ ਪੂਜਾ ਦੀਆਂ ਵਿਧੀਆਂ ਅਤੇ ਪੂਜਾ ਸਮੱਗਰੀ ਦਾ ਖੰਡਨ ਕੀਤਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ:

"ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।

ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ

ਭੂਲੀ ਮਾਲਿਨੀ ਹੈ ਏਉ।

ਸਤਿਗੁਰੁ ਜਾਗਤਾ ਹੈ ਦੇਉ। ਰਹਾਉ।

ਬ੍ਰਹਮ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ।

ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥

ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ।

ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ।"[25]

ਭਗਤ ਕਬੀਰ ਜੀ ਦੀ ਬਾਣੀ ਅਨੁਸਾਰ ਜਿਹੜੇ ਮਨੁੱਖ ਪੱਥਰ ਦੀ ਮੂਰਤੀ ਨੂੰ ਰੱਬ ਆਖ ਕੇ ਪੂਜਦੇ ਹਨ ਅਤੇ ਉਸ ਦੇ ਪੈਰੀਂ ਪੈਂਦੇ ਹਨ, ਉਨ੍ਹਾਂ ਦੀ ਸਾਰੀ ਮਿਹਨਤ ਜਾਂ ਪੂਜਾ ਅਰਚਨਾ ਅਜਾਈਂ ਜਾਂਦੀ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਜੋ ਪਾਥਰ ਕਉ ਕਹਤੇ ਦੇਵ।।

ਤਾ ਕੀ ਬਿਰਥਾ ਹੋਵੈ ਸੇਵ।

ਜੋ ਪਾਥਰ ਕੀ ਪਾਂਈ ਪਾਇ।

ਤਿਸ ਕੀ ਘਾਲ ਅਜਾਂਈ ਜਾਇ।"[26]

ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਮੂਰਤੀ ਪੂਜਾ ਅਤੇ ਕਰਮਕਾਂਡਾਂ ਦਾ ਵਿਰੋਧ ਕਰਦੇ ਹੋਏ ਕੇਵਲ ਨਾਮ ਦੀ ਆਰਤੀ ਕਰਨ ਦੀ ਪ੍ਰੇਰਣਾ ਦਿੰਦੇ ਹਨ। ਆਪ ਨੇ ਅਠਾਰਾਂ ਪੁਰਾਣਾਂ ਦੀਆਂ ਕਹਾਣੀਆਂ ਤੇ

ਅਠਾਹਟ ਤੀਰਥਾਂ ਉੱਤੇ ਨਹਾਉਣ ਨੂੰ ਅਰਥਹੀਣ ਦੱਸਿਆ ਹੈ। ਭਗਤ ਰਵਿਦਾਸ ਨੇ ਕੇਵਲ ਨਾਮ ਦੀ ਆਰਤੀ ਉਤਾਰਨ ਦਾ ਉਪਦੇਸ਼ ਦਿੱਤਾ ਹੈ:

"ਤੇਰੋ ਕੀਆ ਤੁਝਹਿ ਕਿਆ ਅਰਪਉ,
ਨਾਮੁ ਤੇਰਾ ਤੁਹੀ ਚਵਰ ਢੋਲਾਰੇ।।
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ।।
ਕਹੈ ਰਵਿਦਾਸ ਨਾਮੁ ਤੇਰੋ ਆਰਤੀ,
ਸਤਿਨਾਮੁ ਹੈ ਹਰਿ ਭੋਗ ਤੁਹਾਰੇ।।"[27]

ਭਗਤ ਰਵਿਦਾਸ ਜੀ ਦਾ ਵਿਚਾਰ ਹੈ ਕਿ ਪ੍ਰਭੂ ਦੇ ਸਨਮੁਖ ਅਰਪਣ ਕਰਨ ਲਈ ਆਪਣਾ ਤਨ ਮਨ ਤੋਂ ਇਲਾਵਾ ਹੋਰ ਕੋਈ ਦੁਨਿਆਵੀਂ ਵਸਤੂ ਪਵਿੱਤਰ ਨਹੀਂ ਹੈ। ਆਪ ਆਪਣੀ ਬਾਣੀ ਵਿਚ ਫਰਮਾਉਂਦੇ ਹਨ:

"ਤਨੁ ਮਨੁ ਅਰਪਉ ਪੂਜ ਚਰਾਵਉ।
ਗੁਰ ਪਰਸਾਦਿ ਨਿਰੰਜਨੁ ਪਾਵਉ।"[28]

ਭਗਤ ਕਬੀਰ ਜੀ ਦਾ ਮੱਤ ਹੈ ਕਿ ਸੱਚੇ ਮਨ ਨਾਲ ਸਤਿਗੁਰੂ ਦੀ ਪੂਜਾ ਕਰਨ ਨਾਲ ਹੀ ਜੀਵ ਨੂੰ ਸਵਰਗ ਵਿਚ ਪ੍ਰਭੂ ਦੀ ਹਜ਼ੂਰੀ ਵਿਚ ਸੁਖ ਮਿਲਦਾ ਹੈ। ਆਪ ਜੀ ਫਰਮਾਉਂਦੇ ਹਨ:

"ਸਤਿਗੁਰੁ ਪੂਜਉ ਸਦਾ ਸਦਾ ਮਨਾਵਉ।
ਐਸੀ ਸੇਵ ਦਰਗਹ ਸੁਖੁ ਪਾਵਉ।"[29]

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੈ ਕਿ ਦੋਹਾਂ ਚਿੰਤਕਾਂ ਭਗਤ ਕਬੀਰ ਜੀ ਭਗਤ ਰਵੀਦਾਸ ਜੀ ਨੇ ਆਪਣੀ ਬਾਣੀ ਵਿਚ ਮੂਰਤੀ ਪੂਜਾ, ਪੂਜਾ ਵਿਧੀਆਂ ਅਤੇ ਮੂਰਤੀ ਪੂਜਾ ਲਈ ਵਰਤੀ ਜਾਂਦੀ ਸਮੱਗਰੀ ਆਦਿ ਦਾ ਖੰਡਨ ਕੀਤਾ ਹੈ। ਭਗਤ ਰਵਿਦਾਸ ਜੀ ਤੀਰਥ ਨਹਾਉਣ ਨੂੰ ਅਰਥਹੀਣ ਸਮਝਦੇ ਹਨ, ਕਿਉਂਕਿ ਪ੍ਰਭੂ ਤਾਂ ਮਨੁੱਖੀ ਹਿਰਦੇ ਵਿਚ ਨਿਵਾਸ ਕਰਦਾ ਹੈ। ਭਗਤ ਕਬੀਰ ਜੀ ਦਾ ਮੱਤ ਹੈ ਕਿ ਪ੍ਰਭੂ ਤਾਂ ਦਾਤਾਂ ਬਖਸ਼ਣ ਵਾਲਾ ਹੈ ਅਤੇ ਹਮੇਸ਼ਾ ਬੋਲਣ ਵਾਲਾ ਹੈ। ਇਸ ਲਈ ਮੂਰਤੀ ਪੂਜਾ ਬੇਅਰਥ ਹੈ। ਭਗਤ ਰਵਿਦਾਸ ਜੀ ਦਾ ਮੱਤ ਹੈ ਕਿ ਸਾਰੀ ਪੂਜਾ ਸਮੱਗਰੀ ਝੂਠੀ ਹੈ। ਕੇਵਲ ਇਕ ਸਰੀਰ ਹੀ ਪਵਿੱਤਰ ਹੈ, ਜਿਹੜਾ ਪ੍ਰਭੂ ਦੇ ਸਾਹਮਣੇ ਅਰਪਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਸੰਤ ਕਵੀਆਂ ਨੇ ਮੂਰਤੀ ਪੂਜਾ ਦਾ ਖੰਡਨ ਕਰਦੇ ਹੋਏ ਪ੍ਰਭੂ ਭਗਤੀ ਕਰਨ ਦਾ ਸੌਖਾ ਰਾਹ ਦਿਖਾਇਆ ਅਤੇ ਪ੍ਰੋਹਿਤ ਵਰਗ ਦੀ ਲੁੱਟ ਖਸੁੱਟ ਤੋਂ ਲੋਕਾਂ ਨੂੰ ਮੁਕਤ ਕਰਵਾਇਆ।

**ਦਾਰਸ਼ਨਿਕ ਪਰਿਪੇਖ ਤੋਂ ਸਾਂਝ**

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਮਨੁੱਖੀ ਸਰੀਰ ਦੀ ਹੋਂਦਸ਼ੀਲਤਾ ਤੇ ਦਾਰਸ਼ਨਿਕ ਪਰਿਪੇਖ ਨੂੰ ਬੜੀ ਸੰਜੀਦਗੀ ਨਾਲ ਉਘਾੜਦੇ ਹਨ। ਉਨ੍ਹਾਂ ਨੇ ਮਨੁੱਖੀ ਸਰੀਰ ਦੀ ਕਰਮਸ਼ੀਲਤਾ ਨਾਲ

ਜੁੜੀਆਂ ਭਰਮਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ, ਮਨੁੱਖੀ ਜਨਮ ਦੇ ਮਾਨਵਵਾਦੀ ਅਤੇ ਦਾਰਸ਼ਨਿਕ ਸਰੋਕਾਰਾਂ ਨੂੰ ਉਭਾਰਿਆ ਹੈ।

ਭਗਤ ਕਬੀਰ ਜੀ ਮਨੁੱਖੀ ਜਨਮ ਦੀ ਪ੍ਰਕਿਰਤਕ ਅਤੇ ਸਮਾਜਕ ਸ੍ਰੇਸ਼ਟਤਾ ਨੂੰ ਦਾਰਸ਼ਨਿਕ ਵਿਚਾਰਧਾਰਾ ਦੇ ਨੁਕਤਾ-ਨਿਗਾਹ ਤੋਂ ਪੇਸ਼ ਕਰਦੇ ਹਨ। ਮੱਧਕਾਲੀ ਗਿਆਨ ਪਰੰਪਰਾ ਵਿਚ ਮਨੁੱਖੀ ਜਨਮ ਦਾ ਦਾਰਸ਼ਨਿਕ ਪਰਿਪੇਖ, ਅਧਿਆਤਮਕ ਚਿੰਤਨ ਦਾ ਮੂਲ ਸਰੋਕਾਰ ਰਿਹਾ ਹੈ। ਮਨੁੱਖੀ ਜਨਮ ਦੀ ਉੱਤਮਤਾ ਨੂੰ ਅਧਿਆਤਮਕ ਜੀਵਨ-ਜਾਚ ਦੇ ਰੂਪ ਵਿਚ ਪ੍ਰਵਾਨ ਅਤੇ ਪੇਸ਼ ਕੀਤਾ ਗਿਆ ਹੈ। ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਮਨੁੱਖੀ ਜਨਮ ਦੀ ਉੱਤਮਤਾ ਦਾ ਪ੍ਰਸੰਗ, ਗੁਰਮਤਿ ਦੀ ਜੀਵਨ-ਜਾਚ ਦੁਆਰਾ ਹੀ ਸਿਰਜਿਆ ਗਿਆ ਹੈ। ਬਾਣੀ ਅਨੁਸਾਰ:

"ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਨਸਿ ਦੇਹੀ॥
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣੁ ਬਚਨ ਸਨੇਹੀ॥
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ॥
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਲਾਵਣੁ ਕਾਰਿ ਕਰੇਹੀ॥
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਵੇਹੀ॥"[30]

ਮਾਨਸ ਜਨਮ ਦੀ ਦੁਰਲੱਭਤਾ ਦੱਸ ਕੇ, ਇਸ ਜਨਮ ਦੇ ਪਰਮ ਮਨੋਰਥ ਪ੍ਰਤੀ ਸੁਚੇਤ ਕਰਦੇ ਹਨ। ਉਹ ਮਾਨਸ ਜਨਮ ਦੀ ਉੱਤਮਤਾ ਅਤੇ ਇਸਦੀ ਅਨੁਭਵ ਸਿੱਧ ਵਿਆਪਕਤਾ ਨੂੰ ਵਿਚਾਰ ਦਾ ਵਿਸ਼ਾ ਬਣਾਉਂਦੇ ਹਨ ਅਤੇ ਪਰਮਾਰਥ ਦੇ ਰੂਪ ਵਿਚ ਇਸ ਜਨਮ ਦਾ ਪੂਰਾ ਲਾਹਾ ਲੈਣ ਦੀ ਜਿਗਿਆਸਾ ਉਤਪੰਨ ਕਰਦੇ ਹਨ:

"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ।।
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।"[31]

ਮੱਧਕਾਲੀ ਗਿਆਨ ਪਰੰਪਰਾ ਦੀ ਭਗਤੀਧਾਰਾ ਵਿਚ ਭਗਤ ਰਵਿਦਾਸ ਸਹਿਜ ਜੀਵਨ ਜਾਂਚ ਦਾ ਸੰਦੇਸ਼ ਦੇਣ ਵਾਲੇ ਅਨੁਭਵੀ ਪੁਰਸ਼ ਸਨ। ਉਨ੍ਹਾਂ ਨੇ ਅਧਿਆਤਮਕ ਗਿਆਨ ਦੇ ਮੌਲਿਕ ਅਨੁਭਵ ਨੂੰ ਬਾਣੀ ਦੁਆਰਾ ਪ੍ਰਗਟ ਕਰਕੇ, ਮੱਧਕਾਲੀ ਚਿੰਤਨ ਵਿਚ ਵਿਸ਼ੇਸ਼ ਥਾਂ ਬਣਾਈ ਹੈ। ਭਗਤ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਵਿਚ ਵੀ ਆਪਣੇ ਗਿਆਨ ਦੇ ਅਨੁਭਵ ਦਾ ਪ੍ਰਚਾਰ, ਪ੍ਰਸਾਰ ਕਰਕੇ ਲੋਕ-ਕਲਿਆਣ ਲਈ ਵਡਮੁੱਲਾ ਯੋਗਦਾਨ ਦਿੱਤਾ। ਭਾਰਤੀ ਗਿਆਨ ਪਰੰਪਰਾ ਵਿਚ ਉਨ੍ਹਾਂ ਦੀ ਵਿਸ਼ੇਸ਼ ਦੇਣ ਦਾ ਵੱਡਾ ਕਾਰਨ ਇਹ ਹੈ ਕਿ ਉਹ ਆਪਣਾ ਸਮਾਜਕ ਜਾਤੀਮੂਲਕ ਸੰਕਟ ਦੇ ਬਾਵਜੂਦ, ਅਨੁਭਵ ਦੀ ਉੱਚੀ ਅਵਸਥਾ ਨੂੰ ਪ੍ਰਾਪਤ ਕਰਦੇ ਹਨ। ਉਹ ਬੜੀ ਨਿਡਰਤਾ ਨਾਲ ਸਹਿਜ ਅਤੇ ਸੂਹਜਮਈ ਪ੍ਰਵਚਨ ਦੁਆਰਾ ਅਧਿਆਤਮਕ ਅਨੁਭਵ ਦੇ ਮਾਰਗ ਵਿਚ ਜਾਤੀਮੂਲਕ ਸਮਾਜਕ ਭੇਦ-ਭਾਵ ਦਾ ਨਿਸ਼ੇਧ ਕਰਦੇ ਹਨ। ਉਹ ਇਸ ਗੱਲ ਪ੍ਰਤੀ ਜਾਗਰੂਕ ਕਰਦੇ ਹਨ ਕਿ ਗਿਆਨ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ:

"ਰੇ ਚਿਤ ਚੇਤਿ ਚੇਤ ਅਚੇਤ।। ਕਾਹੇ ਨ ਬਾਲਮੀਕਹਿ ਦੇਖ।।

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥

ਰਹਾਉ॥"[32]

ਭਗਤ ਰਵਿਦਾਸ ਜੀ ਆਪਣੇ ਮੌਲਿਕ ਅਨੁਭਵ ਵਿਚੋਂ ਗਿਆਨ ਦਾ ਸਰਵ-ਪ੍ਰਵਾਨਤ ਸਰੂਪ ਸਿਰਜਦੇ ਹਨ। ਉਨ੍ਹਾਂ ਦੇ ਪ੍ਰਵਚਨ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਜਾਤੀ ਸੰਕਟ ਦੇ ਬਾਵਜੂਦ ਅਨੁਭਵ ਦੀ ਸਚਾਈ ਅਤੇ ਵਿਆਪਕਤਾ ਨੂੰ ਸਿਰਜਦੇ ਸਮੇਂ ਕਿਸੇ ਕਿਸਮ ਦੀ ਕਰਮ-ਕਾਂਡੀ ਪ੍ਰਵਿਰਤੀ ਦਾ ਸਹਾਰਾ ਨਹੀਂ ਲੈਂਦੇ। ਉਨ੍ਹਾਂ ਦੇ ਅਨੁਭਵ ਅਤੇ ਦਾਰਸ਼ਨਿਕ ਵਿਚਾਰਧਾਰਾ ਵਿਸ਼ਵੀ ਪ੍ਰਸੰਗ, ਉਨ੍ਹਾਂ ਦੀ ਬਾਣੀ ਦੀ ਸਾਰਥਿਕਤਾ ਅਤੇ ਪ੍ਰਮਾਣਿਕਤਾ ਦਾ ਮੂਲ ਆਧਾਰ ਹੈ।

ਭਾਰਤੀ ਗਿਆਨ ਪਰੰਪਰਾ ਵਿਚ ਮਨੁੱਖੀ ਜਨਮ ਦੀ ਦੁਰਲੱਭਤਾ ਦਰਸਾਈ ਗਈ ਹੈ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ 'ਦੇਹੀ' ਦੇ ਮਾਨਵੀ ਸਰੂਪ ਨੂੰ ਬਾਕੀ ਸਾਰੀਆਂ ਜੀਵ-ਜਾਤੀਆਂ ਤੋਂ ਵਿਲੱਖਣ ਤੇ ਦੁਰਲੱਭ ਮੰਨਦੇ ਹਨ। ਮਨੁੱਖੀ ਜਨਮ ਪ੍ਰਤੀ ਸਥਾਪਿਤ ਇਸ ਧਾਰਨਾ ਲਈ ਕਿਸੇ ਕਿਸਮ ਦੇ ਸੰਕੇ ਜਾਂ ਕਿੰਤੂ ਦੀ ਗੁਜਾਇੰਸ਼ ਨਹੀਂ। ਹਰੇਕ ਮਨੁੱਖ ਵਿਅਕਤੀਗਤ ਰੂਪ ਵਿਚ ਇਸ ਧਾਰਨਾ ਦੇ ਅਨੁਭਵ ਵਿਚ ਵਿਚਰਦਾ ਹੈ। ਮਨੁੱਖੀ ਜਨਮ ਦੀ ਦੁਰਲੱਭਤਾ ਦੀ ਧਾਰਨਾ ਅਧਿਆਤਮਕ ਗਿਆਨ ਦੇ ਪ੍ਰਸੰਗ ਦੁਆਰਾ ਹੋਰ ਵੀ ਮਹੱਤਵਪੂਰਨ ਅਤੇ ਸਾਰਥਕ ਹੋ ਜਾਂਦੀ ਹੈ। (ਭਗਤ ਰਵਿਦਾਸ ਜੀ ਨੇ ਇਸ ਜਨਮ ਦੀ ਦੁਰਲੱਭਤਾ ਨੂੰ ਫਜ਼ੂਲ ਦੇ ਕਰਮ-ਕਾਂਡਾਂ ਅਤੇ ਭਰਮ ਦੇ ਸੰਸਕਾਰਾਂ ਦਾ ਲੇਖਾ ਭੁਗਤਣ ਦੇ ਪ੍ਰਸੰਗ ਅਤੇ ਅਧਿਆਤਮਕ ਪ੍ਰਸੰਗ ਦੇ ਟਾਕਰੇ ਨਾਲ ਪੇਸ਼ ਕੀਤਾ ਹੈ। ਦਾਰਸ਼ਨਿਕ ਦ੍ਰਿਸ਼ਟੀ ਤੋਂ ਇਨ੍ਹਾਂ ਪ੍ਰਸੰਗਾਂ ਦਾ ਟਾਕਰਾ ਬੜਾ ਸਾਰਥਿਕ ਅਤੇ ਚਿੰਤਨ ਦਾ ਵਿਸ਼ਾ ਬਣ ਜਾਂਦਾ ਹੈ):

"ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥

ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥"[33]

ਮਨੁੱਖੀ ਜਨਮ ਦੀ ਦੁਰਲੱਭਤਾ ਦਾ ਵਿਚਾਰਧਾਰਾਈ ਅਧਾਰ ਗਿਆਨ ਦੇ ਅਨੁਭਵ ਦੁਆਰਾ ਸਿਰਜਿਆ ਜਾਂਦਾ ਹੈ। ਵਿਵੇਕ ਦੀ ਅਣਹੋਂਦ ਅਤੇ ਅਵਿੱਦਿਆ ਕਰਕੇ ਮਨੁੱਖੀ ਜਨਮ ਦੇ ਪਰਮ ਮਨੋਰਥ ਦੀ ਸਮਝ ਵਿਸਰ ਜਾਂਦੀ ਹੈ। ਮਨੁੱਖੀ ਜਨਮ ਦੀ ਦੁਰਲੱਭਤਾ ਅਤੇ ਗਿਆਨ ਦਾ ਅਨੁਭਵ ਦੋਵੇਂ ਅਧਿਆਤਮਕ ਚਿੰਤਨ ਦਾ ਵਿਸ਼ਾ ਹਨ। ਇਨ੍ਹਾਂ ਦੋਵਾਂ ਦੀ ਪ੍ਰਾਪਤੀ ਪ੍ਰਤੀ ਭਗਤ ਰਵਿਦਾਸ ਜੀ ਨੇ ਇਕੋ ਧਾਰਨਾ ਪੂਰਵਲੇ ਸ਼ੁਭ ਕਰਮਾਂ ਦਾ ਫ਼ਲ ਪੇਸ਼ ਕੀਤਾ ਹੈ। ਮਨੁੱਖੀ ਜਨਮ ਦੀ ਪ੍ਰਾਪਤੀ ਪੂਰਵਲੇ ਸ਼ੁਭ ਕਰਮਾਂ ਅਤੇ ਸੰਸਕਾਰਾਂ ਕਰਕੇ ਹੁੰਦੀ ਹੈ। ਇਸ ਜਨਮ ਵਿਚ ਗਿਆਨ ਦਾ ਅਨੁਭਵ ਵੀ ਪੂਰਵਲੇ ਸ਼ੁਭ ਕਰਮਾਂ ਦਾ ਹੀ ਫ਼ਲ ਮੰਨਿਆ ਗਿਆ ਹੈ। ਅਧਿਆਤਮਕ ਚਿੰਤਨ ਵਿਚ ਮਨੁੱਖੀ ਜਨਮ ਦੀ ਦੁਰਲੱਭਤਾ ਦੀ ਵਿਚਾਰਧਾਰਕ ਮਹੱਤਤਾ ਗਿਆਨ ਅਤੇ ਸ਼ੁਭ ਕਰਮਾਂ ਕਰਕੇ ਹੀ ਬਣਦੀ ਹੈ। ਗਿਆਨ ਅਤੇ ਸ਼ੁਭ ਕਰਮ ਹੀ ਇਸ ਜਨਮ ਦੀ ਦੁਰਲੱਭਤਾ ਦਾ ਦਾਰਸ਼ਨਿਕ ਆਧਾਰ ਨਿਰਧਾਰਤ ਕਰਦੇ ਹਨ। ਭਗਤ ਰਵਿਦਾਸ ਜੀ ਮਨੁੱਖੀ ਜਨਮ ਵਿਚ ਵਿਵੇਕ ਦੀ ਧਾਰਨਾ ਦਾ ਮਹੱਤਵ ਵੀ ਇਸੇ ਪ੍ਰਸੰਗ ਪੇਸ਼ ਕਰਦੇ ਹਨ:

"ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥੧॥"[34]

ਭਗਤ ਕਬੀਰ ਜੀ ਅਨੁਸਾਰ ਮਨੁੱਖੀ ਦੇਹ ਹਮੇਸ਼ਾ ਸੰਸਕਾਰਯੁਕਤ ਹੁੰਦੀ ਹੈ। ਸੰਸਕਾਰਯੁਕਤ ਮਾਨਵੀ ਵਿਹਾਰ ਬੜਾ ਵਚਿੱਤਰ ਹੈ ਅਤੇ ਸੰਸਕਾਰਾਂ ਦੀ ਪਕੜ ਬੜੀ ਪ੍ਰਬਲ ਹੈ। ਸੰਸਕਾਰਾਂ ਦੀ ਪਕੜ ਅਤੇ ਬੰਧਨ ਦਾ ਮੂਲ ਕਾਰਨ ਮਾਇਆ ਹੈ। ਮਾਇਆ ਦੇ ਬੰਧਨ ਦਾ ਕਾਰਨ ਅਵਿੱਦਿਆ ਹੈ। ਮਾਇਆ ਅਤੇ ਅਵਿੱਦਿਆ ਸੰਬੰਧੀ ਭਾਰਤੀ ਦਰਸ਼ਨ ਵਿਚ ਵਿਭਿੰਨ ਧਾਰਨਾਵਾਂ ਮਿਲਦੀਆਂ ਹਨ। ਅਦਵੈਤ ਵੇਦਾਂਤ ਵਿਚ ਇਨ੍ਹਾਂ ਦੇ ਦਾਰਸ਼ਨਿਕ ਸੰਦਰਭ ਵਿਸ਼ੇਸ਼ ਰੂਪ ਵਿਚ ਵਿਚਾਰ ਦਾ ਵਿਸ਼ਾ ਬਣਦੇ ਹਨ। ਭਾਰਤੀ ਦਰਸ਼ਨ ਵਿਚ ਮਾਇਆ ਨੂੰ ਈਸ਼ਵਰ ਦੀ ਸ਼ਕਤੀ ਅਤੇ ਅਵਿੱਦਿਆ ਨੂੰ ਜੀਵ ਦੀ ਅਗਿਆਨਤਾ ਦੇ ਰੂਪ ਵਿਚ ਵਿਚਾਰਿਆ ਗਿਆ ਹੈ। ਮਾਇਆ ਮਨੁੱਖ ਦੀ ਵਿਵੇਕ ਬਿਰਤੀ ਨੂੰ ਢੱਕ ਲੈਂਦੀ ਹੈ, ਜਿਸ ਕਰਕੇ ਪ੍ਰਾਣੀ ਸੰਸਕਾਰਾਂ ਦੇ ਵਿਹਾਰ ਵਿਚ ਉਲਝਿਆ ਹੋਇਆ ਉਪਜਦਾ-ਬਿਨਸਦਾ/ਜੰਮਦਾ-ਮਰਦਾ ਰਹਿੰਦਾ ਹੈ। ਭਗਤ ਕਬੀਰ ਗਿਆਨ ਦੇ ਅਨੁਭਵ ਦੁਆਰਾ ਮਾਇਆ ਮੂਲਕ ਸੰਸਕਾਰਾਂ ਦੇ ਪ੍ਰਭਾਵ ਨੂੰ ਦਰਸਾਉਂਦੇ ਹੋਏ, ਮਨੁੱਖ ਦੀ ਅਗਿਆਨਮਈ/ਭਰਮਮੂਲਕ ਮਾਨਵੀ ਸਥਿਤੀ ਨੂੰ ਬਿਆਨ ਕਰਦੇ ਹਨ। ਭਗਤ ਕਬੀਰ ਦੀ ਦਾਰਸ਼ਨਿਕ ਵਿਚਾਰਧਾਰਾ ਵਿਚ ਮਾਇਆ ਦੀ ਪ੍ਰਬਲਤਾ ਗਿਆਨ ਦੇ ਵਿਰੋਧ ਵਜੋਂ ਪੇਸ਼ ਹੁੰਦੀ ਹੈ। ਇਹ ਵਿਰੋਧ ਉਨ੍ਹਾਂ ਦੀ ਸਮੁੱਚੀ ਬਾਣੀ ਦੇ ਵਿਭਿੰਨ ਪ੍ਰਸੰਗਾਂ ਵਿਚ ਬਣਿਆ ਰਹਿੰਦਾ ਹੈ:

"ਇਸ ਤਨ ਮਧੇ ਮਦਨ ਚੋਰ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥"[35]

"ਬਾਬਾ ਮਾਇਆ ਮੋਹ ਹਿਤੁ ਕੀਨ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍॥੧॥"[36]

ਉਪਰੋਕਤ ਪ੍ਰਸੰਗ ਦੁਆਰਾ ਭਗਤ ਕਬੀਰ ਮਾਇਆ ਦੇ ਵਿਹਾਰ ਦਾ ਮਾਨਵੀ ਸਰੂਪ ਪੇਸ਼ ਕਰਦੇ ਹਨ। ਅਨੁਭਵੀ ਪੁਰਸ਼ ਹੋਣ ਕਰਕੇ ਆਪ ਮਾਇਆ ਦੇ ਇਸ ਵਿਹਾਰ ਤੋਂ ਮੁਕਤ ਹਨ। ਰਾਜ ਸ਼ਕਤੀ ਦੇ ਮਾਇਆ ਮੂਲਕ ਵਿਆਹਰ ਨੂੰ ਉਹ ਸੰਵਾਦ ਦੀ ਵਿਧੀ ਰਾਹੀਂ ਬਿਆਨ ਕਰਦੇ ਹਨ। ਗਿਆਨ ਦੇ ਅਨੁਭਵ ਰਾਹੀਂ ਸੰਵਾਦ ਦੀ ਵਿਧੀ ਰਾਹੀਂ ਉਹ ਪਰਮਾਰਥ ਤੇ ਸੰਸਾਰ ਦੀ ਸੱਤਾ ਦਾ ਨਿਖੇੜਾ ਕਰਦੇ ਹਨ। ਇਹ ਨਿਖੇੜਾ ਉਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਦੀ ਸਪੱਸ਼ਟਤਾ ਅਤੇ ਸਾਰਥਿਕਤਾ ਦਾ ਕਾਰਨ ਬਣਦਾ ਹੈ:

"ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥੪॥"[37]

ਭਗਤ ਰਵਿਦਾਸ ਕਾਰਨ ਅਤੇ ਕਾਰਜ ਦੀ ਵਿਧੀ ਦੁਆਰਾ ਵਿਸ਼ਲੇਸ਼ਣ ਕਰਕੇ ਆਪਣੇ ਦਾਰਸ਼ਨਿਕ ਵਿਚਾਰਾਂ/ਧਾਰਨਾਵਾਂ ਨੂੰ ਸਿਰਜਦੇ ਹਨ। ਅਨੁਭਵੀ ਪੁਰਸ਼ ਹੋਣ ਕਰਕੇ ਉਹ ਆਪਣੀ ਬਾਣੀ ਵਿਚ ਮਨੁੱਖ ਦੀ ਅਗਿਆਨਮਈ ਸਥਿਤੀ ਤੇ ਬੜੀ ਚਿੰਤਾ ਪ੍ਰਗਟ ਕਰਦੇ ਹਨ। ਉਨ੍ਹਾਂ ਦੀ ਚਿੰਤਾ ਦਾ ਮੂਲ ਕਾਰਨ ਇਹ ਹੈ ਕਿ

ਅਗਿਆਨ ਅਤੇ ਭਰਮ ਕਰਕੇ ਮਨੁੱਖ ਗਿਆਨ ਦੇ ਅਨੁਭਵ ਤੋਂ ਵੰਚਿਤ ਰਹਿੰਦਾ ਹੈ। ਅਗਿਆਨ ਅਤੇ ਭਰਮ ਦਾ ਮੂਲ ਕਾਰਨ ਮਾਇਆ ਹੈ। ਮਾਇਆ ਦੇ ਵਿਭਿੰਨ ਰੂਪਾਂ ਦਾ ਸੰਕਟ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਵਿਚਾਰਿਆ ਹੈ। ਮਾਇਆ ਤੋਂ ਉਪਜਣ ਵਾਲੇ ਸੰਸੇ ਤੇ ਵਿਪਰਜੇ ਮਨੁੱਖ ਦੇ ਸੰਕਟ ਦਾ ਮੂਲ ਕਾਰਨ ਬਣਦੇ ਹਨ। ਵਿਸ਼ੇ-ਵਿਕਾਰਾਂ ਦੇ ਪ੍ਰਭਾਵ ਅਤੇ ਭਰਮ ਦਾ ਅਗਿਆਨ/ਅਵਿੱਦਿਆ ਕਰਕੇ ਹੀ ਮਨੁੱਖ ਸ਼ਿਕਾਰ ਹੁੰਦਾ ਹੈ। ਮਨੁੱਖ ਦੇ ਸੰਸਕਾਰਾਂ ਦਾ ਭਰਮ ਸੰਸਾਰ ਦੇ ਯਥਾਰਥ ਦਾ ਵਾਸਤਵਿਕ ਸਰੂਪ ਨਹੀਂ ਹੁੰਦਾ। ਭਗਤ ਰਵਿਦਾਸ ਜੀ ਇਸ ਸੂਖਮ ਅੰਤਰ ਪ੍ਰਤੀ ਵਿਚਾਰ ਹੋਏ ਮਨੁੱਖ ਦੀ ਤ੍ਰਾਸਦਿਕ ਹੋਣੀ ’ਤੇ ਚਿੰਤਾ ਪ੍ਰਗਟ ਕਰਦੇ ਹਨ। ਤ੍ਰਿਕੁਟੀ (ਸੰਸੈ ਗਾਂਠਿ) ਸੰਸਕਾਰਾਂ ਦਾ ਭਰਮ ਅਤੇ ਵਿੱਦਿਆ ਦਾ ਅਭਾਵ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਨੁੱਖੀ ਜੀਵਨ ਦੇ ਪਰਮ ਮਨੋਰਥ ਦੇ ਵਿਰੋਧੀ ਤੱਤ ਹਨ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

> "ਦੇਵ ਸੰਸੈ ਗਾਂਠਿ ਨ ਛੂਟੈ॥
> ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥੧॥"[38]

> "ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ॥੧॥"[39]

ਭਗਤ ਰਵਿਦਾਸ ਜੀ ਦੀ ਦਾਰਸ਼ਨਿਕ ਧਾਰਨਾਵਾਂ ਨੂੰ ਸੰਸਾਰਕ ਜੀਵਨ ਵਿਚੋਂ ਪ੍ਰਮਾਣ ਤੇ ਮਿਸਾਲਾਂ ਦੇ ਕੇ ਮਨ-ਮੋਹ ਅੰਦਾਜ਼ ਵਿਚ ਪੇਸ਼ ਕਰਦੇ ਹਨ। ਸੰਸਕਾਰਾਂ ਦੇ ਭ੍ਰਮ ਅਤੇ ਮਨੁੱਖ ਦੀ ਮਾਇਆਮੂਲਕ ਸਥਿਤੀ ਨੂੰ ਭਗਤ ਰਵਿਦਾਸ ਜੀ ਨੇ ਰਾਜੇ ਦੇ ਸੁਪਨੇ ਦੇ ਦ੍ਰਿਸ਼ਟਾਂਤ ਰਾਹੀਂ ਪੇਸ਼ ਕੀਤਾ ਹੈ। ਇਹ ਦਿਸ਼ਟਾਂਤ ਉਨ੍ਹਾਂ ਦੀ ਵਿਆਪਕ ਸੂਝ ਦਾ ਪ੍ਰਮਾਣ ਬਣਦਾ ਹੈ। ਰਾਜੇ ਦਾ ਸੁਪਨੇ ਵਿਚ ਭਿਖਾਰੀ ਹੋ ਜਾਣਾ, ਮਨੁੱਖ ਦੇ ਅਗਿਆਨ ਦੀ ਸਥਿਤੀ ਦਾ ਬਹੁਤ ਹੀ ਢੁਕਵਾਂ ਸੁਹਜਮਈ ਪ੍ਰਮਾਣ ਹੈ:

> "ਨਰਪਿਤ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
> ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੧॥"[40]

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਵੇਂ ਸਰੂਪਾਂ ਦਾ ਨਿਰੂਪਣ ਕੀਤਾ ਹੈ। ਇਨ੍ਹਾਂ ਭਗਤਾਂ ਦੀ ਆਸ਼ਾ ਇਹ ਨਹੀਂ ਹੈ ਕਿ ਸਰਗੁਣ ਬ੍ਰਹਮ ਕਦੇ ਵੀ ਇਨ੍ਹਾਂ ਦੀ ਪੂਜਾ ਅਰਾਧਨਾ ਕਰਨ ਯੋਗ ਰਿਹਾ ਹੋਵੇ। ਇਨ੍ਹਾਂ ਭਗਤਾਂ ਦਾ ਮੂਲ ਮੰਤਵ ਤਾਂ ਨਿਰਗੁਣ ਬ੍ਰਹਮ ਦੀ ਪੂਜਾ ਅਰਚਨਾ ਕਰਨਾ ਹੀ ਰਿਹਾ ਹੈ। ਵਾਸਤਵ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਦੇ ਨਿਰੂਪਣ ਵਿਚ ਭਾਰਤੀ ਭਗਤਾਂ ਦੀ ਵਿਚਾਰਧਾਰਾ ਵਿਚ ਕੋਈ ਵਿਸ਼ੇਸ਼ ਅੰਤਰ ਹੀ ਨਹੀਂ ਹੈ। ਇਸ ਲਈ ਇਹ ਅਲੱਖ ਅਤੇ ਅਗੰਮ ਵਿਵੇਚਨ ਅਤੇ ਨਿਰੂਪਣ ਦਾ ਵਿਸ਼ਾ ਹੀ ਨਹੀਂ ਹੋ ਸਕਦਾ ਅਤੇ ਸਾਰੇ ਹੀ ਭਗਤਾਂ ਨੇ ਉਸ ਦੇ ਰੂਪ ਦਾ ਵਰਨਣ ਕਰਨ ਜਾਂ ਉਸ ਨੂੰ ਰੱਖ ਸਕਣ ਦੀ ਅਸਮਰੱਥਤਾ ਪ੍ਰਗਟ ਕੀਤੀ ਹੈ। ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਬ੍ਰਹਮ ਦੇ ਨਿਰਗੁਣ ਸਰੂਪ ਉੱਤੇ ਜ਼ਿਆਦਾ ਜ਼ੋਰ ਦਿੱਤਾ ਹੈ। ਹੁਣ ਅਸੀਂ ਭਗਤ ਰਵਿਦਾਸ ਅਤੇ ਭਗਤ ਕਬੀਰ ਦੀ ਬਾਣੀ ਵਿਚ ਬ੍ਰਹਮ ਦੇ ਸਰੂਪ ਦੇ ਨਿਰੂਪਣ ਸੰਬੰਧੀ ਚਰਚਾ ਕਰਾਂਗੇ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਇਕ ਬ੍ਰਹਮ ਦਾ ਗੁਣ ਗਾਇਨ ਕੀਤਾ ਗਿਆ ਹੈ। ਭਾਵੇਂ ਆਪ ਨੇ 'ਜਾਪੁ ਸਾਹਿਬ' ਦੇ ਮੂਲ ਮੰਤਰ ਵਾਂਗ ਬ੍ਰਹਮ ਨੂੰ ਕਿਸੇ ਵਿਧੀਵਤ ਰੂਪ ਵਿਚ ਪੇਸ਼ ਨਹੀਂ ਕੀਤਾ, ਪ੍ਰੰਤੂ ਆਪ ਦੀ ਬਾਣੀ ਵਿਚ ਥਾਂ-ਥਾਂ ਤੇ ਆਏ ਵਿਚਾਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਗੁਰੂ ਨਾਨਕ ਤੋਂ ਪਹਿਲਾਂ ਹੀ ਆਪ 'ਬ੍ਰਹਮ ਇਕ ਹੈ', ਸੰਬੰਧੀ ਸਪਸ਼ਟ ਰੂਪ ਵਿਚ ਆਪਣੇ ਵਿਚਾਰਾਂ ਦਾ ਨਿਰੂਪਣ ਕਰ ਚੁੱਕੇ ਸਨ।

ਭਗਤ ਰਵਿਦਾਸ ਅਨੁਸਾਰ ਉਹ ਬ੍ਰਹਮ ਇਕ ਹੈ। ਉਹ ਅਨੇਕਾਂ ਰੂਪ ਧਾਰ ਕੇ ਸਾਰਿਆਂ ਦੇ ਦਿਲਾਂ ਵਿਚ ਨਿਵਾਸ ਕਰਦਾ ਹੈ। ਆਪ ਦਾ ਕਥਨ ਹੈ:

"ਸਰਬੇ ਏਕੁ ਅਨੇਕੈ ਸੁਆਮੀ,
ਸਭ ਘਟ ਭੋਗਵੈ ਸੋਈ।
ਕਹਿ ਰਵਿਦਾਸ ਹਾਥ ਪੈ ਨੇਰੈ,
ਸਹਜੇ ਹੋਇ ਸੁ ਹੋਈ।"[41]

ਭਗਤ ਰਵਿਦਾਸ ਜੀ ਵਾਂਗ ਭਗਤ ਕਬੀਰ ਜੀ ਨੇ ਵੀ ਬ੍ਰਹਮ ਇਕ ਹੈ ਸੰਬੰਧੀ ਵਿਸਥਾਰ ਸਹਿਤ ਵਰਨਣ ਕੀਤਾ ਹੈ। ਆਪ ਅਨੁਸਾਰ ਬ੍ਰਹਮ ਇਕ ਹੈ; ਉਹ ਸਭ ਥਾਂ ਵਿਆਪਤ ਹੈ ਅਤੇ ਉਹ ਪਰਮਾਤਮਾ ਜੋ ਕੁਝ ਲਿਖ ਦਿੰਦਾ ਹੈ, ਉਸ ਨੂੰ ਕੋਈ ਮਿਟਾ ਨਹੀਂ ਸਕਦਾ। ਬਾਣੀ ਅਨੁਸਾਰ:

"ਓਅੰਕਾਰ ਆਦਿ ਮੈ ਜਾਨਾ,
ਲਿਖਿ ਅਰੁ ਮੇਟੈ ਤਾਹਿ ਨ ਮਾਨਾ।
ਓਅੰਕਾਰ ਲਖੈ ਜਉ ਕੋਈ,
ਸੋਈ ਲਖਿ ਮੇਟਣਾ ਨ ਹੋਈ।"[42]

ਭਗਤ ਕਬੀਰ ਜੀ ਨੇ ਪਰਮਾਤਮਾ ਨੂੰ ਅੰਤਮ ਸੱਚ ਮੰਨਿਆ ਹੈ। ਉਹ ਬ੍ਰਹਮ ਪੰਜੇ ਵਿਕਾਰਾਂ ਤੋਂ ਮੁਕਤ ਹੈ ਅਤੇ ਅਜੂਨੀ ਹੋਣ ਕਰਕੇ ਉਹ ਜਨਮ ਮਰਨ ਦੇ ਚੱਕਰਾਂ ਵਿਚ ਨਹੀਂ ਪੈਂਦਾ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਸੰਕਟਿ ਨਹੀ ਪਰੈ ਜੋਨ ਨਹੀ ਆਵੈ,
ਨਾਮੁ ਨਿਰੰਜਨ ਜਾ ਕੋ ਰੇ।
ਕਬੀਰ ਕੋ ਸੁਆਮੀ ਐਸੋ ਠਾਕੁਰੁ;
ਜਾ ਕੈ ਮਾਈ ਨ ਬਾਪੋ ਰੇ।"[43]

ਭਗਤ ਕਬੀਰ ਜੀ ਨੇ ਕ੍ਰਮ ਨੂੰ ਇਕ ਅਤੇ ਅਨੰਤ ਦੱਸਿਆ ਹੈ। ਉਹ ਬ੍ਰਹਮ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ। ਆਪ ਬ੍ਰਹਮ ਦੀ ਏਕਤਾ ਨੂੰ ਦ੍ਰਿੜਾਉਂਦੇ ਹੋਏ ਸਾਰੇ ਜਗਤ ਦੀ ਹੋਂਦ ਨੂੰ ਇਕੋ ਨੂਰ ਤੋਂ ਉਪਜੀ ਹੋਈ ਮੰਨਦੇ ਹਨ। ਆਪ ਦਾ ਫੁਰਮਾਨ ਹੈ:

"ਅਵਲਿ ਅਲਹ ਨੂਰੁ ਉਪਾਇਆ।
ਕੁਦਰਤਿ ਕੇ ਸਭ ਬੰਦੇ।

ਏਕ ਨੂਰ ਤੇ ਸਭੁ ਜਗੁ ਉਪਜਿਆ,

ਕਉਨ ਭਲੇ ਕੋ ਮੰਦੇ।"[44]

ਇਸ ਲਈ ਆਪ ਕਾਜੀ ਨੂੰ 'ਏਕ ਸਾਹਿਬ' ਸੰਬੰਧੀ ਦੱਸਦਿਆਂ ਹਿੰਦੂ ਅਤੇ ਤੁਰਕ ਦੋਨਾਂ ਵਿਚ ਇਕ ਪਰਮਾਤਮਾ ਨੂੰ ਦੇਖਦੇ ਹਨ ਅਤੇ ਇਕ ਪਰਮਾਤਮਾ ਦੀ ਸ਼ਰਨ ਵਿਚ ਪੈਣ ਦੀ ਭਗਤ ਕਬੀਰ ਜੀ ਪ੍ਰੇਰਣਾ ਦਿੰਦੇ ਲਿਖਦੇ ਹਨ:

"ਕਹਤੁ ਕਬੀਰੁ ਸੁਨਹੁ ਨਰ ਨਰਵੈ

ਪਰਹੁ ਏਕ ਕੀ ਸਰਨਾ।" [45]

ਭਗਤ ਰਵਿਦਾਸ ਜੀ ਅਨੁਸਾਰ ਸੰਸਾਰੀ ਜੀਵ ਮਾਇਆ ਦੇ ਮੋਹ ਵਿਚ ਪੈ ਕੇ ਵਿਸ਼ੇ-ਵਿਕਾਰਾਂ ਦੇ ਹੱਥੀਂ ਲੁੱਟੇ ਜਾ ਰਹੇ ਹਨ। ਆਪ ਅਨੁਸਾਰ ਇਨ੍ਹਾਂ ਵਿਸ਼ੇ-ਵਿਕਾਰਾਂ ਤੋਂ ਕੇਵਲ ਇਕ ਬ੍ਰਹਮ ਦਾ ਨਾਮ ਹੀ ਬਚਾ ਸਕਦਾ ਹੈ:

"ਕਹਿ ਰਵਿਦਾਸ ਸਭੈ ਜਗੁ ਲੂਟਿਆ।

ਹਮ ਤਉ ਏਕ ਰਾਮੁ ਕਹਿ ਛੂਟਿਆ।"[46]

ਇਸ ਤਰ੍ਹਾਂ ਰਾਮ ਨਾਮ ਦੇ ਸਹਾਰੇ ਮਨ ਵਿਚ ਹਰੀ ਦਾ ਨਿਵਾਸ ਹੋ ਜਾਂਦਾ ਹੈ; ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਕ ਨਿਰਗੁਣ ਬ੍ਰਹਮ ਦੇ ਨਾਲ ਮਨ ਦੀ ਲਿਵ ਲਗ ਜਾਂਦੀ ਹੈ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ:

"ਸੋਈ ਬਸਿ ਰਸਿ ਮਨ ਮਿਲੇ

ਗੁਨ ਨਿਰਗੁਨ ਏਕੁ ਬਿਚਾਰ।"[47]

ਭਗਤ ਕਬੀਰ ਜੀ ਭਗਤ ਰਵਿਦਾਸ ਵਾਂਗ ਹੀ ਇਕ ਬ੍ਰਹਮ ਦਾ ਸਹਾਰਾ ਤਕਦੇ ਹਨ। ਆਪ ਅਨੁਸਾਰ ਬ੍ਰਹਮ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ। ਇਸ ਲਈ ਆਪ ਇਸ ਗੱਲ ਦੀ ਰਤਾ ਵੀ ਪ੍ਰਵਾਹ ਨਹੀਂ ਕਰਦੇ ਕਿ ਲੋਕ ਉਨ੍ਹਾਂ ਦੀ ਇੱਜ਼ਤ ਕਰਨ ਜਾਂ ਨਾ ਕਰਨ, ਕਿਉਂਕਿ ਭਗਤ ਕਬੀਰ ਜੀ ਇਕ ਬ੍ਰਹਮ 'ਤੇ ਆਸਥਾ ਰਖਦੇ ਹਨ। ਆਪ ਨੇ ਕੇਵਲ ਇਕ ਬ੍ਰਹਮ ਦਾ ਨਿਰੂਪਣ ਪੇਸ਼ ਕੀਤਾ ਹੈ:

"ਜਬ ਹਮ ਏਕੋ ਏਕੁ ਕਰਿ ਜਾਨਿਆ,

ਤਬ ਲੋਗਹ ਕਾਹੇ ਦੁਖੁ ਮਾਨਿਆ।

ਹਮ ਅਪਤਹ ਅਪੁਨੀ ਪਤਿ ਖੋਈ,

ਹਮਰੈ ਖੋਜਿ ਪਰਹੁ ਮਤਿ ਕੋਈ।"[48]

ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਨਾਮ ਨੂੰ ਬਹੁਤ ਮਹੱਤਤਾ ਦਿੱਤੀ ਹੈ। ਕਲਯੁਗ ਵਿਚ ਭਵ-ਸਾਗਰ ਤੋਂ ਪਾਰ ਲੰਘਣ ਲਈ ਉਸ ਸਰਬ ਵਿਆਪੀ ਪਰਮਾਤਮਾ ਦਾ ਨਾਮ ਹੀ ਸਹਾਈ ਹੁੰਦਾ ਹੈ। ਇਨ੍ਹਾਂ ਭਗਤ ਕਵੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਪਰਮਾਤਮਾ ਨੂੰ ਕਿਸੇ ਇਕ ਨਿਸਚਿਤ ਨਾਮ ਨਾਲ ਨਹੀਂ ਜਾਣਿਆ ਜਾਂਦਾ। ਉਸ ਦੇ ਨਾਮਾਂ ਦੀ ਤਾਂ ਗਿਣਤੀ ਕਰਨੀ ਵੀ ਮੁਸ਼ਕਿਲ ਹੈ। ਇਸ

ਤਰ੍ਹਾਂ ਇਨ੍ਹਾਂ ਭਗਤਾਂ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਨਾਮ ਦੀ ਮਹੱਤਤਾ ਉੱਤੇ ਜ਼ਿਆਦਾ ਜ਼ੋਰ ਦਿੱਤਾ ਹੈ। ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਦਾ ਮਤ ਹੈ ਕਿ ਮੱਧ ਯੁੱਗ ਦੇ ਭਗਤਾਂ ਵਿਚ ਭਗਵਾਨ ਦੇ ਨਾਮ ਦਾ ਮਹੱਤਵ ਬਹੁਤ ਅਧਿੱਕ ਹੈ। ਮੱਧ ਯੁੱਗ ਦੀ ਸਮਸਤ ਧਰਮ-ਸਾਧਨਾ ਨੂੰ ਨਾਮ ਦੀ ਸਾਧਨਾ ਕਿਹਾ ਜਾ ਸਕਦਾ ਹੈ। ਚਾਹੇ ਸਰਗੁਣ ਮਾਰਗ ਦੇ ਭਗਤ ਹੋਣ ਚਾਹੇ ਨਿਰਗੁਣ ਮਾਰਗ ਦੇ, ਨਾਮ ਜਪਣ ਦੇ ਬਾਰੇ ਵਿਚ ਕਿਸੇ ਨੂੰ ਕੋਈ ਸੰਦੇਹ ਨਹੀਂ।

ਭਗਤ ਰਵਿਦਾਸ ਜੀ ਦਾ ਮੱਤ ਹੈ ਕਿ ਲੋਕ ਪਰਮਾਤਮਾ ਨਾਲ ਪ੍ਰੀਤੀ ਗੰਢਣ ਦੀਆਂ ਅਨੇਕਾਂ ਕੋਸ਼ਿਸ਼ਾਂ ਵਿਚ ਭਟਕ ਰਹੇ ਹਨ। ਜਿਹੜੇ ਜੀਵਾਂ ਉੱਤੇ ਪਰਮਾਤਮਾ ਮਿਹਰਬਾਨ ਹੋ ਜਾਂਦਾ ਹੈ, ਉਹ ਬਿਨਾਂ ਕੋਸ਼ਿਸ਼ ਕੀਤਿਆਂ ਉਸ ਨੂੰ ਪ੍ਰਾਪਤ ਕਰ ਲੈਂਦੇ ਹਨ। ਪ੍ਰਭੂ ਦਾ ਨਾਮ ਸਿਮਰਨ ਕਰਨ ਨਾਲ ਜਮਾਂ ਦਾ ਡਰ ਮੁੱਕ ਜਾਂਦਾ ਹੈ ਅਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਭਗਤ ਰਵਿਦਾਸ ਜੀ ਫਰਮਾਉਂਦੇ ਹਨ:

"ਲੋਗੁ ਗੰਠਿ ਗੰਠਿ ਖਰਾ ਬਿਗੂਚਾ,
ਹਉ ਬਿਨੁ ਗਾਂਠੇ ਜਾਇ ਪਹੂਚਾ।
ਰਵਿਦਾਸੁ ਜਪੈ ਰਾਮ ਨਾਮਾ,
ਮੋਹਿ ਜਮ ਸਿਉ ਨਾਹੀ ਕਾਮਾ।"[49]

ਭਗਤ ਕਬੀਰ ਜੀ ਦੀ ਬਾਣੀ ਵਿਚ ਵੀ ਨਾਮ ਦੀ ਮਹੱਤਤਾ ਦਰਸਾਈ ਗਈ ਹੈ। ਆਪ ਜੀਵ ਨੂੰ ਜਮਾਂ ਦੀ ਪੈਣ ਵਾਲੀ ਮਾਰ ਤੋਂ ਸੁਚੇਤ ਕਰਦੇ ਹੋਏ ਪਰਮਾਤਮਾ ਦਾ ਨਾਮ ਸਿਮਰਨ ਦੀ ਸਲਾਹ ਦਿੰਦੇ ਹਨ। ਕੇਵਲ ਪਰਮਾਤਮਾ ਦਾ ਨਾਮ ਹੀ ਜਮਾਂ ਦੀ ਫਾਹੀ ਤੋਂ ਬਚਾ ਸਕਦਾ ਹੈ। ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਰਸ ਹੁੰਦਾ ਹੈ, ਉਹ ਮੌਤ ਅਤੇ ਬੰਧਕ ਰੂਪੀ ਜਗਤ ਤੋਂ ਬਚ ਜਾਂਦੇ ਹਨ। ਭਗਤ ਕਬੀਰ ਜੀ ਫੁਰਮਾਉਂਦੇ ਹਨ:

"ਜਬ ਜਮੁ ਆਇ ਕੇਸ ਤੇ ਪਕਰੈ,
ਤਹ ਹਰਿ ਕੋ ਨਾਮੁ ਛਡਾਵਨ।"[50]
"ਕਹਿ ਕਬੀਰ ਤੇ ਅੰਤੇ ਮੁਕਤੇ,
ਜਿਨੁ ਹਿਰਦੈ ਰਾਮ ਰਸਾਇਨੁ ॥"[51]

ਭਗਤ ਕਬੀਰ ਜੀ ਦੱਸਦੇ ਹਨ ਕਿ ਪ੍ਰਭੂ ਸਿਮਰਨ ਹੀ ਸਭ ਤੋਂ ਚੰਗੀ ਵਿਧੀ ਹੈ, ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਪਿਆਰ ਹੈ, ਜੋ ਮਨੁੱਖ ਜੀਭ ਨਾਲ ਨਾਮ ਸਿਮਰਦਾ ਹੈ ਅਤੇ ਜਮ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਬਾਣੀ ਅਨੁਸਾਰ:

"ਤਾ ਤੇ ਸੇਵੀਅਲੇ ਰਾਮਨਾ,
ਰਸਨਾ ਰਾਮ ਨਾਮ ਹਿਤੁ ਜਾ ਕੈ, ਕਹਾ ਕਰੈ ਜਮਨਾ।"[52]

ਭਗਤ ਰਵਿਦਾਸ ਜੀ ਅਨੁਸਾਰ ਮਨੁੱਖ ਆਪਣੀ ਸੰਤਾਨ ਪਿੱਛੇ ਹਰ ਕੁਕਰਮ ਕਰਨ ਲਈ ਤਿਆਰ ਰਹਿੰਦਾ ਹੈ। ਇਹ ਸੰਤਾਨ ਹੀ ਅੰਤ ਸਮੇਂ ਮਨੁੱਖ ਦਾ ਸਾਥ ਨਹੀਂ ਦਿੰਦੀ। ਪਤੀ ਨੂੰ ਸਭ ਤੋਂ ਵੱਧ ਪਿਆਰ ਕਰਨ ਵਾਲੀ ਇਸਤਰੀ ਵੀ ਉਸ ਦੇ ਸਵਾਸ ਨਿਕਲਣ ਤੋਂ ਮਗਰੋਂ ਭੂਤ-ਭੂਤ ਕਹਿ ਕੇ ਉਸ ਤੋਂ ਦੂਰ ਭੱਜਦੀ ਹੈ। ਮੋਹ ਉਪਰੰਤ ਉਸ ਦੇ ਰਿਸ਼ਤੇਦਾਰ ਵੀ ਉਸ ਨੂੰ ਘਰੋਂ ਕੱਢਣ ਲਈ ਕਾਹਲ ਕਰਦੇ ਹਨ। ਇਸ ਤਰ੍ਹਾਂ ਦੇ ਮਨੁੱਖੀ ਅੰਤ ਦੀ ਦੁਰਦਸ਼ਾ ਦੇਖ ਕੇ ਭਗਤ ਰਵਿਦਾਸ ਜੀ, ਜੀਵ ਨੂੰ ਰਾਮ ਨਾਮ ਜਪਣ ਦੀ ਸਿੱਖਿਆ ਦਿੰਦੇ ਹਨ:

"ਭਾਈ ਬੰਧ ਕੁਟੰਬ ਸਹੇਰਾ।।
ਓਇ ਭੀ ਲਾਗੇ ਕਾਢੁ ਸਵੇਰਾ।।
ਘਰ ਕੀ ਨਾਰਿ ਉਰਹਿ ਤਨ ਲਾਗੀ।।
ਉਹ ਤਉ ਭੂਤੁ ਭੂਤੁ ਕਰਿ ਭਾਗੀ।।
ਕਹਿ ਰਵਿਦਾਸ ਸਭੈ ਜਗੁ ਲੂਟਿਆ।।
ਹਮ ਤਉ ਏਕ ਰਾਮੁ ਕਹਿ ਛੂਟਿਆ।।"[53]

ਭਗਤ ਰਵਿਦਾਸ ਜੀ ਵਾਂਗ ਭਗਤ ਕਬੀਰ ਜੀ ਨੇ ਵੀ ਨਾਮ ਸਿਮਰਨ ਕਰਨ ਉੱਤੇ ਵਧੇਰੇ ਜ਼ੋਰ ਦਿੱਤਾ ਹੈ। ਨਾਮ ਸਿਮਰਨ ਤੋਂ ਬਿਨਾਂ ਜੀਵ ਵਿਕਾਰਾਂ ਦੀ ਭਟਕਣ ਵਿਚ ਉਲਝ ਜਾਂਦਾ ਹੈ। ਪਤਨੀ, ਪੁੱਤਰ, ਘਰ ਦੌਲਤ ਜਿਨ੍ਹਾਂ ਨੂੰ ਮਨੁੱਖ ਸੁੱਖ ਦੇਣ ਵਾਲੇ ਸਮਝਦਾ ਹੈ, ਅੰਤ ਸਮੇਂ 'ਤੇ ਇਹ ਵੀ ਉਸ ਦਾ ਸਾਥ ਛੱਡ ਜਾਂਦੇ ਹਨ। ਆਪ ਅਨੁਸਾਰ ਅੰਤ ਸਮੇਂ ਕੇਵਲ ਪ੍ਰਭੂ ਦਾ ਸਿਮਰਨ ਹੀ ਕੰਮ ਆਉਂਦਾ ਹੈ:

"ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ।
ਰਾਮ ਨਾਮ ਸਿਮਰਨ ਬਿਨੁ, ਬੂਡਤੇ ਅਧਿਕਾਈ। ਰਹਾਉ।।
ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ।
ਇਨ੍ ਮੈ ਕਛੁ ਨਾਹੀ ਤੇਰੋ ਕਾਲ ਅਵਧ ਆਈ।"[54]

ਡਾ. ਰਤਨ ਸਿੰਘ ਜੱਗੀ ਭਗਤਾਂ ਦੇ ਨਾਮ-ਸਿਮਰਨ ਬਾਰੇ ਆਪਣੇ ਵਿਚਾਰ ਰੱਖਦਾ ਹੈ। ਉਸ ਅਨੁਸਾਰ ਨਾਮ ਅਰਾਧਨਾ ਕੋਈ ਅਜਿਹੀ ਸਾਧਨਾ ਨਹੀਂ, ਜਿਸ ਲਈ ਕੋਈ ਵੱਖਰਾ ਸਮਾਂ ਕੱਢ ਕੇ ਇਕਾਂਤ ਵਿਚ ਬੈਠ ਕੇ ਨਾਮ ਜਾਪ ਕਰਨਾ ਹੈ। ਨਾਮ ਸਿਮਰਨ ਤਾਂ ਹਿਰਦੇ ਦੀ ਉਹ ਪ੍ਰਕ੍ਰਿਆ ਹੈ, ਜੋ ਆਪਣੇ-ਆਪ ਹੁੰਦੀ ਰਹਿੰਦੀ ਹੈ। ਇਹ ਯਤਨ ਪੂਰਵਕ ਕਾਰਵਾਈ ਨਹੀਂ। ਸਹਿਜ ਸਾਧਨਾ ਹੈ। ਦਿਨ-ਰਾਤ, ਹਰ ਵਕਤ, ਹਰ ਘੜੀ ਨਾਮ-ਸਾਧਨਾ ਦੀ ਪ੍ਰਕ੍ਰਿਆ ਚਲਦੀ ਰਹਿੰਦੀ ਹੈ।[55]

ਇਸ ਧਾਰਨਾ ਵਿਚ ਡਾ. ਜੱਗੀ ਇਹ ਦੱਸਦਾ ਹੈ ਕਿ ਜੀਵ ਨਾਮ ਸਿਮਰਨ ਦੁਨਿਆਵੀ ਕੰਮ ਕਰਦਿਆਂ ਸਹਿਜ ਜੀਵਨ ਜੀਵਨ ਵਿਚ ਕਰ ਸਕਦਾ ਹੈ। ਜੀਵ ਦੁਨਿਆਵੀ ਇਛਾਵਾਂ ਦੀ ਪੂਰਤੀ ਲਈ ਭਟਕਦਾ ਫਿਰਦਾ ਹੈ। ਇਸ ਭਟਕਣਾ ਕਾਰਣ ਹੀ ਮਨੁੱਖ ਪ੍ਰਭੂ ਦਾ ਸਿਮਰਨ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ, ਜਿਸ ਕਾਰਨ ਮਨੁੱਖ ਨੂੰ ਦੋਜ਼ਖ ਦੀ ਅੱਗ ਵਿਚ ਸੜਨਾ ਪੈਂਦਾ ਹੈ। ਭਗਤ ਰਵਿਦਾਸ ਜੀ ਅਨੁਸਾਰ ਸਾਰਾ

ਜਗਤ ਆਪਣੀ ਲੁੱਟ ਦਾ ਸਮਾਨ ਪੈਦਾ ਕਰ ਰਿਹਾ ਹੈ। ਆਪ ਉਪਦੇਸ਼ ਕਰਦੇ ਹਨ ਕਿ ਕੇਵਲ ਨਾਮ ਦਾ ਸਿਮਰਨ ਕਰਨ ਨਾਲ ਹੀ ਦਰਗਾਹ ਵਿਚ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ। ਆਪ ਦਾ ਕਥਨ ਹੈ:

"ਕਹਿ ਰਵਿਦਾਸ ਸਭੈ ਜਗੁ ਲੂਟਿਆ,
ਹਮ ਤਉ ਏਕ ਰਾਮੁ ਕਹਿ ਛੂਟਿਆ।"[56]

ਭਗਤ ਕਬੀਰ ਜੀ ਦਾ ਮੱਤ ਵੀ ਭਗਤ ਰਵਿਦਾਸ ਦੇ ਮੱਤ ਨਾਲ ਮਿਲਦਾ ਹੈ। ਭਗਤ ਕਬੀਰ ਜੀ ਅਨੁਸਾਰ ਜਿਸ ਸਿਮਰਤੀ ਨੇ ਦੇਖਦੇ ਦੇਖਦੇ ਹੀ ਸਾਰੇ ਸੰਸਾਰ ਨੂੰ ਠੱਗ ਲਿਆ ਹੈ, ਉਸ ਤੋਂ ਬਚਣ ਦਾ ਇਕੋ ਇਕ ਨਤੀਜਾ ਪ੍ਰਭੂ ਦਾ ਸਿਮਰਨ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ:

"ਹਮ ਦੇਖਤ ਜਿਨਿ ਸਭੁ ਜਗੁ ਲੂਟਿਆ,
ਕਹੁ ਕਬੀਰ ਮੈ ਰਾਮ ਕਹਿ ਛੂਟਿਆ।"[57]

ਭਗਤ ਰਵਿਦਾਸ ਜੀ ਅਨੁਸਾਰ ਪੁਰਾਣਾਂ ਅਤੇ ਵੇਦਾਂ ਵਿਚ ਬਹੁਤ ਸਾਰੇ ਉਪਦੇਸ਼ ਦਿੱਤੇ ਗਏ ਹਨ ਅਤੇ ਬਹੁਤ ਸਾਰੀਆਂ ਵਿਧੀਆਂ ਸਮਝਾਈਆਂ ਗਈਆਂ ਹਨ। ਪਰਮਾਰਥ ਗ੍ਰੰਥਾਂ ਵਿਚ ਬਹੁਤ ਸਾਰੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਵਿਚੋਂ ਕੋਈ ਵੀ ਵਿਧੀ ਪਰਮਾਤਮਾ ਦੇ ਨਾਮ ਸਿਮਰਨ ਦੇ ਬਰਾਬਰ ਨਹੀਂ ਪਹੁੰਚਦੀ। ਪਰਮਤੱਤ ਦਾ ਸਿਮਰਨ ਸਭ ਤੋਂ ਮਹਾਨ ਹੈ। ਬਾਣੀ ਅਨੁਸਾਰ:

"ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ।
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ।"[58]

ਭਗਤ ਕਬੀਰ ਜੀ ਦੀ ਬਾਣੀ ਵਿਚ ਵੀ ਵਰਨਣ ਕੀਤਾ ਗਿਆ ਹੈ ਕਿ ਵੇਦ, ਪੁਰਾਣ ਅਤੇ ਸਿਮਰਤੀਆਂ ਉਸ ਪਰਮਾਤਮਾ ਦੀ ਬਰਾਬਰੀ ਨਹੀਂ ਕਰ ਸਕਦੀਆਂ। ਕੇਵਲ ਪਰਮਾਤਮਾ ਦਾ ਨਾਮ ਹੀ ਜਨਮ ਮਰਨ ਦੇ ਚੱਕਰਾਂ ਤੋਂ ਖਲਾਸੀ ਦਿਵਾਉਂਦਾ ਹੈ। ਇਸ ਲਈ ਅੰਤ ਸਮੇਂ ਨਾਮ ਸਿਮਰਨ ਹੀ ਸਹਾਈ ਹੁੰਦਾ ਹੈ। ਆਪ ਜੀ ਫਰਮਾਉਂਦੇ ਹਨ:

"ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ,
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ।"[59]

ਉਪਰੋਕਤ ਅਧਿਐਨ ਤੋਂ ਪਤਾ ਚਲਦਾ ਹੈ ਕਿ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਵੱਲੋਂ ਵਿਅਕਤ ਕੀਤਾ ਬ੍ਰਹਮ ਦਾ ਸਰੂਪ ਕਿਸੇ ਵਿਸ਼ੇਸ਼ ਦਾਰਸ਼ਨਿਕ ਸੰਪਰਦਾਇ ਤੱਕ ਸੀਮਤ ਨਾ ਹੋ ਕੇ ਸਰਬ-ਸਾਂਝਾ ਹੈ।

ਭਗਤ ਰਵਿਦਾਸ ਅਨੁਸਾਰ ਬ੍ਰਹਮ ਇਕ ਹੈ। ਉਹ ਨਿਰੰਜਨ ਹੈ, ਨਿਰਭਓ, ਜੋਤਿ ਸਰੂਪ ਹੈ। ਉਨ੍ਹਾਂ ਅਨੁਸਾਰ ਬ੍ਰਹਮ ਦਿਆਲੂ, ਕਿਰਪਾਲੂ, ਸਰਬ-ਵਿਆਪਕ, ਸਰਬ-ਸ਼ਕਤੀਮਾਨ ਅਤੇ ਹਰ ਇਕ ਦੇ ਹਿਰਦੇ ਵਿਚ ਸਮਾਇਆ ਹੋਇਆ ਹੈ। ਉਸ ਦੀ ਜੋਤਿ ਨਾਲ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਭਗਤ ਕਬੀਰ ਜੀ ਵੀ ਬ੍ਰਹਮ ਨੂੰ ਇਕ ਮੰਨਦੇ ਹਨ। ਉਨ੍ਹਾਂ ਅਨੁਸਾਰ ਬ੍ਰਹਮ ਇਕ ਹੈ, ਨਿਰਭਉ ਹੈ, ਨਿਰੰਜਨ ਹੈ, ਅਜੂਨੀ ਹੈ,

ਦਿਆਲੂ, ਕਿਰਪਾਲੂ, ਸਰਬ ਵਿਆਪਕ ਅਤੇ ਸਰਬ ਸ਼ਕਤੀਮਾਨ ਅਤੇ ਸਾਰੀ ਸ੍ਰਿਸ਼ਟੀ ਦਾ ਰਚਨਹਾਰਾ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਜਿਥੇ ਬ੍ਰਹਮ ਦੇ ਸਰੂਪ ਦਾ ਵਿਸਤ੍ਰਿਤ, ਗੰਭੀਰ ਅਤੇ ਸੂਖ਼ਮ ਚਿਤਰਨ ਹੋਇਆ ਹੈ, ਉਥੇ ਇਹ ਗੱਲ ਵੀ ਸੱਚ ਹੈ ਕਿ ਬ੍ਰਹਮ ਵਰਣ ਦੀ ਵਿਆਪਕਤਾ ਵਿਚ ਭਗਤ ਰਵਿਦਾਸ, ਭਗਤ ਕਬੀਰ ਦੀ ਸਮਾਨਤਾ ਨਹੀਂ ਕਰ ਸਕਦੇ। ਦੋਵੇਂ ਭਗਤਾਂ ਦੀ ਬ੍ਰਹਮ ਭਾਵਨਾ ਇਕੋ ਜਿਹੀ ਹੈ।

ਭਗਤ ਕਬੀਰ ਜੀ ਇਸ ਯੁੱਗ ਦੇ ਕ੍ਰਾਂਤੀਕਾਰੀ ਦਾਰਸ਼ਨਿਕ ਚਿੰਤਕ ਹਨ, ਜੋ ਮੌਲਿਕ ਅਨੁਭਵ ਦੇ ਸੱਚ ਨੂੰ ਉਪਰੋਕਤ ਸੰਦਰਭ ਵਿਚੋਂ ਕੇਵਲ ਉਘਾੜਦੇ ਹੀ ਨਹੀਂ, ਬਲਕਿ ਜੀਵਨ-ਜਾਂਚ ਦਾ ਇਕ ਨਵਾਂ ਰੂਪ ਸਿਰਜ ਕੇ ਦਬੀ-ਕੁਚਲੀ ਜਨਤਾ ਦੇ ਮਨ ਵਿਚ ਵਿਦਰੋਹ ਪੈਦਾ ਕਰਨ ਦਾ ਮਾਹੌਲ ਸਿਰਜਦੇ ਹਨ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਮਨੁੱਖੀ ਜਨਮ ਦੀ ਸਫ਼ਲਤਾ ਪ੍ਰਤੀ ਦਾਰਸ਼ਨਿਕ ਵਿਚਾਰ ਬੜੀ ਸਾਰਥਿਕ ਤੇ ਪ੍ਰਮਾਣਿਕ ਹੈ। ਉਹ ਸਾਰੇ ਸੰਸਾਰਕ ਸੰਸਕਾਰਾਂ ਅਤੇ ਕਰਮਾਂ ਦਾ ਨਿਸ਼ੇਧ ਕਰਕੇ ਮਨੁੱਖੀ ਜਨਮ ਦੀ ਦੁਰਲੱਭਤਾ ਪ੍ਰਤੀ ਮੌਲਿਕ ਅਤੇ ਸਾਰਥਿਕ ਧਾਰਨਾ ਪੇਸ਼ ਕਰਦੇ ਹਨ। ਉਨ੍ਹਾਂ ਦੀ ਇਸ ਧਾਰਨਾ ਦਾ ਅਧਾਰ ਮਨੁੱਖੀ ਜੀਵਨ ਵਿਚ ਗਿਆਨ ਦੇ ਅਨੁਭਵ ਦੀ ਮਨੁੱਖ ਲਈ ਆਪਣੇ-ਆਪ ਵਿਚ ਦੁਰਲੱਭ ਪ੍ਰਾਪਤੀ ਹੈ। ਗਿਆਨ ਦੀ ਦੁਰਲੱਭਤਾ ਹੀ ਉਨ੍ਹਾਂ ਦੀ ਵਿਚਾਰਧਾਰਾ ਦਾ ਦਾਰਸ਼ਨਿਕ ਆਧਾਰ ਬਣਦੀ ਹੈ। ਇਸ ਅਨੁਭਵ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਆਪਣੇ ਜਨਮ ਦੀ ਦੁਰਲੱਭਤਾ ਦਾ ਅਹਿਸਾਸ ਕਰਦਾ ਅਤੇ ਕਰਵਾਉਂਦਾ ਹੈ।

**ਆਰਥਿਕ ਪਰਿਪੇਖ ਅਤੇ ਸਭਿਆਚਾਰਕ ਪਰਿਪੇਖ ਤੋਂ ਸਾਂਝ**

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੇ ਸਮੇਂ ਸਮਾਜ ਦੀ ਆਰਥਿਕ ਹਾਲਤ ਬੜੀ ਨਿਰਾਸ਼ਾਜਨਕ ਸੀ। ਲੋਕਾਂ ਦੀ ਆਪਸੀ ਖਹਿਬਾਜ਼ੀ ਦੇ ਕਾਰਨ ਦੇਸ਼ ਛੋਟੇ-ਛੋਟੇ ਭਾਗਾਂ ਵਿਚ ਵੰਡਿਆ ਗਿਆ। ਅਜਿਹੀ ਸਥਿਤੀ ਦਾ ਬਾਹਰਲੇ ਹਮਲਾਵਰਾਂ ਨੇ ਪੂਰਾ ਫਾਇਦਾ ਉਠਾਇਆ ਅਤੇ ਉਨ੍ਹਾਂ ਨੇ ਦੇਸ਼ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਦੇਸ਼ ਉੱਨਤ ਹੋਣ ਦੀ ਥਾਂ ਗਿਰਾਵਟ ਵੱਲ ਜਾ ਰਿਹਾ ਸੀ। ਰਾਜੇ-ਮਹਾਰਾਜੇ ਅਤੇ ਜਾਗੀਰਦਾਰ ਲੋਕ ਵਿਲਾਸਮਈ ਜੀਵਨ ਬਤੀਤ ਕਰ ਰਹੇ ਸਨ; ਜਦੋਂ ਕਿ ਗਰੀਬ ਲੋਕਾਂ ਦੀ ਹਾਲਤ ਬੜੀ ਤਰਸਯੋਗ ਸੀ। ਮੁਸਲਮਾਨ ਸ਼ਾਸਨ ਵਿਚ ਹਿੰਦੂਆਂ ਨਾਲ ਵਿਤਕਰਾ ਕੀਤਾ ਜਾਂਦਾ ਸੀ। ਹਿੰਦੂਆਂ ਕੋਲ ਇੰਨਾ ਧਨ ਵੀ ਨਹੀਂ ਰਹਿਣ ਦਿੱਤਾ ਜਾਂਦਾ ਸੀ, ਜਿਸ ਨਾਲ ਉਹ ਘੋੜੇ ਦੀ ਸਵਾਰੀ ਕਰ ਸਕਣ; ਹਥਿਆਰ ਰਖ ਸਕਣ; ਸਾਫ ਕੱਪੜੇ ਪਾ ਸਕਣ ਜਾਂ ਜੀਵਨ ਦੀ ਕਿਸੇ ਹੋਰ ਵਿਲਾਸਮਈ ਵਸਤੂ ਦੀ ਵਰਤੋਂ ਕਰ ਸਕਣ।

ਦੇਸ ਨੂੰ ਖੁਸ਼ਹਾਲ ਬਣਾਉਣ ਵਿਚ ਉਥੋਂ ਦੀ ਮਿਹਨਤਕਸ਼ ਸ਼੍ਰੇਣੀ ਦਾ ਕਾਫੀ ਵੱਡਾ ਯੋਗਦਾਨ ਹੁੰਦਾ ਹੈ। ਚੰਗੀ ਆਰਥਿਕ ਵਿਵਸਥਾ ਲਈ ਪੈਦਾਵਾਰ ਦੇ ਚੰਗੇ ਸਾਧਨਾਂ ਦੀ ਜ਼ਰੂਰਤ ਹੁੰਦੀ ਹੈ। ਇਸ ਪੱਖ ਤੋਂ ਮੱਧਕਾਲੀ ਭਾਰਤ ਦੀ ਅਰਥ ਵਿਵਸਥਾ ਲਈ ਚੰਗੇ ਪੈਦਾਵਾਰੀ ਸਾਧਨ ਮੌਜੂਦ ਸਨ। ਭਾਰਤ ਮੁੱਢ ਕਦੀਮ ਤੋਂ ਹੀ ਖੇਤੀ ਪ੍ਰਧਾਨ ਦੇਸ਼ ਰਿਹਾ ਹੈ। ਇਸ ਦੀ ਉਪਜੀਵਕਾ ਮੁੱਖ ਤੌਰ ’ਤੇ ਖੇਤੀ ਅਧਾਰਤ ਸੀ। ਇਥੋਂ ਦੇ ਲੋਕ ਬੜੀ ਮਿਹਨਤ ਕਰਦੇ ਆਏ ਹਨ। ਇਨ੍ਹਾਂ ਦੀ ਸਖਤ ਮਿਹਨਤ ਸਦਕਾ ਹੀ ਦੇਸ਼ ਖੁਸ਼ਹਾਲ ਸੀ, ਜਿਸ ਦੀ ਖੁਸ਼ਹਾਲੀ

ਨੂੰ ਦੇਖ ਕੇ ਇਸ ਨੂੰ ਸੋਨੇ ਦੀ ਚਿੜੀ ਆਖਿਆ ਜਾਂਦਾ ਸੀ। ਹਿੰਦੂਸਤਾਨ ਨੂੰ ਖੁਸ਼ਹਾਲ ਦੇਖ ਕੇ ਬਾਹਰਲੇ ਹਮਲਾਵਰ ਇਸ ਉੱਤੇ ਵਾਰ-ਵਾਰ ਹਮਲੇ ਕਰਦੇ ਅਤੇ ਇਥੋਂ ਦਾ ਧਨ ਦੌਲਤ ਲੁੱਟ ਕੇ ਲੈ ਜਾਂਦੇ ਸਨ। ਡਾ. ਈਸ਼ਵਰੀ ਪ੍ਰਸ਼ਾਦ ਅਨੁਸਾਰ:

> "ਤੇਰਵੀਂ ਸਦੀ ਤੱਕ ਹਿੰਦੂਸਤਾਨ ਆਰਥਿਕ ਪੱਖ ਤੋਂ ਬਹੁਤ ਖੁਸ਼ਹਾਲ ਸੀ ਪ੍ਰੰਤੂ ਚੌਧਵੀਂ ਸਦੀ ਦੇ ਅੰਤ ਤੱਕ ਇਸ ਦੀ ਆਰਥਿਕਤਾ ਦਾ ਪਤਨ ਹੋਣ ਲਗ ਗਿਆ। ਦੇਸ਼ ਦੇ ਛੋਟੇ-ਛੋਟੇ ਟੁਕੜੇ ਹੋਣ ਲਗ ਪਏ। ਤੈਮੂਰ ਦੇ 1398 ਈ: ਵਿਚ ਕੀਤੇ ਹਮਲੇ ਨੇ ਇਥੋਂ ਦੇ ਵਪਾਰ ਅਤੇ ਖੇਤੀਬਾੜੀ ਨੂੰ ਕਾਫੀ ਨੁਕਸਾਨ ਪਹੁੰਚਾਇਆ।"[60]

ਭਗਤ ਕਬੀਰ ਜੀ ਦੀ ਬਾਣੀ ਵਿਚ ਵੀ ਭਗਤ ਰਵਿਦਾਸ ਵਾਂਗ ਸਮਕਾਲੀ ਸਮਾਜ ਦੀ ਵਪਾਰ ਅਵਸਥਾ ਅਤੇ ਹੱਟੀਆਂ ਸੰਬੰਧੀ ਹਵਾਲੇ ਉਪਲਬਧ ਹਨ। ਉਸ ਸਮੇਂ ਡੰਗਰਾਂ ਨਾਲ ਹੀ ਸਮਾਨ ਦੀ ਢੋਆ-ਢੁਆਈ ਕੀਤੀ ਜਾਂਦੀ ਸੀ। ਮੱਧ ਯੁੱਗ ਸਮੇਂ ਦੀ ਆਰਥਿਕ ਹਾਲਤ ਦਾ ਵਰਨਣ ਕਰਦੇ ਹੋਏ ਪ੍ਰਸਿੱਧ ਇਤਿਹਾਸਕਾਰ ਡਾ. ਫੌਜਾ ਸਿੰਘ ਲਿਖਦੇ ਹਨ:

> "ਉਦਯੋਗ, ਖੇਤਬਾੜੀ ਅਤੇ ਦੂਜੇ ਆਰਥਿਕ ਸਾਧਨਾਂ ਨੂੰ ਨਿਤ ਦੀ ਗੜਬੜ ਨੇ ਚੌਖੀ ਸੱਟ ਮਾਰੀ ਸੀ। ਉਸ ਸਮੇਂ ਸੜਕਾਂ ਅਸੁਰੱਖਿਅਤ ਸਨ। ਉਨ੍ਹਾਂ ਉੱਤੇ ਅਕਸਰ ਡਾਕੂ ਫਿਰਦੇ ਰਹਿੰਦੇ ਸਨ। ਵਪਾਰੀਆਂ ਦੇ ਕਾਫਲੇ ਸ਼ਾਹੀ ਸੈਨਿਕਾਂ ਦੀ ਸਹਾਇਤਾ ਨਾਲ ਇਕ ਥਾਂ ਤੋਂ ਦੂਜੀ ਥਾਂ ਜਾ ਸਕਦੇ ਸਨ।"[61]

ਭਗਤ ਰਵਿਦਾਸ ਜੀ ਦੀ ਬਾਣੀ ਵਿਚ 'ਬਾਜੀਗਰ' ਅਤੇ 'ਬਾਜੀ' ਸ਼ਬਦਾਂ ਦਾ ਵਰਨਣ ਮਿਲਦਾ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਕਿੱਤਾ ਉਸ ਸਮੇਂ ਦੇ ਸਮਾਜ ਵਿਚ ਕੁਝ ਗਰੀਬ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਹੋਵੇਗਾ। ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਲਿਖਦੇ ਹਨ:

> "ਕਹਿ ਰਵਿਦਾਸ ਬਾਜੀ ਜਗੁ ਭਾਈ।
> ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ।"[62]

ਭਗਤ ਕਬੀਰ ਜੀ ਦੀ ਬਾਣੀ ਵਿਚ ਵੀ ਭਗਤ ਰਵਿਦਾਸ ਜੀ ਦੀ ਬਾਣੀ ਵਾਂਗ 'ਬਾਜੀਗਰ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਭਗਤ ਕਬੀਰ ਜੀ ਫਰਮਾਉਂਦੇ ਹਨ:

> "ਬਾਜੀਗਰ ਡੰਕ ਬਜਾਈ, ਸਭ ਖਲਕ ਤਮਾਸੇ ਆਈ।
> ਬਾਜੀਗਰ ਸ੍ਵਾਂਗੁ ਸਕੇਲਾ, ਅਪਨੇ ਰੰਗ ਰਵੈ ਅਕੇਲਾ।"[63]

ਭਗਤ ਕਬੀਰ ਜੀ ਦੇ ਸਮੇਂ ਦੀਆਂ ਪਰਿਸਥਿਤੀਆਂ ਉਨ੍ਹਾਂ ਦੇ ਅਨੁਕੂਲ ਨਹੀਂ ਸਨ। ਇਨ੍ਹਾਂ ਭਗਤ ਕਵੀਆਂ ਨੇ ਆਤਮਕ ਉੱਚਤਾ ਦੇ ਬਲ ਨਾਲ ਇਨ੍ਹਾਂ ਪਰਿਸਥਿਤੀਆਂ ਦਾ ਸਾਹਮਣਾ ਕੀਤਾ। ਦੋਵੇਂ ਭਗਤ ਕਵੀਆਂ ਭਗਤ

ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਮੂਰਤੀ ਪੂਜਾ, ਕਰਮਕਾਂਡ ਅਤੇ ਬਾਹਰੀ ਅਡੰਬਰਾਂ ਦਾ ਤਿਆਗ ਕਰਕੇ ਇਕ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਇਨ੍ਹਾਂ ਭਗਤ ਕਵੀਆਂ ਨੇ ਆਪਣੀ ਬਾਣੀ ਦੁਆਰਾ ਸਮਾਜਕ ਬੁਰਾਈਆਂ ਦੀ ਵਿਰੋਧਤਾ ਕਰਦੇ ਹੋਏ ਮਨੁੱਖਤਾਵਾਦੀ ਅਤੇ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਕਰਨ ਲਈ ਉਪਰਾਲੇ ਕੀਤੇ। ਜਾਤ-ਪਾਤ ਦਾ ਖੰਡਨ ਕਰਕੇ ਸਮਾਜ ਵਿਚ ਭਾਈਚਾਰਕ ਸਾਂਝ ਪੈਦਾ ਕੀਤੀ। ਦੋਵੇਂ ਭਗਤਾਂ ਨੇ ਪ੍ਰੋਹਿਤ ਵਰਗ ਦੇ ਪਾਖੰਡਾਂ ਨੂੰ ਲੋਕਾਂ ਸਾਹਮਣੇ ਨੰਗਾ ਕੀਤਾ। ਧਰਮ ਅਤੇ ਸਮਾਜ ਦੇ ਠੇਕੇਦਾਰਾਂ ਨਾਲ ਟੱਕਰ ਲੈ ਕੇ ਜਨ-ਸਧਾਰਣ ਨੂੰ ਉੱਚ ਜੀਵਨ ਜਿਉਣ ਦੀ ਸਹੀ ਸੇਧ ਦਿੱਤੀ। ਦੋਵੇਂ ਭਗਤਾਂ ਨੇ ਲੋਕਾਂ ਦੀ ਭਲਾਈ ਅਤੇ ਹਰ ਪ੍ਰਕਾਰ ਦੀ ਅਸਮਾਨਤਾ ਨੂੰ ਦੂਰ ਕਰਨ ਲਈ ਜੀਵਨ ਭਰ ਸੰਘਰਸ਼ ਕੀਤਾ ਅਤੇ ਹੱਕ, ਸੱਚ ਅਤੇ ਇਨਸਾਫ ਲਈ ਅਵਾਜ਼ ਬੁਲੰਦ ਕਰਦੇ ਹੋਏ ਪ੍ਰਭੂ ਭਗਤੀ ਕਰਨ ਦਾ ਰਾਹ ਦਰਸਾਇਆ।

ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ 'ਅਰਥ' ਦੀ ਪਰਿਭਾਸ਼ਾ ਕਰਦਿਆਂ ਕਿਹਾ ਗਿਆ ਹੈ ਕਿ 'ਅਰਥ' ਵਸਤੂਆਂ ਦੀ ਪ੍ਰਾਪਤੀ ਦਾ ਵਸੀਲਾ ਵੀ ਹੈ ਅਤੇ ਆਦਾਨ-ਪ੍ਰਦਾਨ ਦਾ ਸਾਧਨ ਵੀ ਹੈ। ਸਾਰੇ ਧਾਰਮਿਕ ਗ੍ਰੰਥਾਂ ਵਿਚ ਅਨੈਤਿਕ ਢੰਗਾਂ ਦੁਆਰਾ ਕਮਾਏ ਧਨ ਦੀ ਪ੍ਰਾਪਤੀ ਵਿਵਰਜਿਤ ਸਮਝੀ ਗਈ ਹੈ। ਇਸ ਲਈ ਦਸਾਂ ਨਹੁੰਆਂ ਦੀ ਕਮਾਈ ਭਾਵ ਸੁੱਚੀ ਕਿਰਤ ਨੂੰ ਜਾਇਜ਼ ਅਤੇ ਹਰਾਮ ਦੀ ਕਮਾਈ ਨੂੰ ਨਜਾਇਜ਼ ਸਮਝਿਆ ਗਿਆ ਹੈ।

ਆਪ ਨੇ ਉਪਦੇਸ਼ ਦਿੱਤਾ ਹੈ ਕਿ ਪੁਰਾਣ ਆਦਿ ਸੁਣਕੇ ਵੀ ਪਾਪੀ ਮਨੁੱਖ ਡਾਕੇ ਮਾਰ-ਮਾਰ ਕੇ ਪਰਾਏ ਘਰ ਲੁੱਟ ਲੁੱਟ ਕੇ ਹੀ ਆਪਣਾ ਢਿੱਡ ਭਰਦਾ ਰਿਹਾ ਤੇ ਸਾਰੀ ਉਮਰ ਉਹੀ ਮੂਰਖਤਾ ਕਰਦਾ ਰਿਹਾ ਹੈ, ਜਿਸ ਨਾਲ ਅਗਲੇ ਜਹਾਨ ਵਿਚ ਭੀ ਬਦਨਾਮੀ ਦਾ ਟਿੱਕਾ ਹੀ ਮਿਲਦਾ। ਆਪ ਨੇ ਡਾਕੇ ਮਾਰਨ ਅਤੇ ਪਰਾਏ ਧਨ ਨੂੰ ਲੁੱਟਣ ਦੀ ਵਿਰੋਧਤਾ ਕੀਤੀ। ਭਗਤ ਕਬੀਰ ਜੀ ਦਾ ਫਰਮਾਨ ਹੈ:

"ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਰਹਾਉ॥"[64]

ਭਗਤ ਕਬੀਰ ਜੀ ਨੇ ਰਾਗੁ ਗਉੜੀ ਪੂਰਬੀ ਬਾਵਨ ਅਖਰੀ ਵਿਚ ਹੱਕ ਹਲਾਲ ਦੀ ਕਮਾਈ ਸੰਬੰਧੀ ਫਰਮਾਨ ਹੈ:

"ਜਜਾ ਜਉ ਤਨ ਜੀਵਤ ਜਰਾਵੈ॥
ਜੋਬਨ ਜਾਰਿ ਜੁਗਤਿ ਸੋ ਪਾਵੈ॥
ਅਸ ਜਰਿ ਪਰ ਜਰਿ ਜਰਿ ਜਬ ਰਹੈ।
ਤਬ ਜਾਇ ਜੋਤਿ ਉਜਾਰਉ ਲਹੈ॥"[65]

ਇਸ ਬਾਣੀ ਬੰਦ ਵਿਚ ਭਗਤ ਕਬੀਰ ਜੀ ਨੇ ਸੰਦੇਸ਼ ਦਿੱਤਾ ਹੈ ਕਿ ਪੁਰਸ਼ ਜਿਉਂਦਿਆਂ ਹੀ ਤਨ ਨੂੰ ਸਾੜ ਸੁੱਟਦਾ ਹੈ। ਜਵਾਨੀ ਨੂੰ ਸਾੜ ਕੇ ਉਹੀ ਪਰਮਾਤਮਾ ਨਾਲ ਪ੍ਰੇਮ ਕਰਨ ਦੀ ਜਾਂਚ ਲੱਭ ਲੈਂਦਾ ਹੈ। ਜਦੋਂ ਧਨ ਹੈ, ਇਹ ਖਿਆਲ ਪਰ ਧਨ ਦਾ ਲੋਭ, ਸੜ ਚੁੱਕਾ ਹੈ, ਤਦੋਂ ਨਿਰੰਕਾਰ ਦੇ ਚਾਨਣ ਨੂੰ ਜਾਣੀਦਾ ਹੈ। ਆਪ ਨੇ ਪਰ ਧਨ ਹਥਿਆਉਣ ਦੀ ਵਿਰੋਧਤਾ ਕੀਤੀ ਹੈ ਅਤੇ ਕਮਾਏ ਹੋਏ ਧਨ ਨੂੰ ਹੀ ਠੀਕ ਮੰਨਿਆ ਹੈ।

ਭਗਤ ਕਵੀਆਂ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ  ਨੇ ਇਹ ਉਪਦੇਸ਼ ਵੀ ਦਿੱਤਾ ਹੈ ਕਿ ਮਾਇਆ ਦੇ ਇਕੱਤ੍ਰੀਕਰਨ ਵਿਚ ਜੀਵਨ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਧਨ ਦਾ ਮਾਣ ਕਰਨਾ ਚਾਹੀਦਾ ਹੈ। ਭਗਤ ਕਬੀਰ ਜੀ ਨੇ ਰਾਗੁ ਗਉੜੀ ਵਿਚ ਲਿਖਿਆ ਹੈ:

"ਚੋਆ ਚੰਦਨੁ ਮਰਦਨ ਅੰਗਾ।।
ਸੋ ਤਨੁ ਜਲੈ ਕਾਠ ਕੈ ਸੰਗਾ।।"[66]
"ਇਸੁ ਤਨ ਧਨ ਕੀ ਕਵਨ ਬਡਾਈ।।
ਧਰਨਿ ਪਰੈ ਉਰਵਾਰਿ ਨ ਜਾਈ।।੧।। ਰਹਾਉ।।"[67]

ਭਗਤ ਰਵਿਦਾਸ ਜੀ ਇਕ ਯੁੱਗ-ਪੁਰਸ਼ ਸਨ, ਜਿਨ੍ਹਾਂ ਨੇ ਭਾਰਤੀ ਸਭਿਆਚਾਰ ਨੂੰ ਅੰਦੋਲਿਤ ਕਰਕੇ ਇਸ ਵਿਚ ਨਵ-ਜੀਵਨ ਦਾ ਸੰਚਾਰ ਕੀਤਾ। ਸਮੇਂ-ਸਮੇਂ ਹਰ ਦੇਸ਼ ਦੇ ਸਭਿਆਚਾਰ ਵਿਚ ਇਕ ਜੜ੍ਹਤਾ ਆ ਜਾਂਦੀ ਹੈ, ਜਿਸ ਦੀ ਵਜ੍ਹਾ ਨਾਲ ਸਭਿਆਚਾਰ ਦਾ ਅੱਗੇ ਵਲ ਘੁੰਮਦਾ ਪਹੀਆਂ ਜਾਂ ਤਾਂ ਰੁਕ ਜਾਂਦਾ ਹੈ ਅਤੇ ਜਾਂ ਪਿੱਛੇ ਵੱਲ ਘੁੰਮਣਾ ਸ਼ੁਰੂ ਕਰ ਦਿੰਦਾ ਹੈ। ਸੱਤਾਧਾਰੀ ਧਿਰ ਨੂੰ ਅਜਿਹੇ ਸਮੇਂ ਦੀ ਜ਼ਰੂਰਤ ਹੁੰਦੀ ਹੈ। ਇਸ ਕਾਰਨ ਇਹ ਧਿਰ ਚਾਹੁੰਦੀ ਹੈ ਕਿ ਇਹ ਪਹੀਆ ਰੁਕਿਆ ਹੀ ਰਹੇ ਤਾਂ ਜੋ ਇਹ ਕਿਸੇ ਦੇਸ਼ ਦੇ ਪ੍ਰਾਕਿਰਤਕ ਅਤੇ ਮਾਨਵੀ ਸੋਮਿਆਂ ਲਈ ਲੁੱਟ-ਖਸੁੱਟ ਪੂਰੀ ਬੇਰਹਿਮੀ ਨਾਲ ਕਰ ਸਕੇ। ਇਸ ਲਈ ਉਹ ਅਜਿਹੇ ਵਰਗਾਂ ਨੂੰ ਉਤਸ਼ਾਹਿਤ ਕਰਦੀ ਹੈ, ਜਿਹੜੀ ਇਸ ਦੁਸ਼ਕਾਰਜ ਵਿਚ ਉਨ੍ਹਾਂ ਦੀ ਸਹਾਇਤਾ ਕਰ ਸਕਣ। ਪ੍ਰਕਿਰਤੀ ਅਤੇ ਇਸ ਦੇ ਸੰਚਾਲਕ ਪਰਮਾਤਮਾ ਨੂੰ ਅਜਿਹਾ ਮਾਹੌਲ ਪ੍ਰਵਾਨ ਨਹੀਂ ਹੁੰਦਾ। ਇਸ ਲਈ ਉਹ ਕੁਝ ਅਜਿਹੇ ਮਹਾਂਪੁਰਖਾਂ ਨੂੰ ਜਨਮ ਦਿੰਦੀ ਹੈ, ਜਿਹੜੇ ਅਮਾਨਵੀ ਵਿਵਸਥਾ ਦੇ ਚਕਰਵਿਊ ਨੂੰ ਤੋੜ ਕੇ ਕਿਸੇ ਅਜਿਹੇ 'ਬੇਗ਼ਮਪੁਰੇ' ਦਾ ਨਿਰਮਾਣ ਕਰ ਸਕਣ, ਜਿਥੇ ਹਰ ਕਿਰਤੀ ਅਤੇ ਮਿਹਨਤੀ ਆਦਮੀ ਖੁਸ਼ ਹੋਵੇ; ਹਰ ਵਿਅਕਤੀ ਰੋਜ਼ੀ-ਰੋਟੀ ਦੇ ਸੰਸੇ ਤੋਂ ਮੁਕਤ ਹੋਵੇ ਅਤੇ ਪੂਰੀ ਅਜ਼ਾਦੀ ਨਾਲ ਆਪਣੇ ਮਾਨਵੀ ਧਰਮ ਦਾ ਨਿਰਬਾਹ ਕਰ ਸਕੇ।

ਭਗਤ ਰਵਿਦਾਸ ਜੀ ਪਰਮਾਤਮਾ ਅਤੇ ਪ੍ਰਕਿਰਤੀ ਵੱਲੋਂ ਵਰੋਸਾਏ ਹੋਏ ਇਕ ਅਜਿਹੇ ਮਹਾਂਮਾਨਵ ਸਨ। ਉਨ੍ਹਾਂ ਨੇ ਭਾਰਤੀ ਸਭਿਆਚਾਰ ਵਿਚ ਆ ਚੁੱਕੀ ਖੜੋਤ ਨੂੰ ਦੇਖਿਆ। ਇਸ ਦੇ ਕਾਰਨਾਂ ਦੀ ਤਲਾਸ਼ ਕੀਤੀ ਅਤੇ ਸਭਿਆਚਾਰ ਨੂੰ ਇਕ ਅਜਿਹੀ ਨਵੀਂ ਦਿਸ਼ਾ ਦਿੱਤੀ, ਜਿਸ ਵਿਚ ਕਿਰਤੀ, ਦਮਿਤ, ਦਲਿਤ ਅਤੇ ਵਿਭਿੰਨ ਜਾਤੀਆਂ ਦੇ ਲੋਕ ਵੀ ਆਪਣਾ ਸਿਰ ਉਠਾ ਕੇ ਸ੍ਵੈਮਾਨ ਨਾਲ ਜੀਅ ਸਕਣ। ਉਹ ਆਪ ਉਸ ਦੌਰ ਵਿਚ ਪੈਦਾ ਹੋਏ ਸਨ, ਜਿਸ ਵਿਚ ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ

ਵਰਗੇ ਮਹਾਂਪੁਰਸ਼ਾਂ ਨੇ ਇਕ ਸਭਿਆਚਾਰਕ ਇਨਕਲਾਬ ਲਿਆਂਦਾ ਅਤੇ ਕਿਰਤੀਆਂ-ਕਿਸਾਨਾਂ ਨੂੰ ਮਾਨਵੀ ਜੀਵਨ ਦੇ ਗੌਰਵ ਨਾਲ ਪਰਿਚਿਤ ਕਰਵਾਇਆ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਇਕ ਅਜਿਹੇ ਇਕ ਈਸ਼ਵਰਵਾਦੀ ਭਗਤ ਸਨ, ਜੋ ਪਰਮਾਤਮਾ ਸਾਹਮਣੇ ਸੰਪੂਰਨ ਸਮਰਪਣ ਵਿਚ ਵਿਸ਼ਵਾਸ ਰੱਖਣ ਦੇ ਨਾਲ-ਨਾਲ ਸਾਰੇ ਰਵਾਇਤੀ ਕਰਮ-ਕਾਂਡਾਂ ਦਾ ਨਿਸ਼ੇਧ ਕਰਦੇ ਹਨ। ਉਨ੍ਹਾਂ ਲਈ ਰੱਬੀ ਏਕਤਾ, ਇਨਸਾਨੀ ਏਕਤਾ ਦਾ ਪਾਠ ਪੜ੍ਹਾਉਣ ਦਾ ਇਕ ਉੱਤਮ ਵਸੀਲਾ ਬਣ ਜਾਂਦੀ ਹੈ। ਜਾਤ ਦੀ ਉੱਚਤਾ ਜਾਂ ਨੀਚਤਾ ਦਾ ਸਵਾਲ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਤਾਂ ਪ੍ਰੇਸ਼ਾਨ ਨਹੀਂ ਕਰਦਾ, ਪ੍ਰੰਤੂ ਆਪਣੀ ਬਾਣੀ ਦੇ ਮਾਧਿਅਮ ਨਾਲ ਉਹ ਮਨੁੱਖ ਦੀ ਸਮਾਨਤਾ ਅਤੇ ਸੁਤੰਤਰਤਾ ਉਤੇ ਲਗਾਈਆਂ। ਇਨ੍ਹਾਂ ਜ਼ੰਜੀਰਾਂ ਨੂੰ ਤੋੜਨ ਲਈ ਵਚਨਬੱਧ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਕਬੀਰ ਜੀ ਦਾ ਸੰਦੇਸ਼ ਅਤੇ ਉਦੇਸ਼ ਮਾਨਵਤਾਵਾਦ ਵਿਚ ਅਟੁੱਟ ਆਸਥਾ ਨੂੰ ਪ੍ਰਗਟ ਕਰਦਾ ਹੈ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਸਾਡੇ ਸਭਿਆਚਾਰ ਵਿਚਲੀਆਂ ਅਸਮਾਨਤਾਵਾਂ ਨੂੰ ਅਸਵੀਕਾਰ ਕੀਤਾ। ਉਨ੍ਹਾਂ ਨੇ ਕੁਝ ਵੱਖਰੇ-ਵੱਖਰੇ ਤੱਤਾਂ ਦਾ ਸੁਮੇਲ ਹੀ ਨਹੀਂ ਕੀਤਾ, ਬਲਕਿ ਸਮੁੱਚੀ ਮਨੁੱਖਤਾ ਦੇ ਕਲਿਆਣ ਵਾਸਤੇ ਇਕ ਨਵੀਂ, ਤੱਤਕਾਲੀ ਯੁੱਗ ਅਨੁਕੂਲ ਮਾਨਵਤਾਵਾਦੀ ਨੂੰ ਜਨਮ ਦਿੱਤਾ।

**ਰਾਜਨੀਤਿਕ ਪਰਿਪੇਖ ਦੀਆਂ ਸਾਝਾਂ**

ਮੱਧਕਾਲੀਨ ਸਮਾਜ ਵਿਚ ਸ਼ਾਸਕ ਵਰਗ ਜਨਤਾ ਦੀਆਂ ਨਜ਼ਰਾਂ ਵਿਚ ਡਿੱਗ ਚੁੱਕਾ ਸੀ ਅਤੇ ਜਨਤਾ ਹਰ ਪੱਖ ਤੋਂ ਨਿਰਾਸ਼ ਹੋ ਚੁੱਕੀ ਸੀ। ਹਿੰਦੂਆਂ ਨੂੰ ਜ਼ਬਰੀ ਇਸਲਾਮ ਕਬੂਲ ਕਰਵਾਇਆ ਜਾਂਦਾ ਸੀ। ਕਾਜ਼ੀਆਂ ਦੀ ਸਲਾਹ ਨਾਲ ਮੁਸਲਮਾਨ ਸ਼ਾਸਕ ਫੈਸਲੇ ਕਰਦੇ ਸਨ, ਅਜਿਹੀ ਸਥਿਤੀ ਵਿਚ ਜਨ-ਸਧਾਰਣ ਸ਼ਾਂਤੀ, ਪ੍ਰੇਮ ਅਤੇ ਸਦਭਾਵਨਾ ਲਈ ਤਤਪਰ ਹੋ ਉਠਿਆ ਸੀ। ਜਦੋਂ ਹਿੰਦੂ ਅਤੇ ਮੁਸਲਮਾਨ ਭਾਵੇਂ ਕਿਸੇ ਵੀ ਕਾਰਨ ਇਕ ਦੂਜੇ ਦੇ ਪੜੌਸੀ ਬਣੇ, ਉਨ੍ਹਾਂ ਵਿਚ ਆਪਸ ਵਿਚ ਪ੍ਰੇਮ ਨਾਲ ਰਹਿਣ ਦੀ ਇੱਛਾ ਪੈਦਾ ਹੋ ਗਈ ਸੀ। ਦੋਨਾਂ ਜਾਤੀਆਂ ਵਿਚ ਮਨੁੱਖਤਾਵਾਦੀ ਉਦਾਰਚਿਤ ਮਹਾਂਪੁਰਸ਼ ਸਨ, ਜੋ ਹਿੰਦੂ ਅਤੇ ਮੁਸਲਮਾਨਾਂ ਦਾਂ ਮਾਨਸਿਕ ਭਾਵਨਾਵਾਂ ਨੂੰ ਸਮਝਦੇ ਹੋਏ ਉਨ੍ਹਾਂ ਨੂੰ ਆਪਸੀ ਭਾਈਚਾਰੇ ਦੀ ਕੜੀ ਵਿਚ ਪ੍ਰੋਣ ਲਈ ਇਕ ਦੂਜੇ ਲਈ ਪ੍ਰੇਮ ਭਾਵ ਪੈਦਾ ਕਰਨ ਲਈ ਤਤਪਰ ਸਨ। ਇਸ ਪ੍ਰਕਾਰ ਦੀ ਭਾਈਚਾਰਕ ਸਾਂਝ ਸਥਾਪਤ ਕਰਨ ਦਾ ਉਪਰਾਲਾ ਸਭ ਤੋਂ ਪਹਿਲਾਂ ਵੈਸ਼ਨਵ ਭਗਤੀ ਅੰਦੋਲਨ ਦੇ ਨੇਤਾ ਸਵਾਮੀ ਰਾਮਾਨੰਦ ਨੇ ਕੀਤਾ। ਇਸ ਤੋਂ ਮਗਰੋਂ ਉਨ੍ਹਾਂ ਦੇ ਪਰਵਰਤੀ ਮਾਨਵਵਾਦੀ ਦ੍ਰਿਸ਼ਟੀਕੋਣ ਅਪਣਾਉਣ ਵਾਲੇ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਨੇ ਇਸ ਅੰਦੋਲਨ ਦੀ ਅਗਵਾਈ ਕੀਤੀ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਕਈ ਅਜਿਹੇ ਸੰਕੇਤ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਉਸ ਸਮੇਂ ਦਾ ਰਾਜਨੀਤਕ ਪਰਿਸਥਿਤੀਆਂ ਸੰਬੰਧੀ ਜਾਣਕਾਰੀ ਮਿਲਦੀ ਹੈ। ਭਾਵੇਂ ਆਪ ਨੇ ਪਰੋਖ ਰੂਪ ਵਿਚ ਕੁਝ ਨਹੀਂ ਲਿਖਿਆ, ਪ੍ਰੰਤੂ 'ਬੇਗਮਪੁਰਾ' ਸ਼ਬਦ ਵਿਚ ਰਾਜਨੀਤਕ ਅਵਸਥਾ ਸੰਬੰਧੀ ਜਾਣਕਾਰੀ ਮਿਲਦੀ ਹੈ। ਸਮਕਾਲੀ ਰਾਜਿਆਂ ਦੇ ਜੀਵਨ ਦੀ ਥੋੜ੍ਹਚਿਰਤਾ, ਜੀਵਨ ਅਤੇ ਰਾਜ ਦੀ

ਅਨਿਸ਼ਚਤਤਾ ਸੰਬੰਧੀ, ਹਾਕਮਾਂ ਦੇ ਪਰਜਾ ਸੰਬੰਧੀ ਵਿਤਕਰੇ, ਊਚ-ਨੀਚ ਅਤੇ ਅਮੀਰ ਹਵਾਲੇ ਦ੍ਰਿਸ਼ਟੀਗੋਚਰ ਹੁੰਦੇ ਹਨ। ਸਮਕਾਲੀ ਰਾਜਿਆਂ ਦਾ ਕੰਮ ਜਨਤਾ ਉੱਤੇ ਟੈਕਸ ਲਾਉਣਾ, ਡਰ ਅਤੇ ਤਸੀਹੇ ਦੇ ਕੇ ਆਪਣੇ ਧਰਮ ਤੋਂ ਪਤਿਤ ਕਰਨਾ, ਉਨ੍ਹਾਂ ਦੇ ਜੀਵਨ ਵਿਚ ਮੁਸ਼ਕਲ ਪੈਦਾ ਕਰਨਾ ਅਤੇ ਜਿੱਲਤ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕਰਨਾ ਸੀ। ਭਗਤ ਰਵਿਦਾਸ ਜੀ ਨੇ ਅਧਿਕਾਰ ਵਿਹੂਣੀ ਲੋਕਾਈ ਦੇ ਸਨਮੁਖ ਅਯਥਾਰਥਿਕ ਰਾਜ ਦੀ ਬਜਾਇ ਯਥਾਰਥਿਕ ਅਤੇ ਸਥਾਈ ਰਾਜ ਦਾ ਮਾਡਲ ਰੱਖਿਆ, ਜਿਸ ਵਿਚ ਹਰ ਮਨੁੱਖ ਸਮਾਨਤਾ ਦਾ ਅਧਿਕਾਰੀ ਹੈ। ਇਹੋ-ਜਿਹੇ ਰਾਜ ਵਿਚ ਸਾਰੇ ਲੋਕ ਰਾਜ ਸੱਤਾ ਦੇ ਸਹਿਮ, ਡਰ ਅਤੇ ਕਰਾਂ ਤੋਂ ਮੁਕਤ ਹੋਣਗੇ। ਭਗਤ ਰਵਿਦਾਸ ਆਪਣੀ ਬਾਣੀ ਵਿਚ ਰਾਜਨੀਤਕ ਅਵਸਥਾ ਦਾ ਸੰਕੇਤ ਮਾਤਰ ਵਰਨਣ ਕਰਦੇ ਹਨ:

> "ਬੇਗਮ ਪੁਰਾ ਸਹਰ ਕੋ ਨਾਉ।
> ਦੂਖੁ ਅੰਦੋਹੁ ਨਹੀ ਤਿਹਿ ਠਾਉ।
> ਨਾਂ ਤਸਵੀਸ ਖਿਰਾਜੁ ਨ ਮਾਲੁ।
> ਖਉਫੁ ਨ ਖਤਾ ਨ ਤਰਸੁ ਜੁਵਾਲੁ।
> ਅਬ ਮੋਹਿ ਖੂਬ ਵਤਨ ਗਹ ਪਾਈ।
> ਊਹਾਂ ਖੈਰਿ ਸਦਾ ਮੇਰੇ ਭਾਈ।।੧।। ਰਹਾਉ।।
> ਕਾਇਮ ਦਾਇਮੁ ਸਦਾ ਪਾਤਿਸਾਹੀ।
> ਦੋਮ ਨ ਸੇਮ ਏਕ ਸੋ ਆਹੀ।
> ਆਬਾਦਾਨੁ ਸਦਾ ਮਸਹੂਰ।
> ਉਹਾਂ ਗਨੀ ਬਸਹਿ ਮਾਮੂਰ।
> ਤਿਉ ਤਿਉ ਸੈਲ ਕਰਹਿ ਜਿਉ ਭਾਵੈ।
> ਮਹਰਮ ਮਹਲ ਨ ਕੋ ਅਟਕਾਵੈ।
> ਕਹਿ ਰਵਿਦਾਸ ਖਲਾਸ ਚਮਾਰਾ,
> ਜੋ ਹਮ ਸਹਰੀ ਸੁ ਮੀਤੁ ਹਮਾਰਾ।"[68]

ਅਜਿਹੇ ਰਾਜ ਦਾ ਚਿਤਰ ਉਘਾੜਨਾ, ਉਸ ਨੂੰ ਸਕਾਰ ਕਰਨ ਲਈ ਅਧਿਕਾਰ ਵਿਹੂਣੀ ਜਨਤਾ ਦਾ ਰਾਹੀਗਰ ਬਣਨਾ, ਇਸ ਕਾਰਜ ਲਈ ਕਿਰਿਆਸ਼ੀਲ ਹੋਣਾ, ਇਸ ਤੱਥ ਨੂੰ ਸਪਸ਼ਟ ਕਰਦਾ ਹੈ ਕਿ ਆਪ ਮੌਜੂਦਾ ਰਾਜ ਪ੍ਰਬੰਧ ਤੋਂ ਸੰਤੁਸ਼ਟ ਨਹੀਂ ਸਨ। ਉਹ 'ਬੇਗਮਪੁਰਾ' ਵਰਗੇ ਆਦਰਸ਼ ਸਮਾਜ, ਰਾਜ ਅਤੇ ਵਿਧਾਨ ਦੀ ਸਥਾਪਨਾ ਹੋਈ ਵੇਖਣਾ ਚਾਹੁੰਦੇ ਸਨ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਨਿਰਪੱਖਤਾ ਦਾ ਨਿਰੂਪਣ ਪੇਸ਼ ਕਰਦੇ ਹੋਏ ਇਕ ਖੁਸ਼ਹਾਲ ਸਮਾਜ ਦਾ ਸੰਕਲਪ ਪੇਸ਼ ਕੀਤਾ ਹੈ। ਇਹ ਸਮਾਜ ਅਦੁੱਤੀ ਅਤੇ ਬੇਮਿਸਾਲ ਹੈ। ਇਸ ਨਿਰਪੱਖ

ਸਮਾਜ ਨੂੰ ਉਨ੍ਹਾਂ ਨੇ 'ਬੇਗਮਪੁਰਾ' ਦਾ ਨਾਂ ਦਿੱਤਾ ਹੈ, ਜਿਹੜਾ ਦੋਸ਼ ਰਹਿਤ ਹੈ। ਉਥੇ ਨਾ ਕੋਈ ਦੁੱਖ ਹੈ ਅਤੇ ਨਾ ਹੀ ਚਿੰਤਾ ਲਈ ਕੋਈ ਥਾਂ ਹੈ। ਇਸ ਸੰਕਲਪਿਤ ਸਮਾਜ ਵਿਚ ਊਚ-ਨੀਚ, ਰੰਗ-ਨਸਲ ਅਤੇ ਗਰੀਬ-ਅਮੀਰ ਦਾ ਵਿਤਕਰਾ ਨਹੀਂ ਹੈ। ਇਥੇ ਕੋਈ ਬਾਦਸ਼ਾਹ ਨਹੀਂ ਹੈ ਤੇ ਸਾਰੇ ਮਨੁੱਖ ਸਮਾਨ ਹਨ। ਭਗਤ ਰਵਿਦਾਸ ਜੀ ਇਕ ਅਜਿਹਾ ਸ਼ਾਸਨ ਪ੍ਰਬੰਧ ਦੇਖਣਾ ਚਾਹੁੰਦੇ ਸਨ, ਜਿਥੇ ਸਾਰੇ ਨਾਗਰਿਕਾਂ ਦੇ ਹੱਕ ਹਕੂਕ ਬਰਾਬਰ ਹੋਣਗੇ ਅਤੇ ਜਿਥੇ ਕੋਈ ਵੀ ਵਿਅਕਤੀ ਦੂਜੇ ਜਾਂ ਤੀਜੇ ਦਰਜੇ ਦਾ ਸ਼ਹਿਰੀ ਨਹੀਂ ਹੋਵੇਗਾ।

ਉਪਰੋਕਤ ਸ਼ਬਦ ਸੰਬੰਧੀ ਡਾ. ਤਰਲੋਕ ਸਿੰਘ ਕੰਵਰ ਦਾ ਮਤ ਹੈ ਕਿ:

ਬੇਗਮਪੁਰਾ ਸ਼ਹਿਰ ਭਗਤ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿਚ ਐਸਾ ਸਥਾਨ ਹੈ, ਜਿਥੇ ਮਹਾਨਤਾ ਦੀ ਭਰਪੂਰ ਆਜ਼ਾਦੀ ਨੂੰ ਵਿਗਸਾਉਣ ਵਾਲਾ ਮਾਹੌਲ ਹੈ। ਆਪਣੀ ਗੱਲ ਕਹਿਣ ਲਈ ਉਹ ਸਾਮੰਤੀ ਸਭਿਆਚਾਰ, ਪਾਬੰਦੀਆਂ, ਮਜ਼ਬੂਰੀਆਂ ਅਤੇ ਦੁਸ਼ਵਾਰੀਆਂ ਵਾਲੇ ਮਾਹੌਲ ਦੀ ਗੱਲ ਨਾ-ਮੁਖ ਮੁਹਾਵਰੇ ਵਿਚ ਨਾਲੋਂ ਨਾਲ ਕਰਦਾ ਹੈ। ਇਸ ਤਰ੍ਹਾਂ ਉਹ ਸ਼ਹਿਰ ਜਾਂ ਵਤਨ ਤੇ ਅਧਿਆਤਮੀ ਸੰਕਲਪ ਨੂੰ ਕੇਂਦਰ ਵਿਚ ਰੱਖ ਕੇ ਸਾਮੰਤਵਾਦ ਉਪਰ ਮਾਨਵਤਾ ਦੀ ਆਜ਼ਾਦੀ ਦੇ ਬਿੰਦੂ ਤੋਂ ਕਰੜੀ ਟਿੱਪਣੀ ਕਰ ਰਿਹਾ ਹੈ।

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਉਸ ਸਮੇਂ ਦੇ ਰਾਜਿਆਂ ਦੇ ਥੋੜ੍ਹ ਚਿਰੇ ਜੀਵਨ ਦਾ ਵਰਨਣ ਕਰਦੇ ਹਨ, ਜੋ ਆਪਣੇ ਰਾਜਸੀ ਜੀਵਨ ਦੀ ਸੱਜ-ਧੱਜ ਅਤੇ ਰਾਜ ਪ੍ਰਤਾਪ ਦੇ ਝੂਠੇ ਦਿਖਾਵੇ ਕਰਦੇ ਹਨ। ਆਪ ਅਨੁਸਾਰ ਪ੍ਰਭੂ ਦੀ ਰਜਾ ਵਿਚ ਰਹਿਣ ਵਾਲਾ ਮਨੁੱਖ ਇਨ੍ਹਾਂ ਰਾਜਿਆਂ ਦੇ ਸਾਹਮਣੇ ਘਬਰਾਉਂਦਾ ਨਹੀਂ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਕੋਊ ਹਰਿ ਸਮਾਨਿ ਨਹੀ ਰਾਜਾ,
ਏ ਭੂਪਤਿ ਦਿਵਸ ਚਾਰਿ ਕੇ,
ਝੂਠੇ ਕਰਤ ਦਿਵਾਜਾ।। ਰਹਾਉ।।੧।।
ਤੇਰੋ ਜਨੁ ਹੋਇ ਸੋਇ ਕਤ ਡੋਲੈ,
ਤੀਨਿ ਭਵਨ ਪਰ ਛਾਜਾ।
ਹਾਥਿ ਪਸਾਰ ਸਕੈ ਕੋ ਜਨ ਕਉ,
ਬੋਲਿ ਸਕੈ ਨ ਅੰਦਾਜਾ।।"[69]

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸਮਕਾਲੀ ਰਾਜਿਆਂ ਦੇ ਵਿਵਹਾਰ ਸੰਬੰਧੀ ਹਵਾਲਿਆਂ ਦਾ ਜ਼ਿਕਰ ਕੀਤਾ ਹੈ। ਰਾਜਿਆਂ ਦੇ ਉੱਚੇ-ਉੱਚੇ ਮਹਿਲ, ਸੁੰਦਰ ਨਾਰੀਆਂ ਅਤੇ ਰਸੋਈ ਖਾਨਿਆਂ ਦਾ ਜ਼ਿਕਰ ਵੀ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮਿਲਦਾ ਹੈ:

"ਊਚੇ ਮੰਦਰ ਸੁੰਦਰ ਨਾਰੀ,।।
ਰਾਮ ਨਾਮ ਬਿਨੁ ਬਾਜੀ ਹਾਰੀ।।

ਊਚੇ ਮੰਦਰ ਸਾਲ ਰਸੋਈ।।

ਏਕ ਘਰੀ ਫੁਨਿ ਰਹੁਨ ਨ ਹੋਈ।।"[70]

ਭਗਤ ਕਬੀਰ ਜੀ ਨੇ ਵੀ ਭਗਤ ਰਵਿਦਾਸ ਜੀ ਵਾਂਗ ਆਪਣੀ ਬਾਣੀ ਵਿਚ ਰਾਜਿਆਂ ਦੇ ਐਸ਼ੋ-ਇਸ਼ਰਤ ਵਾਲੇ ਵਿਵਹਾਰ ਦਾ ਵਰਨਣ ਕੀਤਾ ਹੈ। ਆਪ ਅਨੁਸਾਰ ਰਾਜੇ ਤਖਤ ਉੱਤੇ ਬੈਠ ਕੇ ਰਾਜ ਭਾਗ ਦੀਆਂ ਮੌਜਾਂ ਮਾਣਦੇ ਸਨ ਅਤੇ ਉਨ੍ਹਾਂ ਨੇ ਆਪਣੇ ਮਹਿਲਾਂ ਵਿਚ ਸੋਹਣੀਆਂ ਇਸਤਰੀਆਂ ਰੱਖੀਆਂ ਹੋਈਆਂ ਸਨ, ਜੋ ਹਰ ਪ੍ਰਕਾਰ ਦਾ ਸ਼ਿੰਗਾਰ ਕਰਦੀਆਂ ਹਨ ਅਤੇ ਇਸੇ ਨੂੰ ਹੀ ਉਹ ਆਪਣਾ ਅਸਲੀ ਜੀਵਨ ਸਮਝਦੇ ਸਨ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਰਾਜ ਭੋਗ ਅਰੁ ਛਤ੍ਰ ਸਿੰਘਾਸਨ,

ਬਹੁ ਸੁੰਦਿਰ ਰਮਨਾ।

ਪਾਨ ਕਪੂਰ ਸੁਬਾਸਕ ਚੰਦਨ

ਅੰਤਿ ਤਊ ਮਰਨਾ।

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ।"[71]

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਨੇ ਰਾਜਨੀਤਕ ਸੰਕਲਪਾਂ ਦਾ ਰਾਹ ਭਾਈਚਾਰੇ ਵਿਚੋਂ ਲੰਘ ਕੇ ਜਾਂਦਾ ਹੈ। ਆਪਣੇ ਆਲੇ ਦੁਆਲੇ ਦੇ ਧਾਰਮਿਕ ਅਤੇ ਸਮਾਜਕ ਵਿਚਾਰਾਂ ਵਿਚ ਸਾਂਝ ਪਾ ਕੇ ਹੀ ਰਾਸ਼ਟਰ ਦੇ ਹੋਰ ਸਮੁਦਾਇਆਂ ਵਿਚ ਸਾਂਝ ਪਾਈ ਜਾ ਸਕਦੀ ਹੈ। ਕਬੀਰ ਬਾਣੀ ਦੇ ਚਾਨਣ ਵਿਚੋਂ ਵੇਖਿਆਂ ਮਨੁੱਖੀ ਏਕਤਾ ਪ੍ਰਤੱਖ ਅਤੇ ਉਭਰਵੀਂ ਸੁਰ ਵਿਚ ਦਿਖਾਈ ਦਿੰਦੀ ਹੈ। ਕਬੀਰ, ਬਾਣੀ ਦੀ ਮਨੁੱਖੀ ਸਮਾਨਤਾ ਦੀ ਸੋਚ ਹੀ ਮਨੁੱਖੀ ਪਿਆਰ ਦੀ ਨੀਂਹ ਹੈ। ਜਦੋਂ ਸਾਰੇ ਮਨੁੱਖ ਭਾਵੇਂ ਉਹ ਕਿਸੇ ਧਰਮ, ਕਿਸੇ ਰਾਜ ਜਾਂ ਕਿਸੇ ਵੀ ਕਿੱਤੇ ਨਾਲ ਸੰਬੰਧਤ ਹਨ, ਸਭ ਦੀ ਬਣਾਵਟ ਉਹੀ ਪੰਜਾਂ ਤੱਤਾਂ ਨਾਲ ਹੋਈ ਹੈ ਤਾਂ ਫਿਰ ਝਗੜਾ ਕਿਸ ਗੱਲ ਦਾ ਹੈ ? ਮਨੁੱਖੀ ਸਮਾਨਤਾ ਦੇ ਭਾਵ ਨੂੰ ਪੇਸ਼ ਕਰਦੇ ਹੋਏ ਭਗਤ ਕਬੀਰ ਜੀ ਫੁਰਮਾਉਂਦੇ ਹਨ:

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗ ਉਪਜਿਆ ਕਉਨ ਭਲੇ ਕੋ ਮੰਦੇ॥"[72]

ਭਗਤ ਕਬੀਰ ਜੀ ਦੁਨਿਆਵੀ ਸ਼ਾਸਨ ਤੋਂ ਵੱਡਾ ਉਸ ਅਕਾਲ ਪੁਰਖ ਦਾ ਸ਼ਾਸਨ ਮੰਨਦੇ ਹਨ ਅਤੇ ਪਿਆਰ ਵਿਚ ਭਿੱਜ ਕੇ ਕਬੀਰ ਰਾਜਾ-ਰਾਮ ਨਾਂ ਨਾਲ ਪ੍ਰਭੂ ਨੂੰ ਸੰਬੋਧਿਤ ਕਰਦੇ ਹਨ। ਪ੍ਰਭੂ ਭਗਤੀ ਵਿਚ ਅਤੇ ਅਕਾਲ ਪੁਰਖ ਦੀ ਸ਼ਕਤੀ ਵਿਚ ਵਿਸ਼ਵਾਸ ਸਦਕਾ ਭਗਤ ਕਬੀਰ ਅਤੇ ਹੋਰ ਕਿਸੇ ਵੀ ਭਗਤ-ਜਨ ਨੂੰ ਮੁਸਲਮਾਨੀ ਹੁਕਮਰਾਨ ਆਮ ਜਨਤਾ ਨੂੰ ਮੌਤ ਦੇ ਘਾਟ ਨਾ ਉਤਾਰ ਸਕੇ। ਭਗਤ ਕਬੀਰ ਨੇ ਕਦੇ ਵੀ ਦੁਨਿਆਵੀ ਸ਼ਾਸਕਾਂ , ਦਾ ਭੈਅ ਮਹਿਸੂਸ ਨਹੀਂ ਕੀਤਾ ਅਤੇ ਸਭ ਤੋਂ ਪਹਿਲਾਂ ਰਾਜ-ਤੰਤਰ ਦੀਆਂ ਮਾਨਵ ਵਿਰੋਧੀ ਰੂੜ੍ਹੀਆਂ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਆਮ ਜਨਤਾ ਨੂੰ ਨਿਰਭਉ ਪ੍ਰਭੂ ਦੀ ਸ਼ਰਨ ਵਿਚ ਆਉਣ ਲਈ ਪ੍ਰੇਰਿਤ ਕੀਤਾ। ਬਾਣੀ ਵਿਚਲਾ ਫੁਰਮਾਨ ਹੈ:

"ਰਾਜਾ ਰਾਮ ਤੂੰ ਐਸਾ ਨਿਰਭਉ

ਤਰਨ ਤਾਰਨ ਰਾਮ ਰਾਇਆ। ਰਹਾਉ।।"[73]

ਮੱਧਕਾਲੀ ਯੁੱਗ ਵਿਚ ਸ਼ਾਸਕ ਵਰਗ ਮਜ਼ਲੂਮਾਂ ਉਤੇ ਅਤਿਆਚਾਰ ਕਰਨ ਵਿਚ ਹੀ ਆਪਣੀ ਵੀਰਤਾ ਸਮਝਦੇ ਸਨ। ਅਜਿਹੀ ਸਥਿਤੀ ਵਿਚ ਆਮ ਮਨੁੱਖ ਵੀ ਆਪਣੀ ਜ਼ਿੰਮੇਵਾਰੀ ਤੋਂ ਪਲਾਇਨ ਕਰਦਾ ਜਾ ਰਿਹਾ ਸੀ। ਤੱਤਕਾਲੀ ਸਮੇਂ ਭਗਤ ਕਬੀਰ ਨੇ ਇਸ ਰਾਜਨੀਤਕ ਇਤਿਹਾਸਕ ਪਰਿਪੇਖ ਵਿਚ ਆਪਣੇ ਵਿਚਾਰ ਪ੍ਰਗਟ ਕਰਕੇ ਭਾਰਤੀਆਂ ਦੇ ਮਨਾਂ ਵਿਚ ਜੀਣ-ਬੀਣ ਦੀ ਉਮੰਗ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਹਕੂਮਤ ਦੇ ਰੂੜੀਗਤ ਆਦੇਸ਼ਾਂ ਵਿਰੁੱਧ ਲੜਨ ਅਤੇ ਮਜ਼ਲੂਮ ਦੀ ਰੱਖਿਆ ਕਰਨ ਦਾ ਚਾਉ ਜਨਤਾ ਵਿਚ ਪੈਦਾ ਕਰਨ ਹਿੱਤ ਕੱਦਮ ਚੁੱਕੇ। ਬਾਣੀ ਵਿਚ ਫੁਰਮਾਨ ਹੈ:

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"[74]

ਭਗਤ ਕਬੀਰ ਜੀ ਦੀ ਬਾਣੀ ਦਾ ਅਜਿਹਾ ਪੱਖ ਮਨੁੱਖ ਜਾਤੀ ਨੂੰ ਹਰ ਲਿਹਾਜ਼ ਨਾਲ ਸ਼ਕਤੀਸ਼ਾਲੀ ਬਣਾਉਣ ਦਾ ਸੋਮਾ ਹੈ। ਕਬੀਰ ਬਾਣੀ ਅਨੁਸਾਰ ਨਿਮਰਤਾ, ਹਲੀਮੀ, ਸੇਵਾ ਅਤੇ ਸਰਬੱਤ ਦੇ ਭਲੇ ਦੀ ਗੱਲ ਨੂੰ ਹਮੇਸ਼ਾ ਧਾਰਨ ਕਰਨਾ ਹੈ। ਬੇਇਨਸਾਫੀ ਜਾਂ ਜ਼ੁਲਮ ਦੀ ਹਨੇਰੀ ਝੁਲ ਥੋੜ੍ਹਿਆਂ ਬਹੁਤਿਆਂ ਦੀ ਗਿਣਤੀ ਦਾ ਖਿਆਲ ਕੀਤੇ ਬਿਨਾ ਡਟ ਜਾਣਾ ਜ਼ਰੂਰੀ ਹੈ ਅਤੇ ਦੁਸ਼ਮਣ ਨੂੰ ਨੀਵਾਂ ਦਿਖਾਉਣਾ ਫਰਜ਼ ਹੈ। ਇਸ ਕਰਮ ਵਿਚ ਜੇਕਰ ਜਾਨ ਵੀ ਚਲੀ ਜਾਵੇ ਤਾਂ ਪਿਛੇ ਨਹੀਂ ਹਟਣਾ ਚਾਹੀਦਾ। ਅਜਿਹੇ ਉਤਮ ਤੇ ਸ਼ੁਭ ਕਰਮਾਂ ਲਈ ਆਪਾ ਹੂਲਣ ਨੂੰ ਕਬੀਰ ਜੀ ਬੜੀ ਆਨੰਦਮਈ ਸੇਵਾ ਸਮਝਦੇ ਹੋਏ ਇਸ ਨੂੰ ਸਤਿਕਾਰਦਿਆਂ ਹੋਇਆਂ ਇਹ ਫੁਰਮਾਉਂਦੇ ਹਨ:

"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ।।।

ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ।।"[75]

ਭਗਤ ਕਬੀਰ ਜੀ ਦੀ ਬਾਣੀ ਮਨੁੱਖ ਨੂੰ ਸੁਚੇਤ ਕਰਦੀ ਹੈ ਕਿ ਉਚੀ ਜਾਤ, ਉਚੇ ਪਦ ਅਤੇ ਉਚੇ ਭਵਨਾਂ ਦਾ ਹੰਕਾਰ ਮਨੁੱਖ ਨੂੰ ਲੈ ਡੁੱਬਦਾ ਹੈ, ਕਿਉਂਕਿ ਹਉਮੈ ਕਾਰਨ ਮਨੁੱਖ ਆਪਣੇ ਹਿਰਦੇ ਵਿਚ ਵਿਕਾਰ ਇਕੱਠੇ ਕਰ ਲੈਂਦਾ ਹੈ ਅਤੇ ਜਦੋਂ ਇਹ ਹਉਮੈ ਰਾਜਨੀਤੀ ਉਤੇ ਆਧਾਰਿਤ ਹੋ ਜਾਵੇ ਤਾਂ ਇਹ ਵਧੇਰੇ ਕਰੂਪ ਹੋ ਕੇ ਸਾਰੀ ਮਾਨਵਤਾ ਲਈ ਘਾਤਕ ਸਿੱਧ ਹੁੰਦੀ ਹੈ। ਭਗਤ ਕਬੀਰ ਜੀ ਦੀ ਬਾਣੀ ਵਿਚਲਾ ਫੁਰਮਾਨ ਹੈ:

"ਕਬੀਰ ਗਰਬੁ ਨਾ ਕੀਜੀਐ ਊਚਾ ਦੇਖਿ ਅਵਾਸੁ॥

ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ।।"[76]

ਇਕ ਦ੍ਰਿਸ਼ਟੀਗਤ ਵਿਚਾਰ ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਇਹ ਪੇਸ਼ ਕਰਦੇ ਹਨ ਕਿ ਜਦੋਂ ਕੋਈ ਹਾਕਮ, ਰਾਜਾ, ਜਾਂ ਨਗਰ ਨਰੇਸ਼ ਬੇਨਤੀ ਨਾ ਸੁਣੇ; ਜ਼ੁਲਮ ਹੀ ਕਰਦਾ ਜਾਵੇ; ਉਸ ਦੀ ਅਣਖ ਅਤੇ ਬੁੱਧ ਦੋਵੇਂ ਮਲੀਨ ਹੋ ਗਈਆਂ ਹੋਣ ਤੇ ਨਫ਼ਰਤ ਦੀ ਅੱਗ ਵਿਚ ਸੜ ਕੇ ਜਿਸ ਦੀ ਬੁੱਧੀ ਕਰੂਪ ਹੋ ਗਈ ਹੋਵੇ ਤਾਂ ਫਿਰ ਇਨਸਾਨ ਅੱਗੇ ਇਕੋ ਹੀ ਚਾਰਾ ਰਹਿ ਜਾਂਦਾ ਹੈ। ਉਸ ਪਰਮਾਤਮਾ ਅੱਗੇ ਅਰਦਾਸ ਕਰਨੀ ਬਣਦੀ ਹੈ। ਸਮਕਾਲੀ ਰਾਜ ਵਿਵਸਥਾ ਦੀ ਅਵਿਵਸਥਾ ਦੇਖ ਕੇ ਭਗਤ ਰਵਿਦਾਸ ਜੀ ਆਪਣੇ ਨਿਰਗੁਣ ਬ੍ਰਹਮ ਅੱਗੇ ਅਰਦਾਸ ਕਰਦੇ ਹਨ:

"ਰਾਮ ਗੁਸਈਆਂ ਜੀਅ ਕੇ ਜੀਵਨਾ।
ਮੋਹਿ ਨ ਬਿਸਰਹੁ ਮੈ ਜਨੁ ਤੇਰਾ। ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥"[77]

ਉਪਰੋਕਤ ਸ਼ਬਦ ਵਿਚ ਭਗਤ ਰਵਿਦਾਸ ਨਿਮਰਤਾ ਅਤੇ ਕ੍ਰਾਂਤੀ ਦੀ ਭਾਵਨਾ ਨੂੰ ਨਾਲ ਲੈ ਕੇ ਤੁਰਦੇ ਹਨ। ਭਗਤ ਜੀ ਦਾ ਵਿਸ਼ਵਾਸ ਹੈ ਕਿ ਰਾਜ ਅਤੇ ਦੇਸ਼ ਦੀ ਅਵਿਵਸਥਾ ਨੂੰ ਪਰਮਾਤਮਾ ਹੀ ਠੀਕ ਕਰ ਸਕਦਾ ਹੈ। ਇਸ ਤੋਂ ਇਲਾਵਾ ਭਗਤ ਰਵਿਦਾਸ ਜੀ ਨੇ ਧਾਰਮਿਕ ਚੇਤਨਾ ਵਿਚ ਸੁਧਾਰ, ਸਮਾਨਤਾ ਅਤੇ ਮੌਲਿਕਤਾ ਦੇ ਭਾਵਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਭਗਤ ਹੋਣ ਦੇ ਨਾਤੇ ਈਸ਼ਵਰ ਭਗਤੀ ਵਿਚ ਲਗ ਕੇ ਪਰਮਾਤਮਾ ਨਾਲ ਇਕਮਿਕ ਹੋ ਜਾਣਾ ਹੀ ਉਨ੍ਹਾਂ ਦੀ ਆਸਾ ਹੀ ਨਹੀਂ ਸੀ, ਸਗੋਂ ਦੱਬੇ ਕੁਚਲਿਆਂ ਲੋਕਾਂ ਪ੍ਰਤੀ ਦਰਦ, ਦੁਤਕਾਰਾਂ ਪ੍ਰਤੀ ਪਿਆਰ ਅਤੇ ਘੁੰਮਡੀਆ ਪ੍ਰਤੀ ਦਯਾ ਦਰਸਾਉਣਾ ਵੀ ਉਨ੍ਹਾਂ ਦੇ ਜੀਵਨ ਦਾ ਅਟੁਟ ਅੰਗ ਹੁੰਦਾ ਸੀ। ਭਗਤ ਜੀ ਨੇ ਦੁਰਾਚਾਰ ਭਰੇ ਰਾਜੇ ਦੇ ਵਿਰੁੱਧ ਆਵਾਜ਼ ਉੱਚੀ ਕੀਤੀ ਅਤੇ ਆਮ ਜਨਤਾ ਵਿਚ ਆਤਮ-ਵਿਸ਼ਵਾਸ ਜਗਾ ਕੇ ਨਵੀਂ ਚੇਤਨਾ ਦਾ ਸੰਚਾਰ ਕੀਤਾ। ਬਾਣੀ ਵਿਚਲਾ ਫੁਰਮਾਨ ਹੈ:

"ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥"[78]

ਭਗਤ ਰਵਿਦਾਸ ਜੀ ਦੀ ਬਾਣੀ ਸਿੱਖਿਆ ਦੁਆਰਾ ਅਜਿਹਾ ਵਾਯੂਮੰਡਲ ਪੈਦਾ ਹੋਇਆ ਕਿ ਲੋਕਾਂ ਵਿਚ ਸਾਂਝੀਵਾਲਤਾ ਦੀ ਰੂਹ ਫੂਕੀ ਗਈ। ਭਗਤ ਰਵਿਦਾਸ ਜੀ ਨੇ ਦੁਨਿਆਵੀ ਪਾਤਸ਼ਾਹੀ ਦੇ ਡਰ, ਉਸ ਦੀ ਅਧੀਨਗੀ ਨੂੰ ਨਾ ਮੰਨ ਕੇ ਆਪਣੀ ਆਤਮਾ ਦੇ ਨਿੱਡਰ ਅਤੇ ਅਜ਼ਾਦ ਹੋਣ ਦਾ ਪ੍ਰਮਾਣ ਦਿੱਤਾ। ਇਹ ਪ੍ਰਮਾਣ ਉਨ੍ਹਾਂ ਨੇ ਆਪਣੇ ਲਈ ਹੀ ਨਹੀਂ, ਸਗੋਂ ਆਮ ਜਨਤਾ ਨੂੰ ਵੀ ਦਿੱਤਾ ਕਿ ਰਾਜਿਆਂ, ਮਹਾਰਾਜਿਆਂ ਦੀ ਬਾਦਸ਼ਾਹੀ, ਪ੍ਰਭੂ ਭਗਤ ਦੀ ਆਤਮਾ ਵਿਚ ਜਾਗ੍ਰਿਤ ਹੋਈ ਬਾਦਸ਼ਾਹੀ ਤੋਂ ਬਹੁਤ ਛੋਟੀ ਹੈ। ਬਾਣੀ ਅਨੁਸਾਰ:

"ਪੰਡਤ ਸੂਰ ਛਤ੍ਰਪਤਿ ਰਾਜਾ॥
ਭਗਤ ਬਰਾਬਰਿ ਅਉਰੁ ਨ ਕੋਇ॥"[79]

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਸਮਾਜ ਸੁਧਾਰਕ ਸਨ। ਇਨ੍ਹਾਂ ਭਗਤਾ ਦਾ ਆਸ਼ਾ ਕਿਸੇ ਕਿਸਮ ਦੀ ਪ੍ਰਸਿੱਧੀ ਪ੍ਰਾਪਤ ਕਰਨਾ ਹੀ ਨਹੀਂ ਸੀ, ਸਗੋਂ ਇਨ੍ਹਾਂ ਚਿੰਤਕਾਂ ਨੇ ਪਰੰਪਰਾਵਾਦੀ ਕੱਟੜਪੰਥੀਆਂ ਦੀਆਂ ਸਮਾਜ ਵਿਰੋਧੀ ਕਾਰਵਾਈਆਂ ਅਤੇ ਰੀਤੀਆਂ ਦੀ ਸਖਤ ਨਿਖੇਧੀ ਕੀਤੀ ਅਤੇ ਤੱਤਕਾਲੀਨ ਸਮਾਜ ਦੀ ਮਾਨਸਿਕ ਅਤੇ ਆਤਮਿਕ ਸਥਿਤੀ ਨੂੰ ਸੁਧਾਰਨ ਲਈ ਉੱਘਾ ਯੋਗਦਾਨ ਪਾਇਆ। ਇਨ੍ਹਾਂ ਭਗਤਾਂ ਨੇ ਸਮਾਜਕ, ਰਾਜਨੀਤਿਕ, ਮਨੋਵਿਗਿਆਨਕ ਅਤੇ ਧਾਰਮਿਕ ਖੇਤਰਾਂ ਵਿਚ ਮਾਨਵ ਧਰਮ ਦੇ ਵਿਧਾਨ ਨੂੰ ਦ੍ਰਿੜਤਾ ਨਾਲ ਲਾਗੂ ਕਰਨ ਦਾ ਪ੍ਰਯਤਨ ਕੀਤਾ। ਇਨ੍ਹਾਂ ਚਿੰਤਕਾਂ ਨੇ ਸਮਾਜ ਵਿਚ ਵਿਚਰਦਿਆਂ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦਾ ਉਪਦੇਸ਼ ਦਿੱਤਾ। ਇਨ੍ਹਾਂ ਭਗਤ ਕਵੀਆਂ ਨੇ ਸਮਾਨਤਾ, ਆਜ਼ਾਦੀ, ਸ਼ਾਂਤੀ ਅਤੇ ਇਕਸੁਰਤਾ ਵਾਲੇ ਸਮਾਜ ਦਾ ਆਦਰਸ਼, ਲੋਕਾਂ ਸਾਹਮਣੇ ਪੇਸ਼ ਕੀਤਾ ਤਾਂ ਕਿ ਸਮੁੱਚੀ ਮਾਨਵਤਾ ਅਮਨ ਨਾਲ ਜੀਵਨ ਬਸਰ ਕਰ ਸਕੇ।

ਭਗਤ ਰਵਿਦਾਸ ਜੀ ਨੇ ਭਗਤੀ ਭਾਵ ਦੁਆਰਾ ਆਤਮਿਕ ਉੱਚਤਾ ਪ੍ਰਾਪਤ ਕੀਤੀ। ਭਗਤ ਰਵਿਦਾਸ ਜੀ ਵਿਚ ਅੰਤਾਂ ਦੀ ਨਿਮਰਤਾ ਸੀ, ਜਿਸ ਕਰਕੇ ਉਹ ਆਪਣੇ ਜਨਮ ਅਤੇ ਕਰਮ ਨੂੰ ਨੀਵਾਂ ਕਹਿੰਦੇ ਹਨ। ਅਜਿਹਾ ਉਹ ਕਿਸੇ ਜਾਤੀ ਹੀਣਤਾ ਦੇ ਭਾਵ ਦੀ ਥਾਂ ਆਪਣੇ ਨਿਮਰ ਸੁਭਾਅ ਦਾ ਪ੍ਰਗਟਾਵਾ ਕਰਦੇ ਹੋਏ ਫੁਰਮਾਉਂਦੇ ਹਨ:

"ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ।।
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ।"[80]

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਜਿੱਥੇ ਤਿੱਖੀ ਸੁਰ ਦਾ ਪ੍ਰਗਟਾਵਾ ਕੀਤਾ ਹੈ, ਉਥੇ ਉਨ੍ਹਾਂ ਵਿਚ ਨਿਮਰਤਾ ਵੀ ਅਤਿ ਦਰਜੇ ਦੀ ਦਿਖਾਈ ਦਿੰਦੀ ਹੈ। ਭਗਤ ਕਬੀਰ ਜੀ ਦਾ ਮੱਤ ਹੈ ਕਿ ਨਿਮਰ ਮਨੁੱਖ ਉਹ ਹੈ ਜੋ ਆਪਣੇ ਗੁਣਾਂ ਦਾ ਪ੍ਰਗਟਾਵਾ ਹੀ ਨਹੀਂ ਕਰਦਾ, ਸਗੋਂ ਆਪਣੇ-ਆਪ ਨੂੰ ਨਿਗੁਣਾ ਸਮਝਦਾ ਹੈ। ਨਿਮਰਤਾ ਭਾਵ ਵਾਲਾ ਮਨੁੱਖ ਚੰਗਾ ਹੁੰਦਾ ਹੋਇਆ ਵੀ ਆਪਣੇ-ਆਪ ਨੂੰ ਦੂਜਿਆਂ ਤੋਂ ਭੈੜਾ ਸਮਝਦਾ ਹੈ। ਭਗਤ ਕਬੀਰ ਜੀ ਦਾ ਕਥਨ ਹੈ:

"ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।
ਜਿਨਿ ਐਸਾ ਕਰਿ ਬੂਝਿਆ, ਮੀਤੁ ਹਮਾਰਾ ਸੋਇ।"[81]

ਭਗਤ ਕਬੀਰ ਜੀ ਦੀ ਬਾਣੀ ਵਿਚ ਭਗਤ ਰਵਿਦਾਸ ਜੀ ਦੀ ਬਾਣੀ ਵਾਂਗ ਕਿਸੇ ਕਲਪਿਤ ਸਮਾਜ ਦੀ ਪੇਸ਼ਕਾਰੀ ਤਾਂ ਨਹੀਂ ਮਿਲਦੀ, ਪ੍ਰੰਤੂ ਉਨ੍ਹਾਂ ਦੀ ਬਾਣੀ ਵਿਚ ਨਿਰਪੱਖ ਦ੍ਰਿਸ਼ਟੀ ਦਾ ਪ੍ਰਗਟਾਵਾ ਜ਼ਰੂਰ ਹੋਇਆ ਹੈ। ਭਗਤ ਕਬੀਰ, ਮਨੁੱਖਾਂ ਵਿਚ ਕਿਸੇ ਕਿਸਮ ਦੇ ਵਖਰੇਵੇਂ ਨੂੰ ਨਹੀਂ ਮੰਨਦੇ। ਆਪ ਦਾ ਮੱਤ ਹੈ ਕਿ ਮਨੁੱਖਾਂ ਦਾ ਸਿਰਜਣਹਾਰ ਇਕ ਪਰਮਾਤਮਾ ਹੈ। ਇਸ ਲਈ ਸਮਾਜ ਸਾਰੇ ਜੀਵ ਬਰਾਬਰ ਹਨ। ਆਪ ਦਾ ਵਿਚਾਰ ਹੈ ਕਿ ਕਿਸੇ ਵੀ ਜੀਵ ਨੂੰ ਚੰਗਾ ਜਾਂ ਮੰਦਾ ਨਹੀਂ ਸਮਝਣ ਚਾਹੀਦਾ। ਭਗਤ ਕਬੀਰ ਜੀ ਫਰਮਾਉਂਦੇ ਹਨ:

"ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ।"[82]

ਤੁਲਨਾਤਮਕ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਸਮਾਜ ਸੁਧਾਰਕ ਸਨ। ਇਹ ਚਿੰਤਕ ਇਕ ਨਰੋਏ ਤੇ ਉਸਾਰੂ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ। ਇਨ੍ਹਾਂ ਭਗਤਾਂ ਨੇ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ, ਨੈਤਿਕ ਗੁਣਾਂ ਨੂੰ ਅਪਣਾ ਕੇ ਦੂਰ ਕਰਨ ਦੇ ਉਪਰਾਲੇ ਕੀਤੇ। ਇਨ੍ਹਾਂ ਭਗਤਾਂ ਨੇ ਨਿਮਰਤਾ ਅਤੇ ਸੇਵਾ ਦੀ ਮਹਾਨਤਾ ਦੱਸਦੇ ਹੋਏ ਜਨ-ਸਧਾਰਣ ਨੂੰ ਇਨ੍ਹਾਂ ਨੈਤਿਕ ਗੁਣਾਂ ਨੂੰ ਧਾਰਨ ਕਰਨ ਅਤੇ ਨਿੰਦਾ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ। ਇਨ੍ਹਾਂ ਭਗਤਾਂ ਨੇ ਲੋਕਾਂ ਨੂੰ ਨਸ਼ਿਆਂ ਦੇ ਔਗੁਣ ਦੱਸਦੇ ਹੋਏ ਇਨ੍ਹਾਂ ਦਾ ਤਿਆਗ ਕਰਨ ਦੀ ਪ੍ਰੇਰਣਾ ਦਿੱਤੀ। ਭਗਤ ਕਬੀਰ ਨੇ ਬਹਾਦਰੀ ਜਿਹੇ ਨੈਤਿਕ ਗੁਣ ਨੂੰ ਅਪਣਾਉਣ 'ਤੇ  ਜ਼ੋਰ ਦਿੱਤਾ। ਇਸ ਨੈਤਿਕ ਗੁਣ ਦਾ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਅਭਾਵ ਹੈ। ਭਗਤ ਰਵਿਦਾਸ ਜੀ ਨੇ ਨਿਰਪੱਖਤਾ ਦਾ ਪੱਖ ਪੂਰਦੇ ਹੋਏ ਇਕ ਅਜਿਹੇ ਸਮਾਜ ਦਾ ਸੰਕਲਪ ਪੇਸ਼ ਕੀਤਾ ਹੈ, ਜਿਸ ਵਿਚ ਹਰ ਮਨੁੱਖ ਚਿੰਤਾਵਾਂ ਤੋਂ ਮੁਕਤ ਊਚ-ਨੀਚ ਰਹਿਤ ਅਤੇ ਸਮਾਨਤਾ ਤੇ ਅਜ਼ਾਦੀ ਮਾਨਣ ਦਾ ਅਲੰਬਦਾਰ ਹੋਵੇਗਾ। ਭਗਤ ਕਬੀਰ ਜੀ ਦੀ ਬਾਣੀ ਵਿਚ ਭਾਵੇਂ ਭਗਤ ਰਵਿਦਾਸ ਵਾਂਗ ਸੰਗਠਿਤ ਰੂਪ ਵਿਚ ਕਿਸੇ ਆਦਰਸ਼ ਸਮਾਜ ਦੀ ਪੇਸ਼ਕਾਰੀ ਤਾਂ ਨਹੀਂ ਹੋਈ, ਪ੍ਰੰਤੂ ਇਨ੍ਹਾਂ ਦੀ ਬਾਣੀ ਵਿਚ ਨਿਰਪੱਖਤਾ ਜ਼ਰੂਰ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਪ੍ਰਕਾਰ ਇਨ੍ਹਾਂ ਭਗਤਾਂ ਦਾ ਮੁੱਖ ਉਦੇਸ਼ ਇਕ ਸਿਹਤਮੰਦ ਸਮਾਜ ਉਸਾਰਨਾ ਸੀ, ਜਿਸ ਲਈ ਇਨ੍ਹਾਂ ਨੇ ਬਹੁਤ ਸਾਰੇ ਯਤਨ ਕੀਤੇ।

ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਇਕੋ ਸਾਰ ਵਸਤੂ (ਆਮ ਤੱਤ) ਦੇ ਮੌਲਿਕ ਅਨੁਭਵ ਨੂੰ ਪ੍ਰੇਮਾ ਭਗਤੀ ਦੀ ਵਿਧੀ ਰਾਹੀਂ ਧਾਰਨ ਕਰਦੇ ਹਨ। ਜਿਵੇਂ ਦੋ ਵਿਅਕਤੀਆਂ ਦੁਆਰਾ ਇਕੋ ਵਸਤੂ ਦੇ ਸਵਾਦ ਨੂੰ ਚੱਖਣ ਨਾਲ ਵੱਖਰਾ ਅਨੁਭਵ ਹੁੰਦਾ ਹੈ। ਉਸੇ ਤਰ੍ਹਾਂ ਅਨੁਭਵੀ ਵਿਅਕਤੀਆਂ ਦੇ ਪ੍ਰੇਮਾ-ਭਗਤੀ ਦੇ ਅਨੁਭਵ ਵੀ ਮੌਲਿਕ ਅਤੇ ਵਿਲੱਖਣ ਤੱਤ ਹੁੰਦੇ ਹਨ। ਭਗਤ ਕਬੀਰ ਜੀ ਤਰਕ ਅਤੇ ਵਿਚਾਰ ਦੁਆਰਾ ਪ੍ਰੇਮ ਦੀ ਅਲੌਕਿਕ ਅਤੇ ਅਨੁਭਵੀ ਸਥਿਤੀ ਨੂੰ ਬਿਆਨ ਕਰਦੇ ਹਨ।

ਭਗਤ ਕਬੀਰ ਦੇ ਅਨੁਭਵੀ ਗਿਆਨ ਦੇ ਸੰਚਾਰ ਲਈ ਸਿਰਜਿਆ ਮੌਲਿਕ ਪ੍ਰਵਚਨ ਉਨ੍ਹਾਂ ਦੀ ਸਮਾਜਕ ਅਤੇ ਪ੍ਰਕਿਰਤਕ ਵਰਤਾਰੇ ਦੀ ਵਿਆਪਕ ਸੂਝ ਦਾ ਸੰਕੇਤਕ ਹੈ। ਸਾਧਨਾ ਪੱਧਤੀ ਦੇ ਰੂਪ ਵਿਚ ਪ੍ਰੇਮ ਆਨੰਦ ਪ੍ਰਾਦਨ ਕਰਦਾ ਹੈ ਅਤੇ ਮੌਲਿਕ ਅਨੁਭਵ ਦੀ ਸਥਿਤੀ ਵਿਚ ਆਨੰਦਮਈ ਮਾਨਸਿਕ ਸਥਿਤੀ ਪ੍ਰੇਮ ਦੀ ਸਿਰਜਕ ਬਣ ਜਾਂਦੀ ਹੈ। ਪ੍ਰੇਮ ਦੇ ਅਨੁਭਵ ਦੇ ਇਸ ਦੂਜੇ ਪ੍ਰਸੰਗ ਨੂੰ ਭਗਤ ਕਬੀਰ ਜੀ ਦਾਰਸ਼ਨਿਕ ਵਿਚਾਰਧਾਰਾ ਦੀ ਸਿਰਜਣਾ ਦੇ ਰੂਪ ਵਿਚ ਪੇਸ਼ ਕਰਦੇ ਲਿਖਦੇ ਹਨ:

"ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ॥੨॥"[83]

ਭਗਤ ਰਵਿਦਾਸ ਦਾ ਪ੍ਰੇਮ ਦਾ ਅਨੁਭਵ ਸਹਿਜ ਤੇ ਸੁਹਜ ਭਰਪੂਰ ਹੈ। ਉਹ ਕਰੁਣਾ ਅਤੇ ਦਇਆ ਦੇ ਭਾਵ ਵਿਚ ਭਿੱਜੇ ਆਪਣੇ ਪ੍ਰੇਮ ਦੇ ਅਨੁਭਵ ਦਾ ਬਿਰਤਾਂਤ ਸਿਰਜਦੇ ਹਨ। ਪ੍ਰੇਮ ਦੇ ਅਨੁਭਵ ਦੀ ਬਿਰਤਾਂਤਕਾਰੀ ਦਾ ਸੰਦਰਭ ਪ੍ਰਕਿਰਤਕ ਵਰਤਾਰੇ ਵਿਚੋਂ ਸਿਰਜਿਆ ਹੋਣ ਕਰਕੇ, ਸੁਹਜਮਈ ਅਤੇ ਸਹਿਜ ਭਰਪੂਰ ਹੈ। ਪ੍ਰੇਮ ਦੀ ਅਨੁਭਵੀ ਸਥਿਤੀ ਨੂੰ ਉਨ੍ਹਾਂ ਨੇ ਭਾਵਨਾਤਮਕ ਪ੍ਰਸੰਗ ਦੁਆਰਾ ਸਿਰਜਿਆ ਹੈ। ਇਸ ਲਈ ਭਗਤੀ ਭਾਵਨਾ ਉਨ੍ਹਾਂ ਦੇ ਅਨੁਭਵ ਦੇ ਮੂਲ ਲੱਛਣ ਵਜੋਂ ਉਭਰਦੀ ਹੈ। ਇਹ ਪ੍ਰਸੰਗ ਉਨ੍ਹਾਂ ਦੀ ਜੀਵਨ ਸ਼ੈਲੀ ਨਾਲ ਪੂਰੀ ਤਰ੍ਹਾਂ ਇਕਸੁਰਤਾ ਦਰਸਾਉਂਦਾ ਹੈ। ਉਨ੍ਹਾਂ ਦੀ ਬਿਰਤੀ ਵਿਆਖਿਆਤਮਕ ਹੋਣ ਕਰਕੇ ਉਹ ਆਪਣੇ ਨਿੱਜੀ ਅਨੁਭਵ ਨੂੰ ਭਾਵ ਭਿੱਜੇ ਸੁਹਜਮਈ ਪ੍ਰਵਚਨ ਦੁਆਰਾ ਪ੍ਰਗਟਾਉਂਦੇ ਹਨ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਨਾਮ ਦੀ ਵਿਧੀ ਦੁਆਰਾ ਪਰਮਾਰਥੀ ਜੀਵਨ ਵਿਚ ਪ੍ਰਵੇਸ਼ ਕਰਦੇ ਹਨ। ਨਾਮ ਸਿਮਰਨ ਦੀ ਜੁਗਤੀ ਦੀ ਸਾਂਝ ਹੋਣ ਦੇ ਬਾਵਜੂਦ ਉਨ੍ਹਾਂ ਦੇ ਮੌਲਿਕ ਅਨੁਭਵ ਵਿਚ ਸਿਮਰਨ ਦੀ ਵਿਲੱਖਣਤਾ ਬਣੀ ਰਹਿੰਦੀ ਹੈ। ਨਾਮ ਤੇ ਪ੍ਰੇਮ ਦੋਵੇਂ ਇਕ ਸਿੱਕੇ ਦੇ ਦੋ ਪਾਸਿਆਂ ਵਾਂਗ ਹਨ। ਗੁਰੂ ਅਰਜਨ ਦੇਵ ਜੀ ਨੇ ਪ੍ਰੇਮ ਅਤੇ ਨਾਮ ਦੇ ਅਨਿੱਖੜ ਸੰਬੰਧ ਨੂੰ ਅਸਚਰਜ ਰੂਪ ਵਾਲਾ ਕਿਹਾ ਹੈ। ਇਸ ਦੀ ਅਚਰਜਤਾ ਮੋਹ ਮਾਇਆ ਦੇ ਵਿਨਾਸ਼ਕ ਵਜੋਂ ਪ੍ਰਗਟ ਹੁੰਦੀ ਹੈ, "ਪ੍ਰੇਮ ਪਦਾਰਥ ਨਾਮੁ ਹੈ ਭਾਈ ਮਾਇਆ ਮੋਹ ਬਿਨਾਸ਼"। ਨਾਮ ਸਿਮਰਨ ਦੀ ਵਿਹਾਰਕ ਮਹੱਤਤਾ ਨੂੰ ਅਨੁਭਵੀ ਪੁਰਸ਼ਾਂ ਨੇ ਪ੍ਰੇਮ ਦੇ ਸਿਰਜਕ ਦੇ ਰੂਪ ਵਿਚ ਪ੍ਰਵਾਨ ਕੀਤਾ, "ਨਾਮ ਤੋਂ ਪ੍ਰੇਮ ਪੈਦਾ ਹੁੰਦਾ ਹੈ। ਨਾਮ ਅਸਚਰਜ਼ ਵਸਤੂ (ਸਾਰ) ਹੈ, ਨਾਮ ਤੋਂ ਪੈਦਾ ਹੋਣ ਵਾਲਾ ਪ੍ਰੇਮ ਵੀ ਅਸਚਰਜ ਹੀ ਹੋਵੇਗਾ"। ਭਗਤ ਕਬੀਰ ਜੀ ਨਾਮ ਸਿਮਰਨ ਦੇ ਪਰਮਾਰਥੀ ਪ੍ਰਸੰਗ ਨੂੰ ਸਦਾ ਕਰਮ-ਕਾਂਡੀ ਵਿਧੀ ਤੋਂ ਨਿਖੇੜ ਕੇ ਦੇਖਦੇ ਹਨ। ਇਸ ਲਈ ਉਹ ਕਿਸੇ ਵੀ ਰੂੜ੍ਹੀਵਾਦੀ ਵਿਧੀ ਜਾਂ ਜੁਗਤੀ ਨੂੰ ਨਾਮ ਨਾਲ ਨਹੀ ਜੋੜਦੇ। ਭਗਤ ਕਬੀਰ ਲਈ ਨਾਮ ਸੰਸਾਰਕ ਜੀਵਨ ਦਾ ਬਦਲਵਾਂ ਪਰਮਾਰਥੀ ਰੂਪ ਹੈ। ਉਨ੍ਹਾਂ ਲਈ ਨਾਮ ਜੀਵਨ ਦਾ ਅਧਾਰ ਹੈ ਅਤੇ ਸੰਸਾਰ ਤੋਂ ਮੁਕਤੀ ਦਾ ਸਾਧਨ ਵੀ ਹੈ। ਉਨ੍ਹਾਂ ਨੇ ਨਾਮ ਦੀ ਉਪਯੋਗਤਾ ਅਤੇ ਵਿਆਪਕਤਾ ਦਾ ਵਚਿੱਤਰ ਪ੍ਰਵਚਨ ਸਿਰਜਿਆ ਹੈ:

"ਇਹੁ ਧਨੁ ਮੇਰੇ ਹਰਿ ਕੋ ਨਾਉ॥
ਗਾਂਠਿ ਨ ਬਾਧਉ ਬੇਚਿ ਨ ਖਾਉ॥੧॥ ਰਹਾਉ॥
.....................................................
ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ॥
ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ॥੩॥"[84]

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਇਨ੍ਹਾਂ ਧਾਰਨਾਵਾਂ ਦੇ ਵਖਰੇਵੇਂ ਦਾ ਮੂਲ ਅਧਾਰ ਇਹ ਹੈ ਕਿ ਭਗਤ ਕਬੀਰ ਧੁਨੀ ਦੇ ਪ੍ਰਸੰਗ ਵਿਚ ਵਿਆਪਕ ਸੰਦਰਭਾਂ ਵਿਚ ਸੰਵਾਦ ਰਚਾਉਂਦੇ ਹਨ। ਉਨ੍ਹਾਂ ਦੁਆਰਾ ਜੋਗੀਆਂ ਅਤੇ ਪੰਡਿਤਾਂ ਨਾਲ ਰਚਾਇਆ ਸੰਵਾਦ, ਉਨ੍ਹਾਂ ਦੀ ਵਿਆਪਕ ਸੂਝ ਦਾ ਪ੍ਰਮਾਣ ਬਣਦਾ ਹੈ। ਕਾਸ਼ੀ ਦੀ ਸੰਸਥਾ ਨਾਲ ਰਚਾਏ ਸੰਵਾਦ ਦੇ ਪ੍ਰਸੰਗ ਵਿਚ ਭਗਤ ਕਬੀਰ ਨੇ ਧੁਨੀ ਦੇ

ਵਿਅਕਤੀਗਤ ਅਨੁਭਵ ਵਲ ਸੰਕੇਤ ਕੀਤਾ ਹੈ ਅਤੇ ਸੰਸਥਾ ਦੀ ਨਿਰਾਰਥਿਕਤਾ ਦਰਸਾ ਕੇ ਧੁਨੀ ਦੇ ਅਨੁਭਵ ਨੂੰ ਜੀਵੰਤ ਰੂਪ ਵਿਚ ਧਾਰਨ ਕਰਨ ਵਾਲਾ ਅਨੁਭਵ ਮੰਨਿਆ ਹੈ। ਜੋਗ ਮੱਤ ਵਿਚ ਧੁਨੀ ਦੇ ਅਨੁਭਵ ਨੂੰ ਜੀਵੰਤ ਰੂਪ ਵਿਚ ਧਾਰਨ ਕਰਨ ਵਾਲਾ ਅਨੁਭਵ ਮੰਨਿਆ ਹੈ। ਜੋਗ ਮੱਤ ਵਿਚ ਧੁਨੀ ਦੀ ਬੜੀ ਮਹੱਤਤਾ ਹੈ। ਭਗਤ ਕਬੀਰ ਜੋਗੀਆਂ ਨਾਲ ਧੁਨੀ ਦੇ ਪ੍ਰਸੰਗ ਵਿਚ ਤਰਕਮਈ ਸੰਵਾਦ ਰਚਾਉਂਦੇ ਹਨ। ਉਹ ਧੁਨੀ ਦੇ ਪ੍ਰਗਟ ਹੋਣ ਦਾ ਕਾਰਨ, ਪੂਰਬਲੇ ਸੰਜੋਗ ਨੂੰ ਮੰਨਦੇ ਹਨ। ਇਹ ਸੰਜੋਗ ਵਿਅਕਤੀਮੂਲਕ ਹੈ ਅਤੇ ਸੰਸਥਾਮੂਲਕ ਨਹੀਂ। ਭਗਤ ਕਬੀਰ ਜੀ ਨੇ ਇਸ ਧਾਰਨਾ ਨੂੰ ਆਪਣੀ ਬਾਣੀ ਵਿਚ ਵਾਰ-ਵਾਰ ਪ੍ਰਗਟਾਇਆ ਹੈ:

"ਕਾਸੀ ਤੇ ਧੁਨੀ ਊਪਜੈ ਧੁਨੀ ਕਾਸੀ ਜਾਈ॥
ਕਾਸੀ ਫੂਟੀ ਪੰਡਿਤਾ ਧੁਨੀ ਕਹਾਂ ਸਮਾਈ॥"[85]

ਭਗਤ ਰਵਿਦਾਸ ਦਾ ਧੁਨੀ ਦਾ ਅਨੁਭਵ ਨਿੱਜੀ ਹੈ। ਉਹ ਆਪਣੇ ਨਿੱਜੀ ਅਨੁਭਵ ਦਾ ਰਸ ਮਾਣਨ ਵਲ ਤਾਂ ਸੰਕੇਤ ਕਰਦੇ ਹਨ, ਪ੍ਰੰਤੂ ਉਹ ਧੁਨੀ ਦੇ ਸੰਦਰਭ ਵਿਚ ਪਰੰਪਰਾ ਨਾਲ ਕੋਈ ਸੰਵਾਦ ਨਹੀਂ ਰਚਾਉਂਦੇ। ਸੰਵਾਦ ਦੀ ਵਿਧੀ ਭਗਤ ਕਬੀਰ ਜੀ ਤੇ ਭਗਤ ਰਵਿਦਾਸ ਜੀ ਦੇ ਅਨੁਭਵ ਦਾ ਵਖਰੇਵਾਂ ਬਣਦੀ ਹੈ। ਭਗਤ ਰਵਿਦਾਸ ਜੀ ਕੇਵਲ ਧੁਨੀ ਦਾ ਨਿੱਜੀ ਆਨੰਦ ਮਾਣਦੇ ਹਨ ਅਤੇ ਭਗਤ ਕਬੀਰ ਧੁਨੀ ਦੇ ਅਨੁਭਵ ਦੀ ਵਿਆਪਕਤਾ ਨੂੰ ਸਿਧਾਂਤਕ ਰੂਪ ਵਿਚ ਵਿਆਪਕ ਸੰਦਰਭ ਵਿਚ ਵਿਚਾਰ ਦਾ ਵਿਸ਼ਾ ਬਣਾਉਂਦੇ ਹਨ।

ਭਗਤ ਰਵਿਦਾਸ ਆਤਮਿਕ ਆਨੰਦ ਦੇ ਨਿੱਜੀ ਅਨੁਭਵ ਨੂੰ ਬਿਆਨ ਕਰਦੇ ਹੋਏ ਪ੍ਰੇਮਾ-ਭਗਤੀ ਦੀ ਜੁਗਤੀ ਅਤੇ ਗੁਰੂ ਦੀ ਕਿਰਪਾ ਨੂੰ ਆਨੰਦ ਪ੍ਰਾਪਤੀ ਦਾ ਸਾਧਨ ਮੰਨਦੇ ਹਨ। ਉਨ੍ਹਾਂ ਅਨੁਸਾਰ ਭਗਤੀ ਅਤੇ ਗੁਰੂ ਦੀ ਕਿਰਪਾ ਦੁਆਰਾ ਬੁਧਿ/ਮਤਿ ਦੀ ਸ਼ੁੱਧੀ ਹੋਣ ਨਾਲ ਅਤੇ ਆਤਮਿਕ ਸਰੂਪ ਦੇ ਅਨੁਭਵ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਦੁਆਰਾ ਆਨੰਦ ਦੇ ਅਨੁਭਵ ਸੰਬੰਧੀ ਕੀਤੀ ਵਿਚਾਰ ਦੇ ਪ੍ਰਸੰਗਾਂ ਦੀ ਭਿੰਨਤਾ ਹੈ। ਭਗਤ ਰਵਿਦਾਸ ਆਪਣੇ ਨਿੱਜ ਨੂੰ ਮੁੱਖ ਰੱਖਦੇ ਹੋਏ ਆਨੰਦ ਦੇ ਅਨੁਭਵ ਪ੍ਰਤੀ ਵਿਚਾਰ ਕਰਦੇ ਹਨ, ਜਦ ਕਿ ਭਗਤ ਕਬੀਰ ਜੀ ਆਨੰਦ ਨੂੰ ਪਰੰਪਰਾ ਅਤੇ ਮਾਨਵੀ ਰੁਚੀਆਂ ਦੇ ਪ੍ਰਸੰਗ ਵਿਚ ਵਿਚਾਰਦੇ ਹੋਏ, ਅਧਿਆਤਮਕ ਅਨੰਦ ਦੀ ਸਦੈਵਤਾ ਅਤੇ ਸਰਵਉੱਚਤਾ ਦਰਸਾਉਂਦੇ ਹਨ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਨੇ ਇਸ ਅਧਿਆਤਮਕ ਪਦਵੀ ਦਾ ਅਨੁਭਵ ਆਪਣੇ ਜੀਵਨ ਕਾਲ ਵਿਚ ਜੀਵੰਤ ਰੂਪ ਵਿਚ ਕੀਤਾ। ਉਨ੍ਹਾਂ ਦੇ ਅਨੁਭਵ ਦੀ ਮੂਲ-ਭੂਤ ਸਾਂਝ ਦੇ ਬਾਵਜੂਦ, ਉਨ੍ਹਾਂ ਦੇ ਅਨੁਭਵੀ ਗਿਆਨ ਦੇ ਪ੍ਰਵਚਨ ਵਿਚ ਵਖਰੇਵੇਂ ਨਜ਼ਰ ਆਉਂਦੇ ਹਨ। ਇਨ੍ਹਾਂ ਵਖਰੇਵਿਆਂ ਦਾ ਮੂਲ ਕਾਰਨ ਭਗਤ ਰਵਿਦਾਸ ਜੀ ਦੇ ਨਿੱਜ ਕੇਂਦਰਤ ਹੋਣ ਤੇ ਭਗਤ ਕਬੀਰ ਦੁਆਰਾ ਇਸ ਨਿੱਜੀ ਅਨੁਭਵ ਨੂੰ

ਸੰਵਾਦਕਤਾ ਹੈ। ਸੰਵਾਦ ਰਚਾਉਣ ਦਾ ਕਾਰਨ ਵੀ ਭਗਤ ਕਬੀਰ ਦੀ ਸਮਕਾਲੀ ਕਰਮ ਕਾਂਡਾਂ ਪ੍ਰਤੀ ਕਾਟਵੀਂ ਪਹੁੰਚ ਹੈ।

ਭਗਤ ਰਵਿਦਾਸ ਭਗਤੀ ਦੇ ਭਾਵ ਵਿਚ ਭਿੱਜੇ ਅਦਵੈਤ ਦੇ ਅਨੁਭਵ ਵਿਚ ਵਿਚਰਦੇ ਹਨ। ਭਗਤ ਕਬੀਰ ਜੀ ਸਾਧਨਾ ਅਤੇ ਸਮਰੱਪਣ ਦੁਆਰਾ ਅਦਵੈਤ ਦਾ ਅਨੁਭਵ ਕਰਦੇ ਹਨ। ਸਾਧਨਾ ਦੁਆਰਾ ਉਨ੍ਹਾਂ ਦਾ ਹੰਕਾਰ ਮਿਟ ਜਾਂਦਾ ਹੈ ਅਤੇ ਸਮਰੱਪਣ ਉਨ੍ਹਾਂ ਦੀ ਵੱਖਰੀ ਕਲਪਿਤ ਹਸਤੀ ਮਿਟਾ ਦਿੰਦਾ ਹੈ। ਭਗਤ ਕਬੀਰ ਦੀ ਰਚਨਾ-ਦ੍ਰਿਸ਼ਟੀ ਦੀ ਵਿਲੱਖਣਤਾ ਇਹ ਹੈ ਕਿ ਉਹ ਪਰਮਾਰਥ ਦੀ ਹਰੇਕ ਸਥਿਤੀ ਨੂੰ ਸਿਧਾਂਤਕ ਸਰੂਪ ਪ੍ਰਦਾਨ ਕਰਦੇ ਹਨ:

"ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ।।੨੦੪।।"[86]

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੇ ਅਦਵੈਤ ਦੇ ਅਨੁਭਵ ਦਾ ਕੋਈ ਸਿਧਾਂਤਕ ਵਖਰੇਵਾਂ ਨਹੀਂ ਅਤੇ ਇਹ ਅਨੁਭਵ ਬਾਣੀ ਰੂਪ ਵਿਚ ਵੀ ਬਹੁਤ ਸਾਂਝ ਵਾਲਾ ਹੈ।

ਭਗਤ ਕਬੀਰ ਅਤੇ ਭਗਤ ਰਵਿਦਾਸ ਅਨੁਭਵ ਨੂੰ ਮੌਲਿਕ ਰਚਨਾ ਸ਼ੈਲੀ ਰਾਹੀਂ ਬਿਆਨ ਕਰਦੇ ਹਨ। ਉਨ੍ਹਾਂ ਦੀ ਜੀਵਨ ਸ਼ੈਲੀ ਅਤੇ ਰਚਨਾ ਸ਼ੈਲੀ ਦੇ ਵੱਖਰੇਵੇਂ ਬੜੇ ਸੂਖਮ ਹਨ। ਭਗਤ ਕਬੀਰ ਨਿਰੋਲ ਕਰਮਕਾਂਡੀ ਧਾਰਮਿਕ ਸੰਸਥਾਵਾਂ ਦੇ ਪ੍ਰਤਿਕਰਮ ਕਰਕੇ ਵਿਚਾਰ ਨੂੰ ਰਚਨਾ ਸ਼ੈਲੀ ਦੇ ਕੇਂਦਰ ਵਿਚ ਰੱਖਦੇ ਹਨ। ਇਸੇ ਕਰਕੇ ਉਨ੍ਹਾਂ ਦੀ ਸ਼ੈਲੀ ਵਿਚ ਤਰਕ ਅਤੇ ਵਿਅੰਗ ਪ੍ਰਧਾਨ ਹੈ। ਭਗਤ ਰਵਿਦਾਸ ਸਹਿਜ ਵਿਚ ਵਿਚਰਨ ਵਾਲੇ ਅਨੁਭਵੀ ਪੁਰਸ਼ ਹਨ। ਭਗਤੀ, ਭਾਵਨਾ ਅਤੇ ਗਿਆਨ ਉਨ੍ਹਾਂ ਦੀ ਸ਼ੈਲੀ  ਮੂਲ ਤੱਤ ਹਨ। ਉਨ੍ਹਾਂ ਦੀ ਸ਼ੈਲੀ ਸਹਿਜ ਤੇ ਸੁਹਜ ਗੁਣਾਂ ਨਾਲ ਭਰਪੂਰ ਹੈ। ਅਨੁਭਵ ਦੀ ਏਕਤਾ ਦੇ ਬਾਵਜੂਦ ਸ਼ੈਲੀ ਦੇ ਵਖਰੇਵੇਂ ਉਨ੍ਹਾਂ ਦੀ ਬਾਣੀ ਨੂੰ ਵਿਲੱਖਣਤਾ ਅਤੇ ਮੌਲਿਕਤਾ ਪ੍ਰਦਾਨ ਕਰਦੇ ਹਨ। ਭਗਤ ਕਬੀਰ ਗਿਆਨ ਦੇ ਤਰਕ ਨੂੰ ਪ੍ਰਾਥਮਿਕਤਾ ਦਿੰਦੇ ਹਨ, ਜਦ ਕਿ ਭਗਤ ਰਵਿਦਾਸ ਭਗਤੀ ਅਤੇ ਸ਼ਰਣਾਗਤੀ ਦੀ ਭਾਵਨਾ ਦਾ ਪ੍ਰਗਟਾਵਾ ਗਿਆਨ ਦੇ ਪ੍ਰਸੰਗ ਵਿਚ ਕਰਦੇ ਹਨ।

ਇਨ੍ਹਾਂ ਭਗਤਾਂ ਦੇ ਵਿਚਾਰਾਂ ਵਿਚ ਪਰਸਪਰ ਸਾਂਝ ਦਾ ਕਾਰਨ ਇਹ ਸੀ ਕਿ ਇਨ੍ਹਾਂ ਸਨਮੁੱਖ ਮਸਲੇ ਚੁਣੌਤੀਆਂ ਭਰਪੂਰ ਸਨ।  ਇਕ ਜੋਤਿ ਦੀ ਏਕਤਾ ਦਾ ਹੀ ਫਲ ਹੈ ਕਿ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਮੂਲ ਸਰੋਕਾਰ ਇਕੋ ਜਿਹੇ ਹਨ। ਇਨ੍ਹਾਂ ਵਿਚ ਵੱਖਰਤਾਵਾਂ ਨਹੀਂ ਅਤੇ ਵਿਚਾਰਧਾਰਕ ਧਰਾਤਲ ਦੀ ਏਕਤਾ ਅਤੇ ਇਕਸੁਰਤਾ ਦੀ ਸਾਂਝ ਹੈ। ਪ੍ਰਸਿੱਧ ਵਿਦਵਾਨ ਸੁਨੀਤਿ ਕੁਮਾਰ ਚੈਟਰਜੀ ਇਨ੍ਹਾਂ ਭਗਤਾਂ ਦੀ ਪ੍ਰਸਪਰ ਵਿਚਾਰਧਾਰਕ ਏਕਤਾ ਅਤੇ ਲੋਕ-ਪ੍ਰਿਅਤਾ ਨੂੰ ਇੰਜ ਪ੍ਰਵਾਨ ਕਰਦੇ ਲਿਖਦੇ ਹਨ ਕਿ ਇਹ ਮਹਾਨ ਗੁਰੂ ਸਭ ਆਸਤਿਕ ਸਨ, ਈਸ਼ਵਰ-ਵਿਸ਼ਵਾਸੀ ਸਨ ਅਤੇ ਉਨ੍ਹਾਂ ਨੇ ਈਸ਼ਵਰ ਦੇ ਪ੍ਰਤੀ ਭਗਤੀ-ਭਾਵਨਾ ਦਾ ਪ੍ਰਚਾਰ ਕੀਤਾ, ਦੀਨ-ਦੁਖੀਆਂ ਦੀ ਸਵਾਰਥ-ਰਹਿਤ ਸੇਵਾ ਵਿਚ ਆਪਾ ਵਾਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਆਪਣੀ ਪੂਰੀ ਪ੍ਰਮਾਣਿਕਤਾ ਨਾਲ ਮਨੁੱਖ ਮਾਤਰ ਵਿਚ ਸਮਾਨਤਾ ਲਿਆਉਣ

ਦਾ ਯਤਨ ਕੀਤਾ। ਹਾਲਾਂਕਿ ਇਸ ਵੇਲੇ ਹਿੰਦੂਆਂ ਵਿਚ ਇਹ ਗੁਰੂ ਮੀਤ ਬਾਹਰੋਂ ਆਏ ਧਰਮਾਂ ਸਮਾਨਤਾ ਦੇ ਵਿਰੋਧੀ ਸਨ। ਕਈ ਗੱਲਾਂ ਵਿਚ ਇਹ ਗੁਰੂ ਮੀਤ ਬਾਹਰੋਂ ਆਏ ਧਰਮਾਂ ਸਭ ਸ੍ਰੇਸ਼ਠ ਅਤੇ ਉੱਤਮ ਵਿਚਾਰਾਂ ਦੀ ਖੁਲ੍ਹੇ ਦਿਲ ਨਾਲ ਸੁਆਗਤ ਕਰਦੇ ਸਨ। ਸਭ ਤੋਂ ਵੱਧੀ ਗੱਲ ਤਾਂ ਇਹ ਸੀ ਕਿ ਇਹ ਜਨ-ਸਾਧਾਰਣ ਨੂੰ ਬਹੁਤ ਪਿਆਰੇ ਸਨ। ਜਨ-ਸਧਾਰਣ ਦੀਆਂ ਵਿਅਕਤੀਗਤ ਅਤੇ ਸਮਾਜਕ ਲੋੜਾਂ ਕੁਝ ਅਜਿਹੀਆਂ ਸਨ ਅਤੇ ਉਨ੍ਹਾਂ ਨੂੰ ਅਧਿਆਤਮਕ ਭੁੱਖ ਵੀ ਬਹੁਤ ਸੀ। ਸੁਨੀਤੀ ਕੁਮਾਰ ਚੈਟਰਜੀ ਦੇ ਇਹ ਵਿਚਾਰ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਇਨ੍ਹਾਂ ਭਗਤਾਂ ਦੀ ਵਿਚਾਰਧਾਰਕ ਏਕਤਾ ਮੱਧਕਾਲੀ ਅਧਿਆਤਮਕ ਧਰਮ ਚਿੰਤਨ ਦੀ ਵੱਡੀ ਪ੍ਰਾਪਤੀ ਹੈ। ਉਪਦੇਸ਼, ਆਦਰਸ਼ ਅਤੇ ਵਿਹਾਰ ਦੀ ਸਮਾਨਤਾ ਨੇ ਇਕ ਨਵੀਂ ਪ੍ਰੇਰਣਾ ਨੂੰ ਪੈਦਾ ਕੀਤਾ ਸੀ।

ਭਗਤ ਕਬੀਰ ਗਿਆਨ ਦੇ ਵਿਆਪਕ ਪ੍ਰਸੰਗ ਸਿਰਜਦੇ ਹਨ। ਉਹ ਪਰੰਪਰਾ ਦੇ ਵਿਭਿੰਨ ਸੰਦਰਭ ਵਿਚ ਗਿਆਨ ਦੀ ਵਿਚਾਰਧਾਰਕ ਮਹੱਤਤਾ ਦਰਸਾਉਂਦੇ ਹਨ। ਜੋਗ-ਮੱਤ, ਕਾਸ਼ੀ ਦੀ ਸੰਸਥਾ ਅਤੇ ਸ਼ਾਸਤਰੀ ਵਿੱਦਿਆ ਪ੍ਰਣਾਲੀਆਂ ਦੇ ਵਿਸ਼ੇਸ਼ ਸੰਦਰਭਾਂ ਰਾਹੀਂ ਅਨੁਭਵੀ ਗਿਆਨ ਦੀ ਮਾਨਵ ਜੀਵਨ ਵਿਚ ਵਿਆਪਕ ਰੂਪ ਵਿਚ ਸਾਰਥਿਕਤਾ ਤੇ ਉਪਯੋਗਤਾ ਸਿੱਧ ਕਰਦੇ ਹਨ। ਇਸੇ ਕਰਕੇ ਉਨ੍ਹਾਂ ਦੀ ਵਿਚਾਰਧਾਰਾ ਉੱਚੇ-ਸੁੱਚੇ ਮਾਨਵੀ ਮੁੱਲਾਂ ਦੀ ਸਿਰਜਣਾ ਦਾ ਆਧਾਰ ਪੇਸ਼ ਕਰਦੀ ਹੈ। ਭਗਤ ਕਬੀਰ ਉਪਰੋਕਤ ਸੰਸਥਾਵਾਂ ਦੇ ਸੰਸਥਾਈ ਚਰਿੱਤਰ ਦੇ ਟਾਕਰੇ ਤੇ ਮਾਨਵੀ ਕਦਰਾਂ-ਕੀਮਤਾਂ ਨੂੰ ਉਭਾਰਨ ਅਤੇ ਯੁੱਗ ਅਨੁਕੂਲ ਵਿਆਪਕ ਸੰਦਰਭਾਂ ਵਾਲੇ ਨਵੇਂ ਮਾਨਵੀ ਮੁੱਲ਼ਾਂ ਦੀ ਸਿਰਜਣਾ ਕਰਦੇ ਹਨ। ਸਮਾਜਕ ਬਰਾਬਰੀ ਦਾ ਸਿਧਾਂਤ ਉਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਦੇ ਵਿਆਪਕ ਸਰੂਪ ਲਈ ਅਧਾਰ ਬਣਦਾ ਹੈ। "ਕੁਦਰਤ ਕੇ ਸਭ ਬੰਦੇ" ਤੁਕ ਬਰਾਬਰੀ ਦੇ ਅਧਾਰ 'ਤੇ ਸਰਬਸਾਂਝੀਵਾਲਤਾ ਦਾ ਵਿਆਪਕ ਸੰਦਰਭ ਸਿਰਜਦੀ ਹੈ। ਇਸ ਪ੍ਰਸੰਗ ਵਿਚ ਵੀ ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਵਿਚਾਰਧਾਰਾ ਦਾ ਸੂਖਮ ਵਖਰੇਵਾਂ ਨਜ਼ਰ ਆਉਂਦਾ ਹੈ।

ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਵਿਚਾਰਧਾਰਾ ਦੇ ਦਾਰਸ਼ਨਿਕ ਅਧਾਰ ਸਾਂਝੇ ਹਨ ਅਤੇ ਦਾਰਸ਼ਨਿਕ ਆਧਾਰਾਂ ਦੀਆਂ ਸਾਧਨ ਵਿਧੀਆਂ ਵੀ ਸਾਂਝੀਆਂ ਹਨ। ਇਹ ਦਾਰਸ਼ਨਿਕ ਆਧਾਰ ਇਕ ਪਾਸੇ ਭਾਰਤੀ ਗਿਆਨ ਪਰੰਪਰਾ ਦੇ ਮੂਲ ਸ੍ਰੋਤਾਂ ਨਾਲ ਸਾਂਝ ਦਰਸਾਉਂਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਭਗਤਾਂ ਤੋਂ ਅੱਗੇ ਉਭਰਨ ਵਾਲੀ ਗੁਰਮਤਿ ਪਰੰਪਰਾ ਨਾਲ ਵੀ ਇਨ੍ਹਾਂ ਦਾਰਸ਼ਨਿਕ ਆਧਾਰ ਦੀ ਵਿਆਪਕ ਰੂਪ ਵਿਚ ਸਾਂਝ ਸਥਾਪਿਤ ਹੁੰਦੀ ਹੈ। ਇਸੇ ਪ੍ਰਸੰਗ ਵਿਚ ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਇਤਿਹਾਸਕ ਮਹੱਤਵ ਨਿਸ਼ਚਿਤ ਹੁੰਦਾ ਹੈ।

ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਦਾਰਸ਼ਨਿਕ ਅਤੇ ਵਿਚਾਰਧਾਰਕ ਮਹੱਤਵ ਮੂਲ ਆਧਾਰ ਉਨ੍ਹਾਂ ਦਾ ਨਿੱਜੀ ਅਨੁਭਵੀ ਗਿਆਨ ਹੈ। ਇਹ ਨਿੱਜੀ ਗਿਆਨ ਇਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਦੀ ਸਾਂਝ ਦਾ ਮੂਲ ਅਧਾਰ ਵੀ ਬਣਦਾ ਹੈ। ਦੋਵੇਂ ਭਗਤਾਂ ਦੇ ਜਾਤੀ-ਭੇਦ 'ਤੇ ਅਧਾਰਤ ਸਮਾਜਕ ਸੰਕਟ ਦੀ ਨਵਿਰਤੀ ਵੀ ਇਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਦੀ ਸਾਂਝ ਦਾ ਅਧਾਰ ਬਣਦੀ ਹੈ। ਅਨੁਭਵੀ ਗਿਆਨ ਅਤੇ ਵਿਚਾਰ ਯੋਗਤਾ ਦਾ ਤਾਲ-ਮੇਲ ਦੋਵਾਂ ਭਗਤਾਂ ਦੀ ਵਿਚਾਰਧਾਰਾ ਦਾ ਆਧਾਰ

ਬਣਦਾ ਹੈ। ਇਸ ਤਾਲ-ਮੇਲ ਸਦਕਾ ਇਨ੍ਹਾਂ ਦੇ ਦਾਰਸ਼ਨਿਕ ਵਿਚਾਰ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਹੁੰਦੇ ਹਨ ਅਤੇ ਕਿਸੇ ਕਿਸਮ ਦੀ ਭ੍ਰਾਂਤੀ ਪੈਦਾ ਨਹੀਂ ਹੁੰਦੀ। ਉਹ ਪੂਰਵ ਪ੍ਰਚੱਲਿਤ ਧਾਰਨਾਵਾਂ ਦੀਆਂ ਭ੍ਰਾਂਤੀਆਂ ਨੂੰ ਦੂਰ ਕਰਦੇ ਹਨ। ਦੋਵਾਂ ਭਗਤਾਂ ਨੇ ਦਾਰਸ਼ਨਿਕ ਵਿਚਾਰਧਾਰਾ ਦੀ ਮਾਨਵ ਕਲਿਆਣ ਹਿੱਤ ਉਪਯੋਗਤਾ ਦਰਸਾ ਕੇ, ਇਸ ਨੂੰ ਸਮਾਜਕ ਸੰਦਰਭ ਵਿਚੋਂ ਉਸਾਰਿਆ ਹੈ। ਇਸੇ ਕਰਕੇ ਇਨ੍ਹਾਂ ਦੀ ਵਿਚਾਰਧਾਰਾ ਦੀ ਗੁਰਮਤਿ ਵਿਚਾਰਧਾਰਾ ਨਾਲ ਸਥਾਈ ਰੂਪ ਵਿਚ ਸਾਂਝ ਸਥਾਪਿਤ ਹੁੰਦੀ ਹੈ। ਮੱਧਕਾਲੀ ਭਗਤੀ-ਧਾਰਾ ਅਤੇ ਗੁਰਮਤਿ-ਧਾਰਾ ਦੇ ਸੰਯੋਜਨ ਕਰਕੇ ਭਾਰਤੀ ਗਿਆਨ ਪਰੰਪਰਾ ਦੇ ਇਤਿਹਾਸ ਵਿਚ ਪਰਮਾਰਥੀ, ਜੀਵਨ ਜਾਂਚ ਦੀ ਨਿਵੇਕਲੀ ਅਤੇ ਨਵੀਨ ਪਰੰਪਰਾ ਦਾ ਆਗਾਜ਼ ਹੋਇਆ। ਇਸ ਪਰੰਪਰਾ ਦਾ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਹੈ, ਜੋ ਆਉਣ ਵਾਲੇ ਯੁਗ ਵਿਚ ਪਰਮਾਰਥੀ ਜੀਵਨ-ਜਾਂਚ ਦੇ ਵਿਆਪਕ ਸੰਦਰਭਾ ਦਾ ਸਿਰਜਕ ਬਣੇਗਾ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਇਸ ਮਹਾਨ ਦਾਰਸ਼ਨਿਕ ਕਾਰਜ ਦੇ ਸਿਰਜਕਾਂ ਵਜੋਂ ਜਾਣੇ ਜਾਣਗੇ।

ਸਾਰੇ ਭਗਤ ਮੱਧਕਾਲੀਨ ਭਾਰਤੀ ਭਗਤ ਹਨ ਤੇ ਇਨ੍ਹਾਂ ਦਾ ਮੁੱਖ ਉਦੇਸ਼ ਇਕ ਸਾਂਝੇ ਧਰਮ, ਸਾਂਝੇ ਰੱਬ ਤੇ ਜੀਵਨ ਦਾ ਉਪਦੇਸ਼ ਕਰਨਾ ਸੀ, ਜੋ ਮੁਸਲਮਾਨਾਂ ਤੇ ਹਿੰਦੂਆਂ ਵਿਚੋਂ ਹਾਕਮ ਤੇ ਮਹਿਕੂਮ ਦੇ ਸੰਬੰਧ ਦੀ ਰੜਕ ਤੇ ਕੁੜੱਤਣ ਦੂਰ ਕਰਕੇ ਆਦਰਸ਼ਕ ਤੇ ਪਰਾਸਰੀਰਕ ਰਹੱਸਵਾਦੀ ਰਿਸ਼ਤਿਆਂ ਦੀ ਸਾਂਝ ਉਪਜਾ ਸਕੇ। ਸਮੁੱਚੀ ਗੁਰਬਾਣੀ ਵਾਂਗ ਹੀ ਭਗਤੀ ਕਾਵਿ ਦੇ ਮੂਲ ਸਰੋਕਾਰ ਅਧਿਆਤਮਿਕ ਤੇ ਸਮਾਜਕ ਵੀ ਹਨ। ਅਧਿਆਤਮਿਕ ਸ਼ਕਤੀ ਲੈ ਕੇ ਸਮਾਜ ਵਿਚਲੇ ਕੁਹਜ ਦਾ ਪਤਾ ਲਾਉਣਾ, ਸਮਾਜ ਵਿਚਲੀਆਂ ਵਰਜਨਾਵਾਂ ਨਾਲ ਟੱਕਰ ਲੈਣੀ, ਨਵੇਂ ਮਾਨਵੀ ਮੁੱਲਾਂ ਦੀ ਸਿਰਜਣ ਕਰਨੀ ਅਤੇ ਸਵੱਛ ਸਮਾਜ ਦੀ ਸਥਾਪਨਾ ਕਰਨੀ, ਭਗਤ ਕਾਵਿ ਦੇ ਮੂਲ ਸਰੋਕਾਰ ਕਹੇ ਜਾ ਸਕਦੇ ਹਨ। ਭਗਤਾਂ ਦੀ ਵਿਚਾਰਧਾਰਾ ਦਾ ਮੁੱਖ ਤੱਤ ਸਮਾਜਕ ਸਮਾਨਤਾ ਸੀ। ਭਗਤਾਂ ਨੇ ਅਜਿਹੇ ਵਿਸ਼ਵ ਮਨੁੱਖ, ਵਿਸ਼ਵ ਸ਼ਹਿਰੀ, ਵਿਸ਼ਵ ਸਮਾਜ ਦਾ ਭਾਵ ਲੋਕਾਂ ਅੱਗੇ ਰੱਖਿਆ, ਜੋ ਸਮੇਂ ਤੇ ਸਥਾਨ ਦੀਆਂ ਹੱਦਾਂ ਤੋਂ ਪਰੇ ਹੈ, ਜਿਥੇ ਊਚ-ਨੀਚ, ਅਮੀਰ-ਗਰੀਬ, ਰੰਗ-ਨਸਲ ਦੇ ਅੰਦਰ ਭੂਗੋਲਿਕ ਅਤੇ ਸਰੀਰਕ ਵਿਤਕਰੇ ਕੋਈ ਅਰਥ ਨਹੀਂ ਰੱਖਦੇ।

ਭਗਤਾਂ ਨੇ ਜਦੋਂ ਸਮਕਾਲੀ ਸਮਾਜ ਦੇ ਯਥਾਰਥ ’ਤੇ ਨਿਗਾਹ ਮਾਰੀ ਤਾਂ ਹਰ ਮਨੁੱਖ ਨੂੰ ਵੱਖ-ਵੱਖ ਰਾਹ ’ਤੇ ਤੁਰਦਿਆਂ ਵੇਖਿਆ। ਕਿਸੇ ਇਕ ਦੀ ਅਗਵਾਈ ਤੇ ਨਾਮ ਰੂਪੀ ਅਨੁਸ਼ਾਸਨ ਤੋਂ ਸੱਖਣੇ ਲੋਕ ਅਵਤਾਰੀ ਪੂਜਾ ਵਿਚ ਫਸੇ ਹੋਏ ਸਨ। ਜਾਤੀ-ਪਾਤੀ ਦੇ ਵਿਤਕਰੇ ਜੋਰਾਂ ’ਤੇ ਸਨ। ਸੱਤਾਧਾਰੀ ਤਾਂ ਜ਼ੁਲਮ ਕਰ ਹੀ ਰਹੇ ਸਨ ਅਤੇ ਪੰਡਿਤ ਮੁੱਲਾ ਵੀ ਪਿੱਛੇ ਨਹੀਂ ਸਨ। ਭਗਤਾਂ ਨੇ ਵੇਖਿਆ ਕਿ ਹਿੰਦੂਆਂ ਵਿਚਲੀ ਬ੍ਰਾਹਮਣੀ ਜਮਾਤ ਨੇ ਜਨਮ-ਆਧਾਰੀ ਸਮਾਜੀ ਵੰਡ ਕੀਤੀ ਹੋਈ ਹੈ। ਕਰਮ-ਆਧਾਰੀ ਸ੍ਰੇਸ਼ਟਤਾ ਦਾ ਹੱਕ ਕਿਸੇ ਕੋਲ ਨਹੀਂ ਰਿਹਾ। ਭਗਤਾਂ ਨੇ ਇਸ ਯਥਾਰਥ ਦੀ ਵੀ ਪਛਾਣ ਕੀਤੀ ਕਿ ਭਗਤੀ ਗ੍ਰਹਿਸਥ ਨਾਲੋਂ ਵੱਖ ਹੋ ਗਈ ਹੈ। ਧੰਨ ਪਦਾਰਥ ਮਨੁੱਖ ਨੂੰ ਵਰਤ ਰਹੇ ਸਨ ਅਤੇ ਨਾ ਕਿ ਮਨੁੱਖ ਇਸ ਦੀ ਸੁਯੋਗ ਵਰਤੋਂ ਕਰ ਰਿਹਾ ਸੀ। ਭਗਤਾਂ ਨੇ ਵੇਖਿਆ ਕਿ ਹਰ ਪਾਸੇ ਪਾਖੰਡਾਂ ਦਾ ਬੋਲਬਾਲਾ ਹੋ ਗਿਆ ਹੈ ਅਤੇ ਆਪਣੀ ਵਿਚਾਰ ਅਨੁਸਾਰੀ ਹੀ

ਨਹੀਂ, ਸਗੋਂ ਕਿਸੇ ਦੇ ਹੁਕਮ ਅਨੁਸਾਰੀ ਜੀਵਨ ਬਤੀਤ ਕੀਤਾ ਜਾ ਰਿਹਾ ਹੈ। ਅਰਥਹੀਣ ਪਰੰਪਰਾਵਾਂ ਦੇ ਲੋਕਾਈ ਦੇ ਸਿਰ ਚੜ੍ਹ ਕੇ ਬੋਲ ਰਹੀਆਂ ਸਨ। ਸਮਾਜ ਵਿਚ ਜਾਤ-ਪਾਤ, ਕਰਮ-ਕਾਂਡਾਂ ਅਤੇ ਧਾਰਮਿਕ ਕੱਟੜਤਾ ਆਦਿ ਰੋਗ ਮੌਜੂਦ ਹਨ। ਬ੍ਰਾਹਮਣ ਅਤੇ ਪੁਰੋਹਿਤ ਵਰਗ ਨੇ ਸਮਾਜ ਨੂੰ ਧਾਰਮਿਕ ਕੱਟੜਤਾ ਨਾਲ ਵੰਡਿਆ ਹੋਇਆ ਸੀ। ਨੀਚ ਜਾਤੀ ਦੇ ਲੋਕਾਂ ਨਾਲ ਬੁਰਾ ਵਿਹਾਰ ਕੀਤਾ ਜਾਂਦਾ ਸੀ। ਭਗਤਾਂ ਨੇ ਜਾਤ-ਪਾਤ ਨੂੰ ਵੰਗਾਰਿਆ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਖੰਡਨ ਕੀਤਾ। ਇਹ ਵੀ ਪਰਮਾਤਮਾ ਦੀ ਲੀਲ੍ਹਾ ਹੀ ਸੀ ਕਿ ਬ੍ਰਾਹਮਣਵਾਦੀ ਵਿਚਾਰਦਾਰਾ ਨੂੰ ਚੁਣੌਤੀ ਇਨ੍ਹਾਂ ਨੀਵੀਆਂ ਸ਼੍ਰੇਣੀਆਂ ਵਿਚ ਪੈਦਾ ਹੋਏ ਕੁਝ ਭਗਤਾਂ ਨੇ ਹੀ ਦਿੱਤੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਗਤ ਕਾਵਿ ਦੇ ਮਹਾਨ ਚਿੰਤਕਾਂ, ਕਵੀਆਂ ਨੇ ਉਸ ਸਮੇਂ ਭਗਤੀ ਕਾਵਿ ਰਚਿਆ ਜਦੋਂ ਸਮਕਾਲੀ ਪ੍ਰਸਥਿਤੀਆਂ ਸਮੇ ਦੇ ਅਨੁਕੂਲ ਨਹੀਂ ਸਨ। ਉਨ੍ਹਾਂ ਨੇ ਬਾਹਰੀ ਆਡੰਬਰਾਂ ਅਤੇ ਮੂਰਤੀ ਪੂਜਾ ਨੂੰ ਛੱਡ ਕੇ ਇਕ ਈਸ਼ਵਰ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਸਮਾਜਕ ਬੁਰਾਈਆਂ ਨੂੰ ਦੂਰ ਕਰਕੇ, ਆਪਣੀ ਬਾਣੀ ਦੁਆਰਾ ਉਨ੍ਹਾਂ ਦਾ ਖੰਡਨ ਕਰਕੇ ਇਕ ਮਨੁੱਖਤਾਵਾਦੀ, ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਕੀਤੀ। ਜਾਤ-ਪਾਤ ਪ੍ਰਬੰਧ ਦੀ ਵਿਰੋਧਤਾ ਕਰਕੇ ਲੋਕਾਂ ਵਿਚ ਆਪਸੀ ਭਾਈਚਾਰਕ ਸਾਂਝ ਪੈਦਾ ਕੀਤੀ। ਉਨ੍ਹਾਂ ਨੇ ਪਾਖੰਡਾਂ ਨੂੰ ਨੰਗਾ ਕਰਕੇ ਭਾਰਤੀ ਜਨਤਾ ਨੂੰ ਪੁਜਾਰੀ ਵਰਗ ਦੇ ਪੰਜੇ ਤੋਂ ਛੁਡਵਾਇਆ। ਧਰਮ ਤੇ ਸਮਾਜ ਦੇ ਠੇਕੇਦਾਰਾਂ ਨਾਲ ਟੱਕਰ ਲੈ ਕੇ ਲੋਕਾਂ ਨੂੰ ਜੀਵਨ ਜੀਊਣ ਦੀ ਸਹੀ ਸੇਧ ਦਿੱਤੀ। ਇਹ ਮਹਾਨ ਸੰਤ ਭਗਤ ਸਮਾਜ ਵਿਚ ਹਰ ਪ੍ਰਕਾਰ ਦੀ ਅਸਮਾਨਤਾ ਦੂਰ ਕਰਨ ਲਈ ਜੀਵਨ ਭਰ ਸੰਘਰਸ਼ ਕਰਦੇ ਰਹੇ। ਇਨ੍ਹਾਂ ਦਾ ਜੀਵਨ ਭਾਰਤੀ ਜਨਤਾ ਲਈ ਇਕ ਚਾਨਣ ਮੁਨਾਰਾ ਬਣ ਗਿਆ, ਜਿਸ ਤੋਂ ਲੋਕ ਅੱਜ ਤਕ ਰੌਸ਼ਨੀ ਲੈ ਰਹੇ ਹਨ।

ਭਗਤੀ ਕਾਵਿ ਮਨੁੱਖ ਦੇ ਅੰਤਰੀਵੀ ਤੇ ਬਾਹਰੀ ਯਥਾਰਥ ਦੀ ਜਟਿਲਤਾ ਨੂੰ ਪਛਾਨਣ ਲਈ ਕਹਿੰਦੀ ਹੈ ਕਿ ਇਸ ਜਟਿਲਤਾ ਵਿਚ ਮਨੁੱਖ ਨਾਅਰੇ ਪੱਖੀ ਪਰੰਪਰਾ ਨੂੰ ਰੱਦ ਨਹੀਂ ਕਰ ਸਕਦਾ। ਭਗਤ ਕਿਸੇ ਧਰਮ ਦੇ ਖਿਲਾਫ਼ ਹੀ ਨਹੀਂ, ਸਗੋਂ ਉਹ ਧਰਮ ਨੂੰ ਕੱਟੜਤਾ ਅਤੇ ਅੰਧ-ਵਿਸ਼ਵਾਸ਼ ਦਾ ਧਾਰਨੀ ਬਣਾਉਣ ਵਾਲੀ ਸੋਚ ਦੇ ਖਿਲਾਫ਼ ਸਨ। ਭਗਤ ਕਾਵਿ ਧਰਮ ਨੂੰ ਫ਼ਰਜ਼ ਪਛਾਣ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਪ੍ਰੇਰਦੀ ਹੈ। ਭਗਤ ਬਾਣੀ ਗ੍ਰਹਿਸਥ ਤੇ ਭਗਤੀ ਨੂੰ ਇਕੱਠਿਆ ਰੱਖ ਕੇ ਸਵੱਛ ਸਮਾਜ ਦੇ ਨਿਰਮਾਣ ਵੱਲ ਵੱਧਣ ਲਈ ਕਹਿੰਦੀ ਹੈ। ਸਪੱਸ਼ਟ ਹੈ ਕਿ ਭਗਤਾਂ ਦੀ ਵਿਚਾਰਧਾਰਾ ਅਧਿਆਤਮਿਕਤਾ ਤੇ ਸਮਾਜਕਤਾ ਨੂੰ ਇਕੋ ਸਿੱਕੇ ਦੇ ਦੋ ਪਾਸੇ ਮੰਨਦੀ ਹੈ। ਭਗਤ ਬਾਣੀ ਮਨੁੱਖ ਨੂੰ ਸਮਾਜਕ ਕਾਰ-ਵਿਹਾਰ ਕਰਦਿਆਂ ਅਧਿਆਤਮਿਕ ਚਿੰਤਨ ਵੱਲ ਅਗਰਸਰ ਹੋਣ ਲਈ ਕਹਿੰਦੀ ਹੈ।

ਭਗਤੀ ਕਾਵਿ ਨਵੇਂ ਮਾਨਵੀ ਮੁੱਲ ਸਿਰਜਦੀ ਹੋਈ ਜਿਥੇ ਇਕ ਧਰਮ ਚੇਤੰਨ ਸੱਤਾਂ ਦੀ ਰਹਿਨੁਮਾਈ ਲੈਣ ਲਈ ਕਹਿੰਦੀ ਹੈ, ਉਥੇ ਸਾਧ ਸੰਗਤ ਲਈ ਵੀ ਪ੍ਰੇਰਦੀ ਹੈ। ਸਾਕਤ ਦੀ ਸੰਗਤ ਨੂੰ ਵੀ ਵਿਰੋਧ ਵਿਚ ਉਸਾਰ ਕੇ ਸਾਧ-ਸੰਗਤ ਦੇ ਸਵੱਛ ਸਮਾਜ ਨਿਰਮਾਣ ਹਿਤੂ ਹਾਂ ਪੱਖੀ ਕਾਰਜਾਂ ਨੂੰ ਪੇਸ਼ ਕਰਦੀ ਹੈ। ਸਾਕਤ ਨੂੰ

ਮਾਨਵ ਵਿਰੋਧੀ ਵਿਚਾਰਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਭਗਤ ਬਾਣੀ ਅਨੁਸਾਰ ਸਾਧ ਵਿਚਾਰ ਕੇਂਦਰਿਤ ਹੈ ਤੇ ਸਾਕਤ ਵਾਦ ਕੇਂਦਰਿਤ ਹੈ। ਸਾਧ ਸੰਗਤ ਸੰਭਾਵਨਾ ਦੇ ਨਵੇਂ ਰਾਹ ਖੋਲ੍ਹਦੀ ਹੈ, ਸਥੂਲ ਨੂੰ ਸੂਖ਼ਮ ਕਰਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਸਥਿਤੀਗਤ ਨੂੰ ਵਿਕਾਸ ਦੇਣਾ ਲੋਚਦੀ ਹੈ।

ਭਗਤ ਕਾਵਿ ਚੇਤਨਾਹੀਣ ਮਨੁੱਖ ਨੂੰ ਹਰ ਹੀਲੇ ਜਗਾਉਣ ਦੀ ਕੋਸ਼ਿਸ਼ ਕਰਦੀ ਹੈ। ਉਸ ਦੇ ਸਾਹਮਣੇ ਪ੍ਰਸਥਿਤੀਆਂ ਦੀ ਪਛਾਣ ਨਿਸ਼ਚਿਤ ਕਰਕੇ ਉਸ ਨੂੰ ਅਧਿਕਾਰ ਦਿੰਦੀ ਹੈ ਕਿ ਸਮਾਜ ਦੀਆਂ ਬੁਰਾਈਆਂ ਨੂੰ ਨਕਾਰ ਕੇ ਨਵੇਂ ਨਿਰੋਗ ਸਮਾਜ ਦੇ ਨਿਰਮਾਣ ਲਈ ਆਪਣੇ ਕਰਮ ਅਰਜਿਤ ਕਰੇ। ਭਗਤ ਬਾਣੀ ਸਮਾਜੀ ਏਕਤਾ ਦੀ ਗੱਲ ਕਰਦੀ ਹੈ, ਜੋ ਚੰਗੇਰੇ ਸਮਾਜ ਨਿਰਮਾਣ ਲਈ ਸਹਾਇਕ ਹੈ। ਭਗਤ ਬਾਣੀ ਅਧਿਆਤਮਿਕ ਮੰਜ਼ਿਲ ਤੱਕ ਪਹੁੰਚਣ ਲਈ ਰਾਹ ਵਿਚਲੀਆਂ ਹਰ ਪ੍ਰਕਾਰ ਦੀਆਂ ਔਕੜਾਂ ਨੂੰ ਦੂਰ ਕਰਨ ਦਾ ਤਰੀਕਾ ਦੱਸਦੀ ਹੈ। ਭਗਤ ਬਾਣੀ ਨਿਰੋਗ ਸਮਾਜ ਦੇ ਨਿਰਮਾਣ ਵਿਚਲੀ ਹਰ ਸਮੱਸਿਆ ਦਾ ਸਮਾਧਾਨ ਹੈ।

ਉਪਰੋਕਤ ਚਰਚਾ ਮਗਰੋਂ ਇਹ ਕਿਹਾ ਜਾ ਸਕਦਾ ਹੈ ਕਿ ਭਗਤੀ ਕਾਵਿ ਦੇ ਮੂਲ ਸਰੋਕਾਰ ਧਰਮ ਚੇਤਨਾ ਦੀ ਰਹਿਨੁਮਾਈ ਦੇਣਾ, ਗ੍ਰਹਿਸਥੀ ਜੀਵਨ ਅਪਣਾਉਣਾ, ਭਗਤੀ ਤੇ ਕਿਰਤ ਦਾ ਸੁਮੇਲ ਕਰਨਾ ਸੀਮਾ ਨੂੰ ਸੰਭਾਵਨਾ ਵਿਚ ਬਦਲਣਾ, ਬਿਬੇਕ ਬੁੱਧੀ ਦਾ ਵਿਚਾਰ ਕੇਂਦਰਿਤ ਹੋਣਾ, ਭੇਖਾਂ, ਪਾਖੰਡਾਂ, ਜਾਤ-ਪਾਤ, ਆਡੰਬਰਾਂ, ਕਰਮ-ਕਾਡਾਂ ਨੂੰ ਰੱਦ ਕਰਨਾ, ਸਾਂਝੀਵਾਲਦਾ ਦਾ ਉਪਦੇਸ਼, ਸਪੱਸ਼ਟ ਦ੍ਰਿਸ਼ਟੀਕੋਣ ਤੇ ਮਾਨਵੀ ਸੰਵਿਧਾਨ ਅਨੁਸਾਰ ਸੋਚ ਨੂੰ ਸਾਰਥਕ ਪਾਸੇ ਤੋਰਨਾ, ਧੰਨ ਪਦਾਰਥ ਨੂੰ ਸਾਧਨ ਵਜੋਂ ਵਰਤਣਾ, ਗਰੀਬ ਨਾਲ  ਹੋ ਰਹੇ ਅਨਿਆਇ, ਲੋਟੂ ਜਮਾਤ ਨੂੰ ਵੰਗਾਰਨਾ, ਮਨੁੱਖਕ ਨੂੰ ਭਗਤੀ ਵੱਲ ਲਾਉਣਾ, ਨਾਮ ਜਪਣਾ ਤੇ ਜਪਾਉਣਾ ਆਦਿ ਪ੍ਰਮੁੱਖ ਹਨ।

ਸਮੁੱਚਾ ਭਗਤੀ ਕਾਵਿ ਦਾ ਸੰਪੂਰਨ ਅਧਿਆਤਮਿਕ ਕਾਵਿ ਧਾਰਾ ਵਿਚ ਇਕ ਅਹਿਮ ਅਤੇ ਨਿਵੇਕਲਾ ਸਥਾਨ ਹੈ, ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਭਗਤੀ ਕਾਵਿ ਨੂੰ ਜੋ ਗੁਰੂ ਦੇ ਆਸ਼ੇ ਮੁਤਾਬਿਕ ਭਗਤੀ ਕਾਵਿ ਸੀ, ਉਸ ਨੂੰ ਅਹਿਮ ਸਥਾਨ ਦੇ ਕੇ ਭਗਤ ਜਨਾਂ ਨੂੰ ਸਤਿਕਾਰ ਦਿੱਤਾ। ਸਤਿਕਾਰਪੂਰਵਕ ਦਰਜਾ ਦੇ ਕੇ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਕਾਵਿ ਅੰਕਿਤ ਕੀਤਾ।

## ਹਵਾਲੇ ਅਤੇ ਟਿੱਪਣੀਆਂ


1. ਡਾ. ਜਗਬੀਰ ਸਿੰਘ, ਗੁਰਬਾਣੀ: ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ, ਪੰਨਾ 101.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 649.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 335.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 654.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 458.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1157.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1367.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 338.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 971.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 484.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 335.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 525.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 479.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694.

28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 525.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1138.
30. ਵਾਰ ਭਾਈ ਗੁਰਦਾਸ ਜੀ, ਵਾਰ 1, ਪਾਉੜੀ 3.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1366.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1194.
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 482.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 336.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 336.
38. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 973.
39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 657.
42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 340.
43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 338.
44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.
45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.
46. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 794.
47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
48. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 324.
49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.
50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1104.
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1104.
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 476.
53. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 794.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 692.
55. ਡਾ. ਜੱਗੀ ਰਤਨ ਸਿੰਘ ਗੁਰੂ ਰਵਿਦਾਸ ਜੀਵਨ ਤੇ ਰਚਨਾ, ਪੰਨਾ 57.

56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 724.

57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 329.

58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

59. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 476.

60. ਡਾ. ਈਸ਼ਵਰੀ ਪ੍ਰਸਾਦ, ਹਿਸਟਰੀ ਆਫ਼ ਮੈਡੀਵਲ ਇੰਡੀਆ, ਪੰਨਾ 536.

61. ਡਾ. ਫੌਜਾ ਸਿੰਘ, ਪੰਜਾਬ ਦਾ ਇਤਿਹਾਸ (1000-1526), (ਜਿਲਦ ਤੀਜੀ) ਪੰਨਾ 112.

62. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.

63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 655.

64. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 656.

65. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 340.

66. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 325.

67. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 326.

68. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.

69. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 856.

70. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 794.

71. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1350.

72. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.

73. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 339.

74. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105.

75. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364.

76. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1164.

77. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.

78. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1106.

79. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 858.

80. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.

81. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 364.

82. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.

83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1223.

84. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1157.

85. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 857.

86. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364.

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਅਚਾਰੀਆ, ਮਦਨ ਗੋਪਾਲ (ਡਾ.), ਆਦਿ ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ 2001.

ਅਮਰ ਸਿੰਘ (ਸੰਪਾਦਕ), ਬਾਣੀ ਰਵਿਦਾਸ ਜੀ ਕੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਅਮਰ ਸਿੰਘ ਗਿਆਨੀ, ਸ਼੍ਰੋਮਣੀ ਭਗਤਾਂ ਦੇ ਜੀਵਨ, ਗੁਰੂ ਨਾਨਕ ਕਿਤਾਬ ਘਰ, ਅੰਮ੍ਰਿਤਸਰ, 1969.

ਅਮੋਲ ਸ.ਸ., ਗੁਰੂ ਰਵਿਦਾਸ ਵਾਰਤਾ, ਭਾਸ਼ਾ ਵਿਭਾਗ, ਪੰਜਾਬ 1988.

ਆਰ.ਡੀ.ਨਿਰਾਕਾਰੀ, ਭਾਰਤੀ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਅੰਮ੍ਰਿਤ ਲਾਲ ਪਾਲ (ਡਾ.), ਗੁਰੂ ਰਵਿਦਾਸ ਅਤੇ ਬਾਬਾ ਫਰੀਦ ਬਾਣੀ ਦਾ ਤੁਲਨਾਤਮਕ ਅਧਿਐਨ, ਅਸ਼ੋਕ ਪਬਲੀਕੇਸ਼ਨ, ਪਟਿਆਲਾ, 2005.

ਸਰਬਜੀਤ ਕੌਰ, ਰਵਿਦਾਸ ਬਾਣੀ ਤੇ ਅਨੰਦ ਬਾਣੀ ਤੁਲਨਾਤਮਕ ਅਧਿਐਨ ਗਰੇਸੀਅਸ ਪਬਲੀਕੇਸ਼ਨ, ਪਟਿਆਲਾ 2016.

ਸਹਿਗਲ, ਮਨਮੋਹਨ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਇੱਕ ਸਭਿਆਚਾਰਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987.

ਸਤਿੰਦਰ ਸਿੰਘ (ਡਾ.), (ਸੰਪਾਦਕ), ਤੁਲਨਾਤਮਕ ਭਾਰਤੀ ਸਾਹਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ, ਸਾਹਿਬ ਜੀ, ਚਾਰ ਭਾਗ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 2010.

ਸ਼ਮਸ਼ੇਰ ਸਿੰਘ, ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਸਾਹਿਬ ਸਿੰਘ (ਪ੍ਰੋ.), ਗੁਰਬਾਣੀ ਵਿਆਕਰਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979.

ਉਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (1-10 ਪੋਥੀਆਂ) ਰਾਜ ਪਬਲਿਸ਼ਰਜ, ਜਲੰਧਰ, ਮਿਤੀਹੀਣ

ਸਾਹਿਬ ਸਿੰਘ (ਪ੍ਰੋ.),, ਭਗਤ ਬਾਣੀ ਸਟੀਕ (ਹਿੱਸਾ ਦੂਜਾ) ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਸ੍ਰੀ ਅੰਮ੍ਰਿਤਸਰ ਸਾਹਿਬ, 2016.

ਉਹੀ, ਭਗਤ ਬਾਣੀ ਸਟੀਕ (ਹਿੱਸਾ ਚੌਥਾ) ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਸ੍ਰੀ ਅੰਮ੍ਰਿਤਸਰ ਸਾਹਿਬ, 2016.

ਉਹੀ, ਸਲੋਕ ਭਗਤ ਕਬੀਰ ਜੀ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਸ੍ਰੀ ਅੰਮ੍ਰਿਤਸਰ ਸਾਹਿਬ, 2015.

ਸ਼ਾਨ, ਹਰਨਾਮ ਸਿੰਘ (ਸੰਪਾਦਕ), ਬਾਣੀ ਭਗਤ ਰਵਿਦਾਸ ਜੀ ਦੀ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ 1984.

ਸਾਬਰ, ਜਸਬੀਰ ਸਿੰਘ (ਡਾ.), ਭਗਤ ਰਵਿਦਾਸ, ਸਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.

ਸ਼ੇਰ ਸਿੰਘ (ਪ੍ਰੋ:), ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 1998.

ਸਿੰਗਲ, ਧਰਮਪਾਲ (ਡਾ.), ਸੰਤ ਸ੍ਰੋਮਣੀ ਰਵਿਦਾਸ, ਦੀਪਕ ਪਬਲੀਕੇਸ਼ਨ, ਜਲੰਧਰ 1983.

ਸੇਕ, ਗੁਰਚਰਨ ਸਿੰਘ (ਡਾ.), ਪਰਚੀਆਂ ਭਗਤਾਂ ਦੀਆਂ-ਦਰਬਾਰੀ ਦਾਸਕ੍ਰਿਤ ਵਿਵੇਚਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ 1988.

ਹਰਪ੍ਰੀਤ ਕੌਰ (ਸੰਪਾਦਕ), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਪ੍ਰੀਭਾਸ਼ਾਵਾਂ ਦਾ ਕੋਸ਼, ਪ੍ਰੋ: ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2003.

ਹਰਜੀਤ ਸਿੰਘ (ਡਾ.), ਪੰਜਾਬ ਦੀ ਲੋਕ ਕਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005.

ਕਲੇਰ, ਹਰਨੇਕ ਸਿੰਘ (ਡਾ.), ਗੁਰੂ ਰਵਿਦਾਸ ਜੀਵਨ ਤੇ ਬਾਣੀ ਦੀ ਪ੍ਰਮਾਣਿਕਤਾ, ਭਾਸ਼ਾ ਵਿਭਾਗ, ਪੰਜਾਬ, 1995.

ਕਵਿਤਾ, ਭੁਪਿੰਦਰ ਕੌਰ (ਡਾ.), ਆਦਿ ਗ੍ਰੰਥ ਵਿਚ ਸੰਕਲਿਤ ਭਗਤ ਕਬੀਰ ਬਾਣੀ ਦਾ ਚਿਹਨ ਵਿਗਿਆਨ ਅਧਿਐਨ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਐਕਸਟੇਂਨਸ਼ਨ, ਲੁਧਿਆਣਾ, 2011.

ਕਵੀਸ਼ਰ, ਸਰਦੂਲ ਸਿੰਘ, ਸਿੱਖ ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

ਕ੍ਰਿਸ਼ਨਾ ਕਲਸੀਆ (ਡਾ.), ਭਗਤ ਰਵਿਦਾਸ ਜੀ ਦਾ ਭਗਤੀ ਮਾਰਗ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1992.

ਕੋਹਲੀ, ਸੁਰਿੰਦਰ ਸਿੰਘ (ਸੰਪਾਦਕ), ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਤੀਜਾ) ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2010.

ਕੁਲਵੰਤ ਕੋਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.

ਉਹੀ, ਭਗਤੀ ਸਾਹਿਤ ਪਰੰਪਰਾ ਅਤੇ ਪਰਵਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014.

ਉਹੀ, ਬਾਣੀ ਭਗਤ ਰਵਿਦਾਸ-ਇਕ ਅਧਿਐਨ, ਅਮਰ ਪ੍ਰਕਾਸ਼ਨ, ਪਟਿਆਲਾ, 1993.

ਗਾਲਿਬ, ਗੁਰਚਰਨ ਸਿੰਘ, (ਸੰਪਾਦਕ), ਸੰਸਾਰ ਦੇ ਕੁਝ ਮੁੱਖ ਧਰਮ, (ਡਾ.) ਦਰਸ਼ਨ ਸਿੰਘ (ਅਨੁਵਾਦਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਗੁਪਾਲ ਸਿੰਘ (ਡਾ.) , ਸਾਹਿਤ ਦੀ ਪਰਖ, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, 1989

ਗੁਰਮੁਖ ਸਿੰਘ, ਭਗਤ ਰਵਿਦਾਸ ਤੇ ਉਨ੍ਹਾਂ ਦੀ ਬਾਣੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976.

ਗੁਲਵੰਤ ਸਿੰਘ (ਡਾ.), ਗੁਰਮਤਿ ਸਾਹਿਤ ਚਿੰਤਨ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਸਾਹਿਬ, 1997.

ਗੁਰਨਾਮ ਕੌਰ, ਬਾਣੀ ਅਤੇ ਧਰਮ ਦਰਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1992.

.ਗੁਰਮੇਲ ਸਿੰਘ (ਸੰਪਾਦਕ), ਭਾਈ ਗੁਰਦਾਸ ਰਚਿਤ ਵਾਰਾਂ ਤੇ ਕਬਿਤ ਸਵਈਏ ਵਿਚਾਰ ਕੋਸ਼, ਪ੍ਰੋ: ਸਾਹਿਬ ਸਿੰਘ ਗੁਰਮਿਤ ਟਰੱਸਟ, ਪਟਿਆਲਾ, ਆਨੰਦਪੁਰ ਸਾਹਿਬ, 2008.

ਗਿੱਲ, ਮਹਿੰਦਰ ਕੌਰ, ਬਾਣੀਸਾਰ, ਨਵਯੁੱਗ ਪਬਲਿਸ਼ਰਜ, ਦਿੱਲੀ, 1989.

ਗਿਆਨੀ, ਨਰੈਣ ਸਿੰਘ, ਭਗਤ ਬਾਣੀ ਸਟੀਕ, ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਐਂਡ ਕੰਪਨੀ, ਅੰਮ੍ਰਿਤਸਰ, 1980.

ਗਿਆਨੀ, ਗੁਰਦਿੱਤ ਸਿੰਘ, ਪੋਥੀ ਪਰਮੇਸ਼ਰ ਕਾ ਥਾਨੁ ਇਤਿਹਾਸ, ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ।), ਸਿੱਖ ਸਾਹਿਤ ਸੰਸਥਾਨ, ਚੰਡੀਗੜ੍ਹ-1990.

ਗੰਗਾ ਸਿੰਘ, ਸਿੱਖ ਧਰਮ ਫਿਲਾਸਫੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.

ਗਿਆਨੀ, ਪ੍ਰਤਾਪ ਸਿੰਘ, ਭਗਤ ਦਰਸ਼ਨ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, ਮਿਤੀਹੀਣ

ਜੋਧ ਸਿੰਘ, ਭਗਤ ਕਬੀਰ ਜੀਵਨ ਤੇ ਸਿੱਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਜੱਗੀ, ਰਤਨ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012.

ਉਹੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ-ਤੀਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਜੱਗੀ, ਗੁਰਸ਼ਰਨ ਕੌਰ, ਸੰਤ ਕਬੀਰ ਇਕ ਅਧਿਐਨ, ਗਰੇਸੀਅਸ ਪਬਲੀਕੇਸ਼ਨ ਪਟਿਆਲਾ, 2014.

ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 1963.

ਉਹੀ, ਸਿੱਖ, ਸਿੱਖੀ ਅਤੇ ਸਿਧਾਂਤ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 2007.

ਥਿੰਦ, ਕਰਨੈਲ ਸਿੰਘ (ਡਾ.), ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, 1983.

ਦਰਸ਼ਨ ਸਿੰਘ (ਡਾ.), (ਸੰਪਾਦਕ), ਗੁਰੂ ਨਾਨਕ ਬਾਣੀ-ਸੰਚਾਰ ਜੁਗਤਾਂ, ਪੰਜਾਬੀ ਅਕਾਦਮੀ, ਦਿੱਲੀ, 1992.

ਉਹੀ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਦੀਪ, ਦਲੀਪ ਸਿੰਘ (ਡਾ.), ਸਾਧਨ ਮੇਂ ਰਵਿਦਾਸ ਸੰਤ, ਜੀਵਨ ਤੇ ਵਿਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.

ਦੀਵਨ ਸਿੰਘ, ਭਗਤ ਰਵਿਦਾਸ ਦਰਸ਼ਨ, ਟੈਕਸਲਾ ਪ੍ਰਿੰਟਿੰਗ ਪ੍ਰੈਸ, ਚੰਡੀਗੜ੍ਹ, 1995.

ਧੀਰ, ਕੁਲਦੀਪ ਸਿੰਘ (ਡਾ.), ਤੁਲਨਾਤਮਕ ਸਾਹਿਤ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1984.

ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1998.

ਪਦਮ, ਪਿਆਰਾ ਸਿੰਘ, (ਸੰਪਾਦਕ), ਗੁਰੂ ਗ੍ਰੰਥ ਵਿਚਾਰ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਉਹੀ, ਸ੍ਰੀ ਗੁਰੂ ਮਹਿਮਾ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਪ੍ਰੇਮੀ, ਹਕੀਕਤ ਸਿੰਘ, ਭਗਤ ਰਵਿਦਾਸ ਇਕ ਚਾਨਣ, ਭਾਈ ਚਤਰ ਸਿੰਘ, ਜੀਵਨ ਸਿੰਘ, ਮਾਈ ਸੇਵਾ ਬਜਾਰ ਅੰਮ੍ਰਿਤਸਰ, 2002.

ਬਲਕਾਰ ਸਿੰਘ (ਡਾ.), ਸਿੱਖ ਰਹੱਸਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਉਹੀ, ਗੁਰਮਤਿ ਵਿਵੇਚਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਉਹੀ, ਸਿੱਖ ਧਰਮ ਚਿੰਤਨ ਵਿਚ ਭਗਤੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988.

ਉਹੀ, ਬਾਣੀ ਭਗਤ ਰਵਿਦਾਸ ਜੀ ਦੀ ਪਾਠ, ਤੁਕ ਤਤਕਰਾ, ਅਨੁਕ੍ਰਮਾਣਿਕਾ ਅਤੇ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਬਲਜੀਤ ਕੌਰ (ਡਾ.), ਧਰਮ ਤੇ ਸਾਹਿਤ, ਸੁੰਦਰ ਬੁੱਕ ਡਿਪੂ, ਮਾਈ ਹੀਰਾ ਗੇਟ, ਜਲੰਧਰ, 1996.

ਬ੍ਰਹਮ ਜਗਦੀਸ਼ ਸਿੰਘ, ਭਗਤ ਸ਼੍ਰੋਮਣੀ ਰਵਿਦਾਸ, ਵਾਰਿਸ ਸ਼ਾਹ ਫਾਊਂਡਸ਼ੇਨ, ਸ੍ਰੀ ਅੰਮ੍ਰਿਤਸਰ ਸਾਹਿਬ, 1999.

ਉਹੀ, ਮੱਧਕਾਲੀ ਪੰਜਾਬੀ ਸਾਹਿਤ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2013.

ਉਹੀ, ਭਗਤ ਕਬੀਰ ਜੀ ਜੀਵਨ, ਵਿਚਾਰਧਾਰਾ ਅਤੇ ਬਾਣੀ, ਸੰਗਮ ਪਬਲੀਕੇਸ਼ਨਜ਼, ਪਟਿਆਲਾ, 2015.

ਉਹੀ, ਭਗਤ ਰਵਿਦਾਸ ਜੀ ਜੀਵਨ, ਦਰਸ਼ਨ ਤੇ ਬਾਣੀ ਸੰਗਮ ਪਬਲੀਕੇਸ਼ਨਜ਼, ਪਟਿਆਲਾ, 2015.

ਬੇਦੀ, ਭਗਤ ਸਿੰਘ, ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਭਾਈ ਜੋਧ ਸਿੰਘ, ਬਾਣੀ ਭਗਤ ਕਬੀਰ ਜੀ ਸਟੀਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਉਹੀ, ਭਗਤ ਰਵਿਦਾਸ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.

ਭਾਟੀਆ, ਨਰਿੰਦਰ ਕੌਰ (ਡਾ.), ਜਨਮ ਸਾਖੀ ਭਗਤ ਕਬੀਰ ਜੀ ਦੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1995.

ਮਹਿਤਾ, ਇੰਦਰਪਾਲ (ਡਾ.), ਸੰਤ ਰਵਿਦਾਸ ਅਤੇ ਮੀਰਾ ਬਾਈ: ਤੁਲਨਾਤਮਕ ਅਧਿਐਨ, ਭਾਸ਼ਾ, ਵਿਭਾਗ, ਪੰਜਾਬ, 2001.

ਮਹਿੰਦਰਜੀਤ ਕੌਰ (ਪ੍ਰੋ:), ਸਾਹਿਤ ਸਿਧਾਂਤ ਅਤੇ ਪੰਜਾਬੀ ਆਲੋਚਨਾ ਦੇ ਸਿਧਾਂਤ, ਸੋਨੀਆ ਪਬਲੀਕੇਸ਼ਨ, ਪਟਿਆਲਾ, 2010.

ਮਨਮੋਹਨ ਸਿੰਘ (ਡਾ.), ਗੁਰੂ ਰਵਿਦਾਸ ਜੀਵਨ ਤੇ ਰਚਨਾ, ਮਨਦੀਪ ਪ੍ਰਕਾਸ਼ਨ, ਦਿੱਲੀ, 1970.

ਉਹੀ, ਭਗਤੀ ਸਿਧਾਂਤ ਦੇ ਆਧਾਰ ਸਰੋਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਵਰਸਿਟੀ, ਪਟਿਆਲਾ, 1991.

ਮੈਕਸਮੂਲਰ, ਐਫ਼, ਧਰਮ ਦੀ ਉਤਪਤੀ ਅਤੇ ਵਿਕਾਸ (ਭਾਰਤੀ ਧਰਮਾਂ ਦੇ ਪ੍ਰਮਾਣ ਸਾਹਿਤ) ਤਾਰਨ ਸਿੰਘ ਅਨੁਵਾਦਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1977.

ਰਾਜਾ ਰਾਮ ਹਰਦੀਪ, ਗੁਰੂ ਰਵਿਦਾਸ ਬਾਣੀ ਯਥਾਰਥਕ ਅਧਿਐਨ, ਗਰੇਸੀਅਸ ਪਬਲੀਕੇਸ਼ਨ, ਪਟਿਆਲਾ, ਮਿਤੀਹੀਣ.

ਰਾਜਬੀਰ ਕੌਰ, (ਪ੍ਰੋ:) ਭਗਤ ਕਬੀਰ ਅਤੇ ਬਾਣੀ-ਜਗਤ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 143002, 2012.

ਰਾਧਾ ਕ੍ਰਿਸ਼ਨ, ਧਰਮ ਇਕ ਤੁਲਨਾਤਮਕ ਅਧਿਐਨ, ਅਤਰਜੀਤ ਸੂਰੀ (ਅਨੁਵਾਦਕ), ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991.

ਰੂਪ ਸਿੰਘ (ਸੰਪਾਦਕ), ਸੇ ਭਗਤ ਸਤਿਗੁਰ ਮਨ ਭਾਏ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 2009.

ਲਾਲ ਸਿੰਘ (ਸੰਪਾਦਕ), ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਲੇਖ ਰਾਜ ਪਰਵਾਨਾ, ਗੁਰੂ ਰਵਿਦਾਸ ਜੀਵਨ ਤੇ ਕਿਰਤਾਂ-ਇੱਕ ਵਿਵੇਚਨਾਤਮਕ ਅਧਿਐਨ, ਸੈਂਟਰ ਅਤੇ ਦਲਿਤ ਵੈਲਫੇਅਰ ਐਸੋਸੀਏਸ਼ਨ, (ਵੂਲਵਰਹੈਪਟਨ) ਯੂ.ਕੇ. 1993.

ਵਾਰਾ, ਭਾਈ ਗੁਰਦਾਸ ਜੀ, ਸ਼੍ਰੋਮਣੀ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, 1990.

ਵਿਦਿਆਵਤੀ (ਡਾ.), ਭਗਤ ਕਬੀਰ ਜੀਵਨ ਤੇ ਬਾਣੀ, ਆਰ.ਐਸ. ਪਬਲੀਕੇਸ਼ਨ, ਪਟਿਆਲਾ, 1999.

ਵੀਰ ਸਿੰਘ, ਸੰਸਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਬਲਵੀਰ ਸਿੰਘ (ਸੰਪਾਦਕ) ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2004.

ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996.

## ਹਿੰਦੀ ਪੁਸਤਕਾਂ

ਆਜ਼ਾਦ, ਪ੍ਰਿਥਵੀ ਸਿੰਘ, ਰਵਿਦਾਸ ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973.

ਇੰਦਰ ਨਾਥ ਚੌਧਰੀ (ਡਾ.), ਤੁਲਨਾਤਮਕ ਸਾਹਿਤਯ ਕੀ ਭੂਮਿਕਾ, ਨੈਸ਼ਨਲ ਪਬਲੀਕੇਸ਼ਨ ਹਾਊਸ, ਨਵੀਂ ਦਿੱਲੀ, 1983.

ਈਸ਼ਵਰ ਪ੍ਰਸਾਦ, ਮੱਧ ਯੁਧ ਕਾ ਇਤਿਹਾਸ, ਇੰਡੀਅਨ ਪ੍ਰੈਸ (ਪਬਲੀਕੇਸ਼ਨ) ਪ੍ਰਾਈਵੇਟ ਲਿਮਟਿਡ, ਇਲਾਹਾਬਾਦ, 1966.

| | |
|---|---|
| ਸਹਿਗਲ, ਮਨਮੋਹਨ (ਡਾ.), | ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ, ਭਾਰਤੇਂਦੂ ਭਵਨ, ਸੈਕਟਰ 15-ਏ, ਚੰਡੀਗੜ੍ਹ, 1965. |
| ਕਿਰਨ ਨੰਦਾ, | ਮੱਧ ਕਾਲੀ ਸੰਤ ਕਾਵਿ ਮੇ ਵਿਦਰੋਹ ਕਾ ਸਵਰ, ਨਚਿਕੇਤਾ ਪ੍ਰਕਾਸ਼ਨ, ਨਵੀਂ ਦਿੱਲੀ, 1983. |
| ਚਤੁਰਵੇਦੀ, ਪਰਸੂਰਾਮ, | ਉੱਤਰੀ ਭਾਰਤ ਦੀ ਸੰਤ ਪਰੰਪਰਾ, ਭਾਰਤੀ ਭੰਡਾਰ, ਇਲਾਹਾਬਾਦ, 1972. |
| ਚੰਦਰ, ਦੇਵ ਰਾਇ (ਡਾ.), | ਕਬੀਰ ਔਰ ਰੈਦਾਸ : ਏਕ ਤੁਲਾਤਮਿਕ ਅਧਿਐਨ, ਗੋਗਰਦ ਪ੍ਰਕਾਸ਼, ਆਜਮਗੜ, 1978. |
| ਤ੍ਰਿਗੁਣਾਇਤ, ਗੋਬਿੰਦ (ਡਾ.), | ਕਬੀਰ ਦੀ ਵਿਚਾਰਧਾਰਾ, ਸਾਹਿਤ ਨਿਕੇਤਨ, ਤੀਸਰਾ ਸੰਸਕਰਣ, ਕਾਨਪੁਰ. |
| ਤ੍ਰਿਪਾਠੀ, ਆਰਯ ਪ੍ਰਸਾਦ (ਡਾ.), | ਕਬੀਰ ਸਾਹਿਤਯ ਕਾ ਸਾਂਸਕ੍ਰਿਤਕ ਅਧਿਐਨ, ਸੂਰਜ ਪ੍ਰਕਾਸ਼ਨ, ਇਲਾਹਾਬਾਦ, 1974. |
| ਦਿਵੇਦੀ, ਹਜਾਰੀ ਪ੍ਰਸਾਦ, | ਹਿੰਦੀ ਸਾਹਿਤਯ ਕੀ ਭੂਮਿਕਾ, ਇਲਾਹਾਬਾਦ, ਦਿੱਲੀ, 1972. |
| ਪਦਮ, ਗੁਰਬਚਨ ਸਿੰਘ, (ਡਾ.), | ਸੰਤ ਰਵਿਦਾਸ ਔਰ ਕਵੀ, ਨਵਚਿੰਤਨ ਨਿਊ ਜਵਾਹਰ ਨਗਰ, ਜਲੰਧਰ, 1977. |
| ਮੈਨੀ, ਧਰਮ ਪਾਲ (ਡਾ.), | ਕਬੀਰ ਤੇ ਧਾਰਮਿਕ ਵਿਸ਼ਵਾਸ਼, ਆਰੀਆ ਪ੍ਰਿੰਟਿੰਗ ਪ੍ਰੈਸ ਨਿਕਲਸਨ ਰੋਡ, ਅੰਬਾਲਾ ਕੈਂਟ. |
| ਰਾਜਦੇਵ ਸਿੰਘ, | ਸੰਤ ਸਾਹਿਤ ਕੀ ਭੂਮਿਕਾ, ਆਰਯ ਬੁੱਕ ਡੀਪੂ, ਨਵੀਂ ਦਿੱਲੀ, 1974. |

**ENGLISH BOOKS**

| | |
|---|---|
| Chandra Mohan (Dr.), | Kabir and Bhakti Movement, Atma Ram & Sons, Lahore, 1934. |
| Darshan Singh, | Indian Bhakti Traditions and Sikh Gurus, Lyall Book Depot, Ludhiana, 1968. |
| Evid, | A Study of Bhagat Ravi Daasa, Publication Bureau, Punjabi University, Patiala, 1981. |

Darshan Singh, Sikhism and Religions Pluralism, Publication Bureau, Punjabi University, Patiala, 2010.

Goffod, Henry, Comparative Literature, London 1969.

Ishwari Prasad, History of Medieval India, The Indian Press Publication Pvt. Ltd. Allahabad, 1966.

Kohli. SS, A Conceptual Encyclopedia of Guru Granth Sahib, Monohar Publication, Delhi, 1992.

RadhaKrishnana S. (Dr.), Indian Philosophy, Gworge Allin and Unwin, 1956.

## ਪੀਐਚ. ਡੀ. ਖੋਜ ਪ੍ਰਬੰਧ

ਅਜਮੇਰ ਸਿੰਘ, ਭਗਤਾਂ ਦੀ ਬਾਣੀ ਭਾਰਤੀ ਸਿਖਿਆ ਦਰਸ਼ਨ ਦਾ ਪ੍ਰਗਟਾਉ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1997.

ਅਮਰਜੀਤ ਕੌਰ, ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜਕ ਸੰਦਰਭ ਵਿਚ ਤੁਲਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992.

ਅਵਤਾਰ ਸਿੰਘ, ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1989. (ਪ੍ਰਕਾਸ਼ਿਤ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999.

ਅਵਤਾਰ ਸਿੰਘ, ਗੁਰੂ ਰਵਿਦਾਸ ਬਾਣੀ ਦਾ ਸਮਾਜਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,

ਅੰਮ੍ਰਿਤ ਲਾਲ ਪਾਲ, ਗੁਰੂ ਰਵਿਦਾਸ ਅਤੇ ਬਾਬਾ ਫ਼ਰੀਦ ਬਾਣੀ ਦਾ ਤੁਲਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1994.

ਸੁਖਵਿੰਦਰ ਕੌਰ, ਗੁਰੂ ਰਵਿਦਾਸ ਬਾਣੀ ਦਾ ਪੌਰਾਣਿਕ ਅਧਿਐਨ: ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992.

ਸੁਖਜੀਤ ਕੌਰ, ਗੁਰੂ ਰਵਿਦਾਸ ਅਤੇ ਨਾਮਦੇਵ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜਕ ਅਧਿਐਨ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2005.

| | |
|---|---|
| ਸੁਸ਼ਮਾ ਰਾਣੀ ਧੀਰ, | ਰਵਿਦਾਸ ਬਾਣੀ ਵਿਚ ਦਲਿਤ ਚੇਤਨਾ (ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਦੇ ਆਧਾਰ 'ਤੇ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003. |
| ਹਰਮਿੰਦਰ ਕੌਰ, | ਭਗਤ ਕਬੀਰ ਤੇ ਗੁਰੂ ਤੇਗ ਬਹਾਦਰ ਦੇ ਸਲੋਕਾਂ ਦਾ ਤੁਲਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। |
| ਕਲੇਰ, ਹਰਨੇਕ ਸਿੰਘ, | ਗੁਰੂ ਰਵਿਦਾਸ ਜੀਵਨੀ ਤੇ ਬਾਣੀ ਦੀ ਪ੍ਰਮਾਣਿਕਤਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1989. (ਪ੍ਰਕਾਸ਼ਿਤ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1995. |
| ਬੰਗੜ, ਸੁਰਿੰਦਰ ਕੁਮਾਰ, | ਭਗਤ ਕਬੀਰ ਬਾਣੀ ਵਿਚ ਦਲਿਤ ਚੇਤਨਾ (ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਦੇ ਆਧਾਰ 'ਤੇ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004. |
| ਮਹਿਤਾ ਇੰਦਰਪਾਲ, | ਗੁਰੂ ਰਵਿਦਾਸ ਅਤੇ ਮੀਰਾਂ ਬਾਈ: ਇਕ ਤੁਲਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1994. |


## ਖੋਜ ਪਤ੍ਰਿਕਾਵਾਂ ਵਿਸ਼ੇਸ਼ ਅੰਕ


| | |
|---|---|
| ਬਲਕਾਰ ਸਿੰਘ (ਸੰਪਾਦਕ), | ਨਾਨਕ ਪ੍ਰਕਾਸ਼ ਪਤ੍ਰਿਕਾ, (ਭਗਤੀ ਵਿਸ਼ੇਸ਼ ਅੰਕ) (ਦੂਜਾ ਸੰਸਕਰਣ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983. |
| ਪੰਜਾਬੀ ਦੁਨੀਆ | ਰਵਿਦਾਸ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜੂਨ-ਜਲਾਈ, 1977. |
| ਸਰਬਜਿੰਦਰ ਸਿੰਘ (ਸੰਪਾਦਕ) | ਨਾਨਕ ਪ੍ਰਕਾਸ਼ ਪ੍ਰਤਿਕਾ (ਭਗਤ ਰਵਿਦਾਸ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2011. |
| ਖੋਜ ਦਰਪਣ | ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1992. |
| ਜੱਗੀ, ਰਤਨ ਸਿੰਘ (ਪ੍ਰੋ.) | ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1985. |


## ਵੈਬ ਸਾਈਟਾਂ


- www.shabdkosh.com English-Hindi

- www.laxico.com. Definition.com
- Webster’s third new International Dictionary, P.462.
- www.SSRN.com

# ਭਗਤ ਬਾਣੀ ਤੁਲਨਾਤਮਿਕ ਅਧਿਐਨ: ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ

## (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦਰਭ ਵਿਚ)

**BHAGAT BANI TULNATMAK ADHIYAN: BHAGAT RAVIDAS JI ATE BHAGAT KABIR JI**

**(SHRI GURU GRANTH SAHIB JI DE SANDARBH VICH)**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ) ਕਲਾ ਅਤੇ ਭਾਸ਼ਾ ਫ਼ੈਕਲਟੀ ਅਧੀਨ**

**ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ**

## ਖੋਜ-ਪ੍ਰਬੰਧ


**ਖੋਜਾਰਥੀ:**

**ਗੁਰਜੀਤ ਸਿੰਘ**

**ਰੋਲ ਨੰ. A166881001**

**ਨਿਗਰਾਨ:**

**ਡਾ. ਸਤਨਾਮ ਸਿੰਘ ਜੱਸਲ**

**ਡੀਨ,**

**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼**



**ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,**

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

**ਪੰਜਾਬ (ਭਾਰਤ)**

**2021**

# ਸਾਰ ਤੇ ਸਥਾਪਨਾਵਾਂ

ਭਾਰਤੀ ਗਿਆਨ ਪਰੰਪਰਾ ਵਿਚ ਗਿਆਨ ਨਾਲ ਜੁੜੀਆਂ ਧਾਰਨਾਵਾਂ ਦੀ ਸਾਂਝ ਅਤੇ ਨਿਖੇੜੇ ਨੂੰ ਸਮਝਣ ਸਮਝਾਉਣ ਲਈ ਤੁਲਨਾ ਦੀ ਵਿਧੀ ਬੜੀ ਸਹਾਇਕ ਸਿੱਧ ਹੁੰਦੀ ਹੈ। ਸਾਹਿਤ ਸਿਰਜਣਾ ਤੋਂ ਲੈ ਕੇ ਸਾਹਿਤ ਅਧਿਐਨ ਤੱਕ, ਕਿਸੇ ਨਾ ਕਿਸੇ ਰੂਪ ਵਿਚ ਤੁਲਨਾਵੀ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਮੱਧਕਾਲ ਵਿਚ ਭਗਤ ਜਨਾ ਅਤੇ ਗੁਰੂ ਸਾਹਿਬਾਨ ਦੀ ਬਾਣੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਣ ਨਾਲ ਪੰਜਾਬੀ ਅਤੇ ਭਾਰਤੀ ਸਾਹਿਤ ਵਿਚ ਤੁਮਨਾਤਮਿਕ ਸਾਹਿਤ ਅਤੇ ਤੁਲਨਾਤਮਿਕ ਅਧਿਐਨ ਦੀ ਆਧਾਰ ਭੂਮੀ ਸਿਰਜੀ ਗਈ, ਆਦਿ ਗ੍ਰੰਥ ਬਿਨਾਂ ਵਿਵਾਦ ਪ੍ਰਥਮ ਭਾਰਤੀ ਤੁਲਨਾਤਮਿਕ ਬਾਣੀ ਸੰਗ੍ਰਹਿ ਹੈ, ਜੋ ਭਾਸ਼ਾਈ ਅਤੇ ਇਲਾਕਾਈ ਸਰਹੱਦਾਂ ਨੂੰ ਉਲੰਘਦਾ ਵੀ ਹੈ ਅਤੇ ਪਰੰਪਰਾ ਨਿਰੰਤਰਤਾ ਵਲ ਸੰਕੇਤ ਵੀ ਕਰਦਾ ਹੈ। ਮੱਧ ਕਾਲ ਦੇ ਯੁਗ ਵਿਚ ਭਗਤ-ਜਨ ਅਤੇ ਗੁਰੂ ਸਾਹਿਬਾਨ ਭਾਰਤੀ ਗਿਆਨ ਪਰੰਪਰਾ  ਇਤਿਹਾਸਕ ਵਿਕਾਸ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ। ਇਨ੍ਹਾਂ ਨੇ ਆਪਣੇ ਮੌਲਿਕ ਅਨੁਭਵ ਵਿਚੋਂ ਭਾਰਤੀ ਗਿਆਨ ਪਰੰਪਰਾ ਦੀਆਂ ਮੂਲ ਅਤੇ ਪ੍ਰਮਾਣਿਕ ਧਾਰਨਾਵਾਂ ਦਾ ਆਪਣੇ ਯੁਗ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ ਨਵ-ਨਿਰਮਾਣ ਕੀਤਾ। ਨਵੀਂ ਚੇਤਨਾ ਅਤੇ ਮੌਲਿਕ ਚਿੰਤਨ ਪ੍ਰਣਾਲੀ ਰਾਹੀਂ ਉਹ ਜਨਤਕ ਪੱਧਰ ਤੇ ਅਨੁਭਵੀ ਗਿਆਨ ਦਾ ਸੰਦੇਸ਼ ਦੇਣ ਦਾ ਵਡਮੁੱਲਾ ਕਾਰਜ ਕਰਦੇ ਹਨ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਸਮਾਜਕ ਅਤੇ ਧਾਰਮਿਕ ਸੰਕਟ ਵਿੱਚੋਂ ਗੁਜ਼ਰਦੇ ਹੋਏ, ਅਨੁਭਵੀ ਗਿਆਨ ਦੀ ਪ੍ਰਾਪਤੀ ਅਤੇ ਸੰਚਾਰ/ਪਾਸਾਰ ਲਈ ਸੰਘਰਸ਼ ਕਰਦੇ ਹਨ। ਉਨ੍ਹਾਂ ਦੀ ਜਾਤੀਮੂਲਕ ਸਮਾਜਕ ਸਥਿਤੀ ਅਤੇ ਉਨ੍ਹਾਂ ਦੀ ਗਿਆਨ ਦੀ ਜਗਿਆਸਾ ਦਾ ਸਥਾਪਿਤ ਸਮਾਜਕ/ਧਾਰਮਿਕ ਕੀਮਤਾਂ ਅਨੁਸਾਰ ਬਣਦਾ ਸਿੱਧਾ ਵਿਰੋਧ, ਉਨ੍ਹਾਂ ਦੇ ਸੰਘਰਸ਼ ਦਾ ਮੂਲ ਕਾਰਨ/ਅਧਾਰ ਹੈ। ਇਸ ਵਿਰੋਧ ਕਰਕੇ, ਇਨ੍ਹਾਂ ਦੇ ਅਨੁਭਵ ਅਤੇ ਚਿੰਤਨ ਦੀ ਸਮਾਜਕ ਪ੍ਰਸੰਗਿਕਤਾ ਅਤੇ ਸਾਰਥਿਕਤਾ ਇਤਿਹਾਸਕ ਮਹੱਤਵ ਵਾਲੀ ਬਣ ਜਾਂਦੀ ਹੈ। ਇਹ ਨਿਮਨ ਵਰਗ ਦੀ ਪ੍ਰਤਿਨਿੱਧਤਾ ਕਰਦੇ ਹੋਏ, ਗੰਭੀਰ ਅਤੇ ਮੁੱਲਵਾਨ ਚਿੰਤਨ ਦੁਆਰਾ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ ਅਤੇ ਮਾਨਵ-ਮੁਕਤੀ ਦੇ ਨਵੇਂ ਦਾਰਸ਼ਨਿਕ ਅਤੇ ਸਮਾਜਕ ਸੰਦਰਭ ਸਿਰਜਦੇ ਹਨ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਦਾ ਅਧਿਐਨ ਕੀਤਿਆਂ ਇਕ ਕੇਂਦਰੀ ਨੁਕਤਾ ਉੱਭਰਦਾ ਹੈ ਕਿ ਇਸ ਬਾਣੀ ਦੀ ਉਸਾਰੀ ਵਿਚ ਤਿੰਨ ਹੇਤੂ ਮੁੱਖ ਹਨ:

1. ਗਿਆਨ
2. ਅਨੁਭਵ
3. ਕਰਮ

ਇਹ ਤਿੰਨੇ ਇਕ ਦੂਜੇ ਤੋਂ ਵੱਖਰੇ ਵੀ ਹਨ ਅਤੇ ਇਕ ਦੂਜੇ  ਪੂਰਕ ਵੀ। ਅਨੁਭਵ ਵਿਚੋਂ ਗਿਆਨ ਉਪਜਦਾ ਹੈ ਜਾਂ ਗਿਆਨ ਹੋਣ ਉਪਰੰਤ ਅਨੁਭਵ ਅਰਥਪੂਰਨ ਹੁੰਦਾ ਹੈ; ਇਹ ਸਮਝਣਾ ਜ਼ਰਾ ਮੁਸ਼ਕਿਲ ਹੈ। ਫਿਰ

ਕਰਮ ਅਨੁਭਵ ਦਾ ਆਧਾਰ ਹੈ ਜਾਂ ਅਨੁਭਵ ਕਰਮ ਦੀ ਪ੍ਰੇਰਨਾ ਸ਼ਕਤੀ ਹੈ, ਇਹ ਵੀ ਬਹਿਸ ਦਾ ਵਿਸ਼ਾ ਹੈ। ਭਗਤ ਬਾਣੀ ਨੂੰ ਸੌਖੇ ਤਰੀਕੇ ਨਾਲ ਕਿਸੇ ਵਿਧੀ ਵਿਚ ਢਾਲ ਕੇ ਜੇ ਵਾਚਣਾ ਹੈ ਤਾਂ ਉਪਰੋਕਤ ਅਨੁਸਾਰ ਹੀ ਇਸ ਦੀ ਪੜਚੋਲ ਕਰਨੀ ਠੀਕ ਸਮਝ ਹੈ। ਗਿਆਨ ਦੇ ਉਦੇ ਪਿੱਛੇ ਪਰੰਪਰਾ ਕੰਮ ਕਰ ਰਹੀ ਹੁੰਦੀ ਹੈ। ਇੱਥੇ ਗਿਆਨ ਤੋਂ ਸਾਡਾ ਭਾਵ ਸਮਝ ਤੋਂ ਹੈ, ਵਿਵੇਕ ਤੋਂ ਨਹੀਂ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਵਿਚਲੇ ਚਿੰਤਨ ਪਿੱਛੇ ਵੈਦਿਕ ਚਿੰਤਨ ਜੈਨੀ, ਬੋਧੀ, ਸਿੱਧ ਯੋਗੀ, ਨਾਥ ਅਤੇ ਸੂਫੀ ਚਿੰਤਨ ਪਰੰਪਰਾ ਆਦਿ ਕਾਰਜਸ਼ੀਲ ਹਨ। ਇਨ੍ਹਾਂ ਸਭਨਾਂ ਦੇ ਚਿੰਤਨ ਅਤੇ ਮਨਨ ਵਿਚੋਂ ਭਗਤ ਕਵੀਆਂ ਅੰਦਰ ਉਹ ਸੂਝ ਉਪਜੀ, ਜੋ ਆਪਣੇ ਸਮਿਆਂ ਦੀ ਵਿਹਾਕਰਕਤਾ ਨੂੰ ਉਸ ਦੀ ਸੁੰਦਰਤਾ ਤੇ ਵਿਕਰਾਲਤਾ ਸਮੇਤ ਇਕੋ ਜਿੰਨੀ ਗਹਿਰਾਈ ਤੇ ਸਪੱਸ਼ਟਤਾ ਨਾਲ ਵੇਖ ਸਮਝ ਸਕੇ।

ਇਸ ਸਾਰੀ ਪਰੰਪਰਕ ਸਮਝ ਦਾ ਆਧਾਰ ਹੋਰ ਅਗਲੇਰੇ ਪਾਸਾਰ ਗ੍ਰਹਿਣ ਕਰ ਜਾਂਦਾ ਹੈ, ਜਦ ਉਸ ਨਾਲ ਸਮਕਾਲੀ ਸਥਿਤੀਆਂ ਜੁੜਦੀਆਂ ਹਨ। ਇਨ੍ਹਾਂ ਸਥਿਤੀਆਂ ਦੇ ਸਹਿਯੋਗ ਅਤੇ ਸੰਘਰਸ਼ ਵਿਅਕਤੀ ਦੀ ਸੰਵੇਦਨਸ਼ੀਲਤਾ ਤੇ ਰਚਨਾਤਮਿਕਤਾ ਨੂੰ ਪ੍ਰੇਰਦੇ ਤੇ ਜਗਾਉਂਦੇ ਹਨ। ਇਸ ਨੂੰ ਅਸੀਂ ਕਿਸੇ ਪ੍ਰਤਿਭਾ ਦੇ 'ਅਨੁਭਵ' ਦੇ ਰੂਪ ਵਿਚ ਵੇਖਦੇ ਹਾਂ। ਗਿਆਨ ਅਤੇ ਅਨੁਭਵ ਦੇ ਇਸ ਸੰਜੋਗ ਵਿਚੋਂ ਕਰਮ ਦਾ ਜਨਮ ਹੁੰਦਾ ਹੈ। ਕਰਮ ਦੇ ਰੂਪ ਵਿਚ, 'ਰਚਨਾ' ਅਤੇ ਸਮਾਜ ਵਿਚ 'ਕਿਰਿਆਸ਼ੀਲਤਾ' ਰਾਹੀਂ ਪਾਏ ਯੋਗਦਾਨ ਨੂੰ ਵੇਖਿਆ ਜਾ ਸਕਦਾ ਹੈ। ਸਾਡੇ ਅਧਿਐਨ ਦੇ ਆਧਾਰ ਦੋਵੇਂ ਭਗਤ ਜਨ ਗਿਆਨ, ਅਨੁਭਵ ਅਤੇ ਨਾਮ ਦੀ ਤ੍ਰਿਬੈਣੀ ਦਾ ਐਸਾ ਸੰਪੂਰਨ ਉਦਾਹਰਣ ਹਨ, ਜਿਨ੍ਹਾਂ ਦੁਆਰਾ ਕੀਤੀ ਗਈ ਰਚਨਾ ਆਪਣੇ ਮੱਧਕਾਲ ਤੋਂ ਲੈ ਕੇ ਹੁਣ ਤੱਕ, ਜੀਵਨ ਸ਼ੈਲੀ ਅਧਾਰ ਬਣੀ ਹੋਈ। ਆਪਣੇ ਸਮਕਾਲੀ ਹਾਲਾਤ ਵਿਚ ਇਸ ਨੇ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ ਅਤੇ ਅੱਜ ਦੀ ਭਵਿੱਖ ਲਈ ਚਾਨਣ ਮੁਨਾਰੇ ਵਾਂਗ ਰੋਸ਼ਨ ਹੈ।

ਇਹ ਵਿਵੇਚਨ ਲੌਕਿਕ ਸਰੋਕਾਰਾਂ ਅਧੀਨ ਹੈ, ਜਿਸ ਅਨੁਸਾਰ ਗਿਆਨ/ਪਰੰਪਰਾ, ਅਨੁਭਵ/ ਸਮਾਜ ਅਤੇ ਕਰਮ/ਰਚਨਾ ਹੈ।ਰਚਨਾ ਦਾ ਕਰਤਾ ਵਿਅਕਤੀ ਹੈ ਤੇ ਰਚਨਾ ਕਵਿਤਾ ਹੈ। ਇਸ ਪ੍ਰਸੰਗ ਦੇ ਅਸਲ ਅਰਥ ਪਾਰਲੋਕਿਕਤਾ ਵਿਚ ਪਏ ਹਨ। ਪਰਲੋਕਿਕਤਾ ਦੇ ਸੰਦਰਭਾਂ ਵਿਚ ਉਪਰੋਕਤ ਤਰਤੀਬ ਬਦਲ ਕੇ ਇਸ ਤਰ੍ਹਾਂ ਹੋ ਜਾਂਦੀ ਹੈ:

1. ਅਨੁਭਵ
2. ਗਿਆਨ
3. ਕਰਮ

ਇਥੇ ਅਨੁਭਵ, ਸਥਿਤੀਆਂ ਦਾ ਸੰਘਰਸ਼ ਨਹੀਂ ਸਗੋਂ ਅੰਤਰੀਵ ਅਨੁਭਵ ਹੈ, ਜਿਸ ਵਿਚੋ ਗਿਆਨ ਉਪਜਦਾ ਹੈ: ਬ੍ਰਹਮ ਗਿਆਨ। ਇਸ ਗਿਆਨ ਵਿਚੋਂ ਕਵਿਤਾ ਨਹੀਂ ਬਾਣੀ ਉਪਜਦੀ ਹੈ ਜੋ ਸਦੀਵੀ ਸੱਚ ਜਲਵਾ ਕਰਦੀ ਤੇ ਕਰਾਉਂਦੀ ਹੈ। ਇਸੇ ਲਈ ਇਹ ਬਾਣੀ ਸਦੈਵ ਪ੍ਰੇਰਕ ਹੈ। ਕਰਮ ਸਿਰਫ਼ ਸਮਾਜਕ ਮਾਰਗ ਦਰਸ਼ਨ ਹੀ ਨਹੀਂ ਰਹਿੰਦਾ, ਸਗੋਂ ਭਰਮ ਵਿਚੋਂ ਕੱਢ ਕੇ ਜੀਵਨ-ਮੁਕਤੀ ਦੀ ਅਵਸਥਾ ਪ੍ਰਦਾਨ ਕਰਦਾ ਹੈ।

ਇਸ ਤਰ੍ਹਾਂ ਮਨੁੱਖ ਬ੍ਰਹਮ ਵਿਚ ਤਬਦੀਲ ਹੋ ਜਾਂਦਾ ਹੈ। ਸਮਾਜ, ਮਾਨਵਤਾ ਅਤੇ ਸ੍ਰਿਸ਼ਟੀ ਦਾ ਪ੍ਰਤੀਕ ਮਾਤਰ ਰਹਿ ਜਾਂਦਾ ਹੈ। ਸਾਡੇ ਅਧਿਐਨ ਦਾ ਉਪਰੋਕਤ ਤੱਥ, ਕਿ ਇਨ੍ਹਾਂ ਭਗਤ ਕਵੀਆਂ ਦਾ ਅਨੁਭਵ ਪਾਰਲੌਕਿਕ ਜਗਤ ਜਾਂ ਅੰਤਰੀਵ ਜਗਤ ਦਾ ਅਨੁਭਵ ਹੈ, ਕੁਝ ਸਪੱਸ਼ਟੀਕਰਨ ਦੀ ਮੰਗ ਕਰਦਾ ਹੈ। ਵਿਡੰਬਨਾ ਇਹ ਹੈ ਕਿ ਅਤਾਰਕਿਕ ਖੇਤਰ  ਸੱਚ ਨੂੰ ਸਮਝਾਉਣ ਲਈ ਤਾਰਕਿਕ ਜਗਤ ਵਿਚੋਂ ਉਦਾਹਰਣ ਦੇਣ  ਦੀ ਲੋੜ ਹੁੰਦੀ ਹੈ। ਜਿਨ੍ਹਾਂ ਸਮਿਆਂ ਵਿਚ ਇਹ ਦੋਵੇਂ ਭਗਤ ਕਵੀ ਕਰਮਸ਼ੀਲ ਰਹੇ ਉਨ੍ਹਾਂ ਸਮਿਆਂ ਦਾ ਸੱਚ ਬੜਾ ਕਠੋਰ ਹੈ। ਸਥਿਤੀ ਇਹ ਹੈ ਕਿ ਬ੍ਰਾਹਮਣਾਂ ਤੋਂ ਇਲਾਵਾ ਵਿਦਿਆ ਪ੍ਰਾਪਤ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ। ਸ਼ੂਦਰ ਨੂੰ ਤਾਂ ਬਿਲਕੁੱਲ ਨਹੀਂ।  ਇਥੋਂ ਤੱਕ ਕਿ ਜੇ ਕਿਤੇ ਕੋਈ ਨੀਵੀਂ ਜਾਤ ਦਾ ਵਿਅਕਤੀ ਵੇਦ ਸੁਣਦਾ ਫੜਿਆ ਜਾਵੇ ਤਾਂ ਸ਼ੀਸ਼ਾ ਪਿਘਲਾ ਕੇ ਉਸ ਦੇ ਕੰਨਾਂ ਵਿਚ ਪਾ ਦੇਣ ਵਰਗੀ ਭਿਆਨਕ ਸਜ਼ਾ ਦਾ ਜ਼ਿਕਰ ਹੈ। ਇਨ੍ਹਾਂ ਦੋਹਾਂ ਬਾਣੀਕਾਰਾਂ ਦੀ ਆਰਥਿਕ ਸਥਿਤੀ ਵੀ ਐਸੀ ਨਹੀਂ ਕਿ ਉਹ ਕੋਈ ਗ੍ਰੰਥ ਪ੍ਰਾਪਤ ਕਰਕੇ ਪੜ੍ਹ ਸਕਣ, ਪਰ ਉਨ੍ਹਾਂ ਦੀ ਬਾਣੀ ਵਿਚ ਦਰਜ ਗਿਆਨ ਕਿਸੇ ਮਹਾਂ ਪੰਡਿਤ ਵਰਗਾ ਹੈ। ਜਿਸ ਦੀ ਪ੍ਰਾਪਤੀ ਲਈ ਉਮਰਾਂ ਲੰਮੀ ਵਿੱਦਿਆ ਪ੍ਰਾਪਤੀ ਦੀ ਜ਼ਰੂਰਤ ਹੁੰਦੀ ਹੈ। ਇਸ ਹਾਲਤ ਵਿਚ ਇਹ ਵਿੱਦਿਆ ਜਾਂ ਤਾਂ ਉਨ੍ਹਾਂ ਨੇ ਸਾਰੇ ਸਮਾਜ ਅਤੇ ਚੌਗਿਰਦੇ ਤੋਂ ਚੋਰੀ ਪ੍ਰਾਪਤ ਕੀਤੀ ਜਾਂ ਇਸ ਦੀ ਪ੍ਰਾਪਤੀ ਉਸ ਸਹਿਜ ਗਿਆਨ ਵਿਚੋਂ ਹੋਈ ਜੋ ਅੰਤਰ ਪ੍ਰਕਾਸ਼ ਵਿਚੋਂ ਉਪਜਦਾ ਹੈ, ਜਿਸ ਦੇ ਪ੍ਰਕਾਸ਼ਮਾਨ ਹੁੰਦੇ ਹੀ ਬ੍ਰਹਮ ਦੀ ਪ੍ਰਤੀਤੀ, ਉਹ ਪਸਾਰ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ ਜੋ, ਸੰਸਾਰੀ ਵਿੱਦਿਆ ਦੇ ਵੱਸ ਦੇ ਵੀ ਨਹੀਂ। ਇਉਂ ਸਾਡਾ ਮੱਤ ਹੈ ਕਿ ਇਹ ਗਿਆਨ ਲੌਕਿਕਤਾ ਦਾ ਨਹੀਂ ਪਾਰਲੌਕਿਕਤਾ ਦਾ ਹੈ।

ਭਾਰਤੀ ਸਾਹਿਤ ਦਾ ਆਦਿ ਕਾਲ ਵੈਦਿਕ ਸੰਸਕ੍ਰਿਤੀ ਦਾ ਹੈ। ਮੱਧਕਾਲ ਦੇ ਆਰੰਭ ਵਿਚ ਹੀ ਮੁਸਲਿਮ ਹਮਲਾਵਰਾਂ ਦੀ ਆਮਦ ਨਾਲ ਰਾਜਨੀਤਕ, ਧਾਰਮਿਕ, ਸਮਾਜਕ, ਆਰਥਿਕ, ਸਭਿਆਚਾਰਕ ਤੇ ਮਾਨਸਿਕ ਵਾਯੂਮੰਡਲ ਵਿਚ ਉਥਲ-ਪੁਥਲ ਵਾਪਰਦੀ ਹੈ।ਸਾਹਿਤ ਆਪਣੀਆਂ ਸਮਕਾਲੀ ਸਥਿਤੀਆਂ ਦੇ ਸਮੁੱਚ ਵਿਚੋਂ ਉਪਜਦਾ ਹੈ। ਇਸ ਲਈ ਉਪਰੋਕਤ ਸਾਰੇ ਸਰੋਕਾਰ ਸਾਹਿਤ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ ਜਾਂ ਸਾਰੇ ਸਾਹਿਤ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਹੁੰਦੇ ਹਨ ਅਤੇ ਉਨ੍ਹਾਂ ਦੀ ਪਛਾਣ ਬਹੁਤ ਮੁਸ਼ਕਿਲ ਹੈ। ਰਾਜਨੀਤਕ, ਧਾਰਮਿਕ ਪੱਧਰ ’ਤੇ ਹਿੰਦੂ ਮੁਸਲਿਮ ਸ਼ਾਸਕ ਟਕਰਾਉ ਵਿਚ ਤਾਂ ਹਨ ਪਰ ਸਮਾਜਕ, ਆਰਥਿਕ ਪੱਧਰ ਤੇ ਹਿੰਦੂ ਮੁਸਲਿਮ ਜਨ-ਸਾਧਾਰਨ ਸਹਿਯੋਗੀ ਪ੍ਰਕਿਰਿਆ ਵਿਚ ਵੀ ਹਨ ਅਤੇ ਵਿਚਾਰਧਾਰਕ, ਸਭਿਆਚਾਰਕ ਤੇ ਧਾਰਮਿਕ ਪੱਧਰ ਉਪਰ ਬੁੱਧੀਜੀਵੀ, ਲੇਖਕ ਤੇ ਉਦਾਰਚਿਤ ਧਰਮ ਉਪਦੇਸ਼ਕ ਸਮਨਵੈ ਤੇ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਵਿਚ ਵੀ ਰੁੱਝੇ ਹੋਏ ਹਨ। ਕਵੀ, ਸਮਾਜ ਦੀ ਜਾਗਦੀ ਅੱਖ ਹੁੰਦਾ ਹੈ। ਇਸ ਲਈ ਉਸ ਦੀ ਰਚਨਾ ਵਿਚ ਸਾਰੀ ਉਥਲ-ਪੁਥਲ ਵਿਚੋਂ ਨਿੱਤਰ ਕੇ ਆਈ ਮਾਨਵਵਾਦੀ ਸੋਚ ਹੀ ਸਥਾਨ ਗ੍ਰਹਿਣ ਕਰਦੀ ਹੈ ਤੇ ਪ੍ਰਯੋਜਨ ਮਾਨਵ ਕਲਿਆਣ ਬਣ ਜਾਂਦਾ ਹੈ।  ਇਹ ਕਲਿਆਣ ਭਾਵੇਂ ਮੁਕਤੀ ਦੇ ਰੂਪ ਵਿਚ ਸੀ ਤੇ ਭਾਵੇਂ ਅਨਿਆਂ ਤੇ ਸ਼ੋਸ਼ਣ ਰਹਿਤ ਸਮਾਜ ਸਿਰਜਣ ਦੇ ਰੂਪ

ਵਿਚ ਸੀ। ਇਸ ਸਿਰਜਣ ਪ੍ਰਕਿਰਿਆ ਵਿਚ ਸਾਮੀ ਤੇ ਵੈਦਿਕ ਚਿੰਤਨ ਸੂਫ਼ੀਆਂ ਤੇ ਭਗਤਾਂ ਦੇ ਰੂਪ ਵਿਚ ਆਪੋ-ਆਪਣੀ ਭੂਮਿਕਾ ਨਿਭਾ ਰਹੇ ਸਨ।

ਭਗਤ ਦਾ ਅਨੁਭਵ ਦੋਹਰਾ ਹੁੰਦਾ ਹੈ। ਆਮ ਸਮਾਜਕ ਵਿਅਕਤੀ, ਸਮਾਜਕ ਗਤੀ ਅਤੇ ਰਹੁ-ਰੀਤ ਅਨੁਸਾਰ ਜੀਉਂਦਾ ਹੈ। ਜੋ ਕੁਝ ਪ੍ਰਤੱਖ ਹੈ ਜਾਂ ਜੋ ਕੁਝ ਪਦਾਰਥ ਹੈ, ਉਹੀ ਉਸ ਦਾ ਅਨੁਭਵ ਹੈ। ਉਹ ਜੇ ਆਪਣੇ ਅਨੁਭਵ ਦਾ ਸ਼ਬਦਾਂ ਵਿਚ ਪ੍ਰਗਟਾਵਾ ਕਰੇਗਾ ਤਾਂ ਉਹ ਪ੍ਰਗਟਾਵਾ ਪਦਾਰਥਕ ਪੱਧਰ ਦਾ ਹੋਵੇਗਾ। ਸੰਤ ਜਾਂ ਭਗਤ ਜਿਉਂਦਾ ਪਦਾਰਥ ਨੂੰ ਹੈ ਅਤੇ ਧਿਆਉਂਦਾ ਪਰਮਾਰਥ ਨੂੰ ਹੈ। ਇਸ ਲਈ ਉਸ ਦਾ ਸਮਾਜਕ ਪਦਾਰਥਕ ਅਨੁਭਵ ਤਾਂ ਸਮਾਜਕਾਂ ਵਾਲਾ ਹੈ ਅਤੇ ਧਿਆਨ ਅਨੁਭਵ ਸਾਧਕਾਂ ਵਾਲਾ ਹੈ, ਜੋ ਉਸ ਤੋਂ ਇਲਾਵਾ, ਕਿਸੇ ਸਮਾਜਕ ਵਿਅਕਤੀ ਨਾਲ ਸਾਂਝਾ ਨਹੀਂ। ਇਸੇ ਕਾਰਨ ਜਦ ਉਹ ਆਪਣੇ ਪਾਰਗਾਮੀ ਅਨੁਭਵ ਦੀ ਸਾਂਝ ਦੂਸਰੇ ਸਮਾਜ ਨਾਲ ਪਾਉਂਦਾ ਹੈ ਤਾਂ ਉਸ ਕੋਲ ਆਪਣੇ ਅਨੁਭਵ ਦੇ ਸਮਾਨ ਰੂਪ/ਗੁਣ/ਧਰਮ ਦਾ ਕੋਈ ਉਪਮਾਨ ਨਹੀਂ ਹੁੰਦਾ। ਪਰ ਉਸ ਦਾ ਪਦਾਰਥਕ ਅਨੁਭਵ ਬਾਕੀ ਵਿਅਕਤੀਆਂ ਨਾਲ ਸਾਂਝਾ ਹੁੰਦਾ ਹੈ। ਇਸ ਲਈ ਆਪਣੇ ਪਾਰਲੌਕਿਕ ਅਨੁਭਵ ਦੀ ਪੇਸ਼ਕਾਰੀ ਲਈ ਲੌਕਿਕ ਜਗਤ ਦੀਆਂ ਦ੍ਰਿਸ਼ਟਮਾਨ ਵਸਤਾਂ ਦਾ ਸਹਾਰਾ ਲੈਂਦਾ ਹੈ ਤੇ ਉਨ੍ਹਾਂ ਨਾਲ ਤੁਲਨਾ ਕੇ ਆਪਣੇ ਅਨੁਭਵ ਦੀ ਸਥਿਤੀ ਸਪੱਸ਼ਟ ਕਰਦਾ ਤੇ ਸਮਝਾਉਂਦਾ ਹੈ।

ਭਗਤ ਰਵਿਦਾਸ ਅਤੇ ਭਗਤ ਕਬੀਰ ਭਗਤੀ ਲਹਿਰ ਦੇ ਮਹਾਨ ਸੰਤ ਸਨ। ਦੋਵੇਂ ਭਗਤ ਕਵੀ ਇਕ ਦੂਜੇ ਦੇ ਸਮਕਾਲੀ ਸਨ। ਦੋਵਾਂ ਹੀ ਚਿੰਤਕਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਦੋਵੇਂ ਭਗਤਾਂ ਨੇ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਦਾਰਸ਼ਨਿਕ ਪੱਖ ਤੋਂ ਦੋਵਾਂ ਦੀ ਬਾਣੀ ਵਿਚ ਕਾਫ਼ੀ ਸਾਂਝ ਹੈ। ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਅਨੁਸਾਰ ਬ੍ਰਹਮ ਇਕ ਹੈ, ਸਰਬ ਵਿਆਪਕ, ਦਿਆਲੂ, ਕਿਰਪਾਲੂ ਅਤੇ ਸਰਬ ਸ਼ਕਤੀਮਾਨ ਹੈ। ਇਨ੍ਹਾਂ ਭਗਤਾਂ ਨੇ ਬ੍ਰਹਮ ਦੇ ਨਿਰਗੁਣ ਰੂਪ ਨੂੰ ਸਥਾਈ ਅਤੇ ਸਦੀਵੀ ਦੱਸਿਆ ਹੈ। ਦੋਵੇਂ ਚਿੰਤਕਾਂ ਨੇ ਇਕ ਈਸ਼ਵਰਵਾਦੀ ਹੁੰਦੇ ਹੋਏ ਬਹੁ-ਦੇਵਵਾਦ ਅਤੇ ਮੂਰਤੀ ਪੂਜਾ ਦਾ ਵਿਰੋਧ ਕੀਤਾ ਹੈ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਆਤਮਾ ਤੇ ਪਰਮਾਤਮਾ ਦੀ ਅਭੇਦਤਾ ਨੂੰ ਸਵੀਕਾਰ ਕਰਦੇ ਹਨ। ਦੋਵੇਂ ਭਗਤਾਂ ਨੇ ਦ੍ਰਿਸ਼ਟਾਂਤਾਂ ਅਤੇ ਰੂਪਕਾਂ ਦੁਆਰਾ ਆਤਮਾ ਤੇ ਪਰਮਾਤਮਾ ਦੀ ਇਕਰੂਪਤਾ ਦਾ ਵਰਣਨ ਕੀਤਾ ਹੈ। ਦੋਵੇਂ ਚਿੰਤਕਾਂ ਨੇ ਆਤਮਾ ਨੂੰ ਪੰਛੀ ਰੂਪੀ ਦੱਸਿਆ ਹੈ। ਜਿਥੇ ਭਗਤ ਰਵਿਦਾਸ ਜੀ ਨੇ ਆਤਮਾ ਦੇ ਅਨੇਕਾਂ ਜੂਨਾਂ ਵਿਚ ਭਟਕਣ ਸੰਬੰਧੀ ਵਰਣਨ ਕੀਤਾ ਹੈ, ਉਥੇ ਭਗਤ ਕਬੀਰ ਜੀ ਨੇ ਆਤਮਾ ਨੂੰ ਚੁਰਾਸੀ ਲੱਖ ਜੂਨਾਂ ਵਿਚ ਫਸੀ ਹੋਈ ਦੱਸਿਆ ਹੈ। ਇਨ੍ਹਾਂ ਚਿੰਤਕਾਂ ਨੇ ਰਿਸ਼ਤਿਆਂ ਦੁਆਰਾ ਆਤਮਾ ਤੇ ਪਰਮਾਤਮਾ ਦੀ ਅਭੇਦਤਾ ਦਾ ਚਿਤਰਨ ਪੇਸ਼ ਕੀਤਾ ਹੈ। ਭਗਤ ਕਬੀਰ ਜੀ ਨੇ ਆਤਮਾ ਨੂੰ ਪਰਮਾਤਮਾ ਦੀ ਅੰਸ਼ ਦੱਸਿਆ ਹੈ।

ਵਿਚਾਰ ਅਧੀਨ ਭਗਤਾਂ ਅਨੁਸਾਰ ਸਾਰੇ ਜਗਤ ਦਾ ਸਿਰਜਣਹਾਰ ਪਰਮਾਤਮਾ ਹੈ। ਦੋਵੇਂ ਭਗਤਾਂ ਅਨੁਸਾਰ ਇਹ ਸਾਰਾ ਜਗ ਮਿਥਿਆ ਹੈ ਤੇ ਨਾਸ਼ਮਾਨ ਹੈ। ਦੋਵੇਂ ਚਿੰਤਕ ਇਸ ਸੰਸਾਰ ਨੂੰ ਪਰਮਾਤਮਾ ਦੀ ਰਚਾਈ ਹੋਈ ਖੇਡ ਦੱਸਦੇ ਹਨ। ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਨੇ ਮਾਇਆ ਨੂੰ ਕਈ ਰੂਪਾਂ ਵਿਚ ਚਿਤਰਿਆ ਹੈ। ਜਿਵੇਂ ਮਾਇਆ ਅਵਿਦਿਆ ਹੈ, ਮੋਹਣੀ ਹੈ, ਸੁਹਾਗਣ ਹੈ ਅਤੇ ਸੁਪਨੀ ਹੈ। ਮਾਇਆ ਦੀ ਉਤਪਤੀ ਸੰਬੰਧੀ ਭਗਤ ਰਵਿਦਾਸ ਜੀ ਲਿਖਦੇ ਹਨ ਕਿ ਮਾਇਆ ਬਹੁਤ ਸ਼ਕਤੀਸ਼ਾਲੀ ਹੈ। ਜੀਵ ਇਸ ਦੇ ਛਲਾਵੇ ਵਿਚ ਆ ਕੇ ਛਲਿਆਂ ਜਾਂਦਾ ਹੈ। ਭਗਤ ਕਬੀਰ ਜੀ ਵੀ ਮਾਇਆ ਨੂੰ ਪਰਮਾਤਮਾ ਦੀ ਸ਼ਕਤੀ ਦੱਸਦੇ ਹਨ। ਇਹ ਮਾਇਆ ਵੱਡੇ ਵੱਡੇ ਦੇਵਤਿਆਂ ਨੂੰ ਆਪਣੇ ਵਸ ਵਿਚ ਕਰ ਲੈਂਦੀ ਹੈ। ਦੋਵੇਂ ਭਗਤਾਂ ਅਨੁਸਾਰ ਮਾਇਆ ਜੀਵ ਅੰਦਰ ਵਿਕਾਰ ਪੈਦਾ ਕਰਕੇ ਮਨੁੱਖ ਨੂੰ ਆਪਣੇ ਵਸ ਵਿਚ ਕਰ ਲੈਂਦੀ ਹੈ।

ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਮੁਕਤੀ ਨੂੰ ਵਿਆਪਕ ਅਰਥਾਂ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਚਿੰਤਕਾਂ ਅਨੁਸਾਰ ਪਰਮਤੱਤ ਦੀ ਪ੍ਰਾਪਤੀ, ਆਵਾਗਵਨ ਦੇ ਚੱਕਰ ਤੋਂ ਛੁਟਕਾਰਾ ਅਤੇ ਮਨੁੱਖ ਦਾ ਪਰਮਾਤਮਾ ਵਿਚ ਲੀਨ ਹੋਣਾ ਹੀ ਮੁਕਤੀ ਹੈ। ਦੋਵੇਂ ਭਗਤਾਂ ਨੇ ਮੁਕਤੀ ਪ੍ਰਾਪਤੀ ਦੇ ਕਈ ਸਾਧਨ ਦੱਸੇ ਹਨ। ਜਿਵੇਂ ਪ੍ਰਭੂ ਭਗਤੀ ਦੁਆਰਾ ਮੁਕਤੀ, ਗੁਰੂ ਦੁਆਰਾ ਮੁਕਤੀ, ਭਾਵ ਭਗਤੀ ਦੁਆਰਾ ਮੁਕਤੀ, ਕਰਮ ਦੁਆਰਾ ਮੁਕਤੀ ਆਦਿ। ਇਨ੍ਹਾਂ ਤੋਂ ਇਲਾਵਾ ਮਾਇਆ ਦਾ ਤਿਆਗ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾਵਾਂ ਅਤੇ ਵਾਸ਼ਨਾਵਾਂ ਦਾ ਤਿਆਗ ਕਰਨ ਨਾਲ ਵੀ ਮੁਕਤੀ ਪ੍ਰਾਪਤ ਹੁੰਦੀ ਹੈ।ਇਨ੍ਹਾਂ ਚਿੰਤਕਾਂ ਨੇ ਸੰਸਾਰ ਨੂੰ ਮਿਥਿਆ ਦੱਸ ਕੇ ਜੀਵ ਨੂੰ ਨੇਕ ਕਰਮ ਕਰਨ ਦੀ ਪ੍ਰੇਰਣਾ ਦਿੱਤੀ। ਦੋਵੇਂ ਭਗਤਾਂ ਦੇ ਮੁਕਤੀ ਪ੍ਰਾਪਤੀ ਸੰਬੰਧੀ ਵਿਚਾਰਾਂ ਵਿਚ ਕਾਫੀ ਸਾਂਝ ਹੈ।

ਭਾਰਤੀ ਧਰਮ ਚਿੰਤਨ ਦੇ ਇਤਿਹਾਸ ਵਿਚ ਭਗਤੀ ਲਹਿਰ ਦੀ ਭੂਮਿਕਾ ਨਵੇਂ ਪ੍ਰਵਚਨ ਵਾਲੀ ਮੰਨੀ ਗਈ ਹੈ। ਇਸ ਭਗਤੀ ਲਹਿਰ ਨੇ ਜਿਹੜਾ ਰੱਬੀ ਸੰਸਾਰ ਸਿਰਜਿਆ ਹੈ, ਉਸ ਸੰਸਾਰ ਵਿਚ ਸੰਪ੍ਰਦਾਇਕਤਾ, ਜਾਤ ਪਾਤ, ਸ਼੍ਰੇਇਕ ਸਮਾਜ, ਅਵਤਾਰਵਾਦ ਅਤੇ ਵਿਸ਼ੇਸ਼ ਰੂਪ ਵਿਚ ਕਰਮਕਾਂਡ ਦੀ ਕੋਈ ਥਾਂ ਨਹੀਂ ਸੀ। ਇਹ ਉਹ ਰੱਬੀ ਸੰਸਾਰ ਸੀ, ਜਿਸ ਦੇ ਆਰ ਪਾਰ ਮਾਨਵਤਾ ਦੇ ਦੀਦਾਰ ਹੋ ਰਹੇ ਸਨ, ਧਰਤੀ ਧਰਮਸਾਲ ਬਣ ਰਹੀ ਸੀ ਅਤੇ ਨੈਤਿਕ ਮੁੱਲਾਂ ਨੂੰ ਜੀਵਨ-ਦ੍ਰਿਸ਼ਟੀ ਬਣਾਇਆ ਜਾ ਰਿਹਾ ਸੀ। ਇਸ ਦੈਵੀ ਸੰਸਾਰ ਵਿਚ ਧਰਮ ਦੇ ਅਰਥ ਕਰਮ ਵਿਚੋਂ ਲੱਭੇ ਜਾ ਰਹੇ ਹਨ। ਕੁਲੀਨ ਵਰਗ ਦੇ ਵਿਰੋਧ ਵਿਚ ਲੋਕ ਵਰਗ ਨੂੰ ਉਭਾਰ ਮਿਲ ਰਿਹਾ ਸੀ। ਚਿੰਤਾ ਨੂੰ ਚਿੰਤਨ ਰਾਹੀਂ ਸੁਲਝਾਉਣ ਦੀ ਚੇਤਨਾ ਪੈਦਾ ਹੋ ਰਹੀ ਸੀ। ਭਗਤੀ ਲਹਿਰ ਨੇ ਕੁਲੀਨ ਵਰਗ ਦੇ ਹਰ ਪ੍ਰਤਿਮਾਨ ਨੂੰ ਰੱਦ ਕਰਕੇ ਨਵੇਂ ਪ੍ਰਤਿਮਾਨਾਂ ਦੀ ਸਥਾਪਨਾ ਕੀਤੀ। ਆਪਣੇ ਅਰਥ ਗੁਆ ਚੁਕੀਆਂ ਪਰੰਪਰਾਵਾਂ ਨੂੰ ਰੱਦ ਕਰਕੇ ਨਵੀਆਂ ਸੋਚਾਂ ਦਾ ਝਰੋਖਾ ਉਸਾਰਿਆ। ਇਸ ਝਰੋਖੇ ਵਿਚ ਰੱਬ ਤੋਂ ਲੈ ਕੇ ਧਰਤੀ ਦੀ ਹਰ ਪਰਤ ਨੂੰ ਨਵੀਂ ਪਰਿਭਾਸ਼ਾ ਮਿਲਦੀ ਹੈ। ਅਧਿਆਤਮਕ ਸੰਸਾਰ ਵਿਚ ਕੇਂਦਰੀ ਪੈਰਾਡਾਇਮ ਰੱਬ ਸੀ। ਇਸ ਲਈ ਭਗਤੀ ਲਹਿਰ ਨੇ ਉਸ ਰੱਬ ਦੀ ਕਲਪਨਾ ਕੀਤੀ, ਜੋ ਹਰ ਸਮੇਂ ਆਪਣੇ ਭਗਤ ਦੇ ਅੰਗ ਸੰਗ ਹੈ, ਰੱਖਿਅਕ ਅਤੇ ਪ੍ਰਿਤਪਾਲਕ ਹੈ। ਇਸ ਰੱਬ ਨੂੰ ਪ੍ਰਾਪਤ ਕਰਨ ਲਈ ਧਰਮ ਦਾ

ਸਰਲੀਕਰਣ ਕਰਦਿਆਂ ਉਸ ਸਾਰੇ ਕਰਮਕਾਂਡ ਨੂੰ ਰੱਦ ਕੀਤਾ, ਜੋ ਸਾਧਕ ਦੇ ਮਾਰਗ ਨੂੰ ਸੁਲਝਾਉਣ ਦੀ ਥਾਂ ਉਲਝਾਉਂਦਾ ਸੀ। ਭਗਤੀ ਲਹਿਰ ਵਿਚੋਂ ਇਕ ਨਵੇਂ ਰੱਬ, ਇਕ ਨਵੇਂ ਮਨੁੱਖ ਅਤੇ ਗਿਆਨ ਦਾ ਅਜਿਹਾ ਮਾਡਲ ਉਭਰਿਆ ਹੈ, ਜਿਸ ਨੇ ਸਾਰੀ ਕਾਇਨਾਤ ਨੂੰ ਨਵੀਂ ਨੁਹਾਰ ਅਤੇ ਸਹਿਜ ਪਛਾਣ ਦਿੱਤੀ ਹੈ। ਗਿਆਨ ਮਾਰਗੀ ਭਗਤਾਂ ਨੇ ਆਪਣੀ ਬਾਣੀ ਅਧਿਆਤਮਕ ਸੰਸਾਰ ਦਾ ਪ੍ਰਵਚਨ ਹੀ ਬਦਲਾ ਦਿੱਤਾ ਸੀ। ਆਪਣੇ ਤੋਂ ਪੂਰਵਕਾਲੀ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਜੋ ਕੁਛ ਅਰਥਹੀਣ ਸੀ, ਉਸ ਨੂੰ ਰੱਦ ਕਰਕੇ ਇਕ ਨਵਾਂ ਸੰਸਾਰ ਉਸਾਰਿਆ ਸੀ। ਭਗਤ ਬਾਣੀ ਦੀ ਵਡਿਆਈ ਇਹ ਹੈ ਕਿ ਇਸ ਦਾ ਪ੍ਰਵਚਨ ਸਰਬਕਾਲੀ ਚਰਿੱਤਰ ਵਾਲਾ ਹੈ। ਵਰਤਮਾਨ ਸਮਿਆਂ ਵਿਚ ਵੀ ਇਨ੍ਹਾਂ ਪ੍ਰਵਚਨਾਂ ਦੀ ਸਮਕਾਲੀ ਪ੍ਰਾਸੰਗਿਕਤਾ ਬੜੀ ਸਪੱਸ਼ਟ ਹੈ।

ਮਾਨਸ ਜਨਮ ਦੀ ਦੁਰਲੱਭਤਾ ਦੱਸ ਕੇ, ਇਸ ਜਨਮ ਦੇ ਪਰਮ ਮਨੋਰਥ ਪ੍ਰਤੀ ਸੁਚੇਤ ਕਰਦੇ ਹਨ। ਉਹ ਮਾਨਸ ਜਨਮ ਦੀ ਉੱਤਮਤਾ ਅਤੇ ਇਸ ਦੀ ਅਨੁਭਵ ਸਿੱਧ ਵਿਆਪਕਤਾ ਨੂੰ ਵਿਚਾਰ ਦਾ ਵਿਸ਼ਾ ਬਣਾਉਂਦੇ ਹਨ ਅਤੇ ਪਰਮਾਰਥ ਦੇ ਰੂਪ ਵਿਚ ਇਸ ਜਨਮ ਦਾ ਪੂਰਾ ਲਾਹਾ ਲੈਣ ਦੀ ਜਿਗਿਆਸਾ ਉਤਪੰਨ ਕਰਦੇ ਹਨ।

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥

ਭਗਤ ਕਬੀਰ ਇਸ ਯੁੱਗ ਦੇ ਕ੍ਰਾਂਤੀਕਾਰੀ ਦਾਰਸ਼ਨਿਕ ਚਿੰਤਕ ਹਨ, ਜੋ ਮੌਲਿਕ ਅਨੁਭਵ  ਸੱਚ ਨੂੰ ਉਪਰੋਕਤ ਸੰਦਰਭ ਵਿਚੋਂ ਕੇਵਲ ਉਘਾੜਦੇ ਹੀ ਨਹੀਂ, ਬਲਕਿ ਜੀਵਨ-ਜਾਂਚ ਦਾ ਇਕ ਨਵਾਂ ਰੂਪ ਸਿਰਜ ਕੇ ਦੱਬੀ-ਕੁਚਲੀ ਜਨਤਾ ਦੇ ਮਨ ਵਿਚ ਵਿਦਰੋਹ ਪੈਦਾ ਕਰਨ ਦਾ ਮਾਹੌਲ ਸਿਰਜਦੇ ਹਨ। ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਪਰੰਪਰਾ ਅਤੇ ਗਿਆਨ ਦਾਂ ਵਿਭਿੰਨ ਭਾਰਤੀ ਸੰਪਰਦਾਵਾਂ ਨਾਲ ਸਮਰੂਪਤਾ ਦਰਸਾਉਂਦੀ ਹੈ। ਇਹ ਦੋਵੇਂ ਬਾਣੀਕਾਰ ਆਪਣੇ ਮੌਲਿਕ ਅਨੁਭਵ ਵਿਚੋਂ ਸਿਰਜੀਆਂ ਦਾਰਸ਼ਨਿਕ ਧਾਰਨਾਵਾਂ ਅਤੇ ਆਪਣੀ ਵਿਅਕਤੀਗਤ ਜਾਤੀ-ਸਥਿਤੀ ਦੇ ਪ੍ਰਸੰਗ ਵਿਚ ਸਿਰਜੀਆਂ ਧਾਰਨਾਵਾਂ ਦੀ ਸਮਰੂਪਤਾ ਦਰਸਾਉਂਦੇ ਹਨ। ਇਨ੍ਹਾਂ ਦੇ ਦਾਰਸ਼ਨਿਕ ਅਨੁਭਵ  ਸਮਰੂਪਤਾ ਦਾ ਆਧਾਰ ਭਾਰਤੀ ਦਰਸ਼ਨ ਦੀਆਂ ਮੂਲ ਸਥਾਪਨਾਵਾਂ ਦੀ ਸ਼ਬਦਾਵਲੀ ਹੈ। ਭਾਰਤੀ ਦਰਸ਼ਨ ਵਿਚ ਅਧਿਆਤਮਕ ਵਿਚਾਰ ਦਾ ਮੂਲ ਆਧਾਰ ਜੀਵ (ਮਨੁੱਖ) ਦੀ ਸੰਸਾਰ ਯੁਕਤ ਸੰਸਾਰਕ ਸਰੀਰ ਦੀ ਸਮਾਜ ਵਿਚ ਹੋਂਦਸ਼ੀਲਤਾ ਹੈ। ਸਰੀਰ ਦੀ ਹੋਂਦਸ਼ੀਲਤਾ ਦੇ ਸਮਾਜਕ ਸੰਦਰਭ ਦੁਆਰਾ ਹੀ ਜੀਵ ਦੀ ਮੁਕਤੀ ਦਾ ਪ੍ਰਸ਼ਨ ਖੜਾ ਹੁੰਦਾ ਹੈ। ਮੱਧਕਾਲੀ ਚਿੰਤਨ ਵਿਚ 'ਮੁਕਤੀ' ਦੀ ਧਾਰਨਾ ਵਿਆਪਕ ਅਰਥਾਂ ਵਿਚ ਗ੍ਰਹਿਣ ਕੀਤੀ ਜਾਂਦੀ ਹੈ। ਇਹ  ਆਧੁਨਿਕ ਪਰਿਪੇਖ ਹੋਰ ਵੀ ਵਿਸ਼ਾਲ ਅਤੇ ਵਿਸਤ੍ਰਿਤ ਹੈ, ਮੁਕਤੀ ਕੇਵਲ ਮਨ ਦੀ ਹੀ ਨਹੀਂ, ਬਲਕਿ ਦੇਹ ਦੀ ਵੀ ਜ਼ਰੂਰੀ ਹੈ। ਵਿਚਾਰਧਾਰਕ ਸੁਤੰਤਰਤਾ ਜ਼ਰੂਰੀ ਹੈ। ਪਰਤੰਤਰ ਕਰਨ ਵਾਲੇ ਵਿਚਾਰਾਂ ਦੇ ਵਿਰੁੱਧ ਮੁਕਤੀ ਦੇਣ ਵਾਲੀ ਵਿਚਾਰਧਾਰਾ ਖੜੀ ਕਰਨੀ ਜ਼ਰੂਰੀ ਹੈ। ਪਰ ਇਸ ਦੇ ਨਾਲ ਹੀ ਗੁਲਾਮ ਕੀਤੀ ਦੇਹ ਨੂੰ ਛੁਡਾਉਣਾ ਵੀ ਜ਼ਰੂਰੀ

ਹੈ। ਮਨੁੱਖੀ ਦੇਹ ਦੀ ਗੁਲਾਮੀ ਦਾ ਵਿਆਪਕ ਸੰਦਰਭ ਮੱਧਕਾਲੀ ਚਿੰਤਨ ਵਿਚ ਵਿਸ਼ੇਸ਼ ਰੂਪ ਵਿਚ ਚਿੰਤਨ ਦਾ ਵਿਸ਼ਾ ਬਣਦਾ ਹੈ।

ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਮਨੁੱਖੀ ਦੇਹੀ ਦੀ ਪ੍ਰਾਪਤੀ ਸੰਬੰਧੀ ਪੂਰਵ-ਜਨਮ ਦੇ ਸ਼ੁਭ-ਕਰਮਾਂ ਦੀ ਧਾਰਨਾ ਦੁਆਰਾ ਇਹ ਨੁਕਤਾ ਉਭਾਰਦੇ ਹਨ ਕਿ ਮਨੁੱਖੀ ਦੇਹੀ ਦੀ ਹੋਂਦਸ਼ੀਲਤਾ ਇਕਹਿਰਾ ਸੰਕਲਪ ਨਹੀਂ, ਬਲਕਿ ਜਨਮ ਅਤੇ ਮੌਤ ਦੇ ਆਰ-ਪਾਰ ਵਿਸ਼ਾਲ ਭੂਮੀ ਵਿਚ ਫੈਲਿਆ ਵਿਆਪਕ ਵਰਤਾਰਾ, ਮਨੁੱਖੀ ਦੇਹੀ ਦੀ ਹੋਂਦਸ਼ੀਲਤਾ ਦਾ ਸਰੂਪ ਅਤੇ ਕਾਰਜ ਨਿਸ਼ਚਿਤ ਕਰਦਾ ਹੈ। ਮਨੁੱਖੀ ਦੇਹ ਦੀ ਦੁਰਲੱਭਤਾ ਅਤੇ ਮਨੁੱਖੀ ਦੇਹੀ ਦੁਆਰਾ ਕੀਤੇ ਜਾਣ ਵਾਲੇ ਕਾਰਜ ਦੀ ਸਫ਼ਲਤਾ/ਸੰਪੂਰਨਤਾ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀਆਂ ਧਾਰਨਾਵਾਂ ਮੂਲ-ਰੂਪ ਵਿਚ ਸਾਂਝੀਆਂ ਹਨ।

ਗੁਰ ਸੇਵਾ ਤੇ ਭਗਤ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।
ਭਜਹੁ ਗੋਬਿੰਦ ਭੂਲਿ ਮਤਿ ਜਾਹੁ।। ਮਾਨਸ ਜਨਮ ਕਾ ਏਹੀ ਲਾਹੁ।।

ਕਰਮ-ਕਾਂਡ ਦੀ ਪ੍ਰਵਿਰਤੀ ਅੰਧ-ਵਿਸ਼ਵਾਸੀ ਤੋਂ ਵਧੇਰੇ ਮਾਰੂ ਪ੍ਰਭਾਵ ਵਾਲੀ ਹੈ। ਭਰਮੂਲਕ ਪ੍ਰਵਿਰਤੀਆਂ ਦਾ ਨਿਸ਼ੇਧ ਉਨ੍ਹਾਂ ਦੀ ਵਿਚਾਰਧਾਰਾ ਦਾ ਨਿਖੇੜੂ ਲੱਛਣ ਹੈ। ਇਸ ਲਈ ਇਹ ਅਗਿਆਨ ਅਤੇ ਗਿਆਨ ਦਾ ਨਿਖੇੜਾ ਕਰਕੇ, ਗਿਆਨ ਦੇ ਮਾਨਵੀ ਚਰਿੱਤਰ ਨੂੰ ਉਘਾੜਦਾ ਹੈ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਆਪਣੇ ਪ੍ਰਵਚਨ ਵਿਚ ਕਰਮ-ਕਾਂਡ ਦਾ ਨਿਸ਼ੇਧ ਗਿਆਨ ਦੇ ਸੰਦਰਭ ਰਾਹੀਂ ਕਰਦੇ ਹਨ। ਉਹ ਉਨ੍ਹਾਂ ਧਿਰਾਂ ਦਾ ਸਖਤ ਵਿਰੋਧ ਕਰਦੇ ਹਨ, ਜੋ ਰੂੜ੍ਹੀਵਾਦੀ ਪ੍ਰਵਿਰਤੀਆਂ ਦਾ ਪੱਖ ਪੂਰਦੀਆਂ ਹਨ। ਇਸੇ ਕਰਕੇ ਸੰਚਾਰ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਬਾਣੀ ਪਾਠਕ ਨੂੰ ਗਿਆਨ ਦੀਆਂ ਵਿਰੋਧੀ ਧਿਰਾਂ ਦੇ ਮਾਨਵ ਵਿਰੋਧੀ ਧਾਰਮਿਕ ਚਰਿੱਤਰ ਦੀ ਸਹੀ ਸਮਝ ਪ੍ਰਦਾਨ ਕਰਦੀ ਹੈ।

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕਠੁ ਨ ਜਾਨਾ।।
ਲੋਕ ਪਤੀਣੇ ਕਛੂ ਨਾ ਹੋਵੈ ਨਾਹੀ ਰਾਮੁ ਅਯਾਨਾ।।੧।।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਕਿਸੇ ਵੀ ਅਜਿਹੀ ਪ੍ਰਵਿਰਤੀ ਨੂੰ ਵਿਚਾਰਧਾਰਾ ਦਾ ਅੰਗ ਨਹੀਂ ਬਣਾਉਂਦੇ, ਜੋ ਮੂਲ ਰੂਪ ਵਿਚ ਦਾਰਸ਼ਨਿਕ ਗਿਆਨ ਨਾਲ ਵਿਰੋਧ ਦਰਸਾਉਂਦੀ ਹੋਵੇ। ਇਸੇ ਕਰਕੇ ਉਨ੍ਹਾਂ ਦੇ ਦਾਰਸ਼ਨਿਕ ਵਿਚਾਰ/ਧਾਰਨਾਵਾਂ ਕਿਸੇ ਕਿਸਮ ਦਾ ਭਰਮ/ਸ਼ੰਕਾ ਨਹੀਂ ਉਪਜਾਉਂਦੀਆਂ, ਬਲਕਿ ਪੂਰਵ ਪ੍ਰਚੱਲਿਤ ਧਾਰਨਾਵਾਂ ਨੂੰ ਹੋਰ ਸਪੱਸ਼ਟ ਕਰਦੀਆਂ ਹਨ। ਭਾਰਤੀ ਧਰਮ-ਪਰੰਪਰਾ ਵਿਚ ਗਿਆਨ ਅਤੇ ਕਰਮ-ਕਾਂਡ ਦੇ ਰਲ-ਗੱਡ ਕਰਕੇ ਜੋ ਭ੍ਰਾਂਤੀਆਂ ਪੈਦਾ ਹੁੰਦੀਆਂ ਹਨ, ਮੱਧਕਾਲ ਦੇ ਭਗਤ ਜਨ ਅਤੇ ਗੁਰੂ ਸਾਹਿਬਾਨ ਗਿਆਨ ਅਤੇ ਕਰਮ-ਕਾਂਡ ਦੇ ਨਿਖੇੜੇ ਰਾਹੀਂ ਇਨ੍ਹਾਂ ਭ੍ਰਾਂਤੀਆਂ ਨੂੰ ਦੂਰ ਕਰਦੇ ਹਨ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਸਮਾਜਕ, ਧਾਰਮਿਕ ਅਤੇ ਦਾਰਸ਼ਨਿਕ ਪਰਿਪੇਖ ਵਿਚੋਂ ਉਸਰਦੀ ਹਨ। ਇਸ ਲਈ ਉਹ ਮਾਨਵੀ ਹਿਤ ਦੇ ਵਿਰੋਧ ਵਿਚ ਭੁਗਤਣ ਵਾਲੀਆਂ ਵਿਹਾਰਕ ਪ੍ਰਵਿਰਤੀਆਂ ਨੂੰ ਤਰਕ ਦੇ ਆਧਾਰ 'ਤੇ ਵਿਚਾਰਧਾਰਾ ਵਿਚ ਸ਼ਾਮਿਲ ਕਰਦੇ ਹਨ। ਭਗਤ ਕਬੀਰ ਜੀ

ਵਿਅੰਗ ਕਰਕੇ ਬੜੀ ਤੀਖਣ ਬਿਰਤੀ ਅਤੇ ਤੀਬਰ ਭਾਵ ਨਾਲ ਨਿੰਦਕ ਦਾ ਟਾਕਰਾ ਕਰਦੇ ਹਨ ਅਤੇ ਭਗਤ ਰਵਿਦਾਸ ਸਹਿਜ ਰੂਪ ਵਿਚ ਨਿੰਦਕ ਦੁਆਰਾ ਕੀਤੇ ਜਾਣ ਵਾਲੇ ਸ਼ੁਭ ਕਰਮਾਂ ਦੀ ਨਿਸਫ਼ਲਤਾ ਰਾਹੀਂ ਨਿੰਦਕ ਨੂੰ ਸ਼ਰਮਿੰਦਾ ਕਰਕੇ, ਉਸ ਦੇ ਗੈਰ-ਮਾਨਵੀ ਚਰਿੱਤਰ ਨੂੰ ਉਘਾੜਦੇ ਹਨ। ਦੋਵਾਂ ਹਾਲਾਤਾਂ ਵਿਚ ਨਿੰਦਾ ਦੀ ਬਿਰਤੀ ਦੇ ਨਿਸ਼ੇਧ ਦਾ ਕੇਂਦਰ ਨਿੰਦਕ ਹੀ ਰਹਿੰਦਾ ਹੈ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਗਿਆਨ ਬਹੁਪੱਖੀ ਸਰੂਪ ਦੀਰਘ ਅਧਿਐਨ ਦਾ ਵਿਸ਼ਾ ਹੈ। ਉਨ੍ਹਾਂ ਦੀ ਅਨੁਭਵੀ ਗਿਆਨ ਵਿਚੋਂ ਸਿਰਜੇ ਪ੍ਰਵਚਨ ਗਿਆਨ ਦੇ ਵਿਆਪਕ ਸਰੂਪ ਨੂੰ ਸੰਕੇਤ ਰੂਪ ਵਿਚ ਪੇਸ਼ ਕਰਦੇ ਹਨ। ਭਗਤ ਕਬੀਰ ਜੀ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ' ਸ਼ਬਦ ਵਿਚ ਅਨੁਭਵ ਦੇ ਸ਼ਿਵੀ ਸਰੂਪ ਅਤੇ ਲੋਕ ਹਿਤਾਂ ਵਿਚ ਉਪਯੋਗਤਾ ਦੁਆਰਾ ਆਪਣੇ ਸਮੇਂ ਦੇ ਭਗਤਾਂ/ਸੰਤਾਂ ਨਾਲ ਸਾਂਝ ਦਰਸਾਉਂਦੇ ਹਨ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੇ ਗਿਆਨ-ਸੂਤਰ ਉਪਰੋਕਤ ਪ੍ਰਸੰਗ ਵਿਚ ਹੀ ਦਾਰਸ਼ਨਿਕ ਅਤੇ ਵਿਚਾਰਧਾਰਕ ਮਹੱਤਤਾ ਗ੍ਰਹਿਣ ਕਰਦੇ ਹਨ।

ਇਨ੍ਹਾਂ ਭਗਤਾਂ ਦੇ ਵਿਚਾਰਾਂ ਵਿਚ ਪਰਸਪਰ ਸਾਂਝ ਦਾ ਕਾਰਨ ਇਹ ਸੀ ਕਿ ਇਨ੍ਹਾਂ ਦੇ ਸਨਮੁੱਖ ਮਸਲੇ ਚੁਣੌਤੀਆਂ ਭਰਪੂਰ ਸਨ। ਇਕ ਜੋਤਿ ਦੀ ਏਕਤਾ ਦਾ ਹੀ ਫਲ ਹੈ ਕਿ ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਮੂਲ ਸਰੋਕਾਰ ਇਕੋ ਜਿਹੇ ਹਨ। ਇਨ੍ਹਾਂ ਵਿਚ ਵੱਖਰਤਾਵਾਂ ਨਹੀਂ, ਬਲਕਿ ਵਿਚਾਰਧਾਰਕ ਧਰਾਤਲ ਦੀ ਏਕਤਾ ਅਤੇ ਇਕਸੁਰਤਾ ਹੈ। "ਚਮਾਰ ਕੁਲ ਵਿਚ ਉਤਪੰਨ ਹੋਏ ਭਗਤ ਰਵਿਦਾਸ ਜੀ ਹਿੰਦੂ ਸਮਾਜ ਨੂੰ ਆਪਣੀ ਮਿੱਠੀ ਬਾਣੀ ਨਾਲ ਕਾਰਜ ਦਾ ਮਹੱਤਵ ਦੱਸ ਕੇ ਜਾਤੀ ਅਤੇ ਕਿੱਤੇ ਤੋਂ ਦੂਰ ਰਹਿ ਕੇ ਸਮਾਨਤਾ ਦਾ ਪਾਠ ਪੜ੍ਹਾ ਰਹੇ ਸਨ। ਕਬੀਰ ਸੁਧਾਰਕ ਨਾ ਹੋ ਕੇ ਕ੍ਰਾਂਤੀਕਾਰੀ ਸਨ। ਉਨ੍ਹਾਂ ਨੇ ਪਖੰਡੀ ਬ੍ਰਾਹਮਣਾਂ ਦੀ ਨਿਖੇਧੀ ਕੀਤੀ ਅਤੇ ਬਿਨਾਂ ਸੁੰਨਤ ਦੇ ਜਨਮ ਲੈਣ ਵਾਲੇ ਸ਼ੇਖ ਦੀ ਸ਼ੇਖੀ ਲਾਹ ਦਿੱਤੀ ਸੀ।

ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਅਧਿਐਨ ਦੁਆਰਾ ਇਹ ਜ਼ਾਹਿਰ ਹੁੰਦਾ ਹੈ ਕਿ ਉਹ ਦਾਰਸ਼ਨਿਕ ਮਹੱਤਤਾ ਵਾਲੀਆਂ ਧਾਰਨਾਵਾਂ ਨੂੰ ਆਪਣੇ ਯੁੱਗ ਦੀਆਂ ਪ੍ਰਸਥਿਤੀਆਂ ਦੇ ਪ੍ਰਸੇਗ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਦੇ ਮੌਲਿਕ ਅਨੁਭਵ ਅਤੇ ਦਾਰਸ਼ਨਿਕ ਵਿਚਾਰਾਂ ਦੀ ਸਾਂਝ ਦੇ ਬਾਵਜੂਦ, ਉਨ੍ਹਾਂ ਦੀ ਬਾਣੀ ਵਿਚ ਸੂਖਮ ਵਖਰੇਵੇਂ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਬਾਣੀ ਦੇ ਸੁਰ/ਲਹਿਜੇ, ਭਾਸ਼ਾ/ਸ਼ੈਲੀ, ਰਚਨਾ ਦੇ ਸੁੰਦਰਤਾ ਅਤੇ ਨਵੇਂ ਪ੍ਰਸੰਗਾਂ ਦੀ ਸਿਰਜਣਾ ਕਰਕੇ ਉਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਦੇ ਸਰੂਪ ਵਿਚ ਨਿਵੇਕਲੇ ਅੰਦਾਜ਼ ਹਾਜ਼ਰ ਹਨ। ਉਨ੍ਹਾਂ ਦੀ ਜਨਮਜਾਤ ਪਿਛੋਕੜ ਤੇ ਜੀਵਨ-ਸ਼ੈਲੀ ਵੀ ਵਿਚਾਰਧਾਰਾ ਦੀ ਸਿਰਜਣਾ ਦੇ ਵਖਰੇਵਿਆਂ ਦਾ ਆਧਾਰ ਬਣਦੀ ਹੈ।

ਭਗਤ ਰਵਿਦਾਸ ਜੀ ਮਨੁੱਖੀ ਦੇਹੀ ਦੇ ਸੰਦਰਭ ਰਾਹੀਂ, ਨਖਿੱਧ ਸੰਸਕਾਰਾਂ ਅਤੇ ਇਨ੍ਹਾਂ ਤੋਂ ਉਪਜਣ ਵਾਲੇ ਕਰਮਾਂ ਤੋਂ ਮੁਕਤ ਹੋਣ ਦਾ ਅਮਲ ਦ੍ਰਿੜਾਉਂਦੇ ਹਨ। ਦੇਹੀ ਦੀ ਕਰਮਾਂ ਅਤੇ ਸੰਸਕਾਰਾਂ ਤੋਂ ਮੁਕਤੀ ਦੇ ਪ੍ਰਸੰਗ ਨੂੰ ਉਹ ਆਪਣੇ ਨਿੱਜੀ ਜਾਤੀ ਚਰਿੱਤਰ ਰਾਹੀਂ ਉਭਾਰਦੇ ਹਨ। ਦੋਵਾਂ ਭਗਤਾਂ ਨੇ ਵੱਖੋ-ਵੱਖਰੇ ਸੰਦਰਭਾਂ ਰਾਹੀਂ ਸਿਰਜਿਆ ਹੈ। ਭਗਤ ਕਬੀਰ ਮਾਨਵੀ-ਮੁੱਲਾਂ ਸਥਾਪਤੀ ਦੇ ਰੂਪ ਵਿਚ ਅਤੇ ਭਗਤ ਰਵਿਦਾਸ

ਜਾਤੀ-ਸਮੂਹ ਦੀ ਸਾਮੂਹਿਕ ਭਾਵਨਾ ਦੇ ਰੂਪ ਵਿਚ ਦੇਹੀ ਦੇ ਪਰਮ ਮਨੋਰਥ ਦੀ ਪ੍ਰਾਪਤੀ ਦੇ ਨੁਕਤੇ ਨੂੰ ਆਪਣੀ ਵਿਚਾਰਧਾਰਾ ਦਾ ਅੰਗ ਬਣਾਉਂਦੇ ਹਨ।

ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਵਿਚਾਰਧਾਰਾ ਵਿਚ ਮਾਇਆ ਦੀ ਧਾਰਨਾ ਪਰੰਪਰਾਗਤ ਸੰਦਰਭ ਵਿਚ ਸਿਧਾਂਤਕ ਸਾਂਝ ਦੇ ਬਾਵਜੂਦ ਮਾਇਆ ਦੀਆਂ ਵਿਹਾਰਕ ਸਥਿਤੀਆਂ ਵਖਰੇਵਾਂ ਦਰਸਾਉਂਦੀਆਂ ਹਨ। ਭਗਤ ਰਵਿਦਾਸ ਜੀ ਮਾਇਆ ਦੀ ਵਿਹਾਰਕਤਾ ਦਰਸਾ ਕੇ ਮਨੁੱਖ ਦੀ ਤ੍ਰਾਸਦਿਕ ਹੋਣੀ ਤੇ ਚਿੰਤਾ ਪ੍ਰਗਟ ਕਰਦੇ ਹਨ, ਜਦ ਕਿ ਭਗਤ ਕਬੀਰ ਵਿਭਿੰਨ ਸੰਦਰਭਾਂ ਵਿਚ ਮਾਇਆ ਅਤੇ ਗਿਆਨ ਦੇ ਟਾਕਰੇ ਰਾਹੀਂ ਮਾਇਆ ਦੇ ਮਾਨਵੀ ਚਰਿੱਤਰ ਤੋਂ ਮੁਕਤੀ ਦਾ ਪ੍ਰਸੰਗ ਸਿਰਜਦੇ ਹਨ। ਇਹ ਸੂਖਮ ਵਖਰੇਵਾਂ ਉਨ੍ਹਾਂ ਦੀ ਵਿਚਾਰਧਾਰਕ ਸਾਂਝ ਨੂੰ ਕੋਈ ਠੇਸ ਨਹੀਂ ਪਹੁੰਚਾਉਂਦਾ, ਬਲਕਿ ਮਾਇਆ ਦੇ ਬਹੁਪਰਤੀ ਚਰਿੱਤਰ ਨੂੰ ਉਘਾੜਨ ਵਿਚ ਸਹਾਇਕ ਬਣਦਾ ਹੈ। ਇਹ ਵਖਰੇਵਾਂ ਤੁਲਨਾਤਮਿਕ ਵਿਧੀ ਦੀ ਅਧਿਐਨਮੂਲਕ ਉਪਯੋਗਤਾ ਦਾ ਪ੍ਰਮਾਣ ਬਣਦਾ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਅੰਧ ਵਿਸ਼ਵਾਸ਼ਾਂ ਸੰਬੰਧੀ ਕੋਈ ਵਿਸ਼ੇਸ਼ ਵਿਚਾਰ ਨਹੀਂ ਕੀਤੀ ਗਈ। ਤੀਰਥ ਇਸ਼ਨਾਨ ਪ੍ਰਤੀ ਉਨ੍ਹਾਂ ਨੇ ਬੜੇ ਸਹਿਜ ਰੂਪ ਵਿਚ ਵਿਚਾਰ ਕਰਦਿਆਂ ਮਾਇਆ ਦੇ ਪ੍ਰਭਾਵ ਦੀ ਪ੍ਰਬਲਤਾ ਕਾਰਨ ਤੀਰਥ ਇਸ਼ਨਾਨ ਦੀ ਨਿਰਾਰਥਕਤਾ ਦਰਸਾਈ ਹੈ। ਭਗਤ ਕਬੀਰ ਜੀ ਦੀ ਜੀਵਨ-ਸ਼ੈਲੀ ਅਤੇ ਰਚਨਾ-ਸ਼ੈਲੀ ਵਿਚ ਪ੍ਰਤਿਕਰਮ ਇਕ ਵਿਸ਼ੇਸ਼ ਨਿਖੇੜੂ ਲੱਛਣ ਹੈ, ਜੋ ਉਨ੍ਹਾਂ ਦੀ ਸੰਬਾਦੀ ਅਤੇ ਵਿਅੰਗਾਤਮਕ ਵਿਚਾਰਧਾਰਾ ਦਾ ਅਹਿਮ ਲੱਛਣ ਹੈ।

ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਭਗਤ ਕਬੀਰ ਅਤੇ ਭਗਤ ਰਵਿਦਾਸ ਦੀ ਵਿਚਾਰਧਾਰਾ ਦੇ ਦਾਰਸ਼ਨਿਕ ਅਧਾਰ ਸਾਂਝੇ ਹਨ ਅਤੇ ਦਾਰਸ਼ਨਿਕ ਆਧਾਰਾਂ ਦੀਆਂ ਸਾਧਨ ਵਿਧੀਆਂ ਵੀ ਸਾਂਝੀਆਂ ਹਨ। ਇਹ ਦਾਰਸ਼ਨਿਕ ਆਧਾਰ ਇਕ ਪਾਸੇ ਭਾਰਤੀ ਗਿਆਨ ਪਰੰਪਰਾ ਦੇ ਮੂਲ ਸ੍ਰੋਤਾਂ ਨਾਲ ਸਾਂਝ ਦਰਸਾਉਂਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਭਗਤਾਂ ਤੋਂ ਅੱਗੇ ਉਭਰਨ ਵਾਲੀ ਗੁਰਮਤਿ ਪਰੰਪਰਾ ਨਾਲ ਵੀ ਇਨ੍ਹਾਂ ਦਾਰਸ਼ਨਿਕ ਆਧਾਰਾਂ ਦੀ ਵਿਆਪਕ ਰੂਪ ਵਿਚ ਸਾਂਝ ਸਥਾਪਿਤ ਹੁੰਦੀ ਹੈ। ਇਸੇ ਪ੍ਰਸੰਗ ਵਿਚ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਇਤਿਹਾਸਕ ਮਹੱਤਵ ਨਿਸ਼ਚਿਤ ਹੁੰਦਾ ਹੈ।

ਦੋਵਾਂ ਭਗਤਾਂ ਨੇ ਦਾਰਸ਼ਨਿਕ, ਰਾਜਨੀਤਿਕ, ਆਰਥਿਕ, ਧਾਰਿਮਕ ਅਤੇ ਸਭਿਆਚਾਰਕ ਵਿਚਾਰਧਾਰਾਵਾਂ ਦੀ ਮਾਨਵ ਕਲਿਆਣ ਹਿਤ ਉਪਯੋਗਤਾ ਦਰਸਾ ਕੇ ਇਸ ਨੂੰ ਸਮਾਜਕ ਸੰਦਰਭ ਵਿਚੋਂ ਉਸਾਰਿਆ ਹੈ। ਇਸੇ ਕਰਕੇ ਇਨ੍ਹਾਂ ਦੀ ਵਿਚਾਰਧਾਰਾ ਦੀ ਗੁਰਮਤਿ ਵਿਚਾਰਧਾਰਾ ਨਾਲ ਸਥਾਈ ਰੂਪ ਵਿਚ ਸਾਂਝ ਸਥਾਪਿਤ ਹੁੰਦੀ ਹੈ। ਮੱਧਕਾਲੀ ਭਗਤੀ-ਧਾਰਾ ਅਤੇ ਗੁਰਮਿਤ ਧਾਰਾ ਦੇ ਸੰਯੋਜਨ ਕਰਕੇ ਭਾਰਤੀ ਗਿਆਨ ਪਰੰਪਰਾ ਦੇ ਇਤਿਹਾਸ ਵਿਚ ਪਰਮਾਰਥੀ ਜੀਵਨ-ਜਾਂਚ ਦੀ ਨਿਵੇਕਲੀ ਅਤੇ ਨਵੀਨ ਪਰੰਪਰਾ ਦਾ ਆਗਾਜ਼ ਹੋਇਆ। ਇਸ ਪਰੰਪਰਾ ਦਾ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਹੈ, ਜੋ ਆਉਣ ਵਾਲੇ ਯੁੱਗ ਵਿਚ

ਪਰਮਾਰਥੀ ਜੀਵਨ-ਜਾਂਚ ਦੇ ਵਿਆਪਕ ਸੰਦਰਭਾਂ ਦਾ ਸਿਰਜਕ ਬਣੇਗਾ। ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਇਸ ਮਹਾਨ ਦਾਰਸ਼ਨਿਕ ਕਾਰਜਾ ਦੇ  ਸਿਰਜਕਾਂ ਵਜੋਂ ਜਾਣੇ ਜਾਣਗੇ।